# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਉੱਤਰ-ਆਧੁਨਿਕ ਪਰਿਪੇਖ

**(Shri Guru Granth Sahib Vich Daraj Bhagat Bani Da Uttar Adhunik Pripekh)**

A Thesis

Submitted in partial fulfillment of the requirements for the

award of the degree of

## DOCTOR OF PHILOSOPHY

**in**

**(Punjabi)**

**By**

**Pawan Kumar**

**41400713**

**Supervised By :**

**Dr. Harpreet Singh**
**Associate Prof. (Punjabi)**
**School of Arts & Languages**
**Lovely Professional University**

**Co-Supervised by :**

**Dr. Balwinder Singh Thind**
**Assistant Prof. (Punjabi)**
**Guru Nanak Khalsa College**
**Daroli Kalan (Jalandhar)**

**LOVELY PROFESSIONAL UNIVERSITY**

**PUNJAB**

**2020**

# ਘੋਸ਼ਣਾ ਪੱਤਰ

ਮੈ ਪਵਨ ਕੁਮਾਰ ਇਹ ਬਿਆਨ ਕਰਦਾ ਹਾਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਉੱਤਰ-ਆਧੁਨਿਕ ਪਰਿਪੇਖ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ ਹੈ ਜਿਸ ਲਈ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਖੋਜਾਰਥੀ

ਪਵਨ ਕੁਮਾਰ

ਰਜਿ. ਨੰ. 41400713

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਪਵਨ ਕੁਮਾਰ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਉੱਤਰ-ਆਧੁਨਿਕ ਪਰਿਪੇਖ' ਵਿਸ਼ੇ ਉੱਤੇ ਪੀ.ਐਚ.ਡੀ.(ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ ਕਾਰਜ ਹੈ। ਮੈ ਇਸ ਖੋਜ-ਪ੍ਰਬੰਧ ਨੂੰ ਪੀ.ਐਚ.ਡੀ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁੱਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ : ਨਿਗਰਾਨ

ਡਾ. ਹਰਪ੍ਰੀਤ ਸਿੰਘ,

ਐਸੋਸੀਏਟ ਪ੍ਰੋਫੈਸਰ

ਸਕੂਲ ਆਫ ਸੋਸ਼ਲ ਸਾਇੰਸਿਜ਼ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ


| ਤਤਕਰਾ | ਪੰਨਾ |
|---|---|
| ਭੂਮਿਕਾ | i-xii |
| ਅਧਿਆਇ ਪਹਿਲਾ (ਸਿਧਾਂਤਕ ਪਿੱਠ-ਭੂਮੀ) | 1-87 |
| 1.1. ਪੂਰਵ ਖੋਜ ਕਾਰਜ | 4 |
| 1.2. ਖੋਜ ਕਾਰਜ ਦੇ ਉਦੇਸ਼ | 10 |
| 1.3. ਖੋਜ ਕਾਰਜ ਦੀ ਸਾਰਥਕਤਾ | 11 |
| 1.4. ਖੋਜ ਵਿਧੀ | 15 |
| 1.5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਬਾਣੀ : ਸਰੂਪ ਅਤੇ ਸਰੋਕਾਰ | 20 |
| 1.6. ਉੱਤਰ-ਆਧੁਨਿਕਤਾ : ਸਰੂਪ ਅਤੇ ਵਿਸ਼ੇਸਤਾਵਾਂ | 51 |
| ਅਧਿਆਇ ਦੂਜਾ (ਭਗਤ ਬਾਣੀ ਵਿਚ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੀ ਪਛਾਣ) | 88-186 |
| 2.1 ਨਿਸ਼ਚਿਤਤਾ/ਅਨਿਸ਼ਚਿਤਤਾ (ਬ੍ਰਹਮ ਦੀ ਅਟੱਲਤਾ ਜਾਂ ਬ੍ਰਹਮ ਦਾ ਸੰਕਲਪ) | 94 |
| 2.2 ਵਿਸ਼ਵੀਕਰਨ/ਸਥਾਨੀਕਰਨ (ਸਦੀਵੀ ਸਮੱਸਿਆਵਾਂ ਅਤੇ ਤੱਤਕਾਲੀ ਸਮਾਜਿਕ ਸਮੱਸਿਆਵਾਂ) | 111 |
| 2.3 ਮਹਾਂਬ੍ਰਿਤਾਂਤ/ਅਲਪ ਬ੍ਰਿਤਾਂਤ(ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ) | 124 |
| 2.4 ਵਿਚਾਰ/ਦੇਹ (ਪੰਜ ਤੱਤਾਂ ਦਾ ਸੰਕਲਪ/ਆਤਮਾ ਦੀ ਅਮਰਤਾ) | 146 |
| 2.5 ਕੇਂਦਰ/ਹਾਸ਼ੀਆਗਤ (ਭਾਸ਼ਾ/ਜਾਤੀਗਤ) | 159 |
| 2.6 ਅਸਲ/ਨਕਲ (ਮਾਇਆ) | 169 |
| ਅਧਿਆਇ ਤੀਜਾ (ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ) | 188-266 |

| | |
|---|---|
| 3.1 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਨਾਰੀ' ਚਿੰਤਨ | 193 |
| 3.2 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਦਲਿਤ' ਪ੍ਰਵਚਨ | 224 |
| 3.3 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਕਿੰਨਰਾ' ਸੰਵਾਦ | 244 |
| 3.4 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਪਰਵਾਸੀ' ਵਰਤਾਰਾ | 249 |
| ਅਧਿਆਇ ਚੌਥਾ (ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਭਗਤ ਬਾਣੀ ਦਾ ਗਿਆਨ ਸ਼ਾਸਤਰੀ ਪਰਿਪੇਖ) | 267-350 |
| 4.1 ਸਮਾਜ ਸੱਭਿਆਚਾਰਕ ਸੰਦਰਭ ਵਿਚ ਅੰਤਰ-ਪਰੰਪਰਾਵਾਂ ਦਾ ਸੰਵਾਦ | 270 |
| 4.2 ਬਹੁਸੱਭਿਆਚਾਰਵਾਦ ਵਿਚ ਅੰਤਰ ਧਰਮ ਸੰਵਾਦ | 295 |
| 4.3 ਅਧਿਆਤਮਿਕਤਾ ਦੇ ਸਰੋਕਾਰਾਂ ਦੀ ਉੱਤਰ-ਆਧੁਨਿਕ ਦ੍ਰਿਸ਼ਟੀ | 304 |
| 4.4 ਕੁਦਰਤ (ਵਿਰਾਟਸ਼ੀਲਤਾ ਦਾ ਸੰਕਲਪ) | 322 |
| 4.5 ਨੈਤਿਕ ਵਿਧਾਨ | 324 |
| ਅਧਿਆਇ ਪੰਜਵਾਂ (ਭਗਤ ਬਾਣੀ ਵਿਚ ਪ੍ਰਸਤੁਤ ਸਾਹਿਤਿਕਤਾ) | 351-407 |
| 5.1. ਉੱਤਰ-ਆਧੁਨਿਕ ਪਰਿਪੇਖ ਵਿਚ ਕਲਾ ਸਾਹਿਤ ਦੀ ਸਾਰਥਕਤਾ | 351 |
| 5.2. ਭਗਤ ਬਾਣੀ ਦੀ ਬਹੁਅਰਥੀ ਭਾਸ਼ਾਈ ਸਮਰੱਥਾ | 357 |
| 5.3. ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਦੀ ਬਹੁਰੂਪੀ ਸਾਹਿਤਿਕ ਸਮਰੱਥਾ | 377 |
| ਸਾਰ ਅਤੇ ਸਥਾਪਨਾਵਾਂ | 408-426 |
| ਪੁਸਤਕ ਸੂਚੀ | 427-440 |

# ਭੂਮਿਕਾ

ਜਗਿਆਸੂ ਮਨੁੱਖ ਆਪਣੇ ਜਨਮ ਤੋਂ ਲੈ ਕੇ ਜੀਵਨ ਦੀ ਸੰਪੂਰਨਤਾ ਤੱਕ ਇਸ ਸਮੁੱਚੇ ਬ੍ਰਹਿਮੰਡੀ ਪਰਪੰਚ ਨੂੰ ਸਮਝਣ ਲਈ ਯਤਨਸ਼ੀਲ ਰਹਿੰਦੇ ਹਨ। ਇਹ ਵਰਤਾਰਾ ਆਦਿ ਮਾਨਵ ਤੋਂ ਲੈ ਕੇ ਅਜੋਕੇ ਸਮਿਆਂ ਤੀਕਰ ਕਾਰਜਸ਼ੀਲ ਹੈ। ਜਦੋਂ ਮਨੁੱਖ ਇਸ ਧਰਤੀ ਤੇ ਜੰਗਲੀ ਅਵਸਥਾ ਵਿਚ ਰਹਿੰਦਾ ਸੀ, ਉਸ ਵੇਲੇ ਵੀ ਆਪਣੀ ਹੋਂਦ ਨਾਲ ਸਬੰਧਿਤ ਬਾਕੀ ਵਰਤਾਰਿਆਂ ਪ੍ਰਤੀ ਜਾਣਨ ਦੀ ਲਾਲਸਾ ਨੇ ਉਹਨੂੰ ਸਭਿਅਤਾ ਦੇ ਨਿਰਮਾਣ ਵੱਲ ਤੋਰਿਆ, ਜਿਸ ਨਾਲ ਉਸ ਅੰਦਰ ਭਾਸ਼ਾਈ ਸਮਰੱਥਾ ਪੈਦਾ ਹੋਣੀ ਸ਼ੁਰੂ ਹੋਈ। ਭਾਸ਼ਾ ਦੁਆਰਾ ਮਨੁੱਖ ਆਪਣੇ ਆਲ਼ੇ ਦੁਆਲੇ ਦੇ ਮਨੁੱਖਾਂ ਨਾਲ ਆਪਣੇ ਭਾਵਾਂ ਦਾ ਸੰਚਾਰ  ਕਰਨ ਦੇ ਸਮਰੱਥ ਹੋਣ ਲੱਗਾ। ਇਸ ਅਵਸਥਾ ਤੋਂ ਪਿੱਛੋਂ ਮਨੁੱਖ ਭਾਵਾਂ ਦੇ ਪ੍ਰਗਟਾਵੇ ਅਤੇ ਪ੍ਰਾਪਤ ਸਮਝ ਦੁਆਰਾ ਇਕ ਦੂਜੇ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਲੱਗਿਆ, ਜਿਸ ਅਨੁਸਾਰ ਉਸ ਦੀ ਸਮਝ ਅਤੇ ਬੁੱਧੀ ਦਾ ਵਿਕਾਸ ਅੱਗੇ ਵਧਣ ਲੱਗ ਪਿਆ। ਮਨੁੱਖੀ ਹੋਂਦ ਦੇ ਨਾਲ ਹੀ ਉਸੇ ਜੀਵਨ ਨਾਲ ਜੁੜੇ ਮਸਲੇ ਪੈਦਾ ਹੋਏ ਹਨ। ਇਸ ਨੂੰ ਇੰਝ ਵੀ ਸਮਝਿਆ ਜਾ ਸਕਦਾ ਹੈ ਕਿ ਮਨੁੱਖ ਦੀ ਹੋਣੀ ਉਹਦੀ ਹੋਂਦ ਜਿੰਨੀ ਹੀ ਪੁਰਾਣੀ ਹੈ। ਇਸ ਸਾਰੇ ਪਰਪੰਚ ਨੂੰ ਸਮਝਣ ਲਈ ਮਨੁੱਖ ਦੀ ਆਪਸੀ ਸੰਚਾਰ ਦੀ ਸਮਰੱਥਾ ਹੀ ਉਹਨੂੰ ਸਾਹਿਤ ਰਚਨਾ ਵੱਲ ਨੂੰ ਤੋਰਨ ਵਾਲੀ ਸ਼ਕਤੀ ਦੇ ਰੂਪ ਵਿਚ ਕਾਰਜਵੰਤ ਹੋਈ। ਇਸ ਪ੍ਰਕਾਰ ਆਪਣੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਭਾਸ਼ਾ ਦੇ ਮਾਧਿਅਮ ਦੁਆਰਾ ਮੌਖਿਕ ਤੋਂ ਲਿਖਿਤ ਸਾਹਿਤ ਤੱਕ ਦੀ ਯਾਤਰਾ ਸਾਕਾਰ ਹੋਈ, ਜਿਹੜੀ ਨਿਰੰਤਰ ਜਾਰੀ ਹੈ।

ਪੰਜਾਬੀ ਸਾਹਿਤ ਭਾਰਤੀ ਚਿੰਤਨ ਪਰੰਪਰਾਵਾਂ ਦੇ ਨਾਲ-ਨਾਲ ਵਿਸ਼ਵ ਚਿੰਤਨ ਤੱਕ ਆਪਣੀ ਰਸਾਈ ਰੱਖਦਾ ਹੈ। ਇਸ ਦਾ ਇਕ ਕਾਰਨ ਸ਼ਾਇਦ ਇਹ ਵੀ ਹੋ ਸਕਦਾ ਹੈ ਕਿ ਪੰਜਾਬੀ ਮਨੁੱਖ ਆਪਣੇ ਫਿਰਤੂ ਸੁਭਾਅ ਦੇ ਕਾਰਨ ਸੰਸਾਰ ਦੇ ਵੱਖ-ਵੱਖ ਇਲਾਕਿਆਂ ਦੇ ਨਾ ਸਿਰਫ਼ ਪੱਕੇ ਬਾਸ਼ਿੰਦੇ ਬਣੇ ਹਨ, ਸਗੋਂ ਅਲੱਗ-ਅਲੱਗ ਥਾਵਾਂ ਦੇ ਗਿਆਨ ਨੂੰ ਵੀ ਆਤਮਸਾਤ ਕਰਨ ਦਾ ਮਾਦਾ ਰੱਖਦੇ ਹਨ। ਇਹ ਗੁਣ ਸਾਨੂੰ ਸਹਿਜੇ ਹੀ ਵਿਰਾਸਤ ਵਿਚੋਂ ਪ੍ਰਾਪਤ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਲੰਮੀਆਂ ਯਾਤਰਾਵਾਂ ਇਸ ਗੁਣ ਦੀ ਉਤਪਤੀ ਦਾ ਬੀਜ ਬਣਦੀਆਂ ਹਨ। ਆਪ ਦੁਆਰਾ

ਆਪਣੇ ਜੀਵਨ ਅਨੁਭਵ ਦੇ ਨਾਲ ਦੂਸਰੇ ਵਿਅਕਤੀਆਂ ਦੇ ਵਿਚਾਰਾਂ ਪ੍ਰਤੀ ਸੁਹਿਰਦਤਾ ਦਾ ਪ੍ਰਮਾਣ ਆਪ ਜੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਭਾਰਤ ਦੇ ਵੱਖ-ਵੱਖ ਕੋਨਿਆਂ ਵਿਚ ਰਹਿਣ ਵਾਲੇ ਭਗਤ ਕਵੀਆਂ ਦੀਆਂ ਰਚਨਾਵਾਂ ਹਨ। ਇਨ੍ਹਾਂ ਰਚਨਾਵਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਇਨ੍ਹਾਂ ਦੀ ਪ੍ਰਮਾਣਿਕਤਾ ਤੇ ਆਪਣੀ ਮੋਹਰ ਛਾਪ ਅੰਕਿਤ ਕਰ ਦਿੱਤੀ ਹੈ। ਇਹ ਰਚਨਾਵਾਂ ਭਗਤ ਬਾਣੀ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹਨ। ਭਗਤ ਬਾਣੀ ਨੂੰ ਪੜ੍ਹਦਿਆਂ ਸਦਾ ਹੀ ਇਸ ਵਿਚਲੇ ਸੰਕਲਪਾਂ ਨੂੰ ਅਲੱਗ-ਅਲੱਗ ਚਿੰਤਨ ਪ੍ਰਣਾਲੀਆਂ ਦੁਆਰਾ ਸਮਝਣ ਦੀ ਇੱਛਾ ਮਨ ਵਿਚ ਜਾਗਦੀ ਸੀ। ਸਭ ਤੋਂ ਵੱਡਾ ਪ੍ਰਸ਼ਨ ਉੱਭਰਦਾ ਸੀ ਕਿ, ਕੀ ਕਾਰਨ ਹੈ ਕਿ ਅਜੋਕੇ ਸਮੇ ਅੰਦਰ ਵੀ ਮਨੁੱਖ ਇਸ ਰਚਨਾ ਸਾਹਵੇਂ ਸ਼ਰਧਾ ਪੂਰਵਕ ਨਤਮਸਤਕ ਹੁੰਦੇ ਹਨ ? ਜੇ ਕੇਵਲ ਇਸ ਨੂੰ ਇੱਥੇ ਤੱਕ ਹੀ ਸਮਝਣ ਦੀ ਗੱਲ ਹੁੰਦੀ ਤਾਂ ਕੇਵਲ ਇਕ 'ਸ਼ਰਧਾ' ਰੂਪੀ ਸ਼ਬਦ ਦੁਆਰਾ ਹੀ ਸਮਾਪਤ ਹੋ ਜਾਣੀ ਸੀ। ਪਰ ਇਸ ਨੂੰ ਕੇਵਲ ਇਕ ਧਾਰਮਿਕ ਜਾਂ ਅਧਿਆਤਮਕ ਰਚਨਾ ਤੱਕ ਸੀਮਿਤ ਰੱਖਣਾ ਇਸ ਵਿਚਲੇ ਬਹੁਆਯਾਮੀ ਸਰੋਕਾਰਾਂ ਨੂੰ ਅੱਖੋਂ ਪਰੋਖੇ ਕਰਨ ਦੇ ਸਮਾਨ ਹੈ। ਇਸ ਤੋਂ ਵੀ ਮੁਸ਼ਕਿਲ ਕਾਰਜ ਇਸ ਰਚਨਾ ਨੂੰ ਅਜੋਕੇ ਪ੍ਰਸੰਗ ਵਿਚ ਸਮਝਣ ਦਾ ਸੀ। ਇਸ ਲਈ ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਇਸ ਰਚਨਾ ਨੂੰ ਪਰਖਣ ਦਾ ਸਬੱਬ ਬਣਿਆਂ। ਸਮੁੱਚਾ ਸੰਸਾਰ ਅੱਜ ਵਿਗਿਆਨ ਤਕਨਾਲੋਜੀ ਦੀਆਂ ਕ੍ਰਾਂਤੀਕਾਰੀ ਲੱਭਤਾਂ ਦੁਆਰਾ ਇਕ ਨਵੀਂ ਸਥਿਤੀ ਵਿਚ ਪਹੁੰਚ ਚੁੱਕਾ ਹੈ। ਇਸ ਸਥਿਤੀ ਵਿਚ ਮਨੁੱਖ ਦੀਆਂ ਜ਼ਰੂਰਤਾਂ ਅਤੇ ਸਰੋਕਾਰ ਬਦਲ ਗਏ ਹਨ। ਇਸ ਬਦਲੀ ਸਥਿਤੀ ਵਿਚ ਮਨੁੱਖ ਕਿਸ ਤਰ੍ਹਾਂ ਇਸ ਰਚਨਾ ਦੁਆਰਾ ਆਪਣੇ ਸਨਮੁੱਖ ਪੈਦਾ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਦੀ ਨਵਿਰਤੀ ਦਾ ਮਾਰਗ ਤਲਾਸ਼ ਸਕਦਾ ਹੈ ? ਇਸ ਮੂਲ ਪ੍ਰਸ਼ਨ ਦੇ ਉੱਤਰ ਦੀ ਜਗਿਆਸਾ ਹੀ ਇਸ ਖੋਜ-ਪ੍ਰਬੰਧ ਦਾ ਸਬੱਬ ਬਣਦੀ ਹੈ।

ਭਾਰਤ ਵਿਚ ਅਲੱਗ-ਅਲੱਗ ਸਮੇ ਤੇ ਪੈਦਾ ਹੋਣ ਵਾਲੇ ਧਾਰਮਿਕ ਚਿੰਤਨ, ਵਿਚਾਰਧਾਰਾਵਾਂ ਅਤੇ ਸਿਧਾਂਤਾਂ ਦਾ ਮੂਲ ਬੇਸ਼ੱਕ ਸਮਾਜ ਲਈ ਉਸਾਰੂ ਪ੍ਰਕਿਰਤੀ ਵਾਲਾ ਸੀ, ਪਰ ਸਮਾ ਬੀਤਣ ਨਾਲ ਇਨ੍ਹਾਂ ਵਿਚ ਆਏ ਵਿਕਾਰਾਂ ਕਾਰਨ ਸਮਾਜ ਵਿਚ ਇਸ ਦਾ ਨਾਂਹ ਪੱਖੀ ਪ੍ਰਭਾਵ ਪੈਣ ਲੱਗ ਪੈਂਦਾ ਸੀ। ਇਸੇ ਪ੍ਰਭਾਵ ਦੀ ਰੋਕਥਾਮ ਲਈ ਕਿਸੇ

ਉਚੇਰੀ ਅਤੇ ਉਸਾਰੂ ਲਹਿਰ ਦੀ ਜ਼ਰੂਰਤ ਸੀ ਜਿਹੜੀ ਸਮਾਜ ਵਿਚ ਧਰਮ ਅਤੇ ਜੀਵਨ ਜਾਂਚ ਦੋਵਾਂ ਦੇ ਸੁਮੇਲ ਲਈ ਮਾਰਗ ਸੁਝਾ ਸਕੇ। ਭਗਤ ਬਾਣੀ ਵੀ ਇਸੇ ਤਰ੍ਹਾਂ ਦੀ ਲਹਿਰ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਬੇਸ਼ੱਕ ਇਹ ਲਹਿਰ ਪੂਰਵ ਮੱਧਕਾਲ ਤੋਂ ਹੀ ਕਾਰਜਸ਼ੀਲ ਹੋ ਗਈ ਸੀ, ਪਰੰਤੂ ਇਸ ਨੂੰ ਸਹੀ ਰੂਪ ਅਤੇ ਦਿਸ਼ਾ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਰਹਿਣ ਵਾਲੇ ਸੰਤਾਂ ਭਗਤਾਂ ਨੇ ਦੇਣੀ ਸ਼ੁਰੂ ਕੀਤੀ। ਮੱਧਕਾਲ ਵਿਚ ਇਹ ਨਿਰਗੁਣ ਭਗਤੀ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਇਨ੍ਹਾਂ ਭਗਤਾਂ ਵਿਚੋਂ ਕੁਝ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ਅਤੇ ਕਈ ਉਨ੍ਹਾਂ ਤੋਂ ਪਹਿਲਾਂ ਹੋ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਦੁਆਰਾ ਇਕੱਤਰ ਕੀਤੀ ਇਸ ਰਚਨਾ ਨੂੰ ਸਰਲ ਰੂਪ ਵਿਚ ਪ੍ਰਮਾਤਮਾ ਅਤੇ ਮਨੁੱਖ ਨਾਲ ਜੋੜਦਿਆਂ, ਇਸ ਨੂੰ ਸਮਾਜ ਨਾਲ ਜੋੜਨ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਕੇ ਕੀਤਾ। ਇਸ ਪ੍ਰਕਾਰ ਇਹ ਰਚਨਾ ਇਕ ਅਜਿਹੇ ਰੂਪ ਵਿਚ ਸਾਹਮਣੇ ਆਉਂਦੀ ਹੈ, ਜਿਸ ਵਿਚਲੇ ਸੰਕਲਪ ਆਪਣੀ ਸਰਬ ਕਾਲੀ ਪਹੁੰਚ ਦੁਆਰਾ ਮਨੁੱਖਤਾ ਦੇ ਭਲੇ ਦਾ ਮਾਰਗ ਸੁਝਾਅ ਸਕਦੇ ਹਨ।

ਅੱਜ ਦੇ ਸਮੇ ਸਮੁੱਚੀ ਧਰਤੀ ਦੇ ਕਿਸੇ ਵੀ ਹਿੱਸੇ ਵਿਚ ਵਾਪਰੀ ਘਟਨਾ ਵਿਸ਼ਵ ਭਰ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਲੈਂਦੀ ਹੈ। ਇਸ ਵਰਤਾਰੇ ਨਾਲ ਚਿੰਤਨ ਵਿਚ ਨਵੇਂ ਸਵਾਲ ਪੈਦਾ ਹੋ ਰਹੇ ਹਨ। ਹਰ ਇਕ ਘਟਨਾ ਨੂੰ ਵਿਸ਼ਵੀ ਪ੍ਰਸੰਗ ਵਿਚ ਸਮਝਣ ਦੇ ਯਤਨ ਹੋਣ ਲੱਗਦੇ ਹਨ। ਇਸ ਨੂੰ ਵਿਸ਼ਵੀਕਰਨ ਦੇ ਸੰਕਲਪ ਦੁਆਰਾ ਸਿਧਾਂਤ ਬੱਧ ਕਰਨ ਦੇ ਯਤਨ ਹੁੰਦੇ ਰਹਿੰਦੇ ਹਨ। ਅਸਲ ਵਿਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਹੁ-ਰਾਸ਼ਟਰੀ ਕੰਪਨੀਆਂ ਦੁਆਰਾ ਸੰਚਾਲਿਤ ਸਰਮਾਏ ਦਾ ਜਾਲ ਪੂਰੀ ਦੁਨੀਆਂ ਵਿਚ ਫੈਲਣਾ ਸ਼ੁਰੂ ਹੋ ਗਿਆ ਤੇ ਹੌਲੀ-ਹੌਲੀ ਇਸ ਨੇ ਪੂਰੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਵਿਚ ਸਭ ਤੋਂ ਵੱਡੀ ਭੂਮਿਕਾ ਕੰਪਿਊਟਰ ਨੈੱਟਵਰਕਿੰਗ ਦੁਆਰਾ ਸੰਚਾਲਿਤ ਸੂਚਨਾ ਆਦਾਨ ਪ੍ਰਦਾਨ ਦੀ ਤਕਨੀਕ ਦੀ ਹੈ। ਬਸਤੀਵਾਦ ਦੇ ਦੌਰ ਵਿਚ ਦੁਨੀਆਂ ਤੇ ਕਬਜ਼ਾ ਇਸ ਦਾ ਮੰਤਵ ਸੀ। ਇਹ ਸਿੱਧਾ ਢੰਗ ਸੀ ਪਰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਹ ਤਰੀਕਾ ਅਸਿੱਧੇ ਢੰਗ ਵਿਚ ਤਬਦੀਲ ਹੋ ਗਿਆ ਜਿਸ ਨੂੰ ਵਿਸ਼ਵੀਕਰਨ ਦੇ ਸੰਕਲਪ ਦੇ ਤੌਰ ਤੇ ਵੇਖਿਆ ਜਾਂਦਾ ਹੈ। ਉੱਤਰ-ਆਧੁਨਿਕ ਸਥਿਤੀ ਪਿੱਛੇ ਇਹ ਸਾਰੇ ਤੱਤ ਕਾਰਜਵੰਤ ਹਨ। ਅਜੋਕਾ ਮਨੁੱਖ ਆਪਣੀ ਇਸ ਪਦਾਰਥਕ ਤਰੱਕੀ ਨਾਲ ਜਿੱਥੇ ਸਹੂਲਤਾਂ ਦਾ ਅੰਬਾਰ

ਭੋਗ ਰਿਹਾ ਹੈ, ਉੱਥੇ ਹੀ ਇਹ ਸਹੂਲਤਾਂ ਉਸ ਦੇ ਅੰਦਰੂਨੀ ਦਵੰਦਾਤਮਿਕ ਤਣਾਅ ਨੂੰ ਹੋਰ ਵਧਾ ਰਹੀਆਂ ਹਨ। ਸਾਰਾ ਸੰਸਾਰ ਅਜੀਬ ਤਰ੍ਹਾਂ ਦੀ ਅਨਿਸ਼ਚਿਤਤਾ ਵਾਲੀ ਸਥਿਤੀ ਵਿਚ ਫਸਿਆ ਜਾਪਦਾ ਹੈ। ਇਸ ਦੇ ਪ੍ਰਸਾਰ ਨਾਲ ਸਮਾਜ ਵਿਚ ਵਿਲੱਖਣਤਾ ਜਾਂ ਬਹੁਪੱਖਤਾ ਪੈਦਾ ਹੋ ਗਈ ਹੈ, ਇਸ ਨਾਲ ਸਮੇਂ ਅਤੇ ਸਥਾਨ ਦੀਆਂ ਦੂਰੀਆਂ ਘਟ ਰਹੀਆਂ ਹਨ। ਗਿੱਡਨਜ਼ ਇਸ ਪ੍ਰਕਿਰਿਆ ਨੂੰ ਸਮੇ ਅਤੇ ਸਥਾਨ ਦੇ ਸੁੰਗੜਨ ਦੇ ਰੂਪ ਵਿਚ ਵੇਖਦਾ ਹੈ। ਪੁਰਾਣੇ ਸਮਾਜਾਂ ਅੰਦਰ ਮੌਸਮ ਜਾਂ ਸੂਰਜ ਦੇ ਪ੍ਰਕਾਸ਼ ਦੁਆਰਾ ਸਮੇਂ ਨੂੰ ਮਾਪਿਆ ਜਾਂਦਾ ਸੀ। ਹੁਣ ਘੜੀ ਵੀ ਡਿਜੀਟਲ ਹੋ ਗਈ ਹੈ ਜੋ ਸਮੇ ਦੀ ਛੋਟੀ ਤੋਂ ਛੋਟੀ ਇਕਾਈ ਨੂੰ ਦੱਸਦੀ ਹੈ। ਹੁਣ ਦੂਰੀ ਦੀ ਜਗ੍ਹਾ ਸਮੇ ਨਾਲ ਫ਼ਾਸਲੇ ਨੂੰ ਮਾਪਣ ਦਾ ਰੁਝਾਨ ਹੋ ਗਿਆ ਹੈ। ਸੂਚਨਾ ਤਕਨਾਲੋਜੀ ਦੇ ਪਸਾਰੇ ਨਾਲ ਇਕ ਪਾਸੇ ਵਿਸ਼ਵ ਸੁੰਗੜ ਰਿਹਾ ਹੈ ਤਾਂ ਦੂਜੇ ਬੰਨੇ ਗਿਆਨ ਦੇ ਹਵਾਲੇ ਨਾਲ ਫੈਲ ਰਿਹਾ ਹੈ। ਇਸ ਦੀ ਸਮੱਸਿਆ ਇਹ ਹੈ ਕਿ ਜਿੱਥੇ ਇਸ ਨਾਲ ਸੰਚਾਰ ਦਾ ਫੈਲਾਓ ਹੋ ਰਿਹਾ ਹੈ, ਉੱਥੇ ਸਥਾਨਕ ਰੁਝਾਨ ਵੀ ਪੈਦਾ ਹੋ ਰਿਹਾ ਹੈ। ਹੁਣ ਇਹ ਪ੍ਰਕਿਰਿਆ ਨਿਰੋਲ ਆਰਥਿਕ ਨਾ ਰਹਿ ਕੇ ਜੀਵਨ ਦੇ ਹਰ ਪਹਿਲੂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਹੀ ਹੈ। ਸਮੱਸਿਆ ਇਹ ਹੈ ਕਿ ਵਿਸ਼ਵ ਸਭਿਆਚਾਰਾਂ ਦੇ ਫੈਲਣ ਨਾਲ ਸੰਚਾਰ ਦੇ ਪੱਧਰ ਤੇ ਛੋਟਾ ਹੋਣਾ, ਇਹ ਟਕਰਾਓ ਵਾਲੀ ਸਥਿਤੀ ਦਾ ਨਿਰਮਾਣ ਕਰਦੇ ਹਨ। ਇਸ ਲਈ ਜੇਕਰ ਵੇਖਿਆ ਜਾਵੇ ਤਾਂ ਬਹੁਭਾਂਤੀ ਪੈਦਾਵਾਰ ਦੀ ਤਰ੍ਹਾਂ ਅਧਿਆਤਮਕ ਵਿਸ਼ਵਾਸ ਵੀ ਬਹੁਭਾਂਤੀ ਹੋਣ ਵੱਲ ਵਧ ਰਹੇ ਹਨ। ਭਗਤ ਬਾਣੀ ਵਿਚ ਪੇਸ਼ ਹਵਾਲੇ ਇਸ ਚੁਨੌਤੀ ਭਰੇ ਸਮੇ ਵਿਚ ਸਹੀ ਦਿਸ਼ਾ ਦਿਖਾਉਣ ਦੇ ਸਮਰੱਥ ਹੋ ਸਕਦੇ ਹਨ ਕਿਉਂਕਿ ਇਸ ਅੰਦਰ ਬਹੁਲਤਾ ਵਾਲਾ ਸਿਧਾਂਤ ਕੰਮ ਕਰਦਾ ਹੈ। ਉੱਤਰ-ਆਧੁਨਿਕ ਸਥਿਤੀ ਵਿਚ ਉੱਭਰੇ ਨਵੇਂ ਸਿਧਾਂਤ ਧਰਮ ਨੂੰ ਇਕ ਸੱਚ ਦੇ ਤੌਰ ਤੇ ਪਰਿਭਾਸ਼ਾ ਬੱਧ ਕਰਦੇ ਹਨ। ਸੱਚ ਵੱਡਾ ਜਾਂ ਛੋਟਾ ਜਾਂ ਕਿਸੇ ਵਿਅਕਤੀ, ਸਮੂਹ ਦਾ ਅਧਿਕਾਰੀ ਨਹੀਂ ਹੋ ਸਕਦਾ ਹੈ। ਭਗਤ ਬਾਣੀ ਇਨ੍ਹਾਂ ਦੋਹਾਂ ਤੋਂ ਵਿੱਥ ਨਾਲ ਆਪਣੀ ਗੱਲ ਸਨਮੁੱਖ ਰੱਖਦੀ ਹੈ। ਇਸ ਵਿਚ ਕੁਝ ਨਹੀਂ ਵਿਚੋਂ ਸਭ ਕੁਝ ਸਾਜਣ ਵਾਲੀ ਸ਼ਕਤੀ ਦਾ ਗੁਣਗਾਨ ਹੈ। ਉਸ ਮੁਤਾਬਿਕ ਅਕਾਲ ਪੁਰਖ ਇਸ ਸ੍ਰਿਸ਼ਟੀ ਤੋਂ ਪਹਿਲਾਂ ਵੀ ਵਿੱਦਮਾਨ ਸੀ ਅਤੇ ਬਾਅਦ ਵਿਚ ਵੀ ਰਹੇਗਾ। ਭਗਤ ਬਾਣੀ ਸੁੰਨ ਦੀ ਅਵਸਥਾ ਤੋਂ ਆਪਣੀ ਗੱਲ ਆਰੰਭ ਕਰਦੀ ਹੈ। ਅਜੋਕਾ ਵਿਗਿਆਨ ਵੀ ਇਸੇ ਗੱਲ ਨੂੰ ਮੰਨਦਾ ਹੋਇਆ ਮਹਾਂ-ਸੁੰਨ ਵਿਚੋਂ ਹੋਏ ਵੱਡੇ ਧਮਾਕੇ ਦੇ ਧੁੰਦੂਕਾਰੇ ਵਿਚੋਂ ਸਾਰੀਆਂ

ਗਲੈਕਸੀਆਂ ਤੇ ਤਾਰੇ ਹੋਂਦ ਸ਼ੀਲ ਹੋਏ ਕਹਿੰਦਾ ਹੈ। ਇਸੇ ਧਾਰਨਾ ਦੀ ਪੇਸ਼ਕਾਰੀ ਭਗਤ ਬਾਣੀ ਵਿਚ ਹੁੰਦੀ ਹੈ ਕਿ ਉਸ ਪਰਮਾਤਮਾ ਜਾਂ ਅਕਾਲ ਪੁਰਖ ਦੀ ਹੋਂਦ ਇਸ ਬ੍ਰਹਿਮੰਡੀ ਅਵਸਥਾ ਤੋਂ ਪਹਿਲਾਂ ਵੀ ਸੀ ਅਤੇ ਬਾਅਦ ਵਿਚ ਵੀ ਉਹ ਹਾਜ਼ਰ ਹੈ। ਉਹ ਘਟ-ਘਟ ਵਿਚ ਰਮ ਰਿਹਾ ਹੈ ਤੇ ਇਸ ਤੋਂ ਬਾਹਰ ਵੀ ਵਿਆਪਕ ਹੈ। ਉਹ ਸਰਗੁਣ ਵੀ ਹੈ ਨਿਰਗੁਣ ਵੀ ਸੁੰਨ ਸਮਾਧ ਵਿਚ ਵੀ ਉਹ ਆਪ ਸੀ ਤੇ ਆਪਣੀ ਸੁੰਨ ਉਸ ਵਿਚ ਸੀ। ਭਗਤ ਬਾਣੀ ਵਿਚਲੇ ਅਜਿਹੇ ਸੰਕਲਪ ਇਸ ਰਚਨਾ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਸਮਝਣ ਲਈ ਸੇਧ ਦਿੰਦੇ ਹਨ। ਉੱਤਰ ਆਧੁਨਿਕਤਾ ਦਾ ਸਬੰਧ ਸਮੁੱਚੇ ਸੰਸਾਰ ਦੇ ਗਿਆਨ ਸ਼ਾਸਤਰ ਨਾਲ ਹੋਣ ਕਰਕੇ ਇਸ ਨੂੰ ਸੰਚਾਰ ਦੀ ਅਜਿਹੀ ਪ੍ਰਕਿਰਿਆ ਨਾਲ ਜੋੜਿਆ ਜਾ ਸਕਦਾ ਹੈ, ਜਿਸ ਵਿਚ ਵਸਤੂ, ਪੇਸ਼ਕਾਰੀ ਅਤੇ ਵਿਚਾਰ ਦੀ ਭਿੰਨਤਾ ਖ਼ਤਮ ਹੋ ਜਾਂਦੀ ਹੈ। ਭਗਤ ਬਾਣੀ ਵਿਚਲੇ ਗਿਆਨ ਦੇ ਸੰਚਾਰ ਦੁਆਰਾ ਅਜੋਕੇ ਸਮੇਂ ਵਿਚ ਮਨੁੱਖ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪੱਧਰ ਦੀਆਂ ਸਮੱਸਿਆਵਾਂ ਦੇ ਹੱਲ ਸਬੰਧੀ ਸੇਧ ਲਈ ਜਾ ਸਕਦੀ ਹੈ। ਭਗਤ ਬਾਣੀ ਉੱਤਰ-ਆਧੁਨਿਕ ਸਥਿਤੀ ਵਿਚ ਕਿਸ ਤਰ੍ਹਾਂ ਦਾ ਮਾਡਲ ਪੇਸ਼ ਕਰਦੀ ਹੈ, ਜਿਸ ਨਾਲ ਸਮੁੱਚੀ ਮਨੁੱਖਤਾ ਦਾ ਕਲਿਆਣ ਜੁੜਿਆ ਹੋਇਆ ਹੈ ? ਇਸ ਪ੍ਰਸ਼ਨ ਦੇ ਦੁਆਲੇ ਹੀ ਪ੍ਰਸਤੁਤ ਖੋਜ ਪ੍ਰਬੰਧ ਦਾ ਦਾਇਰਾ ਵਿਉਂਤਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 15 ਭਗਤ ਕਵੀਆਂ ਦੀਆਂ ਰਚਨਾਵਾਂ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਪਰਖਣ ਲਈ ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਵਾਂ ਵਿਚ ਵਿਉਂਤਿਆ ਗਿਆ ਹੈ। ਜਿਸ ਵਿਚ ਕ੍ਰਮਵਾਰ ਸਿਧਾਂਤਕ ਪਿੱਠ-ਭੂਮੀ, ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੀ ਪਛਾਣ, ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ, ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਭਗਤ ਬਾਣੀ ਦਾ ਗਿਆਨ ਸ਼ਾਸਤਰੀ ਪਰਿਪੇਖ, ਭਗਤ ਬਾਣੀ ਵਿਚ ਪ੍ਰਸਤੁਤ ਸਾਹਿਤਿਕਤਾ ਅਤੇ ਅਖੀਰ ਵਿਚ ਸਾਰ ਅਤੇ ਸਥਾਪਨਾਵਾਂ ਹਨ। ਹਰ ਇਕ ਅਧਿਆਇ ਦੀ ਅੱਗੋਂ ਉਪ ਵੰਡ ਕਰਕੇ ਵਿਸਥਾਰ ਪੂਰਵਕ ਚਰਚਾ ਦੁਆਰਾ ਸਮਝ ਬਣਾਉਣ ਦਾ ਯਤਨ ਕੀਤਾ ਗਿਆ ਹੈ।

ਪਹਿਲੇ ਅਧਿਆਇ 'ਸਿਧਾਂਤਕ ਪਿੱਠ-ਭੂਮੀ' ਵਿਚ ਭਗਤ ਬਾਣੀ ਅਤੇ ਉੱਤਰ-ਆਧੁਨਿਕਤਾ ਬਾਰੇ ਪ੍ਰਾਪਤ ਪੂਰਵ ਖੋਜ ਕਾਰਜਾਂ ਬਾਰੇ ਗੱਲ ਕਰਦਿਆਂ, ਇਨ੍ਹਾਂ ਦੀ ਸਿਧਾਂਤਕ ਚਰਚਾ ਕੀਤੀ ਗਈ ਹੈ। ਇਸ ਦੇ ਨਾਲ ਇਸ ਖੋਜ ਕਾਰਜ ਦੇ ਉਦੇਸ਼ਾਂ ਨੂੰ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਕਿਸੇ ਵੀ ਖੋਜ ਦਾ ਮੂਲ ਉਹਦੀ ਸਾਰਥਿਕਤਾ ਵਿਚ ਨਿਹਿਤ ਹੁੰਦਾ ਹੈ। ਇਸ ਲਈ ਇਸ ਕਾਰਜ ਦੀ ਸਾਰਥਿਕਤਾ ਦੀ ਚਰਚਾ ਕੀਤੀ ਗਈ ਹੈ। ਖੋਜ ਕਾਰਜ ਇਕ ਵਿਗਿਆਨਕ ਢੰਗ ਦੁਆਰਾ ਹੋਣ ਵਾਲਾ ਕਾਰਜ ਹੈ ਜਿਸ ਲਈ , ਖੋਜ ਵਿਧੀਆਂ ਦੀ ਜ਼ਰੂਰਤ ਹੁੰਦੀ ਹੈ । ਪ੍ਰਸਤੁਤ ਖੋਜ ਕਾਰਜ ਨੂੰ ਵਿਗਿਆਨਕ ਢੰਗ ਦੁਆਰਾ ਨੇਪਰੇ ਚਾੜ੍ਹਨ ਲਈ ਵਰਤੀਆਂ ਜਾਣ ਵਾਲੀਆਂ ਖੋਜ ਵਿਧੀਆਂ ਅਤੇ ਖੋਜ ਸੰਦਾਂ ਦੀ ਚਰਚਾ ਕੀਤੀ ਗਈ ਹੈ। ਭਗਤ ਕਵੀਆਂ ਦੀਆਂ ਰਚਨਾਵਾਂ ਦੇ ਇਤਿਹਾਸਕ ਪਰਿਪੇਖ ਦੀ ਚਰਚਾ ਦੁਆਰਾ ਇਸ ਅੰਦਰ ਕਾਰਜਸ਼ੀਲ ਇਤਿਹਾਸਕ ਤੱਤਾਂ ਦਾ ਲੇਖਾ ਜੋਖਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਸ ਵਿਚਲੀ ਵਿਚਾਰਧਾਰਾ ਅਤੇ ਸੰਕਲਪਾਂ ਦੀ ਚਰਚਾ ਪ੍ਰਸਤੁਤ ਕਰਕੇ ਮੁਲਾਂਕਣ ਕੀਤਾ ਗਿਆ ਹੈ। ਭਗਤ ਬਾਣੀ ਦਾ ਨਿਕਾਸ ਅਤੇ ਇਤਿਹਾਸਕ ਸਰਵੇਖਣ ਪ੍ਰਸਤੁਤ ਕਰਕੇ ਇਸ ਦੇ ਮੂਲ ਸਰੋਕਾਰਾਂ ਤੱਕ ਰਸਾਈ  ਕੀਤੀ ਗਈ ਹੈ। ਇਸ ਚਰਚਾ ਦੁਆਰਾ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਗਿਆ ਹੈ ਕਿ ਭਗਤ ਬਾਣੀ ਦੇ ਪਿਛੋਕੜ ਵਿਚ ਕਾਰਜਸ਼ੀਲ ਹਾਲਾਤਾਂ ਅਤੇ ਉਸ ਦੇ ਸਮਕਾਲੀ ਮਸਲਿਆਂ ਨਾਲ ਸੰਵਾਦ ਰਚਾਇਆ ਜਾਵੇ। ਜੇਕਰ ਮਨੁੱਖ ਨੇ ਵਿਕਾਸ ਕਰਨਾ ਹੈ ਤਾਂ ਉਹਨੂੰ ਆਪਣੇ ਅਤੀਤ ਦੇ ਮਾਨਵੀ ਅਨੁਭਵਾਂ ਤੋਂ ਸੇਧ ਲੈ ਕੇ ਅੱਗੇ ਵਧਣ ਦਾ ਰਸਤਾ ਤਲਾਸ਼ਣਾ ਪਵੇਗਾ। ਮਨੁੱਖ ਆਪਣੇ ਅਤੀਤ ਤੋਂ ਬਹੁਤ ਕੁਝ ਗ੍ਰਹਿਣ ਕਰਕੇ ਆਪਣੇ ਵਰਤਮਾਨ ਅਤੇ ਭਵਿੱਖ ਲਈ ਸਮਰੱਥ ਹੁੰਦਾ ਹੈ। ਭਗਤ ਬਾਣੀ ਪੰਜ ਸਦੀਆਂ ਦਾ ਇਤਿਹਾਸਕ, ਸਮਾਜ ਦੀਆਂ ਲੋਕਧਾਰਾਈ ਪਰੰਪਰਾਵਾਂ ਵਿਚ ਗੁੰਦਿਆ ਸੱਭਿਆਚਾਰਕ ਦਸਤਾਵੇਜ਼ ਹੈ। ਉੱਤਰ-ਆਧੁਨਿਕਤਾ ਅਤੇ ਭਗਤ ਬਾਣੀ ਦੇ ਮੂਲ ਸਰੋਕਾਰਾਂ ਤੇ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਨ ਲਈ ਇਸ ਅਧਿਆਇ ਵਿਚ ਵਿਆਪਕ ਚਰਚਾ ਕੀਤੀ ਗਈ ਹੈ। ਅਜਿਹਾ ਇਸ ਲਈ ਕਿਉਂਕਿ ਇਸ ਵਿਚਲੇ ਸਮਾਜਿਕ ਸਰੋਕਾਰਾਂ ਨੂੰ ਉਭਾਰ ਕੇ ਹੀ ਇਸ ਨੂੰ ਸਹੀ ਪ੍ਰਸੰਗ ਵਿਚ ਸਮਝਣ ਦਾ ਯਤਨ ਹੋ ਸਕਦਾ ਹੈ। ਇਸ ਪ੍ਰਕਾਰ ਭਗਤੀ ਸਾਹਿਤ ਅਤੇ ਉੱਤਰ-ਆਧੁਨਿਕਤਾ ਦੇ ਸੰਦਰਭਾਂ ਨੂੰ ਸਮਝਣ ਲਈ ਸਿਧਾਂਤਕ ਪਿੱਠ-ਭੂਮੀ ਦੇ ਧਰਾਤਲ ਤੇ ਪਰਖਣਾ ਪਵੇਗਾ।

ਅਧਿਆਇ ਦੇ ਅਖੀਰ ਵਿਚ ਉੱਤਰ-ਆਧੁਨਿਕਤਾ ਦੇ ਸਰੂਪ ਅਤੇ ਮੂਲ ਸਰੋਕਾਰਾਂ ਦੀ ਸਪੱਸ਼ਟਤਾ ਲਈ ਇਸ ਦੇ ਅਰਥਾਂ ਅਤੇ ਇਤਿਹਾਸ ਦੀ ਚਰਚਾ ਕਰਦੇ ਹੋਏ ਇਸ ਦੇ ਪ੍ਰਵਰਗਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਦੇ ਸਰੂਪ ਅਤੇ ਵਿਸ਼ੇਸ਼ਤਾਵਾਂ ਦੁਆਰਾ ਇਨ੍ਹਾਂ ਦੋਵਾਂ ਸਥਿਤੀਆਂ ਵਿਚਲੇ ਫ਼ਰਕ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

ਦੂਜੇ ਅਧਿਆਇ ਵਿਚ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ/ਪ੍ਰਵਰਗਾਂ ਦੀ ਪਛਾਣ ਭਗਤ ਬਾਣੀ ਵਿਚ ਪੇਸ਼ ਸੰਕਲਪਾਂ ਦੇ ਆਧਾਰ ਤੇ ਕੀਤੀ ਗਈ ਹੈ। ਉੱਤਰ-ਆਧੁਨਿਕ ਸਥਿਤੀ ਵਿਚਲੀ ਨਿਸ਼ਚਿਤਤਾ/ਅਨਿਸ਼ਚਿਤਤਾ ਨੂੰ ਭਗਤ ਬਾਣੀ ਵਿਚ ਪੇਸ਼ ਬ੍ਰਹਮ ਦੇ ਸੰਕਲਪ ਦੁਆਰਾ ਸਮਝਣ ਦਾ ਯਤਨ ਕੀਤਾ ਗਿਆ ਹੈ। ਵਿਸ਼ਵੀਕਰਨ/ਸਥਾਨੀਕਰਨ ਨੂੰ ਭਗਤ ਬਾਣੀ ਦੇ ਝਰੋਖੇ ਵਿਚੋਂ ਸਦੀਵੀ ਅਤੇ ਤਤਕਾਲੀ ਸਮਾਜਿਕ ਸਮੱਸਿਆਵਾਂ ਦੇ ਸੰਦਰਭ ਵਿਚ ਵੇਖਿਆ ਗਿਆ ਹੈ। ਮਹਾਂਬਿਰਤਾਂਤ/ਅਲਪਬਿਰਤਾਂਤ ਨੂੰ ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਵਿਚਲੇ ਗਿਆਨ ਪ੍ਰਬੰਧਾਂ ਦੇ ਝਰੋਖੇ ਦੁਆਰਾ ਸਮਝਣ ਦਾ ਯਤਨ ਕੀਤਾ ਗਿਆ ਹੈ। ਵਿਚਾਰ/ਦੇਹ ਦੇ ਸੰਕਲਪ ਨੂੰ ਪੰਜ ਤੱਤਾਂ ਅਤੇ ਆਤਮਾ ਦੀ ਅਮਰਤਾ ਬਾਰੇ ਭਗਤ ਬਾਣੀ ਦੇ ਝਰੋਖੇ ਵਿਚੋਂ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਕੇਂਦਰ/ਹਾਸ਼ੀਆਗਤ ਦੇ ਜੁੱਟ ਨੂੰ ਭਾਸ਼ਾ ਦੇ ਜਾਤੀਗਤ ਪੱਖ ਤੋਂ ਸਮਝਿਆ ਗਿਆ ਹੈ ਅਤੇ ਉੱਤਰ-ਆਧੁਨਿਕਤਾ ਵਿਚਲੇ ਅਸਲ/ਨਕਲ ਨੂੰ ਭਗਤ ਬਾਣੀ ਵਿਚ ਪੇਸ਼ ਮਾਇਆ ਦੇ ਸੰਕਲਪ ਦੁਆਰਾ ਵਾਚਣ ਦੀ ਕੋਸ਼ਿਸ਼ ਕੀਤੀ ਗਈ ਹੈ।

ਤੀਜੇ ਅਧਿਆਇ ਵਿਚ ਉੱਤਰ-ਆਧੁਨਿਕਤਾ ਵਿਚ ਪੇਸ਼ ਹੋਏ ਹਾਸ਼ੀਆਗਤ ਸਮੂਹਾਂ ਦੇ ਪ੍ਰਵਚਨ ਨੂੰ ਭਗਤ ਬਾਣੀ ਦੇ ਆਧਾਰ ਤੇ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨੂੰ ਸਮਝਣ ਲਈ ਉੱਤਰ-ਆਧੁਨਿਕ ਪਰਿਪੇਖ ਵਿਚ ਕ੍ਰਮਵਾਰ ਨਾਰੀ ਚਿੰਤਨ, ਦਲਿਤ ਪ੍ਰਵਚਨ, ਕਿੰਨਰ ਸੰਵਾਦ ਅਤੇ ਪਰਵਾਸੀ ਵਰਤਾਰੇ ਦੇ ਨੁਕਤਾ ਨਿਗਾਹ ਤੋਂ ਚਰਚਾ ਕੀਤੀ ਗਈ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸਮੂਹਾਂ ਨੇ ਪ੍ਰਮੁੱਖਤਾ ਨਾਲ ਆਪਣੀ ਹੋਂਦ ਨੂੰ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ ਹੈ। ਇਕੱਲੇ ਭਾਰਤੀ ਜਾਂ ਪੰਜਾਬੀ ਸਮਾਜ ਅੰਦਰ ਹੀ ਨਹੀਂ, ਔਰਤ ਵਿਸ਼ਵੀ ਪਰਿਪੇਖ

ਵਿਚ ਵੀ ਹੌਲੀ-ਹੌਲੀ ਹਾਸ਼ੀਏ ਤੇ ਧੱਕੀ ਗਈ ਹੈ। ਇਸ ਸਭ ਦੇ ਇਤਿਹਾਸਕ ਸੰਦਰਭ ਨੂੰ ਵਾਚਣ ਦੇ ਨਾਲ-ਨਾਲ ਉੱਤਰ-ਆਧੁਨਿਕ ਸਥਿਤੀ ਵਿਚ ਉਪਜੀਆਂ ਨਾਰੀਵਾਦੀ ਲਹਿਰਾਂ ਦੇ ਪ੍ਰਸੰਗ ਵਿਚ ਪੜਤਾਲਿਆ ਗਿਆ ਹੈ। ਇਸ ਪ੍ਰਸੰਗ ਵਿਚ ਭਗਤ ਬਾਣੀ ਵਿਚ ਪੇਸ਼ ਨਾਰੀ ਚਿੰਤਨ ਦੁਆਰਾ ਇਸ ਦੇ ਉੱਤਰ-ਆਧੁਨਿਕ ਪਰਿਪੇਖ ਵਿਚਲੀ ਸਾਰਥਿਕਤਾ ਦੀ ਚਰਚਾ ਕੀਤੀ ਗਈ ਹੈ। ਭਾਰਤੀ ਸਮਾਜ ਦੀ ਇਹ ਤ੍ਰਾਸਦੀ ਰਹੀ ਹੈ ਕਿ ਦਲਿਤ ਸ਼੍ਰੇਣੀਆਂ ਨੂੰ ਸਦੀਆਂ ਤੋਂ ਚੱਲੇ ਆ ਰਹੇ ਛੂਤ-ਛਾਤ ਕਾਰਨ ਸਮਾਜ ਦੀ ਮੁੱਖ ਧਾਰਾ ਵਿਚੋਂ ਹਾਸ਼ੀਏ ਤੇ ਧੱਕ ਦਿੱਤਾ ਗਿਆ ਹੈ। ਭਗਤ ਬਾਣੀ ਵਿਚ ਪੇਸ਼ ਦਲਿਤ ਪ੍ਰਵਚਨ ਦੁਆਰਾ ਹਾਸ਼ੀਆਗਤ ਦੇ ਪ੍ਰਗਟਾਵੇ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਸਪੱਸ਼ਟ ਕੀਤਾ ਗਿਆ ਹੈ। ਕਿੰਨਰ ਵੀ ਸਮਾਜ ਵਿਚ ਹਾਸ਼ੀਆਕ੍ਰਿਤ ਹੋਂਦ ਰੱਖਦੇ ਹਨ। ਇਨ੍ਹਾਂ ਬਾਰੇ ਭਗਤ ਬਾਣੀ ਵਿਚ ਪ੍ਰਾਪਤ ਵੇਰਵਿਆਂ ਦੇ ਆਧਾਰ ਤੇ ਪੇਸ਼ ਸੰਵਾਦ ਉਸਾਰਨ ਦਾ ਯਤਨ ਕੀਤਾ ਗਿਆ ਹੈ। ਪੰਜਾਬੀ ਪ੍ਰਸੰਗ ਵਿਚ ਪ੍ਰਵਾਸੀ ਵਿਸਥਾਰਤ ਅਰਥਾਂ ਦਾ ਧਾਰਨੀ ਸੰਕਲਪ ਹੈ। ਪੰਜਾਬੀ ਮਨੁੱਖ ਜਿੱਥੇ ਖ਼ੁਦ ਆਪਣੀ ਰੋਜ਼ੀ ਰੋਟੀ ਦੇ ਆਹਰ ਵਿਚ ਆਪਣੀ ਜਨਮ ਭੋਇੰ ਤੋਂ ਦੂਰ ਪਰਵਾਸ ਕਰਦਾ ਹੈ, ਉੱਥੇ ਬਹੁਤ ਸਾਲਾਂ ਤੋਂ ਪੰਜਾਬ ਅੰਦਰ ਰੁਜ਼ਗਾਰ ਦੀ ਭਾਲ ਵਿਚ ਦੂਸਰੇ ਰਾਜਾਂ ਤੋਂ ਆਉਂਦੇ ਪਰਵਾਸੀ ਮਜ਼ਦੂਰਾਂ ਦਾ ਵੀ ਆਪਣਾ ਅਲੱਗ ਸਮਾਜਿਕ ਸੰਦਰਭ ਹੈ। ਇਸ ਦੇ ਨਾਲ ਹੀ ਪੰਜਾਬ ਵਿਚ ਆਜ਼ਾਦੀ ਸਮੇਂ ਪਾਕਿਸਤਾਨ ਤੋਂ ਆਏ ਰਫ਼ਿਊਜੀਆਂ ਨੂੰ ਵੀ ਇਸ ਸਥਿਤੀ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ ਸਾਰੇ ਵਰਗਾਂ ਦੀ ਹਾਸ਼ੀਆਕ੍ਰਿਤ ਹੋਂਦ ਦੇ ਪ੍ਰਵਚਨ ਨੂੰ ਭਗਤ ਬਾਣੀ ਵਿਚ ਪੇਸ਼ ਵੇਰਵਿਆਂ ਦੇ ਆਧਾਰ ਤੇ ਵੇਖਣ ਦਾ ਯਤਨ ਕੀਤਾ ਗਿਆ ਹੈ।

ਚੌਥਾ ਅਧਿਆਇ ਭਗਤ ਬਾਣੀ ਦੇ ਗਿਆਨ ਸ਼ਾਸਤਰੀ ਪਰਿਪੇਖ ਨਾਲ ਸਾਂਝ ਪਵਾਉਂਦਾ ਹੈ। ਭਗਤ ਬਾਣੀ ਵਿਚਲੇ ਗਿਆਨ ਪ੍ਰਬੰਧ ਵਿਚ ਪੇਸ਼ ਅੰਤਰ-ਪਰੰਪਰਾਈ ਸੰਵਾਦ ਨੂੰ ਸਮਾਜ ਸੱਭਿਆਚਾਰਕ ਨਜ਼ਰੀਏ ਤੋਂ ਪਰਖਿਆ ਗਿਆ ਹੈ। ਅਜੋਕੇ ਬਹੁਸੱਭਿਆਚਾਰ ਦੇ ਸਮੇ ਵਿਚ ਵੱਖ-ਵੱਖ ਧਰਮਾਂ ਦੇ ਸੰਵਾਦ ਦੁਆਰਾ ਭਗਤ ਬਾਣੀ ਕਿਸ ਪ੍ਰਕਾਰ ਦਾ ਗਿਆਨ ਪ੍ਰਬੰਧ ਸਿਰਜਦੀ ਹੈ ਇਸ ਦਾ ਲੇਖਾ ਜੋਖਾ ਕੀਤਾ ਗਿਆ ਹੈ। ਭਗਤ ਬਾਣੀ ਦਾ ਖ਼ਾਸਾ ਧਾਰਮਿਕ ਹੋਣ ਕਾਰਨ ਇਹ ਰਚਨਾ ਅਧਿਆਤਮਿਕਤਾ ਨਾਲ ਵੀ ਬਾਵਸਤਾ ਹੈ। ਇਸ ਵਿਚਲੇ ਅਧਿਆਤਮਿਕਤਾ ਦੇ ਵੱਖ-ਵੱਖ

ਸਰੋਕਾਰਾਂ ਦੀ ਉੱਤਰ-ਆਧੁਨਿਕ ਦ੍ਰਿਸ਼ਟੀ ਦਾ ਸਮਕਾਲੀ ਮਹੱਤਵ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਕੁਦਰਤ ਦੀ ਵਿਰਾਟਸ਼ੀਲਤਾ ਦੇ ਸੰਕਲਪ ਦੁਆਰਾ ਅਜੋਕੇ ਮਨੁੱਖ ਦੀ ਹੋਂਦ ਬਾਰੇ ਚਰਚਾ ਪ੍ਰਸਤੁਤ ਕੀਤੀ ਗਈ ਹੈ। ਮਨੁੱਖ ਦੁਆਰਾ ਕੁਦਰਤੀ ਸਾਧਨਾਂ ਨਾਲ ਕੀਤੀ ਜਾ ਰਹੀ ਛੇੜਛਾੜ ਅਤੇ ਇਸ ਦੁਆਰਾ ਮਨੁੱਖੀ ਹੋਂਦ ਨੂੰ ਦਰਪੇਸ਼ ਖ਼ਤਰਿਆਂ ਨੂੰ ਕੁਦਰਤ ਦੀ ਵਿਸ਼ਾਲਤਾ ਦੇ ਝਰੋਖੇ ਦੁਆਰਾ ਵੇਖਣ ਦਾ ਯਤਨ ਕੀਤਾ ਗਿਆ ਹੈ। ਨੈਤਿਕ ਵਿਧਾਨ ਵਿਚ ਭਗਤ ਬਾਣੀ ਵਿਚ ਪੇਸ਼ ਨੈਤਿਕਤਾ ਦੀ ਪਛਾਣ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਸਮਕਾਲੀ ਸਮਾਜ ਦੇ ਸਨਮੁੱਖ ਸਮੱਸਿਆਵਾਂ ਦਾ ਹੱਲ ਭਗਤ ਬਾਣੀ ਵਿਚ ਪੇਸ਼ ਨੈਤਿਕ ਗਿਆਨ ਦੇ ਸੂਝ ਮਾਡਲ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿਚ ਭਗਤ ਬਾਣੀ ਵਿਚਲੀ ਸਾਹਿਤਿਕਤਾ ਦਾ ਮੁੱਲਾਂਕਣ ਕਰਕੇ ਇਸ ਦੀ ਗ੍ਰਹਿਣਸ਼ੀਲਤਾ ਨੂੰ ਅੰਕਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਸਾਹਿਤ ਸਬੰਧੀ ਧਾਰਨਾਵਾਂ ਵਿਚ ਪਰਿਵਰਤਨ ਆਇਆ ਹੈ। ਇਹ ਕਿਹਾ ਜਾਂਦਾ ਹੈ ਸਾਹਿਤ ਹੁਣ ਕਿਸੇ ਵਿਚਾਰਧਾਰਾ ਦਾ ਧੂਤੂ ਨਾ ਹੋ ਕੇ ਮੁਕਤਭਾਵੀ ਵਿਚਰਨ ਕਰਦਾ ਹੈ। ਉੱਤਰ-ਆਧੁਨਿਕਤਾ ਸਾਹਿਤਿਕ ਪਾਠਾਂ ਵਿਚਲੇ ਯਥਾਰਥ ਬੋਧ ਨੂੰ ਬਹੁਅਰਥੀ, ਬਹੁਰੂਪੀ ਅਤੇ ਬਹੁਭਾਂਤੀ ਵਰਤਾਰੇ ਦੇ ਤੌਰ ਤੇ ਪਰਿਭਾਸ਼ਿਤ ਕਰਦੀ ਹੈ। ਇਸ ਧਾਰਨਾ ਦੀ ਪੁਸ਼ਟੀ ਲਈ ਇਸ ਅਧਿਆਇ ਨੂੰ ਵਿਉਂਤਿਆ ਗਿਆ ਹੈ। ਇਸ ਵਿਚ ਭਗਤ ਬਾਣੀ ਵਿਚਲੀ ਸਾਹਿਤਿਕਤਾ ਦਾ ਮੁੱਲਾਂਕਣ ਇਸ ਵਿਚਲੀ ਭਾਸ਼ਾਈ ਵਿਵਿਧਤਾ ਅਤੇ ਅਲਪ ਰੂਪਾਂ ਦੀ ਪੇਸ਼ਕਾਰੀ ਦੁਆਰਾ ਪੇਸ਼ ਬਹੁਅਰਥੀ ਅਤੇ ਬਹੁਪਰਤੀ ਅਰਥ ਸਮਰੱਥਾ ਰਾਹੀਂ ਪੜਤਾਲਿਆ ਗਿਆ ਹੈ। ਇਸ ਦੇ ਨਾਲ ਹੀ ਭਗਤ ਬਾਣੀ ਦੇ ਸਾਹਿਤਿਕ ਸੁਹਜ ਦਾ ਨਿਰਧਾਰਨ ਕਰਦੇ ਹੋਏ ਉੱਤਰ-ਆਧੁਨਿਕ ਚਿੰਤਕਾਂ ਦੀਆਂ ਧਾਰਨਾਵਾਂ ਦੁਆਰਾ ਇਸ ਦੀ ਸਮਕਾਲੀ ਭੂਮਿਕਾ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ ਹੈ। ਭਗਤ ਬਾਣੀ ਅਜੋਕੇ ਮਨੁੱਖ ਲਈ ਕਿਸ ਪ੍ਰਕਾਰ ਗ੍ਰਹਿਣਸ਼ੀਲ ਹੋ ਕੇ ਆਪਣਾ ਸੰਦੇਸ਼ ਸੰਚਾਰਿਤ ਕਰਦੀ ਹੈ ਇਹ ਵੇਖਣ ਦਾ ਯਤਨ ਕੀਤਾ ਗਿਆ ਹੈ। ਭਾਰਤੀ ਕਾਵਿ ਸ਼ਾਸਤਰ ਦੁਆਰਾ ਨਿਰਧਾਰਿਤ ਤੱਤਾਂ ਅਤੇ ਉੱਤਰ-ਆਧੁਨਿਕ ਸਥਿਤੀ ਦੇ ਮਿਲਣ ਬਿੰਦੂ ਦੁਆਰਾ ਮਨੁੱਖਤਾ ਦੇ ਕਲਿਆਣ ਦਾ ਮਾਡਲ ਉਸਾਰਨ ਦਾ ਯਤਨ ਕੀਤਾ ਗਿਆ

ਹੈ। ਇਸ ਮੁੱਲਾਕਣ ਦੁਆਰਾ ਭਗਤ ਬਾਣੀ ਦੇ ਬਹੁਭਾਸ਼ਾਈ ਸੰਸਾਰ ਦੁਆਰਾ ਸਿਰਜੇ ਅਲਪ ਕਾਵਿ ਰੂਪਾਂ ਅਤੇ ਵਿਲੱਖਣ ਅਰਥ ਸਮਰੱਥਾ ਦੇ ਆਧਾਰ ਤੇ ਸਰਬਕਾਲੀ ਸਾਹਿਤਿਕ ਮੁੱਲ ਨੂੰ ਅਗਰਭੂਮਿਤ ਕਰਕੇ ਉੱਤਰ-ਆਧੁਨਿਕ ਪਰਿਪੇਖ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ।

ਅੰਤ ਵਿਚ ਸਮੁੱਚੇ ਖੋਜ ਪ੍ਰਬੰਧ ਵਿਚਲੀ ਚਰਚਾ ਦੇ ਸਾਰ ਅਤੇ ਸਥਾਪਨਾਵਾਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਵਿਚ ਸਮੁੱਚੀ ਚਰਚਾ ਨੂੰ ਸਾਰ ਰੂਪ ਵਿਚ ਸਮੇਟਣ ਦਾ ਯਤਨ ਕੀਤਾ ਗਿਆ ਹੈ। ਇਸ ਦੁਆਰਾ ਸਮੁੱਚੇ ਖੋਜ ਕਾਰਜ ਵਿਚਲੀਆਂ ਸਥਾਪਨਾਵਾਂ ਦਾ ਵੇਰਵਾ ਪੇਸ਼ ਕਰਕੇ ਭਗਤ ਬਾਣੀ ਦੀ ਸਾਰਥਿਕਤਾ ਦੇ ਮਾਡਲ ਦੁਆਰਾ ਉੱਤਰ-ਆਧੁਨਿਕ ਪਰਿਪੇਖ ਵਿਚ ਸਪੱਸ਼ਟ ਕਰਨ ਵਾਲੇ ਨਤੀਜਿਆਂ ਦਾ ਬਿਉਰਾ ਪੇਸ਼ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਲਈ ਜਿਨ੍ਹਾਂ ਪੁਸਤਕਾਂ ਦੀ ਸਰੋਤਾਂ ਦੇ ਰੂਪ ਵਿਚ ਸਹਾਇਤਾ ਲਈ ਗਈ ਹੈ ਉਨ੍ਹਾਂ ਨੂੰ ਪੁਸਤਕ ਸੂਚੀ ਵਿਚ ਅੰਕਿਤ ਕੀਤਾ ਗਿਆ ਹੈ।

ਇਸ ਖੋਜ ਕਾਰਜ ਦਾ ਮੁੱਢਲਾ ਉਦੇਸ਼ ਭਗਤ ਬਾਣੀ ਦੇ ਉੱਤਰ-ਆਧੁਨਿਕ ਪਰਿਪੇਖ ਵਿਚ ਮਹੱਤਵ ਦੀ ਨਿਸ਼ਾਨਦੇਹੀ ਕਰਨਾ ਹੈ। ਇਸ ਕਾਰਜ ਲਈ ਉੱਤਰ-ਆਧੁਨਿਕਤਾ ਦੇ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੇ ਸੰਕਲਪਾਂ ਦੀ ਰੌਸ਼ਨੀ ਵਿਚ ਭਗਤ ਬਾਣੀ ਦਾ ਮੁੱਲਾਂਕਣ ਕੀਤਾ ਗਿਆ ਹੈ। ਇਸ ਵਿਚ ਯਤਨ ਕੀਤਾ ਗਿਆ ਹੈ ਕਿ ਵਿਸ਼ਵ ਪੱਧਰ ਤੇ ਵਿਆਪਕ ਉੱਤਰ-ਆਧੁਨਿਕਤਾ ਦੀ ਸਥਿਤੀ ਵਿਚ ਭਗਤ ਬਾਣੀ ਦੀ ਮਹੱਤਵ ਨੂੰ ਸਪੱਸ਼ਟ ਕੀਤਾ ਜਾ ਸਕੇ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁੱਖ ਦੁਆਰਾ ਕੀਤਾ ਕੋਈ ਵੀ ਯਤਨ ਅੰਤਿਮ ਨਹੀਂ ਹੁੰਦਾ ਸਗੋਂ ਇਹ ਇਕ ਪੜਾਅ ਹੁੰਦਾ ਹੈ, ਜਿਸ ਤੱਕ ਮਨੁੱਖੀ ਬੁੱਧੀ ਪਹੁੰਚ ਕੇ ਅਗਲੇਰੀ ਮੰਜ਼ਿਲ ਨੂੰ ਵਿਉਂਤਦੀ ਹੈ। ਇਹ ਖੋਜ ਪ੍ਰਬੰਧ ਵੀ ਇਸੇ ਪ੍ਰਕਾਰ ਦਾ ਯਤਨ ਹੈ।

ਮੈ ਨਤਮਸਤਕ ਹਾਂ ਮੇਰੇ ਨਿਗਰਾਨ ਡਾ. ਹਰਪ੍ਰੀਤ ਸਿੰਘ ਜੀ, ਐਸੋਸੀਏਟ ਪ੍ਰੋਫੈਸਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਦੇ ਸਿਰੜ ਨੂੰ ਜਿਨ੍ਹਾਂ ਨੇ ਮੇਰੇ ਵਰਗੇ ਸਧਾਰਨ ਵਿਦਿਆਰਥੀ ਨੂੰ ਇਸ ਬਿਖਮ ਰਸਤੇ ਤੇ ਚੱਲਣ ਦੇ ਕਾਬਿਲ ਬਣਾਇਆ ਅਤੇ ਇਸ ਮੁਸ਼ਕਿਲ ਕਾਰਜ ਦੌਰਾਨ ਮੇਰੀਆਂ ਕਮਜ਼ੋਰੀਆਂ ਨੂੰ ਆਪਣੀ ਪਾਰਸ ਛੋਹ

ਦੁਆਰਾ ਮੇਰੀ ਤਾਕਤ ਵਿਚ ਬਦਲ ਦਿੱਤਾ। ਮੈ ਧੰਨਵਾਦ ਕਰਦਾ ਹਾਂ ਆਪਣੇ ਸਹਿ-ਨਿਗਰਾਨ ਡਾ. ਬਲਵਿੰਦਰ ਸਿੰਘ ਥਿੰਦ, ਅਸਿਸਟੈਂਟ ਪ੍ਰੋਫੈਸਰ ਤੇ ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਖ਼ਾਲਸਾ ਕਾਲਜ, ਡਰੋਲੀ ਕਲਾਂ, ਜਲੰਧਰ ਦਾ ਜਿਨ੍ਹਾਂ ਨੇ ਸਦਾ ਮੈਨੂੰ ਮੁੱਲਵਾਨ ਪ੍ਰੇਰਨਾ ਦਿੱਤੀ ਹੈ। ਮੇਰੇ ਵੱਡੇ ਭਰਾ ਡਾ. ਨਰਵਿੰਦਰ ਸਿੰਘ ਕੌਸ਼ਲ, ਸਾਬਕਾ ਡੀਨ ਭਾਸ਼ਾਵਾਂ, ਕੁਰੂਕਸ਼ੇਤਰ ਯੂਨੀਵਰਸਿਟੀ ਦਾ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ੁਕਰੀਆ ਅਦਾ ਕਰਦਾ ਹਾਂ। ਆਪ ਸਦਾ ਹੀ ਮੇਰੇ ਪ੍ਰੇਰਨਾ ਸਰੋਤ ਰਹੇ ਹੋ, ਆਪ ਦੀ ਹੱਲਾਸ਼ੇਰੀ ਸਦਕਾ ਹੀ ਮੈ ਇਸ ਮੁਸ਼ਕਿਲ ਕਾਰਜ ਨੂੰ ਨੇਪਰੇ ਚਾੜ੍ਹਨ ਦੇ ਸਮਰੱਥ ਹੋਇਆ ਹਾਂ। ਸਤਿਕਾਰਤ ਡਾ. ਪਵਿੱਤਰ ਪ੍ਰਕਾਸ਼ ਸਿੰਘ ਜੀ (Associate Dean & HOS, School of Humanities) ਦੀ ਸੁਚੱਜੀ ਅਗਵਾਈ ਅਤੇ ਡਾ. ਕਿਰਨਦੀਪ ਸਿੰਘ ਜੀ (HOD, School of Humanities) ਦੁਆਰਾ ਦਿੱਤੀਆਂ ਸੇਧਾਂ ਸਦਾ ਮੇਰਾ ਰਾਹ ਰੁਸ਼ਨਾਉਂਦੀਆਂ ਰਹਿਣਗੀਆਂ। ਡਾ. ਅਵਤਾਰ ਸਿੰਘ ਜੀ, ਡਾ. ਵਿਨੋਦ ਕੁਮਾਰ ਜੀ ਅਤੇ ਡਾ. ਸੰਜੇ ਪਾਂਡੇ ਜੀ ਦੁਆਰਾ ਦਿੱਤੇ ਸੁਝਾਵਾਂ ਅਤੇ ਆਸ਼ੀਰਵਾਦ ਲਈ ਮੈ ਸਦਾ ਰਿਣੀ ਰਹਾਂਗਾ। ਮੈਂ ਧੰਨਵਾਦ ਕਰਦਾ ਹਾਂ ਪੰਜਾਬੀ ਵਿਭਾਗ ਦੇ ਸਭ ਅਧਿਆਪਕਾਂ ਦਾ ਜਿਨ੍ਹਾਂ ਨੇ ਸਮੇਂ-ਸਮੇਂ ਤੇ ਪੂਰਾ ਸਹਿਯੋਗ ਦਿੱਤਾ ਹੈ। ਵਿਭਾਗ ਦੇ ਲਾਇਬ੍ਰੇਰੀ ਸਟਾਫ਼ ਸਮੇਤ ਸਮੁੱਚੇ ਨਾਨ-ਟੀਚਿੰਗ ਅਮਲੇ ਦਾ ਵੀ ਸਹਿਯੋਗ ਲਈ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ੁਕਰੀਆ ਅਦਾ ਕਰਦਾ ਹਾਂ। ਇਸ ਤੋਂ ਇਲਾਵਾ ਮੈ ਐਲ.ਪੀ.ਯੂ. ਦੇ ਖੋਜ ਵਿਭਾਗ ਦੇ ਡਾ. ਰੇਖਾ ਜੀ ਅਤੇ ਉਨ੍ਹਾਂ ਦੇ ਸਮੂਹ ਸਟਾਫ਼ ਦਾ ਬਹੁਮੁੱਲੇ ਸਹਿਯੋਗ ਲਈ ਧੰਨਵਾਦੀ ਹਾਂ। ਇਸ ਖੋਜ ਕਾਰਜ ਲਈ ਇੰਟਰਵਿਊ ਦੇ ਰੂਪ ਵਿਚ ਆਪਣੇ ਵਡਮੁੱਲੇ ਵਿਚਾਰ ਦੇਣ ਲਈ ਮੈਂ ਡਾ. ਰਾਜਿੰਦਰ ਪਾਲ ਸਿੰਘ ਬਰਾੜ, ਮੁਖੀ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸ਼ਰਨਪਾਲ ਸਿੰਘ, ਪ੍ਰੋਫੈਸਰ (ਅੰਗਰੇਜ਼ੀ), ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸਰਬਜਿੰਦਰ ਸਿੰਘ, ਮੁਖੀ, ਭਾਈ ਗੁਰਦਾਸ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਕੋਟਾਨ-ਕੋਟ ਧੰਨਵਾਦ ਕਰਦਾ ਹਾਂ। ਇਨ੍ਹਾਂ ਇੰਟਰਵਿਊਆਂ ਨੂੰ ਰਿਕਾਰਡ ਕਰਨ ਲਈ ਮੇਰੇ ਬੇਟੇ ਦੇ ਮਿੱਤਰ ਅਨੂਪ ਧੀਮਾਨ ਦਾ ਵੀ ਸ਼ੁਕਰੀਆ ਅਦਾ ਕਰਦਾ ਹਾਂ। ਡਾ. ਐਨ. ਪੀ. ਤਿਵਾੜੀ, ਫਿਲਾਸਫੀ ਵਿਭਾਗ, ਪਟਨਾ ਯੂਨੀਵਰਸਿਟੀ ਦਾ ਵੀ ਵਿਸ਼ੇਸ਼ ਸਹਿਯੋਗ ਦੇਣ ਲਈ ਧੰਨਵਾਦੀ ਹਾਂ। ਮੇਰੇ ਪਰਮ ਮਿੱਤਰਾਂ ਡਾ.

ਸਰਬਜੀਤ ਸਿੰਘ ਮਾਨ ਅਤੇ ਡਾ. ਪਰਮਜੀਤ ਕੱਟੂ ਜੀ ਦਾ ਵੀ ਮੈਂ ਧੰਨਵਾਦ ਕਰਦਾ ਹਾਂ। ਮੈ ਧੰਨਵਾਦੀ ਹਾਂ ਮੇਰੇ ਮਿੱਤਰ ਡਾ. ਆਗਿਆਪਾਲ ਸਿੰਘ ਸੱਪਲ ਦੇ ਸਵਰਗੀ ਮਾਤਾ ਕੁਲਦੀਪ ਕੌਰ ਜੀ ਦਾ ਜੋ ਸਦਾ ਪਿਆਰ ਭਰਿਆ ਸਹਿਯੋਗ ਦਿੰਦੇ ਰਹੇ ਹਨ। ਕੋਈ ਵੀ ਕਾਰਜ ਪਰਿਵਾਰ ਦੇ ਸਹਿਯੋਗ ਤੋਂ ਬਿਨਾ ਸੰਭਵ ਨਹੀਂ ਹੋ ਸਕਦਾ। ਮੈ ਇਸ ਮਾਮਲੇ ਵਿਚ ਬਹੁਤ ਭਾਗਸ਼ਾਲੀ ਹਾਂ ਕਿ ਮੈਨੂੰ ਇਸ ਕਾਰਜ ਵਿਚ ਮੇਰੀ ਧਰਮ-ਪਤਨੀ ਰਾਕੇਸ਼ ਅਤੇ ਦੋਵਾਂ ਬੇਟਿਆਂ ਲਲਿਤ ਅਤੇ ਨਿਤਿਨ ਨੇ ਭਰਪੂਰ ਸਹਿਯੋਗ ਦਿੱਤਾ ਹੈ। ਮੇਰੀ ਕਰਮ ਭੂਮੀ ਭਾਈ ਗੁਰਦਾਸ ਗਰੁੱਪ ਆਫ਼ ਇਨਸਟੀਚਿਊਸ਼ਨਜ਼ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਜੀ, ਸੈਕਟਰੀ ਮੈਡਮ ਬਲਜਿੰਦਰ ਕੌਰ ਜਵੰਧਾ ਜੀ ਅਤੇ ਮੈਨੇਜਿੰਗ ਡਾਇਰੈਕਟਰ ਡਾ. ਸੁਵਰੀਤ ਕੌਰ ਜਵੰਧਾ ਜੀ ਦਾ ਸਦਾ ਹੌਸਲਾ ਤੇ ਸਹਿਯੋਗ ਦੇਣ ਲਈ ਬਹੁਤ ਧੰਨਵਾਦ ਕਰਦਾ ਹਾਂ। ਇਸ ਤੋਂ ਇਲਾਵਾ ਡਾਇਰੈਕਟਰ ਮੈਡਮ ਡਾ. ਤਨੂਜਾ ਸ੍ਰੀਵਾਸਤਵਾ ਜੀ, ਮੇਰੇ ਸਾਥੀ ਅਧਿਆਪਕਾਂ ਅਤੇ ਸਟਾਫ ਮੈਂਬਰਾਂ ਦਾ ਵੀ ਮਸ਼ਕੂਰ ਹਾਂ। ਇਸ ਖੋਜ ਕਾਰਜ ਦੀਆਂ ਟਾਈਪ ਸੈਟਿੰਗ ਸਬੰਧੀ ਮੁਸ਼ਕਲਾਂ ਨੂੰ ਸੁਲਝਾਉਣ ਵਿਚ ਆਪਣਾ ਤਕਨੀਕੀ ਸਹਿਯੋਗ ਦੇਣ ਲਈ ਮੈਂ ਮੇਰੇ ਕੁਲੀਗ ਅਤੇ ਪਰਮ ਮਿੱਤਰ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਪ੍ਰੋ. ਸੁਰਿੰਦਰ ਸਿੰਘ ਭੁੱਲਰ ਜੀ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਸਭ ਵਿਦਵਾਨਾਂ ਦਾ ਮੈ ਰਿਣੀ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਮੈਨੂੰ ਇਸ ਵਿਸ਼ੇ ਸਬੰਧੀ ਲੋੜੀਂਦੀ ਸੇਧ ਪ੍ਰਾਪਤ ਹੋਈ ਹੈ। ਮੈ ਉਨ੍ਹਾਂ ਸਭ ਸੱਜਣਾਂ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਕਾਰਜ ਵਿਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਸਹਿਯੋਗ ਦਿੱਤਾ ਹੈ।

ਆਪਣੇ ਸਵਰਗੀ ਮਾਤਾ-ਪਿਤਾ ਅਤੇ ਦਾਦਾ-ਦਾਦੀ ਤੋਂ ਆਸ਼ੀਰਵਾਦ ਲੈਂਦਾ ਹੋਇਆ ਮੈ ਇਸ ਕਾਰਜ ਨੂੰ ਆਪਣੀ ਕਿਰਪਾ ਦ੍ਰਿਸ਼ਟੀ ਦੁਆਰਾ ਅੰਜਾਮ ਤੱਕ ਪਹੁੰਚਾਉਣ ਲਈ ਅਕਾਲ ਪੁਰਖ ਅਤੇ ਸਭ ਭਗਤ ਕਵੀਆਂ ਦੇ ਚਰਨਾਂ ਵਿਚ ਸੀਸ ਝੁਕਾਉਂਦਿਆਂ, ਇਹ ਕਾਰਜ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਹਜ਼ੂਰ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕਰਦਾ ਹਾਂ।

# ਅਧਿਆਇ : ਪਹਿਲਾ

## ਸਿਧਾਂਤਕ ਪਿੱਠ-ਭੂਮੀ

1.1. ਪੂਰਵ ਖੋਜ ਕਾਰਜ

1.2. ਖੋਜ ਕਾਰਜ ਦੇ ਉਦੇਸ਼

1.3. ਖੋਜ ਕਾਰਜ ਦੀ ਸਾਰਥਕਤਾ

1.4. ਖੋਜ ਵਿਧੀ

1.5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਬਾਣੀ : ਸਰੂਪ ਅਤੇ ਮੂਲ ਸਰੋਕਾਰ

1.6. ਉੱਤਰ-ਆਧੁਨਿਕਤਾ : ਸਰੂਪ ਅਤੇ ਵਿਸ਼ੇਸਤਾਵਾਂ

# ਅਧਿਆਇ ਪਹਿਲਾ

## ਸਿਧਾਂਤਕ ਪਿੱਠ-ਭੂਮੀ

ਭਾਰਤੀ ਰਹੱਸਵਾਦੀ ਚਿੰਤਨ ਪਰੰਪਰਾ ਵੇਦਾਂ ਤੋਂ ਸ਼ੁਰੂ ਹੁੰਦੀ ਹੈ। ਉਪਨਿਸ਼ਦ ਅਤੇ ਗੀਤਾ ਇਸ ਨੂੰ ਅੱਗੇ ਵਧਾਉਣ ਦਾ ਕਾਰਜ ਕਰਦੇ ਹਨ। ਇਸ ਵਿਚ 'ਬ੍ਰਹਮਾ' ਨੂੰ ਅੰਤਿਮ ਨਿਸ਼ਾਨਾ ਮੰਨਿਆਂ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਵੀ 'ਬ੍ਰਹਮਾ' ਦੀ ਗੱਲ ਕਰਦੀ ਹੈ। ਪਰ ਇਸ ਵਿਚ ਇਕ ਫ਼ਰਕ ਹੈ ਕਿ ਭਗਤ ਬਾਣੀ ਆਪਣੀ ਸਮੁੱਚਤਾ ਵਿਚ ਬ੍ਰਹਮ ਤੋਂ ਵੀ ਉੱਪਰ ਦੀ ਸ਼ਕਤੀ ਦੀ ਜਿਸ ਨੂੰ ਗੁਰਬਾਣੀ ਅੰਦਰ ਅਕਾਲ ਪੁਰਖ ਕਿਹਾ ਗਿਆ ਹੈ, ਦਾ ਬੋਧ ਪੇਸ਼ ਕਰਦੀ ਹੈ। ਮਨੁੱਖ ਦੀ ਆਤਮਾ ਰੂਪੀ ਪ੍ਰਕਾਸ਼ ਨੂੰ ਉਸ ਪਰਮ-ਆਤਮਾ ਰੂਪੀ ਮਹਾਂ-ਪ੍ਰਕਾਸ਼ ਦੇ ਹਿੱਸੇ ਵਜੋਂ ਪਰਿਭਾਸ਼ਿਤ ਕਰਦੀ ਹੈ। ਉਸ ਦੇ ਗਿਆਨ ਵਿਚੋਂ ਹੀ ਮਨੁੱਖੀ ਗਿਆਨ ਨਿਕਸਦਾ ਹੈ। ਉਸਦੇ ਸੰਪੂਰਨ ਗਿਆਨ ਤੱਕ ਪਹੁੰਚਣਾ ਮਨੁੱਖ ਲਈ ਔਖਾ ਹੈ ਪਰ ਆਪਣੇ ਅਨੁਭਵ ਦੇ ਆਧਾਰ ਤੇ ਮਨੁੱਖ ਉਸ ਦੀ ਝਲਕ ਪਾਉਣ ਦੇ ਸਮਰੱਥ ਹੋ ਸਕਦਾ ਹੈ।

ਸਾਡਾ ਇਸ ਸਮੁੱਚੇ ਪਸਾਰੇ ਨਾਲ ਅਟੁੱਟ ਰਿਸ਼ਤਾ ਹੈ। ਜਦੋਂ ਅਸੀਂ ਇਸ ਰਿਸ਼ਤੇ ਦੀ ਸੀਮਾ ਉਲੰਘ ਕੇ ਆਪਣੇ ਆਪ ਨੂੰ ਇਸ ਦਾ ਮਾਲਕ ਮੰਨਣ ਦੀ ਭੁੱਲ ਅਧੀਨ ਇਸ ਵਰਤਾਰੇ ਪ੍ਰਤੀ ਦੁਰਉਪਯੋਗ, ਸ਼ੋਸ਼ਣ ਅਤੇ ਦੂਜੇ ਨੂੰ ਇਸ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਆਪਣੀ ਸਮਝ ਦਾ ਗ਼ਲਤ ਇਸਤੇਮਾਲ ਕਰ ਰਹੇ ਹੁੰਦੇ ਹਾਂ। ਪ੍ਰਕਿਰਤੀ ਅਤੇ ਮਨੁੱਖ ਦਾ ਰਿਸ਼ਤਾ ਬਹੁਤ ਹੀ ਪਿਆਰਾ ਰਿਸ਼ਤਾ ਹੈ। ਇਹ ਸਹਿਵਰਤਨ ਤੇ ਆਧਾਰਿਤ ਹੋਣਾ ਚਾਹੀਦਾ ਹੈ। ਜਿਸ ਨਾਲ ਅਸੀਂ ਸਾਰੇ ਬ੍ਰਹਿਮੰਡ ਦੇ ਭਲੇ ਦਾ ਸੰਕਲਪ ਸਿਰਜ ਸਕਦੇ ਹਾਂ। ਇਹ ਸਾਰਾ ਵਰਤਾਰਾ ਅਸਥਿਰ ਹੈ, ਬਦਲਦਾ ਰਹਿੰਦਾ ਹੈ। ਇਸ ਬਦਲਣਸ਼ੀਲਤਾ ਦੇ ਕੇਂਦਰ ਨੂੰ ਭਗਤ ਬਾਣੀ ਵਿਚ ਸੁੰਨ ਦੇ ਨਿਰਾਕਾਰ ਸੰਕਲਪ ਦੁਆਰਾ ਪਰਿਭਾਸ਼ਿਤ ਕਰਦੀ ਹੈ। ਇਸ ਨਿਰਾਕਾਰ ਸਰੂਪ ਨੂੰ ਭਗਤ ਕਵੀ ਸਮੁੱਚੇ ਬ੍ਰਹਿਮੰਡੀ ਵਰਤਾਰੇ ਦੀ ਇਕਾਈ ਦੇ ਰੂਪ ਵਿਚ ਵੇਖਦੇ ਹਨ। ਇਸੇ ਪ੍ਰਕਾਰ ਭੌਤਿਕ ਵਿਗਿਆਨ ਵਿਚ ਐਟਮ ਅਤੇ ਉਸਦੇ ਹੋਰ ਸੂਖਮ ਰੂਪਾਂ ਦੀ ਖੋਜ ਰਾਹੀਂ ਅਸੀਂ ਇਸ ਦੀ ਏਕਤਾ ਵੱਲ ਨੂੰ ਵਧਦੇ ਹਾਂ। ਹੀਜ਼ਨਬਰਗ ਅਤੇ ਬੋਹਰ ਦੀਆਂ ਧਾਰਨਾਵਾਂ ਨੇ ਕਵਾਂਟਮ ਥਿਊਰੀ ਦੇ ਸੰਦਰਭ

ਵਿਚ ਐਟਮੀ ਕਣਾਂ ਦੇ ਪੈਦਾ ਹੋਣ ਅਤੇ ਖ਼ਤਮ ਹੋਣ ਦੀਆਂ ਊਰਜੀ ਟੱਕਰਾਂ ਨਾਲ ਵਿਸ਼ਲੇਸ਼ਿਤ ਕੀਤਾ ਹੈ। ਸੰਭਾਵਨਾ ਰੂਪੀ ਅਨਿਸ਼ਚਿਤਤਾ ਕਵਾਂਟਮ ਥਿਊਰੀ ਵਿਚ ਪ੍ਰਮੁੱਖ ਲੱਛਣ ਮੰਨੀ ਜਾਂਦੀ ਹੈ। ਬੋਹਰ ਇਸ ਨੂੰ ਨਿੱਖੜਦੇ ਰੂਪ ਵਿਚ ਵੇਖਣ ਦੀ ਰੁਚੀ ਨੂੰ ਸਿਰਫ਼ ਇਸ ਨੂੰ ਪਰਿਭਾਸ਼ਿਤ ਕਰਨ ਤੱਕ ਸੀਮਤ ਕਰਦਾ ਹੈ। ਹੀਜ਼ਨਬਰਗ ਦੀ ਧਾਰਨਾ ਹੈ ਕਿ ਅਸੀਂ ਇਸ ਵਰਤਾਰੇ ਨੂੰ ਨਹੀਂ ਵੇਖਦੇ ਬਲਕਿ ਇਹ ਸਾਡੇ ਵੇਖਣ ਦੀ ਵਿਧੀ ਦੁਆਰਾ ਸਾਨੂੰ ਆਪਣਾ ਆਪ ਦਿਖਾਉਂਦੀ ਹੈ। ਇਹੋ ਧਾਰਨਾਵਾਂ ਭਗਤ ਕਵੀ ਦਿੰਦੇ ਹਨ, ਕਿ ਜੈਸੀ ਮਨੁੱਖ ਦੀ ਭਾਵਨਾ ਜਾਂ ਨਜ਼ਰ ਹੋਵੇਗੀ, ਉਸੇ ਤਰ੍ਹਾਂ ਦਾ ਸੰਸਾਰ ਜਾਂ ਬ੍ਰਹਿਮੰਡ ਨਜ਼ਰ ਆਵੇਗਾ। ਇਸ ਦਿਸਦੇ ਸੰਸਾਰ ਵਿਚ ਉਲਝ ਜਾਣ ਨਾਲ ਸਿਰਫ਼ ਇਸ ਦੇ ਗੁਣ/ਲੱਛਣ ਹੀ ਪ੍ਰਭਾਵਿਤ ਹੁੰਦੇ ਹਨ। ਇਸੇ ਤਰ੍ਹਾਂ ਕਵਾਂਟਮ ਜਗਤ ਵਿਚਲੇ ਇਲੈਕਟਰਾਨ ਨੂੰ ਸਮਝਣ ਲਈ ਇਸ ਤੱਕ ਪਹੁੰਚਣਾ ਪੈਂਦਾ ਹੈ। ਜੇਕਰ ਵੱਖ-ਵੱਖ ਉਪਕਰਨਾਂ ਦੁਆਰਾ ਇਸ ਨੂੰ ਮਿਣਨ ਦਾ ਯਤਨ ਕਰੋਗੇ ਤਾਂ ਇਸ ਦੀ ਬਦਲਣਸ਼ੀਲਤਾ ਹੈਰਾਨ ਕਰਨ ਵਾਲੀ ਹੋਵੇਗੀ। ਇਸੇ ਤਰ੍ਹਾਂ ਭਗਤ ਬਾਣੀ ਵਿਚਲਾ ਬ੍ਰਹਮ ਜਾਂ ਪਰਮ ਸ਼ਕਤੀ ਇਸ ਦੁਆਰਾ ਪ੍ਰਾਪਤ ਅਨੁਭਵ ਦੁਆਰਾ ਹੀ ਇਸ ਨੂੰ ਜਾਣਿਆਂ ਜਾ ਸਕਦਾ ਹੈ। ਕਵਾਂਟਮ ਵਿਚ ਵੇਖਣ ਵਾਲਾ ਅਤੇ ਬ੍ਰਹਿਮੰਡ ਅਲੱਗ-ਅਲੱਗ ਹਨ। ਭਗਤ ਬਾਣੀ ਦੇ ਪ੍ਰਵਚਨ ਵਿਚ ਭਗਤ ਅਤੇ ਪਰਮਾਤਮਾ ਦੀ ਇਕਮਿਕਤਾ ਹੋ ਜਾਂਦੀ ਹੈ, ਕੋਈ ਫ਼ਰਕ ਨਹੀਂ ਰਹਿੰਦਾ ਤੇ ਸਾਰਾ ਜਗਤ ਪਿੱਛੇ ਰਹਿ ਜਾਂਦਾ ਹੈ। ਵਿਅਕਤੀ ਇਸ ਸਥਿਤੀ ਤੋਂ ਪਾਰ ਚਲਾ ਜਾਂਦਾ ਹੈ। ਭਗਤ ਬਾਣੀ ਵਿਚ ਜ਼ਿੰਦਗੀ ਮੌਤ ਤੋਂ ਲੈ ਕੇ ਬੁਰਾਈ, ਚੰਗਿਆਈ ਤੇ ਦੁੱਖ-ਸੁੱਖ ਸਭ ਇਕ ਦੂਜੇ ਨਾਲ ਜੁੜੇ ਹੋਏ ਇੱਕੋ ਚੁੰਬਕ ਦੇ ਦੋ ਧਰੁਵ ਜਾਂ ਇੱਕੋ ਸਿੱਕੇ ਦੇ ਦੋ ਪਹਿਲੂਆਂ ਦੀ ਤਰ੍ਹਾਂ ਹਨ, ਦੋਵਾਂ ਵਿਚ ਵਿਰੋਧ ਦਾ ਰਿਸ਼ਤਾ ਕਾਇਮ ਹੈ। ਉੱਚੇ ਪੱਧਰ ਤੇ ਇਸ ਵਿਰੋਧ ਦੀ ਏਕਤਾ ਦਾ ਸੰਦੇਸ਼ ਭਗਤ ਬਾਣੀ ਦੁਆਰਾ ਨਿਰੂਪਿਤ ਹੁੰਦਾ ਹੈ। ਇਸ ਨੂੰ ਕਵਾਂਟਮ ਥਿਊਰੀ ਵਿਚ ਕਣ ਅਤੇ ਤਰੰਗ ਦੇ ਵਿਰੋਧ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ ਹੈ। ਬੋਹਰ ਕਹਿੰਦਾ ਹੈ ਕਿ ਕਣ ਅਤੇ ਤਰੰਗ ਇੱਕੋ ਯਥਾਰਥ ਦੀਆਂ ਆਂਸ਼ਿਕ ਸੱਚ ਦੀਆਂ ਧਾਰਨੀ ਪੂਰਕ ਤਸਵੀਰਾਂ ਹਨ। ਜੇਕਰ ਤੁਸੀਂ ਯਥਾਰਥ ਨੂੰ ਸਮਝਣਾ ਚਾਹੁੰਦੇ ਹੋ ਤਾਂ ਦੋਵਾਂ ਦੀ ਜ਼ਰੂਰਤ ਹੈ। ਉੱਤਰ-ਆਧੁਨਿਕ ਚਿੰਤਨ ਨੂੰ ਮਨੁੱਖੀ ਆਜ਼ਾਦੀ ਦੇ ਚਿੰਤਨ ਦੇ ਤੌਰ ਤੇ ਵੇਖਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਹਰ ਇਕ ਮਨੁੱਖ ਦਾ ਆਪਣਾ ਸੱਚ ਅਤੇ ਗੌਰਵ ਹੁੰਦਾ ਹੈ। ਇਹ ਧਾਰਨਾ ਸੰਸਾਰਕ ਪੱਧਰ ਤੇ

ਭੋਜਨ, ਪਹਿਰਾਵੇ, ਕਲਾ, ਸੰਗੀਤ ਅਤੇ ਸਾਹਿਤ ਆਦਿ ਦੀ ਪਸੰਦ ਜਾਂ ਨਾਪਸੰਦ ਦੀ ਵੱਖਰਤਾ ਤੇ ਨਿਰਭਰ ਹੋ ਸਕਦੀ ਹੈ। ਆਪਣੀ ਆਜ਼ਾਦੀ ਨੂੰ ਮਾਣਦੇ ਹੋਏ ਅਜਿਹੀ ਸੋਚ ਰੱਖੀਏ ਕਿ ਉਹ ਦੂਜੇ ਦੀ ਪਰੇਸ਼ਾਨੀ ਦਾ ਕਾਰਨ ਨਾ ਬਣੇ। ਪ੍ਰਸਤੁਤ ਖੋਜ ਦਾ ਸਬੱਬ ਅਜਿਹੇ ਹੀ ਸਮਾਜ ਦੀ ਸਿਰਜਣਾ ਲਈ ਲੋੜੀਂਦੀ ਸੇਧ ਲੈ ਕੇ ਇਸ ਦੇ ਨਿਰਮਾਣ ਸਬੰਧੀ ਮਾਰਗ ਦੀ ਨਿਸ਼ਾਨਦੇਹੀ ਕਰਨਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਅਜਿਹੇ ਯਤਨ ਦਾ ਕਾਰਨ ਮੱਧਕਾਲੀ ਪੰਜਾਬੀ ਸਾਹਿਤ ਵਿਚਲੇ ਬਹੁਪਰਤੀ ਆਯਾਮ ਦੀ ਧਾਰਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੈਕਸਟ ਵਿਚਲੇ ਭਗਤ ਕਵੀਆਂ ਦੇ ਵਿਵੇਕਮਈ ਚਿੰਤਨ ਵਿਚੋਂ ਸਮਝਣਾ ਇਸ ਕਾਰਜ ਦੀ ਸੀਮਾ ਹੈ।

**1.1.ਪੂਰਵ ਖੋਜ ਕਾਰਜ :**

ਉੱਤਰ-ਆਧੁਨਿਕਤਾ ਦੇ ਸੰਕਲਪ ਨੂੰ ਕੇਂਦਰ ਵਿਚ ਰੱਖ ਕੇ ਪੰਜਾਬੀ ਵਿਚ ਹੋਏ ਉਪਾਧੀ ਸਾਪੇਖ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਆਤਮਾ ਸਿੰਘ ਰੰਧਾਵਾ ਨੇ ਸੰਨ 2000 ਵਿਚ ਆਪਣਾ ਖੋਜ ਕਾਰਜ ਡਾ. ਸਤਿੰਦਰ ਸਿੰਘ ਦੀ ਨਿਗਰਾਨੀ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਪੇਸ਼ ਕੀਤਾ ਹੈ। ਇਸ ਦਾ ਸਿਰਲੇਖ 'ਸਮਕਾਲੀ ਪੰਜਾਬੀ ਕਵਿਤਾ : ਉਤਰ-ਆਧੁਨਿਕ ਪਰਿਪੇਖ' ਹੈ। ਇਸ ਸ਼ੋਧ ਪ੍ਰਬੰਧ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਉੱਤਰ-ਆਧੁਨਿਕ ਅੰਤਰ ਦ੍ਰਿਸ਼ਟੀ ਦੇ ਵਿਕਾਸ, ਪਛਾਣ ਚਿੰਨ੍ਹ, ਪੰਜਾਬੀ ਪਰਿਪੇਖ ਵਿਚ ਮਹੱਤਵ ਨੂੰ ਪੰਜਾਬੀ ਆਲੋਚਨਾ ਵਿਚ ਵੇਖਣ ਲਈ ਸਮਕਾਲੀ ਪੰਜਾਬੀ ਆਲੋਚਨਾ ਦਾ ਸੰਖੇਪ ਅਧਿਐਨ ਪੇਸ਼ ਕੀਤਾ ਹੈ। ਦੂਜੇ ਅਧਿਆਇ ਵਿਚ ਸਮਕਾਲੀ ਪੰਜਾਬੀ ਕਵਿਤਾ ਨਾਲ ਉੱਤਰ-ਆਧੁਨਿਕ ਸਰੋਕਾਰਾਂ ਦਾ ਅਧਿਐਨ ਕਰਦੇ ਹੋਏ ਇਸ ਦੇ ਅਚੇਤਨ ਨੂੰ ਨਵੇਂ ਸਿਰੇ ਤੋਂ ਪੜਤਾਲਿਆ ਹੈ। ਤੀਜੇ ਅਧਿਆਇ ਵਿਚ ਡਾ. ਹਰਿਭਜਨ ਸਿੰਘ, ਸੁਰਜੀਤ ਪਾਤਰ, ਦੇਵ ਅਤੇ ਜਗਤਾਰ ਢਾਅ ਦੀ ਕਵਿਤਾ ਦਾ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਸਮਕਾਲੀ ਪੰਜਾਬੀ ਕਵਿਤਾ ਨੂੰ ਇਸ ਤੋਂ ਪੂਰਬਲੀ ਕਵਿਤਾ ਦੇ ਨਿਖੇੜੇ ਨੂੰ ਸਿਧਾਂਤ, ਸੁਹਜ ਅਤੇ ਭਾਸ਼ਾ ਚੇਤਨਾ ਦੇ ਆਧਾਰ ਦੇ ਸਪੱਸ਼ਟ ਕੀਤਾ ਗਿਆ ਹੈ। ਪੰਜਵੇਂ ਅਧਿਆਇ ਵਿਚ ਪ੍ਰਾਪਤ ਅਧਿਐਨ ਦੁਆਰਾ ਸਥਾਪਨਾਵਾਂ ਅਤੇ

ਸਿੱਟੇ ਦਰਜ ਕੀਤੇ ਗਏ ਹਨ। ਸਮੁੱਚੇ ਰੂਪ ਵਿਚ ਇਸ ਖੋਜ ਪ੍ਰਬੰਧ ਵਿਚ ਸਮਕਾਲੀ ਵਿਚਾਰਧਾਰਾਵਾਂ ਦੇ ਸਮਵੱਥ ਉੱਤਰ-ਆਧੁਨਿਕਤਾ ਦਾ ਪ੍ਰਭਾਵ ਖੇਤਰ ਦੀ ਸਪੱਸ਼ਟਤਾ ਸਥਾਪਿਤ ਕੀਤੀ ਗਈ ਹੈ। ਇਸ ਵਿਚ ਸਮਕਾਲੀ ਪੰਜਾਬੀ ਕਵਿਤਾ ਦੀ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਨੁਹਾਰ ਉਭਾਰ ਕੇ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

ਕੁਲਵੀਰ ਗੋਜਰਾ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਡਾ. ਜਸਵਿੰਦਰ ਸਿੰਘ ਦੀ ਨਿਗਰਾਨੀ ਹੇਠ ਆਪਣਾ ਖੋਜ ਪ੍ਰਬੰਧ 'ਸਮਕਾਲੀ ਪੰਜਾਬੀ ਕਵਿਤਾ ਦਾ ਉਤਰ-ਆਧੁਨਿਕ ਪਰਿਪੇਖ' 2004 ਵਿਚ ਮੁਕੰਮਲ ਕੀਤਾ ਹੈ। ਇਸ ਨੂੰ ਚਾਰ ਅਧਿਆਵਾਂ ਵਿਚ ਵੰਡ ਕੇ ਅਧਿਐਨ ਪੇਸ਼ ਕੀਤਾ ਗਿਆ ਹੈ। ਜਿਸ ਵਿਚ ਕ੍ਰਮਵਾਰ, ਉਤਰ-ਆਧੁਨਿਕਤਾਵਾਦ : ਇਤਿਹਾਸਕ ਅਤੇ ਸਿਧਾਂਤਕ ਪਰਿਪੇਖ, ਸਮਕਾਲੀ ਪੰਜਾਬੀ ਕਵਿਤਾ ਆਧੁਨਿਕਤਾ ਅਤੇ ਉਤਰ-ਆਧੁਨਿਕਤਾ, ਸਮਕਾਲੀ ਪੰਜਾਬੀ ਕਵਿਤਾ : ਉਤਰ-ਆਧੁਨਿਕ ਪਛਾਣ ਚਿੰਨ੍ਹ ਅਤੇ ਚੌਥੇ ਅਧਿਆਇ ਵਿਚ ਸਿੱਟੇ ਅਤੇ ਸਥਾਪਨਾਵਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਸਮਕਾਲੀ ਪੰਜਾਬੀ ਕਵਿਤਾ ਵਿਚ ਨਿਰੂਪਿਤ ਉੱਤਰ-ਆਧੁਨਿਕ ਪਛਾਣ ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ।

ਦੇਵਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਡਾ. ਹਰਭਜਨ ਸਿੰਘ ਭਾਟੀਆ ਦੀ ਨਿਗਰਾਨੀ ਵਿਚ 'ਸੁਤਿੰਦਰ ਸਿੰਘ ਨੂਰ ਦਾ ਸਾਹਿਤ ਚਿੰਤਨ : ਵਸਤੂ ਵਿਧੀ 'ਤੇ ਵਿਚਾਰਧਾਰਾ' 2006 ਵਿਚ ਪੇਸ਼ ਕੀਤਾ ਗਿਆ ਹੈ। ਸੁਤਿੰਦਰ ਸਿੰਘ ਨੂਰ ਪੰਜਾਬੀ ਸਾਹਿਤ ਦੇ ਪ੍ਰਮੁੱਖ ਚਿੰਤਕ ਹੋਏ ਹਨ ਜਿਨ੍ਹਾਂ ਨੇ ਆਪਣੇ ਅਨੁਭਵ ਦੇ ਆਧਾਰ ਤੇ ਪੰਜਾਬੀ ਸਾਹਿਤ ਨੂੰ ਵੱਖ-ਵੱਖ ਅਧਿਐਨ ਵਿਧੀਆਂ ਦੁਆਰਾ ਪਰਖ ਪੜਚੋਲ ਦਾ ਕਾਰਜ ਕੀਤਾ ਹੈ। ਉੱਤਰ-ਆਧੁਨਿਕਤਾ ਦੇ ਸੰਕਲਪ ਬਾਰੇ ਵੀ ਆਪ ਦਾ ਕਾਰਜ ਸਾਹਮਣੇ ਆਉਂਦਾ ਹੈ। ਉਨ੍ਹਾਂ ਉੱਪਰ ਆਧਾਰਿਤ ਖੋਜ ਕਾਰਜ ਨੂੰ ਖੋਜਾਰਥੀ ਨੇ ਸੱਤ ਅਧਿਆਵਾਂ ਵਿਚ ਵੰਡ ਕੇ ਵਿਉਂਤਿਆ ਹੈ ਜਿਨ੍ਹਾਂ ਵਿਚ ਕ੍ਰਮਵਾਰ, ਸੁਤਿੰਦਰ ਸਿੰਘ ਨੂਰ ਦਾ ਸਾਹਿਤ ਚਿੰਤਨ, ਸੁਤਿੰਦਰ ਸਿੰਘ ਨੂਰ ਦਾ ਸਾਹਿਤ-ਚਿੰਤਨ : ਸਿਧਾਂਤਕ ਪਰਿਪੇਖ, ਸੁਤਿੰਦਰ ਸਿੰਘ ਨੂਰ ਦਾ ਪੰਜਾਬੀ ਆਲੋਚਨਾ ਅਤੇ ਮੈਟਾ-ਆਲੋਚਨਾ ਸਬੰਧੀ ਚਿੰਤਨ, ਡਾ. ਨੂਰ ਦੀਆਂ ਮੱਧ ਕਾਲੀਨ ਅਤੇ ਆਧੁਨਿਕ ਪੰਜਾਬੀ ਸਾਹਿਤ ਸਬੰਧੀ ਧਾਰਨਾਵਾਂ, ਸੁਤਿੰਦਰ ਸਿੰਘ ਨੂਰ ਦਾ ਸਾਹਿਤ ਚਿੰਤਨ : ਮਾਈਕਰੋ ਵਿਸ਼ਲੇਸ਼ਣ ਅਤੇ ਸੁਤਿੰਦਰ ਸਿੰਘ

ਨੂਰ ਦੇ ਸਾਹਿਤ ਚਿੰਤਨ ਦੀ ਵਿਲੱਖਣਤਾ : ਤੁਲਨਾਤਮਿਕ ਪਰਿਪੇਖ ਹਨ। ਇਸ ਵਿਚ ਡਾ. ਨੂਰ ਦੇ ਚਿੰਤਨ ਦੀਆਂ ਵੱਖ-ਵੱਖ ਦਿਸ਼ਾਵਾਂ ਬਾਰੇ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਸਾਹਮਣੇ ਆਇਆ ਹੈ ਕਿ ਡਾ. ਨੂਰ ਨੇ ਨਿਰੰਤਰ ਸਾਧਨਾ ਰਾਹੀਂ ਪੰਜਾਬੀ ਸਾਹਿਤ ਚਿੰਤਨ ਨੂੰ ਰੂਪਵਾਦੀ, ਸੰਰਚਨਾਵਾਦੀ ਚਿੰਤਨ ਤੋਂ ਲੈ ਕੇ ਉੱਤਰ-ਸੰਰਚਨਾਵਾਦ, ਉੱਤਰ-ਆਧੁਨਿਕਤਾ, ਪੂਰਬਵਾਦ ਅਤੇ ਉੱਤਰ-ਬਸਤੀਵਾਦ ਦੇ ਸੰਕਲਪਾਂ ਨਾਲ ਨਿਰੰਤਰ ਦਿਸ਼ਾ ਦੇਣ ਦਾ ਕਾਰਜ ਕੀਤਾ ਹੈ।

ਸੁਖਵਿੰਦਰ ਕੌਰ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੰਨ 2007 ਵਿਚ ਡਾ. ਗੁਰਪਾਲ ਸਿੰਘ ਸੰਧੂ ਦੀ ਨਿਗਰਾਨੀ ਹੇਠ ਖੋਜ ਪ੍ਰਬੰਧ 'ਗੁਰੂ ਨਾਨਕ ਬਾਣੀ ਅਤੇ ਉਤਰ-ਆਧੁਨਿਕ ਪਰਿਪੇਖ' ਸਿਰਲੇਖ ਅਧੀਨ ਨੇਪਰੇ ਚਾੜ੍ਹਿਆ ਹੈ। ਇਸ ਵਿਚ ਉਸਨੇ ਛੇ ਅਧਿਆਵਾਂ ਵਿਚ ਵੰਡ ਕੇ ਸਿਧਾਂਤਿਕ ਪਰਿਪੇਖ ਤੋਂ ਲੈ ਕੇ ਕ੍ਰਮਵਾਰ ਆਸਾ ਦੀ ਵਾਰ, ਜਪੁਜੀ, ਸਿੱਧ ਗੋਸ਼ਟਿ, ਬਾਰਾਂਮਾਹ ਤੁਖਾਰੀ ਅਤੇ ਗੁਰੂ ਨਾਨਕ ਬਾਣੀ ਦਾ ਉੱਤਰ-ਆਧੁਨਿਕ ਪਰਿਪੇਖ ਸਿਰਜਣ ਦਾ ਯਤਨ ਕੀਤਾ ਹੈ। ਅਖੀਰਲੇ ਅਧਿਆਇ ਸਿੱਟੇ ਅਤੇ ਸਥਾਪਨਾਵਾਂ ਵਿਚ ਗੁਰੂ ਨਾਨਕ ਬਾਣੀ ਦੀ ਉੱਤਰ-ਆਧੁਨਿਕ ਪਰਿਪੇਖ ਵਿਚ ਪ੍ਰਾਸੰਗਿਕਤਾ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਯਤਨ ਦੁਆਰਾ ਗੁਰਬਾਣੀ ਦੀ ਸਮੁੱਚੇ ਪਰਿਪੇਖਾਂ ਵਿਚ ਪ੍ਰਾਸੰਗਿਕਤਾ ਸਿੱਧ ਹੁੰਦੀ ਦਿਖਾਈ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਭਾਵੇਂ ਮੱਧਕਾਲ ਵਿਚ ਹੋਈ ਹੈ ਪਰੰਤੂ ਅਜਿਹੇ ਖੋਜ ਕਾਰਜ ਇਸ ਦੇ ਸਰਬ ਕਾਲੀ ਮਹੱਤਵ ਨੂੰ ਸਥਾਪਿਤ ਕਰਨ ਵੱਲ ਪਹਿਲਕਦਮੀ ਕਰਦੇ ਮਹਿਸੂਸ ਹੁੰਦੇ ਹਨ।

ਸਰਦੂਲ ਸਿੰਘ ਨੇ 2014 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਰੀਜਨਲ ਕੈਂਪਸ, ਜਲੰਧਰ ਵਿਖੇ ਡਾ. ਬਲਜੀਤ ਕੌਰ ਦੀ ਨਿਗਰਾਨੀ ਹੇਠ ਆਪਣਾ ਖੋਜ ਪ੍ਰਬੰਧ 'ਕੈਨੇਡਾ ਦੀ ਪੰਜਾਬੀ ਕਵਿਤਾ : ਉਤਰ-ਆਧੁਨਿਕ ਪਰਿਪੇਖ' ਸਿਰਲੇਖ ਤਹਿਤ ਪੂਰਨ ਕੀਤਾ ਹੈ। ਇਸ ਵਿਚ ਖੋਜਾਰਥੀ ਨੇ ਸਿਧਾਂਤਕ ਚਰਚਾ ਤੋਂ ਲੈ ਕੇ ਕੈਨੇਡਾ ਦੀ ਪੰਜਾਬੀ ਕਵਿਤਾ ਅਤੇ ਇਸ ਬਾਰੇ ਖੋਜ, ਉੱਤਰ-ਆਧੁਨਿਕ ਦ੍ਰਿਸ਼ਟੀ, ਸਮਾਜਿਕ ਅਤੇ ਸਭਿਆਚਾਰਕ ਸੰਕਟ, ਬੌਧਿਕ ਅਤੇ

ਕਲਾਤਮਕ ਪਰਿਵਰਤਨ ਜਿਹੇ ਸਿਰਲੇਖਾਂ ਤਹਿਤ ਅਧਿਆਵਾਂ ਵਿਚ ਕੈਨੇਡਾ ਦੀ ਪੰਜਾਬੀ ਕਵਿਤਾ ਦਾ ਉੱਤਰ-ਆਧੁਨਿਕ ਪਰਿਪੇਖ ਸਿਰਜਣ ਦਾ ਯਤਨ ਕੀਤਾ ਹੈ।

ਇਕ ਖੋਜ ਪ੍ਰਬੰਧ 'ਉਤਰ-ਆਧੁਨਿਕ ਸਾਹਿਤ ਚਿੰਤਨ : ਸਿਧਾਂਤਕ ਪਰਿਪੇਖ' ਸਿਰਲੇਖ ਤਹਿਤ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਚ ਡਾ. ਅਮਰਜੀਤ ਸਿੰਘ ਦੀ ਨਿਗਰਾਨੀ ਵਿਚ ਵਰਿੰਦਰ ਕੌਰ ਨੇ ਪ੍ਰਸਤੁਤ ਕੀਤਾ ਹੈ। ਇਸ ਵਿਚ ਉੱਤਰ-ਆਧੁਨਿਕਤਾ ਦੇ ਸਿਧਾਂਤਕ ਪਰਿਪੇਖ ਵਿਚ ਅਰਥ, ਪਰਿਭਾਸ਼ਾ ਅਤੇ ਸਰੂਪ ਦੀ ਚਰਚਾ ਤੋਂ ਲੈ ਕੇ ਕ੍ਰਮਵਾਰ ਇਸ ਦੇ ਸਿਧਾਂਤਕ ਚੌਖਟੇ ਦੀ ਰੂਪ ਰੇਖਾ ਪ੍ਰਸਤੁਤ ਕੀਤੀ ਗਈ ਹੈ। ਖੋਜਾਰਥਣ ਨੇ ਆਪਣੇ ਇਸ ਖੋਜ ਪ੍ਰਬੰਧ ਵਿਚ ਪੱਛਮੀ ਅਤੇ ਪੰਜਾਬੀ ਚਿੰਤਕਾਂ ਦੇ ਹਵਾਲੇ ਨਾਲ ਉੱਤਰ-ਆਧੁਨਿਕਤਾ ਨੂੰ ਸਮਝਿਆ ਹੈ। ਇਸ ਦੀ ਅਵਧਾਰਣਾ ਤੋਂ ਲੈ ਕੇ ਸਮਾਜ ਦੇ ਵੱਖ-ਵੱਖ ਹਿੱਸਿਆਂ ਉੱਤੇ ਇਸ ਦੇ ਪ੍ਰਭਾਵ ਦਾ ਲੇਖਾ ਜੋਖਾ ਪ੍ਰਸਤੁਤ ਕਰਦਿਆਂ ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਵਿਚਲੀ ਸਾਂਝ ਅਤੇ ਵਖਰੇਵੇਂ ਦੇ ਆਧਾਰ ਤੇ ਸਿੱਟਾ ਕੱਢਿਆ ਹੈ ਕਿ ਇਹ ਅਵਸਥਾ ਬੇਸ਼ੱਕ ਪੱਛਮ ਤੋਂ ਸ਼ੁਰੂ ਹੁੰਦੀ ਹੈ ਪਰ ਹੁਣ ਇਸ ਨੇ ਕੰਪਿਊਟਰ ਤਕਨਾਲੋਜੀ ਦੁਆਰਾ ਪ੍ਰਸਾਰਿਤ ਗਿਆਨ ਕਾਰਨ ਪੂਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ।

ਉੱਤਰ-ਆਧੁਨਿਕਤਾ ਦਾ ਸੰਕਲਪ ਪੱਛਮੀ ਸਾਹਿਤ ਚਿੰਤਕਾਂ ਦੁਆਰਾ ਨਿਰੂਪਿਤ ਕੀਤਾ ਗਿਆ ਹੈ, ਜਿਨ੍ਹਾਂ ਵਿਚ ਲਿਓਤਾਰਦ, ਜੈਮਸਨ, ਹੈਮਰਬਾਸ, ਬੌਦਰੀਲਾਰਦ, ਦੈਰਿਦਾ, ਰੋਲਾਂ ਬਾਰਤ, ਨੀਤਸ਼ੇ, ਫੂਕੋ, ਈਗਲਟਨ ਅਤੇ ਜੂਲੀਆ ਕ੍ਰਿਸਤੇਵਾ ਦੇ ਨਾਮ ਪ੍ਰਮੁੱਖ ਹਨ। ਪੂਰਬੀ ਪ੍ਰਮੁੱਖ ਚਿੰਤਕਾਂ ਵਿਚ ਹੋਮੀ ਭਾਭਾ, ਇਹਾਬ ਹਸਨ ਅਤੇ ਗਾਇਤਰੀ ਸਪੀਵਾਕ ਆਦਿ ਦੇ ਨਾਮ ਹਨ। ਇਸੇ ਤਰ੍ਹਾਂ ਹਿੰਦੀ ਸਾਹਿਤ ਵਿਚ ਦੇਵੇਂਦਰ ਇੱਸਰ, ਸੁਧੀਸ਼ ਪਚੌਰੀ, ਬੈਜਨਾਥ ਸਿੰਘਲ ਅਤੇ ਦੇਵ ਸ਼ੰਕਰ ਨਵੀਨ ਆਦਿ ਨੇ ਉੱਤਰ-ਆਧੁਨਿਕਤਾ ਬਾਰੇ ਚਿੰਤਨ ਪ੍ਰਸਤੁਤ ਕੀਤਾ ਹੈ। ਪੰਜਾਬੀ ਸਾਹਿਤ ਚਿੰਤਨ ਵਿਚ ਉੱਤਰ-ਆਧੁਨਿਕਤਾ ਬਾਰੇ ਚਰਚਾ ਡਾ. ਗੁਰਭਗਤ ਸਿੰਘ ਤੋਂ ਸ਼ੁਰੂ ਹੋ ਕੇ ਡਾ. ਸੁਤਿੰਦਰ ਸਿੰਘ ਨੂਰ, ਡਾ. ਪ੍ਰੀਤਮ ਸਿੰਘ ਬੱਤਰਾ, ਡਾ. ਅਮਰਜੀਤ ਗਰੇਵਾਲ, ਡਾ. ਰਾਜਿੰਦਰਪਾਲ ਸਿੰਘ ਬਰਾੜ, ਡਾ. ਵਨੀਤਾ, ਡਾ. ਆਤਮ ਰੰਧਾਵਾ ਅਤੇ ਡਾ. ਮਨਮੋਹਨ ਜਿਹੇ ਪ੍ਰਬੁੱਧ ਚਿੰਤਕਾਂ ਤੱਕ ਅੱਪੜਦੀ ਹੈ।

ਉਪਰੋਕਤ ਵਰਣਨ ਦੁਆਰਾ ਇਹ ਨੁਕਤਾ ਉੱਭਰਦਾ ਹੈ ਕਿ ਪੱਛਮ ਤੋਂ ਸ਼ੁਰੂ ਹੋਏ ਉੱਤਰ-ਆਧੁਨਿਕ ਚਿੰਤਨ ਨੇ ਭਾਰਤੀ ਚਿੰਤਨ ਵਿਚ ਹਿੰਦੀ ਸਾਹਿਤ ਤੋਂ ਲੈ ਕੇ ਪੰਜਾਬੀ ਚਿੰਤਨ ਤੱਕ ਆਪਣੀ ਰਸਾਈ ਕੀਤੀ ਹੋਈ ਹੈ। ਇਸੇ ਸਫ਼ਰ ਤਹਿਤ ਪੰਜਾਬੀ ਸਾਹਿਤ ਦੇ ਹਰੇਕ ਕਾਲ ਖੰਡ ਅਤੇ ਵੱਖ-ਵੱਖ ਵਿਧਾਵਾਂ ਉੱਪਰ ਉੱਤਰ-ਆਧੁਨਿਕਤਾ ਦੇ ਸੰਕਲਪ ਨੂੰ ਲੈ ਕੇ ਸਾਹਿਤ ਦੇ ਵਿਦਵਾਨਾਂ ਅਤੇ ਖ਼ੋਜੀਆਂ ਨੇ ਆਪਣੇ ਗਿਆਨ ਦੁਆਰਾ ਪਰਖ ਪੜਚੋਲ ਪੇਸ਼ ਕੀਤੀ ਹੈ। ਪ੍ਰਸਤੁਤ ਖੋਜ ਕਾਰਜ ਇਸ ਖੋਜਮਈ ਸਫ਼ਰ ਦਾ ਇੱਕ ਹੋਰ ਪੜਾਅ ਪੂਰਾ ਕਰਨ ਦੇ ਯਤਨ ਵੱਲ ਪੁਲਾਂਘ ਹੈ।

ਇਸ ਖੋਜ ਕਾਰਜ ਦਾ ਉਦੇਸ਼ ਵਿਸ਼ਵ ਚਿੰਤਨ ਵਿਚ ਤੇਜ਼ੀ ਨਾਲ ਉੱਭਰੀ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 15 ਭਗਤਾਂ ਦੀ ਰਚਨਾ ਦਾ ਮੁੱਲਾਂਕਣ ਕਰਨਾ ਹੈ। ਭਗਤ ਬਾਣੀ ਵਿਚਲੇ ਸਮੂਹ ਤੱਤਾਂ ਨੂੰ ਸਮਝਦੇ ਹੋਏ ਉਸਦੀ ਸਰਬਕਾਲੀ ਅਤੇ ਸਰਬ ਵਿਆਪੀ ਪ੍ਰਾਸੰਗਿਕਤਾ ਨੂੰ ਉਜਾਗਰ ਕਰਦੇ ਹੋਏ ਮਨੁੱਖੀ ਹੋਂਦ ਨਾਲ ਜੁੜੇ ਸਰੋਕਾਰਾਂ ਨੂੰ ਭਗਤ ਬਾਣੀ ਵਿਚਲੀ ਉੱਤਰ-ਆਧੁਨਿਕ ਪਹੁੰਚ ਦੁਆਰਾ ਸਮਝਣ ਦਾ ਯਤਨ ਕਰਨਾ ਹੈ। ਭਗਤ ਬਾਣੀ ਦਾ ਖ਼ਾਸਾ ਭਾਵੇਂ ਅਧਿਆਤਮਕ ਰੰਗਣ ਵਾਲਾ ਹੈ, ਪਰੰਤੂ ਇਸ ਵਿਚਲਾ ਵਿਸ਼ਾ ਵਸਤੂ ਅਧਿਆਤਮਕ ਜਗਤ ਦੇ ਨਾਲ-ਨਾਲ ਮਨੁੱਖਤਾ ਦੇ ਬਹੁਤ ਸਾਰੇ ਸਰੋਕਾਰਾਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ। ਸਮਾਜ ਵਿਚਲੀਆਂ ਸਮੱਸਿਆਵਾਂ ਸਦਾ ਤੋਂ ਹੀ ਮਨੁੱਖ ਅਤੇ ਸਮਾਜਿਕ ਦਵੰਦ ਦਾ ਕਾਰਨ ਬਣਦੀਆਂ ਹਨ। ਇਸ ਖੋਜ ਕਾਰਜ ਦੁਆਰਾ ਅਜੋਕੇ ਸਮਾਜ ਵਿਚ ਪੇਸ਼ ਸਮੱਸਿਆਗਤ ਪਾਸਾਰਾਂ ਨੂੰ ਉੱਤਰ-ਆਧੁਨਿਕ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਜਾਵੇਗਾ। ਇਸ ਲਈ ਭਗਤ ਬਾਣੀ ਦੁਆਰਾ ਉਠਾਏ ਮੁੱਦਿਆਂ, ਜਿਨ੍ਹਾਂ ਨਾਲ ਅਜੋਕੇ ਸਮਾਜ ਵਿਚ ਵੀ ਮਨੁੱਖਤਾ ਨੂੰ ਦੋ-ਚਾਰ ਹੋਣਾ ਪੈ ਰਿਹਾ ਹੈ, ਦਾ ਵਿਵਰਣ ਅਤੇ ਹੱਲ ਭਗਤ-ਬਾਣੀ ਦੁਆਰਾ ਦਿੱਤੀ ਸੇਧ ਦੀ ਰੌਸ਼ਨੀ ਵਿਚ ਤਲਾਸ਼ਣ ਦਾ ਯਤਨ ਕੀਤਾ ਜਾਵੇਗਾ। ਪ੍ਰਸਤੁਤ ਖੋਜ ਕਾਰਜ ਦਾ ਅੰਤਿਮ ਉਦੇਸ਼ ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਦੀ ਸਾਰਥਿਕਤਾ ਦਾ ਮਾਡਲ ਤਲਾਸ਼ਣਾ ਅਤੇ ਇਸ ਵਿਚਲੇ ਵੱਖ-ਵੱਖ ਸੰਕਲਪਾਂ ਨੂੰ ਅਜੋਕੇ ਚਿੰਤਨ ਦੇ ਰੂਬਰੂ ਕਰਕੇ ਸਮੁੱਚੀ ਮਨੁੱਖਤਾ ਲਈ ਨਵੀਆਂ ਦਿਸ਼ਾਵਾਂ ਦੀ ਨਿਸ਼ਾਨਦੇਹੀ ਕਰਨ ਵੱਲ ਰੁਚਿਤ ਹੋਵੇਗਾ।

ਭਾਰਤੀ ਗਿਆਨ ਪਰੰਪਰਾ ਸੰਸਾਰ ਦੀਆਂ ਪੁਰਾਤਨ ਗਿਆਨ ਪਰੰਪਰਾਵਾਂ ਵਿਚ ਮਹੱਤਵਪੂਰਨ ਸਥਾਨ ਰੱਖਦੀ ਹੈ। ਪਹਿਲਾਂ-ਪਹਿਲ ਜਦੋਂ ਇਸ ਸੰਸਾਰ ਨੂੰ ਸਮਝਣ ਵਾਸਤੇ ਯੂਨਾਨੀ ਬੌਧਿਕ ਸਮਾਜ ਵਿਚ ਕੋਸ਼ਿਸ਼ਾਂ ਸ਼ੁਰੂ ਹੋਈਆਂ, ਲਗਭਗ ਉਸੇ ਸਮੇਂ ਭਾਰਤੀ ਆਚਾਰੀਆ ਵੀ ਆਪਣੇ ਗਿਆਨ ਨਾਲ ਇਸ ਵਰਤਾਰੇ ਨੂੰ ਸਮਝਣ-ਸਮਝਾਉਣ ਲਈ ਕਾਰਜਸ਼ੀਲ ਸਨ। ਇਸੇ ਪ੍ਰਕਿਰਿਆ ਦੌਰਾਨ ਗਿਆਨ ਦੇ ਵੱਖ-ਵੱਖ ਪਰਿਪੇਖਾਂ ਦੀ ਸਮਝ ਚਿੰਤਨ ਦੇ ਵੱਖ- ਵੱਖ ਪੱਧਰਾਂ ਅਨੁਸਾਰ ਸਾਹਮਣੇ ਆਉਣ ਲੱਗੀ। ਅਸਲ ਵਿਚ ਗਿਆਨ ਨੂੰ ਕਿਸੇ ਇੱਕ ਸੀਮਾ ਵਿਚ ਬੰਨ੍ਹਣਾ ਸਾਡੀ ਪਰੰਪਰਾ ਦਾ ਸੁਭਾਅ ਨਹੀਂ ਰਿਹਾ। ਇਸ ਲਈ ਭਾਰਤੀ ਸੰਸਕ੍ਰਿਤੀ ਵਿਚ ਜਿੱਥੇ ਕੋਈ ਇੱਕ ਵਿਚਾਰਧਾਰਾ ਦੀ ਪ੍ਰਵਾਨਗੀ ਹੈ, ਉੱਥੇ ਨਾਲ ਹੀ ਉਸ ਦੇ ਪ੍ਰਤੀਕੂਲ ਜਾਂ ਪ੍ਰਤੀਉੱਤਰ ਵਿਚ ਪੈਦਾ ਵਿਚਾਰਾਂ ਦਾ ਵੀ ਸਨਮਾਨ ਕੀਤਾ ਗਿਆ ਹੈ। ਵੇਦਾਂ ਤੋਂ ਸ਼ੁਰੂ ਭਾਰਤੀ ਗਿਆਨ ਪ੍ਰਬੰਧ ਪੰਜਾਬ ਦੀ ਜ਼ਰਖੇਜ਼ ਧਰਤੀ ਦੀ ਦੇਣ ਹੈ। ਪੰਜਾਬ ਦੇ ਦਰਿਆਵਾਂ ਦੇ ਕੰਢੇ ਬੈਠ ਕੇ ਰਿਸ਼ੀਆਂ ਨੇ ਜੋ ਗਿਆਨ ਰੂਪੀ ਨਾਦ ਛੇੜਿਆ ਉਸ ਦਾ ਲੋਹਾ ਦੁਨੀਆਂ ਦੀ ਲਗਭਗ ਹਰੇਕ ਸੰਸਕ੍ਰਿਤੀ ਮੰਨਦੀ ਆਈ ਹੈ। ਪੰਜਾਬ ਦੀ ਇਸ ਗਿਆਨਮਈ ਮਿੱਟੀ ਦੀ ਹੀ ਕਰਾਮਾਤ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਇਕ ਅਜਿਹੀ ਪਰੰਪਰਾ ਹੋਂਦ ਵਿਚ ਆਈ ਜਿਸ ਨੇ ਸਮੁੱਚੀ ਮਨੁੱਖਤਾ ਲਈ ਜੀਵਨ ਮੁਕਤੀ ਦਾ ਰਾਹ ਪੱਧਰਾ ਕੀਤਾ। ਇਸ ਪਰੰਪਰਾ ਨੇ ਭਾਰਤ ਦੇ ਵੱਖ-ਵੱਖ ਕੋਨਿਆਂ ਵਿਚੋਂ ਅਲੱਗ-ਅਲੱਗ ਜਾਤਾਂ ਦੇ ਸੰਤਾਂ-ਭਗਤਾਂ ਦੀ ਵਿਚਾਰਧਾਰਾ ਨੂੰ ਇਕ ਸੂਤਰ ਵਿਚ ਪਿਰੋ ਦਿੱਤਾ। ਇਸ ਖ਼ੂਬਸੂਰਤ ਚਿੰਤਨ ਪਰੰਪਰਾ ਦੇ ਸੂਤਰਧਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੂਰ-ਦੁਰਾਡੇ ਸਥਾਨਾਂ ਤੇ ਜਾ ਕੇ ਅਲੱਗ-ਅਲੱਗ ਪਰੰਪਰਾਵਾਂ ਦੇ ਸੰਤਾਂ ਭਗਤਾਂ ਦੀਆਂ ਰਚਨਾਵਾਂ ਨੂੰ ਇਕੱਤਰ ਕੀਤਾ। ਇਸ ਸੰਗ੍ਰਹਿ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿਚ ਆਦਿ ਗ੍ਰੰਥ ਵਿਚ ਸੰਪਾਦਿਤ ਕਰਕੇ ਇਸ ਦੀ ਮਹਾਨਤਾ ਨੂੰ ਸਦੀਵੀ ਕਰ ਦਿੱਤਾ। ਇਸ ਗਿਆਨ ਦੇ ਵਿਸ਼ਾਲ ਸਰੋਤ ਵਿਚੋਂ ਅੱਜ ਵੀ ਹਰ ਚਿੰਤਨਸ਼ੀਲ ਮਨੁੱਖ ਸੇਧਾਂ ਪ੍ਰਾਪਤ ਕਰ ਸਕਦਾ ਹੈ। ਇਸੇ ਕਰ ਕੇ ਇਸ ਵਿਲੱਖਣ ਗ੍ਰੰਥ ਨੂੰ 'ਜੁੱਗੋ ਜੁੱਗ ਅਟੱਲ' ਦੇ ਲਕਬ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਚਿੰਤਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰਮੌਰ ਸਥਾਨ ਪ੍ਰਾਪਤ ਹੈ। ਪੰਜਾਬੀ ਸਾਹਿਤ ਦੇ ਹਰ ਰੂਪ ਉੱਪਰ ਗੁਰਬਾਣੀ ਦਾ ਅਸਰ ਵੇਖਿਆ ਜਾ ਸਕਦਾ ਹੈ। ਸੰਸਾਰ ਭਰ ਦੀਆਂ ਵੱਖ-ਵੱਖ ਚਿੰਤਨਧਾਰਾਵਾਂ ਦੁਆਰਾ ਪੰਜਾਬੀ

ਸਾਹਿਤ ਨੂੰ ਪਰਖਣ ਪੜਚੋਲਣ ਦਾ ਵਰਤਾਰਾ ਇਸ ਦੀ ਵਿਸ਼ਵ-ਵਿਆਪੀ ਦ੍ਰਿਸ਼ਟੀ ਨੂੰ ਸਮਝਣ ਦੇ ਯਤਨਾਂ ਦਾ ਹਿੱਸਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਸਮੁੱਚੀ ਰਚਨਾ ਵਿਸ਼ਵ-ਵਿਆਪੀ ਸੰਕਲਪਾਂ ਨੂੰ ਆਪਣੇ ਘੇਰੇ ਵਿਚ ਲੈਂਦੀ ਹੈ। ਇਸ ਵਿਚ ਦਰਜ ਭਗਤ ਬਾਣੀ ਇਸ ਗਿਆਨ ਪਰੰਪਰਾ ਦਾ ਮਹੱਤਵਪੂਰਨ ਪਾਸਾਰ ਹੈ।

**1.2. ਖੋਜ ਕਾਰਜ ਦੇ ਉਦੇਸ਼ :-**

1. ਭਗਤ ਬਾਣੀ ਦੇ ਇਤਿਹਾਸਕ ਪਰਿਪੇਖ ਦਾ ਲੋਕਧਾਰਾਈ ਅਤੇ ਸਭਿਆਚਾਰਕ ਸੰਦਰਭ ਵਿਚ ਉਤਰ-ਆਧੁਨਿਕ ਪੱਖ ਤੋਂ ਆਲੋਚਨਾਤਮਿਕ ਅਧਿਐਨ ਕਰਨਾ।

2. ਪ੍ਰਾਪਤ ਸਿੱਟਿਆਂ ਦੇ ਆਧਾਰ ਤੇ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਕਾਰਾਂ ਉੱਪਰ ਭਗਤ ਬਾਣੀ ਦੇ ਪ੍ਰਭਾਵਾਂ ਦੇ ਵਿਸ਼ਲੇਸ਼ਣ ਨੂੰ ਸੂਤਰਬੱਧ ਅਤੇ ਸੰਕਲਪੀ ਰੂਪ ਦੇ ਕੇ ਉੱਤਰ-ਆਧੁਨਿਕ ਪਰਿਪੇਖ ਵਿਚ ਆਲੋਚਨਾਤਮਿਕ ਅਧਿਐਨ ਕਰਨਾ।

3. ਭਗਤ ਬਾਣੀ ਦੇ ਪ੍ਰਭਾਵ ਦਾ ਆਲੋਚਨਾਤਮਿਕ ਅਧਿਐਨ ਪੂਰਵ-ਆਧੁਨਿਕ ਅਤੇ ਉੱਤਰ-ਆਧੁਨਿਕ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਰੱਖਕੇ ਕਰਨਾ।

4. ਸੂਤਰਬੱਧ ਸੰਕਲਪਾਂ ਦੇ ਆਧਾਰ ਤੇ ਵੱਖ-ਵੱਖ ਭਗਤਾਂ ਦੀ ਰਚਨਾ ਦਾ ਵਿਵੇਚਨ ਅਤੇ ਉੱਤਰ-ਆਧੁਨਿਕ ਪਰਿਪੇਖ ਵਿਚ ਇਸ ਦਾ ਮਹੱਤਵ ਸਪੱਸ਼ਟ ਕਰਨਾ।

5. ਉੱਤਰ-ਆਧੁਨਿਕ ਯੁੱਗ ਵਿਚ ਭਗਤ ਬਾਣੀ ਦੀ ਸਾਰਥਿਕਤਾ ਦਾ ਮਾਡਲ ਪੇਸ਼ ਕਰਨਾ।

ਉਪਰੋਕਤ ਉਦੇਸ਼ਾਂ ਨੂੰ ਤਕਨੀਕੀ ਤੌਰ ਤੇ ਸਾਰੇ ਅਧਿਆਵਾਂ ਨਾਲ ਜੋੜ ਕੇ ਵੇਖਣ ਲਈ ਨਿਮਨ ਅਨੁਸਾਰ ਵੰਡ ਕੇ ਵਿਉਂਤਿਆ ਗਿਆ ਹੈ :

(ੳ) ਉੱਤਰ-ਆਧੁਨਿਕਤਾ ਅਤੇ ਭਗਤ ਬਾਣੀ ਦੇ ਮੂਲ ਸਰੋਕਾਰਾਂ ਤੇ ਵਿਸ਼ੇਸ਼ਤਾਵਾਂ ਦਾ ਅਧਿਐਨ ਪਹਿਲੇ ਅਧਿਆਇ ਅੰਦਰ ਕੀਤਾ ਗਿਆ ਹੈ।

(ਅ) ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੇ ਸੰਦਰਭ ਵਿਚ ਭਗਤ ਬਾਣੀ ਦੇ ਵਿਭਿੰਨ ਪਾਸਾਰਾਂ ਦਾ ਵਿਵੇਚਨ ਦੂਜੇ ਅਧਿਆਇ ਵਿਚ ਕੀਤਾ ਗਿਆ ਹੈ।

(ੲ) ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ ਹਾਸ਼ੀਆਗਤ ਸਮੂਹਾਂ ਸਬੰਧੀ ਪ੍ਰਵਚਨ ਦਾ ਮੁੱਲਾਂਕਣ ਤੀਸਰੇ ਅਧਿਆਇ ਅੰਦਰ ਕੀਤਾ ਗਿਆ ਹੈ।

(ਸ) ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਭਗਤ ਬਾਣੀ ਦੇ ਵਿਭਿੰਨ ਗਿਆਨ ਸ਼ਾਸਤਰੀ ਸੰਵਾਦ ਦੀ ਪ੍ਰਾਸੰਗਿਕਤਾ ਨੂੰ ਨਿਰਧਾਰਿਤ ਕਰਨ ਦਾ ਯਤਨ ਚੌਥੇ ਅਧਿਆਇ ਅੰਦਰ ਕੀਤਾ ਗਿਆ ਹੈ।

(ਹ) ਭਗਤ ਬਾਣੀ ਦੀ ਸਾਹਿਤਿਕਤਾ ਅਤੇ ਗ੍ਰਹਿਣਸ਼ੀਲਤਾ ਨੂੰ ਅੰਕਣ ਕਰਨ ਦਾ ਕਾਰਜ ਪੰਜਵੇਂ ਅਧਿਆਇ ਵਿਚ ਕੀਤਾ ਹੈ।

(ਕ) ਪ੍ਰਸਤੁਤ ਖੋਜ ਕਾਰਜ ਦੇ ਅੰਤਿਮ ਉਦੇਸ਼ ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚਲੇ ਵੱਖ-ਵੱਖ ਸੰਕਲਪਾਂ ਨੂੰ ਅਜੋਕੇ ਚਿੰਤਨ ਦੇ ਰੂਬਰੂ ਕਰਕੇ ਸਮੁੱਚੀ ਮਨੁੱਖਤਾ ਲਈ ਨਵੀਆਂ ਦਿਸ਼ਾਵਾਂ ਦੀ ਨਿਸ਼ਾਨਦੇਹੀ ਕਰਨ ਵੱਲ ਰੁਚਿਤ ਹੋਣ ਲਈ ਅਖੀਰ ਵਿਚ ਸਾਰ ਅਤੇ ਸਥਾਪਨਾਵਾਂ ਰੂਪ ਵਿਚ ਆਪਣੀ ਗੱਲ ਰੱਖੀ ਗਈ ਹੈ।

**1.3. ਖੋਜ ਕਾਰਜ ਦੀ ਸਾਰਥਿਕਤਾ :-**

ਕਿਸੇ ਵੀ ਸਮਾਜ ਨੂੰ ਸਮਝਣਾ ਹੋਵੇ ਤਾਂ ਉਸ ਦੇ ਸਾਹਿਤ ਰਾਹੀਂ ਸਮਝਿਆ ਜਾ ਸਕਦਾ ਹੈ। ਸਮਾਜ ਵਿਚਲੇ ਤਣਾਉ ਅਤੇ ਦਬਾਓ ਦੀ ਪੇਸ਼ਕਾਰੀ ਦਾ ਸਹੀ ਸਰੂਪ ਸਾਹਿਤ ਰਾਹੀਂ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਮੱਧਕਾਲੀਨ ਭਗਤੀ ਪਰੰਪਰਾ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸੁਨਹਿਰੀ ਕਾਲ ਹੈ। ਇਸ ਦੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਅਧਿਆਤਮਕ ਦਰਸ਼ਨ, ਪੰਜਾਬੀ ਸਾਹਿਤ ਅਤੇ ਵਿਭਿੰਨ ਕਾਵਿ-ਰੂਪ ਆਪਸ ਵਿਚ ਰਲਗੱਡ ਹੁੰਦੇ ਹੋਏ ਵੀ ਅਦੱਭੁਤ, ਸ਼ਕਤੀਸ਼ਾਲੀ ਤੇ ਸੰਗੀਤਮਈ ਭਗਤੀ ਕਾਵਿ ਦੀ ਸਿਰਜਣਾ ਕਰਦੇ ਹਨ। ਇਹ ਪਰੰਪਰਾ ਆਪਣੀ ਚਿੰਤਨ ਸ਼ਕਤੀ ਨਾਲ ਨਾ ਕੇਵਲ ਸਮਕਾਲੀ ਸਮਾਜ ਬਲਕਿ ਧਰਮ, ਸਾਹਿਤ ਅਤੇ ਦਰਸ਼ਨ ਤੇ ਵੀ ਅਮਿੱਟ ਛਾਪ ਛੱਡਦੀ ਹੈ। ਭਗਤੀ

ਲਹਿਰ ਦੀ ਉੱਤਪਤੀ ਦੇ ਕਾਰਨਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਵਿਭਿੰਨ ਵਿਚਾਰਧਾਰਾਵਾਂ ਪੇਸ਼ ਹੋਈਆਂ ਹਨ। ਇਸ ਬਾਰੇ ਡਾ. ਲੱਕੀ ਸ਼ਰਮਾ ਦੇ ਵਿਚਾਰ ਧਿਆਨ ਮੰਗਦੇ ਹਨ :-

> ਭਗਤੀ ਲਹਿਰ ਤੇ ਉਸ ਨਾਲ ਜੁੜਿਆ ਸਾਹਿਤ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਭਾਰਤੀ ਅਤੇ ਵਿਸ਼ਵ ਦੇ ਸਾਹਿਤ ਦੀ ਅਨਮੋਲ ਪ੍ਰਾਪਤੀ ਹੈ। ਇਸ ਲਹਿਰ ਦਾ ਵਿਕਾਸ ਭਾਰਤੀ ਚਿੰਤਨ ਦੇ ਕ੍ਰਮਿਕ ਵਿਕਾਸ ਦਾ ਸਿੱਟਾ ਹੈ। ਬੇਸ਼ੱਕ ਭਗਤੀ ਲਹਿਰ ਦੀ ਉਤਪਤੀ ਵਿਚ ਵੈਸ਼ਨਵ ਮੱਤ ਦਾ ਯੋਗਦਾਨ ਸਭ ਤੋਂ ਮਹੱਤਵਪੂਰਨ ਹੈ ਕਿਉਂਕਿ ਇਸ ਲਹਿਰ ਨਾਲ ਜੁੜੇ ਜ਼ਿਆਦਾਤਰ ਭਗਤ ਵੈਸ਼ਨਵ ਮੱਤ ਦੇ ਪ੍ਰਮੁੱਖ ਗੁਰੂ ਸੁਆਮੀ ਰਾਮਾਨੰਦ ਜੀ ਦੇ ਸ਼ਿਸ਼ ਸਨ। ਕੁਝ ਵਿਦਵਾਨ ਲੋਕ ਇਸ ਲਹਿਰ ਨੂੰ ਇਸਲਾਮ ਅਤੇ ਸੂਫ਼ੀਆਂ ਦੇ ਪ੍ਰਭਾਵ ਤੋਂ ਜਨਮੀ ਮੰਨਦੇ ਹਨ, ਜੋ ਸਰਾਸਰ ਗ਼ਲਤ ਹੈ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਬਿਠਲ ਸੰਪਰਦਾ ਦੇ ਪ੍ਰਭਾਵ ਸਦਕਾ ਭਗਤੀ ਲਹਿਰ ਦਾ ਜਨਮ ਹੋਇਆ ਪਰ ਇਹ ਦਾਅਵਾ ਸਹੀ ਸਾਬਤ ਨਹੀਂ ਹੁੰਦਾ। ਇੰਨ੍ਹਾਂ ਕਾਰਨਾਂ ਕਾਰਨ ਭਗਤੀ ਲਹਿਰ ਦੇ ਵਿਸਤਾਰ ਵਿਚ ਤੇਜ਼ੀ ਜਰੂਰ ਆਉਂਦੀ ਹੈ, ਪ੍ਰੰਤੂ ਭਗਤੀ ਲਹਿਰ ਭਾਰਤੀ ਚਿੰਤਨ ਦੇ ਕ੍ਰਮਿਕ ਵਿਕਾਸ ਦਾ ਸਿੱਟਾ ਹੀ ਹੈ। (ਸ਼ਰਮਾ. *ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ.* 146.)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਮੱਧਕਾਲੀ ਪੰਜਾਬੀ ਸਾਹਿਤ ਦਾ ਹਿੱਸਾ ਹੈ। ਡਾ. ਸ਼ਰਮਾ ਇਸ ਦੀ ਸਾਹਿਤਿਕ ਵਿਸ਼ੇਸ਼ਤਾ ਬਾਰੇ ਸਪੱਸ਼ਟ ਕਰਦੇ ਹਨ,"ਭਗਤ ਬਾਣੀ ਕਲਾ ਅਤੇ ਸ਼ੈਲੀ ਦੀ ਦ੍ਰਿਸ਼ਟੀ ਤੋਂ ਅਤਿ ਅਮੀਰ ਅਤੇ ਕਈ ਕਲਾਤਮਿਕ ਗੁਣਾ ਨਾਲ ਭਰਪੂਰ ਹੈ ਅਤੇ ਇਹ ਪੰਜਾਬੀ ਸਾਹਿਤ ਦਾ ਅਨਮੋਲ ਸਰਮਾਇਆ ਹੈ ਜਿਸ ਦੀ ਚਰਚਾ ਤੋਂ ਬਿਨਾ ਪੰਜਾਬੀ ਸਾਹਿਤ ਦੀ ਚਰਚਾ ਸਦਾ ਅਧੂਰੀ ਹੀ ਰਹੇਗੀ।"(166.) ਕਈ ਵਿਦਵਾਨਾਂ ਦਾ ਮੱਤ ਹੈ ਕਿ ਕੇਵਲ ਅਤੇ ਕੇਵਲ ਵੈਸ਼ਨਵ ਮੱਤ ਹੀ ਭਗਤੀ ਲਹਿਰ ਦੀ ਉੱਤਪਤੀ ਦਾ ਕਾਰਕ ਹੈ। ਵੈਸ਼ਨਵ ਮੱਤ ਵਿਸ਼ਨੂੰ ਅਤੇ ਉਸਦੇ ਅਵਤਾਰਾਂ ਦੀ ਪੂਜਾ ਤੇ ਆਧਾਰਿਤ ਹੈ। ਮੱਧਕਾਲ ਦੇ ਜ਼ਿਆਦਾਤਰ ਭਗਤ ਇਸੇ ਮੱਤ ਨਾਲ ਸਬੰਧਿਤ ਹਨ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਪਤ ਕਾਲ ਦੇ ਸਮੇਂ ਇਸ ਮੱਤ ਦਾ ਪ੍ਰਚਾਰ ਹੋਇਆ। ਗੁਪਤ ਸਮਰਾਟ ਵੀ

ਇਸੇ ਮੱਤ ਦੇ ਪੈਰੋਕਾਰ ਸਨ। ਇਸ ਮੱਤ ਦੀ ਉੱਤਪਤੀ ਦੱਖਣੀ ਭਾਰਤ ਵਿਚ ਹੋਈ ਅਤੇ ਹੌਲੀ-ਹੌਲੀ ਇਹ ਮੱਤ ਉੱਤਰੀ ਭਾਰਤ ਤੱਕ ਫੈਲ ਗਿਆ। ਆਲਵਾਰ ਭਗਤਾਂ ਨੂੰ ਵੈਸ਼ਨਵ ਭਗਤੀ ਦੇ ਮੋਢੀ ਮੰਨਿਆ ਜਾਂਦਾ ਹੈ। ਉਨ੍ਹਾ ਤੋਂ ਬਾਅਦ ਨਾਥਮੁਨੀ, ਰਾਮਾਨੁਜਾਚਾਰੀਆ, ਰਾਮਾਨੰਦ, ਵੱਲਭਾਚਾਰੀਆ, ਚੈਤੰਨਯ, ਮੀਰਾਂਬਾਈ, ਸੂਰਦਾਸ, ਤੁਲਸੀਦਾਸ ਆਦਿ ਵੈਸ਼ਨਵ ਮੱਤ ਦੇ ਪ੍ਰਸਿੱਧ ਪ੍ਰਵਰਤਕ ਹੋਏ ਹਨ। ਇਸ ਮੱਤ ਨਾਲ ਜੁੜੇ ਸੰਤ ਮੁੱਖ ਰੂਪ ਵਿਚ ਵਿਸ਼ਨੂੰ ਦੇ ਦੋ ਹੀ ਅਵਤਾਰਾਂ, ਰਾਮ ਅਤੇ ਕ੍ਰਿਸ਼ਨ ਦੀ ਭਗਤੀ ਕਰਦੇ ਸਨ। ਇਸੇ ਲਈ ਇਹ ਮੱਤ ਅੱਗੋਂ ਰਾਮ ਅਤੇ ਕ੍ਰਿਸ਼ਨ ਭਗਤੀ ਵਿਚ ਵੱਟ ਗਿਆ, ਸ਼ੁਰੂ ਤੋਂ ਹੀ ਵੈਸ਼ਨਵ ਮੱਤ ਵਿਚ ਹਿੰਦੂ ਸਮਾਜ ਦੀਆਂ ਛੋਟੀਆਂ ਜਾਤਾਂ ਪ੍ਰਤੀ ਦਇਆ ਭਾਵਨਾ ਸੀ। ਇਸ ਮੱਤ ਅਨੁਸਾਰ ਕੋਈ ਵੀ ਵਿਅਕਤੀ ਚਾਹੇ ਉਹ ਕਿਸੇ ਵੀ ਜਾਤੀ ਨਾਲ ਸਬੰਧਿਤ ਹੋਵੇ, ਈਸ਼ਵਰ ਦੀ ਭਗਤੀ ਕਰਕੇ ਉੱਚ ਪਦਵੀ ਪ੍ਰਾਪਤ ਕਰ ਸਕਦਾ ਹੈ। ਵੈਸ਼ਨਵ ਮੱਤ ਦੇ ਉੱਤਰੀ ਭਾਰਤ ਵਿਚ ਪ੍ਰਵਰਤਕ ਰਾਮਾਨੰਦ ਜੀ ਸਨ। ਆਪ ਦੇ ਕੁੱਲ 12 ਸ਼ਿਸ਼ ਪ੍ਰਮੁੱਖ ਸਨ। ਇਨ੍ਹਾ ਸ਼ਿਸ਼ਾਂ ਵਿਚ ਜ਼ਿਆਦਾਤਰ ਕਥਿਤ ਨੀਵੀਂ ਜਾਤ ਨਾਲ ਸਬੰਧਿਤ ਸਨ, ਜਿਵੇਂ ਰਵਿਦਾਸ, ਕਬੀਰ, ਧੰਨਾ, ਸਧਨਾ ਅਤੇ ਨਾਮਦੇਵ ਆਦਿ। ਪਰ ਇਸ ਮੱਤ ਨਾਲ ਜੁੜੇ ਭਗਤ ਕਵੀ ਸਰਗੁਣ ਭਗਤੀ ਦਾ ਅਨੁਸਰਨ ਕਰਦੇ ਹੋਏ ਸਹਿਜੇ-ਸਹਿਜੇ ਨਿਰਗੁਣ ਭਗਤੀ ਨਾਲ ਜੁੜ ਗਏ ਅਤੇ ਧਾਰਮਿਕ ਕਰਮ ਕਾਂਡਾਂ ਦਾ ਖੰਡਨ ਕਰਨਾ ਇਨ੍ਹਾ ਦੀ ਪ੍ਰਮੁੱਖ ਪ੍ਰਵਿਰਤੀ ਰਹੀ। ਇਹ ਭਗਤ ਕਵੀ ਜਾਤੀਗਤ ਭੇਦਭਾਵਾਂ ਦੀ ਥਾਂ ਆਪਸੀ ਸਮਾਨਤਾ ਅਤੇ ਈਸ਼ਵਰ ਪ੍ਰਤੀ ਡੂੰਘਾ ਪ੍ਰੇਮ ਹੀ ਪਵਿੱਤਰਤਾ ਦੀ ਕਸੌਟੀ ਮੰਨਦੇ ਸਨ। ਇਸੇ ਲਈ ਵੈਸ਼ਨਵ ਮੱਤ ਦੇ ਪੈਰੋਕਾਰ ਵੱਡੀ ਸੰਖਿਆ ਵਿਚ ਸਨ। ਉਨ੍ਹਾ ਸਦਕਾ ਹੀ ਭਗਤੀ ਲਹਿਰ ਸਮੁੱਚੇ ਭਾਰਤ ਵਿਚ ਫੈਲ ਗਈ। ਮੱਧਕਾਲੀ ਭਗਤੀ ਲਹਿਰ ਦੀ ਉੱਤਪਤੀ ਦਾ ਮੁੱਖ ਕਾਰਨ ਹਿੰਦੂ ਧਰਮ ਵਿਚ ਫੈਲੇ ਵਿਆਪਕ ਕਰਮ-ਕਾਡਾਂ ਪ੍ਰਤੀ ਉਦਾਸੀਨਤਾ ਸੀ। ਅਨੇਕ ਵਿਦਵਾਨ ਮੰਨਦੇ ਹਨ ਕਿ ਮੱਧਕਾਲ ਸਮੇ ਹਿੰਦੂ ਧਰਮ ਬਹੁ-ਦੇਵਵਾਦ, ਬ੍ਰਾਹਮਣਵਾਦ, ਮੂਰਤੀ-ਪੂਜਾ ਅਤੇ ਉਸ ਨਾਲ ਜੁੜੇ ਕਈ ਕਰਮ-ਕਾਡਾਂ ਦੀਆਂ ਵਲਗਣਾਂ ਵਿਚ ਫਸਿਆ ਹੋਇਆ ਸੀ। ਇਨ੍ਹਾ ਵਿਚ ਅੱਠਸਠ ਤੀਰਥਾਂ ਦਾ ਇਸ਼ਨਾਨ, ਵਰਤ-ਪੂਜਾ, ਔਰਤ ਦਾ ਗਹਿਣਿਆਂ ਸਮੇਤ ਦਾਨ, ਗ੍ਰਹਿਣ ਲੱਗਣ ਸਮੇ ਦਾਨ ਅਤੇ ਇਸ਼ਨਾਨ, ਅਠਾਰਾਂ ਪੁਰਾਣਾ ਦੀ ਕਥਾ, ਆਰਤੀ ਸਮੇ ਛੱਤੀ ਪ੍ਰਕਾਰ ਦੇ ਭੋਜਨ ਦੀ ਭੇਟਾ, ਬਾਰਾਂ ਸ਼ਿਵਲਿੰਗਾਂ ਦੀ ਪੂਜਾ, ਸਿਮ੍ਰਤੀਆਂ ਦੇ ਪਾਠ ਦਾ ਸੁਣਨਾ

ਆਦਿ ਸ਼ਾਮਿਲ ਹਨ। ਭਗਤੀ ਲਹਿਰ ਦੇ ਪ੍ਰਵਰਤਕ ਸੰਤਾਂ ਨੇ ਇਨ੍ਹਾਂ ਸਾਰੇ ਕਰਮ-ਕਾਡਾਂ ਦਾ ਖੰਡਨ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਡਾ. ਸ਼ਰਮਾ ਦਾ ਵਿਚਾਰ ਹੈ ਕਿ,"ਭਾਰਤ ਦੀ ਭਗਤੀ ਪਰੰਪਰਾ ਬੜੀ ਪ੍ਰਾਚੀਨ ਪਰੰਪਰਾ ਹੈ, ਜਿਸ ਦਾ ਸਿੱਧਾ ਸਬੰਧ ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਸ੍ਰੀ ਮਦਭਾਗਵਤ ਗੀਤਾ, ਨਾਰਦ ਭਗਤੀ ਸੂਤਰਾਂ, ਸ਼ਾਂਡਿਲਯ ਭਗਤੀ ਸੂਤਰ ਨਾਲ ਜਾ ਜੁੜਦਾ ਹੈ। ਉੱਤਰ ਭਾਰਤ ਦੀ ਸਰਗੁਣ ਅਤੇ ਨਿਰਗੁਣ ਭਗਤੀ ਕਾਵਿ ਧਾਰਾ ਨੇ ਦੱਖਣ ਦੇ ਭਗਤੀ ਆਚਾਰੀਆਂ, ਆਡਿਆਰ ਅਤੇ ਆਲਵਾਰ ਸੰਤਾਂ ਤੋਂ ਭਗਤੀ ਦਾ ਤੱਤ ਗ੍ਰਹਿਣ ਕੀਤਾ ਹੈ। ਉੱਤਰੀ ਭਾਰਤ ਵਿਚ ਭਗਤੀ ਨੂੰ ਲਹਿਰ ਦੇ ਰੂਪ ਵਿਚ ਪ੍ਰਵਰਤਿਤ ਕਰਨ ਵਾਲੇ ਸਵਾਮੀ ਰਾਮਾਨੰਦ ਜੀ ਦੱਖਣ ਦੇ ਆਚਾਰੀਆ ਰਾਮਾਨੁਜ ਦੇ ਅਨੁਯਾਈ ਸਨ। ਪਰ ਉਨ੍ਹਾ ਵੱਲੋਂ ਚਲਾਈ ਇਹ ਭਗਤੀ ਲਹਿਰ ਵਰਣ-ਆਸ਼ਰਮ ਤੇ ਬ੍ਰਾਹਮਣਵਾਦ ਦੀ ਜਕੜ ਤੋਂ ਪੂਰੀ ਤਰ੍ਹਾਂ ਮੁਕਤ ਸੀ। ਇਹ ਲਹਿਰ 'ਪੰਡਿਤ' ਦੀ ਥਾਂ ਤੇ 'ਸੰਤ' ਦੇ ਮਹੱਤਵ ਨੂੰ ਸਥਾਪਿਤ ਕਰਦੀ ਸੀ। ਇਸ ਲਹਿਰ ਨਾਲ ਜੁੜੇ ਅਨੁਯਾਈ ਹਰ ਧਰਮ ਤੇ ਜਾਤੀ ਨਾਲ ਸਬੰਧਿਤ ਸਨ, ਜਿਸ ਕਾਰਨ ਇਸ ਭਗਤੀ ਲਹਿਰ ਨੇ ਭਾਰਤ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹਣ ਦਾ ਅਨੋਖਾ ਕਾਰਜ ਕੀਤਾ।"(138.) ਇਸ ਕਾਰਜ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਰਹਿਣ ਵਾਲੇ ਇਨ੍ਹਾਂ ਭਗਤ ਕਵੀਆਂ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰ ਦਿੱਤਾ।

ਉਪਰੋਕਤ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਗਤ ਬਾਣੀ ਪੰਜ ਸਦੀਆਂ ਵਿਚ ਫੈਲੇ ਗਿਆਨ ਦਾ ਸੰਕਲਿਤ ਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਹ ਗਿਆਨ ਮਨੁੱਖਤਾ ਲਈ ਚਾਨਣ ਮੁਨਾਰੇ ਦੀ ਹੈਸੀਅਤ ਦਾ ਧਾਰਨੀ ਹੈ। ਇਸ ਧਰੋਹਰ ਨੂੰ ਨਵੀਨ ਚਿੰਤਨ ਵਿਚ ਪ੍ਰਚੱਲਿਤ ਉੱਤਰ-ਆਧੁਨਿਕ ਸੰਕਲਪ ਦੇ ਦਾਇਰੇ ਵਿਚ ਸਮਝ ਕੇ ਅਜੋਕੇ ਸਮਾਜ ਨੂੰ ਸੁਚੱਜੀ ਸੇਧ ਦਿੱਤੀ ਜਾ ਸਕਦੀ ਹੈ। ਉੱਤਰ-ਆਧੁਨਿਕ ਸਥਿਤੀ ਤੱਕ ਪਹੁੰਚ ਕੇ ਮਨੁੱਖ ਨੇ ਪਦਾਰਥਕ ਉੱਨਤੀ ਦੀਆਂ ਬੇਅੰਤ ਦਿਸ਼ਾਵਾਂ ਨੂੰ ਆਪਣਾ ਗ਼ੁਲਾਮ ਬਣਾ ਲਿਆ ਹੈ। ਇਸ ਸਭ ਦੇ ਬਾਵਜੂਦ ਵੀ ਮਨੁੱਖ ਦਿਨ ਪ੍ਰਤੀਦਿਨ ਅਸ਼ਾਂਤ ਮਹਿਸੂਸ ਕਰ ਰਿਹਾ ਹੈ। ਅਜਿਹੀ ਸਥਿਤੀ ਵਿਚ ਭਗਤ ਬਾਣੀ ਵਿਚਲਾ ਗਿਆਨ ਪ੍ਰਬੰਧ ਉਸ ਦੀ ਇਸ ਭਟਕਣ ਨੂੰ ਮਿਟਾ ਸਕਦਾ ਹੈ। ਇਸ ਖੋਜ ਕਾਰਜ ਵਿਚ ਇਸੇ ਮੰਤਵ ਨੂੰ ਲੈ ਕੇ ਉੱਤਰ-ਆਧੁਨਿਕ

ਪਰਿਪੇਖ ਵਿਚ ਭਗਤ ਬਾਣੀ ਵਿਚਲੇ ਸੰਕਲਪਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ। ਅਜਿਹੇ ਯਤਨ ਕਰਨ ਪਿੱਛੇ ਮੁੱਖ ਮੰਤਵ ਹੀ ਸਮੁੱਚੀ ਮਨੁੱਖ ਜਾਤੀ ਦੇ ਕਲਿਆਣ ਦਾ ਹੈ। ਅਜੋਕੇ ਸਮੇ ਵਿਚ ਅਜਿਹੇ ਗਿਆਨ ਪ੍ਰਬੰਧਾਂ ਦੀ ਨਵੀਨ ਵਿਆਖਿਆ ਕਰਨਾ ਹੀ ਮਨੁੱਖ ਦੀ ਭਟਕਣ ਕੁਝ ਹੱਦ ਤੱਕ ਸ਼ਾਂਤ ਕਰ ਸਕਦਾ ਹੈ। ਇਸ ਨਾਲ ਸਮੁੱਚੇ ਸੰਸਾਰ ਵਿਚ ਅਮਨ, ਸ਼ਾਂਤੀ ਅਤੇ ਭਾਈਚਾਰੇ ਦੀ ਭਾਵਨਾ ਦਾ ਸੰਚਾਰ ਹੋ ਸਕਦਾ ਹੈ। ਉੱਤਰ-ਆਧੁਨਿਕ ਸਥਿਤੀ ਵਿਚਲੀਆਂ ਵਿਸੰਗਤੀਆਂ ਪ੍ਰਤੀ ਸਹੀ ਦ੍ਰਿਸ਼ਟੀਕੋਣ ਅਤੇ ਪਹੁੰਚ ਭਗਤ ਬਾਣੀ ਦੇ ਗਿਆਨ ਪ੍ਰਬੰਧ ਵਿਚੋਂ ਉਸਾਰਨ ਦਾ ਯਤਨ ਇਸ ਕਾਰਜ ਦੀ ਸਾਰਥਿਕਤਾ ਦਾ ਨਿਰੂਪਣ ਕਰ ਸਕਦਾ ਹੈ।

### 1.4. ਖੋਜ ਵਿਧੀ (Research Methodology) :-

ਕਿਸੇ ਵੀ ਖੋਜ ਕਾਰਜ ਨੂੰ ਵਿਗਿਆਨਕ ਢੰਗ ਦੁਆਰਾ ਨੇਪਰੇ ਚਾੜ੍ਹਨ ਲਈ ਉਸ ਵਿਚਲੀ ਵਸਤੂਨਿਸ਼ਠ ਪਹੁੰਚ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸ ਪਹੁੰਚ ਨਾਲ ਆਤਮਸਾਤ ਕਰਨ ਲਈ ਵਿਦਵਾਨਾਂ ਦੁਆਰਾ ਸੁਝਾਈਆਂ ਬਹੁਤ ਸਾਰੀਆਂ ਖੋਜ ਵਿਧੀਆਂ, ਪ੍ਰਵਿਧੀਆਂ ਅਤੇ ਸੰਦਾਂ ਦੀ ਸਹਾਇਤਾ ਨਾਲ ਖੋਜ ਕਾਰਜ ਨੂੰ ਵਿਧੀਵਤ ਢੰਗ ਨਾਲ ਸੰਪੂਰਨ ਕੀਤਾ ਜਾਂਦਾ ਹੈ। ਖੋਜ ਦਾ ਕਾਰਜ ਮਨੁੱਖ ਦੇ ਗਿਆਨ ਵਿਚ ਵਾਧਾ ਕਰਨਾ ਹੈ। ਇਹ ਕਹਿਣ ਵਿਚ ਜਿੰਨਾ ਸੰਖੇਪ ਅਤੇ ਸਰਲ ਹੈ, ਕਰਨ ਵਿਚ ਉਨ੍ਹਾਂ ਹੀ ਵਿਆਪਕ ਅਤੇ ਵਿਗਿਆਨਕ ਢੰਗ ਨਾਲ ਹੋਣ ਵਾਲਾ ਕਾਰਜ ਹੈ। ਜਦੋਂ ਅਸੀਂ ਵਿਗਿਆਨਕ ਸ਼ਬਦ ਦੀ ਵਰਤੋਂ ਕਰਦੇ ਹਾਂ ਤਾਂ ਸਾਹਿਤਿਕ ਖੋਜ ਵਿਚ ਇਸ ਦਾ ਅਰਥ ਵਿਧੀਵਤ ਢੰਗ ਨਾਲ ਕੀਤਾ ਜਾਣ ਵਾਲਾ ਕਾਰਜ ਹੈ। ਖੋਜ ਕਾਰਜ ਲਈ ਅਪਣਾਏ ਢੰਗ ਤਰੀਕਿਆਂ ਨੂੰ ਖੋਜ ਵਿਧੀ ਕਿਹਾ ਜਾਂਦਾ ਹੈ। ਇਸ ਨੂੰ ਤਿੰਨ ਸੰਕਲਪਾਂ ਖੋਜ ਵਿਧੀ, ਖੋਜ ਡਿਜ਼ਾਈਨ ਅਤੇ ਖੋਜ ਦ੍ਰਿਸ਼ਟੀ ਦੁਆਰਾ ਸਮਝਿਆ ਜਾ ਸਕਦਾ ਹੈ। ਖੋਜ ਵਿਧੀਆਂ ਵਿਚ ਪ੍ਰਾਧਿਕਾਰਵਾਦੀ, ਸੰਦੇਹਵਾਦੀ, ਤਰਕਵਾਦੀ, ਤਰਕਵਾਦੀ, ਪਰਿਣਾਮਵਾਦੀ ਜਾਂ ਉਪਯੋਗਤਾਵਾਦੀ ਵਿਧੀ ਅਤੇ ਤੁਲਨਾਤਮਿਕ ਵਿਧੀਆਂ ਆ ਜਾਂਦੀਆਂ ਹਨ।

ਪ੍ਰਾਧਿਕਾਰਵਾਦੀ ਵਿਧੀ : ਸਿਆਣਿਆਂ ਦੇ ਵਿਚਾਰਾਂ ਨੂੰ ਗਿਆਨ ਦੇ ਸੋਮੇ ਤੇ ਤੌਰ ਤੇ ਸਵੀਕਾਰਦੀ ਹੈ। ਸਿਆਣੇ ਵਿਅਕਤੀਆਂ ਨੇ ਆਪਣੇ ਤਜਰਬੇ ਦੇ ਆਧਾਰ ਤੇ ਲੱਭੀਆਂ ਸੱਚਾਈਆਂ ਨੂੰ ਸਰਵ ਪ੍ਰਵਾਨਿਤ ਕਥਨਾਂ ਅਤੇ ਨਿਯਮਾਂ ਦੇ ਰੂਪ ਵਿਚ ਬੰਨ੍ਹਿਆਂ ਹੁੰਦਾ ਹੈ। ਇਸੇ ਲਈ ਵਡੇਰੀ ਉਮਰ ਨੂੰ ਪ੍ਰਾਧਿਕਾਰਤਾ ਦਾ ਚਿੰਨ੍ਹ ਸਮਝਿਆ ਜਾਂਦਾ ਹੈ।

ਸੰਦੇਹਵਾਦੀ ਵਿਧੀ: ਇਹ ਪ੍ਰਾਧਿਕਾਰਵਾਦੀ ਵਿਧੀ ਦੇ ਪ੍ਰਤੀਕਰਮ ਦੀ ਉਪਜ ਹੈ। ਜਿਵੇਂ-ਜਿਵੇਂ ਮਨੁੱਖੀ ਗਿਆਨ ਵਿਚ ਵਾਧਾ ਹੁੰਦਾ ਜਾਂਦਾ ਹੈ ਤਾਂ ਉਹ ਪੁਰਾਣੇ ਸਿੱਟਿਆਂ ਨੂੰ ਨਵੇਂ ਸਿਰਿਓਂ ਜਾਂਚਣ ਵਿਚ ਰੁਚਿਤ ਹੋਣ ਲੱਗਦਾ ਹੈ। ਇਸ ਨਾਲ ਪੁਰਾਣੇ ਗਿਆਨ ਨੂੰ ਸੰਦੇਹਮਈ ਦ੍ਰਿਸ਼ਟੀ ਰਾਹੀਂ ਰੱਦ ਕਰਦੇ ਨਵੇ ਗਿਆਨ ਦੀ ਰੌਸ਼ਨੀ ਫੈਲਦੀ ਹੈ।

ਤਰਕਵਾਦੀ ਵਿਧੀ : ਇਸ ਵਿਧੀ ਅੰਦਰ ਦੋ ਪ੍ਰਕਾਰ ਹਨ, ਆਗਮਨਾਤਮਕ ਅਤੇ ਨਿਗਮਨਾਤਮਿਕ। ਆਗਮਨਾਤਮਕ ਵਿਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਤੱਕ ਪਹੁੰਚਣ ਦਾ ਵਿਧਾਨ ਹੈ, ਜਦੋਂ ਕਿ ਨਿਗਮਨਾਤਮਿਕ ਵਿਧੀ ਦੁਆਰਾ ਵਿਆਪਕ ਤੋਂ ਵਿਸ਼ੇਸ਼ ਸਥਿਤੀ ਵੱਲ ਦੀ ਯਾਤਰਾ ਸਾਕਾਰ ਹੁੰਦੀ ਹੈ।

ਤੁਲਨਾਤਮਿਕ ਵਿਧੀ : ਇਸ ਦੁਆਰਾ ਵੱਖ-ਵੱਖ ਪੱਖਾਂ ਦੀ ਤੁਲਨਾ ਕਰਕੇ ਉਨ੍ਹਾਂ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਦੀ ਸੂਖਮਤਾ ਨਾਲ ਪਛਾਣ ਕੀਤੀ ਜਾਂਦੀ ਹੈ।

ਪਰਿਣਾਮਵਾਦੀ ਜਾਂ ਉਪਯੋਗਤਾਵਾਦੀ ਵਿਧੀ : ਇਸ ਦੁਆਰਾ ਨਵੇਂ ਵਿਚਾਰਾਂ ਦੀ ਉਪਯੋਗਤਾ ਸਥਾਪਿਤ ਕਰਨ ਵੱਲ ਵਧਿਆ ਜਾਂਦਾ ਹੈ। ਇਸ ਵਿਚ ਅਤੀਤ ਦੇ ਨਾਲ ਵਰਤਮਾਨ ਅਤੇ ਭਵਿੱਖ ਨੂੰ ਵੀ ਮਹੱਤਤਾ ਦਿੱਤੀ ਜਾਂਦੀ ਹੈ।

**ਖੋਜ ਵਿਉਂਤ (Research Design) :-**

ਰਿਸਰਚ ਡਿਜ਼ਾਈਨ ਜਾਂ ਖੋਜ ਵਿਉਂਤ ਚੁਣੀਆਂ ਹੋਈਆਂ ਵਿਧੀਆਂ ਅਤੇ ਤਕਨੀਕਾਂ ਦਾ ਢਾਂਚਾ ਹੈ। ਇਹ ਅਧਿਐਨ ਦੀਆਂ ਕਿਸਮਾਂ ਨੂੰ ਪਰਿਭਾਸ਼ਿਤ ਕਰਦਾ ਹੈ। ਡਾਟਾ ਇਕੱਤਰ ਕਰਨਾ, ਮਾਪ ਅਤੇ ਵਿਸ਼ਲੇਸ਼ਣ ਸਭ ਇਸ ਵਿਚ ਸ਼ਾਮਿਲ ਹਨ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਨਿਰਪੱਖਤਾ, ਭਰੋਸੇਯੋਗਤਾ, ਵੈਧਤਾ ਅਤੇ ਸਧਾਰਨੀਕਰਨ ਹਨ। ਇਸ ਨੂੰ ਗਿਣਾਤਮਿਕ (Quantitative) ਅਤੇ ਗੁਣਾਤਮਿਕ (Qualitative) ਰੂਪ ਵਿਚ ਸ਼੍ਰੇਣੀਬੱਧ ਕੀਤਾ ਜਾ ਸਕਦਾ

ਹੈ। ਸਾਹਿਤਿਕ ਖੋਜ ਡਿਜ਼ਾਈਨ ਵਿਚ ਵਰਣਾਤਮਕ, ਪਾਠ ਅਧਿਐਨ, ਸਰਵੇ, ਨਿਰੀਖਣ, ਖੇਤਰੀ ਖੋਜ, ਸਮੀਖਿਆ (ਸਾਹਿਤ ਅਤੇ ਵਿਧੀਗਤ) ਅਤੇ ਮੈਟਾ ਆਲੋਚਨਾ ਆ ਜਾਂਦੀਆਂ ਹਨ। ਖੋਜ ਡਿਜ਼ਾਈਨ ਵਿਚ ਸਿਧਾਂਤਕ ਅਤੇ ਵਿਹਾਰਕ ਢੰਗ ਆ ਜਾਂਦਾ ਹੈ। ਸਿਧਾਂਤਕ ਢੰਗ ਵਿਚ ਕਿਸੇ ਸਾਹਿਤ ਰੂਪ ਦੀ ਕਿਸੇ ਰਚਨਾ ਨੂੰ ਆਧਾਰ ਬਣਾ ਕੇ ਕਿਸੇ ਸਾਹਿਤ ਅਧਿਐਨ ਵਿਧੀ ਨਾਲ ਸਿੱਟੇ ਕੱਢੇ ਜਾਂਦੇ ਹਨ ਜਦੋਂ ਕਿ ਵਿਹਾਰਕ ਢੰਗ ਵਿਚ ਇੰਟਰਵਿਊ, ਕੇਸ ਸਟੱਡੀ, ਸਰਵੇ ਆਦਿ ਰਾਹੀਂ ਸਮੱਗਰੀ ਇਕੱਤਰ ਕਰਕੇ ਸਿੱਟਿਆਂ ਤੱਕ ਪਹੁੰਚਿਆ ਜਾਂਦਾ ਹੈ। ਖੋਜ ਡਿਜ਼ਾਈਨ ਵਿਚ ਸਮੱਸਿਆ ਕਥਨ ਦੀ ਨਿਸ਼ਚਿਤਤਾ ਤੋਂ ਲੈ ਕੇ ਉਦੇਸ਼ ਨਿਰਮਾਣ, ਸਥਾਪਤੀ ਅਤੇ ਸਥਾਪਨਾਵਾਂ ਦਾ ਨਿਰਧਾਰਨ ਕਰਦਿਆਂ ਪਰਿਕਲਪਨਾ ਨੂੰ ਇਕਸੁਰਤਾ ਅਤੇ ਇਕਸਾਰਤਾ ਪ੍ਰਦਾਨ ਕਰਨ ਤੱਕ ਦੇ ਪਾਸਾਰ ਆ ਜਾਂਦੇ ਹਨ। ਇਸ ਵਿਚ ਇਸ ਦੇ ਗਿਣਾਤਮਿਕ (Quantitative) ਅਤੇ ਗੁਣਾਤਮਿਕ (Qualitative) ਸਰੂਪ ਆ ਜਾਂਦੇ ਹਨ, ਜਿਨ੍ਹਾਂ ਅੰਦਰ Exploratory, Descriptive, Casual ਖੋਜ ਢੰਗਾਂ ਦੁਆਰਾ ਸਪੱਸ਼ਟਤਾ ਹੁੰਦੀ ਹੈ।

Exploratory ਖੋਜ ਕੁਝ ਨਵੇਂ ਤੱਥਾਂ ਨੂੰ ਤਲਾਸ਼ਣ ਵਿਚ ਰੁਚਿਤ ਹੈ।

Descriptive ਖੋਜ ਕਿਸੇ ਰਚਨਾ ਦੇ ਵਸਤੂ ਦੀਆਂ ਵਿਸ਼ੇਸ਼ਤਾਵਾਂ ਤੇ ਵਿਸ਼ਲੇਸ਼ਣ ਨਾਲ ਸਬੰਧ ਰੱਖਦੀ ਹੈ।

Casual ਖੋਜ ਕਾਰਣ ਅਤੇ ਪ੍ਰਭਾਵ ਦੇ ਆਪਸੀ ਨਤੀਜਿਆਂ ਤੇ ਆਧਾਰਿਤ ਹੈ।

ਖੋਜ ਡਿਜ਼ਾਈਨ ਖੋਜ ਪ੍ਰਸ਼ਨ ਦਾ ਉੱਤਰ ਦੇਣ ਦੀ ਯੋਜਨਾ ਹੈ ਜਦੋਂ ਕਿ ਖੋਜ ਵਿਧੀ ਉਸ ਨੂੰ ਲਾਗੂ ਕਰਨ ਲਈ ਵਰਤਿਆ ਜਾਣ ਵਾਲਾ ਢੰਗ ਨੂੰ ਕਿਹਾ ਜਾਂਦਾ ਹੈ। ਇਹ ਦੋਵੇਂ ਵੱਖਰੇ-ਵੱਖਰੇ ਹਨ ਪਰੰਤੂ ਪਰਸਪਰ ਜੁੜੇ ਹੋਏ ਹਨ। ਇਕ ਵਧੀਆ ਖੋਜ ਡਿਜ਼ਾਈਨ ਪ੍ਰਾਪਤ ਡਾਟੇ ਦੁਆਰਾ ਪ੍ਰਭਾਵਸ਼ਾਲੀ ਢੰਗ ਨਾਲ ਉੱਤਰ ਦੇਣ ਵਿਚ ਸਹਾਇਤਾ ਕਰਦਾ ਹੈ।

**ਖੋਜ ਦ੍ਰਿਸ਼ਟੀ (Research Approach) :-**

ਖੋਜ ਦ੍ਰਿਸ਼ਟੀ (Approach) ਖੋਜ ਕਾਰਜ ਨਾਲ ਜੁੜੀਆਂ ਹੋਈਆਂ ਅਧਿਐਨ ਪ੍ਰਣਾਲੀਆਂ ਜਾਂ ਪਹੁੰਚ ਵਿਧੀਆਂ ਨਾਲ ਸਬੰਧਿਤ ਹੈ। ਇਸ ਵਿਚ ਸਮਾਜ ਸ਼ਾਸਤ੍ਰੀ, ਮਾਰਕਸਵਾਦੀ, ਮਨੋਵਿਗਿਆਨਕ, ਤੁਲਨਾਤਮਿਕ, ਨਾਰੀਵਾਦੀ, ਭਾਸ਼ਾ ਵਿਗਿਆਨਕ, ਸੰਰਚਨਾਵਾਦੀ ਜਾਂ ਚਿੰਨ੍ਹ ਪ੍ਰਣਾਲੀ ਆਦਿ ਅੰਤਰ ਦ੍ਰਿਸ਼ਟੀਆਂ ਹਨ ਜੋ ਇਕਹਿਰੇ ਜਾਂ ਦੂਹਰੇ ਰੂਪ ਵਿਚ ਵਰਤੀਆਂ ਜਾਂਦੀਆਂ ਹਨ। ਖੋਜ ਦ੍ਰਿਸ਼ਟੀ ਜਾਂ ਖੋਜ ਡਿਜ਼ਾਈਨ ਖੋਜ ਵਿਧੀ ਦੇ ਵਿਭਿੰਨ ਅੰਗ ਵੀ ਹਨ, ਪਾਸਾਰ ਅਤੇ ਵਿਸਥਾਰ ਵੀ ਹਨ। ਕਿਸੇ ਵੀ ਖੋਜ ਕਾਰਜ ਦੇ ਝੁਕਾਅ ਸਦਾ ਤੱਤਕਾਲੀਨ ਸਮੱਸਿਆਵਾਂ ਨਾਲ ਜੁੜੇ ਹੋਣੇ ਚਾਹੀਦੇ ਹਨ। ਉਸਾਰੂ ਨਤੀਜਿਆਂ ਲਈ ਅਤੀਤ ਦੀਆਂ ਰਚਨਾਵਾਂ ਨੂੰ ਵੀ ਨਵੀਨ ਸੰਦਰਭਾਂ ਦੀ ਤਲਾਸ਼ ਲਈ ਵਰਤਿਆ ਜਾਣਾ ਚਾਹੀਦਾ ਹੈ। ਖੋਜ ਕਾਰਜ ਸਾਹਿਤ, ਸਮਾਜ ਅਤੇ ਹੋਰ ਸੰਸਥਾਵਾਂ ਦੀ ਪੈਰਵਾਈ ਕਰਕੇ ਨਵੀਆਂ ਸਥਾਪਨਾਵਾਂ ਕਰਨ ਵਾਲਾ ਹੋਣਾ ਚਾਹੀਦਾ ਹੈ। ਇਹ ਨਵੀਂ ਦ੍ਰਿਸ਼ਟੀ, ਸੇਧ ਅਤੇ ਅਗਵਾਈ ਕਰਨ ਦੇ ਸਮਰੱਥ ਹੋਵੇ ਜਿਸ ਨਾਲ ਕਿ ਇਹ ਸਿਹਤਮੰਦ ਸਮਾਜ ਦੇ ਨਿਰਮਾਣ ਵਿਚ ਆਪਣੀ ਵਿਸ਼ੇਸ਼ ਭੂਮਿਕਾ ਅਦਾ ਕਰ ਸਕੇ। ਹੱਥਲਾ ਖੋਜ ਕਾਰਜ ਗੁਣਾਤਮਿਕ ਸਰੂਪ ਤੇ ਵਰਣਾਤਮਿਕ ਸੁਭਾਅ ਦਾ ਹੈ। ਇਸ ਵਿਚ ਵਿਭਿੰਨ ਅੰਤਰ ਦ੍ਰਿਸ਼ਟੀਆਂ ਦੇ ਨਾਲ-ਨਾਲ ਸਮਾਜ ਸ਼ਾਸਤ੍ਰੀ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਦੀ ਲੋੜ ਅਨੁਸਾਰ ਵਰਤੋਂ ਕੀਤੀ ਗਈ ਹੈ। ਤੁਲਨਾਤਮਿਕ, ਆਗਮਨਾਤਮਕ ਅਤੇ ਨਿਗਮਨਾਤਮਿਕ ਵਿਧੀਆਂ ਦੀ ਲੋੜ ਅਨੁਸਾਰ ਵਰਤੋਂ ਕੀਤੀ ਗਈ ਹੈ। ਮੁੱਖ ਰੂਪ ਵਿਚ ਸਮਾਜ ਸ਼ਾਸਤ੍ਰੀ ਦ੍ਰਿਸ਼ਟੀ ਨਾਲ ਆਤਮਸਾਤ ਕਰਦਿਆਂ ਪ੍ਰਸਤੁਤ ਖੋਜ ਕਾਰਜ ਨੂੰ ਪਰਿਣਾਮਵਾਦੀ ਜਾਂ ਉਪਯੋਗਤਾਵਾਦੀ ਵਿਧੀ ਦੁਆਰਾ ਗੁਣਾਤਮਿਕ ਸਰੂਪ ਰਾਹੀਂ ਵਰਣਾਤਮਕ ਢੰਗ ਨਾਲ ਪੂਰਾ ਕੀਤਾ ਗਿਆ ਹੈ।

ਪ੍ਰਸਤੁਤ ਖੋਜ ਕਾਰਜ ਲਈ ਵੱਖ-ਵੱਖ ਵਿਦਵਾਨਾਂ ਨਾਲ ਮੁਲਾਕਾਤਾਂ ਰਿਕਾਰਡ ਕੀਤੀਆਂ ਗਈਆਂ ਹਨ। ਇਨ੍ਹਾਂ ਮੁਲਾਕਾਤਾਂ ਦੁਆਰਾ ਇਸ ਵਿਸ਼ੇ ਸਬੰਧੀ ਸਮਝ ਨੂੰ ਹੋਰ ਪਕੇਰੀ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਸਬੰਧ ਵਿਚ ਡਾ. ਰਾਜਿੰਦਰ ਪਾਲ ਸਿੰਘ ਬਰਾੜ, ਮੁਖੀ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਡਾ. ਸ਼ਰਨਪਾਲ ਸਿੰਘ, ਪ੍ਰੋਫੈਸਰ, ਅੰਗਰੇਜ਼ੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਮੁਲਾਕਾਤਾਂ ਕੀਤੀਆਂ ਗਈਆਂ

ਹਨ। ਇਹ ਖੋਜ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਆਧਾਰਿਤ ਹੋਣ ਕਰਕੇ ਇਕ ਵਿਸ਼ੇਸ਼ ਮੁਲਾਕਾਤ ਡਾ. ਸਰਬਜਿੰਦਰ ਸਿੰਘ, ਮੁਖੀ, ਭਾਈ ਗੁਰਦਾਸ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਰਿਕਾਰਡ ਕੀਤੀ ਗਈ ਹੈ। ਭਗਤ ਬਾਣੀ ਦੇ ਪਿਛੋਕੜ ਵਿਚ ਕਾਰਜਸ਼ੀਲ ਭਾਰਤੀ ਦਰਸ਼ਨ ਪਰੰਪਰਾ ਨੂੰ ਸਮਝਣ ਹਿੱਤ ਇਕ ਵਿਚਾਰ-ਚਰਚਾ ਪਟਨਾ ਯੂਨੀਵਰਸਿਟੀ ਦੇ ਫ਼ਿਲਾਸਫ਼ੀ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ ਅਤੇ ਖੋਜਾਰਥੀਆਂ ਨਾਲ ਕੀਤੀ ਗਈ ਹੈ। ਉਸ ਨੂੰ ਵੀ ਰਿਕਾਰਡ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਦਲਿਤ ਸਾਹਿਤਕਾਰ ਬਲਵੀਰ ਮਾਧੋਪੁਰੀ ਹੋਰਾਂ ਨਾਲ ਵੀ ਮੁਲਾਕਾਤ ਕੀਤੀ ਗਈ  ਹੈ।

ਖੋਜ ਕਾਰਜ ਦੇ ਉਦੇਸ਼ ਨੂੰ ਪੂਰਨ ਕਰਨ ਲਈ ਖੋਜ ਸੰਦਾਂ ਦਾ ਮਹੱਤਵਪੂਰਨ ਸਥਾਨ ਹੈ। ਇਨ੍ਹਾਂ ਦੀ ਵਰਤੋਂ ਨਾਲ ਹੀ ਕਿਸੇ ਖੋਜ ਕਾਰਜ ਦੀ ਸਫਲਤਾ ਵੱਲ ਵਧਿਆ ਜਾ ਸਕਦਾ ਹੈ। ਇਸ ਵਿਚ ਕੋਸ਼ਾਂ, ਸੰਦਰਭ ਗ੍ਰੰਥਾਂ ਅਤੇ ਵਿਸ਼ੇ ਨਾਲ ਸਬੰਧਿਤ ਸਮੱਗਰੀ ਸ਼ਾਮਿਲ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਵੱਖ-ਵੱਖ ਲਾਇਬ੍ਰੇਰੀਆਂ ਵਿਚੋਂ ਪ੍ਰਾਪਤ ਸਰੋਤਾਂ ਤੱਕ ਪਹੁੰਚ ਕਰਨ ਦਾ ਯਤਨ ਕੀਤਾ ਗਿਆ। ਇਸ ਲਈ ਐਲ.ਪੀ.ਯੂ. ਦੀ ਵਿਭਾਗੀ ਲਾਇਬ੍ਰੇਰੀ ਤੋਂ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ, ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ ਅਤੇ ਡਿਸਟੈਂਸ ਐਜੂਕੇਸ਼ਨ ਵਿਭਾਗ ਦੀਆਂ ਲਾਇਬ੍ਰੇਰੀਆਂ ਵਿਚੋਂ ਸਹਾਇਤਾ ਲਈ ਗਈ ਹੈ। ਇਸ ਤੋਂ ਇਲਾਵਾ ਨਵੀਂ ਦਿੱਲੀ ਸਥਿਤ ਭਾਰਤੀ ਸਾਹਿਤ ਅਕਾਦਮੀ ਦੀ ਲਾਇਬ੍ਰੇਰੀ, ਪੰਜਾਬੀ ਭਵਨ, ਹਿੰਦੀ ਭਵਨ ਅਤੇ ਦਿਆਲ ਸਿੰਘ ਲਾਇਬ੍ਰੇਰੀ ਜੋ ਕਿ ਰਾਊਜ਼ ਐਵਿਨਿਊ ਵਿਖੇ ਸਥਿਤ ਹਨ ਵਿਚੋਂ ਵੀ ਸਹਾਇਤਾ ਲਈ ਗਈ ਹੈ। ਪਟਨਾ ਵਿਖੇ ਸਥਿਤ ਪਟਨਾ ਯੂਨੀਵਰਸਿਟੀ ਅਤੇ ਡਾਕ ਬੰਗਲਾ ਚੌਰਾਹੇ ਦੇ ਨਜ਼ਦੀਕ ਸਥਿਤ ਝਾਅ ਲਾਇਬ੍ਰੇਰੀ ਤੱਕ ਵੀ ਪਹੁੰਚ ਕੀਤੀ ਗਈ ਹੈ। ਨੇਪਾਲ ਦੀ ਰਾਜਧਾਨੀ ਕਾਠਮੰਡੂ ਜਾਣ ਦਾ ਸਬੱਬ ਬਣਿਆ, ਉੱਥੋਂ ਦੀ ਲਾਇਬ੍ਰੇਰੀ ਵਿਚੋਂ ਪ੍ਰਾਪਤ ਪੁਸਤਕਾਂ ਦਾ ਵੀ ਮੁਤਾਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੱਖ-ਵੱਖ ਪੱਤ੍ਰਿਕਾਵਾਂ ਅਤੇ ਅਖ਼ਬਾਰਾਂ ਵਿਚ ਛਪਦੇ ਲੇਖਾਂ ਤੋਂ ਵੀ ਸੇਧ ਲੈਣ ਦਾ ਉਪਰਾਲਾ ਕੀਤਾ ਗਿਆ ਹੈ। ਅਜੋਕਾ ਯੁੱਗ ਕੰਪਿਊਟਰ ਤਕਨਾਲੋਜੀ ਅਤੇ ਇੰਟਰਨੈੱਟ ਦਾ ਯੁੱਗ ਹੈ ਇਸ

ਲਈ ਇੰਟਰਨੈੱਟ ਦੇ ਉਪਲਬਧ ਵੱਖ-ਵੱਖ ਵਿਦਵਾਨਾਂ ਦੇ ਲੈਕਚਰਾਂ ਤੋਂ ਵੀ ਸੇਧ ਲਈ ਗਈ ਹੈ। ਇਸ ਕਾਰਜ ਲਈ ਆਨਲਾਈਨ ਉਪਲਬਧ ਕਈ ਮਹੱਤਵਪੂਰਨ ਪੁਸਤਕਾਂ ਦੀ ਵੀ ਸਹਾਇਤਾ ਲਈ ਗਈ ਹੈ।

**1.5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਬਾਣੀ : ਸਰੂਪ ਅਤੇ ਸਰੋਕਾਰ :-**

ਮੱਧਕਾਲੀਨ ਪੰਜਾਬੀ ਸਾਹਿਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਲੱਖਣ ਸਥਾਨ ਹੈ। ਇਹ ਲਗਭਗ 500 ਸਾਲਾਂ (12ਵੀਂ ਤੋਂ 17ਵੀਂ ਸਦੀ) ਦੀ ਇਕ ਪ੍ਰਮਾਣਿਕ ਅਤੇ ਮਹੱਤਵਪੂਰਨ ਰਚਨਾ ਹੈ। ਇਸ 1430 ਪੰਨਿਆਂ ਦੀ ਵੱਡ-ਆਕਾਰੀ ਰਚਨਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਉੱਤਰ-ਅਧਿਕਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿਚ ਸੰਪਾਦਿਤ ਕੀਤਾ ਸੀ । ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰੂ ਪਰੰਪਰਾ ਵਿਚੋਂ 6 ਗੁਰੂ ਕਵੀਆਂ, 15 ਭਗਤ ਕਵੀਆਂ, 11 ਭੱਟ ਕਵੀਆਂ ਅਤੇ 4 ਗੁਰੂ ਘਰ ਦੇ ਨਿਕਟਵਰਤੀ ਕਵੀਆਂ ਦੀ ਰਚਨਾ ਦਰਜ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ ਨਾਲ ਸਬੰਧਿਤ 15 ਭਗਤ ਕਵੀਆਂ ਦੀ ਰਚਨਾ ਇਸ ਗ੍ਰੰਥ ਵਿਚ ਭਗਤ ਬਾਣੀ ਦੇ ਸਿਰਲੇਖ ਹੇਠ ਦਰਜ ਹੈ। ਇਸ ਵੱਡ-ਆਕਾਰੀ ਗ੍ਰੰਥ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹ ਗ੍ਰੰਥ ਜਿੱਥੇ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ ਉੱਥੇ ਇਸ ਵਿਚਲੇ ਸੰਦੇਸ਼ ਅੰਤਰ-ਰਾਸ਼ਟਰੀ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦੇ ਹਨ। ਇਸ ਬਾਣੀ ਸੰਸਾਰ ਦਾ ਝਰੋਖਾ ਭਾਵੇਂ ਅਧਿਆਤਮਕ ਹੈ ਪਰ ਸਮਝਾਉਣਾ ਦੁਨਿਆਵੀ ਜਗਤ ਨੂੰ ਕੀਤਾ ਹੋਣ ਕਾਰਨ ਅਜੋਕੇ ਸਮੇਂ ਇਸ ਦੀ ਅਹਿਮੀਅਤ ਹੋਰ ਵੀ ਮੁੱਲਵਾਨ ਹੈ। ਇਸ ਰਚਨਾ ਵਿਚਲਾ ਸਾਹਿਤ ਗਿਆਨ ਅਤੇ ਆਦਰਸ਼ਕ ਗੁਣਾਂ ਨਾਲ ਸਰਸ਼ਾਰ ਹੈ। ਅਜੋਕੇ ਸਮੇਂ ਵਿਚ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਗਿਆਨ ਦੀ ਪਿਆਸ ਬੁਝਾਉਣ ਵਾਲੇ ਸੋਮੇ ਦੇ ਰੂਪ ਵਿਚ ਵਿੱਦਮਾਨ ਹੈ, ਉੱਥੇ ਨਾਲ ਹੀ ਇਸ ਅੰਦਰ ਸਾਹਿਤ ਦੇ ਵੱਖ-ਵੱਖ ਰੂਪਾਂ ਦੇ ਦੀਦਾਰ ਵੀ ਹੁੰਦੇ ਹਨ। ਇਸ ਸਬੰਧੀ ਡਾ. ਜਗਬੀਰ ਸਿੰਘ ਵਿਚਾਰ ਪ੍ਰਗਟਾਉਂਦੇ ਹਨ,"ਸਾਹਿਤ ਨਾਲ ਗਿਆਨ ਅਤੇ ਕਲਾ ਦੋਵਾਂ ਦਾ ਸਬੰਧ ਹੈ। ਜਿੱਥੇ ਇਕ ਪਾਸੇ ਇਸ ਦਾ ਸਬੰਧ ਲਲਿਤ ਕਲਾ ਨਾਲ ਹੈ, ਉੱਥੇ ਦੂਜੇ ਬੰਨੇ ਇਸ ਦਾ ਸਬੰਧ ਗਿਆਨ ਦੇ ਫੈਲਾਓ ਨਾਲ ਵੀ ਜੁੜਦਾ ਹੈ"(*ਪੱਛਮੀ ਸਾਹਿਤ ਸਿਧਾਂਤ ਅਤੇ ਭਾਰਤੀ ਕਾਵਿ ਸ਼ਾਸਤਰ* 7.)

ਗੁਰਮਤਿ ਵਿਚਾਰਧਾਰਾ ਦੇ ਪਾਂਧੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ 'ਸਭੇ ਸਾਂਝੀਵਾਲ ਸਦਾਇਨ' ਵਾਲਾ ਹੋਣ ਕਾਰਨ ਸਰਵ ਧਰਮ ਸਦਭਾਵ ਵਾਲਾ ਹੈ। ਇਸ ਲਈ ਆਪ ਜੀ ਨੇ ਇਹ ਰਚਨਾ ਆਪਣੇ ਜੀਵਨ ਕਾਲ ਵਿਚ ਹੀ ਅਲੱਗ-ਅਲੱਗ ਭਗਤ ਕਵੀਆਂ ਜਾਂ ਉਨ੍ਹਾਂ ਦੇ ਉੱਤਰ-ਅਧਿਕਾਰੀਆਂ ਤੋਂ ਪ੍ਰਾਪਤ ਕਰ ਲਈ ਸੀ। ਉਹੀ ਰਚਨਾ ਪੀੜ੍ਹੀ ਦਰ ਪੀੜ੍ਹੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ। ਇਹ ਸਾਰੇ ਭਗਤ ਕਵੀ ਭਾਰਤ ਦੇ ਅਲੱਗ-ਅਲੱਗ ਖੇਤਰਾਂ, ਧਰਮਾਂ ਅਤੇ ਸੰਪਰਦਾਵਾਂ ਨਾਲ ਸਬੰਧਿਤ ਹਨ। ਇਸ ਗ੍ਰੰਥ ਦੀ ਇਹ ਵਿਸ਼ੇਸ਼ਤਾ ਹੀ ਕਹੀ ਜਾ ਸਕਦੀ ਹੈ ਕਿ ਬੇਸ਼ੱਕ ਇਸ ਦੀ ਸੰਪਾਦਨਾ ਦਾ ਸਮਾ 16ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦਾ ਹੈ, ਪ੍ਰੰਤੂ ਇਸ ਵਿਚ ਸ਼ਾਮਿਲ ਰਚਨਾ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦੇ ਕਾਲ ਖੰਡ ਤੱਕ ਫੈਲੀ ਹੋਈ ਹੈ। ਭਾਰਤ ਦੇ ਪੰਜ ਸਦੀਆਂ ਦੇ ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਸਮਾਜਕ ਜੀਵਨ ਦੀ ਸੰਪੂਰਨ ਝਲਕ ਇਸ ਰਚਨਾ ਵਿਚ ਵੇਖੀ ਜਾ ਸਕਦੀ ਹੈ। ਇਸ ਲਈ ਇਸ ਵਿਚ ਪੇਸ਼ ਰਚਨਾਵਾਂ ਸਰਬਕਾਲੀ ਮਹੱਤਵ ਦੀਆਂ ਧਾਰਨੀ ਹਨ। ਡਾ. ਜਗਬੀਰ ਸਿੰਘ ਦੇ ਸ਼ਬਦਾਂ ਤੋਂ ਸਪੱਸ਼ਟ ਹੁੰਦਾ ਹੈ ਕਿ,"ਭਾਵੇਂ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਮੱਧਕਾਲ ਵਿਚ ਹੋਈ ਹੈ, ਪਰ ਇਸਦੇ ਕ੍ਰਾਂਤੀਕਾਰੀ ਪ੍ਰਵਚਨ ਵਿਚ ਅਨੇਕਾਂ ਅੰਤਰ ਦ੍ਰਿਸ਼ਟੀਆਂ ਅਜਿਹੀਆਂ ਹਨ ਜੋ ਕਿ ਅਜੋਕੇ ਸਮਾਜ-ਸੱਭਿਆਚਾਰ ਲਈ ਹੀ ਨਹੀਂ ਸਗੋਂ ਸਮੁੱਚੀ ਮਨੁੱਖ ਜਾਤੀ ਲਈ ਵੀ ਅਤਿਅੰਤ ਸਾਰਥਿਕ ਅਤੇ ਪ੍ਰਾਸੰਗਿਕ ਹਨ।" (*ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ* 85.) ਅਜੋਕੇ ਪ੍ਰਸੰਗ ਵਿਚ ਇਸ ਤਰ੍ਹਾਂ ਦੀ ਵਿਲੱਖਣ ਰਚਨਾ ਹੀ ਮਨੁੱਖ ਜਾਤੀ ਨੂੰ ਸਾਰਥਕ ਸੇਧ ਦੇ ਕੇ ਇੱਕ ਅਰੋਗ, ਨਿੱਗਰ ਅਤੇ ਆਦਰਸ਼ ਸਮਾਜ ਦੀ ਸਿਰਜਣਾ ਲਈ ਸੇਧ ਪ੍ਰਦਾਨ ਕਰ ਸਕਦੀ ਹੈ।

**1.5.1. ਭਗਤ ਬਾਣੀ : ਇਤਿਹਾਸਕ ਪਰਿਪੇਖ** :

ਵੇਦ ਭਾਰਤੀ ਗਿਆਨ ਪਰੰਪਰਾ ਦੇ ਮਹਾਨ ਗ੍ਰੰਥ ਹਨ।"ਵੇਦ ਭਾਰਤ ਦਾ ਪ੍ਰਾਚੀਨਤਮ ਸਾਹਿਤਿਕ ਕੀਰਤੀ ਸਤੰਭ ਹੈ। ਇਹ ਭਾਰੋਪੀ ਭਾਸ਼ਾ ਪਰਿਵਾਰ ਦਾ ਲਿਖਿਤ ਦਸਤਾਵੇਜ਼ ਹੈ। ਇਸ ਨੂੰ ਧਾਰਮਿਕ ਚਿੰਤਨ ਦਾ ਮੂਲ ਸਰੋਤ ਵੀ ਕਹਿ ਸਕਦੇ ਹਾਂ।" (ਸ਼ਰਮਾ. *ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ* 53-54.) ਇਹ ਭਾਰਤੀ ਹੀ ਨਹੀਂ ਸਗੋਂ ਸੰਸਾਰ ਦੇ ਸਭ ਤੋਂ ਪਹਿਲੇ ਲਿਖਿਤ ਗਿਆਨ ਗ੍ਰੰਥ ਮੰਨੇ ਜਾਂਦੇ ਹਨ।"ਵੇਦ ਭਾਰਤ ਹੀ ਨਹੀਂ ਬਲਕਿ ਸਮੁੱਚੇ

ਸੰਸਾਰ ਦੇ ਪਹਿਲੇ ਲਿਖਿਤ ਗਿਆਨ ਦੇ ਦਸਤਾਵੇਜ਼ ਮੰਨੇ ਜਾਂਦੇ ਹਨ। ਇਨ੍ਹਾਂ ਵਿਚ ਮਨੁੱਖੀ ਗਿਆਨ ਦੀ ਹਰ ਜਿਗਿਆਸਾ ਬਾਰੇ ਚਰਚਾ ਹੋਈ ਮਿਲਦੀ ਹੈ। ਵੇਦਾਂ ਨੂੰ ਰਚਣ ਵਾਲੇ ਆਚਾਰੀਆਂ ਨੇ ਮਨੁੱਖੀ ਜੀਵਨ ਬਾਰੇ ਉਸਦੀ ਉੱਤਪਤੀ ਤੋਂ ਲੈ ਕੇ ਮਰਨ ਤੱਕ ਦੇ ਕਰਮ-ਕਾਂਡ ਦਾ ਵਿਸਤਰਿਤ ਵਰਣਨ ਕੀਤਾ ਹੈ। ਇਸ ਦੇ ਨਾਲ-ਨਾਲ ਇਸ ਵਿਚ ਮਨੁੱਖ ਨੂੰ ਆਪਣੇ ਜੀਵਨ ਦੌਰਾਨ ਵੱਖ-ਵੱਖ ਦੇਵੀ ਦੇਵਤਾਵਾਂ ਦੀ ਕੀਤੀ ਜਾਣ ਵਾਲੀ ਉਪਾਸਨਾ ਦੇ ਢੰਗ ਤਰੀਕਿਆਂ ਦੀ ਚਰਚਾ ਕੀਤੀ ਗਈ ਹੈ।"ਵੇਦਾਂ ਵਿਚ ਭਗਤੀ ਸਿਧਾਂਤ ਦੇ ਅਨੇਕਾਂ ਤੱਤ ਬੀਜ ਰੂਪ ਵਿਚ ਮਿਲਦੇ ਹਨ, ਜਿਵੇਂ ਪ੍ਰਭੂ ਪ੍ਰਤੀ ਸ਼ਰਧਾ, ਨਾਮ ਸਿਮਰਨ ਤੇ ਜਪ ਦੀ ਮਹੱਤਤਾ, ਪ੍ਰਭੂ ਦੀ ਸਤੁਤੀ ਤੇ ਉਸਤਤ, ਪਰਾਭਗਤੀ, ਸ਼ਰਣਾਗਤੀ ਅਤੇ ਸਤਸੰਗ ਦੀ ਮਹਾਨਤਾ।" (ਮਿੱਤਲ. *ਕਿਆ ਹੈ ਵੇਦੋਂ ਮੇ* 12.) ਭਾਰਤੀ ਗਿਆਨ ਪਰੰਪਰਾ ਦੀ ਸ਼ੁਰੂਆਤ ਇਨ੍ਹਾਂ ਚਾਰ ਵੇਦਾਂ ਤੋਂ ਮੰਨੀ ਜਾਂਦੀ ਹੈ। ਇਨ੍ਹਾਂ ਦੇ ਨਾਮ ਹਨ, ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ।

ਰਿਗਵੇਦ- ਇਹ ਵੇਦ ਗਿਆਨ ਖੰਡ ਵੀ ਅਖਵਾਉਂਦਾ ਹੈ, ਕਿਉਂਕਿ ਇਸ ਵਿਚ 'ਤ੍ਰਿਣ' ਭਾਵ ਤਿਨਕੇ ਤੋਂ ਲੈ ਕੇ ਬ੍ਰਹਮ ਤੱਕ ਦਾ ਗਿਆਨ ਹੈ। ਇਸ ਵਿਚ ਦਸ ਮੰਡਲ ਅਤੇ 10,521 ਮੰਤਰ ਹਨ। ਇਹ ਸਾਰੇ ਮੰਤਰ 10,028 ਸੂਤਰਾਂ ਵਿਚ ਵੰਡੇ ਹੋਏ ਹਨ। ਇਸ ਵੇਦ ਵਿਚ ਸਤੁਤੀ ਦੀ ਪ੍ਰਧਾਨਤਾ ਹੈ- ਵਿਵਿਧ ਦੇਵਾਂ ਤੇ ਪ੍ਰਕ੍ਰਿਤੀ ਦੀ ਸਤੁਤੀ।

ਯਜੁਰਵੇਦ- ਇਸ ਵਿਚ ਕਰਮਕਾਂਡ ਨਾਲ ਸਬੰਧਿਤ ਮੰਤਰ ਹਨ। ਇਹ ਮੰਤਰ ਦੇਵਤਿਆਂ ਦੀ ਪੂਜਾ, ਸੰਗਤ ਅਤੇ ਦਾਨ ਨਾਲ ਜੁੜੇ ਹਨ। ਇਹ ਮੰਤਰ ਜ਼ਿਆਦਾਤਰ ਉਹ ਹਨ ਜਿਨ੍ਹਾਂ ਵਿਚ ਦੇਵਤਿਆਂ ਦੀ ਪੂਜਾ ਸਮੇ ਆਹੂਤੀਆਂ ਦਿੱਤੀਆਂ ਜਾਂਦੀਆਂ ਹਨ, ਇਸ ਨੂੰ ਹੱਥਾਂ ਦਾ ਵੇਦ ਵੀ ਕਿਹਾ ਜਾਂਦਾ ਹੈ।

ਸਾਮਵੇਦ- ਇਸ ਨੂੰ ਉਪਾਸਨਾ ਕਾਂਡ ਵੀ ਕਿਹਾ ਜਾਂਦਾ ਹੈ। 'ਸਾ' ਤੋਂ ਭਾਵ ਵਿੱਦਿਆ ਅਤੇ 'ਅਮ' ਕਰਮ ਦਾ ਭਾਵ ਦਿੰਦਾ ਹੈ। ਇਨ੍ਹਾਂ ਦੋਵਾਂ ਨੂੰ ਮਿਲਕੇ ਸਾਮ ਬਣਦਾ ਹੈ। ਇਸ ਵੇਦ ਅਨੁਸਾਰ 'ਸਾ' ਸਰਵ ਸ਼ਕਤੀਮਾਨ ਈਸ਼ਵਰ ਅਤੇ 'ਅਮ' ਜੀਵ ਦਾ ਭਾਵ ਦਿੰਦਾ ਹੈ। ਇਸ ਵਿਚ ਦਿੱਤੇ ਮੰਤਰ ਦੇਵ ਉਪਾਸਨਾ ਦੇ ਹਨ ਅਤੇ ਗਾਏ ਜਾ ਸਕਦੇ ਹਨ। ਇਸ ਦੇ 6 ਅਧਿਆਇ ਹਨ ਜਿਨ੍ਹਾਂ ਵਿਚ 1,873 ਮੰਤਰ ਹਨ।

ਅਥਰਵਵੇਦ- ਇਸ ਨੂੰ ਚਤੁਰਥ ਵੇਦ ਵੀ ਕਿਹਾ ਜਾਂਦਾ ਹੈ। ਇਹ ਵਿਗਿਆਨ ਦਾ ਵੇਦ ਹੈ। ਇਸ ਵਿਚ ਯੁੱਧ/ਸ਼ਾਂਤੀ ਦੇ ਉਪਾਅ, ਜੜੀਆਂ-ਬੂਟੀਆਂ, ਅਸਤਰ-ਸ਼ਸਤਰ ਅਤੇ ਕਈ ਪ੍ਰਕਾਰ ਦੀਆਂ ਜੜੀਆਂ-ਬੂਟੀਆਂ ਦਾ ਵਰਣਨ ਹੈ। ਇਸਦੇ 20 ਕਾਡਾਂ ਨੂੰ 731 ਸੂਕਤਾਂ ਵਿਚ ਵੰਡਿਆ ਗਿਆ ਹੈ। ਇਸ ਵਿਚ ਕੁਲ 5,977 ਮੰਤਰਾਂ ਦਾ ਉੱਲੇਖ ਕੀਤਾ ਹੋਇਆ ਹੈ। ਇਸ ਵੇਦ ਦਾ ਸੰਦੇਸ਼ 'ਅਮ੍ਰੇ ਤੋਲਸਯ ਪ੍ਰਾਸ਼ਾਨ' ਹੈ ਅਰਥਾਤ ਹੇ ਮਨੁੱਖ ਤੂੰ ਤੋਲ ਕੇ ਭੋਜਨ ਕਰ ਇਹੋ ਸਵਸਥ ਰਹਿਣ ਦਾ ਰਾਜ਼ ਹੈ।"ਕੁਝ ਵਿਦਵਾਨ ਅਥਰਵਵੇਦ ਨੂੰ ਪਵਿੱਤਰ ਵੇਦ ਦਾ ਸਥਾਨ ਨਹੀਂ ਦਿੰਦੇ। ਉਨ੍ਹਾਂ ਦਾ ਖ਼ਿਆਲ ਹੈ ਕਿ ਇਸ ਵਿਚ ਜਾਦੂ-ਟੂਣੇ ਨਾਲ ਸਬੰਧਿਤ ਰਚਨਾਵਾਂ ਹਨ ਅਤੇ ਕਾਲ ਕ੍ਰਮ ਦੀ ਦ੍ਰਿਸ਼ਟੀ ਤੋਂ ਵੀ ਇਹ ਬਾਅਦ ਦੀ ਰਚਨਾ ਹੈ। ਪਰ ਹੌਲੀ-ਹੌਲੀ ਇਸ ਦੀ ਗਰਿਮਾ ਨੂੰ ਵੀ ਸਵੀਕਾਰ ਕਰ ਲਿਆ ਗਿਆ।" (ਸ਼ਰਮਾ. *ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ* 67.) ਇਹ ਚਾਰੇ ਵੇਦ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਬਾਰੇ ਚਰਚਾ ਕਰਦੇ ਹਨ ਜਿਨ੍ਹਾ ਵਿਚੋ ਦੇਵੀ ਦੇਵਤਾਵਾਂ ਦਾ ਵੱਖ-ਵੱਖ ਸ਼ਕਤੀਆਂ ਦੇ ਰੂਪ ਵਿਚ ਪੂਜਨ ਦਾ ਵਿਧੀ ਵਿਧਾਨ ਸ਼ਾਮਿਲ ਹੈ।"ਵੇਦ ਬੇਸ਼ਕ ਭਗਤੀ ਸਿਧਾਂਤ ਦੀ ਸ਼ਾਸਤ੍ਰੀ ਢੰਗ ਨਾਲ ਪੇਸ਼ਕਾਰੀ ਨਹੀਂ ਕਰਦੇ ਪਰ ਇਹ ਭਗਤੀ ਦੇ ਅਨੇਕ ਅੰਗਾਂ ਦੇ ਉਪ ਅੰਗਾਂ ਦੀ ਭਾਵਾਤਮਕ ਅਭਿਵਿਅਕਤੀ ਜ਼ਰੂਰ ਕਰਦੇ ਹਨ ਅਤੇ 'ਭਗਤੀ' ਦੇ ਸੰਕਲਪ ਦੇ ਬੀਜ ਵੇਦਾਂ ਦੀ ਮਿੱਟੀ ਵਿਚ ਹੀ ਪ੍ਰਫੁੱਲਿਤ ਹੁੰਦੇ ਹਨ। ਉਪਨਿਸ਼ਦ ਵੇਦਾਂ ਦੇ ਗੂੜ੍ਹਤਮ ਤੱਤਵਾਂ ਦਾ ਵਿਵੇਚਨ ਕਰਦੇ ਹਨ ਅਤੇ ਵੈਦਿਕ ਸੰਹਿਤਾਵਾਂ ਵਿਚ ਨਿਹਿਤ ਦਰਸ਼ਨ ਦੀ ਵਿਆਖਿਆ ਕਰਦੇ ਹਨ।" (64.) ਵੇਦਾਂ ਤੋਂ ਬਾਅਦ ਪੌਰਾਣਿਕ ਸਾਹਿਤ ਦੀ ਅਮੀਰ ਪਰੰਪਰਾ ਸਾਹਮਣੇ ਆਉਂਦੀ ਹੈ । ਇਨ੍ਹਾਂ ਦੀ ਗਿਣਤੀ ਅਠਾਰਾਂ ਹੈ। ਭਾਰਤੀ ਪੁਰਾਣ ਸਾਹਿਤ ਵਿਚੋਂ 'ਭਾਗਵਤ ਪੁਰਾਣ' ਅਜਿਹਾ ਗ੍ਰੰਥ ਹੈ, ਜਿਸ ਦਾ ਸਬੰਧ ਭਗਤੀ ਨਾਲ ਜੋੜਿਆ ਜਾਂਦਾ ਹੈ।"ਭਗਤੀ ਦੀ ਸ਼ੁਰੂਆਤ ਅੱਠਵੀਂ ਜਾਂ ਨੌਵੀਂ ਸਦੀ ਵਿਚ ਹੋਈ ਮੰਨੀ ਜਾਂਦੀ ਹੈ। ਇਸ ਦੇ ਪ੍ਰਮਾਣ ਵਿਸ਼ਨੂੰ, ਕੂਰਮ, ਵਾਯੂ ਅਤੇ ਸ਼ਿਵ ਪੁਰਾਣਾਂ ਵਿਚ ਵੀ ਮਿਲਦੇ ਹਨ। ਮਗਰ, ਭਾਗਵਤ ਦੇ ਸਮੇ ਜਿਸ ਭਗਤੀ ਦਾ ਪ੍ਰਚਾਰ ਹੋਇਆ, ਉਸ ਅਨੁਸਾਰ ਜਨਤਾ ਇਹ ਮੰਨਣ ਲੱਗ ਪਈ ਸੀ ਕਿ ਯੱਗਾਂ ਦੇ ਮੁਕਾਬਲੇ ਭਗਵਾਨ ਨੂੰ ਖ਼ੁਸ਼ ਕਰਨ ਲਈ ਸਹੀ ਮਾਰਗ ਇਹੀ ਹੈ ਕਿ ਉਸਦੀ ਸ਼ਰਨ ਗ੍ਰਹਿਣ ਕਰੀਏ।" (76.) ਭਗਤੀ ਦੇ ਹਵਾਲੇ ਨਾਲ ਰਾਮਧਾਰੀ ਸਿੰਘ ਦਿਨਕਰ ਲਿਖਦੇ ਹਨ,"ਭਾਗਵਤ ਪੁਰਾਣ ਅਨੁਸਾਰ ਮਨੁੱਖ ਦੇ

ਪਰਮ ਪੁਰਸ਼ਾਰਥ ਤੇ ਕਲਿਆਣ ਦਾ ਇਕ ਮਾਤਰ ਸਾਧਨ ਭਗਤੀ ਹੈ ਜੋ ਨਾ ਸਿਰਫ ਸਭ ਤੋਂ ਸੁਗਮ ਹੈ ਸਗੋਂ ਹਰ ਇਕ ਵਿਅਕਤੀ ਲਈ ਸੁਲੱਭ ਵੀ ਹੈ।" (*ਸਭਿਆਚਾਰ ਕੇ ਚਾਰ ਅਧਿਆਇ* 423-424.)

ਇਹ ਆਮ ਪ੍ਰਚੱਲਿਤ ਧਾਰਨਾ ਹੈ ਕਿ ਕੇਵਲ ਵੈਸ਼ਨਵ ਮੱਤ ਰਾਹੀਂ ਹੀ ਭਗਤੀ ਲਹਿਰ ਦੀ ਉਤਪੱਤੀ ਹੋਈ ਹੈ ਕਿਉਂਕਿ ਇਸ ਮੱਤ ਦੇ ਜ਼ਿਆਦਾਤਰ ਭਗਤ ਵਿਸ਼ਨੂੰ ਅਤੇ ਉਸਦੇ ਅਵਤਾਰਾਂ ਦੀ ਚਰਚਾ ਆਪਣੀਆਂ ਰਚਨਾਵਾਂ ਅੰਦਰ ਕਰਦੇ ਹਨ। ਕਈ ਇਤਿਹਾਸਕਾਰ ਵੀ ਇਸ ਵਿਚਾਰ ਦੇ ਹਾਮੀ ਹਨ ਕਿ ਵੈਸ਼ਨਵ ਮੱਤ ਰਾਹੀਂ ਭਗਤੀ ਦਾ ਪ੍ਰਚਾਰ ਹੋਇਆ ਅਤੇ ਗੁਪਤ ਵੰਸ਼ ਦੇ ਸਮਰਾਟ ਵੀ ਇਸ ਦੇ ਪੈਰੋਕਾਰ ਸਨ। ਇਸ ਦੇ ਨਾਲ ਯੂਰਪੀਅਨ ਵਿਦਵਾਨ ਵੈਬਰ ਅਤੇ ਗ੍ਰੀਅਰਸਨ ਇਹ ਦਾਅਵਾ ਕਰਦੇ ਹਨ ਕਿ ਭਗਤੀ ਈਸਾਈ ਮੱਤ ਦੀ ਦੇਣ ਹੈ। ਜੇਕਰ ਮੱਧਕਾਲੀਨ ਭਾਰਤ ਦੇ ਸਾਹਿਤਿਕ ਇਤਿਹਾਸ ਉੱਪਰ ਨਜ਼ਰ ਮਾਰੀ ਜਾਵੇ ਤਾਂ ਭਗਤੀ ਲਹਿਰ ਨਾ ਸਿਰਫ ਭਾਰਤੀ ਇਤਿਹਾਸ ਸਗੋਂ ਸਮੁੱਚੇ ਭਾਰਤੀ ਸਾਹਿਤ ਦੀ ਅਨਮੋਲ ਪ੍ਰਾਪਤੀ ਨਜ਼ਰ ਆਉਂਦੀ ਹੈ। ਇਸ ਲਹਿਰ ਨੇ ਨਾ ਕੇਵਲ ਇਸਲਾਮ ਦੇ ਵਧਦੇ ਕਦਮਾਂ ਨੂੰ ਠੱਲ੍ਹ ਪਾਈ ਸਗੋਂ ਜਾਤ-ਪਾਤ ਦੇ ਥਪੇੜੇ ਝੱਲ ਰਹੇ, ਬੁੱਧ ਅਤੇ ਜੈਨ ਮੱਤ ਨਾਲ ਜੂਝਦੇ ਹਿੰਦੂ ਧਰਮ ਲਈ ਸੰਜੀਵਨੀ ਬੂਟੀ ਦਾ ਕੰਮ ਕੀਤਾ। ਇਸ ਲਹਿਰ ਨਾਲ ਜੁੜੇ ਭਗਤਾਂ ਨੇ ਵੱਖ-ਵੱਖ ਸਾਧਨ, ਵਿਧੀਆਂ, ਗਿਆਨ, ਯੋਗ ਅਤੇ ਕਰਮ ਦੀ ਥਾਂ ਭਗਤੀ ਨੂੰ ਪ੍ਰਧਾਨਤਾ ਦਿੰਦੇ ਹੋਏ ਇਸ ਨੂੰ ਕਲਯੁੱਗ ਵਿਚ ਮਨੁੱਖ ਲਈ ਮੁਕਤੀ ਦਾ ਸਾਧਨ ਦੱਸਿਆ ਹੈ। ਇਸੇ ਕਾਰਨ ਇਹ ਲਹਿਰ ਭਗਤੀ ਲਹਿਰ ਅਖਵਾਈ ਅਤੇ ਇਸ ਦੇ ਨਾਲ ਜੁੜੇ ਸੰਤ-ਜਨ ਭਗਤ ਅਖਵਾਏ।"ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ ਭਜ ਸੇਵਾਯਾਮ ਤੋਂ ਆਇਆ ਹੈ ਜਿਸ ਨਾਲ ਕਤਿਨ ਪ੍ਰਤਯ ਜੁੜਦਾ ਹੈ, ਜਿਸ ਦਾ ਅਰਥ ਹੈ ਸੇਵਾ ਕਰਨਾ, ਪ੍ਰੇਮ ਪੂਰਬਕ ਪੂਜਾ ਕਰਨਾ ਆਦਿ।" (ਸ਼ਰਮਾ. *ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ* 86.) ਭਾਰਤ ਦੀ ਸੱਭਿਅਤਾ ਅਤੇ ਫ਼ਲਸਫ਼ੇ ਦੇ ਸਭ ਤੋਂ ਪੁਰਾਣੇ ਸਰੋਤ ਵੇਦਾਂ ਅਤੇ ਉਪਨਿਸ਼ਦਾਂ ਵਿਚ ਵੀ ਭਗਤੀ ਦੀ ਅਣਹੋਂਦ ਨਹੀਂ, ਬੇਸ਼ੱਕ ਉਨ੍ਹਾਂ ਵਿਚ ਭਗਤੀ ਸ਼ਬਦ ਪ੍ਰਤੱਖ ਤੌਰ ਤੇ ਨਾ ਵੀ ਆਇਆ ਹੋਵੇ। ਗੁਰੂ ਨਾਨਕ ਜੀ ਵੀ ਇਸ ਸਬੰਧੀ ਸੰਕੇਤ ਕਰਦੇ ਹਨ :

ਬੇਦੁ ਪੁਕਾਰੈ ਭਗਤਿ ਸਰੋਤਿ॥

ਸੁਣਿ ਸੁਣਿ ਮਾਨੇ ਵੇਖੇ ਜੋਤਿ॥

ਸਾਸਤ੍ਰ ਸਿਮ੍ਰਿਤਿ ਨਾਮ ਦ੍ਰਿੜਾਮੰ॥

ਗੁਰਮੁਖਿ ਸਾਂਤਿ ਊਤਮ ਕਰਾਮੰ॥ (*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 831)

ਇਸ ਤਰ੍ਹਾਂ ਵਕਤ ਦੇ ਨਾਲ ਭਾਵੇਂ ਭਗਤੀ ਦੇ ਪ੍ਰਕਾਰ ਅਤੇ ਲੱਛਣ ਬਦਲਦੇ ਗਏ ਪਰੰਤੂ ਵੇਦਾਂ ਤੋਂ ਆਰੰਭ ਹੋਈ ਭਗਤੀ ਦੀ ਲਹਿਰ ਉਪਨਿਸ਼ਦਾਂ, ਪੁਰਾਣਾਂ, ਭਗਤੀ ਸੂਤਰਾਂ ਰਾਹੀਂ ਨਿਰੰਤਰ ਅੱਗੇ ਵਧਦੀ ਗਈ। ਬਹੁਤ ਸਾਰੇ ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਮੱਧਕਾਲੀਨ ਭਗਤੀ ਪਰੰਪਰਾ ਦੀ ਸ਼ੁਰੂਆਤ ਸਹੀ ਅਰਥਾਂ ਵਿਚ ਦੱਖਣ ਤੋਂ 'ਆਲਵਾਰ' ਅਤੇ 'ਆਡਿਆਰ' ਭਗਤਾਂ ਰਾਹੀਂ ਹੋਈ ਹੈ।'ਆਲਵਾਰ' ਵਿਸ਼ਨੂੰ ਦੀ ਅਰਾਧਨਾ ਕਰਦੇ ਸਨ ਅਤੇ ਵੈਸ਼ਨਵ ਅਖਵਾਉਂਦੇ ਸੀ ਜਦਕਿ 'ਆਡਿਆਰ' ਭਗਤਾਂ ਨੂੰ ਸ਼ਿਵ ਭਗਤੀ ਕਾਰਨ ਸ਼ੈਵ ਕਿਹਾ ਜਾਂਦਾ ਸੀ। ਉੱਤਰੀ ਭਾਰਤ ਵਿਚ ਇਸ ਸਮੇ ਦੌਰਾਨ ਸ਼ੰਕਰਾਚਾਰੀਆ ਦਾ ਅਦਵੈਤਵਾਦ ਜ਼ੋਰ ਪਕੜ ਰਿਹਾ ਸੀ, ਜਿਨ੍ਹਾਂ ਦਾ ਮੱਤ ਸੀ 'ਬ੍ਰਹਮ ਸਤਯਮ ਜਗਤ ਮਿਥਿਆ ਜੀਵੋ ਬ੍ਰਹਮੈਵ ਨਾਪਰਾਹ' ਅਰਥਾਤ 'ਬ੍ਰਹਮ ਸੱਤ ਹੈ, ਜਗਤ ਮਿੱਥਿਆ ਹੈ, ਜੀਵ ਬ੍ਰਹਮ ਹੀ ਹੈ, ਜੀਵ ਬ੍ਰਹਮ ਤੋਂ ਕਿਸੇ ਤਰ੍ਹਾਂ ਭਿੰਨ ਨਹੀਂ ਹੈ।' ਇੱਥੇ ਜੀਵ ਅਤੇ ਬ੍ਰਹਮ ਨੂੰ ਇਕ ਮੰਨਿਆ ਗਿਆ ਹੈ ਪਰ ਕੁਝ ਸੰਤਾਂ ਦਾ ਵਿਚਾਰ ਸੀ ਕਿ ਭਗਤੀ ਵਿਚ ਜੀਵ ਅਤੇ ਬ੍ਰਹਮ ਦੋਹਾਂ ਦਾ ਵੱਖ-ਵੱਖ ਹੋਣਾ ਜ਼ਰੂਰੀ ਹੈ ਤਾਂ ਹੀ ਕੋਈ ਭਗਤ ਭਗਵਾਨ ਦੀ ਭਗਤੀ ਕਰ ਸਕਦਾ ਹੈ।

ਸ਼ੰਕਰਾਚਾਰੀਆ ਦੇ ਅਦਵੈਤਵਾਦ ਨੇ ਜਿੱਥੇ ਹਿੰਦੂ ਧਰਮ ਨੂੰ ਮੁੜ ਆਪਣੀਆਂ ਜੜਾਂ ਨਾਲ ਜੋੜਿਆ, ਉੱਥੇ ਉਨ੍ਹਾਂ ਦੇ ਅਦਵੈਤਵਾਦ ਦੇ ਸਿਧਾਂਤ ਨੇ ਚਾਰ ਨਵੇਂ ਸੰਪ੍ਰਦਾਇਆਂ ਨੂੰ ਪ੍ਰਤੀਕਰਮ ਵਜੋਂ ਪੈਦਾ ਹੋਣ ਦਾ ਮੌਕਾ ਵੀ ਦਿੱਤਾ। ਸ਼ੰਕਰ ਦੇ ਇਸੇ ਅਦਵੈਤਵਾਦ ਦੇ ਪ੍ਰਤੀਕਰਮ ਵਿਚੋਂ ਉੱਤਰ ਭਾਰਤ ਵਿਚ ਪੰਜ ਪ੍ਰਬਲ ਸੰਪ੍ਰਦਾਇ ਉਪਜੇ ਜਿਨ੍ਹਾਂ ਨੇ ਅਗਾਂਹ ਚੱਲਕੇ ਭਗਤੀ-ਭਾਵਨਾ ਦੇ ਸੰਪੂਰਨ ਸਰੂਪ ਨੂੰ ਨਿਸ਼ਚਿਤ ਆਧਾਰ ਦੇਣ ਅਤੇ ਭਗਤੀ ਸਿਧਾਂਤ ਦੀ ਰੂਪ ਰੇਖਾ ਉਘਾੜਨ ਵਿਚ ਯੋਗ ਹਿੱਸਾ

ਪਾਇਆ, ਜਿੰਨਾ ਵਿਚ ਰਾਮਾਨੁਜ ਦਾ ਸ੍ਰੀ ਸੰਪ੍ਰਦਾਇ, ਮਾਧਵਾਚਾਰੀਆ ਦਾ ਬ੍ਰਹਮ ਸੰਪ੍ਰਦਾਇ, ਨਿੰਬਾਰਕ ਦਾ ਸਨਕਾਦਿ ਸੰਪ੍ਰਦਾਇ, ਵਿਸ਼ਨੂੰ ਸੁਆਮੀ ਦਾ ਰੁਦ੍ਰ ਸੰਪ੍ਰਦਾਇ ਅਤੇ ਗਿਆਨੇਸ਼ਵਰ ਦਾ ਵਾਰਕਾਰੀ ਸੰਪ੍ਰਦਾਇ ਹਨ। ਰਾਮਾਨੁਜ ਦਾ ਸ੍ਰੀ ਸੰਪ੍ਰਦਾਇ ਵਿਸ਼ਿਸ਼ਟਾਦਵੈਤਵਾਦੀ ਸੰਪ੍ਰਦਾਇ ਸੀ ਜੋ ਮਾਇਆ ਅਤੇ ਜਗਤ ਦੇ ਮਿੱਥਿਆ ਹੋਣ ਦੇ ਤੱਥ ਨੂੰ ਸਵੀਕਾਰ ਨਹੀਂ ਸੀ ਕਰਦਾ। ਮਾਧਵਾਚਾਰੀਆ ਦਾ ਸੰਪ੍ਰਦਾਇ ਦਵੈਤਵਾਦੀ ਸੀ ਜੋ ਨਿਰਗੁਣ ਬ੍ਰਹਮ ਨੂੰ ਮਿੱਥਿਆ ਮੰਨ ਕੇ ਜੀਵ, ਬ੍ਰਹਮ, ਜਗਤ ਅਤੇ ਜੜ੍ਹ ਪਦਾਰਥਾਂ ਵਿਚ ਵੀ ਦਵੈਤ ਨੂੰ ਮੰਨਦਾ ਸੀ। ਨਿੰਬਾਰਕਾਚਾਰੀਆ ਦਾ ਦਵੈਤਾਦਵੈਤੀ ਸੰਪ੍ਰਦਾਇ ਜੀਵ, ਜਗਤ ਅਤੇ ਬ੍ਰਹਮ ਵਿਚ ਦਵੈਤ ਅਤੇ ਅਦਵੈਤ ਦੋਹਾਂ ਨੂੰ ਸਵੀਕਾਰ ਕਰਦਾ ਸੀ। ਵਿਸ਼ਨੂੰ ਸੁਆਮੀ ਦਾ ਰੁਦਰ ਸੰਪ੍ਰਦਾਇ ਕੁਝ ਹੱਦ ਤੱਕ ਮਾਧਵਾਚਾਰੀਆ ਦੇ ਦਵੈਤ ਸੰਪ੍ਰਦਾਇ ਨਾਲ ਮੇਲ ਖਾਂਦਾ ਸੀ। ਗਿਆਨੇਸ਼ਵਰ ਜੀ ਦਾ ਵਾਰਕਰੀ ਸੰਪ੍ਰਦਾਇ ਅਦਵੈਤਵਾਦੀ ਅਨੰਦ ਦੀ ਅਨੁਭੂਤੀ ਨੂੰ ਸਰਵੋਪਰੀ ਮੰਨਦਾ ਸੀ ਤੇ ਜੀਵਾਤਮਾ ਤੋਂ ਪਰਮਾਤਮਾ ਵਿਚ ਸੁਤੇ-ਸਿੱਧ ਭੇਦ ਸਵੀਕਾਰ ਕਰਦਾ ਸੀ।(ਸਹਿਗਲ. *ਭਗਤੀ ਸਿਧਾਂਤ ਕੇ ਆਧਾਰ ਸ੍ਰੋਤ* 83.)

ਇਨ੍ਹਾਂ ਸਾਰੀਆਂ ਸੰਪਰਦਾਵਾਂ ਦੇ ਆਚਾਰੀਆਂ ਨੇ ਭਗਤੀ ਮਾਰਗ ਨੂੰ ਸੁਖੈਨ ਅਤੇ ਸੁਲੱਭ ਬਨਾਉਣ ਲਈ ਆਮ ਲੋਕਾਂ ਵਿਚ ਇਸ ਦਾ ਪ੍ਰਚਾਰ-ਪ੍ਰਸਾਰ ਆਰੰਭ ਕੀਤਾ।"ਭਗਤੀ ਦੇ ਆਚਾਰੀਆਂ ਨੇ ਭਗਤੀ ਸਿਧਾਤਾਂ ਦੇ ਸ਼ਾਸਤ੍ਰੀ ਕਰਨ ਵਿਚ ਹੀ ਨਹੀਂ ਸਗੋਂ ਇਸ ਨੂੰ ਜਨ-ਸਧਾਰਨ ਵਿਚ ਲੋਕਪ੍ਰਿਅ ਬਨਾਉਣ ਲਈ ਅਤੁੱਲ ਯੋਗਦਾਨ ਪਾਇਆ।" (ਸ਼ਰਮਾ. *ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ* 119.) ਭਗਤ ਰਾਮਾਨੰਦ ਜੀ ਦਾ ਯੋਗਦਾਨ ਭਗਤੀ ਪਰੰਪਰਾ ਵਿਚ ਸਭ ਤੋਂ ਵੱਧ ਹੈ ਕਿਉਂਕਿ ਆਪ ਜੀ ਦੇ ਕਈ ਸ਼ਿਸ਼ ਭਗਤੀ ਪਰੰਪਰਾ ਵਿਚ ਬਹੁਤ ਵੱਡੇ ਸਥਾਨ ਦੇ ਧਾਰਨੀ ਹਨ। "ਰਾਮਾਨੰਦ ਵੈਸ਼ਨਵ ਮਤ ਦੀ ਸ਼੍ਰੀ ਸੰਪਰਦਾ ਵਿਚੋਂ ਸਨ। ਆਪ ਨੇ ਭਗਤੀ ਦੇ ਦੁਆਰੇ ਹਿੰਦੂ-ਮੁਸਲਮਾਨਾਂ, ਬ੍ਰਾਹਮਣ-ਸੂਦਰ 'ਤੇ ਇਸਤ੍ਰੀ-ਪੁਰਖ ਸਭ ਵਾਸਤੇ ਖੋਲ੍ਹ ਦਿੱਤੇ। ਇਸ ਖੁੱਲ੍ਹਦਿਲੀ ਨੂੰ ਰਾਮਾਨੰਦ ਨੇ ਉੱਤਰੀ ਭਾਰਤ ਵਿਚ ਅੱਗੇ ਤੋਰਿਆ। ਰਾਮਾਨੰਦ ਦਾ ਆਦਰਸ਼ਕ ਪੁਰਖ ਰਾਮਚੰਦਰ ਹੈ ਜੋ ਭੀਲਨੀ ਦੇ ਹੱਥੋਂ ਉਸਦੇ ਜੂਠੇ ਬੇਰ ਵੀ ਖਾ ਜਾਂਦਾ

ਹੈ।"(120.) ਰਾਮਾਨੰਦ ਜੀ ਦੀ ਸ਼ਿਸ਼ ਪਰੰਪਰਾ ਵਿਚੋਂ ਹੀ ਭਗਤ ਕਬੀਰ, ਰਵਿਦਾਸ, ਧੰਨਾ ਆਦਿ ਭਗਤ ਕਵੀ ਹਨ ਜਿਨ੍ਹਾਂ ਦੀ ਰਚਨਾ ਵੀ ਆਪ ਜੀ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। "ਗੀਤਾ ਨੂੰ ਸਮਸਤ ਸ਼ਾਸਤ੍ਰਾਂ ਤੇ ਵਿਸ਼ੇਸ਼ ਕਰਕੇ ਉਪਨਿਸ਼ਦਾਂ ਦਾ ਸਾਰ ਕਿਹਾ ਜਾਂਦਾ ਹੈ। ਭਗਤੀ ਦੇ ਵਿਕਾਸ ਵਿਚ ਗੀਤਾ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਗੀਤਾ ਦੀ ਭਗਤੀ ਹੀ ਭਗਤੀ ਸਿਧਾਂਤ ਦਾ ਮੂਲ ਆਧਾਰ ਹੈ। ਗੀਤਾ ਵਿਚ ਕੁੱਲ ਅਠਾਰਾਂ ਅਧਿਆਇ ਹਨ ਜਿਸ ਵਿਚੋਂ ਸੱਤਵੇਂ ਤੋਂ ਬਾਰ੍ਹਵੇਂ ਅਧਿਆਇ ਭਗਤੀ ਯੋਗ ਨੂੰ ਭਗਤੀ ਦਾ ਜ਼ਿਕਰ ਮਿਲਦਾ ਹੈ। ਗੀਤਾ ਇਸ ਤੱਥ ਨੂੰ ਸਥਾਪਿਤ ਕਰਦੀ ਹੈ ਕਿ ਗਿਆਨ ਯੋਗ, ਧਿਆਨ ਯੋਗ, ਅਸ਼ਟਾਗ ਯੋਗ, ਕਰਮਯੋਗ ਆਦਿ ਵਿਚੋਂ ਭਗਵਦ-ਭਗਤੀ ਹੀ ਸ੍ਰੇਸ਼ਠ ਹੈ।"(ਨਿਰਭੈ ਸਿੰਘ. *ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ* 92.) ਗੀਤਾ ਦੇ ਗੂੜ੍ਹ ਰਹੱਸਾਂ ਨੂੰ ਆਮ ਜਨਤਾ ਤੱਕ ਪਹੁੰਚਾਉਣ ਲਈ ਵੱਖ-ਵੱਖ ਵਿਦਵਾਨਾਂ ਨੇ ਸੂਤਰਾਂ ਦੀ ਰਚਨਾ ਕੀਤੀ। "ਮਹਾਂਰਿਸ਼ੀ ਸ਼ਾਂਡਿਲਯ ਨੇ 'ਭਗਤੀ ਸੂਤਰ' ਨਾ ਦੀ ਰਚਨਾ ਲਿਖੀ ਜਿਸ ਦਾ ਉਦੇਸ਼ ਭਗਵਤ ਗੀਤਾ ਅਤੇ ਹੋਰ ਸ਼ਰੁਤੀਆਂ ਜਨਸਧਾਰਨ ਨੂੰ ਸਮਝਾਉਣਾ ਸੀ। ਭਗਤੀ ਸੂਤਰ ਵਿਚ ਤਿੰਨ ਅਧਿਆਇ ਹਨ ਅਤੇ ਹਰ ਅਧਿਆਇ ਦੇ ਅੱਗੋਂ ਦੋ ਭਾਗ ਹਨ ਜਿਨ੍ਹਾਂ ਨੂੰ 'ਅਹਿਨਿਕਾ' ਕਿਹਾ ਜਾਂਦਾ ਹੈ।" (ਸ਼ਰਮਾ. *ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ* 86.) ਭਗਤੀ ਮਾਰਗ ਪ੍ਰੇਮ ਦਾ ਮਾਰਗ ਹੈ ਇਸ ਵਿਚ ਗਿਆਨ ਦਾ ਸਥਾਨ ਦੂਜੈਲਾ ਹੈ। ਭਗਤੀ ਗਿਆਨ ਤੋਂ ਉੱਤਮ ਹੈ, ਮੁਕਤੀ ਦੇ ਦੁਆਰ ਖੋਲ੍ਹਦੀ ਹੈ ਅਤੇ ਕਰਮਾਂ ਦੇ ਬੰਧਨ ਨੂੰ ਕੱਟਦੀ ਹੈ। ਭਗਤੀ ਉੱਪਰ ਕਿਸੇ ਵਿਸ਼ੇਸ਼ ਜਾਤੀ, ਧਰਮ ਅਤੇ ਸੰਪਰਦਾਇ ਦਾ ਹੀ ਏਕਾਧਿਕਾਰ ਨਹੀਂ ਹੈ, ਇਸ ਮਾਰਗ ਤੇ ਕੋਈ ਆਮ ਇਨਸਾਨ ਵੀ ਚੱਲ ਸਕਦਾ ਹੈ। ਇਹ ਜਾਤੀ, ਧਰਮ ਆਦਿ ਦੇ ਬੰਧਨਾਂ ਤੋਂ ਮਨੁੱਖ ਨੂੰ ਆਜ਼ਾਦ ਕਰਨ ਦਾ ਮਾਰਗ ਹੈ।"ਭਗਤੀ ਕਿਸੇ ਵਿਸ਼ੇਸ਼ ਜਾਤੀ ਦੀ ਸੰਪਤੀ ਨਹੀਂ ਸਗੋਂ ਸਾਰੀਆਂ ਜਾਤੀਆਂ ਦੇ ਲੋਕਾਂ ਦਾ ਭਗਤੀ ਤੇ ਬਰਾਬਰ ਹੱਕ ਹੈ।"(96.) ਇਸੇ ਧਾਰਨਾ ਨੂੰ ਪ੍ਰਸਾਰਨ ਹਿੱਤ ਭਗਤੀ ਸਿਧਾਤਾਂ ਦੇ ਪ੍ਰਚਾਰ ਲਈ ਉੱਤਰੀ ਅਤੇ ਦੱਖਣੀ ਭਾਰਤ ਵਿਚਲੇ ਭਗਤਾਂ ਨੇ ਵੱਡਮੁੱਲਾ ਯੋਗਦਾਨ ਪਾਇਆ।"ਭਗਤੀ ਸਿਧਾਂਤ ਨੂੰ ਵਿਕਸਤ ਕਰਨ ਵਿਚ ਦੱਖਣ ਦੇ ਆਲਵਾਰ ਭਗਤਾਂ ਤੇ ਸ਼ੈਵ ਆਡਿਆਰਾਂ ਨੇ ਮਹੱਤਵਪੂਰਨ ਹਿੱਸਾ ਪਾਇਆ।"(98.) ਭਗਤੀ ਮਾਰਗ ਨੂੰ ਸਿਧਾਂਤਬੱਧ ਕਰਨ ਵਿਚ ਵੀ ਕਈ ਵਿਦਵਾਨਾਂ ਦਾ ਨਾਮ

ਆਉਂਦਾ ਹੈ। "ਰੂਪ ਗੋਸੁਆਮੀ ਰਚਿਤ 'ਹਰਿਭਕਤੀ ਰਸਾਮ੍ਰਿਤਸਿੰਧੂ' ਮੱਧਕਾਲੀਨ ਕ੍ਰਿਸ਼ਣ ਭਗਤੀ ਦੇ ਸਿਧਾਂਤੀਕਰਨ ਦੇ ਕਾਰਜ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। 1541 ਈਸਵੀ ਵਿਚ ਰਚੇ ਇਸ ਗ੍ਰੰਥ ਦਾ ਟੀਕਾ ਰੂਪ ਗੋਸੁਆਮੀ ਨੇ ਕੀਤਾ। ਨਿਸ਼ਚੇ ਹੀ ਰੂਪ ਗੋਸੁਆਮੀ ਦਾ 'ਹਰਿਭਕਤੀ ਰਸਾਮ੍ਰਿਤਸਿੰਧੂ' ਨਾਮੀ ਗ੍ਰੰਥ ਭਗਤੀ ਸਿਧਾਂਤ ਦਾ ਇਕ ਮਹਾਨ ਆਧਾਰ-ਸ੍ਰੋਤ ਹੈ।" (99.) ਵਿਆਖਿਆ ਸਿਧਾਂਤ ਅਨੁਸਾਰ ਕਿਸੇ ਰਚਨਾ ਦੇ ਅਰਥਾਂ ਤੱਕ ਪੁੱਜਣ ਲਈ ਪਹਿਲੀ ਜ਼ਰੂਰੀ ਗੱਲ ਪਾਠ-ਪੁਸਤਕ ਜਾਂ ਖਰੜਾ ਪ੍ਰਮਾਣਿਕ ਹੋਣਾ ਚਾਹੀਦਾ ਹੈ। ਉੱਤਰੀ ਭਾਰਤ ਦੇ ਭਗਤਾਂ ਦੇ ਸਬੰਧ ਵਿਚ ਇਹ ਗੱਲ ਧਿਆਨਯੋਗ ਹੈ ਕਿ ਉਨ੍ਹਾ ਦੀ ਬਾਣੀ ਦੀ ਪ੍ਰਮਾਣਿਕਤਾ ਦੀ ਸਮੱਸਿਆ ਬਹੁਤ ਗੁੰਝਲਦਾਰ ਹੈ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾ ਦੀਆਂ ਬਾਣੀਆਂ ਬਾਰੇ ਨਿੱਜੀ ਹੱਥ ਲਿਖਤਾਂ ਸਾਡੇ ਪਾਸ ਉਪਲੱਭਧ ਨਹੀਂ ਹਨ। ਰਾਜਸਥਾਨ ਵਿਚ ਮੱਧਕਾਲੀਨ ਭਗਤਾਂ ਦੀਆਂ ਬਾਣੀਆਂ ਨੂੰ ਪਾਂਡੂ ਲਿੱਪੀਆਂ ਵਿਚ ਸੁਰੱਖਿਅਤ ਰੱਖਣ ਦਾ ਵਧੇਰੇ ਯੋਗਦਾਨ ਦਾਦੂ ਪੰਥੀ ਸਾਧੂਆਂ ਦਾ ਹੈ। ਜੈਪੁਰ ਅਤੇ ਇਸਦੇ ਪਾਸ ਨਰੈਣਾ ਵਿਖੇ ਇਨ੍ਹਾ ਦਾ ਦਾਦੂ ਦੁਆਰਾ ਹੈ। ਇੱਥੇ ਦਾਦੂ ਸਾਹਿਤ ਤੋਂ ਇਲਾਵਾ ਹੋਰ ਭਗਤਾਂ ਦੀਆਂ ਪਾਂਡੂ ਲਿਪੀਆਂ ਦਾ ਭੰਡਾਰ ਵੀ ਸੰਭਾਲਿਆ ਪਿਆ ਹੈ। ਦਾਦੂ ਨੇ ਆਪਣੀ ਨਿਗਰਾਨੀ ਅਧੀਨ ਸੰਨ 1603 ਈ: ਵਿਚ 'ਸਰਬੰਗੀਆਂ' ਦਾ ਸੰਕਲਨ ਆਪਣੇ ਚੇਲੇ ਰਜਬ ਤੇ ਗੋਪਾਲਦਾਸ ਤੋਂ ਕਰਵਾਇਆ। ਇਸ ਵਿਚ ਦਾਦੂ, ਦਿਆਲ, ਕਬੀਰ, ਨਾਮਦੇਵ, ਰਵਿਦਾਸ, ਹਰਿ ਦਾਸ, ਸਿੱਧਾਂ ਅਤੇ ਹੋਰ ਸੂਫ਼ੀ ਫ਼ਕੀਰਾਂ ਦੀ ਬਾਣੀ ਹੈ। ਇਸ ਤੋਂ ਬਾਅਦ ਇਸਦੀਆਂ ਦੀਆਂ ਹੋਰ ਕਾਪੀਆਂ ਹੋਂਦ ਵਿਚ ਆਈਆਂ। 'ਸਰਬੰਗੀਆਂ' ਮੱਧਕਾਲ ਦੇ ਅਧਿਆਤਮਕ ਤੇ ਸਮਾਜਿਕ ਭੰਡਾਰ ਦਾ ਅਨਮੋਲ ਖ਼ਜ਼ਾਨਾ ਹੈ। ਇਸ ਨੂੰ ਆਧਾਰ ਬਣਾ ਕੇ ਉੱਤਰੀ ਭਾਰਤ ਦਾ ਸਭਿਆਚਾਰਕ ਚਿੱਤਰ ਤਿਆਰ ਕੀਤਾ ਜਾ ਸਕਦਾ ਹੈ। ਇਸ ਗ੍ਰੰਥ ਵਿਚ ਕਬੀਰ ਨੂੰ ਸਭ ਤੋਂ ਵੱਧ ਮਹੱਤਤਾ ਦਿੱਤੀ ਗਈ ਹੈ। ਉਹ ਨਿਰਗੁਣ ਭਗਤੀ ਦੇ ਸਭ ਤੋਂ ਵੱਡੇ ਭਗਤ ਸਨ। ਉਨ੍ਹਾ ਤੋਂ ਬਾਅਦ ਦਾਦੂ ਜੀ ਦਾ ਸਥਾਨ ਹੈ। ਇਸ ਨਾਲ ਇਹ ਸਿੱਧ ਹੁੰਦਾ ਹੈ ਕਿ ਕਬੀਰ ਜੀ ਉੱਤਰੀ ਭਾਰਤ ਦੀ ਭਗਤੀ ਲਹਿਰ ਉੱਤੇ ਛਾਏ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕਬੀਰ ਜੀ ਦੀ ਬਾਣੀ ਹੋਰ ਭਗਤਾਂ ਨਾਲੋਂ ਜ਼ਿਆਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਕਬੀਰ ਜੀ ਦੀ ਰਚਨਾ ਵਿਚਲੀ ਚੇਤਨਾ ਨੇ ਆਮ ਲੋਕਾਂ ਨੂੰ ਚੇਤੰਨ ਕੀਤਾ। ਇਹ ਗੱਲ ਤਾਂ ਸਪੱਸ਼ਟ ਹੈ

ਕਿ ਇਨ੍ਹਾ ਭਗਤਾਂ ਦੇ ਨਿੱਜੀ ਹੱਥ ਲਿਖਿਤ ਪਦੇ ਕਿਤੇ ਵੀ ਨਹੀਂ ਮਿਲਦੇ। ਜਿਸ ਤਰਾਂ ਵੈਦਿਕ ਪਰੰਪਰਾ ਵਿਚ ਮੰਤਰਾਂ ਨੂੰ ਕੰਠ ਕਰ ਲਿਆ ਜਾਂਦਾ ਸੀ ਉਸੇ ਤਰਾਂ ਭਗਤਾਂ ਦੇ ਮੁੱਖ ਚੋਂ ਨਿਕਲੇ ਬੋਲਾਂ ਨੂੰ ਸ਼ਰਧਾਲੂ ਕੰਠ ਕਰ ਲਿਆ ਕਰਦੇ ਸਨ। ਬ੍ਰਾਹਮਣ ਆਪਣੇ ਗਿਆਨ ਦੀ ਉੱਤਮਤਾ ਸਾਬਿਤ ਕਰਨ ਲਈ ਭਗਤਾਂ ਦੀ ਬਾਣੀ ਨੂੰ ਅਨਪੜ੍ਹਾਂ ਅਤੇ ਜਾਹਿਲਾਂ ਦੀ ਬਾਣੀ ਕਹਿੰਦੇ ਸਨ। ਇਸ ਲਈ ਉਸ ਸਮੇਂ ਦੇ ਵਿਦਵਾਨਾਂ ਨੇ ਭਗਤਾਂ ਦੀ ਬਾਣੀ ਤੇ ਕੋਈ ਖ਼ਾਸ ਧਿਆਨ ਨਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤ ਕਵੀ 12ਵੀ. ਤੋਂ 15ਵੀ. ਸਦੀ ਤੱਕ ਹੋਏ ਹਨ। ਉਸ ਸਮੇ ਤੱਕ ਕਾਗ਼ਜ਼ ਵੀ ਹੋਂਦ ਵਿਚ ਨਹੀਂ ਆਇਆ ਸੀ। ਇਸ ਲਈ ਇਸ ਕਾਲ ਵਿਚ ਭਗਤਾਂ ਦੇ ਪਦੇ ਮੌਖਿਕ ਰੂਪ ਵਿਚ ਹੀ ਪ੍ਰਚੱਲਿਤ ਸਨ। ਇਨ੍ਹਾ ਪਦਿਆਂ ਦਾ ਸਰੋਤ ਮੌਖਿਕ ਹੋਣ ਕਰਕੇ ਅਸਲੀ ਮੌਲਿਕ ਬੋਲਾਂ ਦਾ ਪਤਾ ਨਹੀਂ ਲੱਗ ਸਕਦਾ। ਇਨ੍ਹਾ ਵਿਚ ਰਲਾਅ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਅਸੀਂ ਦੇਖਦੇ ਹਾਂ ਕਿ ਪੁਰਾਣ, ਮਹਾਂਭਾਰਤ ਅਤੇ ਹੋਰ ਗ੍ਰੰਥਾਂ ਵਿਚ ਵੀ ਹੋਰ ਰਲਾਅ-ਮਿਲਾਅ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਬਾਣੀ ਦਾ ਸਰੋਤ ਵੀ ਭਾਵੇਂ ਮੌਖਿਕ ਹੀ ਹੈ, ਪ੍ਰੰਤੂ ਇਸ ਦੀ ਪ੍ਰਮਾਣਿਕਤਾ ਗੁਰੂ ਸਾਹਿਬਾਨ ਦੁਆਰਾ ਇਸ ਦੀ ਸੰਪਾਦਨਾ ਕਰਕੇ ਸਵੀਕਾਰ ਕੀਤੀ ਜਾ ਸਕਦੀ ਹੈ। ਭਗਤ ਬਾਣੀ ਉਦਾਸੀਆਂ ਸਮੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕੱਤਰ ਕੀਤੀ। ਜ਼ਾਹਿਰ ਹੈ ਕਿ ਇਹ ਆਪ ਜੀ ਨੇ ਉਨ੍ਹਾਂ ਦੇ ਡੇਰਿਆਂ, ਮੱਠਾਂ, ਸੂਫ਼ੀਆਂ ਦੀਆਂ ਖ਼ਾਨਗਾਹਾਂ ਅਤੇ ਬਜ਼ੁਰਗਾਂ ਜਾਂ ਉਨ੍ਹਾਂ ਦੇ ਉੱਤਰ-ਅਧਿਕਾਰੀਆਂ ਤੋਂ ਪ੍ਰਾਪਤ ਕੀਤੀ ਹੋਵੇਗੀ। ਇਸ ਤੋਂ ਬਾਅਦ ਗੁਰੂ ਜੀ ਨੇ ਆਪਣੀ ਤੀਖਣ ਸੂਝ ਅਤੇ ਵਿਵੇਕ ਦੁਆਰਾ ਭਗਤਾਂ ਦੇ ਸੱਭਿਆਚਾਰਕ ਪ੍ਰਸੰਗ ਨੂੰ ਧਿਆਨ ਗੋਚਰ ਕਰਕੇ ਉਨ੍ਹਾਂ ਦੇ ਪਦਿਆਂ ਨੂੰ ਚੁਣਿਆਂ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਭਗਤਾਂ ਦੀ ਹੋਰ ਬਾਣੀ ਵੀ ਮਿਲਦੀ ਹੈ। ਇਸ ਲਈ ਹੋ ਸਕਦਾ ਹੈ ਕਿ ਉਹ ਬਾਣੀ ਗੁਰੂ ਸਾਹਿਬ ਦੇ ਹੱਥ ਨਾ ਲੱਗੀ ਹੋਵੇ ਜਾਂ ਉਹ ਬਾਣੀ ਗੁਰੂ ਸਾਹਿਬ ਦੇ ਦਾਰਸ਼ਨਿਕ ਸਿਧਾਤਾਂ ਦੇ ਅਨੁਕੂਲ ਨਾ ਹੋਵੇ। ਇਸ ਕਾਰਨ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਨਾ ਮਿਲਿਆ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਨੂੰ ਸਭ ਤੋਂ ਪ੍ਰਮਾਣਿਕ ਮੰਨਿਆਂ ਜਾਂਦਾ ਹੈ। ਜਿਸ ਦੇ ਆਧਾਰ ਤੇ ਇਸ ਨੂੰ ਸ਼ੁੱਧ ਮੰਨ ਕੇ ਵਿਦਵਾਨਾਂ ਦੁਆਰਾ ਆਪਣੇ ਸੰਪਾਦਿਤ ਕੀਤੇ ਪਦਿਆਂ ਨੂੰ ਸੋਧ ਲਿਆ ਗਿਆ। ਇਸ ਦੇ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਦਾਦੂ ਪੰਥੀਆਂ

ਤੋਂ ਬਾਅਦ ਸੰਨ 1604 ਈ. ਦਾ ਆਦਿ ਗ੍ਰੰਥ ਦਾ ਸੰਪਾਦਿਤ ਸੰਕਲਨ ਸਭ ਤੋਂ ਪੁਰਾਣਾ ਹੈ। ਇਸ ਰਚਨਾ ਨੂੰ ਗੁਰੂਆਂ ਨੇ ਸੰਭਾਲ ਕੇ ਰੱਖਿਆ ਇਸ ਲਈ ਇਸ ਵਿਚ ਰਲਾਅ ਪੈਣ ਦੀ ਕੋਈ ਗੁੰਜਾਇਸ਼ ਨਹੀਂ ਹੈ।"ਭਾਰਤ ਦੀ ਭਗਤੀ ਪਰੰਪਰਾ ਬੜੀ ਪ੍ਰਾਚੀਨ ਪਰੰਪਰਾ ਹੈ, ਜਿਸਦਾ ਸਿੱਧਾ ਸਬੰਧ ਵੇਦਾਂ, ਉਪਨਿਸ਼ਦਾਂ, ਪੁਰਾਣਾ, ਸ਼੍ਰੀ ਮਦਭਾਗਵਤ ਗੀਤਾ, ਨਾਰਦ ਭਗਤੀ ਸੂਤਰਾਂ, ਸ਼ਾਂਡਿਲਯ ਭਗਤੀ ਸੂਤਰ ਨਾਲ ਜਾ ਜੁੜਦਾ ਹੈ। ਉੱਤਰ ਭਾਰਤ ਦੀ ਸਰਗੁਣ ਅਤੇ ਨਿਰਗੁਣ ਭਗਤੀ ਕਾਵਿ ਧਾਰਾ ਨੇ ਦੱਖਣ ਦੇ ਭਗਤੀ ਆਚਾਰੀਆਂ ਆਡਿਆਰ ਅਤੇ ਆਲਵਾਰ ਸੰਤਾਂ ਤੋਂ ਭਗਤੀ ਦਾ ਤੱਤ ਗ੍ਰਹਿਣ ਕੀਤਾ ਹੈ। ਉੱਤਰੀ ਭਾਰਤ ਵਿਚ ਭਗਤੀ ਨੂੰ ਲਹਿਰ ਦੇ ਰੂਪ ਵਿਚ ਪ੍ਰਵਰਤਿਤ ਕਰਨ ਵਾਲੇ ਸਵਾਮੀ ਰਾਮਾਨੰਦ ਜੀ ਦੱਖਣ ਦੇ ਆਚਾਰੀਆ ਰਾਮਾਨੁਜ ਦੇ ਅਨੁਯਾਈ ਸਨ, ਪਰ ਉਨ੍ਹਾ ਵੱਲੋਂ ਚਲਾਈ ਇਹ ਭਗਤੀ ਲਹਿਰ ਦੱਖਣ ਦੀ ਭਗਤੀ ਲਹਿਰ ਤੋਂ ਕਈ ਗੱਲਾਂ ਵਿਚ ਭਿੰਨ ਹੈ। ਜਿਵੇਂ ਉੱਤਰ ਭਾਰਤ ਦੀ ਭਗਤੀ ਲਹਿਰ ਵਰਣ-ਆਸ਼ਰਮ ਤੇ ਬ੍ਰਾਹਮਣਵਾਦ ਦੀ ਜਕੜ ਤੋਂ ਪੂਰੀ ਤਰ੍ਹਾਂ ਮੁਕਤ ਸੀ। ਇਹ ਲਹਿਰ 'ਪੰਡਿਤ' ਦੀ ਥਾਂ ਤੇ 'ਸੰਤ' ਦੇ ਮਹੱਤਵ ਨੂੰ ਸਥਾਪਿਤ ਕਰਦੀ ਸੀ। ਇਸ ਲਹਿਰ ਨਾਲ ਜੁੜੇ ਅਨੁਯਾਈ ਹਰ ਧਰਮ ਤੇ ਜਾਤੀ ਨਾਲ ਸਬੰਧਿਤ ਸਨ ਜਿਸ ਕਾਰਨ ਇਸ ਭਗਤੀ ਲਹਿਰ ਨੇ ਭਾਰਤ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹਣ ਦਾ ਅਨੋਖਾ ਕਾਰਜ ਕੀਤਾ।"(111.) ਭਗਤੀ ਦਾ ਪ੍ਰਗਟਾਵਾ ਸਰੀਰ ਤੋਂ ਆਰੰਭ ਹੁੰਦਾ ਹੋਇਆ ਆਤਮਾ ਤੱਕ ਪਹੁੰਚਦਾ ਹੈ। ਇਸ ਨੂੰ ਪਰਿਭਾਸ਼ਿਤ ਕਰਨਾ ਗੂੰਗੇ ਦੇ ਗੁੜ ਖਾਣ ਵਾਲੀ ਗੱਲ ਹੈ। ਅਸਲ ਵਿਚ ਭਗਤੀ ਮਾਰਗ ਕਰਮ ਅਤੇ ਗਿਆਨ ਮਾਰਗ ਨਾਲੋਂ ਵੱਖਰਾ ਮਾਰਗ ਹੈ। ਇਸ ਵਿਚ ਪ੍ਰਭੂ ਦੀ ਕ੍ਰਿਪਾ ਨੂੰ ਸਭ ਨਾਲੋਂ ਸ੍ਰੇਸ਼ਟ ਮੰਨਿਆਂ ਗਿਆ ਹੈ। ਭਗਤ ਵਾਸਤੇ ਗੁਰੂ ਦੀ ਅਗਵਾਈ ਦੀ ਲੋੜ ਨੂੰ ਲਾਜ਼ਮੀ ਦਰਸਾਇਆ ਗਿਆ ਹੈ। ਭਗਤ ਗੁਰੂ ਦੀ ਸ਼ਰਨ ਵਿਚ ਆ ਕੇ ਪ੍ਰਮਾਤਮਾ ਨਾਲ ਨਾਤਾ ਜੋੜਦਾ ਹੈ। ਵਿਦਵਾਨਾਂ ਨੇ ਭਗਤੀ ਦੇ ਬੀਜ ਨੂੰ ਵੇਦਾਂ ਵਿਚੋਂ ਲੱਭਣ ਦਾ ਯਤਨ ਕੀਤਾ ਹੈ। ਦਰਅਸਲ ਸ਼ੁੱਧ ਰੂਪ ਵਿਚ ਭਗਤੀ ਦਾ ਨਿਰੂਪਣ ਉਪਨਿਸ਼ਦ ਕਾਲ ਤੋਂ ਆਰੰਭ ਹੁੰਦਾ ਹੈ। ਇਸ ਕਾਲ ਤੋਂ ਅੱਗੇ ਲੰਘਕੇ ਭਗਤੀ ਦਾ ਸਰੂਪ ਅਤੇ ਸਬੰਧ ਜਾਤੀ ਵਰਗ ਅਨੁਸਾਰ ਹਰ ਇਕ ਦਾ ਆਪਣੇ ਢੰਗ ਦਾ ਹੁੰਦਾ ਸੀ।'ਮੁਕਤੀ' ਦਾ ਸਬੰਧ ਨਿੱਜੀ ਸੀ, ਸ਼ੂਦਰ ਵੀ ਆਪਣੇ ਧਰਮ ਵਿਚ ਰਹਿ ਕੇ ਭਗਤੀ ਦੁਆਰਾ ਮੁਕਤੀ ਹਾਸਲ ਕਰਨ ਲਈ ਆਜ਼ਾਦ ਹੋਇਆ ਕਰਦਾ ਸੀ। ਇਸ ਸਰੂਪ ਵਿਚ ਕਰਮ-ਕਾਂਡ ਅਤੇ ਪੂਜਾ ਅਰਚਨਾ ਦੀਆਂ

ਸਾਧਨਾਵਾਂ ਇੱਕ ਦੂਜੇ ਨਾਲ ਸਮਵਿੱਥ ਚਲਦੀਆਂ ਰਹੀਆਂ। ਧਰਮ ਦੇ ਸ਼ੁਰੂ ਵਿਚ ਜੋ ਭਾਵਨਾਵਾਂ ਕਾਰਜਵੰਤ ਰਹੀਆਂ, ਉਨ੍ਹਾਂ ਦੇ ਸਮੂਹ ਨੂੰ ਜੋ ਕਿ ਸਾਰੇ ਮਨੁੱਖਾਂ ਦੀਆਂ ਭਾਵਨਾਵਾਂ ਨਾਲ ਹੈ, ਨੂੰ ਲੋਕ ਧਰਮ ਦਾ ਨਾਮ ਵੀ ਦਿੱਤਾ ਗਿਆ ਹੈ। ਪੂਰਵ ਸੰਸਕ੍ਰਿਤੀ ਤੋਂ ਲੈ ਕੇ ਮਨੁੱਖੀ ਵਿਕਾਸ ਦੇ ਹਰ ਦੌਰ ਵਿਚ ਇਨ੍ਹਾਂ ਭਾਵਨਾਵਾਂ ਨੂੰ ਸੰਸਥਾਗਤ, ਵਿਚਾਰਾਂ, ਕਰਮ-ਕਾਂਡ, ਪੂਜਾ-ਅਰਚਨਾ ਅਤੇ ਪ੍ਰਤੀਕ ਸੰਸਥਾ ਵਿਚ ਘੁਟਿਆ ਹੋਇਆ ਵੇਖਦਾ ਹੈ ਤਾਂ ਉਹ ਆਪਣੀ ਯਾਤਰਾ ਫਿਰ ਮੁੱਢ ਤੋਂ ਸ਼ੁਰੂ ਕਰਦਾ ਹੈ, ਇਸ ਵਰਤਾਰੇ ਨੂੰ ਇਲੀਆਦੇ ਨੇ ਪਿੱਛਲ ਝਾਤ ਮਿੱਥ ਦਾ ਨਾਮ ਦਿੱਤਾ ਹੈ। ਧਰਮ ਦੇ ਮੁੱਢਲੇ ਸਰੂਪ ਬਹੁ-ਦੇਵਵਾਦ ਤੋਂ ਇਕ-ਈਸ਼ਵਰਵਾਦ ਦਾ ਜਨਮ ਹੋਇਆ। ਦੈਵੀ ਸ਼ਕਤੀਆਂ ਅੱਗੇ ਭੈਭੀਤ ਹੋਇਆ ਮਨੁੱਖ ਗਿੜਗਿੜਾਉਂਦਾ ਹੋਇਆ ਪੂਜਾ ਅਰਚਨਾ ਅਤੇ ਉਪਾਸਨਾ ਦੁਆਰਾ ਦੈਵੀ ਸ਼ਕਤੀਆਂ ਨੂੰ ਰਿਝਾਉਣ ਵਾਸਤੇ ਚੇਤੰਨ ਰੂਪ ਵਿਚ ਆਪਣੇ ਸੁੱਖ-ਸਾਧਨਾਂ ਦੀ ਮੰਗ ਵੀ ਕਰਦਾ ਰਿਹਾ ਅਤੇ ਫਿਰ ਉਨ੍ਹਾਂ ਦਾ ਤਿਆਗ ਕਰਕੇ ਆਤਮ-ਆਨੰਦ ਅਤੇ ਮੁਕਤੀ ਦੀ ਭਾਲ ਵਿਚ ਵਿਰਾਟ ਬ੍ਰਹਿਮੰਡ ਵਿਚ ਡੁਬਕੀਆਂ ਲਾਉਂਦਾ ਰਿਹਾ। ਵੈਦਿਕ ਯੁੱਗ ਦਾ ਮਨੁੱਖ ਪ੍ਰਕ੍ਰਿਤੀ ਨਾਲ ਜੁੜਿਆ ਹੋਇਆ ਇਸ ਦੇ ਵਿਕਰਾਲ ਅਤੇ ਸਹਾਇਕ ਸਰੂਪ ਵਾਲੇ ਦੋਹਾਂ ਪੱਖਾਂ ਦੀ ਪੂਜਾ ਕਰਦਾ ਹੈ। ਹੋਮ ਯੱਗ ਇਸੇ ਆਸ਼ੇ ਨੂੰ ਮੁੱਖ ਰੱਖਕੇ ਹੋਂਦ ਵਿਚ ਆਏ ਸਨ।

ਮਾਨਵ ਚੇਤਨਾ ਦੇ ਵਿਕਾਸ ਵਿਚ ਅਗਲਾ ਪੜਾਅ ਮਨੁੱਖ ਦੇ ਸਮਾਜਕ ਪੱਖ ਤੋਂ ਸੰਗਠਿਤ ਹੋਣ ਤੋਂ ਪੈਦਾ ਹੁੰਦਾ ਹੈ। ਕਬੀਲਿਆਂ ਦੀ ਸਥਾਪਤੀ ਨਾਲ ਸਮੂਹ ਦੇ ਰੂਪ ਵਿਚ ਮਨੁੱਖ ਪ੍ਰਕਿਰਤੀ ਤੋਂ ਡਰਨ ਦੀ ਥਾਂ ਉਸ ਦਾ ਡਟ ਕੇ ਮੁਕਾਬਲਾ ਕਰਨ ਵਾਸਤੇ ਇਕ ਜੁੱਟ ਹੋ ਕੇ ਜਥੇਬੰਦੀ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਕਬੀਲਿਆਂ ਦੇ ਮੁਖੀ ਸਥਾਪਿਤ ਹੋਏ, ਇਸ ਵਾਸਤੇ ਬਹੁ ਇਸ਼ਟ ਤੋਂ ਇਕ ਦੇਵ ਦੀ ਭਾਵਨਾ ਨੇ ਜਨਮ ਲਿਆ। ਸਮਾਜ ਦੁਆਰਾ ਮਨੁੱਖ ਪਦਾਰਥਵਾਦੀ ਉੱਨਤੀ ਪ੍ਰਾਪਤ ਕਰਕੇ ਪ੍ਰਕਿਰਤੀ ਅਤੇ ਆਲੇ-ਦੁਆਲੇ ਨਾਲ ਟਕਰਾਓ ਦ੍ਰਿਸ਼ਟੀ ਦੁਆਰਾ ਜੂਝਣ ਲੱਗਾ। ਇਸ ਕਾਰਨ ਉਹ ਵਧੇਰੇ ਗਿਆਨਮਈ ਦਿਸ਼ਾਵਾਂ ਵੱਲ ਵਧਿਆ। ਮੁਕਤੀ ਬਾਰੇ ਵੀ ਉਸ ਨੇ ਗਿਆਨ ਨੂੰ ਆਧਾਰ ਬਣਾਇਆ। ਇਹ ਕਾਲ ਵੇਦਾਂ ਤੋਂ ਬਾਅਦ ਉਪਨਿਸ਼ਦਾਂ ਦਾ ਦੌਰ ਸੀ। ਸਮਾ ਪਾ ਕੇ ਮਨੁੱਖ ਇਸ ਦੌਰ ਤੋਂ ਹੋਰ ਅੱਗੇ ਨਿਕਲਿਆ। ਉਪਨਿਸ਼ਦਾਂ ਦਾ ਗਿਆਨ ਚੋਣਵੇਂ ਲੋਕਾਂ ਤੱਕ ਸੀਮਤ ਸੀ। ਸਧਾਰਨ ਬੰਦੇ ਵਾਸਤੇ ਇਹ ਸਮਝ ਤੋਂ ਬਾਹਰ ਦੀਆਂ ਗੱਲਾਂ

ਸਨ। ਇਸ ਲਈ ਇਸ ਦੇ ਪ੍ਰਤਿਰੋਧ ਵਿਚੋਂ ਪੌਰਾਣਿਕ ਯੁੱਗ ਦਾ ਜਨਮ ਹੋਇਆ। ਮਨੁੱਖ ਵਾਸਤੇ ਕਿਸੇ ਅਜਿਹੇ ਇਸ਼ਟ ਦੀ ਲੋੜ ਹੈ ਜਿਹੜਾ ਉਸ ਦੇ ਦੁੱਖ-ਸੁੱਖ ਦਾ ਪੱਕਾ ਭਾਈਵਾਲ ਹੋਵੇ ਅਤੇ ਮੁਸ਼ਕਿਲ ਸਮੇ ਉਸਦੀ ਸਹਾਇਤਾ ਕਰ ਸਕੇ। ਇਸ ਲੋੜ ਵਿਚੋਂ ਮਨੁੱਖ ਨੇ ਇਸ਼ਟ ਦੀ ਪ੍ਰਾਪਤੀ ਲਈ ਭਗਤੀ ਮਾਰਗ ਉੱਪਰ ਆਪਣੇ ਕਦਮ ਵਧਾਉਣੇ ਸ਼ੁਰੂ ਕਰ ਦਿੱਤੇ। ਇਸ ਸਬੰਧੀ ਡਾ. ਲੱਕੀ ਸ਼ਰਮਾ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ :-

> ਭਾਵੇਂ ਭਗਤੀ ਅੰਦੋਲਨ ਦੇ ਨੇਤਾਵਾਂ ਨੇ ਆਪਣੇ-ਆਪਣੇ ਕਾਲ ਵਿਚ ਆਪਣੇ ਪ੍ਰਦੇਸ਼ਾਂ ਵਿਚ ਆਪਣੇ-ਆਪਣੇ ਸਿਧਾਤਾਂ ਦਾ ਪ੍ਰਚਾਰ ਕੀਤਾ, ਫਿਰ ਵੀ ਉਨ੍ਹਾ ਸਾਰਿਆਂ ਦੇ ਮੌਲਿਕ ਸਿਧਾਂਤ ਕਾਫ਼ੀ ਹੱਦ ਤੱਕ ਇਕ ਦੂਜੇ ਨਾਲ ਮਿਲਦੇ-ਜੁਲਦੇ ਹਨ। ਉਹ ਸਾਰੇ ਪ੍ਰਭੂ-ਭਗਤੀ, ਗੁਰੂ-ਭਗਤੀ, ਆਤਮ-ਸਮਰਪਣ ਅਤੇ ਸਮਾਜਿਕ ਸਮਾਨਤਾ ਤੇ ਜ਼ੋਰ ਦਿੰਦੇ ਹਨ ਅਤੇ ਝੂਠੇ ਰੀਤਿ-ਰਿਵਾਜ਼ਾਂ ਤੇ ਅੰਧ ਵਿਸ਼ਵਾਸਾਂ ਦਾ ਖੰਡਨ ਕਰਦੇ ਸਨ। ਉਨ੍ਹਾ ਦੇ ਮੁੱਖ ਸਿਧਾਤਾਂ ਨੂੰ ਦੋ ਭਾਗਾਂ ਵਿਚ ਵੰਡ ਸਕਦੇ ਹਾਂ।
>
> (ੳ) ਨਿਸ਼ਚਾਤਮਕ ਸਿਧਾਂਤ (Positive Principle)
>
> (ਅ) ਨਿਖੇਧਾਤਮਕ ਸਿਧਾਂਤ (Negative Principle)
>
> (ੳ) ਨਿਸ਼ਚਾਤਮਕ ਸਿਧਾਂਤ (Positive Principle) ਜਿਸ ਵਿਚ ਈਸ਼ਵਰੀ ਏਕਤਾ (One man of God) ਪ੍ਰਭੂ ਭਗਤੀ (Devotion of God) ਆਤਮ ਸਮਰਪਣ (Self surrender) ਸ਼ੁੱਧ ਕਰਮ (Good deeds) ਅਤੇ ਆਪਸੀ ਭਾਈਚਾਰਾ ਤੇ ਭਰਾਤਰੀ ਭਾਵ (Universal brotherhood) ਸ਼ਾਮਲ ਹੈ।
>
> (ਅ) ਨਿਖੇਧਾਤਮਕ ਸਿਧਾਂਤ (Negative Principle) ਜ਼ਾਤ ਪਾਤ ਵਿਚ ਅਵਿਸ਼ਵਾਸ (No belief in cast system) ਮੂਰਤੀ ਪੂਜਾ ਵਿਚ ਅਵਿਸ਼ਵਾਸ (No belief in idol worship) ਖੋਖਲੇ ਰੀਤਿ-ਰਿਵਾਜਾਂ ਵਿਚ ਅਵਿਸ਼ਵਾਸ (No belief in empty Rimalism) ਕਿਸੇ ਵਿਸ਼ੇਸ਼

ਭਾਸ਼ਾ ਦੀ ਪਵਿਤਰਤਾ ਵਿਚ ਅਵਿਸ਼ਵਾਸ (No belief in sanetity of any language)

ਸ਼ਾਮਲ ਹਨ। (131.)

ਭਗਤ ਬਾਣੀ ਦੇ ਇਤਿਹਾਸਕ ਪਰਿਪੇਖ ਤੇ ਨਜ਼ਰ ਮਾਰਿਆਂ ਸਪੱਸ਼ਟ ਹੁੰਦਾ ਹੈ ਕਿ ਇਹ ਭਾਰਤੀ ਗਿਆਨ ਦੀ ਨਿਰੰਤਰਤਾ ਵਿਚੋਂ ਆਕਾਰ ਲੈਂਦੀ ਹੈ। ਵੱਖ-ਵੱਖ ਪੜਾਵਾਂ ਵਿਚੋਂ ਹੁੰਦੀ ਹੋਈ ਇਹ ਧਾਰਾ ਆਪਣੇ ਨਿਵੇਕਲੇ ਸੁਭਾਅ ਨੂੰ ਧਾਰਨ ਕਰਦੀ ਹੋਈ ਅੱਗੇ ਵੱਧਦੀ ਰਹੀ ਹੈ। ਮੱਧਕਾਲੀ ਭਗਤ ਕਵੀ ਕੇਵਲ ਰੱਬ ਦੀ ਭਗਤੀ ਤੱਕ ਹੀ ਸੀਮਿਤ ਨਹੀਂ ਰਹਿੰਦੇ ਸਗੋਂ ਸਮਾਜ ਦੀਆਂ ਵਿਸੰਗਤੀਆਂ ਬਾਰੇ ਵੀ ਬੇਬਾਕੀ ਨਾਲ ਲਿਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਵੀਆਂ ਦੀ ਬਾਣੀ ਆਮ ਲੋਕਾਂ ਦੇ ਭਾਸ਼ਾਈ ਮੁਹਾਵਰੇ ਦੁਆਰਾ ਨਿੱਜ ਤੋਂ ਪਰ ਤੱਕ ਦੀਆਂ ਵਿਸੰਗਤੀਆਂ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਵਿਚ ਆਮ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਦਵੰਦ ਦੀ ਪੇਸ਼ਕਾਰੀ ਹੋਈ ਹੈ।

**1.5.2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਕਵੀ :-**

ਅੱਗੇ ਵੱਧਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਵੀਆਂ ਅਤੇ ਉਨ੍ਹਾਂ ਦੀ ਬਾਣੀ ਬਾਰੇ ਗੱਲ ਕਰਨੀ ਜ਼ਰੂਰੀ ਹੈ। ਇਸ ਲਈ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 15 ਭਗਤ ਕਵੀਆਂ ਦੀ ਬਾਣੀ ਦੇ ਬਿਉਰੇ ਤੇ ਝਾਤ ਪਾ ਲੈਂਦੇ ਹਾਂ। ਨਿਮਨਲਿਖਤ ਵਿਵਰਣ ਵਿਚ ਭਗਤ ਕਬੀਰ ਜਿਨ੍ਹਾਂ ਦੀ ਰਚਨਾ ਸਭ ਤੋਂ ਜ਼ਿਆਦਾ ਗਿਣਤੀ ਵਿਚ ਸ਼ਾਮਿਲ ਹੈ, ਤੋਂ ਲੈ ਕੇ ਭਗਤ ਸੂਰਦਾਸ ਜੀ ਦੀ ਕੇਵਲ ਇੱਕ ਤੁਕ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਤੱਕ ਦਾ ਵਿਵਰਣ ਦਿੱਤਾ ਗਿਆ ਹੈ। ਭਗਤ ਬਾਣੀ ਬਾਰੇ ਅਲੱਗ-ਅਲੱਗ ਵਿਦਵਾਨਾਂ ਦੀਆਂ ਪੁਸਤਕਾਂ ਅੰਦਰ ਕਿਤੇ ਬਾਣੀ ਦੀ ਮਾਤਰਾ ਨੂੰ ਆਧਾਰ ਬਣਾਇਆ ਗਿਆ ਹੈ ਅਤੇ ਕਿਤੇ ਭਗਤ ਕਵੀਆਂ ਦੇ ਜਨਮ ਸਾਲ ਅਨੁਸਾਰ ਤਰਤੀਬ ਦਿੱਤੀ ਗਈ ਹੈ। ਡਾ. ਮਦਨ ਗੋਪਾਲ ਆਚਾਰੀਆ ਦੀ ਭਾਸ਼ਾ ਵਿਭਾਗ ਦੁਆਰਾ 2010 ਵਿਚ ਪ੍ਰਕਾਸ਼ਿਤ ਪੁਸਤਕ 'ਆਦਿ ਗ੍ਰੰਥ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ' ਵਿਚ ਭਗਤ ਕਵੀਆਂ ਦੇ ਜਨਮ ਸਾਲ ਨੂੰ ਤਰਤੀਬ ਦਾ ਆਧਾਰ ਬਣਾਇਆ ਗਿਆ ਹੈ। ਡਾ. ਰਤਨ ਸਿੰਘ ਜੱਗੀ ਦੀਆਂ ਪੁਸਤਕਾਂ ਇਤਿਹਾਸ

ਸ੍ਰੀ ਗੁਰੂ ਗ੍ਰੰਥ ਸਾਹਿਬ (2008) ਅਤੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ (2009) ਅੰਦਰ ਪੰਜਾਬੀ ਵਰਣਮਾਲਾ ਨੂੰ ਆਧਾਰ ਬਣਾ ਕੇ ਭਗਤ ਕਵੀਆਂ ਦਾ ਵਿਵਰਣ ਦਿੱਤਾ ਗਿਆ ਹੈ। ਹੱਥਲੇ ਵਿਵਰਣ ਵਿਚ ਭਗਤ ਕਵੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਤਰਤੀਬ ਅਨੁਸਾਰ ਰੱਖਿਆ ਗਿਆ ਹੈ। ਭਗਤ ਕਵੀਆਂ ਵਿਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 91 ਤੋਂ ਕਬੀਰ ਜੀ ਦੀ ਬਾਣੀ ਦੀ ਸ਼ੁਰੂਆਤ ਹੁੰਦੀ ਹੈ ਅਤੇ ਇਨ੍ਹਾਂ ਤੋਂ ਬਾਅਦ ਚੜ੍ਹਦੇ ਕ੍ਰਮ ਅਨੁਸਾਰ ਅਗਲੇ ਪੰਨਿਆਂ ਵਿਚ ਤ੍ਰਿਲੋਚਨ ਜੀ, ਰਵਿਦਾਸ ਜੀ, ਬੇਣੀ ਜੀ, ਨਾਮਦੇਵ ਜੀ, ਧੰਨਾ ਜੀ, ਫਰੀਦ ਜੀ, ਜੈਦੇਵ ਜੀ, ਭੀਖਣ ਜੀ, ਸੈਣ ਜੀ, ਪੀਪਾ ਜੀ, ਸਧਨਾ ਜੀ, ਰਾਮਾਨੰਦ ਜੀ, ਪਰਮਾਨੰਦ ਜੀ ਅਤੇ ਅਖੀਰ ਵਿਚ ਭਗਤ ਸੂਰਦਾਸ ਜੀ ਦੀ ਰਚਨਾ ਪੰਨਾ 1253 ਤੇ ਦਰਜ ਹੈ। ਇਸ ਪ੍ਰਕਾਰ ਜਿਹੜੇ ਵੀ ਅੰਗ ਤੋਂ ਕਿਸੇ ਭਗਤ ਕਵੀ ਦੀ ਰਚਨਾ ਦੀ ਸ਼ੁਰੂਆਤ ਹੁੰਦੀ ਹੈ, ਨੂੰ ਚੜ੍ਹਦੇ-ਕ੍ਰਮ ਅਨੁਸਾਰ ਆਧਾਰ ਬਣਾਇਆ ਗਿਆ ਹੈ।

**ਭਗਤ ਕਬੀਰ ਜੀ :** ਆਪ ਮੱਧਕਾਲੀਨ ਨਿਰਗੁਣਵਾਦੀ ਭਗਤੀ ਲਹਿਰ ਵਿਚ ਪ੍ਰਮੁੱਖ ਸਥਾਨ ਰੱਖਦੇ ਹਨ। ਆਪ ਦਾ ਜਨਮ ਸੰਨ 1398 ਈ. ਵਿਚ ਹੋਇਆ। ਇਕ ਮਾਨਤਾ ਅਨੁਸਾਰ ਕਿਸੇ ਵਿਧਵਾ ਬ੍ਰਾਹਮਣੀ ਨੇ ਆਪ ਨੂੰ ਜਨਮ ਦੇ ਕੇ ਬਨਾਰਸ ਦੇ ਨੇੜੇ ਲਹਿਰ ਤਾਰਾ ਤਲਾਬ ਦੇ ਕੰਢੇ ਛੱਡ ਦਿੱਤਾ, ਜਿੱਥੋਂ ਆਪ ਜੀ ਨੂੰ ਨੀਰੂ ਨਾਮ ਦੇ ਜੁਲਾਹੇ ਜਿਸ ਦੇ ਕੋਈ ਔਲਾਦ ਨਹੀਂ ਸੀ, ਨੇ ਘਰ ਚੁੱਕ ਲਿਆਂਦਾ। ਨੀਰੂ ਅਤੇ ਉਸਦੀ ਪਤਨੀ ਨੀਮਾ ਨੇ ਆਪ ਨੂੰ ਆਪਣੇ ਪੁੱਤਰ ਦੀ ਤਰ੍ਹਾਂ ਪਾਲਿਆ ਅਤੇ ਆਪ ਦਾ ਨਾਮ ਕਬੀਰ ਰੱਖ ਦਿੱਤਾ। ਕਬੀਰ ਜੀ ਦੇ ਸਮੇ ਇਤਿਹਾਸਕ ਪਰਿਸਥਿਤੀਆਂ ਬਹੁਤ ਉਥਲ-ਪੁਥਲ ਵਾਲੀਆਂ ਸਨ, ਜਿਨ੍ਹਾਂ ਵਿਚ ਕਿਸੇ ਸਮੇ ਵੀ ਰਾਜ ਪਲਟਾ ਹੋ ਸਕਦਾ ਸੀ। ਅਜਿਹੇ ਸਮੇ ਵਿਚ ਆਪ ਨੇ ਸਵਾਮੀ ਰਾਮਾਨੰਦ ਜੀ ਤੋਂ ਗਿਆਨ ਲੈ ਕੇ ਹਿੰਦੂ ਅਤੇ ਮੁਸਲਮਾਨਾਂ ਵਿਚ ਪ੍ਰਚੱਲਿਤ ਪਖੰਡਾਂ ਦਾ ਤਿਆਗ ਕਰਦੇ ਹੋਏ ਸਰਬ-ਸਾਂਝੇ ਨਿਰਗੁਣ ਬ੍ਰਹਮ ਦਾ ਪ੍ਰਚਾਰ ਕੀਤਾ।"ਕਬੀਰ ਜੀ ਦੇ ਨਾਮ ਤੇ ਵਿਸ਼ਾਲ ਸਾਹਿਤ ਮਿਲਦਾ ਹੈ। ਇਸ ਵਿਚੋਂ ਉਨ੍ਹਾ ਦੀ ਅਸਲੀ ਬਾਣੀ ਚੁਣਨਾ ਬੜਾ ਔਖਾ ਕੰਮ ਹੈ। ਕਬੀਰ ਜੀ ਦੇ ਇਕ ਸ਼ਿਸ਼ ਧਰਮਦਾਸ ਨੇ ਸਭ ਤੋਂ ਪਹਿਲਾਂ ਸੰਮਤ 1521 ਵਿਚ ਉਨ੍ਹਾ ਦੀਆਂ ਰਚਨਾਵਾਂ ਦਾ ਇੱਕ ਸੰਗ੍ਰਹਿ 'ਬੀਜਕ' ਦੇ ਰੂਪ ਵਿਚ ਤਿਆਰ ਕੀਤਾ। ਇਹ ਵੀ ਕਿਹਾ ਜਾਂਦਾ ਹੈ ਕਿ ਕਬੀਰ ਜੀ ਨੇ ਛੇ ਲੱਖ ਛਿਆਨਵੇਂ ਹਜ਼ਾਰ ਰਮੈਣੀਆਂ ਦੀ ਰਚਨਾ ਕੀਤੀ ਪਰ ਇਨ੍ਹਾ ਦਾ ਪ੍ਰਚਾਰ ਕਬੀਰ

ਪੰਥੀਆਂ ਤੱਕ ਹੀ ਸੀਮਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਰਮੈਣੀਆਂ ਨੂੰ ਬਾਵਨ ਅੱਖਰੀ ਕਿਹਾ ਜਾਂਦਾ ਹੈ। ਇਸੇ ਪ੍ਰਕਾਰ ਦੀ ਇਕ ਰਚਨਾ ਨੂੰ 'ਬੀਜਕ' ਵਿਚ 'ਗਿਆਨ ਚੌਂਤੀਸਾ' ਦਾ ਨਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਵਿਦਵਾਨਾਂ ਦੁਆਰਾ ਕਾਫੀ ਖੋਜ ਬੀਨ ਕਰਕੇ ਉਨ੍ਹਾ ਦੇ ਨਾ ਹੇਠ ਕੁਝ ਗ੍ਰੰਥ ਪ੍ਰਕਾਸ਼ਿਤ ਕੀਤੇ ਹਨ-ਸ਼ਯਾਮ ਸੁੰਦਰ ਦਾਸ ਦੁਆਰਾ ਸੰਪਾਦਿਤ ਕਬੀਰ ਗ੍ਰੰਥਾਵਲੀ, ਅਯੋਧਿਆ ਸਿੰਘ ਉਪਾਧਿਆਇ ਦੁਆਰਾ ਸੰਪਾਦਿਤ ਕਬੀਰ ਵਚਨਾਵਲੀ, ਵੈਲੇਡੀਅਰ ਪ੍ਰੈਸ ਵੱਲੋਂ ਪ੍ਰਕਾਸ਼ਿਤ ਕਬੀਰ ਬਾਨੀ ਸੰਗ੍ਰਹਿ ਅਤੇ ਡਾ. ਪਾਰਸਨਾਥ ਤਿਵਾਰੀ ਦੁਆਰਾ ਸੰਪਾਦਿਤ ਕਬੀਰ ਗ੍ਰੰਥਾਵਲੀ। ਪਰ ਇਨ੍ਹਾ ਵਿਚੋਂ ਕਬੀਰ ਗ੍ਰੰਥਾਵਲੀ ਜੋ ਸ਼ਯਾਮ ਸੁੰਦਰ ਦਾਸ ਵੱਲੋਂ ਸੰਪਾਦਿਤ ਹੈ ਸਭ ਤੋਂ ਪ੍ਰਮਾਣਿਕ ਹੈ।" (55.) ਭਗਤ ਕਬੀਰ ਜੀ ਦੀ ਬਾਣੀ ਦੇ 294 ਸ਼ਬਦ ਅਤੇ 243 ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਭਗਤ ਕਬੀਰ ਜੀ ਦੀ ਬਾਣੀ ਦਾ ਬਿਉਰਾ :

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਸਿਰੀ ਰਾਗ | ਸ਼ਬਦ | 1 | 91 |
| ਸਿਰੀ ਰਾਗ | ਸ਼ਬਦ | 1 | 92 |
| ਰਾਗ ਗਉੜੀ | ਚਉਪਦੇ | 74 | 323-339 |
| ਰਾਗ ਆਸਾ | ਗੁਰ ਚਰਣ ਲਾਗਿ | 37 | 475-484 |
| ਰਾਗ ਗੁਜਰੀ | ਚਉਪਦਾ | 2 | 524 |
| ਰਾਗ ਸੋਰਠਿ | ਬੁਤ ਪੂਜਿ ਪੂਜਿ | 11 | 654-656 |
| ਰਾਗ ਧਨਾਸਰੀ | ਛੰਤ | 5 | 691-692 |
| ਰਾਗ ਤਿਲੰਗ | ਬੇਦ ਕਤੇਬ ਇਫਤਰਾ | 1 | 727 |

| | | | |
|---|---|---|---|
| ਰਾਗ ਸੂਹੀ | ਅਵਤਰਿ ਆਇ ਕਹਾ | 5 | 792-793 |
| ਰਾਗ ਬਿਲਾਵਲ | ਚਉਪਦਾ | 12 | 855-857 |
| ਰਾਗ ਗੋਂਡ | ਸੰਤੁ ਮਿਲੇ ਕਿਛੁ | 11 | 870-873 |
| ਰਾਗ ਰਾਮਕਲੀ | ਸ਼ਬਦ | 12 | 968-972 |
| ਰਾਗ ਮਾਰੂ | ਸ਼ਬਦ | 10 | 1102-1105 |
| ਰਾਗ ਮਾਰੂ | ਦੀਨ ਬਿਸਾਰਿਉ ਰੇ | 1 | 1105 |
| ਰਾਗ ਮਾਰੂ | ਰਾਮ ਸਿਮਰੁ ਪਛਤਾਹਿਗਾ | 1 | 1106 |
| ਰਾਗ ਕੇਦਾਰਾ | ਸ਼ਬਦ | 6 | 1123-1124 |
| ਰਾਗ ਭੈਰਉ | ਇਹੁ ਧਨੁ ਮੇਰੇ ਹਰਿ | 20 | 1157-1162 |
| ਰਾਗ ਬਸੰਤ | ਸ਼ਬਦ | 7 | 1193-1195 |
| ਰਾਗ ਬਸੰਤ | ਸ਼ਬਦ | 1 | 1196 |
| ਰਾਗ ਸਾਰੰਗ | ਕਹਾ ਨਰ ਗਰਬਸਿ | 2 | 1251-1252 |
| ਰਾਗ ਸਾਰੰਗ | ਹਰਿ ਬਿਨੁ ਕਉਨ | 1 | 1253 |
| ਰਾਗ ਪ੍ਰਭਾਤੀ | ਮਰਨ ਜੀਵਨ ਕੀ | 5 | 1369-1350 |

| | | | |
|---|---|---|---|
| | ਸਲੋਕ ਕਬੀਰ ਜੀਉ ਕੇ | 243 | 1364-1377 |

**ਭਗਤ ਤ੍ਰਿਲੋਚਨ ਜੀ** : ਤ੍ਰਿਲੋਚਨ ਜੀ (1267ਈ:) ਦੀ ਬਾਣੀ ਦੇ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਸਿਰੀ ਰਾਗ | ਮਾਇਆ ਮੋਹ ਮਨਿ | 1 | 92 |
| ਰਾਗ ਗੂਜਰੀ | ਪਦੇ | 2 | 525-526 |
| ਰਾਗ ਧਨਾਸਰੀ | ਸ਼ਬਦ | 1 | 695 |

**ਭਗਤ ਰਵਿਦਾਸ ਜੀ** : ਉੱਤਰੀ ਭਾਰਤ ਦੀ ਭਗਤ ਪਰੰਪਰਾ ਵਿਚ ਭਗਤ ਰਵਿਦਾਸ ਜੀ ਦਾ ਵਿਲੱਖਣ ਸਥਾਨ ਹੈ। ਆਪ ਜੀ ਦੁਆਰਾ ਪੇਸ਼ 'ਬੇਗਮਪੁਰਾ' ਦਾ ਸੰਕਲਪ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਆਪ ਜੀ ਵੀ ਰਾਮਾਨੰਦ ਜੀ ਦੀ ਸ਼ਿਸ਼ ਮੰਡਲੀ ਨਾਲ ਸਬੰਧਿਤ ਹਨ। "ਡਾ. ਧਰਮਪਾਲ ਸਿੰਗਲ ਨੇ ਆਪਣੀ ਪੁਸਤਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ' ਵਿਚ ਪੰਨਾ 4 ਅਤੇ 5 ਤੇ ਅਜਿਹੇ ਸਤਾਰਾਂ ਗ੍ਰੰਥਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਵਿਚ ਰਵਿਦਾਸ ਜੀ ਦੀ ਬਾਣੀ ਸੰਕਲਿਤ ਹੋਈ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ, ਜੋ ਪੰਜਵੇਂ ਗੁਰੂ ਅਰਜਨ ਦੇਵ ਜੀ ਵੱਲੋਂ 1604 ਈ: ਵਿਚ ਸੰਪਾਦਿਤ ਕੀਤਾ ਗਿਆ ਸੀ, ਭਗਤ ਰਵਿਦਾਸ ਜੀ ਦੇ ਨਾ ਹੇਠ 40 ਸ਼ਬਦ ਦਰਜ ਹਨ।"(57.) ਭਗਤ ਰਵਿਦਾਸ ਜੀ (1399ਈ:) ਦੀ ਬਾਣੀ ਦੇ 40 ਸ਼ਬਦ ਅਤੇ ਇਕ ਪੰਦ੍ਾਂਹਸਿਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਭਗਤ ਰਵਿਦਾਸ ਜੀ ਦੀ ਬਾਣੀ ਦਾ ਬਿਉਰਾ :

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|

| | | | |
|---|---|---|---|
| ਸਿਰੀ ਰਾਗ | ਤੋਹੀ ਮੋਹੀ ਮੋਹੀ ਤੋਹੀ | 1 | 93 |
| ਰਾਗ ਗਉੜੀ | ਪਦੇ | 5 | 345-346 |
| ਰਾਗ ਆਸਾ | ਮ੍ਰਿਗ ਮੀਨ ਭ੍ਰਿੰਗ | 6 | 486-487 |
| ਰਾਗ ਗੂਜਰੀ | ਪਦਾ | 1 | 525 |
| ਰਾਗ ਸੋਰਠਿ | ਸ਼ਬਦ | 7 | 657-659 |
| ਰਾਗ ਧਨਾਸਰੀ | ਸ਼ਬਦ | 3 | 694 |
| ਰਾਗ ਜੈਤਸਰੀ | ਸ਼ਬਦ | 1 | 710 |
| ਰਾਗ ਸੂਹੀ | ਸ਼ਬਦ | 3 | 793-794 |
| ਰਾਗ ਬਿਲਾਵਲੁ | ਸ਼ਬਦ | 2 | 858 |
| ਰਾਗ ਗੋਂਡ | ਸ਼ਬਦ | 2 | 875 |
| ਰਾਗ ਰਾਮਕਲੀ | ਪੜੀਐ ਗੁਨੀਐ ਨਾਮੁ | 1 | 973 |
| ਰਾਗ ਮਾਰੂ | ਸ਼ਬਦ | 2 | 1106 |
| ਰਾਗ ਕੇਦਾਰਾ | ਸ਼ਬਦ | 1 | 1124 |
| ਰਾਗ ਭੈਰਉ | ਸ਼ਬਦ | 1 | 1167 |
| ਰਾਗ ਬਸੰਤ | ਸ਼ਬਦ | 1 | 1196 |

| | | | |
|---|---|---|---|
| | | | |
| ਰਾਗ ਮਲਾਰ | ਸ਼ਬਦ | 3 | 1293 |

**ਭਗਤ ਬੇਣੀ ਜੀ** : ਬੇਣੀ ਜੀ (1570 ਈ:) ਦੀ ਬਾਣੀ ਦੇ 3 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਸਿਰੀ ਰਾਗ | ਰੇ ਨਰ ਗਰਭ ਕੁੰਡਲ | 1 | 93 |
| ਰਾਗ ਰਾਮਕਲੀ | ਸ਼ਬਦ | 1 | 974 |
| ਰਾਗ ਪ੍ਰਭਾਤੀ | ਸ਼ਬਦ | 1 | 1351 |

**ਭਗਤ ਨਾਮਦੇਵ ਜੀ** : ਆਪ ਮਹਾਂਰਾਸ਼ਟਰ ਦੇ ਰਹਿਣ ਵਾਲੇ ਸਨ। ਆਪ ਦਾ ਮੱਧਕਾਲੀਨ ਅਧਿਆਤਮਕ ਸਾਹਿਤ ਵਿਚ ਬਹੁਤ ਯੋਗਦਾਨ ਹੈ। ਭਗਤ ਨਾਮਦੇਵ ਜੀ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ ਗਿਆ ਹੈ। "ਭਗਤ ਨਾਮਦੇਵ ਜੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 61 ਪਦ ਆਪ ਦੇ ਨਾ ਹੇਠ ਅੰਕਿਤ ਹਨ। ਇਸ ਤੋਂ ਇਲਾਵਾ 'ਪੂਨਾ ਵਿਸ਼ਵ ਵਿਦਿਆਲਿਆ' ਨੇ 1964 ਵਿਚ 'ਸੰਤ ਨਾਮਦੇਵ ਕੀ ਹਿੰਦੀ ਪਦਾਵਲੀ' ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਉਨ੍ਹਾ ਦੇ 131 ਪਦ ਸੰਕਲਿਤ ਹਨ। ਮਰਾਠੀ ਵਿਚ ਪ੍ਰਾਪਤ 'ਨਾਮਦੇਵ ਗਾਥਾ' ਵਿਚ 2337 ਅਭੰਗ ਦਰਜ ਹਨ।'ਤੀਰਥਾਵਲੀ' ਵਿਚ 59 ਅਭੰਗ ਮਿਲਦੇ ਹਨ ਜਿਨ੍ਹਾ ਵਿਚ ਸੰਤ ਗਿਆਨੇਸ਼ਵਰ ਨਾਲ ਮਿਲਕੇ ਕੀਤੀਆਂ ਯਾਤਰਾਵਾਂ ਦਾ ਜ਼ਿਕਰ ਹੈ।" (57.) ਭਗਤ ਨਾਮਦੇਵ ਜੀ ਦਾ ਜਨਮ 1270 ਈ: ਵਿਚ ਹੋਇਆ ਸੀ। ਆਪ ਦੇ 61 ਸ਼ਬਦ ਅਤੇ ਇਕ ਬਾਵਨ ਅੱਖਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਭਗਤ ਨਾਮਦੇਵ ਜੀ ਦੀ ਬਾਣੀ ਦਾ ਬਿਉਰਾ :

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਗਉੜੀ ਚੇਤੀ | ਸ਼ਬਦ | 1 | 345 |
| ਰਾਗ ਆਸਾ | ਸ਼ਬਦ | 5 | 485-486 |
| ਰਾਗ ਗੂਜਰੀ | ਪਦੇ | 2 | 525 |
| ਰਾਗ ਸੋਰਠਿ | ਸ਼ਬਦ | 3 | 656-657 |
| ਰਾਗ ਧਨਾਸਰੀ | ਸ਼ਬਦ | 5 | 692-694 |
| ਰਾਗ ਟੋਡੀ | ਸ਼ਬਦ | 3 | 718 |
| ਰਾਗ ਤਿਲੰਗ | ਸ਼ਬਦ | 2 | 727 |
| ਰਾਗ ਬਿਲਾਵਲੁ | ਸ਼ਬਦ | 1 | 857 |
| ਰਾਗ ਗੋਂਡ | ਸ਼ਬਦ | 7 | 873-874 |
| ਰਾਗ ਰਾਮਕਲੀ | ਸ਼ਬਦ | 4 | 972-973 |
| ਰਾਗ ਮਾਲੀ ਗਉੜੀ | ਸ਼ਬਦ | 3 | 988 |
| ਰਾਗ ਮਾਰੂ | ਸ਼ਬਦ | 2 | 1105 |
| ਰਾਗ ਭੈਰਉ | ਸ਼ਬਦ | 11 | 1163 |
| ਰਾਗ ਭੈਰਉ | ਸ਼ਬਦ | 1 | 1167 |

| | | | |
|---|---|---|---|
| ਰਾਗ ਬਸੰਤ | ਸ਼ਬਦ | 3 | 1195 |
| ਰਾਗ ਸਾਰੰਗ | ਸ਼ਬਦ | 3 | 1252 |
| ਰਾਗ ਮਲਾਰ | ਸ਼ਬਦ | 3 | 1292 |
| ਰਾਗ ਕਾਨੜਾ | ਸ਼ਬਦ | 1 | 1318 |
| ਰਾਗ ਪ੍ਰਭਾਤੀ | ਸ਼ਬਦ | 3 | 1350-1351 |

**ਭਗਤ ਧੰਨਾ ਜੀ :** ਧੰਨਾ ਜੀ (1415.ਈ:) ਦੀ ਬਾਣੀ ਦੇ 3 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਆਸਾ | ਸ਼ਬਦ | 2 | 487-488 |
| ਰਾਗ ਧਨਾਸਰੀ | ਸ਼ਬਦ | 1 | 695 |

**ਬਾਬਾ ਫਰੀਦ ਜੀ:** ਪੰਜਾਬੀ ਸਾਹਿਤ ਵਿਚ ਇਹ ਗੱਲ ਬੜੇ ਮਾਣ ਨਾਲ ਆਖੀ ਜਾਂਦੀ ਹੈ ਕਿ ਬਾਬਾ ਫਰੀਦ ਜੀ ਪੰਜਾਬੀ ਦੇ ਪਹਿਲੇ ਕਵੀ ਹਨ। ਵਿਦਵਾਨਾਂ ਦੁਆਰਾ ਆਪ ਜੀ ਨੂੰ ਪਹਿਲੇ ਪੜਾਅ ਦੇ ਸੂਫੀ ਦੇ ਨਾਮ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ। ਆਪ ਦੇ ਕਲਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰਕੇ, ਰੱਬੀ ਬਾਣੀ ਦਾ ਸਥਾਨ ਦੇ ਕੇ ਗੁਰੂ ਜੀ ਨੇ ਆਪ ਦਾ ਨਿਵੇਕਲਾ ਸਥਾਨ ਸਥਾਪਿਤ ਕਰ ਦਿੱਤਾ ਹੈ।"ਫਰੀਦ ਬਾਣੀ ਵਿਚ ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਵਿਚਕਾਰ ਕੋਈ ਸਪੱਸ਼ਟ ਸੀਮਾ ਰੇਖਾ ਪ੍ਰਾਪਤ ਨਹੀਂ ਹੁੰਦੀ। ਇਨਾ ਤਾਂ ਸਪੱਸ਼ਟ ਹੀ ਹੈ ਕਿ ਇਸ ਵਿਚ ਇਸ਼ਕ ਤਾਂ ਹੈ ਪਰ ਆਸ਼ਕ ਪ੍ਰਤਿ ਨਹੀਂ, ਕੰਤ ਪ੍ਰਤਿ ਹੈ।"(ਮਾਨ. *ਮੱਧਕਾਲੀਨ ਪੰਜਾਬੀ ਕਾਵਿ ਸਮੀਖਿਆ*

23.) ਬਾਬਾ ਫਰੀਦ ਜੀ ਨੇ ਆਪਣੀ ਰਚਨਾ ਦੁਆਰਾ ਮੱਧਕਾਲੀ ਪੰਜਾਬੀ ਸਾਹਿਤ ਨੂੰ ਅਮੀਰ ਕਰਨ ਦਾ ਕਾਰਜ ਕੀਤਾ। ਆਪ ਜੀ ਦੇ ਮਿੱਠੇ ਸੁਭਾਅ ਕਾਰਨ ਆਪ ਜੀ ਨੂੰ ਗੰਜ-ਏ-ਸ਼ੱਕਰ ਵੀ ਕਿਹਾ ਜਾਂਦਾ ਹੈ। ਫਰੀਦ ਬਾਣੀ ਵਿਚ ਪੇਸ਼ ਸੰਕਲਪਾਂ ਦੀ ਗੁਰਮਤਿ ਨਾਲ ਅਨੁਕੂਲਤਾ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਕੇ ਇਸ ਨੂੰ ਅਮਰਤਾ ਪ੍ਰਦਾਨ ਕੀਤੀ ਗਈ ਹੈ। ਇਸ ਬਾਰੇ ਡਾ. ਕੁਲਵੰਤ ਸਿੰਘ ਦਾ ਕਥਨ ਹੈ, "ਸੂਫੀ ਦਰਵੇਸ਼ਾਂ ਨੇ ਤਲਵਾਰ ਨਾਲੋਂ ਵਧੇਰੇ ਪ੍ਰੇਮ ਨਾਲ ਇਸਲਾਮ ਵਿਚ ਵਾਧਾ ਕੀਤਾ। ਅਨੇਕ ਹਿੰਦੂਆਂ ਨੂੰ ਆਪਨੇ ਆਪਣੀ ਮਿੱਠੀ ਜ਼ੁਬਾਨ ਦੁਆਰਾ ਪ੍ਰੇਮ ਨਾਲ ਕੀਲ ਕੇ ਇਸਲਾਮ ਵਿਚ ਲਿਆਂਦਾ। ਪੰਜਾਬ ਵਿਚ ਬਾਬਾ ਫਰੀਦ ਦੇ ਮਿੱਠੇ ਬੋਲ ਲੋਕਾਂ ਦੇ ਦਿਲਾਂ ਵਿਚ ਅੱਜ ਤੀਕਰ ਗੂੰਜ ਰਹੇ ਹਨ। ਇਸੇ ਕਰਕੇ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ ਨੂੰ ਸ਼ਾਮਿਲ ਕੀਤਾ। ਬਾਬਾ ਫਰੀਦ ਨੇ ਪ੍ਰੇਮ ਨਾਲ ਬਿਰਹੋਂ ਭਾਵ ਨੂੰ ਜੋੜਿਆ। ਸ਼ਾਹ ਹੁਸੈਨ ਅਤੇ ਬੁੱਲੇ ਸ਼ਾਹ ਦੇ ਵਿਚਾਰਾਂ ਵਿਚ ਪ੍ਰੇਮ 'ਨਿਸ਼ੰਗ' ਹੈ ਅਤੇ ਖੁੱਲ-ਖੁਲਾਸਾਪਨ ਵੀ ਹੈ, ਜਿਸ ਕਾਰਨ ਗੁਰਬਾਣੀ ਵਿਚ ਇਨ੍ਹਾ ਦੀ ਬਾਣੀ ਨੂੰ ਪ੍ਰਵਾਨਗੀ ਨਹੀਂ ਮਿਲੀ।" (ਡਾ.ਕੁਲਵੰਤ ਸਿੰਘ. *ਭਗਤੀ ਸਾਹਿਤ : ਪਰੰਪਰਾ ਅਤੇ ਪ੍ਰਵਾਹ* 26.) ਬਾਬਾ ਫਰੀਦ (1173-1266 ਈਂ) ਦੀ ਬਾਣੀ ਦੇ 4 ਸ਼ਬਦ ਅਤੇ 112 ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਬਾਬਾ ਫਰੀਦ ਜੀ ਦੀ ਬਾਣੀ ਦਾ ਬਿਉਰਾ :

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਆਸਾ | ਸ਼ਬਦ | 2 | 488 |
| ਰਾਗ ਸੂਹੀ | ਸ਼ਬਦ | 2 | 794 |
| | ਸਲੋਕ ਫਰੀਦ ਕੇ | 112 | 1377-1385 |

**ਭਗਤ ਜੈਦੇਵ ਜੀ** : ਜੈਦੇਵ ਜੀ ਦੀ ਰਚਨਾ ਵੀ ਭਗਤ ਬਾਣੀ ਦਾ ਹਿੱਸਾ ਹੈ। ਭਾਰਤੀ ਸਾਹਿਤ ਅੰਦਰ ਜੈਦੇਵ ਨਾਂ ਦੇ ਕਈ ਕਵੀ ਹੋਏ ਹਨ। ਇਸ ਬਾਰੇ ਡਾ. ਕੁਲਵੰਤ ਸਿੰਘ ਆਪਣੀ ਪੁਸਤਕ 'ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ' ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ,"ਭਾਰਤੀ ਸਾਹਿਤ ਵਿਚ ਕਈ ਜੈਦੇਵ ਮਿਲਦੇ ਹਨ ਜਿਵੇਂ 'ਮਾਨਯਾਂ ਲੋਕ' ਨਾਮੀ ਨਿਆਇ ਗ੍ਰੰਥ ਦੇ ਰਚਨਹਾਰੇ ਪਕਸ਼ਧਰ ਜਯਦੇਵ, 'ਚੰਦ੍ਰ ਲੋਕਾਕਾਰ ਪੀਯੂਸ਼' ਜਯਦੇਵ, 'ਪ੍ਰਸੰਨ ਰਾਘਵ' ਨਾਮੀ ਨਾਟਕ ਦੇ ਜਯਦੇਵ, 'ਗੀਤ ਗੋਬਿੰਦ' ਦੇ ਗਾਇਕ ਜਯਦੇਵ ਅਤੇ ਸੰਤ ਜਯਦੇਵ ਜਿਨ੍ਹਾ ਦੇ ਪਦ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ ਅਤੇ ਜਿਨ੍ਹਾ ਦੇ ਨਾ ਦਾ ਸਿਮਰਨ ਕਬੀਰ ਅਤੇ ਸਨਮਾਨ ਗੁਰੂ ਅਰਜਨ ਵੀ ਕਰਦੇ ਹਨ। ਕੁਝ ਵਿਦਵਾਨ ਗੀਤ ਗੋਬਿੰਦ ਦੇ ਜੈਦੇਵ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਦਾਂ ਦੇ ਲੇਖਕ ਮੰਨਦੇ ਮੰਨਦੇ ਹਨ। ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਜੋ ਉਨ੍ਹਾ ਨੇ 1508ਈ: ਤੋਂ 1515 ਵਿਚ ਕੀਤੀ, ਉਸ ਸਮੇ ਉਹ ਭਗਤ ਜੈਦੇਵ ਜੀ ਦੇ ਨਗਰ ਗਏ ਤੇ ਉਨ੍ਹਾ ਦੀ ਬਾਣੀ ਦਾ ਉਤਾਰਾ ਆਪਣੇ ਪਾਸ ਰੱਖ ਲਿਆ, ਇਹ ਦਲੀਲ ਉਨ੍ਹਾ ਨੇ ਭਗਤ ਜੈਦੇਵ ਦੇ ਸ਼ਬਦ ' ਪਰਮਾਦਿ ਪੁਰਖ ਮਨੋਪਸੰ, ਸਤਿ ਆਦਿ ਭਵ ਦਤੰ ' ਅਤੇ ਗੁਰੂ ਨਾਨਕ ਜੀ ਦਵਾਰਾ ਰਚਿਤ ਸ਼ਬਦ ' ਭਗਤਿ ਪ੍ਰੇਮ ਆਰਾਧਿਤੰ, ਸਚੁ ਪਿਆਸ ਪਰਮ ਹਿਤੰ ' ਵਿਚਲੀ ਸਾਂਝ ਦੇ ਆਧਾਰ ਤੇ ਦਿੱਤੀ ਹੈ।" (27.) ਭਗਤ ਜੈਦੇਵ ਜੀ (1200ਈ:) ਦੀ ਬਾਣੀ ਦੇ 2 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਗੂਜਰੀ | ਪਦਾ | 1 | 526 |
| ਰਾਗ ਮਾਰੂ | ਸ਼ਬਦ | 1 | 1106 |

**ਭਗਤ ਭੀਖਣ ਜੀ** : ਭੀਖਣ ਜੀ (1473 ਈ:) ਦੀ ਬਾਣੀ ਦੇ 2 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|

| | | | |
|---|---|---|---|
| ਰਾਗ ਸੋਰਠਿ | ਸ਼ਬਦ | 2 | 659 |

**ਭਗਤ ਸੈਣ ਜੀ** : ਸੈਣ ਜੀ (1390 ਈ:) ਦੀ ਬਾਣੀ ਦਾ 1 ਸ਼ਬਦ ਰਾਗ ਧਨਾਸਰੀ ਵਿਚ ਪੰਨਾ 695 ਉੱਪਰ ਦਰਜ ਹੈ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਧਨਾਸਰੀ | ਸ਼ਬਦ | 1 | 695 |

**ਭਗਤ ਪੀਪਾ ਜੀ** : ਪੀਪਾ ਜੀ (1429 ਈ:) ਦੀ ਬਾਣੀ ਦਾ 1 ਸ਼ਬਦ ਰਾਗ ਧਨਾਸਰੀ ਵਿਚ ਪੰਨਾ 695 ਉੱਪਰ ਦਰਜ ਹੈ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਧਨਾਸਰੀ | ਸ਼ਬਦ | 1 | 695 |

**ਭਗਤ ਸਧਨਾ ਜੀ** : ਸਧਨਾ ਜੀ ਦੀ ਬਾਣੀ ਦਾ 1 ਸ਼ਬਦ ਰਾਗ ਬਿਲਾਵਲੁ ਵਿਚ ਪੰਨਾ 858 ਉੱਪਰ ਦਰਜ ਹੈ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਬਿਲਾਵਲੁ | ਸ਼ਬਦ | 1 | 858 |

**ਭਗਤ ਰਾਮਾਨੰਦ ਜੀ** : ਰਾਮਾਨੰਦ ਜੀ (1366 ਈ:) ਦਾ ਉੱਤਰ ਭਾਰਤ ਦੀ ਭਗਤੀ ਲਹਿਰ ਵਿਚ ਵਿਸ਼ੇਸ਼ ਸਥਾਨ ਹੈ ਕਿਉਂਕਿ ਆਪ ਜੀ ਨੇ ਭਗਤੀ ਲਹਿਰ ਨੂੰ ਦੱਖਣ ਤੋਂ ਉੱਤਰੀ ਭਾਰਤ ਵਿਚ ਲਿਆ ਕੇ ਪ੍ਰਚੱਲਿਤ ਕੀਤਾ। ਆਪ ਜੀ ਦੇ ਕਈ ਚੇਲੇ ਹੋਏ ਹਨ। ਇਨ੍ਹਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਈ ਭਗਤ ਕਵੀ ਰਾਮਾਨੰਦ ਜੀ ਦੀ ਸ਼ਿਸ਼ ਪਰੰਪਰਾ ਵਿਚੋਂ ਹਨ। ਆਪ ਜੀ ਦੀ ਬਾਣੀ ਦਾ 1 ਸ਼ਬਦ ਰਾਗ ਬਸੰਤ ਵਿਚ ਪੰਨਾ 1195 ਉੱਪਰ ਦਰਜ ਹੈ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਬਸੰਤੁ | ਸ਼ਬਦ | 1 | 1195 |

**ਭਗਤ ਪਰਮਾਨੰਦ ਜੀ** : ਪਰਮਾਨੰਦ ਜੀ (1483 ਈ:) ਮੱਧਕਾਲ ਦੇ ਉੱਘੇ ਭਗਤ ਕਵੀ ਹੋਏ ਹਨ। ਆਪ ਜੀ ਦੀ ਬਾਣੀ ਦਾ 1 ਸ਼ਬਦ ਰਾਗ ਸਾਰੰਗ ਵਿਚ ਪੰਨਾ 1235 ਉੱਪਰ ਦਰਜ ਹੈ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਸਾਰੰਗ | ਸ਼ਬਦ | 1 | 1253 |

**ਭਗਤ ਸੂਰਦਾਸ ਜੀ** : ਸੂਰਦਾਸ ਜੀ (1483 ਈ:) ਦੀ ਬਾਣੀ ਦੀ ਕੇਵਲ 1 ਪੰਕਤੀ ਰਾਗ ਸਾਰੰਗ ਵਿਚ ਪੰਨਾ 1253 ਉੱਪਰ ਦਰਜ ਹੈ।

| ਰਾਗ | ਬਾਣੀ ਰਚਨਾ/ਪ੍ਰਕਾਰ | ਸ਼ਬਦ/ਗਿਣਤੀ | ਪੰਨਾ |
|---|---|---|---|
| ਰਾਗ ਸਾਰੰਗ | ਸ਼ਬਦ | 1 | 1253 |

ਇਸ ਤਰ੍ਹਾਂ ਅਸੀ ਵੇਖਦੇ ਹਾਂ ਕਿ ਇਸ ਰਚਨਾ ਦਾ ਕੈਨਵਸ ਪੰਜ ਸਦੀਆਂ ਵਿਚ ਫੈਲਿਆ ਹੋਇਆ ਹੈ। ਇਸ ਲਈ ਜਦੋਂ ਅਸੀ ਇਸ ਰਚਨਾ ਦੇ ਸਰੋਕਾਰਾਂ ਬਾਰੇ ਚਰਚਾ ਕਰਦੇ ਹਾਂ ਤਾਂ ਅਸੀਂ ਪੰਜ ਸਦੀਆਂ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਸੰਦਰਭਾਂ ਨੂੰ ਕਲਾਵੇ ਵਿਚ ਲੈ ਰਹੇ ਹੁੰਦੇ ਹਾਂ।

**1.5.3. ਭਗਤ ਬਾਣੀ : ਵਿਚਾਰਧਾਰਾ ਅਤੇ ਸੰਕਲਪ :-**

ਭਗਤੀ ਲਹਿਰ ਮੱਧਕਾਲੀ ਯੁੱਗ ਦੀ ਅਜਿਹੀ ਲਹਿਰ ਹੈ ਜੋ ਦੱਖਣ ਤੋਂ ਆਰੰਭ ਹੋ ਕੇ ਸਮੁੱਚੇ ਭਾਰਤ ਵਿਚ ਫੈਲ ਗਈ। ਇਸ ਦਾ ਮੁੱਖ ਉਦੇਸ਼ ਦੇਸ਼ ਵਿਚਲੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿਚ ਸਾਰਥਿਕ ਤਬਦੀਲੀ ਲਿਆਉਣਾ ਸੀ। ਇਸ ਤਬਦੀਲੀ ਰਾਹੀਂ ਉਹ ਭਾਰਤ ਨੂੰ ਏਕਤਾ ਅਤੇ ਅਖੰਡਤਾ ਦੇ ਸੂਤਰ ਵਿਚ ਪਿਰੋਣਾ ਚਾਹੁੰਦੇ ਸਨ। ਧਾਰਮਿਕ ਪਾਖੰਡਾਂ ਅਤੇ ਝੂਠੇ ਕਰਮ-ਕਾਡਾਂ ਅਤੇ ਬ੍ਰਾਹਮਣੀ ਧਰਮ ਦੀ ਪਕੜ ਨੂੰ ਢਿੱਲਿਆਂ ਕਰਕੇ ਇਨਸਾਨ ਨੂੰ ਇਨਸਾਨ ਨਾਲ ਜੋੜਕੇ ਭਾਵਨਾਤਮਕ ਪੱਧਰ ਤੇ ਪ੍ਰਮਾਤਮਾ ਨਾਲ ਰਿਸ਼ਤਾ ਕਾਇਮ ਕਰਨਾ, ਇਹੋ ਇਸ ਦਾ

ਨਿਸ਼ਾਨਾ ਸੀ।"ਭਗਤੀ ਗਿਆਨ ਤੋਂ ਸ੍ਰੇਸ਼ਠ ਹੈ ਅਤੇ ਮੁਕਤੀ ਦਾ ਦੁਆਰ ਖੋਲ੍ਹਦੀ ਹੈ ਅਤੇ ਕਰਮ ਦੇ ਬੰਧਨ ਨੂੰ ਕੱਟਦੀ ਹੈ।"(ਸ਼ਰਮਾ. *ਭਗਤੀ ਸਿਧਾਂਤ ਅਤੇ ਮੱਧਕਾਲੀ ਭਗਤੀ ਕਾਵਿ* 138.) ਗਿਆਨ ਨਾਲ ਹੰਕਾਰ ਦਾ ਭਾਵ ਜਾਗ੍ਰਿਤ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਸਦੇ ਸਮਵਿੱਥ ਭਗਤੀ ਮਾਰਗ ਵਿਚ ਹਰ ਪ੍ਰਕਾਰ ਦੇ ਬੰਧਨ ਤੋਂ ਮੁਕਤੀ ਲਈ ਸੇਧ ਮਿਲਦੀ ਹੈ। ਇਸ ਵਿਚ ਜਾਤੀ, ਵਰਣ, ਧਰਮ ਆਦਿ ਦਾ ਭੇਦ ਨਹੀਂ ਹੈ। ਕੋਈ ਵੀ ਇਸ ਮਾਰਗ ਤੇ ਚੱਲ ਸਕਦਾ ਹੈ।"ਭਗਤੀ ਕਿਸੇ ਵਿਸ਼ੇਸ਼ ਜਾਤੀ ਦੀ ਸੰਪਤੀ ਨਹੀਂ ਸਗੋਂ ਸਾਰੀਆਂ ਜਾਤੀਆਂ ਦੇ ਲੋਕਾਂ ਦਾ ਭਗਤੀ ਤੇ ਬਰਾਬਰ ਦਾ ਹੱਕ ਹੈ।" (ਅਰੋੜਾ. *ਮੱਧਕਾਲੀਨ ਭਾਰਤ ਦਾ ਇਤਿਹਾਸ* 434-436.) ਮਨੁੱਖਾਂ ਵਿਚਕਾਰ ਬਰਾਬਰੀ ਦਾ ਭਾਵ ਜਗਾਉਣਾ ਭਗਤ ਕਵੀਆਂ ਦਾ ਮੁੱਖ ਸਰੋਕਾਰ ਰਿਹਾ ਹੈ। ਇਸ ਲਈ ਉਨ੍ਹਾਂ ਨੇ ਆਪਣੇ ਜੀਵਨ ਵਿਚ ਇਸ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ ਅਤੇ ਇਕ ਅਜਿਹੀ ਜੀਵਨ ਜਾਂਚ ਲੋਕਾਂ ਸਾਹਮਣੇ ਰੱਖੀ ਜਿਸ ਵਿਚ ਨਾ-ਬਰਾਬਰੀ ਲਈ ਕੋਈ ਸਥਾਨ ਨਹੀਂ ਹੈ। ਆਪਣੇ ਜੀਵਨ ਵਿਚ ਆਪਣੀ ਜੀਵਨ ਸ਼ੈਲੀ ਅਤੇ ਅਤੇ ਅਧਿਆਤਮਕ ਅਨੁਭਵ ਦੇ ਆਧਾਰ ਤੇ ਪ੍ਰਮਾਤਮਾ ਅਤੇ ਜੀਵ ਵਿਚਲੇ ਰਿਸ਼ਤੇ ਦੀ ਪੁਨਰ ਵਿਆਖਿਆ ਕੀਤੀ। ਇਸ ਤੋਂ ਸੇਧ ਲੈ ਕੇ ਆਮ ਇਨਸਾਨ ਜੀਵਨ ਮੁਕਤੀ ਵੱਲ ਨੂੰ ਅਗ੍ਰਸਰ ਹੋਇਆ। ਭਗਤ ਬਾਣੀ ਵਿਚ ਲੋਕਾਂ ਦੇ ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਪ੍ਰਤੀ ਸਹੀ ਸਮਝ ਉਜਾਗਰ ਕਰ ਕੇ ਸੁਖਮਈ ਜੀਵਨ ਜੀਣ ਦਾ ਮਾਰਗ ਸੁਝਾਇਆ ਗਿਆ ਹੈ। ਡਾ. ਕੁਲਵੰਤ ਸਿੰਘ ਦੇ ਸ਼ਬਦਾਂ ਵਿਚ :-

> ਇਨ੍ਹਾਂ ਭਗਤਾਂ ਦੀ ਬਾਣੀ ਕਿਸੇ ਗ੍ਰੰਥ ਨੂੰ ਆਧਾਰ ਬਣਾ ਕੇ ਨਹੀਂ ਚੱਲਦੀ। ਉਹ ਸਮਾਧੀ ਦੁਆਰਾ ਤੱਤ ਗਿਆਨ ਤੱਕ ਪਹੁੰਚਦੇ ਹਨ। ਪ੍ਰਚਲਿਤ ਲੋਕਧਾਰਾਈ ਵਿਚਾਰਾਂ ਨੂੰ ਸਵੀਕਾਰ ਕਰਕੇ ਪੇਸ਼ ਕੀਤਾ ਗਿਆ ਹੈ। ਕਈ ਵਾਰ ਅਨੇਕ ਪਰੰਪਰਾਵਾਂ ਨੂੰ ਮੇਲ ਕੇ ਵੱਖਰੇ ਢੰਗ ਨਾਲ ਰੂਪ ਪਰਿਵਰਤਨ ਦੁਆਰਾ ਪੇਸ਼ਕਾਰੀ ਕਰਨਾ ਉਨ੍ਹਾ ਦੀ ਮੌਲਿਕਤਾ ਹੈ। (*ਭਗਤੀ ਸਾਹਿਤ : ਪਰੰਪਰਾ ਅਤੇ ਪ੍ਰਵਾਹ* 52.)

ਭਗਤ ਕਵੀਆਂ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਆਪਣੇ ਅਨੁਭਵ ਦੁਆਰਾ ਜੋ ਮਹਿਸੂਸ ਕੀਤਾ ਉਸ ਨੂੰ ਹੀ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ। ਆਮ ਜਨਮਾਨਸ ਨੂੰ ਫ਼ਾਲਤੂ ਦੇ ਕਰਮ-ਕਾਂਡ ਅਤੇ ਰਸਮ-ਰਿਵਾਜਾਂ ਦੇ ਬੰਧਨ ਤੋਂ ਆਜ਼ਾਦ ਕਰਦੇ ਹੋਏ ਆਪਣੇ ਹੱਕਾਂ ਪ੍ਰਤੀ ਵੀ ਜਾਗਰੂਕ ਕੀਤਾ। ਡਾ. ਕੁਲਵੰਤ ਸਿੰਘ ਭਗਤੀ ਕਾਵਿ ਅੰਦਰ ਅਨੁਭਵ ਦੀ ਪ੍ਰਧਾਨਤਾ ਸਵੀਕਾਰਦੇ ਹੋਏ ਲਿਖਦੇ ਹਨ,"ਮੱਧਕਾਲੀਨ ਸੰਤ ਕਾਵਿ ਨਾ ਨਿਰਗੁਣ ਹੈ ਨਾ ਹੀ ਸਰਗੁਣਵਾਦੀ ਸਗੋਂ ਅਨੁਭਵਪਰਕ ਹੈ। ਦੋਹਾਂ ਤੋਂ ਉੱਪਰ ਜਾ ਕੇ ਸਖਿੱਤੀਵਸ ਸਰੂਪ ਨੂੰ ਪ੍ਰਗਟਾਉਂਦਾ ਹੈ। ਇਸ ਦੀ ਵਿਲੱਖਣਤਾ ਪੇਸ਼ ਹੋ ਕੇ ਵੀ ਵਿਸ਼ੇ ਤੱਤ ਬਾਰੇ ਅਨਿਰਵਚਨੀ ਹੈ। ਉਨ੍ਹਾ ਦਾ ਬ੍ਰਹਮ ਨਾ ਨਾਥ ਪੰਥੀ ਹੈ, ਨਾ ਵੈਸ਼ਨਵ ਭਗਤਾਂ ਵਾਲਾ ਸਰਗੁਣਮਈ ਅਤੇ ਨਾ ਹੀ ਵੇਦਾਂਤ ਵਾਲਾ ਬ੍ਰਹਮ। ਤਿੰਨਾਂ ਦੇ ਸਮਨਵੈ ਵਿਚੋਂ ਨਿਕਲੀ ਹੋਈ ਕੋਈ ਤੀਸਰੀ ਧਾਰਾ। ਪ੍ਰੇਮ ਦੁਆਰਾ ਉਹ ਤ੍ਰੈਗੁਣ-ਅਤੀਤ ਪਰਮ ਤੱਤ ਨੂੰ ਪੇਸ਼ ਕਰਨ ਵਿਚ ਯਤਨਸ਼ੀਲ ਹਨ। ਇਸ ਨੂੰ ਆਸਪਾਸ ਲੱਭਣ ਦੀ ਥਾਂ ਉਹ ਅੰਦਰੋਂ ਟਟੋਲਦੇ ਹਨ।" (52.) ਭਗਤ ਬਾਣੀ ਦਾ ਇਕ ਉੱਭਰਵਾਂ ਲੱਛਣ ਪ੍ਰੇਮ ਦੁਆਰਾ ਪ੍ਰਮਾਤਮਾ ਨੂੰ ਪਾਉਣ ਦਾ ਹੈ। ਉਸ ਪ੍ਰਮਾਤਮਾ ਤੋਂ ਡਰ ਕੇ ਨਹੀਂ ਬਲਕਿ ਪ੍ਰੇਮ ਪੂਰਵਕ ਉਸ ਨੂੰ ਯਾਦ ਕਰਕੇ ਅਤੇ ਸਾਰੀ ਮਨੁੱਖਤਾ ਵਿਚੋਂ ਉਸ ਦੀ ਹੋਂਦ ਨੂੰ ਸਮਝ ਕੇ ਪਾਉਣ ਦਾ ਮਾਰਗ ਭਗਤ ਬਾਣੀ ਦਿਖਾਉਂਦੀ ਹੈ।"ਸ਼ੂਨਯ ਅਵਸਥਾ ਵਿਚ ਜਾ ਕੇ ਜਿਸ ਪ੍ਰਕਾਰ ਕਰੁਣਾ ਪੈਦਾ ਹੁੰਦੀ ਹੈ, ਇਸੇ ਪ੍ਰਕਾਰ ਇਸ ਨਾਲ ਰਾਗ ਦਾ ਜਨਮ ਹੁੰਦਾ ਹੈ। ਰਾਗ ਨੂੰ ਭਗਤੀ ਮੱਤ ਵਾਲਿਆਂ ਨੇ ਵਿਸ਼ੇਸ਼ ਥਾਂ ਦਿੱਤੀ ਹੈ। ਨਾਥਾਂ ਅਤੇ ਸੰਤਾਂ ਦੀ ਬਾਣੀ ਦੀ ਰਚਨਾ ਰਾਗਾਂ ਵਿਚ ਕੀਤੀ ਮਿਲਦੀ ਹੈ। ਗੁਰਬਾਣੀ ਵਿਚ ਤਾਂ ਇਸ ਪੱਖ ਨੂੰ ਸਭ ਤੋਂ ਅਹਿਮ ਦਰਜਾ ਪ੍ਰਾਪਤ ਹੈ।" (55.) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤ ਕਵੀ ਭਾਰਤ ਤੇ ਵੱਖ-ਵੱਖ ਹਿੱਸਿਆਂ ਅੰਦਰ ਰਹਿਣ ਵਾਲੇ ਹਨ। ਇਸ ਤੋਂ ਇਲਾਵਾ ਉਹ ਅਲੱਗ-ਅਲੱਗ ਸੰਪਰਦਾਵਾਂ ਨਾਲ ਸਬੰਧਿਤ ਸਨ। ਪਰ ਇਸ ਸਭ ਦੇ ਬਾਵਜੂਦ ਸਮਾਜ ਪ੍ਰਤੀ ਦ੍ਰਿਸ਼ਟੀਕੋਣ ਗੁਰੂ ਸਾਹਿਬਾਨ ਨਾਲ ਮੇਲ ਖਾਂਦਾ ਸੀ ਇਸੇ ਕਾਰਨ ਇਨ੍ਹਾਂ ਦੀਆਂ ਰਚਨਾਵਾਂ ਵਿਚਲੇ ਵਿਚਾਰਾਂ ਦੀ ਸਾਂਝ ਦਾ ਪੱਧਰ ਇੱਕ ਹੈ।"ਗੁਰੂਆਂ ਦੇ ਮੁਕਾਬਲੇ ਤੇ ਭਗਤ ਵੱਖ-ਵੱਖ ਕਾਲ ਅਤੇ ਸਥਾਨ ਨਾਲ ਵਿਚਰੇ। ਇਨ੍ਹਾ ਦੀ ਸਮਾਜਕ ਦ੍ਰਿਸ਼ਟੀ ਗੁਰੂਆਂ ਨਾਲ ਇਕ ਸਮਾਨ ਸੀ ਪਰ ਧਾਰਮਿਕ ਪੱਖ ਤੋਂ ਉਹ ਵੱਖ-ਵੱਖ ਸੰਪਰਦਾਵਾਂ ਨਾਲ ਜੁੜੇ ਹੋਏ ਸਨ।" (58).ਦੱਬੇ ਕੁਚਲੇ ਅਤੇ

ਨਿਤਾਣੇ ਲੋਕਾਂ ਦੀ ਪ੍ਰਤੀਨਿਧਤਾ ਭਗਤ ਬਾਣੀ ਦੇ ਮੁੱਢਲੇ ਸਰੋਕਾਰਾਂ ਵਿਚੋਂ ਹੈ। ਇਸਤ੍ਰੀ ਜਾਤੀ ਜਾਂ ਸਮਾਜਿਕ ਤੌਰ ਤੇ ਤ੍ਰਿਸਕਾਰੇ ਵਰਗਾਂ ਨਾਲ ਭਗਤ ਨਾ ਕੇਵਲ ਧਿਰ ਬਣਕੇ ਖੜਦੇ ਹਨ ਬਲਕਿ ਖ਼ੁਦ ਉਨ੍ਹਾਂ ਤਬਕਿਆਂ ਦੇ ਪ੍ਰਤੀਨਿਧ ਦੇ ਤੌਰ ਤੇ ਪੇਸ਼ ਹੁੰਦੇ ਹਨ। ਇਸ ਸਬੰਧੀ ਪ੍ਰਸਿੱਧ ਇਤਿਹਾਸਕਾਰ ਰੋਮਿਲਾ ਥਾਪਰ ਦਾ ਕਥਨ ਵਿਚਾਰਨਯੋਗ ਹੈ,"ਵੱਖ ਵੱਖ ਇਲਾਕਿਆਂ ਵਿਚ ਪੈਦਾ ਹੋਣ ਵਾਲੇ ਇਹ ਰੱਬ ਦੇ ਬੰਦੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਮਾਨਵਵਾਦੀ ਭਾਵਨਾਵਾਂ ਵਿਚ ਬੱਝੇ ਹੋਏ ਵਿਚਾਰਧਾਰਾ ਦੇ ਪੱਖ ਤੋਂ ਸਾਂਝਾ ਸੁਰ ਰੱਖਦੇ ਸਨ। ਇਨ੍ਹਾ ਦੇ ਵਿਚਾਰ ਅਨੁਸਾਰ ਇਸਤਰੀ ਨੂੰ ਬਰਾਬਰੀਅਤ ਦਾ ਹੱਕ ਹਾਸਲ ਹੈ।" (ਥਾਪਰ. *ਅਰਲੀ ਇੰਡੀਆ* 355.) ਇੱਥੇ ਇਹ ਨੁਕਤਾ ਵੀ ਵਿਚਾਰਨਯੋਗ ਹੈ ਕਿ, ਕੀ ਭਗਤਾਂ ਦੀਆਂ ਰਚਨਾਵਾਂ ਕਿਸੇ ਨਿੱਜੀ ਵਿਰੋਧ ਦੀ ਭਾਵਨਾ ਵਿਚੋਂ ਉਪਜੀਆਂ ਹਨ? ਅਜਿਹਾ ਇਸ ਲਈ ਸੋਚਿਆ ਜਾਂਦਾ ਹੈ ਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਕਥਿਤ ਨੀਵੀਂਆਂ ਜਾਤਾਂ ਨਾਲ ਸਬੰਧ ਰੱਖਦੇ ਸਨ। ਪਰੰਤੂ ਗੁਰਬਾਣੀ ਦੇ ਰਚਣਹਾਰੇ ਗੁਰੂ ਸਾਹਿਬਾਨ ਸਮਾਜ ਦੇ ਉੱਪਰਲੇ ਵਰਗ ਨਾਲ ਸਬੰਧ ਰੱਖਦੇ ਸਨ, ਪਰ ਉਹ ਹਮੇਸ਼ਾ ਨੀਵੇਂ ਅਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਨਾਲ ਧਿਰ ਬਣਕੇ ਖੜੇ ਹਨ। ਡਾ. ਅਮਰਜੀਤ ਸਿੰਘ ਕਾਂਗ ਅਤੇ ਡਾ. ਜਸਪਾਲ ਕੌਰ ਕਾਂਗ ਆਪਣੀ ਪੁਸਤਕ '*ਮੱਧਕਾਲੀ ਪੰਜਾਬੀ ਸਾਹਿਤ ਵਿਵੇਕ*' ਵਿਚ ਇਸ ਨੁਕਤੇ ਨੂੰ ਸਪੱਸ਼ਟ ਕਰਦੇ ਹੋਏ ਲਿਖਦੇ ਹਨ:-

> ਅਸੀਂ ਇੱਥੇ ਉਸ ਵਿਚਾਰ ਨੂੰ ਰੱਦ ਕਰਨਾ ਚਾਹਾਂਗੇ, ਜੋ ਇਹ ਕਹਿੰਦਾ ਹੈ ਕਿ ਰਵਿਦਾਸ ਬਾਣੀ ਵਿਚ ਕੁਲੀਨ ਵਰਗ ਦਾ ਵਿਰੋਧ ਵਿਅਕਤੀਗਤ ਰੋਸ ਵਿਚੋਂ ਪੈਦਾ ਹੋਇਆ ਹੈ। ਇਹ ਧਾਰਨਾ ਮੂਲੋਂ ਹੀ ਵਿਸੰਗਤ ਹੈ ਕਿਉਂਕਿ ਕੁਲੀਨ ਵਰਗ ਦੇ ਵਿਰੋਧ ਦੀ ਤਿੱਖੀ ਸੁਰ ਗੁਰਬਾਣੀ ਵਿਚ ਬੜੀ ਸਪੱਸ਼ਟ ਹੈ। ਗੁਰੂ ਬਾਣੀਕਾਰ ਸ਼੍ਰੇਣਿਕ ਦ੍ਰਿਸ਼ਟੀ ਤੋਂ ਹੇਠਲੀ ਸ਼੍ਰੇਣੀ ਵਿਚੋਂ ਨਹੀਂ ਸਨ ਪਰ ਉਨ੍ਹਾ ਦਾ ਰੋਸ ਰਵਿਦਾਸ ਬਾਣੀ ਨਾਲੋਂ ਵੀ ਤਿੱਖਾ ਹੈ। ਸੋ ਇਹ ਧਾਰਨਾ ਅਪ੍ਰਸੰਗਿਕ ਹੈ ਕਿ ਰਵਿਦਾਸ ਬਾਣੀ ਦਾ ਜਾਂ ਹੋਰ ਦੂਸਰੇ ਭਗਤਾਂ ਦੀ ਬਾਣੀ ਵਿਚ ਕੁਲੀਨ ਵਰਗ ਦਾ ਵਿਰੋਧ ਸ਼੍ਰੇਣਿਕ ਸਥਿਤੀ ਦੇ ਵਿਅਕਤੀਗਤ ਰੋਸ ਵਿਚੋਂ ਪੈਦਾ ਹੋਇਆ ਹੈ। ਅਸਲ ਵਿਚ ਗੁਰਬਾਣੀ ਦੇ ਸਿਰਜਣ ਕਾਲ ਤੋਂ ਕਾਫ਼ੀ ਅਰਸਾ ਪਹਿਲਾਂ

> ਹੀ ਭਗਤ ਬਾਣੀਆਂ ਨੇ ਉਸ ਅਧਿਆਤਮਕ ਪਰੰਪਰਾ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ, ਜੋ ਜਨਮ-ਜ਼ਾਤ ਅਤੇ ਜੋਨੀ ਦੀਆਂ ਸੀਮਾਵਾਂ ਵਿਚ ਬੱਧੀ ਹੋਈ ਸੀ। ਇਸ ਕਰਕੇ ਭਗਤ ਬਾਣੀ ਵਿਚੋਂ ਨਵੇਂ ਮਨੁੱਖ, ਨਵੇਂ ਸਮਾਜਕ ਪਰਿਪੇਖ ਦੀ ਪ੍ਰਤੀਤੀ ਹੁੰਦੀ ਹੈ। ਨਵੇਂ ਮਾਨਵੀ ਸੰਕਲਪਾਂ ਨੇ ਹੀ ਨਵਾਂ ਪ੍ਰਵਚਨ ਰਚਿਆ ਹੈ। ਨਵੇਂ ਲੌਕਿਕ ਵਰਤਾਰੇ ਵਿਚੋਂ ਨਵੇਂ ਪਾਰਲੌਕਿਕ ਰਹੱਸ ਦੀ ਅਨੁਭੂਤੀ ਹੋਈ ਹੈ। (120.)

ਭਗਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੋਣ ਕਰਕੇ ਗੁਰਬਾਣੀ ਦਾ ਦਰਜਾ ਰੱਖਦੀ ਹੈ। ਇਸ ਵਿਚਲੀ ਵਿਚਾਰਧਾਰਕ ਸਾਂਝ ਇਸ ਨੂੰ ਇੱਕ ਸੂਤਰ ਵਿਚ ਬੰਨ੍ਹਦੀ ਹੈ।"ਬਾਣੀ ਆਪਣੀ ਬਿਰਤੀ ਵਿਚ ਇਕਾਗਰ ਹੈ। ਇਸ ਦੇ ਰਚਨਾਕਾਰ ਇਕ ਸਾਂਝੇ ਵਿਚਾਰਧਾਰਕ ਸੂਤਰ ਵਿਚ ਪਰੋਏ ਹੋਏ ਹਨ।" (ਮਾਨ. *ਮੱਧਕਾਲੀਨ ਪੰਜਾਬੀ ਕਾਵਿ ਸਮੀਖਿਆ* 13.) ਇਸ ਵਿਚਲਾ ਗਿਆਨ ਹਰ ਕਾਲ ਦੇ ਮਨੁੱਖ ਦੇ ਮਸਲਿਆਂ ਦੀ ਬਾਤ ਪਾਉਂਦਾ ਹੈ। ਭਗਤ ਕਵੀ ਆਪ ਵੀ ਸਮਾਜ ਦੇ ਲਿਤਾੜੇ ਵਰਗਾਂ ਵਿਚੋਂ ਸਨ ਇਸ ਕਾਰਨ ਇਨ੍ਹਾਂ ਸਭ ਸਥਿਤੀਆਂ ਦੇ ਭੁਗਤ ਭੋਗੀ ਵੀ ਰਹੇ ਪਰ ਆਪਣੇ ਜੀਵਨ ਅਨੁਭਵ ਦੁਆਰਾ ਉਹ ਸਮਾਜ ਵਿਚ ਆਪਣਾ ਵਿਲੱਖਣ ਸਥਾਨ ਬਣਾਉਣ ਵਿਚ ਸਫਲ ਰਹੇ ਸਨ।"ਇਨ੍ਹਾਂ ਸਾਰੇ ਸੁਧਾਰਕਾਂ ਨੇ ਭਗਤੀ ਅੰਦੋਲਨ ਦੇ ਉਦਾਰ ਸੰਦੇਸ਼ ਨੂੰ ਅਨਪੜ੍ਹ ਜਨਤਾ ਤੱਕ ਪਹੁੰਚਾਇਆ। ਇਨ੍ਹਾਂ ਨੇ ਸਭ ਧਰਮਾਂ ਦੀ ਬੁਨਿਆਦੀ ਏਕਤਾ ਦਾ ਪ੍ਰਚਾਰ ਕਰਦੇ ਹੋਏ ਇਹ ਵਿਚਾਰ ਦਿੱਤਾ ਕਿ ਵਿਅਕਤੀਗਤ ਮਹਾਨਤਾ ਮਨੁੱਖ ਦੇ ਜਨਮ ਨਹੀਂ ਕਰਮਾਂ ਉੱਤੇ ਨਿਰਭਰ ਕਰਦੀ ਹੈ। ਉਨ੍ਹਾਂ ਨੇ ਜ਼ਿਆਦਾਤਰ ਰੀਤੀ ਰਿਵਾਜ਼ਾਂ, ਧਰਮ ਦੇ ਬਾਹਰੀ ਆਡੰਬਰਾਂ ਅਤੇ ਪੁਰੋਹਿਤਾਂ ਦੀ ਪ੍ਰਭੁਸੱਤਾ ਦਾ ਵਿਰੋਧ ਕੀਤਾ ਅਤੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਭਗਤੀ ਤੇ ਵਿਸ਼ਵਾਸ ਹੀ ਸਾਰਿਆਂ ਲਈ ਮੁਕਤੀ ਦਾ ਰਸਤਾ ਹੈ।" (ਦੱਤਾ. *ਐਡਵਾਂਸ ਹਿਸਟਰੀ ਆਫ਼ ਇੰਡੀਆ : ਭਾਗ-1* 396-397.) ਭਗਤੀ ਦਾ ਭਾਵ ਸੰਸਾਰ ਦਾ ਤਿਆਗ ਕਰਕੇ ਜੰਗਲਾਂ ਅਤੇ ਪਹਾੜਾਂ ਦੀਆਂ ਕੰਦਰਾਂ ਵਿਚ ਅੱਖਾਂ ਮੁੰਦ ਕੇ ਬੈਠਣ ਦਾ ਨਹੀਂ, ਸਗੋਂ ਇਸ ਸਮਾਜ ਵਿਚ ਰਹਿੰਦਿਆਂ ਹੋਇਆਂ ਆਪਣੀਆਂ ਜ਼ਿੰਮੇਵਾਰੀਆਂ ਦੀ ਪੂਰਤੀ ਕਰਦੇ ਹੋਏ ਮਿਹਨਤੀ ਜੀਵਨ-ਜਾਂਚ ਅਪਣਾਉਣ ਤੋਂ ਹੈ। ਭਗਤ ਕਵੀ ਆਪਣੇ ਜੀਵਨ ਅਨੁਭਵਾਂ ਦੁਆਰਾ ਪ੍ਰਾਪਤ ਗਿਆਨ ਨੂੰ ਆਪਣੀ

ਰਚਨਾ ਵਿਚ ਆਧਾਰ ਬਣਾ ਕੇ ਪੇਸ਼ ਕਰਦੇ ਹਨ। ਇਸ ਲਈ ਇਸ ਰਚਨਾ ਦਾ ਪਿੰਡਾ ਭਾਵੇਂ ਅਧਿਆਤਮਿਕ ਹੈ ਪਰੰਤੂ ਅਨੁਭਵ ਦੇ ਪੱਧਰ ਤੇ ਇਹ ਸਮਾਜਿਕ ਸਰੋਕਾਰਾਂ ਨਾਲ ਜੁੜੀ ਹੋਈ ਹੈ। ਇਥੇ ਸਾਡਾ ਮੰਤਵ ਵੀ ਇਸਦੇ ਸਮਾਜਿਕ ਸਰੋਕਾਰ ਨਾਲ ਹੀ ਬਾਵਸਤਾ ਹੈ। ਇਸ ਖੋਜ ਕਾਰਜ ਦਾ ਮੁੱਖ ਮੰਤਵ ਇਸ ਰਚਨਾ ਵਿਚ ਸ਼ਾਮਿਲ 15 ਭਗਤ ਕਵੀਆਂ ਦੀ ਰਚਨਾ ਨੂੰ ਕੇਂਦਰ ਵਿਚ ਰੱਖ ਕੇ ਇਸ ਦੀ ਪਿੱਠ-ਭੂਮੀ ਵਿਚ ਕਾਰਜਸ਼ੀਲ ਚਿੰਤਨ ਨਾਲ ਇਸ ਦੇ ਸੰਵਾਦਿਕ ਨਜ਼ਰੀਏ ਦੁਆਰਾ ਉੱਤਰ-ਆਧੁਨਿਕਤਾ ਵਿਚ ਇਸ ਦੀ ਸਾਰਥਿਕਤਾ ਦਾ ਆਲੋਚਨਾਤਮਿਕ ਅਧਿਐਨ ਕਰਨਾ ਹੈ। ਭਗਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਹਿੱਸਾ ਹੋਣ ਕਾਰਨ ਇਸ ਲਈ ਇਸ ਦਾ ਸੰਦੇਸ਼ ਵੀ ਸਮੇਂ ਅਤੇ ਸਥਾਨ ਤੋਂ ਪਾਰਗਾਮੀ ਹੈ। ਅਸਲ ਵਿਚ ਗੁਰੂ ਸਾਹਿਬਾਨ ਦਾ ਮਿਸ਼ਨ ਸਮੁੱਚੀ ਮਨੁੱਖਤਾ ਦੀ ਮੁਕਤੀ ਲਈ ਯਤਨਸ਼ੀਲ ਹੋਣ ਵਾਲਾ ਇਨਸਾਨ ਸਿਰਜਣ ਦਾ ਹੈ। ਇਕ ਅਜਿਹਾ ਮਨੁੱਖ ਦੀ ਸਿਰਜਣਾ ਜੋ ਜਾਤ, ਵਰਣ ਆਦਿ ਹਰ ਪ੍ਰਕਾਰ ਦੇ ਭੇਦ-ਭਾਵ ਤੋਂ ਮੁਕਤ ਹੋਵੇ ਅਤੇ ਸਭ ਵਿਚ ਇੱਕੋ ਨੂਰ ਮਹਿਸੂਸ ਕਰੇ। ਭਗਤ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਗਿਆ ਹੈ ਕਿ ਗਿਆਨ ਇਕ ਸਾਂਝੀ ਵਿਰਾਸਤ ਹੈ। ਇਸ ਲਈ ਕਿਸੇ ਵੀ ਜਾਤ, ਲਿੰਗ ਅਤੇ ਧਰਮ ਦਾ ਬੰਧਨ ਨਹੀਂ ਹੈ। ਹਰ ਇਕ ਇਨਸਾਨ ਆਪਣੇ ਕਰਮਾਂ ਦੁਆਰਾ ਹੀ ਮੁਕਤ ਹੋ ਸਕਦਾ ਹੈ। ਇਨ੍ਹਾਂ ਵਿਲੱਖਣ ਅੰਤਰ-ਦ੍ਰਿਸ਼ਟੀਆਂ ਨੂੰ ਹਰ ਯੁੱਗ ਵਿਚ ਪਹਿਚਾਨਣ ਲਈ ਸਬੰਧਿਤ ਯੁੱਗ ਦੀਆਂ ਪ੍ਰਮੁੱਖ ਚਿੰਤਨ ਵਿਧੀਆਂ ਦੁਆਰਾ ਹੀ ਪੜਤਾਲਿਆ ਜਾ ਸਕਦਾ ਹੈ। ਅੱਜ ਦੇ ਯੁੱਗ ਅੰਦਰ ਯਥਾਰਥ ਨੂੰ ਉੱਤਰ-ਆਧੁਨਿਕ ਚਿੰਤਨ ਵਿਧੀ ਨਾਲ ਸਮਝਿਆ ਜਾਂਦਾ ਹੈ।"ਕਮਾਲ ਇਹ ਹੈ ਕਿ ਉਨ੍ਹਾਂ ਪ੍ਰਭੂ ਦੇ ਏਕੱਤਵ ਨੂੰ ਕਦੇ ਵੀ ਉਸ ਦੀ ਪ੍ਰਾਪਤੀ ਦੇ ਇੱਕੋ ਰਾਹ ਤੱਕ ਸੀਮਿਤ ਨਹੀਂ ਕੀਤਾ। ਪ੍ਰਭੂ ਦੇ ਗੁਣਾ ਵਾਂਗ ਉਸ ਦੀ ਪ੍ਰਾਪਤੀ ਦੇ ਰਾਹ ਵੀ ਅਨੇਕ ਹੋ ਸਕਦੇ ਹਨ। ਉਸ ਤੱਕ ਪਹੁੰਚ ਲਈ ਅਨੇਕ ਦਰ ਖੁੱਲ੍ਹੇ ਹਨ। ਉਸ ਦੇ ਬੋਧ ਲਈ ਅਨੇਕ ਵਿਧੀਆਂ ਪ੍ਰਾਪਤ ਹਨ। ਸਤਿ ਤੇ ਯਥਾਰਥ ਦੇ ਬੋਧ ਪ੍ਰਤਿ ਆਦਿ ਗ੍ਰੰਥ ਦੀ ਇਸ ਬਹੁ ਵਰਚੀ ਸੁਰ ਦਾ ਮਹੱਤਵ ਉੱਤਰ-ਆਧੁਨਿਕ ਚਿੰਤਨ ਦੇ ਪ੍ਰਸੰਗ ਵਿਚ ਵਧੇਰੇ ਸੂਖਮਤਾ ਨਾਲ ਪਛਾਣਿਆ ਜਾ ਸਕਦਾ ਹੈ।" (ਧੀਰ. *ਸ੍ਰੀ ਗੁਰੂ ਗ੍ਰੰਥ ਸਾਹਿਬ : ਉੱਤਰ ਆਧੁਨਿਕ ਦ੍ਰਿਸ਼ਟੀ ਬਿੰਦੂ, ਨਾਨਕ ਪ੍ਰਕਾਸ਼ ਪੱਤ੍ਰਿਕਾ : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ* 16.) ਇਸ ਖੋਜ ਪ੍ਰਬੰਧ ਦਾ

ਪ੍ਰਮੁੱਖ ਸਰੋਕਾਰ ਵੀ ਸਮਕਾਲੀ ਯੁੱਗ ਸਥਿਤੀਆਂ ਵਿਚ ਭਗਤ ਬਾਣੀ ਦੀ ਸਾਰਥਿਕਤਾ ਦਾ ਮਾਡਲ ਤਲਾਸ਼ਣ ਦਾ ਹੈ। ਇਸ ਮੰਤਵ ਲਈ ਅਜੋਕਾ ਸਮਾ ਜਿਸ ਨੂੰ ਕਿ ਉੱਤਰ-ਆਧੁਨਿਕ ਯੁੱਗ ਕਿਹਾ ਜਾਂਦਾ ਹੈ, ਦੇ ਪ੍ਰਸੰਗ ਵਿਚ ਭਗਤ ਬਾਣੀ ਦਾ ਮੁੱਲਾਂਕਣ ਕਰਕੇ ਇਸਦੇ ਸੰਦੇਸ਼ ਦਾ ਮਹੱਤਵ ਸਪੱਸ਼ਟ ਕਰਨਾ ਹੈ। ਇਸ ਨਿਸ਼ਾਨੇ ਵੱਲ ਵਧਣ ਤੋਂ ਪਹਿਲਾਂ ਅਸੀਂ ਉੱਤਰ-ਆਧੁਨਿਕਤਾ ਦੀ ਵਿਆਪਕ ਚਰਚਾ ਕਰਨ ਦਾ ਯਤਨ ਕਰਾਂਗੇ।

**1.6.ਉੱਤਰ-ਆਧੁਨਿਕਤਾ : ਸਰੂਪ ਅਤੇ ਵਿਸ਼ੇਸ਼ਤਾਵਾਂ :**

ਪੱਛਮ ਵਿਚ ਉੱਤਰ-ਆਧੁਨਿਕਤਾ ਦਾ ਆਗਮਨ 18ਵੀਂ ਸਦੀ ਵਿਚ ਮੰਨਿਆਂ ਜਾਂਦਾ ਹੈ। ਭਾਰਤ ਵਿਚ ਇਹ ਸਥਿਤੀ 20ਵੀਂ ਸਦੀ ਦੇ 80ਵੇਂ ਦਹਾਕੇ ਤੋਂ ਬਾਅਦ ਉਭਾਰ ਵਿਚ ਆਉਂਦੀ ਹੈ। ਸਾਹਿਤਕਾਰ ਆਪਣੀਆਂ ਰਚਨਾਵਾਂ ਦੁਆਰਾ ਇਸ ਸਥਿਤੀ ਦਾ ਚਿੱਤਰ ਪੇਸ਼ ਕਰਦੇ ਹਨ। ਜੇਕਰ ਪੱਛਮ ਦੀ ਗੱਲ ਕਰੀਏ ਤਾਂ ਉੱਤਰ-ਆਧੁਨਿਕਤਾ ਦੀ ਸਥਿਤੀ ਦਾ ਪ੍ਰਵੇਸ਼ ਦਰਸ਼ਨ ਦੇ ਖੇਤਰ ਵਿਚ 17ਵੀਂ ਸਦੀ ਵਿਚ ਹੁੰਦਾ ਹੈ। ਇਸ ਦੇ ਬੀਜ ਜਰਮਨ ਫ਼ਿਲਾਸਫ਼ਰ ਇਮੈਨੂਅਲ ਕਾਂਤ ਦੁਆਰਾ 1781 ਵਿਚ ਲਿਖੀ ਕਿਤਾਬ 'ਕ੍ਰਿਟੀਕ ਆਫ ਪਿਓਰ ਰੀਜ਼ਨ' ਵਿਚ ਪ੍ਰਾਪਤ ਹੁੰਦੇ ਹਨ। ਪ੍ਰੰਤੂ ਸਾਹਿਤ ਦੇ ਰੂਪਾਂ ਵਿਚ ਇਹ 18ਵੀਂ ਅਤੇ 19ਵੀਂ ਸਦੀ ਵਿਚ ਪੇਸ਼ ਹੁੰਦੀ ਹੈ। ਇਹ ਸੰਕਲਪ ਦੀ ਵਰਤੋਂ ਸਭ ਤੋਂ ਪਹਿਲਾਂ 1870 ਈ. ਵਿਚ ਵੱਖ-ਵੱਖ ਖੇਤਰਾਂ ਅੰਦਰ ਹੋਈ ਮੰਨੀ ਜਾਂਦੀ ਹੈ। ਜੌਹਨ ਵਾਟਕਿੰਜ਼ ਚੈਪਮੈਨ (John Watkins Chapman) ਨੇ ਪੇਂਟਿੰਗ ਵਿਚ ਪੋਸਟ ਮਾਡਰਨ ਸਟਾਈਲ ਦੀ ਵਰਤੋਂ ਫਰੈਂਚ ਇੰਪਰੈਸ਼ਨਿਜ਼ਮ ਦੇ ਪੜਾਅ ਦੇ ਰੂਪ ਵਿਚ ਕੀਤੀ। ਇਸ ਤੋਂ ਬਾਅਦ 1914 ਈ. ਵਿਚ ਜੇ. ਐਮ. ਥੌਂਪਸਨ (J.M. Thompson) ਦੁਆਰਾ 'ਦ ਹਿਬਰਟ ਜਰਨਲ' (The Hibbert Journal) ਵਿਚਲੇ ਆਰਟੀਕਲ ਵਿਚ ਕੀਤੀ। "ਯੂਰਪ ਵਿਚ 'ਪੋਸਟਮਾਡਰਨਿਟੀ' ਅਤੇ 'ਪੋਸਟਮਾਡਰਨ' ਸ਼ਬਦ ਦਾ ਪ੍ਰਯੋਗ ਕਦੋਂ ਸ਼ੁਰੂ ਹੋਇਆ, ਇਸ ਤੇ ਮੱਤਭੇਦ ਹਨ, ਵੀਹਵੀਂ ਸਦੀ ਦੇ ਚੌਥੇ ਦਸ਼ਕ ਵਿਚ ਫੈਦਰੀਕੋ ਦ ਉਨਿਸ ਨੇ 'ਪੋਸਟਮਾਡਰਨਿਜ਼ਮ' ਸ਼ਬਦ ਦਾ ਪ੍ਰਯੋਗ 'ਆਧੁਨਿਕਤਾਵਾਦ ਵਿਚ ਪਰੰਪਰਿਕਤਾ ਦੇ ਉਤਰ' ਵਾਸਤੇ ਕੀਤਾ।" (ਮੈਰੀ ਐਂਡਰਸਨ. *ਦ ਓਰਿਜਿਨ ਆਫ ਪੋਸਟਮਾਡਰਨਿਟੀ*, 3.) ਸ਼ਬਦ ਉੱਤਰ-ਆਧੁਨਿਕਤਾ ਸਭ ਤੋਂ ਪਹਿਲਾਂ 1934 ਵਿਚ ਵਰਤਿਆ ਗਿਆ, ਜਿਸ ਨੂੰ ਫੈਦਰੀਕੋ ਦੀ ਉਨਿਸ ਨੇ ਇਕ ਸਪੇਨੀ ਸੰਗ੍ਰਹਿ ਵਿਚ ਸਭ ਤੋਂ

ਪਹਿਲਾਂ ਵਰਤੋਂ ਵਿਚ ਲਿਆਂਦਾ। 1942 ਵਿਚ ਡੁਡਨੀ ਫਿਟਸ ਨੇ ਅਮਰੀਕਾ ਵਿਚ ਕਵਿਤਾ ਦਾ ਇਕ ਸੰਗ੍ਰਹਿ ਤਿਆਰ ਕਰਦਿਆਂ ਉੱਤਰ-ਆਧੁਨਿਕ ਸ਼ਬਦ ਦੀ ਵਰਤੋਂ ਕੀਤੀ, ਪਰੰਤੂ ਇਸ ਸ਼ਬਦ ਤੇ ਵਧੇਰੇ ਚਿੰਤਕਾਂ ਦਾ ਧਿਆਨ ਉਸ ਵੇਲੇ ਗਿਆ ਜਿਸ ਵੇਲੇ ਇਤਿਹਾਸਕਾਰ ਆਰਨੋਲਡ ਟਾਯਨਬੀ ਨੇ 1947 ਵਿਚ ਪੱਛਮੀ ਸੱਭਿਆਚਾਰ ਦੇ ਨਵੇਂ ਪੜਾਅ ਨੂੰ ਪ੍ਰਗਟ ਕਰਨ ਲਈ ਵਰਤਿਆ। ਉਸ ਨੇ ਇਸ ਸ਼ਬਦ ਦੀ ਵਰਤੋਂ ਇਤਿਹਾਸਕ ਸੰਦਰਭ ਵਿਚ ਕੀਤੀ ਸੀ। ਇਸ ਸ਼ਬਦ ਦੀ ਵਰਤੋ ਉਸ ਨੇ ਆਪਣੀ ਕਿਤਾਬ *'ਏ ਸਟੱਡੀ ਆਫ ਹਿਸਟਰੀ'* ਵਿਚ ਕੀਤੀ। ਫਰਾਂਸ ਵਿਚ ਇਸ ਸ਼ਬਦ ਦਾ ਇਸਤੇਮਾਲ ਸਭ ਤੋਂ ਜ਼ਿਆਦਾ ਹੋਇਆ। ਲਿਓਤਾਰਦ, ਡੈਨੀਅਲ ਬੈਲ ਅਤੇ ਬੌਦਰੀਲਾਰਦ ਨੇ ਇਸ ਨੂੰ ਸਿਧਾਂਤ ਦੇ ਰੂਪ ਵਿਚ ਵਿਚਾਰਨਾ ਸ਼ੁਰੂ ਕੀਤਾ। ਲਿਓਤਾਰਦ ਦੀ ਕਿਤਾਬ '*ਪੋਸਟਮਾਡਰਨ ਕੰਡੀਸ਼ਨ: ਏ ਰਿਪੋਰਟ ਆਨ ਨਾਲੇਜ*' (1984) ਪ੍ਰਕਾਸ਼ਿਤ ਹੋਣ ਨਾਲ ਇਸ ਨੂੰ ਇਕ ਸਿਧਾਂਤ ਦੇ ਤੌਰ ਮਾਨਤਾ ਮਿਲੀ। ਲੇਕਿਨ 1990 ਵਿਚ ਇਕ ਹੋਰ ਫਰਾਂਸੀਸੀ ਚਿੰਤਕ ਮਿਸ਼ੇਲ ਫੂਕੋ ਦੀ ਕਿਤਾਬ *'ਆਰਡਰ ਆਫ ਥਿੰਗਜ਼'* ਨੇ ਤਾਂ ਕਮਾਲ ਹੀ ਕਰ ਦਿੱਤਾ। ਮਿਸ਼ੇਲ ਫੂਕੋ ਦਾ ਕੰਮ ਸਭ ਤੋਂ ਮੌਲਿਕ ਹੈ। ਇਸ ਤੋਂ ਬਾਅਦ ਕਈ ਚਿੰਤਕਾਂ ਨੇ ਇਸ ਨੂੰ ਵਿਚਾਰ ਅਧੀਨ ਲਿਆਂਦਾ ਅਤੇ ਇਸ ਦੇ ਸਰੋਕਾਰਾਂ ਦੀ ਗੱਲ ਸ਼ੁਰੂ ਕੀਤੀ। ਬੇਸ਼ੱਕ ਉੱਤਰ-ਆਧੁਨਿਕਤਾ ਦਾ ਸੰਕਲਪ ਪੱਛਮੀ ਸਾਹਿਤ ਚਿੰਤਕਾਂ ਦੁਆਰਾ ਨਿਰੂਪਿਤ ਕੀਤਾ ਗਿਆ ਹੈ ਜਿਨ੍ਹਾਂ ਵਿਚ ਲਿਓਤਾਰਦ, ਜੈਮਸਨ, ਹੈਮਰਬਾਸ, ਬੌਦਰੀਲਾਰਦ, ਦੈਰਿਦਾ, ਰੋਲਾਂ ਬਾਰਤ, ਨੀਤਸ਼ੇ, ਫੂਕੋ, ਈਗਲਟਨ ਅਤੇ ਜੂਲੀਆ ਕ੍ਰਿਸਤੇਵਾ ਦੇ ਨਾਮ ਪ੍ਰਮੁੱਖ ਹਨ। ਪੂਰਬੀ ਪ੍ਰਮੁੱਖ ਚਿੰਤਕਾਂ ਵਿਚ ਹੋਮੀ ਭਾਭਾ, ਇਹਾਬ ਹਸਨ ਅਤੇ ਗਾਇਤਰੀ ਸਪੀਵਾਕ ਆਦਿ ਦੇ ਨਾਮ ਹਨ। ਇਸੇ ਤਰ੍ਹਾਂ ਹਿੰਦੀ ਸਾਹਿਤ ਵਿਚ ਦੇਵੇਂਦਰ ਇੱਸਰ, ਸੁਧੀਸ਼ ਪਚੌਰੀ, ਬੈਜਨਾਥ ਸਿੰਘਲ ਅਤੇ ਦੇਵ ਸ਼ੰਕਰ ਨਵੀਨ ਆਦਿ ਨੇ ਉੱਤਰ-ਆਧੁਨਿਕਤਾ ਬਾਰੇ ਚਿੰਤਨ ਪ੍ਰਸਤੁਤ ਕੀਤਾ ਹੈ। ਪੰਜਾਬੀ ਸਾਹਿਤ ਚਿੰਤਨ ਵਿਚ ਉੱਤਰ-ਆਧੁਨਿਕਤਾ ਬਾਰੇ ਚਰਚਾ ਡਾ. ਗੁਰਭਗਤ ਸਿੰਘ ਤੋਂ ਸ਼ੁਰੂ ਹੋ ਕੇ ਡਾ. ਸੁਤਿੰਦਰ ਸਿੰਘ ਨੂਰ, ਡਾ. ਪ੍ਰੀਤਮ ਸਿੰਘ ਬੱਤਰਾ, ਪ੍ਰੋ. ਅਮਰਜੀਤ ਗਰੇਵਾਲ, ਡਾ. ਰਾਜਿੰਦਰਪਾਲ ਸਿੰਘ ਬਰਾੜ, ਡਾ. ਵਨੀਤਾ, ਡਾ. ਆਤਮ ਰੰਧਾਵਾ ਅਤੇ ਡਾ. ਮਨਮੋਹਨ ਜਿਹੇ ਪ੍ਰਬੁੱਧ ਚਿੰਤਕਾਂ ਤੱਕ ਅੱਪੜਦੀ ਹੈ।

ਉੱਤਰ-ਆਧੁਨਿਕਤਾ ਦੇ ਵਿਚ ਕੰਪਿਊਟਰ ਗਿਆਨ, ਸੂਚਨਾ ਟੈਕਨੋਲੋਜੀ ਦਾ ਵਰਤਾਰਾ ਆ ਜਾਂਦਾ ਹੈ। ਇਸ ਨਾਲ ਵਿਸ਼ਵੀਕਰਨ ਦੀ ਸਥਿਤੀ ਪੈਦਾ ਹੋਈ ਹੈ।"ਇਸ ਪ੍ਰਸੰਗ ਵਿਚ ਹੈਲੇਨ ਸ਼ਿਖੂ, ਲੂਸੀ ਇਰੈਗਰੇ, ਲਿੰਡਾ ਹੁਚਨ ਦੀ ਆਲੋਚਨਾ ਧਿਆਨ ਮੰਗਦੀ ਹੈ। ਉਹ ਲਿਖਦੀ ਹੈ, ਉੱਤਰ-ਆਧੁਨਿਕਤਾ ਦਾ ਮੁੱਢਲਾ ਸਰੋਕਾਰ ਸਾਡੇ ਜ਼ਿੰਦਗੀ ਜਿਉਣ ਦੇ ਭਾਰੂ ਲੱਛਣਾਂ ਨੂੰ ਗੈਰ-ਕੁਦਰਤੀ ਦੱਸਣਾ ਹੈ। ਅਸੀਂ ਕੁਝ ਚੀਜ਼ਾਂ ਨੂੰ ਬਿਨਾ ਕੁਝ ਸੋਚੇ ਸਮਝੇ ਹੀ ਕੁਦਰਤ ਵਜੋਂ ਮਹਿਸੂਸ ਕਰੀ ਜਾਂਦੇ ਹਾਂ ਜਿਵੇਂ ਪੂੰਜੀਵਾਦ, ਪਿੱਤਰੀ ਪ੍ਰਧਾਨਤਾ, ਮਾਨਵੀ ਉਦਾਰਵਾਦ ਜਦੋਂ ਕਿ ਅਸਲ ਵਿਚ ਇਹ ਸਭਿਆਚਾਰਕ ਹਨ ਭਾਵ ਇਹ ਬਣੇ ਬਣਾਏ ਨਹੀਂ ਮਿਲੇ ਹਨ ਸਗੋਂ ਇਹ ਅਸੀਂ ਬਣਾਏ ਹਨ।"(ਡਾ. ਰਾਜਿੰਦਰਪਾਲ ਸਿੰਘ. *ਉਤਰ ਆਧੁਨਿਕਤਾ* 81.) ਅਜਿਹੀ ਸਥਿਤੀ ਨਾਲ ਰਾਜਨੀਤਿਕ, ਸਭਿਆਚਾਰਕ ਅਤੇ ਆਰਥਿਕ ਜਿਹੜੇ ਮਨੁੱਖ ਨਾਲ ਜੁੜੇ ਹੋਏ ਸਰੋਕਾਰ ਹਨ, ਉਹ ਬਦਲ ਗਏ ਹਨ। ਉੱਤਰ-ਆਧੁਨਿਕਤਾ ਅਸੰਖ ਸੱਚਾਂ (ਯਥਾਰਥਾਂ) ਨੂੰ ਮੰਨਦੀ ਹੈ। ਇਸ ਪ੍ਰਕਾਰ ਅਸੰਖ ਵਿਆਖਿਆਵਾਂ ਦੇ ਕਾਰਨ ਅਜੋਕੇ ਸਮੇਂ ਵਿਚ ਆਮ ਅਸਹਿਮਤੀਆਂ ਦੀ ਭਰਮਾਰ ਹੋ ਗਈ ਹੈ। ਇਸ ਦੇ ਕਾਰਨ ਸਮਾਜ ਅੰਦਰ ਵਿਰੋਧ ਦੀ ਸਥਿਤੀ ਬਣਦੀ ਹੈ। ਇਸ ਸਥਿਤੀ ਦੇ ਹੱਲ ਤੋਂ ਪਾਰਗਾਮੀ ਹੋਣਾ ਭਾਵ ਸਮਾਜ ਦੀ ਏਕਤਾ ਦੇ ਆਧਾਰਾਂ ਨੂੰ ਤਲਾਸ਼ਣਾ ਉੱਤਰ-ਆਧੁਨਿਕਤਾ ਦੀ ਸਭ ਤੋਂ ਵੱਡੀ ਸਮੱਸਿਆ ਹੈ।

**1.6.1.ਉੱਤਰ-ਆਧੁਨਿਕਤਾ : ਅਰਥ ਅਤੇ ਪਰਿਭਾਸ਼ਾ** :

ਉੱਤਰ-ਆਧੁਨਿਕਤਾ ਸਮਕਾਲੀ ਯੁੱਗ ਸਥਿਤੀ ਨੂੰ ਕਿਹਾ ਜਾਂਦਾ ਹੈ। ਉੱਤਰ-ਆਧੁਨਿਕਤਾ ਨੂੰ ਆਧੁਨਿਕਤਾ ਤੋਂ ਬਾਅਦ ਦੀ ਸਥਿਤੀ ਵਜੋਂ ਵੀ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਇਸ ਨੂੰ ਸਮਝਣ ਲਈ ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਵਿਚ ਨਿਖੇੜ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਸੰਦਰਭ ਵਿਚ ਡਾ. ਗੁਰਭਗਤ ਸਿੰਘ ਦੇ ਵਿਚਾਰ ਗੌਲਣਯੋਗ ਹਨ,"ਆਧੁਨਿਕਤਾ ਉਹ ਅਨੁਭਵ ਜਾਂ ਸੰਸਥਕ ਪੱਧਰ ਤੇ ਹੋ ਰਿਹਾ ਅਭਿਆਸ ਸੀ ਜਿਸ ਦੀਆਂ ਦੋ ਵੱਡੀਆਂ ਵਿਸ਼ੇਸ਼ਤਾਵਾਂ ਮਸ਼ੀਨ ਅਤੇ ਤਰਕ ਨਾਲ ਜੀਵਨ ਨੂੰ ਸੰਗਠਿਤ ਕਰਨਾ ਅਤੇ ਵਿਸ਼ੇਸ਼ੀਕਰਨ ਨਾਲ ਮੁਕਤ ਕਰਨ ਵਾਲੀਆਂ ਵਿਸ਼ਵਾਰਥੀ ਸੰਸਥਾਵਾਂ ਉਸਾਰਨਾ ਸੀ।"(*ਉਤਰ ਆਧੁਨਿਕਤਾਵਾਦ*

10.) ਉਪਰੋਕਤ ਕਥਨ ਦੀ ਰੌਸ਼ਨੀ ਵਿਚ ਆਧੁਨਿਕਤਾ ਤੋਂ ਬਾਅਦ ਦੀ ਸਥਿਤੀ ਨੂੰ ਉੱਤਰ-ਆਧੁਨਿਕਤਾ ਦੇ ਤੌਰ ਤੇ ਪਰਿਭਾਸ਼ਿਤ ਕਰ ਸਕਦੇ ਹਾਂ। ਇਸ ਲਈ ਕਿਹਾ ਜਾ ਸਕਦਾ ਹੈ ਕਿ ਆਧੁਨਿਕਤਾ ਦੁਆਰਾ ਮਨੁੱਖ ਦੀਆਂ ਸਭ ਸਮੱਸਿਆਵਾਂ ਦਾ ਹੱਲ ਹੋਣ ਦੀ ਉਮੀਦ ਟੁੱਟਣ ਤੋਂ ਬਾਅਦ ਪੈਦਾ ਹੋਈ ਸਥਿਤੀ ਨੂੰ ਉੱਤਰ-ਆਧੁਨਿਕਤਾ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ "ਆਧੁਨਿਕਤਾ ਤੋਂ ਅਗਲੀ ਅਤੇ ਇਸ ਪ੍ਰਤੀ ਆਲੋਚਨਾਤਮਿਕ ਹੁੰਗਾਰੇ ਦੀ ਸਥਿਤੀ ਉੱਤਰ-ਆਧੁਨਿਕਤਾ ਦੀ ਹੈ। ਆਧੁਨਿਕਤਾ ਵਿਗਿਆਨਕ-ਵਿਕਾਸ, ਤਰਕ ਅਤੇ ਮਸ਼ੀਨ ਦੀ ਉਪਜ ਹੈ, ਪਰ ਉੱਤਰ-ਆਧੁਨਿਕਤਾ ਸੂਚਨਾ, ਤਕਨਾਲੋਜੀ, ਕੰਪਿਊਟਰੀ ਗਿਆਨ ਉੱਪਰ ਉਸਰਿਆ ਹੋਇਆ ਅਜਿਹਾ ਵਰਤਾਰਾ ਹੈ, ਜਿਸਦੇ ਵਿਸ਼ਾਲ ਸੰਦਰਭਾਂ ਨੇ ਅਜਿਹੀ ਵਿਸ਼ਵੀਕਰਨ ਦੀ ਸਥਿਤੀ ਪੈਦਾ ਕੀਤੀ ਹੈ, ਜਿਸ ਨਾਲ ਮਨੁੱਖ ਨਾਲ ਜੁੜੇ ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਅਸਤਿਤਵੀ ਪ੍ਰਬੰਧ ਬਦਲ ਗਏ।" (ਬਾਜਵਾ. *ਉਤਰ ਆਧੁਨਿਕਤਾਵਾਦ ਅਤੇ ਗੁਰਬਾਣੀ* 14.) ਜੇਕਰ ਭਾਰਤੀ ਪ੍ਰਸੰਗ ਵਿਚ ਵੇਖੀਏ ਤਾਂ ਭਾਰਤੀ ਸਮਾਜ ਬਹੁਪਰਤੀ ਹੋਣ ਕਾਰਨ ਇਸ ਅੰਦਰ ਹਰ ਇਕ ਯੁੱਗ ਸਥਿਤੀ ਪੱਛਮ ਦੇ ਮੁਕਾਬਲੇ ਢੇਰ ਪਿੱਛੋਂ ਵਾਪਰਦੀ ਹੈ। ਪਰੰਤੂ ਹੁਣ ਦੀ ਸਥਿਤੀ ਬਦਲ ਚੁੱਕੀ ਹੈ। ਕੰਪਿਊਟਰ ਤਕਨਾਲੋਜੀ ਦੇ ਵਿਕਾਸ ਨਾਲ ਅੱਜ ਭਾਰਤੀ ਸਮਾਜ ਵਿਚ ਵੀ ਸਮਾਰਟ ਫੋਨਾਂ ਦੁਆਰਾ ਇੰਟਰਨੈੱਟ ਦਾ ਫੈਲਾਓ ਹੋਣ ਕਾਰਨ ਉੱਤਰ-ਆਧੁਨਿਕ ਸਥਿਤੀ ਵਿਚ ਵਿਚਰ ਰਿਹਾ ਹੈ। ਭਾਰਤੀ ਚਿੰਤਨ ਵਿਚ ਉੱਤਰ-ਆਧੁਨਿਕਤਾ ਦਾ ਸੰਕਲਪ ਚਰਚਾ ਦਾ ਵਿਸ਼ਾ ਬਣ ਰਿਹਾ ਹੈ। ਪੰਜਾਬੀ ਸਾਹਿਤ ਵਿਚ ਵੀ ਇਸ ਉੱਪਰ ਚਰਚਾ ਚੱਲਣ ਲੱਗ ਪਈ ਹੈ। ਕਈ ਸੈਮੀਨਾਰ ਅਤੇ ਕਿਤਾਬਾਂ ਉੱਤਰ-ਆਧੁਨਿਕਤਾ ਉੱਪਰ ਆਧਾਰਿਤ ਹੋ ਰਹੇ ਹਨ। ਭਾਰਤ ਵਿਚ ਵੀ ਇਸ ਉੱਪਰ ਕੰਮ ਹੋ ਰਿਹਾ ਹੈ ਅਤੇ ਬਹੁਤ ਸਾਰੇ ਭਾਰਤੀ ਚਿੰਤਕ ਇਸ ਦੇ ਵਿਰੋਧ ਜਾਂ ਪੱਖ ਵਿਚ ਲਿਖ ਰਹੇ ਹਨ। ਉੱਤਰ-ਆਧੁਨਿਕਤਾ ਦੀ ਵਿਆਪਕ ਚਰਚਾ ਪੰਜਾਬੀ ਅਕਾਦਮਿਕ ਜਗਤ ਵਿਚ ਵੀ ਹੋਣ ਲੱਗ ਪਈ ਹੈ।

ਉੱਤਰ-ਆਧੁਨਿਕਤਾ, ਆਧੁਨਿਕਤਾ ਤੋਂ ਬਾਅਦ ਦੀ ਸਥਿਤੀ ਹੈ ਜਿਸ ਵਿਚ ਮਨੁੱਖ ਦੇ ਸੋਚਣ ਦੇ ਢੰਗ ਤਰੀਕਿਆਂ ਤੋਂ ਲੈ ਕੇ ਉਸ ਦੀ ਸਮੁੱਚੀ ਕਾਰਜਸ਼ੈਲੀ ਦੀ ਤਬਦੀਲੀ ਸ਼ਾਮਿਲ ਹੈ। ਆਧੁਨਿਕਤਾ, ਰੱਬ ਦੀ ਪ੍ਰਬਲ

ਧਾਰਨਾ ਵਾਲੀ ਮੱਧਕਾਲੀ ਸੋਚ ਉੱਪਰ ਪ੍ਰਸ਼ਨ ਚਿੰਨ੍ਹ ਖੜੇ ਕਰਦੀ ਸੀ। ਵਿਗਿਆਨਿਕ ਕਾਢਾਂ ਨੇ ਮਨੁੱਖ ਦੀ ਜ਼ਿੰਦਗੀ ਨੂੰ ਸੌਖਿਆਂ ਕਰਨ ਵੱਲ ਕਦਮ ਵਧਾ ਲਏ ਸਨ। ਉਤਪਾਦਨ ਦੇ ਨਵੇਂ ਢੰਗ ਤਰੀਕਿਆਂ ਨਾਲ ਮਨੁੱਖ ਦੇ ਰਹਿਣ ਸਹਿਣ ਦਾ ਪੱਧਰ ਉੱਚਾ ਹੋਣ ਲੱਗ ਪਿਆ ਸੀ। ਪਰੰਤੂ ਇਸ ਸਭ ਦੇ ਬਾਵਜੂਦ ਵੀ ਮਨੁੱਖਤਾ ਲਈ ਨਵੇਂ-ਨਵੇਂ ਖ਼ਤਰੇ ਵਧਦੇ ਜਾ ਰਹੇ ਸਨ। ਇਨ੍ਹਾਂ ਖ਼ਤਰਿਆਂ ਪ੍ਰਤੀ ਅਸੰਤੋਸ਼ ਦੀ ਸਥਿਤੀ ਉੱਤਰ-ਆਧੁਨਿਕ ਸੋਚ ਦਾ ਵਾਹਨ ਬਣਦੀ ਹੈ। ਇਸ ਨੂੰ ਆਧੁਨਿਕਤਾ ਦੇ ਵਿਰੋਧ ਵਿਚੋਂ ਉਪਜੀ ਸਥਿਤੀ ਵੀ ਕਿਹਾ ਜਾਂਦਾ ਹੈ। ਇਸ ਸਬੰਧੀ ਡਾ. ਰਾਜਿੰਦਰਪਾਲ ਸਿੰਘ ਦਾ ਕਥਨ ਗੌਲਣਯੋਗ ਹੈ :-

> ਉਤਰ-ਆਧੁਨਿਕਤਾ ਜ਼ਿੰਦਗੀ ਨੂੰ ਦੇਖਣ ਅਤੇ ਵਿਚਾਰਨ-ਸੰਚਾਲਨ ਦੀ ਇੱਕ ਵਿਧੀ ਹੈ। ਇਹ ਆਧੁਨਿਕਤਾ ਦੇ ਵਿਰੋਧ ਵਿਚੋਂ ਵੀ ਉਪਜੀ ਹੈ ਅਤੇ ਸੁਤੰਤਰ ਤੌਰ ਤੇ ਸੂਖਮ ਕਲਾਵਾਂ ਅਤੇ ਹੋਰ ਸਭਿਆਚਾਰਕ ਸੰਗਠਨਾਂ ਨੂੰ ਨਵਾਂ ਅਤੇ ਸਾਰਥਿਕ ਰੂਪ ਦੇਣ ਦੀ ਇੱਛਾ ਵਿਚੋਂ ਵੀ। ਇਸ ਲਈ ਇਸਨੂੰ ਉਤਰ-ਆਧੁਨਿਕਤਾ ਦਾ ਇਕ ਆਲੋਚਕ 'ਮਤਈ ਕੈਲੀਨੈਸਕੂ' ਇੱਕ ਇਤਿਹਾਸਿਕ ਪਰਵਰਗ ਅਤੇ ਇੱਕ ਆਦਰਸ਼ ਸੰਕਲਪ ਦੋਵੇਂ ਮੰਨਦਾ ਹੈ। ਇੱਕ ਇਤਿਹਾਸਕ ਪਰਵਰਗ ਮੰਨਣ ਦਾ ਅਰਥ ਇਸਨੂੰ ਆਧੁਨਿਕਤਾ ਅਤੇ ਉਸ ਨਾਲ ਸਬੰਧਿਤ ਵਿਸ਼ੇਸ਼ ਯੁੱਗ  ਦੇ ਵਿਰੋਧ ਜਾਂ ਸਮਰਥਨ ਨਾਲ ਜੋੜਨਾ ਹੋਵੇਗਾ ਅਤੇ ਆਦਰਸ਼ ਮੰਨਣਾ, ਇਕ ਨਵੇਂ ਗੌਰਵ ਵਾਲੇ ਪ੍ਰਬੰਧ ਦਾ ਸਿਰਜਨ ਸਵੀਕਾਰ ਕਰਨਾ ਹੋਵੇਗਾ। ਇਤਾਲਵੀ ਵਿਦਵਾਨ ਉਮਬਰਟੋ ਈਕੋ ਉਤਰ-ਆਧੁਨਿਕਤਾ ਨੂੰ ਆਦਰਸ਼ ਸੰਕਲਪ ਮੰਨਦਾ ਹੈ ਅਤੇ ਫਰਾਂਸੀਸੀ ਉਤਰ-ਆਧੁਨਿਕਤਾਵਾਦੀ ਲਿਉਤਾਰਦ ਇੱਕ ਇਤਿਹਾਸਿਕ ਸੁਝਾਅ ਵਾਲਾ ਇਕ ਸ਼ਬਦ। ਜਿਵੇਂ ਕੈਲੀਨੈਸਕੂ ਨੇ ਇਨ੍ਹਾਂ ਦੋਹਾਂ ਵਿਚਾਰਾਂ ਦੇ ਸੰਯੋਗ ਨਾਲ ਉਤਰ-ਆਧੁਨਿਕਤਾ ਦੀ ਵਿਆਖਿਆ ਕੀਤੀ ਹੈ, ਉਹ ਸਵੀਕਾਰਨਯੋਗ ਹੈ। (*ਉਤਰ ਆਧੁਨਿਕਤਾ* 81.)

ਉੱਤਰ-ਆਧੁਨਿਕ ਵਿਚਾਰਕਾਂ ਅਨੁਸਾਰ ਅਸੀਂ ਇਸ ਦੀ ਪਰਿਭਾਸ਼ਾ ਦਾ ਨਿਰਮਾਣ ਕਰ ਸਕਦੇ ਹਾਂ। ਇਸ ਲਈ ਪਹਿਲਾਂ ਕੁਝ ਪੱਛਮੀ ਚਿੰਤਕਾਂ ਦੀਆਂ ਪਰਿਭਾਸ਼ਾਵਾਂ ਅਨੁਸਾਰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਜਿਮ ਮੈਕਗੂਗਨ ਅਨੁਸਾਰ, "ਉੱਤਰ-ਆਧੁਨਿਕਤਾ ਇਕ ਸੰਸਕ੍ਰਿਤਕ ਅਤੇ ਗਿਆਨ ਮੀਮਾਂਸਾ ਦੀ ਸਥਿਤੀ ਹੈ, ਜਿਸ ਦੇ ਇਵਜ਼ ਸਮਾਜਿਕ ਸੰਸਥਾਵਾਂ ਦਬ ਜਾਂਦੀਆਂ ਹਨ ਅਤੇ ਵਿਸ਼ਵਾਰਥੀ ਸਮਾਜ ਦੀ ਦਿਸ਼ਾ ਵੱਲ ਲਿਜਾਣ ਵਾਲਾ ਯੁੱਗ ਪਰਿਵਰਤਨ ਆਉਂਦਾ ਹੈ।" (*ਮਾਡਰਨਿਟੀ ਐਂਡ ਪੋਸਟਮਾਡਰਨ ਕਲਚਰ* 7.)

ਇਸ ਪਰਿਭਾਸ਼ਾ ਤੋਂ ਤਿੰਨ ਗੱਲਾਂ ਉੱਭਰਦੀਆਂ ਹਨ :

1.ਉੱਤਰ-ਆਧੁਨਿਕਤਾ ਗਿਆਨ ਅਤੇ ਸੰਸਕ੍ਰਿਤੀ ਦੀ ਇੱਕ ਸਥਿਤੀ ਹੈ।

2.ਇਸ ਨਾਲ ਆਧੁਨਿਕ ਸਮਾਜਕ ਸੰਸਥਾਵਾਂ ਕਮਜ਼ੋਰ ਹੋ ਜਾਦੀਆਂ ਹਨ।

3.ਇਹ ਇਕ ਗਲੋਬਲ ਸਮਾਜ ਦਾ ਨਿਰਮਾਣ ਕਰਦੀ ਹੈ।

ਰਿਚਰਡ ਗੋਟ ਇਕ ਅਮਰੀਕੀ ਸਮਾਜ ਸਾਸ਼ਤ੍ਰੀ ਹਨ। ਉਨ੍ਹਾਂ ਅਨੁਸਾਰ 20ਵੀਂ ਸਦੀ ਦਾ ਪਹਿਲਾ ਹਿੱਸਾ ਆਧੁਨਿਕਤਾ ਤੋਂ ਪ੍ਰਭਾਵਿਤ ਸੀ। ਇਸ ਸਮੇ ਅੰਦਰ ਤਕਨੀਕੀ ਵਿਕਾਸ ਹੋਇਆ, ਜਿਸ ਨਾਲ ਆਧੁਨਿਕਤਾ ਹੋਂਦ ਸ਼ੀਲ ਹੋਈ। ਇਸ ਸਦੀ ਦਾ ਦੂਸਰਾ ਭਾਗ ਉੱਤਰ-ਆਧੁਨਿਕਤਾ ਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ, "ਉੱਤਰ-ਆਧੁਨਿਕਤਾ, ਆਧੁਨਿਕਤਾ ਤੋਂ ਮੁਕਤੀ ਦਿਵਾਉਣ ਵਾਲਾ ਇਕ ਸਰੂਪ ਹੈ। ਇਹ ਇਕ ਵਿਖੰਡਤ ਅੰਦੋਲਨ ਹੈ, ਜਿਸ ਵਿਚ ਸੈਂਕੜੇ ਫੁੱਲ ਖਿੜ ਸਕਦੇ ਹਨ। ਉੱਤਰ-ਆਧੁਨਿਕਤਾ ਵਿਚ ਬਹੁ-ਸੰਸਕ੍ਰਿਤੀਆਂ ਦਾ ਵਿਕਾਸ ਹੋ ਸਕਦਾ ਹੈ।" ਇਸ ਤੋਂ ਨਿਮਨਲਿਖਤ ਤੱਥ ਸਾਹਮਣੇ ਆਉਂਦੇ ਹਨ:

1.ਉੱਤਰ-ਆਧੁਨਿਕਤਾ ਸਮਾਜ ਨੂੰ ਆਧੁਨਿਕਤਾ ਤੋਂ ਮੁਕਤੀ ਦਿਵਾਉਂਦੀ ਹੈ।

2.ਇਹ ਵਿਖੰਡਨਤਾ ਦੇ ਪੱਖ ਵਿਚ ਭੁਗਤਦੀ ਹੈ।

3.ਇਸ ਅੰਦਰ ਬਹੁ-ਸੰਸਕ੍ਰਿਤੀਆਂ ਹੁੰਦੀਆਂ ਹਨ।

ਜਾਰਜ ਰਿਟਜ਼ਰ ਆਪਣੀ ਕਿਤਾਬ *'ਪੋਸਟਮਾਡਰਨ ਸੋਸ਼ਲ ਥਿਊਰੀ'* ਵਿਚ ਉੱਤਰ-ਆਧੁਨਿਕਤਾ ਦੀ ਵਿਆਖਿਆ ਤਿੰਨ ਧਾਰਨਾਵਾਂ ਦੁਆਰਾ ਪੇਸ਼ ਕਰਦਾ ਹੈ :

1.ਉੱਤਰ-ਆਧੁਨਿਕਤਾ

2.ਉੱਤਰ-ਆਧੁਨਿਕਤਾਵਾਦ

3.ਉੱਤਰ-ਆਧੁਨਿਕ ਸਮਾਜਿਕ ਸਿਧਾਂਤ

ਇਨ੍ਹਾ ਤਿੰਨਾਂ ਵਿਚ ਅੰਤਰ ਕਰਨਾ ਜ਼ਰੂਰੀ ਹੈ। ਉੱਤਰ-ਆਧੁਨਿਕਤਾ ਦਾ ਮਤਲਬ ਆਧੁਨਿਕ ਕਾਲ ਤੋਂ ਹੈ। ਇਹ ਕਾਲ ਆਧੁਨਿਕਤਾ ਦੀ ਸਮਾਪਤੀ ਤੋਂ ਬਾਅਦ ਆਰੰਭ ਹੁੰਦਾ ਹੈ। ਇਤਿਹਾਸ ਵਿਚ ਇਕ ਕਾਲ ਦੀ ਸਮਾਪਤੀ ਤੋਂ ਬਾਅਦ ਦੂਸਰਾ ਕਾਲ ਆ ਗਿਆ। ਉੱਤਰ-ਆਧੁਨਿਕਤਾਵਾਦ ਦਾ ਸੰਦਰਭ ਸੰਸਕ੍ਰਿਤਕ ਤੱਤਾਂ ਵਿਚ ਹੈ। ਇਸ ਦਾ ਅਰਥ ਕਲਾ, ਫ਼ਿਲਮ, ਪੁਰਾਤੱਤਵ ਅਤੇ ਇਸੇ ਤਰ੍ਹਾਂ ਦੀਆਂ ਚੀਜ਼ਾਂ ਤੋਂ ਹੈ। ਇਸ ਤੋਂ ਬਾਅਦ ਉੱਤਰ-ਆਧੁਨਿਕ ਸਮਾਜਿਕ ਸਿਧਾਂਤ ਦਾ ਅਰਥ ਉਸ ਸਿਧਾਂਤ ਤੋਂ ਲਿਆ ਜਾਂਦਾ ਹੈ, ਜੋ ਆਮ ਸਮਾਜ ਸਾਸ਼ਤ੍ਰੀ ਸਿਧਾਂਤ ਤੋਂ ਵੱਖਰਾ ਹੈ। ਇਸ ਦੀ ਪਰਿਭਾਸ਼ਾ ਰਿਟਜ਼ਰ ਨੇ ਕੁਝ ਇਸ ਪ੍ਰਕਾਰ ਦਿੱਤੀ ਹੈ,"ਉੱਤਰ-ਆਧੁਨਿਕਤਾ ਉਹ ਵਿਸ਼ਾਲ ਅਵਧਾਰਣਾ ਹੈ, ਜਿਸ ਵਿਚ ਇਤਿਹਾਸਕ ਕਾਲ, ਨਵੀਨ ਸੰਸਕ੍ਰਿਤਕ ਤੱਤ ਅਤੇ ਸਮਾਜਿਕ ਦੁਨੀਆ ਦੇ ਬਾਰੇ ਨਵੀਂ ਤਰ੍ਹਾਂ ਦਾ ਸਿਧਾਂਤ ਸੰਭਵ ਹੈ।"(*ਪੋਸਟਮਾਡਰਨ ਸੋਸ਼ਲ ਥਿਊਰੀ* 24.) ਰਿਟਜ਼ਰ ਨੇ ਉੱਤਰ-ਆਧੁਨਿਕਤਾ ਦੀ ਇਸ ਪਰਿਭਾਸ਼ਾ ਵਿਚ ਇਸ ਤੱਥ ਤੇ ਜ਼ੋਰ ਦਿੱਤਾ ਹੈ ਕਿ ਜਿਹੜੇ ਸਮਾਜ ਦੀ ਵਿਵਸਥਾ ਆਧੁਨਿਕਤਾ ਨੇ ਕਰਨੀ ਸੀ, ਉਹ ਸਮਾਜ ਹੁਣ ਬਦਲ ਗਿਆ ਹੈ। ਜੋ ਕੁਝ ਇਸ ਸਮਾਜ ਵਿਚ ਵਾਪਰ ਰਿਹਾ ਹੈ, ਉਹ ਬਿਲਕੁਲ ਨਵਾਂ ਹੈ ਅਤੇ ਇਸ ਨੂੰ ਆਧੁਨਿਕ ਸੰਦਰਭ ਵਿਚ ਸਮਝਣਾ ਅਸੰਭਵ ਹੈ। ਇਸੇ ਕਰਕੇ ਉੱਤਰ-ਆਧੁਨਿਕਤਾ ਦੀ ਜ਼ਰੂਰਤ ਹੈ। ਰਿਟਜ਼ਰ ਤਰਕ ਪੇਸ਼ ਕਰਦਾ ਹੈ ਕਿ ਹੁਣ ਆਧੁਨਿਕ ਕਾਲ ਸਮਾਪਤ ਹੋ ਗਿਆ ਹੈ। ਉਸਨੂੰ ਦਫ਼ਨ ਕਰਕੇ ਉਸਦੀ ਜਗ੍ਹਾ ਉੱਤਰ-ਆਧੁਨਿਕਤਾ ਨੇ ਲੈ ਲਈ ਹੈ।

ਆਧੁਨਿਕਤਾ ਦੇ ਸਿਧਾਤਾਂ ਦਾ ਆਧਾਰ ਮਹਾਂਬਿਰਤਾਂਤ ਹੈ ਇਸ ਲਈ ਮਾਰਕਸ ਦੇ ਸਮਾਜ ਸਾਸ਼ਤ੍ਰੀ ਸਿਧਾਂਤ ਉੱਤਰ-ਆਧੁਨਿਕਵਾਦੀਆਂ ਲਈ ਮਹਾਂਬਿਰਤਾਂਤ ਹਨ। ਇਨ੍ਹਾਂ ਸਿਧਾਤਾਂ ਨੂੰ ਆਧਾਰਭੂਤ ਸਿਧਾਂਤ ਮੰਨਿਆਂ ਜਾਂਦਾ ਹੈ ਅਤੇ ਇਨ੍ਹਾਂ ਦੇ ਸਿਧਾਂਤਕਾਰਾਂ ਨੂੰ ਆਧਾਰਭੂਤ ਵਿਚਾਰਕ ਕਿਹਾ ਜਾਂਦਾ ਹੈ। ਇਸ ਲਈ ਉੱਤਰ-ਆਧੁਨਿਕਤਾਵਾਦੀ ਇਸ ਤਰ੍ਹਾਂ ਦੇ ਸਮਾਜ ਸਾਸ਼ਤ੍ਰੀ ਸਿਧਾਤਾਂ ਨੂੰ ਸਵੀਕਾਰ ਨਹੀਂ ਕਰਦੇ। ਇਨ੍ਹਾਂ ਸਿਧਾਤਾਂ ਨੂੰ ਅੰਗਰੇਜ਼ੀ ਵਿਚ ਮੈਗਾ ਨੈਰੇਟਿਵ, ਮੈਗਾ ਡਿਸਕੋਰਸ ਦੇ ਨਾਂ ਦਿੱਤੇ ਗਏ ਹਨ। ਕੁਲ ਮਿਲਾਕੇ ਇਨ੍ਹਾਂ ਨੂੰ ਮਹਾਂਬਿਰਤਾਤਾਂ ਵਿਚ ਰੱਖਿਆ ਜਾਂਦਾ ਹੈ। ਇਨ੍ਹਾਂ ਨੂੰ ਕੇਵਲ ਰਿਟਜ਼ਰ ਨੇ ਹੀ ਨਹੀਂ ਬਲਕਿ ਲਿਓਤਾਰਦ ਅਤੇ ਹੋਰ ਉੱਤਰ-ਆਧੁਨਿਕ ਚਿੰਤਕ ਵੀ ਸਵੀਕਾਰ ਨਹੀਂ ਕਰਦੇ। ਰਿਟਜ਼ਰ ਦੀ ਅਵਧਾਰਣਾ ਦਾ ਸਾਰ ਹੇਠ ਲਿਖੇ ਬਿੰਦੂਆਂ ਵਿਚ ਰੱਖਿਆ ਜਾ ਸਕਦਾ ਹੈ :

1. ਉੱਤਰ-ਆਧੁਨਿਕਤਾ ਤੋਂ ਮਤਲਬ ਇਤਿਹਾਸਕ ਕਾਲ ਤੋਂ ਹੈ। ਇਸ ਦਾ ਸਰੋਕਾਰ ਸੰਸਕ੍ਰਿਤਕ ਤੱਤਾਂ ਤੋਂ ਹੈ। ਉੱਤਰ-ਆਧੁਨਿਕ ਸਿਧਾਂਤ ਦਾ ਅਰਥ ਉਸ ਸਮਾਜ ਸਾਸ਼ਤ੍ਰੀ ਸਿਧਾਂਤ ਤੋਂ ਹੈ ਜਿਸ ਵਿਚ ਮਹਾਂਬਿਰਤਾਂਤ ਹੈ।

2. ਉੱਤਰ-ਆਧੁਨਿਕਤਾ ਇਕ ਇਤਿਹਾਸਕ ਕਾਲ ਹੈ, ਸੰਸਕ੍ਰਿਤਕ ਤੱਤ ਹੈ, ਸਿਧਾਂਤ ਹੈ।

3. ਉੱਤਰ-ਆਧੁਨਿਕਤਾ ਨੀਂਹ ਵਾਦ ਨੂੰ ਸਵੀਕਾਰ ਨਹੀਂ ਕਰਦੀ।

4. ਇਹ ਮਹਾਂਬਿਰਤਾਤਾਂ ਨੂੰ ਸਵੀਕਾਰ ਨਹੀਂ ਕਰਦੀ ਹੈ।

ਲਿਓਤਾਰਦ ਉੱਤਰ-ਆਧੁਨਿਕਤਾ ਦਾ ਪ੍ਰਮੁੱਖ ਹਸਤਾਖ਼ਰ ਹੈ। ਅਸਲ ਵਿਚ ਇਨ੍ਹਾਂ ਨੇ ਹੀ ਇਸ ਪਦ ਨੂੰ ਘੜਿਆ ਹੈ। ਲਿਓਤਾਰਦ ਕਹਿੰਦੇ ਹਨ ਕਿ 1960 ਈ. ਦੇ ਸ਼ੁਰੂ ਤੋਂ ਹੀ ਉੱਨਤ ਸਮਾਜ ਪੂੰਜੀਵਾਦੀ ਵਿਵਸਥਾ ਵਿਚ ਰਹਿ ਰਹੇ ਹਨ। ਲਿਓਤਾਰਦ ਫਰਾਂਸ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਨੇ ਕਥਿਤ ਸਮਾਜ ਸਾਸ਼ਤ੍ਰੀ ਸਿਧਾਂਤਕਾਰਾਂ ਪਾਰਸਨ, ਮਾਰਟਿਨ ਅਤੇ ਹੈਮਰਬਾਸ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਹੈ। ਇਸ ਦੇ ਨਾਲ ਉਸ ਨੇ ਦਰਸ਼ਨ ਸਾਸ਼ਤ੍ਰੀਆਂ ਉੱਪਰ ਵੀ ਤਨਜ਼ ਕੀਤਾ ਹੈ। ਲਿਓਤਾਰਦ ਉੱਤਰ-ਆਧੁਨਿਕਤਾ ਦੀ ਪਰਿਭਾਸ਼ਾ ਇਸ ਪ੍ਰਕਾਰ ਕਰਦੇ ਹਨ,"ਸਰਲ ਸ਼ਬਦਾਂ ਵਿਚ ਉੱਤਰ-ਆਧੁਨਿਕਤਾ ਦੀ ਪਰਿਭਾਸ਼ਾ ਮਹਾਨ ਬਿਰਤਾਤਾਂ ਵਿਚ ਅਵਿਸ਼ਵਾਸ ਕਰਨਾ ਹੈ। ਸਾਨੂੰ ਸਮੁੱਚਤਾ

ਦੇ ਵਿਰੁੱਧ ਲੜਾਈ ਛੇੜ ਦੇਣੀ ਚਾਹੀਦੀ ਹੈ, ਇਸਦੇ ਉਲਟ ਉਸਦੀ ਸਕ੍ਰਿਅਤਾ ਡਿਫਰੈਂਸ ਦੇ ਪ੍ਰਤੀ ਹੋਣੀ ਚਾਹੀਦੀ ਹੈ। ਅਸਲ ਵਿਚ ਉੱਤਰ-ਆਧੁਨਿਕਤਾ ਸਿਰਫ਼ ਅਧਿਕ੍ਰਿਤ ਵਿਅਕਤੀਆਂ ਦਾ ਹਥਿਆਰ ਨਹੀਂ ਬਲਕਿ ਇਸ ਦਾ ਨਿਸ਼ਾਨਾ ਸਾਨੂੰ ਵਿਸ਼ਿਸ਼ਟਤਾ ਦੇ ਪ੍ਰਤੀ ਸੰਵੇਦਨਸ਼ੀਲ ਕਰਨਾ ਹੈ। ਇਸ ਨਾਲ ਉਹ ਚੀਜ਼ਾਂ ਜਿਹੜੀਆਂ ਸਾਨੂੰ ਉਪਯੁਕਤ ਲਗਦੀਆਂ ਹਨ, ਨੂੰ ਉਦਾਰਤਾ ਦੇ ਨਾਲ ਸਵੀਕਾਰ ਕਰਨ ਦੀ ਯੋਗਤਾ ਪੈਦਾ ਕਰਨਾ ਹੈ।" (*ਦ ਪੋਸਟ ਮਾਡਰਨ ਕੰਡੀਸ਼ਨ : ਏ ਰਿਪੋਰਟ ਆਨ ਨਾਲਿਜ 72.)*

ਲਿਓਤਾਰਦ ਦੀ ਪਰਿਭਾਸ਼ਾ ਭਾਰੀ ਭਰਕਮ ਹੈ। ਲੇਕਿਨ ਇਹ ਬਹੁਤ ਸਪੱਸ਼ਟ ਹੈ ਕਿ ਉਹ ਮਹਾਨ ਬਿਰਤਾਤਾਂ ਨੂੰ ਰੱਦ ਕਰਦੇ ਹਨ। ਮਹਾਂਬਿਰਤਾਤਾਂ ਵਿਚ ਸਮੁੱਚਤਾ ਹੈ ਜਦੋਂ ਕਿ ਸੰਸਾਰ ਵਿਚ ਵਿਲੱਖਣਤਾਵਾਂ ਹਨ। ਬਹੁਤ ਤਰ੍ਹਾਂ ਦੀਆਂ ਸੰਸਕ੍ਰਿਤੀਆਂ ਭਾਸ਼ਾਵਾਂ, ਸੰਗੀਤ, ਨਾਚ ਅਤੇ ਅਰਥ ਵਿਵਸਥਾਵਾਂ ਹਨ। ਇਨ੍ਹਾਂ ਸਭ ਨੂੰ ਇਕੱਠੇ ਕਰ ਕੇ ਕੋਈ ਇਕ ਸਿਧਾਂਤ ਜਿਵੇਂ ਵੈਬਰ, ਮਾਰਟਿਨ ਅਤੇ ਪਾਰਸੰਨਜ਼ ਨੇ ਪੇਸ਼ ਕੀਤਾ ਹੈ, ਉਸਨੂੰ ਸਾਰੀ ਦੁਨੀਆਂ ਤੇ ਲਾਗੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਮੁੱਚਤਾ ਹੋ ਜਾਵੇਗੀ ਜੋ ਕਿ ਸਾਰੀ ਦੁਨੀਆਂ ਲਈ ਇਕ ਹੀ ਪੈਮਾਨਾ ਹੈ। ਅਸਲ ਵਿਚ ਲਿਓਤਾਰਦ ਭਿੰਨਤਾਵਾਂ ਨੂੰ ਸਵੀਕਾਰ ਕਰਦਾ ਹੈ। ਸਮਾਜ ਸਾਸ਼ਤ੍ਰ ਵਿਚਲੇ ਸਮਾਜ ਦੀਆਂ ਜੋ ਭਿੰਨਤਾਵਾਂ ਹਨ ਉਨ੍ਹਾਂ ਨੂੰ ਸਮਝਣ ਲਈ ਸਥਾਨੀਕਰਨ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਇਸ ਲਈ ਲਿਓਤਾਰਦ ਮਹਾਨ ਬਿਰਤਾਤਾਂ ਦੀ ਥਾਂ ਅਲਪ ਬਿਰਤਾਂਤ ਦੀ ਵਕਾਲਤ ਕਰਦਾ ਹੈ। ਲਿਓਤਾਰਦ ਅਨੁਸਾਰ ਉੱਤਰ-ਆਧੁਨਿਕਤਾ ਅਲਪ ਬਿਰਤਾਤਾਂ ਦੇ ਪੱਖ ਵਿਚ ਖੜਦੀ ਹੈ।

ਬੌਦਰੀਲਾਰਦ ਦਾ ਵੱਡਾ ਯੋਗਦਾਨ ਜਨਸੰਚਾਰ ਦੇ ਸਾਧਨਾ ਦਾ ਸਮਾਜ ਉੱਪਰ ਪੈਣ ਵਾਲੇ ਪ੍ਰਭਾਵਾਂ ਦੇ ਅਧਿਐਨ ਦਾ ਹੈ। ਉਨ੍ਹਾਂ ਮਾਰਕਸ ਦੇ ਪੂੰਜੀਵਾਦ ਦੀ ਆਲੋਚਨਾ ਕੀਤੀ ਹੈ। ਉਨ੍ਹਾ ਅਨੁਸਾਰ ਮਾਰਕਸ ਦੀ ਵੱਡੀ ਕਮਜ਼ੋਰੀ ਉਤਪਾਦਨ ਪ੍ਰਕਿਰਿਆ ਤੇ ਲਿਖਣਾ ਹੈ। ਉਨ੍ਹਾ ਨੇ ਕਦੇ ਉਪਭੋਗ ਤੇ ਨਹੀਂ ਲਿਖਿਆ। ਇਸੇ ਉਪਭੋਗ ਨੂੰ ਬੌਦਰੀਲਾਰਦ ਨੇ ਜਨ ਸੰਚਾਰ ਦੇ ਮਾਧਿਅਮ ਨਾਲ ਵੇਖਿਆ ਹੈ। ਬੌਦਰੀਲਾਰਦ ਉੱਤਰ-ਆਧੁਨਿਕਤਾ ਦੀ ਪਰਿਭਾਸ਼ਾ ਇਨ੍ਹਾਂ ਦੋਵਾਂ ਸੰਦਰਭਾਂ ਵਿਚ ਕਰਦੇ ਹੋਏ ਕਹਿੰਦੇ ਹਨ,"ਅੱਜ ਦੇ ਯੁੱਗ ਵਿਚ ਜਿੱਥੇ ਜਨਸੰਚਾਰ ਸਭ ਥਾਂ ਤੇ ਹੈ, ਇਕ

ਨਵੀਂ ਤਰ੍ਹਾਂ ਦੀ ਅਤਿ-ਯਥਾਰਥਿਕਤਾ ਪੈਦਾ ਕੀਤੀ ਜਾਂਦੀ ਹੈ, ਜਿਸ ਨਾਲ ਲੋਕਾਂ ਦਾ ਵਿਵਹਾਰ ਅਤੇ ਸੰਚਾਰ ਮਿਲ ਜਾਂਦੇ ਹਨ। ਅਤਿ-ਯਥਾਰਥਿਕਤਾ ਦੀ ਦੁਨੀਆਂ ਅਸਲ ਵਿਚ ਸਿਮੂਲੇਕ੍ਰਮ ਦੀ ਦੁਨੀਆਂ ਹੈ। ਇਸ ਦੁਨੀਆਂ ਵਿਚ ਆਕ੍ਰਿਤੀਆਂ ਦੂਜੀਆਂ ਆਕ੍ਰਿਤੀਆਂ ਵਿਚੋਂ ਅਰਥ ਕੱਢਦੀਆਂ ਹਨ।" (*ਜੀਨ ਬੌਦਰੀਲਾਰਦ ਸਿਲੈਕਟਿਡ ਰਾਈਟਿੰਗਜ਼* 213.)

ਇਸ ਪਰਿਭਾਸ਼ਾ ਨੂੰ ਸਮਝਣ ਲਈ ਸਾਨੂੰ ਯੂਰਪ ਦੀ ਆਧੁਨਿਕਤਾ ਨਾਲ ਉੱਥੇ ਆਏ ਉਦਯੋਗੀਕਰਨ ਅਤੇ ਸ਼ਹਿਰੀਕਰਨ ਨੂੰ ਸਮਝਣਾ ਪਵੇਗਾ। ਇਸ ਦਾ ਕਾਰਨ ਤਕਨੀਕੀ ਕ੍ਰਾਂਤੀ ਸੀ। ਇਸ ਸਮਾਜ ਅੰਦਰ ਨਾਟਕ/ਰੰਗਮੰਚ ਸੀ। ਭਾਰਤ ਵਿਚ ਵੀ ਇਸ ਆਧੁਨਿਕਤਾ ਦੇ ਯੁੱਗ ਵਿਚ ਪਾਰਸੀ ਨਾਟਕ ਅਤੇ ਕਠਪੁਤਲੀਆਂ ਦੇ ਤਮਾਸ਼ੇ ਹੁੰਦੇ ਸਨ। ਇਹ ਯਥਾਰਥ ਅਸਲ ਵਿਚ ਯਥਾਰਥ ਸੀ। ਇਸ ਤੋਂ ਬਾਅਦ ਫੋਟੋਗ੍ਰਾਫੀ, ਸਿਨੇਮਾ ਅਤੇ ਟੈਲੀਵਿਜ਼ਨ ਆਏ। ਇਨ੍ਹਾਂ ਸਾਰੀਆਂ ਵਸਤੂਆਂ ਨੇ ਯਥਾਰਥ ਨੂੰ ਸੰਕੇਤ, ਮਾਡਲ ਅਤੇ ਤਸਵੀਰ ਵਿਚ ਬਦਲ ਦਿੱਤਾ। ਇਸ ਪ੍ਰਕਿਰਿਆ ਵਿਚ ਕੋਈ ਵੀ ਵਸਤੂ ਮੌਲਿਕ ਨਹੀਂ ਹੈ। ਜਿਸ ਤਰ੍ਹਾਂ ਕੋਰੀਆ ਦੇ ਤਾਨਾਸ਼ਾਹ ਕਿਮ ਯੋਗ ਉਨ ਦੀ ਤਸਵੀਰ ਨੂੰ ਟੀ.ਵੀ. ਚੈਨਲਾਂ ਤੇ ਦਿਖਾਇਆ ਜਾਂਦਾ ਹੈ, ਉਹ ਕੁਦਰਤੀ ਯਥਾਰਥ ਨਹੀਂ ਹੈ। ਉਹ ਨਕਲ ਹੈ, ਇਸ ਲਈ ਜਿਸ ਉੱਤਰ-ਆਧੁਨਿਕ ਸਥਿਤੀ ਵਿਚ ਯੂਰੋਪ ਹੈ, ਉਹ ਸਿਰਫ ਨਕਲ ਦੀ ਦੁਨੀਆਂ ਹੈ। ਬੌਦਰੀਲਾਰਦ ਸਪੱਸ਼ਟ ਕਰਦੇ ਹਨ ਕਿ ਅਸੀਂ ਜਿਸ ਦੁਨੀਆਂ ਵਿਚ ਰਹਿੰਦੇ ਹਾਂ, ਉਹ ਦੁਨੀਆਂ ਦੀ ਨਕਲ ਹੈ। ਇਸ ਨਕਲ ਤੋਂ ਬਾਹਰ ਕੋਈ ਵੀ ਯਥਾਰਥਿਕਤਾ ਨਹੀਂ ਹੈ। ਕੋਈ ਮੌਲਿਕਤਾ ਨਹੀਂ ਹੈ ਜਿਸ ਦੀ ਅਸੀਂ ਨਕਲ ਕਰਦੇ ਹੋਈਏ। ਹੁਣ ਯਥਾਰਥ ਅਤੇ ਅਨੁਕ੍ਰਿਤੀ ਦਾ ਕੋਈ ਵਿਵਾਦ ਨਹੀਂ ਹੈ। ਹੁਣ ਤਾਂ ਦੁਨੀਆਂ ਅੰਦਰ ਕੇਵਲ ਨਕਲ ਹੀ ਹੈ। ਬੌਦਰੀਲਾਰਦ ਅਨੁਸਾਰ ਉੱਤਰ-ਆਧੁਨਿਕਤਾ ਹੋਰ ਕੁਝ ਨਹੀਂ ਅਤਿ-ਯਥਾਰਥਿਕਤਾ ਹੈ। ਇਹ ਪ੍ਰਤੀਕ੍ਰਿਤੀ ਦੁਆਰਾ ਪੈਦਾ ਹੁੰਦੀ ਹੈ, ਇਸ ਦਾ ਆਧਾਰ ਜਨਸੰਚਾਰ ਹੈ।

ਫਰੈਡਰਿਕ ਜੇਮਸਨ ਉੱਤਰ-ਆਧੁਨਿਕਤਾ ਦੀ ਅਵਧਾਰਣਾ ਨੂੰ ਮਾਰਕਸਵਾਦੀ ਦ੍ਰਿਸ਼ਟੀ ਤੋਂ ਦੇਖਦੇ ਹਨ। ਜੈਮਸਨ ਨੇ ਲਿਓਤਾਰਦ ਅਤੇ ਬੌਦਰੀਲਾਰਦ ਦੁਆਰਾ ਮਹਾਂਬਿਰਤਾਤਾਂ ਦੀ ਅਸਵੀਕ੍ਰਿਤੀ ਦਾ ਖੰਡਨ ਕੀਤਾ ਹੈ। ਉਸ ਅਨੁਸਾਰ ਸੰਸਕ੍ਰਿਤੀ ਦੇ ਨਾ ਤੇ ਸੌਂਦਰਯ ਬੋਧ ਨੂੰ ਬਜ਼ਾਰ ਦੀ ਵਸਤੂ ਬਣਾ ਦਿੱਤਾ ਗਿਆ ਹੈ। ਪੂੰਜੀਵਾਦ ਇਸ ਦੇ ਨਾ

ਥੱਲੇ ਸੰਸਾਰ ਦਾ ਸੋਸ਼ਣ ਕਰ ਰਿਹਾ ਹੈ। ਜੈਮਸਨ ਅਨੁਸਾਰ ਸੰਸਕ੍ਰਿਤੀ ਗ਼ਰੀਬਾਂ ਦਾ ਖ਼ੂਨ ਚੂਸਣ ਦਾ ਕੰਮ ਕਰਦੀ ਹੈ। ਇਤਿਹਾਸ ਤੋਂ ਬਿਨਾ ਸਹੀ ਵਿਸ਼ਲੇਸ਼ਣ ਕਰਨਾ ਅਸੰਭਵ ਹੈ। ਜੈਮਸਨ ਦੀ ਉੱਤਰ-ਆਧੁਨਿਕਤਾ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ,"ਉੱਤਰ-ਆਧੁਨਿਕਤਾ ਦੀ ਪਹਿਲੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਸਤਹੀਪਣ ਹੈ, ਗਹਿਰਾਈ ਬਿਲਕੁਲ ਨਹੀਂ ਹੈ। ਇਸ ਵਿਚ ਸੰਸਕ੍ਰਿਤਕ ਤੱਤ ਕੇਵਲ ਸਹੀ ਬਿੰਬਾਂ ਨੂੰ ਰੱਖਦੇ ਹਨ ਜਿਸ ਦਾ ਕੋਈ ਅਰਥ ਨਹੀਂ ਨਿਕਲਦਾ। ਉੱਤਰ-ਆਧੁਨਿਕਤਾ ਵਿਚ ਮਨੋਭਾਵਾਂ ਦਾ ਅਭਾਵ ਹੁੰਦਾ ਹੈ ਅਤੇ ਇਸ ਅੰਦਰ ਇਤਿਹਾਸ ਨਹੀਂ ਹੁੰਦਾ ਹੈ। ਅਸੀਂ ਇਸ ਨਾਲ ਅਤੀਤ ਨੂੰ ਜਾਣ ਨਹੀਂ ਸਕਦੇ ਅਤੇ ਉੱਤਰ-ਆਧੁਨਿਕਤਾ ਨਵੀਂ ਤਕਨੀਕ ਨਾਲ ਲੈਸ ਹੁੰਦੀ ਹੈ।"(*ਪੋਸਟਮਾਡਰਨਿਜ਼ਮ ਔਰ ਦ ਕਲਚਰਲ ਲਾਜਿਕ ਆਫ ਲੇਟ ਕੈਪੀਟਲਿਜ਼ਮ* 16.) ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਫਰੈਡਰਿਕ ਜੈਮਸਨ ਦੀ ਪਰਿਭਾਸ਼ਾ ਪਰੰਪਰਾਗਤ ਪਰਿਭਾਸ਼ਾ ਤੋਂ ਵੱਖਰੀ ਹੈ। ਅਜਿਹਾ ਇਸ ਲਈ ਕਿਉਂਕਿ ਉਹ ਉੱਤਰ-ਆਧੁਨਿਕਤਾ ਨੂੰ ਮਾਰਕਸਵਾਦ ਨਾਲ ਜੋੜਦੇ ਹਨ। ਜੈਮਸਨ ਮੰਨਦੇ ਹਨ ਕਿ ਪੂੰਜੀਵਾਦ ਦਾ ਵਿਕਾਸ ਕਈ ਚਰਣਾ ਵਿਚ ਹੋਇਆ ਹੈ। ਅਜੋਕਾ ਪੂੰਜੀਵਾਦ ਲੇਟ ਕੈਪੀਟਲਿਜ਼ਮ ਭਾਵ ਦੇਰੀ ਨਾਲ ਵਿਕਸਿਤ ਹੋਇਆ ਪੂੰਜੀਵਾਦ ਹੈ।

ਉੱਪਰੋਕਤ ਧਾਰਨਾਵਾਂ ਤੋਂ ਬਾਅਦ ਅਸੀਂ ਭਾਰਤੀ ਚਿੰਤਕਾਂ ਤੇ ਹਵਾਲੇ ਨਾਲ ਉੱਤਰ-ਆਧੁਨਿਕਤਾ ਬਾਰੇ ਸਮਝਣ ਦਾ ਯਤਨ ਕਰਦੇ ਹਾਂ। ਡਾ. ਸਤਿੰਦਰ ਸਿੰਘ ਨੂਰ ਅਨੁਸਾਰ :-

> ਉਤਰ-ਆਧੁਨਿਕਤਾ ਨਵੀਂ ਚੇਤਨਾ ਨਾਲ ਸਬੰਧਿਤ ਇੱਕੋ ਸਮੇਂ ਹੀ ਇਕ ਸਿਧਾਂਤ ਤੇ ਸਥਿਤੀ ਵੀ ਹੈ ਅਤੇ ਵਿਧੀ ਵੀ ਸਿਧਾਂਤ ਤੇ ਸਥਿਤੀ ਇਸ ਲਈ ਕਿਉਂਕਿ ਇਹ ਆਧੁਨਿਕਵਾਦ ਦੀਆਂ ਪੈਦਾ ਹੁੰਦੀਆਂ ਜਾਂਦੀਆਂ ਸਥਿਤੀਆਂ ਤੋਂ ਵੀ ਬਾਅਦ ਦਾ ਵਿਕਾਸ ਹੈ। ਆਧੁਨਿਕਵਾਦ ਨੇ ਆਪਣੇ ਆਪ ਨੂੰ ਇਕਹਿਰੇ ਸੰਕਲਪ ਨਾਲ ਜਿਸ ਦੀਆਂ ਜੜ੍ਹਾਂ ਵਧੇਰੇ ਪੂੰਜੀਵਾਦ ਵਿਚ ਸਨ, ਨਿਰੰਕੁਸ਼ਤਾ ਵਿਚ ਸਨ, ਉਸ ਨਾਲ ਸਬੰਧਿਤ ਕਰ ਲਿਆ ਪਰ ਉਤਰ-ਆਧੁਨਿਕਤਾ ਇਕ ਇਕਹਿਰੇਪਨ ਤੋਂ ਵਿਦਰੋਹ ਦਾ ਐਲਾਨਨਾਮਾ ਹੈ। ਇਸ ਵਿਚ ਇਕ ਵਿਚਾਰਧਾਰਾ, ਇਕ ਚਿੰਤਨ, ਕੱਟੜਵਾਦ ਦੀ ਸਰਦਾਰੀ ਨਹੀਂ ਰਹਿੰਦੀ। ਇਸ ਦਾ ਕੇਂਦਰੀ ਸ਼ਬਦ ਸਮਾਨਾਤਰਾ ਹੈ ਵੱਧ ਵਿਚਾਰਧਾਰਾਵਾਂ, ਸਭਿਆਚਾਰ ਚਿੰਤਨ,

ਬਰਾਬਰ ਵਿਚਰਦੇ ਹਨ। ਉਤਰ-ਆਧੁਨਿਕਤਾ ਕੇਂਦਰੀਕਰਣ ਨਾਲ ਨਹੀਂ ਵਿਕੇਂਦਰੀਕਰਣ ਨਾਲ ਸਬੰਧਿਤ ਹੁੰਦੀ ਹੈ।(*ਉਤਰ-ਆਧੁਨਿਕਤਾ ਕਲਾ ਅਤੇ ਸਾਹਿਤ* ੪.)

ਡਾ. ਸੁਤਿੰਦਰ ਸਿੰਘ ਨੂਰ ਇਸ ਨੂੰ ਨਵੀਂ ਚੇਤਨਾ ਨਾਲ ਸਬੰਧਿਤ ਸਥਿਤੀ ਅਤੇ ਸਿਧਾਂਤ ਮੰਨਦੇ ਹਨ। ਉਨ੍ਹਾਂ ਅਨੁਸਾਰ ਉੱਤਰ-ਆਧੁਨਿਕਤਾ ਦਾ ਕਾਰਨ, ਆਧੁਨਿਕਤਾ ਵਿਚ ਆਈ ਖੜੋਤ ਜਿਸ ਵਿਚ ਉਸ ਦਾ ਆਪਣੇ ਆਪ ਨੂੰ ਪੂੰਜੀਵਾਦੀ ਨਿਰੰਕੁਸ਼ਤਾ ਨਾਲ ਸਬੰਧਿਤ ਕਰਨਾ ਸੀ। ਡਾ. ਗੁਰਭਗਤ ਸਿੰਘ ਅਨੁਸਾਰ,"ਉਤਰ-ਆਧੁਨਿਕਤਾ ਸਮਾਜਕ ਅਨੁਭਵ ਹੈ, ਸੰਸਥਾਵਾਂ ਦਾ ਇਕ ਨਿਵੇਕਲਾ ਸੰਗਠਨ ਹੈ ਜੋ ਉਤਰ-ਆਧੁਨਿਕਵਾਦੀ ਨਿਰਪੇਖ ਜਾਂ ਪਰਿਪੇਖਾਂ ਨਾਲ ਸੰਸਥਕ ਪੱਧਰ ਉੱਤੇ ਵਾਪਰਿਆ ਇਕ ਪਰਿਵਰਤਨ ਹੈ।"(*ਉਤਰ ਆਧੁਨਿਕਵਾਦ* 9)

ਡਾ. ਗੁਰਭਗਤ ਸਿੰਘ ਉੱਤਰ-ਆਧੁਨਿਕਤਾ ਨੂੰ ਇਕ ਸਮਾਜਕ ਅਨੁਭਵ ਦੇ ਤੌਰ ਤੇ ਪਰਿਭਾਸ਼ਿਤ ਕਰਦੇ ਹਨ। ਆਪ ਅਨੁਸਾਰ ਇਹ ਸੰਸਥਕ ਪੱਧਰ ਉੱਤੇ ਵਾਪਰਿਆ ਪਰਿਵਰਤਨ ਹੈ। ਡਾ.ਰਾਜਿੰਦਰ ਪਾਲ ਸਿੰਘ ਬਰਾੜ ਇਸ ਨੂੰ ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਮਨੁੱਖੀ ਜੀਵਨ ਜਾਂਚ ਵਿਚ ਆਈ ਤਬਦੀਲੀ ਨਾਲ ਸਬੰਧਿਤ ਕਰਕੇ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ,"ਪਿਛਲੀ ਸਦੀ ਦੇ ਪਿਛਲੇ ਅੱਧ ਨੂੰ ਉਤਰ-ਆਧੁਨਿਕ ਕਾਲ ਦਾ ਆਰੰਭ ਮੰਨਿਆਂ ਜਾਂਦਾ ਹੈ। ਇਸ ਨਵੀਂ ਬਦਲੀ ਪ੍ਰਸਥਿਤੀ ਨੇ ਸਮੁੱਚੀ ਜੀਵਨ-ਜਾਂਚ ਅਤੇ ਵਿਚਾਰਧਾਰਾ ਨੂੰ ਬਦਲ ਦਿੱਤਾ ਅਤੇ ਇੱਕ ਨਵਾਂ ਸਭਿਆਚਾਰ ਹੋਂਦ ਵਿਚ ਆਇਆ ਜਿਸ ਨੂੰ ਉਤਰ-ਆਧੁਨਿਕਤਾ ਆਖਿਆ ਜਾ ਸਕਦਾ ਹੈ।"(*ਉਤਰ-ਆਧੁਨਿਕਤਾ* VII.)

ਡਾ. ਗੋਪੀ ਚੰਦ ਨਾਰੰਗ ਉਰਦੂ ਦੇ ਪ੍ਰਸਿੱਧ ਵਿਦਵਾਨ ਹਨ। ਆਪ ਦੁਆਰਾ ਲਿਖਿਤ ਭਾਰਤੀ ਸਾਹਿਤ ਅਕਾਦਮੀ ਦੁਆਰਾ ਇਨਾਮ ਯਾਫ਼ਤਾ ਪੁਸਤਕ ਦਾ ਅਨੁਵਾਦ ਪੰਜਾਬੀ ਸਾਹਿਤ ਦੇ ਪ੍ਰਬੁੱਧ ਵਿਦਵਾਨ ਡਾ. ਜਗਬੀਰ ਸਿੰਘ ਨੇ ਕੀਤਾ ਹੈ। ਇਸ ਪੁਸਤਕ ਵਿਚ ਉੱਤਰ-ਆਧੁਨਿਕਤਾ ਨੂੰ ਇਤਿਹਾਸਕ ਅਤੇ ਸਭਿਆਚਾਰਕ ਅਵਸਥਾ ਕਹਿੰਦੇ ਹੋਏ ਲਿਖਦੇ ਹਨ,"ਉਤਰ-ਆਧੁਨਿਕਤਾ ਥਿਊਰੀ ਨਾਲੋਂ ਵੱਧ ਇਤਿਹਾਸਕ ਅਤੇ ਸਭਿਆਚਾਰਕ ਅਵਸਥਾ ਹੈ। ਅਰਥਾਤ ਆਧੁਨਿਕ ਸਮਾਜ ਦੀ ਤੇਜ਼ੀ ਨਾਲ ਬਦਲਦੀ ਹੋਈ ਸਥਿਤੀ ਨਵੇਂ ਸਮਾਜ ਦੀਆਂ ਬਿਰਤੀਆਂ, ਸਮੱਸਿਆਵਾਂ,

ਮਾਨਸਿਕ ਪ੍ਰਵਿਰਤੀਆਂ ਜਾਂ ਸਮਾਜਿਕ ਤੇ ਸਭਿਆਚਾਰਕ ਵਾਤਾਵਰਣ ਜਾਂ ਸਭਿਆਚਾਰਕ ਪਰਿਵਰਤਨ, ਜਿਹੜਾ ਸੰਕਟ ਦੇ ਘੇਰੇ ਵਿਚ ਆਉਂਦਾ, ਸਾਰੇ ਇਸ ਨਵੇਂ ਸੰਦਰਭ ਵਿਚ ਸ਼ਾਮਿਲ ਹਨ।"(*ਸੰਰਚਨਾਵਾਦ ਉਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ* 445) ਡਾ. ਵਨੀਤਾ ਅਨੁਸਾਰ,"ਪੱਛਮ ਦੇ ਵਿਕਸਿਤ ਸਮਾਜਾਂ ਬਾਰੇ ਇਹ ਆਖਿਆ ਜਾ ਰਿਹਾ ਹੈ ਕਿ ਉਹ ਉਤਰ-ਆਧੁਨਿਕ ਅਤੇ ਉਤਰ-ਉਦਯੋਗਿਕ ਦੌਰ ਵਿਚ ਦਾਖਿਲ ਹੋ ਚੁੱਕੇ ਹਨ। ਕੰਪਿਊਟਰ, ਵਿਗਿਆਨ ਉਨ੍ਹਾਂ ਸਭਿਆਚਾਰਾਂ ਨੂੰ ਉਸ ਸਥਿਤੀ ਵਿਚ ਲੈ ਗਏ ਹਨ, ਜਿਸ ਨੂੰ ਉਤਰ-ਆਧੁਨਿਕ ਆਖਿਆ ਜਾ ਰਿਹਾ ਹੈ।"(*ਉਤਰ-ਆਧੁਨਿਕਤਾ ਅਤੇ ਕਵਿਤਾ* 9.)

ਡਾ. ਸੁਧੀਸ਼ ਪਚੌਰੀ ਹਿੰਦੀ ਦੇ ਪ੍ਰਸਿੱਧ ਚਿੰਤਕ ਹਨ। ਆਪ ਲਿਓਤਾਰਦ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ,"ਉਤਰ-ਆਧੁਨਿਕ ਉਹ ਹੈ ਜੋ ਅਪ੍ਰਤਿਨਿਧ ਨੂੰ ਯੋਗ ਪ੍ਰਤੀਨਿਧਤਾ ਦਿੰਦਾ ਹੈ ਜੋ ਸੰਤੋਖ ਮਈ ਰੂਪਾਂ ਵਿਚ ਸੰਤੋਖ ਨਹੀਂ ਲੈਂਦਾ ਜੋ ਰੁਚੀਆਂ ਦੀ ਸਰਬ ਅਨੁਮਤੀ ਦਾ ਆਨੰਦ ਨਹੀਂ ਲੈਂਦਾ, ਜੋ ਅਪ੍ਰਾਪਤੀਆਂ ਦੇ ਅਤੀਤ ਰਾਗ ਨੂੰ ਨਹੀਂ ਗਾਉਂਦਾ, ਜੋ ਨਵੀਂ ਪ੍ਰਤੀਨਿਧਤਾ ਨੂੰ ਤਲਾਸ਼ਦਾ ਹੈ, ਉਸ ਵਿਚੋਂ ਆਨੰਦ ਲੈਣ ਲਈ ਨਹੀਂ ਬਲਕਿ ਅਪ੍ਰਤੀਨਿਧ ਯੋਗ ਨੂੰ ਪ੍ਰਤੀਨਿਧਤਾ ਦੇਣ ਲਈ ਅਜਿਹਾ ਕਰਦਾ ਹੈ।"(*ਉਤਰ ਆਧੁਨਿਕਤਾ ਕਲਾ ਅਤੇ ਸਾਹਿਤ* 45.)

ਡਾ. ਕਰਮਜੀਤ ਸਿੰਘ ਇਸ ਨੂੰ ਇੰਝ ਪਰਿਭਾਸ਼ਿਤ ਕਰਦੇ ਹਨ,"ਉਤਰ-ਆਧੁਨਿਕ ਸੋਚਣ ਦਾ ਢੰਗ ਹੈ ਜੋ ਪਰੰਪਰਾ ਤੋਂ ਚਲੇ ਆ ਰਹੇ ਸੱਚ, ਤਰਕ, ਪਛਾਣ ਅਤੇ ਬਾਹਰਮੁਖਤਾ ਦੇ ਸੰਕਲਪਾਂ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਂਦਾ ਹੈ। ਇਹ ਬ੍ਰਹਿਮੰਡੀ ਵਿਕਾਸ, ਮੁਕਤੀ, ਇਕਹਿਰੇ ਸੱਚ, ਬਿਰਤਾਂਤ ਅਤੇ ਅੰਤਿਮ ਵਿਆਖਿਆ ਸਾਹਮਣੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਗਿਆਨ ਦੇ ਇਨ੍ਹਾਂ ਪ੍ਰਤੀਮਾਨਾ ਦੇ ਵਿਰੋਧ ਵਿਚ ਇਹ ਵਿਸ਼ਵ ਨੂੰ ਅਕਸਮਾਤ, ਨਿਰਾਧਾਰ, ਬਹੁਭਾਂਤੀ, ਅਸਥਿਰ, ਅਨਿਸ਼ਚਿਤ, ਬਿਖਰੇ ਸਭਿਆਚਾਰਕ ਜੋੜ ਜਾਂ ਵਿਆਖਿਆ ਦੇ ਤੌਰ ਤੇ ਵੇਖਦਾ ਹੈ, ਜੋ ਸੱਚ ਦੀ ਬਾਹਰਮੁੱਖਤਾ, ਇਤਿਹਾਸ, ਪ੍ਰਤੀਮਾਨਾ, ਪ੍ਰਕਿਰਤੀਆਂ ਦੀ ਨਿਸ਼ਚਿਤਤਾ ਅਤੇ ਪਛਾਣਾਂ ਦੀ ਇਕਜੁੱਟਤਾ ਬਾਰੇ ਸ਼ੰਕੇ ਖੜੇ ਕਰਦਾ ਹੈ।"(*ਉਤਰ-ਆਧੁਨਿਕਤਾ ਅਤੇ ਲੋਕਧਾਰਾ ਖੋਜ ਪੱਤ੍ਰਿਕਾ (ਅੰਕ-56)* 193.)

ਉੱਪਰੋਕਤ ਪਰਿਭਾਸ਼ਾਵਾਂ ਦੀ ਰੌਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਉੱਤਰ-ਆਧੁਨਿਕਤਾ, ਆਧੁਨਿਕਤਾ ਵਿਚਲੇ ਅਖੌਤੀ ਵਿਕਾਸ ਦੁਆਰਾ ਮਨੁੱਖੀ ਜੀਵਨ ਜਾਂਚ ਵਿਚ ਆਈ ਤਬਦੀਲੀ ਦੇ ਪ੍ਰਤੀ ਉਦਾਸੀਨਤਾ ਦੀ ਸਥਿਤੀ ਹੈ। ਇਹ ਕੰਪਿਊਟਰ ਤਕਨਾਲੋਜੀ ਦੇ ਪਾਸਾਰ ਨਾਲ ਪੈਦਾ ਹੋਏ ਨਵੀਂ ਕਿਸਮ ਦੀ ਸੰਸਾਰਕ ਜੀਵਨ ਜਾਂਚ ਨਾਲ ਸਬੰਧਿਤ ਹੈ।

ਉੱਤਰ-ਆਧੁਨਿਕ ਚਿੰਤਕਾਂ ਦੇ ਵਿਚਾਰਕਾਂ ਦੀਆਂ ਧਾਰਨਾਵਾਂ ਤੋਂ ਬਾਅਦ ਅਸੀਂ ਇਸ ਦੇ ਪਿਛੋਕੜ ਵਿਚ ਕਾਰਜਸ਼ੀਲ ਵੱਖ-ਵੱਖ ਪ੍ਰਵਿਰਤੀਆਂ ਬਾਰੇ ਸੰਖੇਪ ਵਿਚ ਚਰਚਾ ਕਰਨ ਦਾ ਯਤਨ ਕਰਦੇ ਹਾਂ। ਇਹ ਕਿਹਾ ਜਾਂਦਾ ਹੈ ਕਿ ਸਾਹਿਤ ਦਾ ਪ੍ਰੇਰਣਾ ਸਰੋਤ ਵਿਅਕਤੀ, ਸਮਾਜ ਅਤੇ ਯੁੱਗ ਦੀ ਸਮੂਹਿਕ ਚੇਤਨਾ ਹੁੰਦੀ ਹੈ। ਇਨ੍ਹਾ ਵਿਚ ਵਾਪਰੇ ਪਰਿਵਰਤਨ ਸਾਹਿਤ ਲਈ ਰਾਹ ਬਣਦੇ ਹਨ। ਇਸੇ ਪਰਿਵਰਤਨਸ਼ੀਲਤਾ ਕਾਰਨ ਕਿਸੇ ਸਾਹਿਤ ਨੂੰ ਉਸ ਤੋਂ ਪਹਿਲਾਂ ਦੇ ਸਾਹਿਤ ਮੁਕਾਬਲੇ ਕਿਸੇ ਨਵੇਂ ਨਾ ਨਾਲ ਯਾਦ ਕੀਤਾ ਜਾਂਦਾ ਹੈ। ਸੰਸਾਰ ਭਰ ਵਿਚ ਆਧੁਨਿਕ ਵਿਚਾਰਧਾਰਾ ਦਾ ਬਹੁਤ ਮਹੱਤਵ ਹੁੰਦਾ ਹੈ । ਆਧੁਨਿਕ ਵਿਚਾਰਧਾਰਾ ਭਾਵ ਜੋ ਮੱਧਕਾਲ ਤੋਂ ਵੱਖਰੀ ਹੋਵੇ, ਧਰਮ ਦੀ ਨਵੀਂ ਪਰਿਭਾਸ਼ਾ ਪੇਸ਼ ਕਰਦੀ ਹੋਵੇ।"ਜਿਹੜੀ ਗੱਲ ਮੱਧਯੁੱਗ ਨਾਲੋਂ ਵੱਖਰੀ ਹੋਵੇ, ਆਧੁਨਿਕ ਹੈ।"(*Calliler's Encyclopedia Vol 15* 678.) ਉਹ ਵਿਚਾਰਧਾਰਾ ਆਧੁਨਿਕ ਹੈ ਜਿਹੜੀ ਇਸ ਵਿਚਲੀਆਂ ਗ਼ਲਤ ਕਦਰਾਂ ਕੀਮਤਾਂ ਪ੍ਰਤੀ ਅਸੰਤੁਸ਼ਟਤਾ ਜ਼ਾਹਿਰ ਕਰਦੀ ਹੋਵੇ। ਉੱਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿਚ ਮਸ਼ੀਨੀਕਰਨ ਦੇ ਆਉਣ ਕਰਨ ਮਨੁੱਖ ਦੀ ਧਰਮ ਪ੍ਰਤੀ ਪਹੁੰਚ ਵਿਚ ਬਦਲਾਓ ਆਉਣਾ ਸ਼ੁਰੂ ਹੋ ਗਿਆ। ਇਸ ਨਾਲ ਮਨੁੱਖ ਵਧੇਰੇ ਚੇਤੰਨ ਅਤੇ ਤਰਕਸ਼ੀਲ ਹੋ ਗਿਆ। ਕੁਦਰਤ ਉਪਰ ਅੰਧ ਵਿਸ਼ਵਾਸ ਖ਼ਤਮ ਹੋਣ ਲੱਗਾ, ਜਿਸ ਕਾਰਨ ਮਨੁੱਖੀ ਕਦਰਾਂ-ਕੀਮਤਾਂ ਵਿਚ ਬਦਲਾਓ ਆਇਆ ਅਤੇ ਉਸ ਦੇ ਸਮਾਜਿਕ ਸਬੰਧਾਂ ਵਿਚ ਪਰਿਵਰਤਨ ਆਉਣਾ ਸ਼ੁਰੂ ਹੋ ਗਿਆ। ਇਸ ਪਰਿਵਰਤਨ ਦੀ ਸ਼ੁਰੂਆਤ ਪੱਛਮ ਭਾਵ ਯੂਰਪੀ ਦੇਸ਼ਾਂ ਤੋਂ ਹੋਈ ਕਿਉਂਕਿ ਉੱਥੇ ਰਾਜਨੀਤਕ ਚੇਤਨਤਾ ਆ ਚੁੱਕੀ ਸੀ ਅਤੇ ਲੋਕਾਂ ਦਾ ਜੀਵਨ ਢੰਗ ਬਦਲਣ ਕਾਰਨ ਸੋਚ ਵਿਚ ਬਦਲਾਓ ਆ ਚੁੱਕਿਆ ਸੀ। ਇਸ ਸਾਰੇ ਬਦਲਾਓ ਦੀਆਂ ਧੁਨੀਆਂ ਸਾਹਿਤ ਵਿਚ ਪ੍ਰਤੀਬਿੰਬਤ ਹੋਣਾ ਲਾਜ਼ਮੀ ਸੀ। ਜੀਵਨ ਦੇ ਹਰ ਖੇਤਰ ਵਿਚ ਵਾਪਰ ਰਹੀ ਤਰੱਕੀ ਨੇ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ

ਪ੍ਰਭਾਵਿਤ ਕੀਤਾ ਜਿਸ ਕਰਕੇ ਉਨ੍ਹਾ ਨੇ ਪੁਰਾਣੇ ਪ੍ਰਗਟਾਵੇ ਦੇ ਢੰਗਾਂ ਨੂੰ ਛੱਡ ਕੇ ਨਵੇਂ ਢੰਗਾ ਨਾਲ ਸੋਚਣਾ ਸ਼ੁਰੂ ਕਰ ਦਿੱਤਾ। ਇਸ ਕਾਰਨ ਸਾਹਿਤ ਅੰਦਰ ਕ੍ਰਾਂਤੀਕਾਰੀ ਬਦਲਾਵ ਆਉਣੇ ਸ਼ੁਰੂ ਹੋ ਗਏ।"ਵਿਗਿਆਨ ਦੇ ਖੇਤਰ ਵਿਚ ਮਨੁੱਖ ਦੀਆਂ ਨਵੀਆਂ ਪ੍ਰਾਪਤੀਆਂ ਨੇ ਉਸਦੀ ਚੇਤਨਤਾ ਅਤੇ ਵਿਸ਼ਵਾਸ ਨੂੰ ਇਸ ਗੱਲ ਲਈ ਮਜ਼ਬੂਤ ਕੀਤਾ ਕਿ ਦੁਨੀਆਂ ਮਨੁੱਖ ਲਈ ਅਚੰਭੇ ਵਾਲੀ ਗੱਲ ਨਹੀਂ ਸਗੋਂ ਉਸ ਦੇ ਸਾਹਿਤ ਤੇ ਯੋਗਤਾ ਲਈ ਵਰਤਿਆ ਜਾਣ ਵਾਲਾ ਮਸਾਲਾ ਹੈ।" (Frankel. *The Case for Modern Man* 2.) ਇਸ ਦਾ ਭਾਵ ਮਨੁੱਖ ਦਾ ਕਿਸੇ ਖ਼ਾਸ ਸਮੇ ਵਿਚ ਜੀਵਨ ਪ੍ਰਤੀ ਬਦਲਿਆ ਹੋਇਆ ਨਜ਼ਰੀਆ ਆਧੁਨਿਕਤਾ ਹੈ ਅਤੇ ਜਿਹੜੇ ਸਾਹਿਤ ਵਿਚ ਇਹ ਪ੍ਰਗਟ ਹੁੰਦਾ ਹੈ ਉਹ ਆਧੁਨਿਕ ਸਾਹਿਤ ਕਹਾਉਂਦਾ ਹੈ। ਆਧੁਨਿਕਤਾ ਦੇ ਮੂਲ ਕਾਰਨ ਪੱਛਮ ਵਿਚ ਵਾਪਰੇ ਵਿਗਿਆਨਿਕ ਪਰਿਵਰਤਨ ਸਨ। ਵੱਖ-ਵੱਖ ਚਿੰਤਕਾਂ ਅਨੁਸਾਰ ਜਿਸ ਵੇਲੇ ਯੂਰਪ ਵਿਚ ਪੁਨਰ ਜਾਗਰਣ ਦਾ ਸਮਾ ਸੀ ਉਹੀ ਆਧੁਨਿਕਤਾ ਦਾ ਆਰੰਭ ਮੰਨਿਆਂ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਇਹ 13ਵੀਂ ਸਦੀ ਦੀ ਸ਼ੁਰੂਆਤ ਦਾ ਸਮਾ ਸੀ। ਇਹ ਉਹੀ ਸਮਾ ਹੈ ਜਦੋਂ ਚਰਚ ਅਤੇ ਵਿਗਿਆਨ ਦਾ ਦਵੰਦ ਸ਼ੁਰੂ ਹੋਇਆ। ਜਿਸ ਸਮੇ ਯੂਰਪ ਵਿਚ ਆਧੁਨਿਕਤਾ ਦਾ ਸਮਾ ਆਂਕਿਆ ਜਾਂਦਾ ਹੈ ਉਹ ਸਮਾ ਸਾਡੇ ਮੱਧਕਾਲ ਦਾ ਸਮਾ ਬਣਦਾ ਹੈ। ਆਧੁਨਿਕਤਾ ਦੇ ਸੰਕਲਪ ਨੂੰ 19ਵੀਂ ਸਦੀ ਨਾਲ ਵਧੇਰੇ ਸਬੰਧਿਤ ਕੀਤਾ ਜਾਂਦਾ ਹੈ। ਇਸ ਸਮੇ ਵਿਚ ਨਿਊਟਨ ਦੇ ਭੌਤਿਕ ਵਿਗਿਆਨ ਅਤੇ ਬਾਅਦ ਵਿਚ ਆਈਨਸਟਾਈਨ ਦਾ ਸਾਪੇਖਤਾ ਸਿਧਾਂਤ ਸਾਹਮਣੇ ਆਉਣ ਨਾਲ ਚਿੰਤਨ ਵਿਚ ਇਕ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਹੋਈ। ਲੱਗਭਗ ਇਸੇ ਵੇਲੇ ਪੂੰਜੀਵਾਦ ਦਾ ਵਿਕਾਸ ਸਾਹਮਣੇ ਆਇਆ ਜਿਸ ਨਾਲ ਉਦਯੋਗਿਕ ਕ੍ਰਾਂਤੀ ਅਗਰਭੂਮਿਤ ਹੋਈ ਜਿਸ ਨਾਲ ਸਮਾਜਕ ਰਿਸ਼ਤੇ ਅਤੇ ਕਦਰਾਂ-ਕੀਮਤਾਂ ਵਿਚ ਪਰਿਵਰਤਨ ਆਇਆ। ਇਸੇ ਤਰ੍ਹਾਂ 19ਵੀਂ ਸਦੀ ਦੇ ਅਖੀਰ ਵਿਚ ਮਾਰਕਸਵਾਦੀ ਚਿੰਤਨ ਸਾਹਮਣੇ ਆਇਆ।"ਚਿੰਤਨ, ਦਰਸ਼ਨ ਤੇ ਵਿਗਿਆਨ ਵਿਚ ਜੋ ਵਿਕਾਸ ਵਾਪਰ ਰਿਹਾ ਸੀ ਉਸ ਨੇ ਸਾਡੇ ਸਮੇ, ਸਥਾਨ ਦੇ ਸੰਕਲਪ (Concept of time & space) ਨੂੰ ਵੀ ਬਦਲ ਦਿੱਤਾ। ਸਮਾਂ-ਸਥਾਨ ਇਕ ਦੂਜੇ ਤੋਂ ਸੁਤੰਤਰ ਨਾ ਰਹੇ ਸਗੋਂ ਸਾਪੇਖਕ ਤੌਰ ਤੇ ਸਾਹਮਣੇ ਆਏ। ਆਧੁਨਿਕ ਚਿੰਤਨ ਵਿਚ ਇਸ ਸਦਕਾ ਵੱਡੀਆਂ ਮਨੋਵਿਗਿਆਨਕ ਤਬਦੀਲੀਆਂ ਵਾਪਰੀਆਂ। ਵਿਲੀਅਮ ਜੇਮਜ਼ ਨੇ ਚੇਤਨਾ ਪ੍ਰਵਾਹ (Stream of consciousness) ਨੂੰ ਸਾਹਮਣੇ

ਲਿਆਂਦਾ। ਫਰਾਇਡ ਨੇ ਮਨੋਵਿਗਿਆਨ ਦੇ ' ਅਵਚੇਤਨ ਦੇ ਨਵੇਂ ਸਿਧਾਂਤ ' ਨੂੰ ਸਾਹਮਣੇ ਲਿਆਂਦਾ। ਸੈਕਸ ਭਾਵਨਾ ਮਨੁੱਖ ਦੀ ਪ੍ਰਮੁੱਖ ਸ਼ਕਤੀ (vital force) ਕਹਿ ਕੇ ਔਰਤ-ਮਰਦ ਦੇ ਯਥਾਰਥ ਨੂੰ ਅਗਰਭੂਮੀ ਤੇ ਲੈ ਆਂਦਾ ਜਿਸ ਨਾਲ ਪ੍ਰੰਪਰਕ ਸੋਚ ਟੁੱਟਦੀ ਨਜ਼ਰ ਆਈ ਅਤੇ ਸਭਿਆਚਾਰ ਵਿਚ ਸਮਾਜਕ ਖੁੱਲ੍ਹ ਦਾ ਵਾਤਾਵਰਣ ਨਜ਼ਰ ਆਇਆ।" (ਡਾ. ਵਨੀਤਾ. *ਉਤਰ-ਆਧੁਨਿਕਤਾ ਅਤੇ ਕਵਿਤਾ* 16.)

ਮਨੁੱਖ ਨੂੰ ਆਧੁਨਿਕ ਬੋਧ ਜਾਂ ਆਧੁਨਿਕਤਾ ਵੱਲ ਲਿਜਾਣ ਵਿਚ ਹੇਠ ਲਿਖੇ ਕਾਰਨ ਸਨ:

1 ਡਾਰਵਿਨ ਦਾ ਵਿਕਾਸਵਾਦੀ ਸਿਧਾਂਤ

2 ਮਨੋਵਿਗਿਆਨਕ ਖੋਜਾਂ

3 ਵਿਗਿਆਨ ਦਾ ਜੀਵਨ ਦੇ ਸਾਰੇ ਪੱਖਾਂ ਤੇ ਪ੍ਰਭਾਵ

4 ਕਾਰਲ ਮਾਰਕਸ ਦਾ ਦਵੰਦਾਤਮਿਕ ਭੌਤਿਕਵਾਦ

5 ਆਈਨਸਟਾਈਨ ਦਾ ਸਾਪੇਖਵਾਦੀ ਸਿਧਾਂਤ

6 ਸਾਰਤਰ ਦਾ ਅਸਤਿਤਵਵਾਦ

ਇਨ੍ਹਾਂ ਸਾਰੇ ਕਾਰਨਾਂ ਨੇ ਮਨੁੱਖੀ ਸੋਚ ਵਿਚ ਵੱਡਾ ਪਰਿਵਰਤਨ ਲਿਆਂਦਾ ਜਿਸ ਨਾਲ ਮਨੁੱਖ ਦੇ ਜੀਣ-ਥੀਣ ਦੇ ਢੰਗ ਵਿਚ ਕ੍ਰਾਂਤੀਕਾਰੀ ਪਰਿਵਰਤਨ ਵਾਪਰਿਆ। ਇਨ੍ਹਾਂ ਪ੍ਰਭਾਵਾਂ ਕਾਰਨ ਬਦਲੀ ਵਿਚਾਰਧਾਰਾ ਦੇ ਨਿਮਨਲਿਖਤ ਲੱਛਣ ਸਾਹਮਣੇ ਆਏ :

1 ਧਰਮ ਅਤੇ ਰੱਬ ਪ੍ਰਤੀ ਖੰਡਿਤ ਵਿਸ਼ਵਾਸ

2 ਦਿੱਸਦੇ ਸੰਸਾਰ ਦੀ ਮਹੱਤਤਾ

3 ਅਣਦਿੱਸਦੇ ਸੰਸਾਰ ਪ੍ਰਤੀ ਸ਼ੱਕ ਦੀ ਭਾਵਨਾ

4 ਜੀਵਨ ਦੇ ਵਿਲਾਸ ਪੂਰਨ ਰੂਪ ਵਿਚ ਯਕੀਨ

5 ਆਮ ਮਨੁੱਖ ਨੂੰ ਗੱਲ ਦੇ ਕੇਂਦਰ ਵਿਚ ਰੱਖਣਾ

6 ਜ਼ਿੰਦਗੀ ਬਾਰੇ ਯਥਾਰਥਕ ਦ੍ਰਿਸ਼ਟੀਕੋਣ

7 ਮਨੁੱਖ ਦੀਆਂ ਪ੍ਰਾਪਤੀਆਂ ਦੁਆਲੇ ਕੇਂਦ੍ਰਿਤ

ਆਧੁਨਿਕਤਾ ਵਿਚ ਤਰਕ ਦੀ ਪ੍ਰਧਾਨਤਾ ਕਾਰਨ ਮਨੁੱਖ ਦੀ ਸੂਝ ਵਿਚ ਵਾਪਰੇ ਬਦਲਾਓ ਕਾਰਨ ਵਿਗਿਆਨਕ ਖੋਜਾਂ ਰਾਹੀਂ ਮਨੁੱਖ ਦੀ ਤਰੱਕੀ ਨਾਲ ਉਸ ਦੇ ਸਾਰੇ ਮਸਲੇ ਹੱਲ ਹੋਣ ਦਾ ਭਰਮ ਪਾਲਿਆ ਗਿਆ।"ਆਧੁਨਿਕਵਾਦ ਅਤੇ ਆਧੁਨਿਕਤਾ ਦਾ ਦਰਸ਼ਨ ਸ੍ਰੋਤ ਗਿਆਨਕਰਣ ਚਿੰਤਨ ਹੀ ਹੈ। ਆਧੁਨਿਕਵਾਦ ਦਾ ਵਿਵੇਕ ਰਾਹੀਂ ਸਾਰੀ ਮਨੁੱਖਤਾ ਨੂੰ ਮੁਕਤ ਕਰਨ ਦਾ ਲਖਸ਼, ਪ੍ਰਕਿਰਤੀ ਉੱਤੇ ਨਿਰੰਤਰ ਵਿਗਿਆਨਕ ਉੱਨਤੀ ਰਾਹੀਂ ਅਧਿਕਾਰ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ, ਇਕ ਰੇਖਕੀ ਪ੍ਰਕਾਰ ਦੇ ਮੰਤਵਬੱਧ ਵਿਕਾਸ ਵਿੱਚ ਵਿਸ਼ਵਾਸ, ਗਿਆਨਕਰਣ ਚਿੰਤਨ ਦੀ ਦੇਣ ਹਨ। ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਨੂੰ ਤਾਰਕਿਕ ਰੂਪ ਦੇਣਾ, ਜੋ ਅਭਿਆਸ ਵਿੱਚ ਸਮੇਂ ਦੇ ਪ੍ਰਬਲ ਪੂੰਜੀਵਾਦ ਦੀਆਂ ਕੀਮਤਾਂ ਨੂੰ ਅੱਗੇ ਲੈ ਕੇ ਜਾਣ ਜਾਂ ਸਮਾਜਵਾਦ ਦੇ ਇੱਕ-ਮੁੱਖੀ ਲਖਸ਼ਾਂ ਦਾ ਅਨੁਕਰਣ ਬਣ ਕੇ ਰਹਿ ਗਿਆ, ਆਧੁਨਿਕਵਾਦ ਦਾ ਇਕ ਵਿਸ਼ੇਸ਼ ਜਤਨ ਰਿਹਾ ਹੈ ਜਿਸ ਨਾਲ ਇੱਕ ਵਿਹਾਰਵਾਦ (ਸੈਕੂਲਰਜ਼ਮ) ਵੀ ਵਿਕਸਿਤ ਹੋਇਆ ਜਿਸ ਨੇ ਧਰਮ, ਮਿੱਥ ਆਦਿ ਦਾ ਵਿਨਾਸ਼ ਕੀਤਾ। ਇੱਕ ਅਜਿਹੇ ਆਤਮ (ਸਬਜੈਕਟ) ਦਾ ਸਿਰਜਣ ਕੀਤਾ ਜੋ ਸੰਗਠਿਤ, ਇੱਕਾਰਥੀ ਅਤੇ ਇਤਿਹਾਸਵਾਦੀ ਸੀ।"(ਡਾ. ਗੁਰਭਗਤ ਸਿੰਘ. *ਉਤਰਆਧੁਨਿਕਤਾਵਾਦ* 2.) ਆਧੁਨਿਕਤਾ ਦੇ ਪਾਸਾਰ ਨਾਲ ਵਿਗਿਆਨ ਦੀ ਚੜ੍ਹਤ ਹੋਣ ਲੱਗੀ ਕਿਉਂਕਿ ਨਵੀਆਂ ਕਾਢਾਂ ਦੁਆਰਾ ਮਨੁੱਖ ਦਾ ਜੀਵਨ ਸੁਖਾਲਾ ਹੋਣ ਲੱਗ ਪਿਆ। ਸਮਾਜਿਕ ਤੌਰ ਤੇ ਹਰ ਵਰਤਾਰੇ ਨੂੰ ਤਰਕ ਦੀ ਕਸਵੱਟੀ ਤੇ ਪਰਖਣਾ ਅਤੇ ਇਸ ਨਾਲ ਮਨੁੱਖ ਨੂੰ ਪ੍ਰਮੁੱਖਤਾ ਦੇਣਾ ਆਧੁਨਿਕਤਾ ਦਾ ਇੱਕੋ-ਇਕ ਨਿਸ਼ਾਨਾ ਸੀ। ਧਰਮ

ਦਾ ਅਤੇ ਮਿੱਥ ਦਾ ਸਥਾਨ ਦੁਜੈਲਾ ਹੋ ਗਿਆ । ਗਿਆਨ ਦਾ ਪੱਧਰ ਮਨੁੱਖੀ ਵਿਵੇਕ ਨਾਲੋਂ ਵਿਗਿਆਨਕ ਉੱਨਤੀ ਨਾਲ ਆਂਕਣ ਦੇ ਯਤਨ ਆਧੁਨਿਕਤਾ ਦੇ ਪ੍ਰਮੁੱਖ ਪਛਾਣ ਚਿੰਨ ਹਨ।"ਗਿੱਡਨਜ਼ ਨੇ ਮੁੱਖ ਤੌਰ ਆਧੁਨਿਕਤਾ ਨਾਲ ਸਬੰਧਿਤ ਜਿਨ੍ਹਾਂ ਚਾਰ ਸੰਸਥਾਵਾਂ ਦਾ ਜ਼ਿਕਰ ਕੀਤਾ ਹੈ, ਉਹ ਹਨ: ਨਿਗਰਾਨੀ (ਸਰਵੇਲੈਂਸ), ਪੂੰਜੀਵਾਦ, ਫ਼ੌਜੀ ਸ਼ਕਤੀ ਅਤੇ ਉਦਯੋਗਵਾਦ।" (9.) ਆਧੁਨਿਕਤਾ ਦੇ ਪਸਾਰੇ ਨਾਲ ਪੂੰਜੀਵਾਦ ਦਾ ਪਾਸਾਰਾ ਫੈਲਣ ਲੱਗਾ ਜਿਸ ਨਾਲ ਵੱਖ-ਵੱਖ ਦੇਸ਼ਾਂ ਵੱਲੋਂ ਆਪਣੀ ਫ਼ੌਜੀ ਸ਼ਕਤੀ ਵਧਾਉਣ ਲਈ ਵਿਗਿਆਨ ਦੀ ਵਰਤੋਂ ਹੋਣ ਲੱਗੀ। ਨਿਸ਼ਚਿਤ ਰੂਪ ਵਿਚ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਉਦਯੋਗਿਕ ਉੱਨਤੀ ਦਾ ਰਾਹ ਸੁਖਾਲਾ ਹੋ ਗਿਆ।

ਯੂਰਪ ਦੀ ਪ੍ਰਮਾਣਿਕ ਆਧੁਨਿਕਤਾ ਦੇ ਕੁਝ ਲੱਛਣ ਨਿਮਨਲਿਖਤ ਸੰਕਲਪਾਂ ਰਾਹੀਂ ਵੇਖੇ ਜਾ ਸਕਦੇ ਹਨ :

1. ਤਰਕਸ਼ੀਲਤਾ
2. ਧਰਮ ਨਿਰਪੱਖਤਾ
3. ਵਿਗਿਆਨਕਤਾ
4. ਉਦਯੋਗਿਕ ਉਤਪਾਦਨ
5. ਸ਼ਹਿਰੀਕਰਨ
6. ਵਿਸ਼ਵ-ਵਿਆਪਕਤਾ
7. ਸਾਂਝੀਵਾਲਤਾ
8. ਸਮਾਨਤਾ
9. ਸੁਤੰਤਰਤਾ

10. ਰਾਜਨੀਤਕ ਚੇਤਨਤਾ

11. ਇਹਲੌਕਿਕਤਾ

12. ਸਾਖਰਤਾ

ਮੱਧਕਾਲੀ ਸੋਚ ਦੇ ਉਲਟ ਹੁਣ ਰੱਬ ਦੀ ਥਾਂ ਇਨਸਾਨ ਕੇਂਦਰ ਵਿਚ ਆ ਗਿਆ ਸੀ। ਇਕ ਸਮੇ ਇਹ ਲੱਗਦਾ ਸੀ ਕਿ ਵਿਗਿਆਨਕ ਕਾਢਾਂ ਮਨੁੱਖਤਾ ਦੇ ਸਾਰੇ ਦੁੱਖਾਂ ਦਾ ਅੰਤ ਕਰ ਦੇਣਗੀਆਂ। ਪਰੰਤੂ ਇਹ ਭਰਮ ਵੀ ਸਮੇਂ ਦੇ ਨਾਲ ਟੁੱਟ ਗਿਆ। ਇਸ ਭਰਮ ਟੁੱਟਣ ਦੀ ਸਥਿਤੀ ਵਿਚੋਂ ਇਕ ਨਵੀਂ ਕਿਸਮ ਦੀ ਸੋਚ ਨਿਕਲ ਕੇ ਸਾਹਮਣੇ ਆਈ ਜਿਸ ਨੂੰ ਉੱਤਰ-ਆਧੁਨਿਕ ਸੋਚ ਕਿਹਾ ਜਾਂਦਾ ਹੈ। ਇਹ ਸੋਚ ਭਾਰਤੀ ਪ੍ਰਸੰਗ ਵਿਚ ਨੱਬੇਵੇਂ ਦਹਾਕੇ ਵਿਚ ਪੈਦਾ ਹੋਣੀ ਸ਼ੁਰੂ ਹੋਈ, ਜਿਸ ਦਾ ਅਸਰ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਨਾਲ-ਨਾਲ ਸਾਹਿਤਕ ਪ੍ਰਗਟਾਵੇ ਵਿਚੋਂ ਵੀ ਝਲਕਣ ਲੱਗ ਪਿਆ ਸੀ। ਉੱਤਰ-ਆਧੁਨਿਕਤਾ ਨੂੰ ਜਿੱਥੇ ਆਧੁਨਿਕਤਾ ਦੇ ਵਿਰੋਧ ਵਿਚੋਂ ਪੈਦਾ ਹੋਈ ਸਥਿਤੀ ਕਿਹਾ ਜਾਂਦਾ ਹੈ ਉੱਥੇ ਹੀ ਇਸ ਨੂੰ ਆਧੁਨਿਕਤਾ ਤੋ ਬਾਅਦ ਦੀ ਸਥਿਤੀ ਕਹਿ ਕੇ ਵੀ ਪਰਿਭਾਸ਼ਿਤ ਕੀਤਾ ਜਾਂਦਾ ਹੈ।"ਪਿਛਲੇ ਦੋ ਦਹਾਕਿਆਂ ਵਿੱਚ ਜੋ ਵਿਸ਼ਵ-ਚਿੰਤਨ ਉੱਭਰ ਕੇ ਆਇਆ ਹੈ, ਵਿਸ਼ੇਸ਼ ਕਰਕੇ ਸਾਹਿਤ ਅਤੇ ਸਭਿਆਚਾਰ ਲਈ ਗੌਰਵ-ਭਰਪੂਰ, ਉਹ ਬਹੁ-ਪੱਖੀ ਅਤੇ ਸ਼ਿੱਦਤ ਵਾਲਾ ਹੈ। ਇਸ ਵਿਚ ਵੱਡੀ ਭੂਮਿਕਾ ਪੱਛਮ ਦੇ ਚਿੰਤਕਾਂ ਨੇ ਹੀ ਨਿਭਾਈ ਹੈ। ਜਿਨ੍ਹਾਂ ਅਨੁਸ਼ਾਸਨਾਂ ਨੇ ਵੱਡਾ ਭਾਗ ਪਾਇਆ ਹੈ, ਉਹ ਹਨ : ਮਾਨਵ ਵਿਗਿਆਨ, ਸਮਾਜ ਸ਼ਾਸਤਰ। ਅੱਗੋਂ, ਇਨ੍ਹਾਂ ਸ਼ਾਸਤਰਾਂ ਜਾਂ ਅਨੁਸ਼ਾਸਨਾ ਦੇ ਉੱਤਰ ਰੂਪਾਂ ਦਾ ਭਾਗ ਇਤਿਹਾਸਕ ਜਾਂ ਐਪੋਲਿਪਟਿਕ ਤਬਦੀਲੀ ਲਿਆਉਣ ਵਾਲਾ ਹੈ। ਭਾਵੇਂ ਅਜੇ ਸਾਰੇ ਅਨੁਸ਼ਾਸਨਾਂ ਦੇ ਉੱਤਰ ਰੂਪ ਵਿਕਸਿਤ ਨਹੀਂ ਹੋਏ, ਪਰ ਇਹ ਪ੍ਰਕ੍ਰਿਆ ਨਿਰੰਤਰ ਜਾਰੀ ਹੈ।" (ਡਾ. ਗੁਰਭਗਤ ਸਿੰਘ. *ਕਾਵਿ ਸ਼ਾਸਤਰ, ਦੇਹ ਅਤੇ ਕ੍ਰਾਂਤੀ* 146.) ਆਧੁਨਿਕਤਾ ਨੇ ਜਿਹੜੇ ਸੁਪਨੇ ਮਨੁੱਖ ਨੂੰ ਦਿਖਾਏ ਸਨ ਉਨ੍ਹਾਂ ਦਾ ਟੁੱਟਣਾ ਇਕ ਤਰ੍ਹਾਂ ਮਨੁੱਖ ਦੇ ਭਰਮ ਤਿੜਕਣ ਦੀ ਸ਼ੁਰੂਆਤ ਸੀ। ਇਸ ਭਰਮ ਦੀ ਸਥਿਤੀ ਵਿਚੋਂ ਉੱਤਰ-ਆਧੁਨਿਕ ਸੋਚ ਦਾ ਆਗਾਜ਼ ਹੋਇਆ।"ਗੀਰਜ਼ ਦਾ ਨਵ ਇਤਿਹਾਸਕ ਪ੍ਰਕਾਰ ਦੀ ਸਥਾਨਕਤਾ ਦਾ ਸਿਧਾਂਤ, ਚਿਹਨ ਸ਼ਾਸਤਰ ਨੂੰ ਰੋਮਨ ਜਾਕਬਸਨ ਅਤੇ ਸੋਸਿਊਰ ਦੇ ਚਿਹਨ ਸ਼ਾਸਤਰ ਨਾਲੋਂ ਕਾਫ਼ੀ ਦੂਰ ਲੈ ਆਇਆ ਹੈ। ਭਾਵੇਂ ਇਸ ਤਰ੍ਹਾਂ ਦੀ ਸੰਭਾਵਨਾ

ਉਸ ਵਿਚ ਕਿਧਰੇ ਲੁਪਤ ਸੀ। ਵਿਸ਼ੇਸ਼ ਕਰਕੇ ਸੋਸਿਊਰ ਦੀ 'ਡਾਇਕਰੋਨੀ' ਵਿੱਚ ਪਰ ਇਸ ਨੂੰ ਇਤਿਹਾਸ ਤੋਂ ਅੱਗੇ ਸੱਭਿਆਚਾਰ ਤਕ ਲੈ ਆਉਣਾ ਗੀਰਜ਼ ਦੀ ਖ਼ਾਸੀਅਤ ਹੈ। ਸੱਭਿਆਚਾਰਕ ਪਛਾਣ ਅਤੇ ਚਿਹਨ ਸ਼ਾਸਤਰ ਬਾਰੇ ਸਿਧਾਂਤ ਵਿਚ ਪੂਰਨਤਾ ਨਾ ਆਉਂਦੀ ਜੇ ਪਿਅਰ ਬੋਰਦੋ ਦੀਆਂ ਲਿਖਤਾਂ ਪ੍ਰਾਪਤ ਨਾ ਹੁੰਦੀਆਂ। ਉਸਨੇ 1972 ਵਿੱਚ ਆਪਣੀ ਛਪੀ ਪੁਸਤਕ ਜਿਸ ਦਾ ਅੰਗਰੇਜ਼ੀ ਅਨੁਵਾਦ ਰਿਚਰਡ ਨਾਈਸ ਨੇ An Outline of A Theory of Practice ਵਜੋਂ 1977 ਵਿੱਚ ਪ੍ਰਕਾਸ਼ਿਤ ਕੀਤਾ, ਜਿਸ ਵਿਚ ਇਹ ਸਥਾਪਿਤ ਕੀਤਾ ਕਿ ਹਰ ਕੌਮ, ਸੱਭਿਆਚਾਰ ਜਾਂ ਇਸ ਵਿਚ ਜਿਉਂ ਰਿਹਾ ਕੋਈ ਮੈਂਬਰ ''ਹੈਬਿਟਸ'' ਨਾਲ ਆਪਣੇ ਕਰਤੱਵ ਨਿਭਾਉਂਦਾ ਹੈ। ਹੈਬਿਟਸ, ਮਾਰਕਸ-ਅਲਥੂਸਰ ਦੀ ਵਿਚਾਰਧਾਰਾ ਨਾਲੋਂ ਵੱਖਰੇ ਨਿਯਮ ਹਨ, ਪਰ ਇਨ੍ਹਾਂ ਪਿੱਛੇ ਕੋਈ ਮੰਤਵ ਸਿੱਧੀ ਜਾਂ ਆਪਣੇ ਉਪਰੇਸ਼ਨ ਦਾ ਸਵਾਮੀਤਵ ਨਹੀਂ ਹੁੰਦਾ।"(9.) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪੰਜਾਬ ਹੀ ਨਹੀਂ ਬਲਕਿ ਭਾਰਤੀ ਸੱਭਿਆਚਾਰ ਦੀ ਝਲਕ ਮਿਲਦੀ ਹੈ। ਡਾ. ਗੁਰਭਗਤ ਸਿੰਘ ਦੇ ਸ਼ਬਦਾਂ ਵਿਚ :-

> ਆਦਿ ਗ੍ਰੰਥ ਬਾਣੀ ਵਿੱਚ ਦੇਹ-ਪਰਕਤਾ ਅਤੇ ਇਸਦੇ ਵੱਖ-ਵੱਖ ਪਾਸਾਰ ਵਿਅਕਤੀਗਤ, ਸਮਾਜਿਕ, ਕਾਇਆਨਾਤੀ, ਜਿਨ੍ਹਾਂ ਰਾਹੀਂ ਪੰਜਾਬੀ ਸਾਹਿੱਤ ਅਤੇ ਸੱਭਿਆਚਾਰ ਨੇ ਆਪਣੇ ਆਪ ਨੂੰ ਪਰਿਭਾਸ਼ਿਤ ਕੀਤਾ ਅਤੇ ਆਪਣੀ ਪਛਾਣ ਬਣਾਈ, ਨਾਲ ਜੁੜੇ ਰਹਿਣਾ ਹੀ ਪ੍ਰਮਾਣਿਕਤਾ ਹੈ। ਜੁੜੇ ਰਹਿਣ ਦਾ ਅਰਥ ਹੂਬਹੂ ਅਨੁਸਰਣ ਕਰਨਾ ਨਹੀਂ ਕਿਉਂਕਿ ਦੇਹ ਪਰਕ ਦੂਲ੍ਹਨ ਪ੍ਰੇਮਿਕਾ ਦੇ ਮੇਲ ਦਾ ਰੂਪਕ ਪਰਾਇਤਿਹਾਸਿਕ ਵੀ ਹੈ। ਸਧਾਰਣ ਸ਼ਬਦਾਂ ਵਿੱਚ, ਇਥੇ ਇਤਿਹਾਸ ਮੁੱਕ ਜਾਂਦਾ ਹੈ। ਪੂਰਵਲਾ ਵੀ ਅਤੇ ਆਉਣ ਵਾਲਾ ਵੀ। ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਇਕ ਨਵੇਂ ਪ੍ਰਕਾਰ ਦੇ ਇਤਿਹਾਸ ਦਾ ਅਰੰਭ ਹੁੰਦਾ ਹੈ ਜੋ ਰੇਖਾਵਤ ਜਾਂ ਲੀਨੀਅਰ ਨਹੀਂ। ਆਦਿ ਗ੍ਰੰਥ ਬਾਣੀ ਵਿਚ ਕਰਮ ਸਿਧਾਂਤ ਦਾ ਵਿਰੋਧ ਵੀ ਇਸੇ ਦ੍ਰਿਸ਼ਟੀ ਤੋਂ ਹੈ। ਇਹ ਅਨੁਭਵ ਅਤੇ ਇਸ ਤੋਂ ਆਉਣ ਵਾਲੇ ਯਥਾਰਥ ਦੀ ਪਰਕਿਰਤੀ ਵੱਖਰੀ ਹੈ। ਆਧੁਨਿਕਤਾ ਦਾ ਇਕ ਸਮਾਜ ਵਿਗਿਆਨੀ ਐਥਨੀ ਗਿੱਡਨਜ਼ ਆਧੁਨਿਕਤਾ ਦੇ ਪ੍ਰਭਾਵ ਨੂੰ ਸਿਧਾਂਤਬੱਧ ਕਰਦਿਆਂ ਕਹਿੰਦਾ ਹੈ ਕਿ ਇਸ ਨਾਲ ''ਰਿਫਲੈਕਸਿਵ

ਔਰਡਰਿੰਗ ਐਂਡ ਰਿਔਰਡਰਿੰਗ'' ਵਾਪਰਦੀ ਹੈ। ਗਿਡਨਜ਼ ਅਨੁਭਵ ਅਤੇ ਚਿੰਤਨ ਦੇ ਪੱਧਰ ਉੱਤੇ ਦੇਸ ਅਤੇ ਕਾਲ ਤੋਂ ਮੁਕਤ ਇਕ ਚੇਤਨਤਾ-ਉਭਾਰ ਵਲ ਇਸ਼ਾਰਾ ਕਰ ਰਿਹਾ ਹੈ। ਜਿਸ ਵਿਚ ਨਵੇਂ ਸੰਯੋਗ ਬਣਦੇ ਹਨ। ਪੰਜਾਬੀ ਸਾਹਿੱਤ ਦੇ ਇਸ ਰੂਪਕ ਨਾਲ ਜੁੜੇ ਰਹਿਣ ਦਾ ਅਰਥ ਇਸ ਤਰ੍ਹਾਂ ਗਿੱਡਨਜ਼ ਦੇ ਸ਼ਬਦਾਂ ਵਿਚ ਸੋਚ ਅਤੇ ਅਨੁਭਵ ਨੂੰ ਨਵੇਂ ਪ੍ਰਬੰਧ ਦੇਣਾ ਵੀ ਹੈ। ਇਉਂ ਜੁੜੇ ਰਹਿਣਾ ਟੁੱਟਣਾ ਵੀ ਹੋ ਗਿਆ। (120.)

ਭਗਤ ਬਾਣੀ ਵਿਚਲੇ ਸੰਕਲਪਾਂ ਦੀ ਵਿਆਖਿਆ ਹਰ ਕਾਲ ਖੰਡ ਦੀਆਂ ਸਮੱਸਿਆਵਾਂ ਅਤੇ ਪ੍ਰਵਿਰਤੀਆਂ ਅਨੁਸਾਰ ਕਰਨਾ ਇਸ ਦੇ ਮਹੱਤਵ ਦੇ ਅਨੁਸਾਰੀ ਹੈ।"ਇਹ ਨਹੀਂ ਕਿਹਾ ਜਾ ਸਕਦਾ ਕਿ ਗੁਰਬਾਣੀ ਦੀ ਸਿੰਘ ਸਭਾਈ ਆਧੁਨਿਕ ਵਿਆਖਿਆ ਨੇ ਪ੍ਰੰਪਰਾਗਤ ਵਿਆਖਿਆ ਨੂੰ ਖਤਮ ਕਰਕੇ ਉਸ ਦੀ ਥਾਂ ਲੈ ਲਈ ਹੈ ਅਤੇ ਕੱਲ੍ਹ ਨੂੰ ਉਤਰ-ਆਧੁਨਿਕ ਵਿਆਖਿਆ ਪ੍ਰਣਾਲੀ ਇਸ ਆਧੁਨਿਕਤਾਵਾਦੀ ਵਿਆਖਿਆ ਦੀ ਥਾਂ ਮੱਲ ਲਵੇਗੀ। ਇਹ ਠੀਕ ਹੈ ਕਿ ਪ੍ਰੰਪਰਾਗਤ ਅਤੇ ਆਧੁਨਿਕ ਵਿਆਖਿਆ ਪ੍ਰਣਾਲੀ ਦੇ ਵਿਨਾਸ਼ਮਈ ਸੰਘਰਸ਼ ਵਿਚੋਂ ਆਧੁਨਿਕ ਪ੍ਰਣਾਲੀ ਨੇ ਕੇਂਦਰੀ ਸਥਾਨ ਪ੍ਰਾਪਤ ਕਰ ਕੇ ਪ੍ਰੰਪਰਾਗਤ ਵਿਆਖਿਆ ਨੂੰ ਕਿਨਾਰਿਆਂ ਵੱਲ ਧਕੇਲ ਦਿੱਤਾ ਸੀ। ਪਰ ਇਹ ਪ੍ਰੰਪਰਾਗਤ ਵਿਆਖਿਆ ਦੇ ਕੇਂਦਰੀ ਸਥਾਨ ਨੂੰ ਵਿਸਥਾਪਿਤ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਬੰਦ ਨਹੀਂ ਕਰਦੀ ਜਾਰੀ ਰੱਖਦੀ ਹੈ। ਉੱਤਰ-ਆਧੁਨਿਕ ਵਿਆਖਿਆ ਦੇ ਉਦਭਵ ਵਿਚ ਇਹਨਾਂ ਪ੍ਰੰਪਰਾਗਤ ਅਤੇ ਆਧੁਨਿਕ ਵਿਆਖਿਆ ਪ੍ਰਣਾਲੀਆਂ ਦੇ ਇਸ ਸੰਘਰਸ਼ ਦਾ ਸਭ ਤੋਂ ਵੱਡਾ ਰੋਲ ਹੈ। ਸੋ ਗੁਰਬਾਣੀ ਵਿਆਖਿਆ ਦਾ ਇਹ ਬਹੁਤ ਹੀ ਜਟਿਲ ਅਤੇ ਅਨੇਕਤਾਵਾਦੀ ਇਤਿਹਾਸ ਹੈ। ਇਹ ਅਨੇਕ ਸਮਾਨਾਂਤਰ ਅਤੇ 'ਕਾਟਵੀਆਂ ਤਾਰੀਖਾਂ ਦੀ ਏਕਤਾ ਅਨੇਕਤਾ, ਸਹਿਯੋਗ ਪ੍ਰਤਿਯੋਗ, ਸੰਗਠਨ ਵਿਗਠਨ ਅਤੇ ਕੇਂਦਰੀ ਕਰਣ ਵਿਕੇਂਤਰੀਕਰਣ ਦਾ ਸੰਗਠਿਤ ਵਿਖੰਡਿਤ ਇਤਿਹਾਸ ਹੈ।"(ਮੁਹਿੰਦਰਜੀਤ ਸਿੰਘ (ਸੰਪਾ). *ਅਰਥਾਂ ਦੀ ਰਾਜਨੀਤੀ* 104.) ਸਮੇ ਦੀ ਤਬਦੀਲੀ ਦੇ ਨਾਲ ਪ੍ਰਬੰਧ ਬਦਲ ਗਏ ਹਨ।"ਇਹ ਇਕ ਕ੍ਰਾਂਤੀਕਾਰੀ ਤਬਦੀਲੀ ਹੈ। ਪਹਿਲਾਂ ਕਿਸੇ ਦੇਸ਼ ਦੀ ਦੌਲਤ, ਭੋਂ, ਪੂੰਜੀ ਅਤੇ ਕਿਰਤ ਸ਼ਕਤੀ ਤੇ ਆਧਾਰਿਤ ਸੀ, ਪਰ ਹੁਣ ਇਹ ਗਿਆਨ ਤੇ ਆਧਾਰਿਤ ਹੈ। ਇਸ ਅਰਥ-ਵਿਵਸਥਾ ਨੂੰ ਉਤਰ ਪੂੰਜੀਵਾਦ ਦਾ ਨਾ ਦਿੱਤਾ ਗਿਆ ਹੈ। ਕਈ

ਇਸ ਨੂੰ ਉਤਰ-ਆਧੁਨਿਕ ਯੁੱਗ ਵੀ ਆਖਦੇ ਹਨ।"(ਡਾ. ਰਘਬੀਰ ਸਿੰਘ (ਸੰਪਾ.). *ਸਿਰਜਣਾ* 64.) ਉੱਤਰ-ਆਧੁਨਿਕ ਯੁੱਗ ਵਿਚ ਤਕਨੀਕ ਆਧਾਰਿਤ ਗਿਆਨ ਉੱਪਰ ਆਰਥਿਕਤਾ ਦੀ ਨੀਂਹ ਟਿਕੀ ਹੋਈ ਹੁੰਦੀ ਹੈ।"ਹੁਣ ਇਹ ਗੱਲ ਲਗਪਗ ਨਿਸ਼ਚਿਤ ਹੈ ਕਿ ਭਵਿੱਖ ਦਾ ਸਮਾਜ ਸਮਾਜਵਾਦੀ ਨਹੀਂ ਹੋਵੇਗਾ, ਪਰ ਇਹ ਵੀ ਸਪਸ਼ਟ ਹੈ ਕਿ ਇਹ ਸਮਾਜ ਰਵਾਇਤੀ ਪੂੰਜੀਵਾਦੀ ਵੀ ਨਹੀਂ ਹੋਵੇਗਾ। ਨਵੇਂ ਸਮਾਜ ਦੇ ਆਰਥਿਕ ਢਾਂਚੇ ਦੀ ਨੀਂਹ ਕਾਮੇ ਦੇ ਗਿਆਨ, ਉਸ ਦੇ ਵਿਚਾਰਾਂ ਅਤੇ ਤਕਨੀਕੀ ਕੁਸ਼ਲਤਾ ਤੇ ਰੱਖੀ ਜਾਵੇਗੀ।" (64.)

ਉੱਤਰ-ਆਧੁਨਿਕਤਾ ਵਿਸ਼ਵੀਕਰਨ ਦੇ ਪ੍ਰਭਾਵ ਹੇਠਾਂ ਉਤਪੰਨ ਹੋਈਆਂ ਸਮਾਨਤਾਵਾਂ ਅਤੇ ਵਿਰੋਧਤਾਵਾਂ ਦੇ ਤਣਾਉ ਉੱਤੇ ਕੇਂਦ੍ਰਿਤ ਹੈ। ਇਸ ਦੇ ਕੁਝ ਲੱਛਣ ਨਿਮਨ-ਅੰਕਿਤ ਗਤੀਵਿਧੀਆਂ ਰਾਹੀਂ ਪ੍ਰਗਟ ਹੁੰਦੇ ਹਨ :-

1.ਸੰਸਾਰ ਪੱਧਰ ਉੱਤੇ ਵਧ ਰਿਹਾ ਪਰਵਾਸ ਦਾ ਰੁਝਾਨ

2.ਪਾਰ-ਸਭਿਆਚਾਰਕ ਅੰਤਰ-ਕਿਰਿਆਵਾਂ ਦਾ ਰੁਝਾਨ

3.ਵਿਸ਼ਵੀ ਅਤੇ ਸਥਾਨਕ ਗਿਆਨ ਵਿਚਕਾਰ ਹੋਣ ਵਾਲੀਆਂ ਅੰਤਰ-ਕਿਰਿਆਵਾਂ

4. ਦਿਨੋ-ਦਿਨ ਵਧ ਰਿਹਾ ਪਾਰ ਰਾਸ਼ਟਰੀ ਪੂੰਜੀ-ਨਿਵੇਸ਼ ਦਾ ਬੇਰੋਕ ਵਹਾਓ

ਇਸ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਦੁਆਰਾ ਉੱਤਰ-ਆਧੁਨਿਕਤਾ ਦੇ ਲੱਛਣਾਂ ਨੂੰ ਸਮਝਿਆ ਜਾ ਸਕਦਾ ਹੈ। ਇਹ ਬਦਲੀ ਹੋਈ ਯੁੱਗ ਸਥਿਤੀ ਦੀ ਲਖਾਇਕ ਹੈ। ਜੇਕਰ ਅਸੀਂ ਅਜੋਕੇ ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਵਿਵਸਥਾਵਾਂ ਨਾਲ ਰੂਬਰੂ ਹੋਣਾ ਚਾਹੁੰਦੇ ਹਾਂ ਤਾਂ ਇਨ੍ਹਾਂ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਹੀ ਸਮਝ ਸਕਦੇ ਹਾਂ। ਉੱਤਰ-ਆਧੁਨਿਕਤਾ ਗਿਆਨ, ਸੰਸਕ੍ਰਿਤੀ ਦੀ ਅਜਿਹੀ ਸਥਿਤੀ ਹੈ ਜਿਸ ਵਿਚ ਸਮਾਜਕ ਸੰਸਥਾਵਾਂ ਕਮਜ਼ੋਰ ਹੋ ਜਾਦੀਆਂ ਹਨ। ਇਹ ਗਲੋਬਲ ਸਮਾਜ ਦਾ ਨਿਰਮਾਣ ਕਰਦੀ ਹੈ ਜਿਸ ਵਿਚ ਬਹੁ-ਸੰਸਕ੍ਰਿਤੀਆਂ ਦਾ ਪਾਸਾਰ ਹੁੰਦਾ ਹੈ। ਇਹ ਵਿਖੰਡਨਕਾਰੀ ਰੁਚੀ ਦੀ ਲਖਾਇਕ ਹੈ ਤੇ ਅਲਪ-ਬ੍ਰਿਤਾਤਾਂ ਦੇ ਹੱਕ ਵਿਚ ਭੁਗਤਦੀ ਹੈ। ਇਹ ਸਮੁੱਚਤਾ ਵਿਚ ਵਿਸ਼ਵਾਸ ਨਾ ਕਰਕੇ ਵਿਲੱਖਣਤਾਵਾਂ ਪ੍ਰਤੀ ਹੁੰਗਾਰੇ ਦੀ ਹਾਮੀ ਹੈ। ਇਹ

ਭਿੰਨਤਾਵਾਂ ਨੂੰ ਸਵੀਕਾਰਦੀ ਹੈ ਅਤੇ ਅਤਿ-ਯਥਾਰਥਵਾਦ ਵਿਚ ਵਿਸ਼ਵਾਸ ਰੱਖਦੀ ਹੈ। ਉੱਤਰ-ਆਧੁਨਿਕਤਾ ਅਜੋਕੇ ਪੂੰਜੀਵਾਦ ਨੂੰ ਬੁੱਢੇ ਪੂੰਜੀਵਾਦ ਦੇ ਤੌਰ ਤੇ ਪਰਿਭਾਸ਼ਿਤ ਕਰਦੀ ਹੈ। ਇਸ ਵਿਚ ਸਮਾਨੰਤਰਤਾ ਹੈ ਅਤੇ ਵਿਕੇਂਦਰੀਕਰਨ ਨਾਲ ਸਬੰਧਿਤ ਹੁੰਦੀ ਹੈ। ਇਹ ਅਪ੍ਰਤੀਨਿੱਧ ਨੂੰ ਯੋਗ ਪ੍ਰਤੀਨਿੱਧਤਾ ਦੇਣ ਅਤੇ ਨਾ ਪੇਸ਼ ਕਰਨਯੋਗ ਨੂੰ ਪੇਸ਼ ਕਰਨ ਵਿਚ ਵਿਸ਼ਵਾਸ ਰੱਖਦੀ ਹੈ। ਇਹ ਸੰਸਾਰ ਨੂੰ ਨਿਰਾਧਾਰ, ਅਸਥਿਰ, ਅਨਿਸ਼ਚਿਤ ਅਤੇ ਬਿਖਰੇ ਸੱਭਿਆਚਾਰਾਂ ਦੀ ਵਿਆਖਿਆ ਦੇ ਆਧਾਰ ਤੇ ਸਮਝਣ ਦੀ ਹਾਮੀ ਹੈ। ਇਸ ਚਰਚਾ ਦੇ ਆਧਾਰ ਤੇ ਇਸ ਨੂੰ ਹੋਰ ਸਪੱਸ਼ਟਤਾ ਨਾਲ ਸਮਝਣ ਸਬੰਧੀ ਵਿਸਥਾਰ ਨਾਲ ਚਰਚਾ ਅਗਲੇ ਅਧਿਆਵਾਂ ਵਿਚ ਕੀਤੀ ਜਾਵੇਗੀ।

### 1.6.3.ਉੱਤਰ-ਆਧੁਨਿਕਤਾ ਅਤੇ ਪੰਜਾਬੀ ਚਿੰਤਕ :

ਪੰਜਾਬੀ ਚਿੰਤਨ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਹ ਸੰਸਾਰ ਪੱਧਰ ਦੀਆਂ ਚਿੰਤਨ ਪੱਧਤੀਆਂ ਨਾਲ ਵਰ ਮੇਚਦਾ ਰਿਹਾ ਹੈ। ਡਾ. ਵਨੀਤਾ ਅਨੁਸਾਰ ਪੰਜਾਬੀ ਸਾਹਿਤ ਵਿਚ ਉੱਤਰ-ਆਧੁਨਿਕਤਾ ਦੀ ਚਰਚਾ 1990 ਵਿਚ ਹੋਈ ਇਕ ਗੋਸ਼ਟੀ ਨਾਲ ਸਾਹਮਣੇ ਆਉਂਦੀ ਹੈ ਜੋ ਕਿ ਦਿੱਲੀ ਯੂਨੀਵਰਸਿਟੀ ਵੱਲੋਂ ਕਰਵਾਈ ਗਈ ਜਿਸ ਦੀਆਂ ਪ੍ਰੋਸੀਡਿੰਗਜ਼ ਨੂੰ ਡਾ. ਸੁਤਿੰਦਰ ਸਿੰਘ ਨੂਰ ਦੀ ਸੰਪਾਦਨਾ ਹੇਠ 'ਪੂਰਬੀ ਵਿਸ਼ਵ ਦ੍ਰਿਸ਼ਟੀ ਅਤੇ ਪੰਜਾਬੀ ਸਾਹਿਤ' ਦੇ ਨਾ ਹੇਠ ਛਾਪਿਆ ਗਿਆ। ਡਾ. ਗੁਰਭਗਤ ਸਿੰਘ ਦੇ ਲੇਖ 'ਭਾਰਤੀ ਵਿਸ਼ਵ ਦ੍ਰਿਸ਼ਟੀ ਅਤੇ ਪੱਛਮੀ ਆਲੋਚਨਾ' ਜੋ ਕਿ ਇਸ ਪੁਸਤਕ ਵਿਚ ਛਪਿਆ ਨੇ ਇਸ ਪਾਸੇ ਵੱਲ ਵਿਦਵਾਨਾਂ ਦਾ ਧਿਆਨ ਖਿੱਚਿਆ। ਉੱਤਰ-ਆਧੁਨਿਕਤਾ ਦੇ ਵਿਭਿੰਨ ਪਾਸਾਰਾਂ ਨੂੰ ਛੋਹਣ ਵਾਲੀ ਪੁਸਤਕ ਡਾ. ਗੁਰਭਗਤ ਸਿੰਘ ਦੀ 'ਕਾਵਿ ਸ਼ਾਸਤਰ ਦੇਹ ਅਤੇ ਕ੍ਰਾਂਤੀ' ਬਹੁਤ ਹੀ ਵਿਆਪਕ ਰੂਪ ਵਿਚ ਇਸ ਦੀ ਚਰਚਾ ਪੇਸ਼ ਕਰਦੀ ਹੈ। ਇਸ ਵਿਚ ਉਨ੍ਹਾਂ ਨੇ ਇਸ ਬਾਰੇ ਲਿਖਿਆ ਹੈ,"ਪਿਛਲੇ ਦੋ ਦਹਾਕਿਆਂ ਵਿੱਚ ਜੋ ਵਿਸ਼ਵ-ਚਿੰਤਨ ਉੱਭਰ ਕੇ ਆਇਆ ਹੈ, ਵਿਸ਼ੇਸ਼ ਕਰਕੇ ਸਾਹਿੱਤ ਅਤੇ ਸਭਿਆਚਾਰ ਲਈ ਗੌਰਵ-ਭਰਪੂਰ, ਉਹ ਬਹੁ-ਪੱਖੀ ਅਤੇ ਸ਼ਿੱਦਤ ਵਾਲਾ ਹੈ। ਇਸ ਵਿੱਚ ਵੱਡੀ ਭੂਮਿਕਾ ਪੱਛਮ ਦੇ ਚਿੰਤਕਾਂ ਨੇ ਹੀ ਨਿਭਾਈ ਹੈ। ਜਿਨ੍ਹਾਂ ਅਨੁਸ਼ਾਸਨਾਂ ਨੇ ਵੱਡਾ ਭਾਗ ਪਾਇਆ ਹੈ, ਉਹ ਹਨ : ਮਾਨਵ ਵਿਗਿਆਨ, ਸਮਾਜ ਸ਼ਾਸਤਰ, ਮਨੋਵਿਗਿਆਨ,

ਭਾਸ਼ਾ ਵਿਗਿਆਨ ਅਤੇ ਚਿਹਨ ਸ਼ਾਸਤਰ। ਅੱਗੋਂ, ਇਨ੍ਹਾਂ ਸ਼ਾਸਤਰਾਂ ਜਾਂ ਅਨੁਸ਼ਾਸਨਾਂ ਦੇ ਉੱਤਰ ਰੂਪ ਵਿਕਸਿਤ ਨਹੀਂ ਹੋਏ, ਪਰ ਇਹ ਪ੍ਰਕਿਰਿਆ ਨਿਰੰਤਰ ਜਾਰੀ ਹੈ।"(*ਕਾਵਿ ਸ਼ਾਸਤਰ ਦੇਹ ਅਤੇ ਕ੍ਰਾਂਤੀ* 9.)

ਡਾ. ਵਨੀਤਾ ਦੀ ਪੁਸਤਕ 'ਉਤਰ-ਆਧੁਨਿਕਤਾ ਅਤੇ ਪੰਜਾਬੀ ਕਵਿਤਾ '(1998)ਵਿਚ ਪੰਜਾਬੀ ਕਵਿਤਾ ਨੂੰ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਪਰਖਦਿਆਂ ਨਵੀਆਂ ਦ੍ਰਿਸ਼ਟੀਆਂ ਨਾਲ ਰੂਬਰੂ ਕਰਵਾਇਆ ਹੈ। ਇਸ ਵਿਚ ਉੱਤਰ-ਆਧੁਨਿਕਤਾ ਬਾਰੇ ਆਪਣੇ ਵਿਚਾਰ ਅੰਕਿਤ ਕਰਦੇ ਹੋਏ ਲਿਖਦੇ ਹਨ,"ਉਤਰ-ਆਧੁਨਿਕਤਾ ਬਾਰੇ ਜਿਵੇਂ ਅਸੀਂ ਪਹਿਲਾਂ ਵੀ ਵੇਖ ਚੁੱਕੇ ਹਾਂ ਕਿ ਇਸ ਦਾ ਸਬੰਧ ਹੁਣ ਸਿਰਫ਼ ਪੱਛਮ ਦੀ ਕਵਿਤਾ ਨਾਲ ਨਹੀਂ ਸਗੋਂ ਸਮੁੱਚੇ ਸੰਸਾਰ ਨਾਲ ਹੈ ਅਤੇ ਇਹ ਵੀ ਵੇਖ ਚੁਕੇ ਹਾਂ ਕਿ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਸਥਿਤੀ ਹੋਣ ਕਰਕੇ ਉਤਰ-ਆਧੁਨਿਕਤਾ ਨੂੰ ਆਪੋ ਆਪਣੇ ਢੰਗ ਨਾਲ ਪਰਿਭਾਸ਼ਤ ਕੀਤਾ ਜਾ ਰਿਹਾ ਹੈ।"(*ਉਤਰ-ਆਧੁਨਿਕਤਾ ਅਤੇ ਕਵਿਤਾ* 130.)

ਡਾ. ਗੁਰਭਗਤ ਸਿੰਘ ਦੀ ਕਿਤਾਬ 'ਉਤਰਆਧੁਨਿਕਤਾਵਾਦ'(2000) ਵਿਚ ਨੀਤਸ਼ੇ, ਫੈਨਨ, ਫੂਕੋ, ਬਾਤੱਈ, ਦੈਰਿਦਾ, ਦੇਲਿਊਜ਼, ਲਿਉਤਾਰਦ, ਬੌਦਰੀਲਾਰਦ, ਫਰੈਡਰਿਕ ਜੈਮਸਨ, ਇਰਿਗੈਰੇ ਅਤੇ ਹੈਲੇਨ ਸ਼ਿੱਖੂ ਤੱਕ ਦੇ ਚਿੰਤਕਾਂ ਦੀ ਗੱਲ ਕਰਦਿਆਂ ਉੱਤਰ-ਆਧੁਨਿਕਤਾਵਾਦ ਦਾ ਭਵਿੱਖ ਅਤੇ ਤੀਜਾ ਜਗਤ ਨਾਂ ਦੇ ਲੇਖ ਵਿਚ ਭਾਰਤੀ ਅਤੇ ਪੰਜਾਬੀ ਪ੍ਰਸੰਗਾਂ ਨੂੰ ਵੀ ਛੋਹਿਆ ਹੈ।

ਇਸੇ ਦੌਰਾਨ ਡਾ. ਕੁਲਦੀਪ ਸਿੰਘ ਧੀਰ ਦੇ ਵੀ ਕੁਝ ਲੇਖ ਇਸੇ ਸੰਦਰਭ ਵਿਚ ਵੱਖ ਵੱਖ ਪੱਤ੍ਰਿਕਾਵਾਂ ਅਤੇ ਕਿਤਾਬਾਂ ਅੰਦਰ ਪ੍ਰਕਾਸ਼ਿਤ ਰੂਪ ਵਿਚ ਮਿਲਦੇ ਹਨ। ਡਾ. ਧੀਰ ਨਾਨਕ ਪ੍ਰਕਾਸ਼ ਪੱਤ੍ਰਿਕਾ ਵਿਚ ਪ੍ਰਕਾਸ਼ਿਤ ਆਪਣੇ ਲੇਖ 'ਗੁਰੂ ਗ੍ਰੰਥ ਸਾਹਿਬ : ਉਤਰ-ਆਧੁਨਿਕ ਦ੍ਰਿਸ਼ਟੀ ਬਿੰਦੂ' ਵਿਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਲਿਖਦੇ ਹਨ,"ਸਭੈ ਸਾਂਝੀਵਾਲ ਸਦਾਇਨਿ ਦਾ ਗੁਰਬਾਣੀ ਦਾ ਸੰਦੇਸ਼ ਉਤਰ-ਆਧੁਨਿਕ ਸੰਦੇਸ਼ ਹੈ ਜੋ ਧਾਰਮਿਕ ਖੇਤਰ ਵਿਚ ਬਹੁਵਚਨੀ ਸੁਰ ਦਾ ਜ਼ੋਰਦਾਰ ਉਚਾਰ ਹੈ। ਇਹ ਬਹੁਵਚਨੀ ਸੁਰ ਪੂਰਵ ਨਾਨਕ ਭਾਰਤੀ ਧਰਮ ਪਰੰਪਰਾ ਦੇ ਪ੍ਰਸੰਗ ਵਿਚ ਵਿਸ਼ੇਸ਼ ਮਹੱਤਵ ਰਖਦੀ ਹੈ। ਇਹ ਪਰੰਪਰਾ ਇਕ ਬ੍ਰਹਮ ਦੇ ਨਾਲ ਨਾਲ ਅਵਤਾਰਵਾਦ ਨੂੰ ਮੰਨਦੀ ਸੀ ਜਿਸ ਅਨੁਸਾਰ ਬ੍ਰਹਮ ਵੱਖ-ਵੱਖ ਦੇਵੀ ਦੇਵਤਿਆਂ ਵਜੋਂ ਅਵਤਾਰ ਧਾਰਦਾ ਹੈ। ਵਿਭਿੰਨ ਅਵਤਾਰਾਂ ਦੀ ਇਸ ਕਲਪਨਾ ਨੇ

ਮੂਰਤੀ ਪੂਜਾ ਨੂੰ ਜਨਮ ਦਿੱਤਾ ਜਿਸ ਨਾਲ ਅੰਤਿਮ ਸਤਿ (ਨਾਮ) ਦੀ ਥਾਂ ਬਾਹਰੀ-ਸ਼ਕਲ (ਰੂਪ) ਦਾ ਮਹੱਤਵ ਵਸ ਗਿਆ। ਅੰਤਿਮ ਸਤਿ ਤਾਂ ਸਗੋਂ ਕਣ ਕਣ ਹੋ ਕੇ ਢਹਿ ਗਿਆ ਅਤੇ ਨਾਲ ਹੀ ਇਸ ਉੱਤੇ ਆਧਾਰਿਤ ਸਮਾਜਕ ਜੀਵਨ। ਜਾਤ-ਪਾਤ, ਊਚ-ਨੀਚ, ਭਾਂਤ-ਭਾਂਤ ਦੇ ਦੇਵੀ ਦੇਵਤਿਆਂ ਦੇ ਅਨੁਯਾਈਆਂ ਦੇ ਪਰਸਪਰ ਵਿਰੋਧੀ-ਜੁੱਟ ਸਮਾਜਕ ਜੀਵਨ ਵਿਕ੍ਰਿਤ ਕਰਨ ਲੱਗੇ। ਗੁਰੂ ਨਾਨਕ ਨੇ ਇਕ ਓਅੰਕਾਰ ਦੇ ਚਿਹਨਕ ਨਾਲ ਪ੍ਰਭੂ ਦੇ ਏਕੱਤਵ ਨੂੰ ਮੁੜ ਸਥਾਪਤ ਕੀਤਾ। ਮੁੜ ਰੂਪ ਤੋਂ ਨਾਮ ਵੱਲ ਮੋੜਿਆ। ਕਮਾਲ ਇਹ ਹੈ ਕਿ ਉਨ੍ਹਾਂ ਪ੍ਰਭੂ ਦੇ ਏਕੱਤਵ ਨੂੰ ਕਦੇ ਵੀ ਉਸ ਦੀ ਪ੍ਰਾਪਤੀ ਦੇ ਇੱਕੋ ਰਾਹ ਤਕ ਸੀਮਿਤ ਨਹੀਂ ਕੀਤਾ। ਪ੍ਰਭੂ ਦੇ ਗੁਣਾਂ ਵਾਂਗ ਉਸ ਦੀ ਪ੍ਰਾਪਤੀ ਦੇ ਰਾਹ ਵੀ ਅਨੇਕ ਹੋ ਸਕਦੇ ਹਨ। ਉਸ ਤੱਕ ਪਹੁੰਚ ਲਈ ਅਨੇਕ ਦਰ ਖੁਲ੍ਹੇ ਹਨ। ਉਸ ਦੇ ਬੋਧ ਲਈ ਅਨੇਕ ਵਿਧੀਆਂ ਪ੍ਰਾਪਤ ਹਨ। ਸਤਿ ਤੇ ਯਥਾਰਥ ਦੇ ਬੋਧ ਪ੍ਰਤਿ ਆਦਿ ਗ੍ਰੰਥ ਦੀ ਇਸ ਬਹੁ ਵਰਚੀ ਸੁਰ ਦਾ ਮਹੱਤਵ ਉਤਰ-ਆਧੁਨਿਕ ਚਿੰਤਨ ਦੇ ਪ੍ਰਸੰਗ ਵਿਚ ਵਧੇਰੇ ਸੂਖਮਤਾ ਨਾਲ ਪਛਾਣਿਆ ਜਾ ਸਕਦਾ ਹੈ।" (*ਨਾਨਕ ਪ੍ਰਕਾਸ਼ ਪੱਤ੍ਰਿਕਾ* 15-16.)

ਡਾ. ਰਾਜਿੰਦਰਪਾਲ ਸਿੰਘ ਬਰਾੜ ਦੀ ਪੁਸਤਕ 'ਉਤਰ ਆਧੁਨਿਕਤਾ' 2011 ਵਿਚ ਪ੍ਰਕਾਸ਼ਿਤ ਹੋਈ ਜਿਸ ਵਿਚ ਬਹੁਤ ਹੀ ਵਿਸਥਾਰ ਨਾਲ ਉੱਤਰ-ਆਧੁਨਿਕਤਾ ਦੇ ਸੰਕਲਪ ਬਾਰੇ ਚਰਚਾ ਪੇਸ਼ ਕੀਤੀ ਗਈ ਹੈ ਜਿਨ੍ਹਾਂ ਵਿਚ ਉੱਤਰ-ਆਧੁਨਿਕਤਾ ਦੇ ਮੂਲ ਸੰਕਲਪਾਂ, ਗਿਆਨ ਸ਼ਾਸਤਰੀ ਪਰਿਪੇਖ, ਉੱਤਰ-ਆਧੁਨਿਕਤਾ ਅਤੇ ਪੰਜਾਬੀ ਸਾਹਿਤ ਵਰਗੇ ਗੰਭੀਰ ਪ੍ਰਸ਼ਨਾਂ ਨਾਲ ਸੰਵਾਦ ਰਚਾਇਆ ਗਿਆ ਹੈ। ਡਾ. ਬਰਾੜ ਉੱਤਰ-ਆਧੁਨਿਕਤਾ ਸਬੰਧੀ ਪੰਜਾਬੀ ਸਮਾਜ ਦੀ ਪਹੁੰਚ ਬਾਰੇ ਲਿਖਦੇ ਹਨ,"ਉਤਰ-ਆਧੁਨਿਕਤਾ ਦਾ ਸਰੋਕਾਰ ਬਹੁ-ਭਾਸ਼ਾਈ, ਬਹੁ-ਨਸਲੀ, ਬਹੁ-ਧਰਮੀ, ਬਹੁ ਜਾਤੀ, ਭਾਸ਼ਾਈ, ਧਾਰਮਿਕ, ਸਭਿਆਚਾਰਕ ਘੱਟ ਗਿਣਤੀਆਂ ਨੂੰ ਬੜਾ ਰਾਸ ਆਇਆ ਹੈ। ਇਸ ਪ੍ਰਸੰਗ ਵਿਚ ਉਤਰ-ਆਧੁਨਿਕਤਾ ਨੂੰ ਪੰਜਾਬੀ ਸਮਾਜ ਨੇ ਵਿਚਾਰਨਾ ਹੈ।"(*ਉਤਰ-ਆਧੁਨਿਕਤਾ* 89.)

'ਉੱਤਰ-ਆਧੁਨਿਕਤਾ ਅਤੇ ਈ-ਲੋਕਧਾਰਾ (ਮੋਬਾਈਲ ਫ਼ੋਨ ਦੀ ਲੋਕਧਾਰਾ : ਸਮਾਜਕ ਯਥਾਰਥ ਦੇ ਸੰਦਰਭ ਵਿਚ)' ਸਿਰਲੇਖ ਹੇਠ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ਬੁੱਟਰ ਨੇ 2016 ਵਿਚ ਪ੍ਰਕਾਸ਼ਿਤ ਕਰਵਾਈ ਹੈ। ਇਸ ਦੇ ਮੁੱਖ ਬੰਦ ਵਿਚ ਡਾ. ਗੁਰਮੀਤ ਸਿੰਘ, ਪ੍ਰੋਫੈਸਰ, ਪੰਜਾਬੀ ਅਧਿਐਨ

ਸਕੂਲ ਨੇ ਈ-ਲੋਕਧਾਰਾ ਦੇ ਨਿਵੇਕਲੇ ਸੰਕਲਪ ਦੁਆਰਾ ਲੇਖਕ ਦੀ ਹੌਸਲਾ ਹਫਜ਼ਾਈ ਕੀਤੀ ਹੈ। ਇਸ ਵਿਚ ਲੋਕਧਾਰਾ ਅਤੇ ਈ-ਲੋਕਧਾਰਾ, ਸੋਸ਼ਲ ਮੀਡੀਆ ਅਤੇ ਲੋਕਧਾਰਾ, ਮੋਬਾਈਲ ਫ਼ੋਨ ਦੀ ਲੋਕਧਾਰਾ ਨਾਲ ਸਬੰਧਿਤ ਇਕੱਤਰ ਕੀਤੀ ਸਮੱਗਰੀ ਦਾ ਵਰਗੀਕਰਨ ਅਤੇ ਮੋਬਾਈਲ ਫ਼ੋਨ ਦੀ ਲੋਕਧਾਰਾ ਨਾਲ ਸੰਬੰਧਿਤ ਇਕੱਤਰ ਕੀਤੀ ਸਮੱਗਰੀ ਦਾ ਅਧਿਐਨ ਨਾਮਕ ਅਧਿਆਵਾਂ ਵਿਚ ਵੰਡ ਕੇ ਵਿਉਂਤਿਆ ਹੈ। ਇਸ ਵਿਚ ਲੇਖਕ ਨੇ ਇੰਟਰਨੈੱਟ ਦੇ ਪਸਾਰ ਨਾਲ ਸੰਚਾਲਿਤ ਮੋਬਾਈਲ ਫ਼ੋਨ ਦੇ ਵੱਖ-ਵੱਖ ਐਪਲੀਕੇਸ਼ਨਾਂ ਜਿਵੇਂ ਐਸ.ਐਮ.ਐਸ, ਵੱਟਸਐਪ, ਫੇਸਬੁੱਕ, ਟਵਿੱਟਰ ਅਤੇ ਯੂ-ਟਿਊਬ ਆਦਿ ਦੁਆਰਾ ਉੱਤਰ-ਆਧੁਨਿਕ ਪਰਿਪੇਖ ਵਿਚ ਪੇਸ਼ਕਾਰੀ ਅਤੇ ਉਸ ਦੇ ਪ੍ਰਭਾਵਾਂ ਦਾ ਅਧਿਐਨ ਪੇਸ਼ ਕੀਤਾ ਹੈ।

ਡਾ. ਕਰਮਜੀਤ ਸਿੰਘ ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਦੁਆਰਾ 2017 ਵਿਚ ਸੰਪਾਦਿਤ ਵੱਖ-ਵੱਖ ਵਿਦਵਾਨਾਂ ਦੁਆਰਾ ਲਿਖੇ ਲੇਖਾਂ ਤੇ ਆਧਾਰਿਤ ਪੁਸਤਕ 'ਕਹਾਣੀ ਸੰਗ੍ਰਹਿ ਟਾਵਰਜ਼ (ਉੱਤਰ-ਆਧੁਨਿਕ ਪਰਿਪੇਖ)' ਸਿਰਲੇਖ ਹੇਠ ਪ੍ਰਾਪਤ ਹੁੰਦੀ ਹੈ। ਇਸ ਵਿਚ 25 ਵਿਦਵਾਨਾਂ ਦੇ ਲੇਖ ਉੱਤਰ-ਆਧੁਨਿਕ ਦ੍ਰਿਸ਼ਟੀਆਂ ਦੁਆਰਾ ਜਰਨੈਲ ਸਿੰਘ ਦੁਆਰਾ ਲਿਖਿਤ ਕਹਾਣੀ ਸੰਗ੍ਰਹਿ 'ਟਾਵਰਜ਼' ਵਿਚਲੀਆਂ ਕਹਾਣੀਆਂ ਨਾਲ ਸੰਵਾਦ ਰਚਾਇਆ ਗਿਆ ਹੈ।

ਡਾ. ਜਗਬੀਰ ਸਿੰਘ ਜੀ ਵੱਲੋਂ ਵੱਖ-ਵੱਖ ਸਮੇ ਤੇ ਪੇਸ਼ ਖੋਜ ਪੱਤਰਾਂ ਦੇ ਨਾਲ-ਨਾਲ ਪੰਜਾਬੀ ਵਿਚ ਅਨੁਵਾਦਿਤ ਡਾ. ਗੋਪੀਚੰਦ ਨਾਰੰਗ ਦੁਆਰਾ ਉਰਦੂ ਵਿਚ ਰਚਿਤ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਪੁਸਤਕ 'ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ' ਵਿਚਲੇ ਚੌਥੇ ਅਧਿਆਇ ਵਿਚ ਵੀ ਉੱਤਰ-ਆਧੁਨਿਕਤਾ ਦੀ ਵਿਆਪਕ ਚਰਚਾ ਕੀਤੀ ਗਈ ਹੈ। ਇਨ੍ਹਾਂ ਪੁਸਤਕਾਂ ਅਤੇ ਲੇਖਾਂ ਵਿਚੋਂ ਬਹੁਗਿਣਤੀ ਵਿਚ ਇਹ ਮੱਤ ਸਥਾਪਿਤ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿਚਲੇ ਸੰਕਲਪਾਂ ਨੂੰ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਵਾਚਣ ਤੇ ਨਵੀਆਂ ਸੰਭਾਵਨਾਵਾਂ ਅਤੇ ਸੰਦਰਭਾਂ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ।

ਉਪਰੋਕਤ ਵਰਣਨ ਦੁਆਰਾ ਇਹ ਨੁਕਤਾ ਉੱਭਰਦਾ ਹੈ ਕਿ ਪੰਜਾਬੀ ਸਾਹਿਤ ਦੇ ਹਰੇਕ ਕਾਲ ਖੰਡ ਅਤੇ ਵੱਖ-ਵੱਖ ਵਿਧਾਵਾਂ ਉੱਪਰ ਉੱਤਰ-ਆਧੁਨਿਕਤਾ ਦੇ ਸੰਕਲਪ ਨੂੰ ਲੈ ਕੇ ਸਾਹਿਤ ਦੇ ਵਿਦਵਾਨਾਂ ਅਤੇ ਖ਼ੋਜੀਆਂ ਨੇ ਆਪਣੇ ਗਿਆਨ ਦੁਆਰਾ ਪਰਖ ਪੜਚੋਲ ਪੇਸ਼ ਕੀਤੀ ਹੈ।

**1.6.4.ਉੱਤਰ-ਆਧੁਨਿਕਤਾ ਦੇ ਮੂਲ ਪ੍ਰਵਰਗ :**

ਉੱਤਰ-ਆਧੁਨਿਕਤਾ ਨੂੰ ਉਸ ਵਿਚਲੇ ਕਾਰਜਸ਼ੀਲ ਤੱਤਾਂ ਦੁਆਰਾ ਸਮਝਣ ਦਾ ਯਤਨ ਕੀਤਾ ਜਾ ਸਕਦਾ ਹੈ। ਇਸ ਸਥਿਤੀ ਨੂੰ ਸਪੱਸ਼ਟ ਕਰਨ ਲਈ ਡਾ. ਜਗਬੀਰ ਸਿੰਘ ਦੁਆਰਾ ਅਨੁਵਾਦਿਤ ਡਾ. ਗੋਪੀ ਚੰਦ ਨਾਰੰਗ ਦੀ ਪੁਸਤਕ 'ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ' ਵਿਚ ਉਧਰਿਤ ਟੂਕ ਦੁਆਰਾ ਸਮਝਿਆ ਜਾ ਸਕਦਾ ਹੈ,"ਅੱਜ ਦੇ ਸਾਹਿਤਿਕ ਵਾਤਾਵਰਣ ਵਿਚ 'ਦੇਸੀਵਾਦ ਦੇ ਅੰਤਰਗਤ ਇਹ ਬਹਿਸਾਂ ਧੂਮ ਧਾਮ ਨਾਲ ਜਾਰੀ ਹਨ ਕਿ ਜਨ ਜਾਤੀਆਂ ਦੀਆਂ ਭਾਸ਼ਾਵਾਂ ਦਾ ਆਪਣਾ ਕਾਵਿ ਸ਼ਾਸਤਰ ਕੀ ਹੈ ? ਨਵੀਆਂ ਬਹਿਸਾਂ ਨਾਲ ਜਿਨ੍ਹਾਂ ਵਿਰੋਧ-ਜੁੱਟਾਂ ਦੀ ਪ੍ਰਾਥਮਿਕ ਹੈਸੀਅਤ ਚੁਣੌਤੀ ਦੀ ਜ਼ੱਦ ਵਿਚ ਆ ਗਈ ਹੈ, ਉਨ੍ਹਾਂ ਦਾ ਇਕ ਸੰਖੇਪ ਖ਼ਾਕਾ ਇਉਂ ਹੋ ਸਕਦਾ ਹੈ :

(1) ਪੱਛਮ/ਬਸਤੀਵਾਦ ਬਨਾਮ ਪੂਰਬ/ਤੀਸਰੀ ਦੁਨੀਆਂ

(2) ਗਲੋਬਲ ਬਨਾਮ ਜੜ੍ਹਾਂ ਉੱਤੇ ਜ਼ੋਰ/ਸਭਿਆਚਾਰਕ ਗੌਰਵ

(3) ਕੇਂਦਰਤਾ ਬਨਾਮ ਬਹੁਲਵਾਦ pluralism

(4) ਮਹਾਂ ਬਿਰਤਾਂਤ ਬਨਾਮ ਲਘੂ ਬਿਰਤਾਂਤ

(5) ਕੁਲੀਨ ਬਨਾਮ ਸ਼ੋਸ਼ਿਤ, ਪੀੜਤ ਜਨਤਾ

(6) ਸੰਸਕ੍ਰਿਤ ਬਨਾਮ ਲੋਕ ਭਾਸ਼ਾ/ਭਾਸ਼ਾਵਾਂ

(7) ਅਰਬੀ ਫ਼ਾਰਸੀ ਬਨਾਮ ਉਰਦੂ/ਹਿੰਦੁਸਤਾਨੀ

(8) ਬ੍ਰਾਹਮਣਵਾਦੀ ਕਾਵਿ ਸ਼ਾਸਤਰ ਬਨਾਮ ਭਗਤੀ/ਸੂਫ਼ੀ ਕਾਲ ਤੋਂ ਚੱਲਿਆ ਆ ਰਿਹਾ ਲੋਕ ਕਾਵਿ ਸ਼ਾਸਤਰ/ਜਨਜਾਤੀ ਕਾਵਿ-ਸ਼ਾਸਤਰ

ਇਸ ਖ਼ਾਕੇ ਦੇ ਜੁੱਟਾਂ binaries ਵਿਚ ਪਹਿਲੇ ਤੱਤ ਦੀ ਸਰਦਾਰੀ ਸਦੀਆਂ ਤੋਂ ਚਲੀ ਆਉਂਦੀ ਹੈ, ਯਾਨੀ ਦੂਸਰਾ ਤੱਤ ਪਹਿਲੇ ਦਾ 'ਦੂਸਰਾ' ਸੀ, ਦਬਾਇਆ ਹੋਇਆ ਜਾਂ ਅੱਖੋਂ ਓਹਲੇ ਕੀਤਾ ਹੋਇਆ ਸੀ ਅਤੇ ਉਸਦੀ ਆਪਣੀ ਕੋਈ ਪਛਾਣ ਨਹੀਂ ਸੀ। ਉੱਤਰ-ਆਧੁਨਿਕ ਯੁੱਗ ਦੇ ਬੋਧ ਬਾਦ ਸਥਿਤੀ ਵਿਚ ਪਰਿਵਰਤਨ ਵਾਪਰਿਆ ਹੈ ਅਤੇ ਦੋਹਾਂ ਵਿਰੋਧ-ਜੁੱਟਾਂ ਵਿਚ ਦਵੰਦ ਦਾ ਜੋ ਨਵਾਂ ਪ੍ਰਵਚਨ ਪੈਦਾ ਹੋਇਆ ਹੈ ਉਸ ਵਿਚ ਦੂਸਰਾ ਤੱਤ ਹੁਣ ਆਪਣੀਆਂ ਸ਼ਰਤਾਂ ਉਪਰ ਆਪਣੀ ਪਛਾਣ ਇਸ ਤਰ੍ਹਾਂ ਕਰਾ ਰਿਹਾ ਹੈ ਕਿ ਮੂਲ ਅਤੇ 'ਦੂਸਰਾ' ਦੀ ਪਹਿਲੀ ਵਿਆਖਿਆ ਉਲਟਣ ਲੱਗੀ ਹੈ ਅਤੇ ਪਹਿਲੇ ਤੱਤ ਦੀ ਪ੍ਰਾਥਮਿਕਤਾਮੂਲਕ ਚੌਧਰ ਘੱਟ ਹੋਣ ਲੱਗ ਪਈ ਹੈ।"(*ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ* 467-468.) ਇਸ ਚਰਚਾ ਵਿਚ ਆਏ ਇਨ੍ਹਾਂ ਪ੍ਰਵਰਗਾਂ ਦੁਆਰਾ ਉੱਤਰ-ਆਧੁਨਿਕਤਾ ਦੇ ਮੂਲ ਸੰਕਲਪਾਂ ਦਾ ਨਿਰਧਾਰਣ ਕੀਤਾ ਜਾ ਸਕਦਾ ਹੈ। ਡਾ. ਰਾਜਿੰਦਰ ਪਾਲ ਸਿੰਘ ਵੀ ਆਪਣੀ ਪੁਸਤਕ 'ਉਤਰ-ਆਧੁਨਿਕਤਾ' ਵਿਚ ਇਨ੍ਹਾਂ ਪ੍ਰਵਰਗਾਂ ਦਾ ਪ੍ਰਗਟਾਵਾ ਉੱਤਰ-ਆਧੁਨਿਕਤਾ ਲਈ ਕਰਦੇ ਹਨ। ਉਨ੍ਹਾ ਅਨੁਸਾਰ ਉੱਤਰ-ਆਧੁਨਿਕਤਾ ਦੇ ਮੂਲ ਸੰਕਲਪ ਨਿਮਨਲਿਖਤ ਦਰਸਾਏ ਗਏ ਹਨ :-

- ਨਿਸ਼ਚਿਤਤਾ/ਅਨਿਸ਼ਚਿਤਤਾ
- ਵਿਸ਼ਵੀਕਰਨ/ਸਥਾਨੀਕਰਨ
- ਮਹਾਂਬ੍ਰਿਤਾਂਤ/ਅਲਪ ਬ੍ਰਿਤਾਂਤ
- ਵਿਚਾਰ/ਦੇਹ
- ਕੇਂਦਰ/ਹਾਸ਼ੀਆਗਤ

- ਡਿਕਟੇਟਰਸ਼ਿਪ/ਪ੍ਰਤੀਨਿਧ ਜਮਹੂਰੀਅਤ
- ਵਿਗਿਆਨ/ਕੁਦਰਤ
- ਅਸਲ/ਨਕਲ

ਇਨ੍ਹਾਂ ਪ੍ਰਵਰਗਾਂ ਬਾਰੇ ਡਾ. ਰਾਜਿੰਦਰ ਪਾਲ ਸਿੰਘ ਸਪੱਸ਼ਟ ਕਰਦੇ ਹਨ,"ਹਰ ਯੁੱਗ ਦੀ ਹਰ ਵਿਚਾਰਧਾਰਾ ਜਾਂ ਬੌਧਿਕ ਲਹਿਰ ਦੇ ਆਪਣੇ ਮੂਲ ਸਿਧਾਂਤ ਅਤੇ ਉਨ੍ਹਾਂ ਮੂਲ ਸਿਧਾਂਤਾਂ ਨੂੰ ਪ੍ਰਗਟ ਕਰਨ ਵਾਲੇ ਪ੍ਰਵਰਗ ਹੁੰਦੇ ਹਨ। ਉਤਰ-ਆਧੁਨਿਕਤਾ ਦੇ ਵੀ ਕੁਝ ਮੂਲ ਪ੍ਰਵਰਗ ਹਨ, ਇਹ ਪ੍ਰਵਰਗ ਬਿਲਕੁਲ ਨਵੇਂ ਜਾ ਅਨੋਖੇ ਨਹੀਂ ਹਨ ਸਿਰਫ ਇਨ੍ਹਾਂ ਨੂੰ ਪੁਨਰ-ਪਰਿਭਾਸ਼ਤ ਕਰਦਿਆਂ, ਇਨ੍ਹਾਂ ਦੀ ਦਵੰਦਆਤਮਿਕਤਾ ਜਾਂ ਦੋ ਪੱਖੀ ਵਿਰੋਧਤਾ ਜਾਂ ਆਪਸੀ ਸਬੰਧਿਤਾ ਤੇ ਦਿੱਤਾ ਜਾਣ ਵਾਲਾ ਜ਼ੋਰ ਬਦਲਿਆ ਹੈ। ਇਹ ਮੂਲ ਪ੍ਰਵਰਗ ਵੀ ਕੋਈ ਇਕ ਦੂਜੇ ਤੋਂ ਵਿਛੁੰਨੇ ਹੋਏ ਨਹੀਂ ਹਨ ਸਗੋਂ ਇਹ ਇੱਕ ਦੂਜੇ ਨਾਲ ਸਬੰਧਾਂ ਵਿਚ ਬੱਝੇ ਹੋਏ ਹਨ ਅਤੇ ਇਕ ਦੂਜੇ ਦੇ ਪ੍ਰਸੰਗ ਵਿਚ ਹੀ ਵਧੇਰੇ ਅਰਥ ਰਖਦੇ ਹਨ। ਇਨ੍ਹਾਂ ਪ੍ਰਵਰਗਾਂ ਦੀ ਹੋਂਦ ਜਿਥੇ ਦਾਰਸ਼ਨਿਕ ਪਿਠਭੂਮੀ ਤੋਂ ਆਧਾਰ ਪ੍ਰਾਪਤ ਕਰਦੀ ਹੈ ਉਥੇ ਇਸ ਦਾ ਵਿਵਹਾਰ ਵਿਚ ਪ੍ਰਯੋਗ ਵੀ ਵਧੇਰੇ ਅਹਿਮੀਅਤ ਰਖਦਾ ਹੈ।"(*ਉਤਰ-ਆਧੁਨਿਕਤਾ* 24.) ਇਨ੍ਹਾਂ ਪ੍ਰਵਰਗਾਂ ਨੂੰ ਸੰਖੇਪ ਵਿਚ ਵਿਚਾਰ ਕੇ ਉੱਤਰ-ਆਧੁਨਿਕਤਾ ਦੇ ਸੰਕਲਪ ਨੂੰ ਸਮਝਣ ਦਾ ਯਤਨ ਕਰਾਂਗੇ :

ਨਿਸ਼ਚਿਤਤਾ ਅਤੇ ਅਨਿਸ਼ਚਿਤਤਾ : ਆਦਿ ਕਾਲ ਵਿਚ ਮਨੁੱਖੀ ਸੋਚ ਵਿਚ ਅਨਿਸ਼ਚਿਤਤਾ ਦਾ ਦਖ਼ਲ ਵਧੇਰੇ ਸੀ, ਕਿਉਂਕਿ ਕੁਝ ਵੀ ਨਿਸ਼ਚਿਤ ਰੂਪ ਵਿਚ ਮੰਨਿਆ ਨਹੀਂ ਜਾ ਸਕਦਾ ਸੀ। ਪ੍ਰੰਤੂ ਮੱਧਕਾਲ ਵਿਚ ਕੁਝ ਸੁਰਾਂ ਉਸਦੀ ਇਸ ਸੋਚ ਵਿਚ ਕੁਝ ਬਦਲਾਓ ਲਿਆਉਣ ਵਿਚ ਕਾਮਯਾਬ ਹੋਈਆਂ। ਆਧੁਨਿਕਤਾ ਦੇ ਪ੍ਰਵੇਸ਼ ਨਾਲ ਵਿਗਿਆਨ ਦਾ ਪਸਾਰਾ ਹੋ ਗਿਆ ਅਤੇ ਮਨੁੱਖ ਨੂੰ ਇਸ ਦੀਆਂ ਖੋਜਾਂ ਦੁਆਰਾ ਕਾਫ਼ੀ ਕੁਝ ਨਿਸ਼ਚਿਤ ਲੱਗਣ ਲੱਗ ਪਿਆ। ਇਸ ਸਭ ਦਾ ਅਸਰ ਉਸ ਦੀ ਸੋਚ ਉੱਪਰ ਵੀ ਪਿਆ। ਉੱਤਰ-ਆਧੁਨਿਕਤਾ ਦੇ ਅਸਰ ਨੇ ਕਾਫ਼ੀ ਕੁਝ ਐਸਾ ਸਾਹਮਣੇ ਲਿਆਂਦਾ

ਜਿਸ ਨਾਲ ਅਨਿਸ਼ਚਿਤਤਾ ਫਿਰ ਤੋਂ ਅਗਰ-ਭੂਮੀ ਵਿਚ ਆ ਗਈ। ਇਸ ਨੂੰ ਅਸੀਂ ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਦਾ ਨਿਖੇੜ-ਬਿੰਦੂ ਜਾਂ ਸੰਕਲਪ ਕਹਿ ਸਕਦੇ ਹਾਂ।

ਵਿਸ਼ਵੀਕਰਨ ਅਤੇ ਸਥਾਨੀਕਰਨ : ਆਦਿ ਕਾਲ ਵਿਚ ਸਥਾਨੀਕਰਨ ਸਮਾਜ ਦੇ ਪ੍ਰਮੁੱਖ ਵਰਤਾਰਿਆਂ ਵਿਚੋਂ ਸੀ। ਆਦਿ ਮਨੁੱਖ ਕਬੀਲਿਆਂ ਦੇ ਰੂਪ ਵਿਚ ਵਿਚਰਣ ਕਰਦਾ ਸੀ ਅਤੇ ਆਪਣੀਆਂ ਕਬੀਲਾਈ ਇਜਾਰੇਦਾਰੀਆਂ ਨੂੰ ਕਾਇਮ ਰੱਖਣ ਹਿੱਤ ਲੜਾਈਆਂ ਕਰਦਾ ਸੀ। ਮੱਧਕਾਲ ਤੱਕ ਪਹੁੰਚਦੇ-ਪਹੁੰਚਦੇ ਇਸਦਾ ਦਾਇਰਾ ਵਧ ਚੁੱਕਾ ਸੀ ਅਤੇ ਆਧੁਨਿਕ ਕਾਲ ਵਿਚ ਪਹੁੰਚ ਕੇ ਇਹ ਸੰਕਲਪ ਵਿਸ਼ਵੀਕਰਨ ਵੱਲ ਅਗ੍ਰਸਰ ਹੋਣ ਲੱਗਿਆ ਕਿਉਂਕਿ ਇਜਾਰੇਦਾਰ ਧਿਰਾਂ ਦੀ ਇਹ ਜ਼ਰੂਰਤ ਸੀ। ਉਹ ਇਸ ਲਈ ਕਿਉਂਕਿ ਉਨ੍ਹਾ ਨੇ ਆਪਣਾ ਵਿਉਪਾਰ ਇਨ੍ਹਾ ਮੰਡੀਆਂ ਰਾਹੀਂ ਵਧਾਉਣਾ ਸੀ। ਸੋ ਭਾਸ਼ਾ ਅਤੇ ਸੱਭਿਆਚਾਰਾਂ ਨੂੰ ਕੁਚਲਦੇ ਹੋਏ ਉਨ੍ਹਾ ਨੇ ਇਕੋ ਭਾਸ਼ਾ ਦੀ ਇਜਾਰੇਦਾਰੀ ਰਾਹੀਂ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਇਸ ਵਿਚ ਕਾਫ਼ੀ ਹੱਦ ਤੱਕ ਕਾਮਯਾਬ ਵੀ ਰਹੇ ਹਨ। ਉੱਤਰ-ਆਧੁਨਿਕ ਸਮੇ ਵਿਚ ਦੁਬਾਰਾ ਫਿਰ ਸਥਾਨੀਕਰਨ ਦਾ ਸੰਕਲਪ ਪ੍ਰਮੁੱਖਤਾ ਗ੍ਰਹਿਣ ਕਰ ਰਿਹਾ ਹੈ। ਵਿਸ਼ਵ ਪੱਧਰ ਤੇ ਫੈਲ ਰਿਹਾ ਅਸੰਤੋਸ਼ ਇਸੇ ਸੰਕਲਪ ਦੀ ਪੈਰਵੀ ਕਰਦਾ ਹੈ।

ਮਹਾਂਬ੍ਰਿਤਾਂਤ ਅਤੇ ਅਲਪਬ੍ਰਿਤਾਂਤ : ਮਹਾਂਬ੍ਰਿਤਾਂਤ ਦਾ ਉੱਘੜਵਾਂ ਲੱਛਣ ਹੈ ਕਿ ਇਹ ਆਪਣੇ ਤੋਂ ਬਿਨਾ ਦੂਜੇ ਬ੍ਰਿਤਾਂਤਾਂ ਨੂੰ ਗ਼ਲਤ, ਝੂਠੇ ਅਤੇ ਬੇਸਮਝੀ ਦਾ ਨਤੀਜਾ ਮੰਨਦਾ ਹੈ। ਇਹ ਹਰ ਇਕ ਵਰਤਾਰੇ ਦੀ ਅੰਤਿਮ ਵਿਆਖਿਆ ਪੇਸ਼ ਕਰਦਾ ਹੈ। ਇਹ ਆਪਣੇ ਸੰਕਲਪ ਘੜ ਕੇ ਜੀਵਨ ਦੀ ਪੂਰੀ ਵਿਆਖਿਆ ਪੇਸ਼ ਕਰਨ ਦਾ ਦਾਅਵਾ ਕਰਦਾ ਹੈ। ਉੱਤਰ-ਆਧੁਨਿਕਤਾ ਕਿਸੇ ਵੀ ਮਹਾਂਬ੍ਰਿਤਾਂਤ ਦੀ ਧਾਰਨਾ ਨੂੰ ਰੱਦ ਕਰਦੀ ਹੈ। ਇਸ ਅਨੁਸਾਰ ਜੀਵਨ ਦੀ ਪੂਰੀ ਵਿਆਖਿਆ ਸੰਭਵ ਨਹੀਂ ਹੈ।

ਵਿਚਾਰ ਅਤੇ ਦੇਹ : ਆਦਿ ਕਾਲ ਵਿਚ ਮਨੁੱਖੀ ਦੇਹ ਦੀ ਧਾਰਨਾ ਪ੍ਰਧਾਨ ਸੀ। ਜਿੰਨੀਆਂ ਵੀ ਲੜਾਈਆਂ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਮਨੁੱਖ ਲੜਦਾ ਸੀ, ਉਹ ਦੇਹ ਭਾਵ ਆਪਣੇ ਆਪ ਨੂੰ ਅੱਗੇ ਰੱਖਕੇ ਲੜਦਾ ਸੀ। ਜਿਸਮਾਨੀ

ਲੜਾਈਆਂ ਸਿੱਧੀ ਟੱਕਰ ਦੇ ਰੂਪ ਵਿਚ ਤਲਵਾਰ, ਤੀਰ ਅਤੇ ਨੇਜ਼ਿਆਂ ਆਦਿ ਨਾਲ ਹੁੰਦੀਆਂ ਸਨ। ਮੱਧਕਾਲ ਤੋਂ ਲੈ ਕੇ ਆਧੁਨਿਕ ਯੁੱਗ ਤੱਕ ਵਿਗਿਆਨਕ ਖੋਜਾਂ ਨਾਲ ਮਨੁੱਖ ਦਿਮਾਗ਼ੀ ਲੜਾਈਆਂ ਲੜਨ ਲੱਗ ਪਿਆ। ਇਸ ਪ੍ਰਕਾਰ ਆਧੁਨਿਕਤਾ ਤੱਕ ਪਹੁੰਚਦੇ-ਪਹੁੰਚਦੇ ਵਿਚਾਰਾਂ ਦੀ ਪ੍ਰਮੁੱਖਤਾ ਸਾਹਮਣੇ ਆ ਗਈ। ਉੱਤਰ-ਆਧੁਨਿਕ ਸਮੇ ਵਿਚ ਮਨੁੱਖ ਫਿਰ ਆਪਣੇ ਆਪ ਨੂੰ ਹਥਿਆਰ ਬਣਾ ਕੇ ਪੇਸ਼ ਕਰ ਰਿਹਾ ਹੈ। ਅਮਰੀਕਾ ਦੇ ਟਵਿਨ-ਟਾਵਰਜ਼ ਤੇ ਹਮਲਾ ਅਤੇ ਮਨੁੱਖੀ ਬੰਬਾਂ ਦੇ ਰੂਪ ਵਿਚ ਹੋਰ ਘਾਤਕ ਹਮਲੇ ਇਸੇ ਦੀ ਨਿਸ਼ਾਨਦੇਹੀ ਕਰਦੇ ਹਨ। ਇਸੇ ਪ੍ਰਕਾਰ ਨਾਰੀ ਦੇਹ ਦੇ ਪ੍ਰਦਰਸ਼ਨ ਦੇ ਵਰਤਾਰੇ ਦੁਆਰਾ ਵੀ ਇਸ ਨੂੰ ਵੇਖਿਆ ਜਾ ਸਕਦਾ ਹੈ।

ਕੇਂਦਰ ਅਤੇ ਹਾਸ਼ੀਆਗਤ : ਆਦਿ ਕਾਲ ਵਿਚ ਸਭ ਨੂੰ ਨਾਲ ਲੈ ਕੇ ਬਰਾਬਰੀ ਦੇ ਸਿਧਾਂਤ ਨਾਲ ਸਮਾਜ ਚਲਦਾ ਸੀ। ਬਾਅਦ ਵਿਚ ਹੌਲੀ-ਹੌਲੀ ਵਰਣ ਵੰਡ ਹੋਣ ਕਾਰਨ ਮੱਧਕਾਲ ਤੱਕ ਜਾਤੀਵਾਦ ਜਾ ਲਿੰਗ ਭੇਦ ਕਾਰਨ ਸਮਾਜਕ ਬੇਦਖ਼ਲੀ ਭਾਵ ਸਮਾਜ ਦੀ ਮੁੱਖ ਧਾਰਾ ਵਿਚੋਂ ਹਾਸ਼ੀਏ ਤੇ ਧੱਕਣ ਦੀ ਪ੍ਰਵਿਰਤੀ ਹੋਂਦ ਵਿਚ ਆਈ। ਆਧੁਨਿਕ ਕਾਲ ਤੱਕ ਵੀ ਇਹ ਪ੍ਰਵਿਰਤੀ ਕੇਵਲ ਮੁੱਖ ਧਾਰਾ ਦੇ ਲੋਕਾਂ ਦੀ ਮੁਕਤੀ ਤੱਕ ਹੀ ਸੀਮਿਤ ਰਹੀ। ਉੱਤਰ-ਆਧੁਨਿਕਤਾ ਕੇਵਲ ਆਰਥਿਕ ਆਧਾਰ ਨੂੰ ਹੀ ਨਹੀਂ ਬਲਕਿ ਉਪਰੋਕਤ ਦਿੱਤੇ ਗਏ ਲਿੰਗ, ਘੱਟ-ਗਿਣਤੀ, ਦਲਿਤ, ਭਾਸ਼ਾਈ-ਆਧਾਰ, ਪ੍ਰਵਾਸੀ, ਕੌਮਾਂ ਅਤੇ ਫ਼ਿਰਕਿਆਂ ਨੂੰ ਮੰਨਦੀ ਹੈ। ਇਸ ਨਾਲ ਹਾਸ਼ੀਆਗਤ ਸਮੂਹਾਂ ਨੇ ਆਪਣੀ ਹੋਂਦ ਨੂੰ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ ਹੈ। ਸਾਹਿਤ ਵਿਚ ਨਾਰੀ, ਦਲਿਤ, ਕਿੰਨਰ ਅਤੇ ਪਰਵਾਸੀ ਸਮੂਹਾਂ ਦੀ ਹੋਂਦ ਦਾ ਪ੍ਰਗਟਾਵਾ ਇਸੇ ਦੀ ਨਿਸ਼ਾਨਦੇਹੀ ਕਰਦਾ ਹੈ।

ਡਿਕਟੇਟਰਸ਼ਿਪ ਅਤੇ ਪ੍ਰਤੀਨਿਧ ਜਮਹੂਰੀਅਤ : ਆਦਿ ਕਾਲ ਵਿਚ ਮਨੁੱਖ ਆਜ਼ਾਦ ਹਸਤੀ ਦੇ ਤੌਰ ਤੇ ਵਿਚਰਦਾ ਸੀ। ਮੱਧਕਾਲ ਤੱਕ ਪਹੁੰਚਦੇ-ਪਹੁੰਚਦੇ ਸਮਾਜ ਦਾ ਰੂਪ ਇਸ ਤਰ੍ਹਾਂ ਦਾ ਹੋ ਗਿਆ ਕਿ ਡਿਕਟੇਟਰਸ਼ਿਪ ਵਾਲੀ ਸੰਰਚਨਾ ਸਾਹਮਣੇ ਆ ਗਈ। ਮੱਧਕਾਲ ਤੋਂ ਆਧੁਨਿਕਤਾ ਤੱਕ ਪਹੁੰਚ ਕੇ ਇਹ ਅਖੌਤੀ ਜਮਹੂਰੀਅਤ ਦੇ ਨਾਮ ਹੇਠ ਆਮ ਨਾਗਰਿਕ ਦੀ ਆਜ਼ਾਦੀ ਨੂੰ ਕੰਟਰੋਲ ਕਰਨ ਦਾ ਸਾਧਨ ਬਣ ਗਈ। ਉੱਤਰ-ਆਧੁਨਿਕਤਾ ਇਸ ਧਾਰਨਾ ਦੇ ਵਿਰੋਧ ਵਿਚ ਖੜ੍ਹਦੀ ਹੈ। ਖੁੱਲ ਅਤੇ ਸਮਾਨਤਾ ਦਾ ਦਵੰਦ ਫਿਰ ਸਾਹਮਣੇ ਆ ਗਿਆ ਹੈ।

ਵਿਗਿਆਨ ਅਤੇ ਕੁਦਰਤ : ਆਦਿ ਕਾਲ ਵਿਚ ਮਨੁੱਖ ਕੁਦਰਤ ਉੱਪਰ ਜਿੱਤ ਪ੍ਰਾਪਤ ਕਰਨ ਦਾ ਇੱਛੁਕ ਸੀ। ਉਹ ਇਸ ਦੇ ਭਿਆਨਕ ਰੂਪ ਤੋਂ ਡਰਦਾ ਇਸ ਤਰ੍ਹਾਂ ਨਹੀਂ ਕਰ ਸਕਦਾ ਸੀ। ਮੱਧਕਾਲ ਤੱਕ ਪਹੁੰਚਦੇ-ਪਹੁੰਚਦੇ ਉਹ ਕੁਝ ਹੱਦ ਤੱਕ ਇਸ ਦੇ ਪਾਰ ਪਾਉਣ ਦੇ ਸਮਰੱਥ ਹੋਣ ਵੱਲ ਵਧ ਰਿਹਾ ਸੀ, ਕਿ ਆਧੁਨਿਕਤਾ ਦੇ ਪਸਾਰ ਨਾਲ ਵਿਗਿਆਨਕ ਲੱਭਤਾਂ ਨੇ ਮਨੁੱਖ ਨੂੰ ਕੁਦਰਤੀ ਵਰਤਾਰਿਆਂ ਦੇ ਸਨਮੁੱਖ ਖੜੇ ਹੋਣ ਦੀ ਸਮਰੱਥਾ ਦਿੱਤੀ। ਇਸ ਦੇ ਨਾਲ ਉਹ ਕੁਦਰਤੀ ਸਾਧਨਾ ਦੀ ਲੁੱਟ-ਖਸੁੱਟ ਤੇ ਉਤਰ ਆਇਆ। ਉੱਤਰ-ਆਧੁਨਿਕਤਾ ਕੁਦਰਤ ਨਾਲ ਵਿਰੋਧ ਦੇ ਖ਼ਿਲਾਫ਼ ਖੜਦੀ ਹੈ।

ਅਸਲ ਅਤੇ ਨਕਲ : ਆਦਿ ਕਾਲ ਵਿਚ ਮਨੁੱਖ ਜੋ ਵੇਖਦਾ ਸੀ, ਉਸ ਨੂੰ ਹੀ ਸੱਚ ਸਮਝ ਕੇ ਗ੍ਰਹਿਣ ਕਰਦਾ ਸੀ। ਮੱਧਕਾਲ ਤੱਕ ਆਉਂਦੇ-ਆਉਂਦੇ ਉਸ ਦੇ ਕਾਫੀ ਸਾਰੇ ਭਰਮ ਮਿਟਦੇ ਗਏ। ਵਿਗਿਆਨ ਦੀ ਚੜ੍ਹਤ ਵਾਲੇ ਆਧੁਨਿਕ ਸਮੇਂ ਵਿਚ ਮਨੁੱਖ ਅਸਲ ਵੱਲ ਵਧਣ ਦੀ ਦਿਸ਼ਾ ਵਿਚ ਨਵੀਂ ਤਰੱਕੀ ਵੱਲ ਵਧਿਆ। ਉੱਤਰ-ਆਧੁਨਿਕਤਾ ਨੇ ਅਸਲ-ਨਕਲ ਨੂੰ ਮਨੁੱਖ ਦੀ ਗ੍ਰਹਿਣ ਕਰਨ ਦੀ ਸਮਰੱਥਾ ਉੱਪਰ ਛੱਡ ਦਿੱਤਾ ਹੈ, ਕਿ ਆਖ਼ਿਰ ਮਨੁੱਖ ਯਥਾਰਥ ਨੂੰ ਕਿਵੇਂ ਗ੍ਰਹਿਣ ਕਰਦਾ ਹੈ।

ਇਹ ਕੁਝ ਪ੍ਰਮੁੱਖ ਸੰਕਲਪ ਹਨ ਜਿਹੜੇ ਉੱਤਰ-ਆਧੁਨਿਕਤਾ ਨੂੰ ਸਮਝਣ ਵਿਚ ਸਹਾਈ ਹੋ ਸਕਦੇ ਹਨ। ਭਗਤ ਬਾਣੀ ਦੇ ਉੱਤਰ-ਆਧੁਨਿਕ ਪਰਿਪੇਖ ਨੂੰ ਇਨ੍ਹਾ ਸੰਕਲਪਾਂ ਦੇ ਦਾਇਰੇ ਵਿਚ ਸਮਝਣ ਦਾ ਯਤਨ ਅਗਲੇ ਅਧਿਆਇ ਵਿਚ ਕੀਤਾ ਜਾਵੇਗਾ।"ਉਤਰ ਆਧੁਨਿਕ ਚਿੰਤਨ ਰਾਹੀਂ ਧਰਮ ਸ਼ਾਸਤਰ ਗਹਿਰਾਈ ਤੱਕ ਅੱਪੜਿਆ ਜਾ ਸਕਦਾ ਹੈ।"(ਬਾਜਵਾ. *ਉਤਰ ਆਧੁਨਿਕਤਾਵਾਦ ਅਤੇ ਗੁਰਬਾਣੀ* 31.) ਅਜੋਕੇ ਪ੍ਰਸੰਗ ਵਿਚ ਜੇਕਰ ਵੇਖਿਆ ਜਾਵੇ ਤਾਂ ਸਥਾਨਕ ਪੱਧਰ ਤੋਂ ਲੈ ਕੇ ਸੰਸਾਰ ਪੱਧਰ ਤੱਕ ਦੀਆਂ ਸਮੱਸਿਆਵਾਂ ਵਿਚ ਕਿਤੇ ਨਾ ਕਿਤੇ ਧਰਮ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦੁਆਰਾ ਉੱਤਰ-ਆਧੁਨਿਕ ਯੁੱਗ ਵਿਚਲੇ ਨਿੱਜਪਰਕ, ਸਮਾਜਿਕ, ਸੰਸਕ੍ਰਿਤਕ ਮਸਲਿਆਂ ਬਾਰੇ ਪ੍ਰਾਪਤ ਪਹੁੰਚ ਦਾ ਮੁਲਾਂਕਣ ਪੇਸ਼ ਕਰਕੇ ਇਨ੍ਹਾਂ ਪ੍ਰਤੀ ਸਾਰਥਿਕ ਸਮਝ ਉਸਾਰਨ ਦਾ ਯਤਨ ਕਰਨਾ ਇਸ ਖੋਜ ਪ੍ਰਬੰਧ ਦੀ ਕੋਸ਼ਿਸ਼ ਹੈ। ਇਸ ਦਾ ਕਾਰਨ ਇਹ ਵੀ ਹੈ ਕਿ

ਇਸ ਰਚਨਾ ਨੂੰ ਕੇਵਲ ਧਾਰਮਿਕ ਰਚਨਾ ਦੇ ਦਾਇਰੇ ਵਿਚ ਰੱਖਣਾ ਇਸ ਵਿਚ ਪੇਸ਼ ਗਿਆਨ ਦੇ ਬਹੁ-ਦਿਸ਼ਾਵੀ ਆਯਾਮਾਂ ਤੋਂ ਵਿਰਵਾ ਕਰਨ ਦੇ ਸਮਾਨ ਹੈ। ਜਦੋਂ ਅਸੀਂ ਵੇਖਦੇ ਹਾਂ ਕਿ ਸੰਸਾਰ ਪੱਧਰ ਤੱਕ ਦੀਆਂ ਸਮੱਸਿਆਵਾਂ ਦਾ ਮੂਲ ਧਰਮ ਵਿਚ ਹੈ ਤਾਂ ਇਸ ਗੱਲ ਤੋਂ ਵੀ ਇਨਕਾਰ ਕਰਨਾ ਮੁਸ਼ਕਿਲ ਹੈ ਕਿ ਇਨ੍ਹਾਂ ਦਾ ਹੱਲ ਦਾ ਮਾਰਗ ਵੀ ਧਰਮ ਵਿਚੋਂ ਹੋ ਕੇ ਹੀ ਨਿਕਲਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਲਈ ਭਗਤ ਬਾਣੀ ਦੇ ਉੱਤਰ-ਆਧੁਨਿਕ ਪਰਿਪੇਖ ਦੁਆਰਾ ਸਮੁੱਚੀ ਮਨੁੱਖਤਾ ਦੇ ਭਲੇ ਲਈ ਮਾਡਲ ਤਲਾਸ਼ਣ ਦੀ ਜ਼ਰੂਰਤ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕਾ ਸਮਾਂ ਮਨੁੱਖਤਾ ਦੇ ਇਤਿਹਾਸ ਵਿਚ ਜਿੱਥੇ ਇਕ ਪਾਸੇ ਸੂਚਨਾ ਤਕਨਾਲੋਜੀ ਦੇ ਪਸਾਰ ਨਾਲ ਹਰ ਪਲ ਜੀਵਨ ਜਾਂਚ ਵਿਚ ਬਦਲਾਓ ਵੱਲ ਗਤੀਸ਼ੀਲ ਹੈ, ਉੱਥੇ ਇਸ ਦੀ ਆਮਦ ਦੁਆਰਾ ਇਨਸਾਨ ਦੀ ਸਥਿਤੀ ਅਜੀਬੋ ਗ਼ਰੀਬ ਬਣੀ ਹੋਈ ਹੈ। ਕਥਿਤ ਤਰੱਕੀ ਦੇ ਨਾਂ ਤੇ ਮਨੁੱਖ ਦੀ ਆਪਣੀ ਹੋਂਦ ਕਿਤੇ ਨਾ ਕਿਤੇ ਗੌਣ ਹੁੰਦੀ ਜਾ ਰਹੀ ਹੈ। ਇਸ ਹਾਲਤ ਵਿਚ ਮਨੁੱਖ ਅਜੀਬ ਸਥਿਤੀ ਵਿਚ ਵਿਚਰ ਰਿਹਾ ਹੈ। ਇਸ ਨਵੀਂ ਯੁੱਗ ਸਥਿਤੀ ਨੂੰ ਸੰਕਲਪੀ ਸ਼ਬਦਾਵਲੀ ਵਿਚ ਉੱਤਰ-ਆਧੁਨਿਕਤਾ ਕਿਹਾ ਗਿਆ ਹੈ। ਮਾਰਕ ਸੀ. ਟੇਲਰ ਦੁਆਰਾ ਸੰਪਾਦਿਤ ਪੁਸਤਕ ਵਿਚ ਸੰਤਾਂ ਭਗਤਾਂ ਦੇ ਕਾਰਜਾਂ ਬਾਰੇ ਦਰਜ ਹੈ,"ਉੱਤਰ-ਆਧੁਨਿਕਤਾ ਦੇ ਵਿਭਿੰਨ ਪ੍ਰਗਟਾਵਿਆਂ ਤੋਂ ਛੇ ਵਿਭਿੰਨ ਝੁਕਾਅ ਜਾਂ ਰੁਚੀਆਂ ਦਾ ਪਤਾ ਲੱਗਦਾ ਹੈ, ਜਿਹੜੀ ਉਨ੍ਹਾਂ ਦੇ ਨੈਤਿਕ ਕਾਰਜਾਂ ਦੇ ਘੇਰੇ ਵਿਚ ਆਉਣ ਕਰਕੇ ਹੱਥਲੇ ਅਧਿਐਨ ਵਿਚ ਬਾਰ-ਬਾਰ ਆਉਂਦੀਆਂ ਹਨ : ਵੱਖਰਤਾ, ਦੂਹਰੀ ਸੰਕੇਤਾਵਲੀ, ਸੰਕਲਨਵਾਦ (ਦਾਰਸ਼ਨਿਕਤਾ), ਦੂਜਾਪਣ (ਵਿਕੇਂਦਰਤਾ), ਸਮਰੱਥਤਾ ਅਤੇ ਪਦਾਰਥਵਾਦਤਾ।"(Mark.C.Taylor(Ed.). *Saints and Postmodernism* XVI.) ਇਸ ਅਧਿਆਇ ਅੰਦਰ ਉੱਤਰ-ਆਧੁਨਿਕਤਾ ਦਾ ਵਰਣਨ ਪੇਸ਼ ਕੀਤਾ ਗਿਆ ਹੈ। ਇਸ ਸਥਿਤੀ ਅਤੇ ਮਨੁੱਖੀ ਸਮਾਜ ਵਿਚ ਇਸ ਦੁਆਰਾ ਆਏ ਬਦਲਾਓ ਨਾਲ ਸਬੰਧਿਤ ਸਮੱਸਿਆਵਾਂ ਦੀ ਵੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਦੁਆਰਾ ਮਨੁੱਖਤਾ ਦੇ ਸਨਮੁਖ ਮਸਲਿਆਂ ਦਾ ਜ਼ਿਕਰ ਕਰਕੇ ਇਸ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਬਿਉਰਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਸ ਰਚਨਾ ਨੂੰ

ਗੁਰੂ ਗ੍ਰੰਥ ਸਾਹਿਬ ਵਿਚ ਸ਼ਮੂਲੀਅਤ ਦੀ ਨੁਕਤਾ ਨਿਗਾਹ ਤੋਂ ਵੀ ਸਮਝਣ ਦਾ ਯਤਨ ਕੀਤਾ ਗਿਆ ਹੈ। ਜੇਕਰ ਉੱਤਰ-ਆਧੁਨਿਕ ਦ੍ਰਿਸ਼ਟੀ ਬਿੰਦੂ ਤੋਂ ਵੇਖੀਏ ਤਾਂ ਸਹਿਜੇ ਹੀ ਇਹ ਰਚਨਾ ਆਪੋ ਆਪਣੇ ਖ਼ਿੱਤਿਆਂ ਵਿਚ ਪੇਸ਼ ਪ੍ਰਵਚਨ ਹਨ ਜਿਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਮੂਲੀਅਤ ਇਸ ਦੇ ਉੱਤਰ-ਆਧੁਨਿਕ ਸੁਭਾਅ ਵੱਲ ਇਸ਼ਾਰਾ ਕਰਦੀ ਹੈ। ਇਸ ਰਚਨਾ ਨੂੰ ਉੱਤਰ-ਆਧੁਨਿਕ ਪ੍ਰਸੰਗਾਂ ਵਿਚ ਸਮਝਕੇ ਹੀ ਅਜੋਕੇ ਸਮਾਜ ਲਈ ਇਕ ਸੂਝ ਮਾਡਲ ਤਿਆਰ ਕੀਤਾ ਜਾ ਸਕਦਾ ਹੈ।"ਉੱਤਰ-ਆਧੁਨਿਕ ਸੋਚ ਦਾ ਮੂਲ ਵਿਚਾਰ ਕੋਈ ਨਵਾਂ ਨਹੀਂ, ਫ਼ਿਲਾਸਫ਼ਰ ਸਦੀਆਂ ਤੋਂ ਨਿੱਜੀ ਤੌਰ ਤੇ ਇਕ ਚਿਹਨਕੀ ਵਾਤਾਵਰਣ ਦੀ ਖੋਜ ਕਰ ਰਹੇ ਹਨ ਅਤੇ ਅਧਿਆਤਮਿਕ ਆਗੂ ਆਪਣੇ ਵਿਦਿਆਰਥੀਆਂ ਨੂੰ ਹਉਮੈਂ ਤੋਂ ਆਜ਼ਾਦੀ ਪ੍ਰਾਪਤ ਕਰਨ ਦਾ ਰਸਤਾ ਦਿਖਾ ਰਹੇ ਹਨ। ਉਨ੍ਹਾਂ ਨੂੰ ਦੁਬਾਰਾ ਤੋਂ ਆਪਣੀ ਪਛਾਣ ਬਣਾਉਣ ਲਈ ਉਤਸ਼ਾਹਿਤ ਕਰ ਰਹੇ ਹਨ।"(Anderson. *The Fortuna Post Modernism Reader* 218.) ਇਹ ਰਚਨਾ ਉੱਤਰ-ਆਧੁਨਿਕ ਯੁੱਗ ਸਥਿਤੀ ਦੇ ਮੁੱਦਿਆਂ ਨੂੰ ਕਿਸ ਤਰ੍ਹਾਂ ਪੇਸ਼ ਕਰਕੇ ਉਨ੍ਹਾਂ ਦੇ ਹੱਲ ਵੱਲ ਤੋਰਦੀ ਹੈ ਕਿਉਂਕਿ ਇਸ ਰਚਨਾ ਦਾ ਖ਼ਾਸਾ ਭਾਵੇਂ ਅਧਿਆਤਮਕ ਹੈ ਪਰ ਸਰੋਕਾਰ ਸਮਾਜਿਕ ਹਨ। ਅਜੋਕੇ ਮਨੁੱਖ ਦੇ ਸਾਹਮਣੇ ਜੋ ਮੁੱਦੇ ਹਨ ਇਹ ਰਚਨਾ ਉਨ੍ਹਾਂ ਮੁੱਦਿਆਂ ਨੂੰ ਕਿਸ ਤਰ੍ਹਾਂ ਸੰਬੋਧਿਤ ਹੁੰਦੀ ਹੈ ਇਸ ਸਬੰਧੀ ਅਧਿਐਨ ਅਗਲੇ ਅਧਿਆਵਾਂ ਵਿਚ ਪੇਸ਼ ਕੀਤਾ ਜਾਵੇਗਾ। ਇਸ ਅਧਿਆਇ ਵਿਚ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੰਜ ਸਦੀਆਂ ਦੇ ਦਾਇਰੇ ਵਿਚ ਫੈਲੀ ਇਹ ਰਚਨਾ ਵਿਚਲੇ ਪ੍ਰਵਚਨ ਹਰ ਇਕ ਯੁੱਗ ਲਈ ਰਾਹ ਦਸੇਰੇ ਬਣਨ ਦੇ ਸਮਰੱਥ ਹਨ। ਇਸ ਪ੍ਰਕਾਰ ਅਸੀਂ ਦੇਖ ਸਕਦੇ ਹਾਂ ਕਿ ਉਪਰੋਕਤ ਮੁੱਦਿਆਂ ਨੂੰ ਲੈ ਕੇ ਉਨ੍ਹਾ ਦੇ ਹੱਲ ਵਾਲੇ ਪਾਸੇ ਨੂੰ ਤੁਰਨ ਵਾਸਤੇ ਸਾਨੂੰ ਇਸ ਤਰ੍ਹਾਂ ਦੇ ਸਾਹਿਤ ਦੀ ਜ਼ਰੂਰਤ ਹੈ ਜੋ ਸਮੇਂ ਅਤੇ ਸਥਾਨ ਤੋਂ ਪਾਰ ਜਾ ਕੇ ਇਨ੍ਹਾ ਮਸਲਿਆਂ ਨੂੰ ਸਿਰਫ ਪੇਸ਼ ਹੀ ਨਾ ਕਰੇ ਬਲਕਿ ਇਸ ਦੇ ਹੱਲ ਵੀ ਸੁਝਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਟੈਕਸਟ ਇਸ ਕਸਵੱਟੀ ਤੇ ਪੂਰੀ ਉੱਤਰਦੀ ਹੈ। ਇਸ ਲਈ ਇਸ ਵਿਚ ਸੰਮਿਲਿਤ ਵੱਖ-ਵੱਖ ਭਗਤਾਂ ਦੀ ਰਚਨਾ ਦੁਆਰਾ ਇਸ ਸਾਰੇ ਵਰਤਾਰੇ ਨੂੰ ਸਮਝ ਕੇ ਇਕ ਨਰੋਈ ਸੇਧ ਸਮਾਜ ਨੂੰ ਦਿੱਤੀ ਜਾ ਸਕਦੀ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਵਿਲੱਖਣਤਾ ਨੂੰ ਮੁਕਤ ਕਰਵਾਉਣ ਵਾਲਾ ਮੁੱਦਾ ਹੀ ਜਿਵੇਂ ਤੀਜੇ ਜਗਤ ਦੇ ਸਾਹਿਤਾਂ ਵਿਚ ਪੇਸ਼ ਕੀਤਾ ਗਿਆ ਹੈ, ਇਨ੍ਹਾਂ ਸਾਹਿਤਾਂ ਦੇ

ਉਤਰਆਧੁਨਿਕਵਾਦ ਨੂੰ ਪੱਛਮੀ ਉਤਰਆਧੁਨਿਕਵਾਦ ਨਾਲੋਂ ਵਖਰਿਆਉਂਦਾ ਹੈ। ਇਸ ਮੁਕਤੀ ਭਾਵ ਦਾ ਜਨਮ ਸ਼ਾਸਤਰ, ਪੂਰਵ ਕਾਲੀਨ ਦੌਰ ਦੀਆਂ ਸਥਿਤੀਆਂ ਅਤੇ ਮਜਬੂਰੀਆਂ ਵੱਲ ਪਿੱਛੇ ਤੱਕ ਜਾਂਦਾ ਹੈ। ਮਿਸਾਲ ਦੇ ਤੌਰ ਤੇ ਭਾਰਤ ਵਿੱਚ ਤਾਨਾਸ਼ਾਹ ਇਸਲਾਮੀ ਬਾਦਸ਼ਾਹਾਂ ਦੇ ਬਾਹਰਲੇ ਸਾਮਰਾਜ ਨੇ ਅਤੇ ਬ੍ਰਾਹਮਣਵਾਦ ਦੇ ਅੰਦਰਲੇ ਸਾਮਰਾਜ ਨੇ ਸੱਭਿਆਚਾਰਕ ਤੌਰ ਤੇ ਵਿਲੱਖਣ ਸਮੂਹਾਂ ਨੂੰ ਸ੍ਵੈ-ਚੇਤਨਤਾ ਵੱਲ ਧੱਕ ਦਿੱਤਾ। ਭਾਸ਼ਾਈ ਵਿਚਿੱਤਰਤਾ ਨਾਲ ਮਧਿਅਸਥ, ਇਹ ਚੇਤਨਤਾ ਵੱਖ-ਵੱਖ ਖੇਤਰਾਂ ਵਿੱਚ ਸੈਂਕੜੇ ਸਾਲਾਂ ਦੇ ਅੰਦਰਲੇ ਵਿਕਾਸ ਕਾਰਨ ਸੁਤੰਤਰ ਸੱਭਿਆਚਾਰਕ ਹਸਤੀਆਂ ਬਣਨ ਨਾਲ, ਵੱਧ ਫੁੱਲ ਕੇ ਬਾਹਰਵੀਂ ਸਦੀ ਵਿੱਚ ਧਮਾਕੇ ਤੱਕ ਪਹੁੰਚ ਗਈ। ਇਸ ਵਿਚੋਂ ਪੈਦਾ ਹੋਈਆਂ ਮੁਕਤੀ ਲਹਿਰਾਂ ਨੇ ਭਗਤੀ ਦਾ ਰੂਪ ਧਾਰਿਆ। ਪੰਜਾਬ ਵਿੱਚ ਇਸ ਮੁਕਤੀਵਾਦੀ ਚੇਤਨਤਾ ਨੇ ਰਾਜਨੀਤਕ ਲਹਿਰ ਦਾ ਰੂਪ ਲਿਆ ਜਿਸ ਨਾਲ ਸਿੱਖ ਹੋਂਦ ਵਿਚ ਆਏ ਜਿਨ੍ਹਾਂ ਨੇ ਬਾਹਰਲੇ ਮੁਗ਼ਲ ਸਾਮਰਾਜ ਅਤੇ ਅੰਦਰਲੇ ਬ੍ਰਾਹਮਣਵਾਦ ਦੀ ਪ੍ਰਭੁਸੱਤਾ ਨਾਲ ਆਢਾ ਲਿਆ ਅਤੇ ਅਠਾਰ੍ਹਵੀਂ ਸਦੀ ਤੇ ਅੰਤ ਉਤੇ ਪ੍ਰਭੁਸੱਤਾ ਸੰਪੰਨ ਪੰਜਾਬ ਰਾਜ ਕਾਇਮ ਕੀਤਾ ਜੋ ਅੰਗਰੇਜ਼ਾਂ ਦੇ ਹਮਲੇ ਨਾਲ ਬਿਖਰਨ ਤੱਕ, ਕਾਇਮ ਰਿਹਾ।"ਇਸ ਕਾਲ ਦਾ ਪ੍ਰਤੀਨਿਧ ਮੁਕਤੀਭਾਵੀ ਸਾਹਿਤ, ਜੋ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ (1604) ਵਿੱਚ ਸ਼ਾਮਿਲ ਹੈ। ਅੱਜ ਇਸ ਨੂੰ ਸਿੱਖਾਂ ਦੇ ਧਾਰਮਿਕ ਗ੍ਰੰਥ ਦੇ ਤੌਰ ਤੇ ਜਾਣਿਆਂ ਜਾਂਦਾ ਹੈ। ਪਰ ਇਸ ਤੋਂ ਵੀ ਵੱਧ ਇਹ ਗ੍ਰੰਥ ਸੱਭਿਆਚਾਰਕ ਅਤੇ ਰਾਜਨੀਤਕ ਵਿਦਰੋਹ ਦਾ ਗ੍ਰੰਥ ਹੈ। ਇਸ ਗ੍ਰੰਥ ਦੇ ਦੈਵੀ ਸ਼ਬਦਾਂ ਨੇ ਕਵੀ ਰਾਬਿੰਦਰ ਨਾਥ ਟੈਗੋਰ ਨੂੰ ਪ੍ਰੇਰਿਤ ਕੀਤਾ ਜਿਸ ਨੇ ਆਜ਼ਾਦੀ ਦੇ ਗੀਤ ਹੀ ਨਹੀਂ ਗਾਏ ਸਗੋਂ ਇੱਕ ਅਜਿਹੇ ਪਰਗੀਤਵਾਦ ਨੂੰ ਜਨਮ ਦਿੱਤਾ ਜੋ ਪੱਛਮ ਦੇ ਪ੍ਰਗੀਤ ਨਾਲੋਂ ਵੱਖਰਾ ਹੈ।"(ਡਾ. ਗੁਰਭਗਤ ਸਿੰਘ. *ਉਤਰਆਧੁਨਿਕਤਾਵਾਦ* 104.) ਇਸ ਅਧਿਆਇ ਵਿਚਲੇ ਸੰਦਰਭਾਂ ਨੂੰ ਧਿਆਨ ਵਿਚ ਰੱਖ ਕੇ ਨਿਮਨਲਿਖਤ ਸਿੱਟੇ ਸਾਹਮਣੇ ਆਉਂਦੇ ਹਨ :

ਭਗਤ ਬਾਣੀ ਦਾ ਦਾਇਰਾ ਭਾਰਤ ਦੇ ਪੰਜ ਸਦੀਆਂ ਦੇ ਸਮਾਜ ਵਿਚਲੇ ਲੋਕਧਾਰਾਈ ਅਤੇ ਸੱਭਿਆਚਾਰਕ ਸੰਦਰਭਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੋਇਆ ਮਨੁੱਖਤਾ ਲਈ ਬਹੁਦਿਸ਼ਾਵੀ ਆਯਾਮ ਸਿਰਜਦਾ ਹੈ।

ਇਨ੍ਹਾਂ ਭਗਤਾਂ ਦੀ ਰਚਨਾ ਦਾ ਪਿੰਡਾ ਭਾਵੇਂ ਸਥਾਨਕ ਹੈ, ਪਰੰਤੂ ਵਿਚਾਰ ਵਿਸ਼ਵਾਰਥੀ ਹਨ।

ਇਸ ਰਚਨਾ ਰਾਹੀਂ ਅਸੀਂ ਕਿਸੇ ਵੀ ਕਾਲ-ਖੰਡ ਦੇ ਗਿਆਨ ਪ੍ਰਬੰਧ ਨਾਲ ਆਤਮਸਾਤ ਕਰ ਸਕਦੇ ਹਾਂ।

ਇਸ ਰਚਨਾ ਦੀ ਪਹੁੰਚ ਸੰਤੁਲਿਤ ਹੋਣ ਕਰਕੇ ਇਹ ਮੱਧ-ਮਾਰਗ ਦਾ ਰਸਤਾ ਸੁਝਾਉਂਦੀ ਹੈ।

ਇਸ ਰਚਨਾ ਵਿਚਲੇ ਗਿਆਨ ਨਾਲ ਅਸੀਂ ਸਮਾਜਿਕ,ਆਰਥਿਕ ਅਤੇ ਰਾਜਨੀਤਕ ਹਾਲਾਤਾਂ ਨਾਲ ਉਤਪੰਨ ਸਮੱਸਿਆਵਾਂ ਅਤੇ ਉਨ੍ਹਾਂ ਦੇ ਸੰਤੁਲਿਤ ਹੱਲ ਲੱਭਣ ਲਈ ਸੂਝ ਮਾਡਲ ਤਿਆਰ ਕਰ ਸਕਦੇ ਹਾਂ।"ਡਾ. ਗੁਰਭਗਤ ਸਿੰਘ ਨੇ ਉਤਰਆਧੁਨਿਕਤਾ ਵੱਲ ਇਸਤੋਂ ਵੀ ਵੱਧ ਚੇਤੰਨ ਹੋ ਕੇ ਅੰਗਰੇਜ਼ੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਲੇਸ਼ਣ ਪੇਸ਼ ਕੀਤਾ ਹੈ, ਜਿਸ ਵਿਚ ਮਹੱਤਵਯੋਗ ਨੁਕਤੇ ਉਠਾਏ ਗਏ ਹਨ ਜੋ ਸਿਧਾਂਤਕ ਨਾਲੋਂ ਵਿਹਾਰਕ ਵਧੇਰੇ ਹਨ। ਇਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਤਰਆਧੁਨਿਕ ਦ੍ਰਿਸ਼ਟੀ ਤੋਂ ਅਸੀਂ ਕਿਸੇ ਵੀ ਟੈਕਸਟ ਦੀ ਸਮਰੱਥਾ ਪਹਿਚਾਣ ਸਕਦੇ ਹਾਂ ਕਿਉਂਕਿ ਕਿਸੇ ਟੈਕਸਟ ਨੇ ਸਿਰਫ ਆਪਣੇ ਸਮੇਂ ਤੱਕ ਹੀ ਸੀਮਤ ਨਹੀਂ ਰਹਿਣਾ ਹੁੰਦਾ ਸਗੋਂ ਭਵਿੱਖ ਵਿਚ ਵੀ ਆਪਣੀ ਸਮਰੱਥਾ ਨੂੰ ਸਿੱਧ ਕਰਨਾ ਹੁੰਦਾ ਹੈ।"(ਡਾ. ਵਨੀਤਾ. ਉਤਰਆਧੁਨਿਕਤਾ : ਪੂਰਵ ਅਧਿਐਨ ਦ੍ਰਿਸ਼ਟੀ ਦਾ ਸੰਕਲਪਿਕ ਵਰਤਾਰਾ, *ਕਾਵਿ-ਸ਼ਾਸਤਰ,* (ਅੰਕ-11) 120.) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਬਾਣੀ ਪੂਰਵ-ਕਾਲੀ ਗਿਆਨ ਧਾਰਾਵਾਂ ਨਾਲ ਸੰਵਾਦ ਰਚਾ ਕੇ ਸਮਕਾਲੀ ਸਮੇ ਵਿਚ ਉਸ ਗਿਆਨ ਨਾਲ ਸਬੰਧਤ ਆਪਣੇ ਅਨੁਭਵ ਦਾ ਪ੍ਰਗਟਾਵਾ ਕਰਕੇ ਭਵਿੱਖ ਲਈ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਲਈ ਇਹ ਰਚਨਾ ਹਰ ਸਮੇ ਲਈ ਨਿੱਗਰ ਸੇਧ ਦੇਣ ਲਈ ਆਪਣੀ ਸਾਰਥਿਕ ਦ੍ਰਿਸ਼ਟੀ ਰੱਖਦੀ ਹੈ।"ਮੈਂ (ਨਿੱਜ) ਦਾ ਸੰਕਲਪ ਸਾਡੇ ਨਿੱਜੀ ਵਿਸ਼ਵਾਸਾਂ ਦੇ ਅੰਤਹਕਰਣ ਦੇ ਨੇੜੇ ਹੀ ਨਹੀਂ ਸਗੋਂ ਇਹ ਉੱਤਰ-ਆਧੁਨਿਕਤਾ-ਵਿਚਾਰ ਪਵਿੱਤਰ ਦਿਲ ਦੇ ਅੰਤਹਕਰਣ ਤੱਕ ਪਹੁੰਚ ਵੀ ਰੱਖਦਾ ਹੈ। ਇਹੀ ਨੁਕਤਾ ਹੈ ਜਿਸ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉੱਤਰ-ਆਧੁਨਿਕਤਾਵਾਦੀ ਬੁੱਧੀਮਾਨਾਂ ਅਤੇ ਉਹ ਜਿਹੜੇ ਸਦੀਆਂ ਤੋਂ ਅਧਿਆਤਮਕ ਸਿੱਖਿਆ ਰਾਹੀਂ ਗੁਜ਼ਰ ਰਹੇ ਹਨ, ਉਨ੍ਹਾਂ ਵਿਚਕਾਰ ਇਕ ਮਜ਼ਬੂਤ ਸਮਰੂਪਤਾ ਸਥਾਪਿਤ ਹੋ ਜਾਂਦੀ ਹੈ।"(Anderson. *The Fontana Post Modernism Reader* 218.) ਸੋ ਜ਼ਰੂਰਤ ਹੈ ਇਨ੍ਹਾਂ ਰਚਨਾਵਾਂ ਦੇ ਪੁਨਰ-ਮੁੱਲਾਂਕਣ ਦੀ ਤਾਂ ਜੋ ਮਨੁੱਖਤਾ ਨੂੰ ਸਹੀ ਅਤੇ ਸੰਤੁਲਿਤ ਸੇਧ ਪ੍ਰਦਾਨ ਕੀਤੀ ਜਾ ਸਕੇ।"ਉਤਰ-ਆਧੁਨਿਕਤਾ ਦੇ ਪੰਜਾਬੀ ਪਰਿਪੇਖ ਵਿਚ ਦੂਸਰੇ ਦੀ ਸ਼ਮੂਲੀਅਤ ਬਹੁਤ

ਅਨਿਵਾਰਯ ਹੈ। ਇਹ ਸ਼ਮੂਲੀਅਤ ਪਾਰਦਰਸ਼ੀ ਹੈ। ਇਸ ਪਾਰਦਰਸ਼ਤਾ ਵਿਚ ਸਾਹਿਤਕ ਪਰੰਪਰਾਵਾਂ (ਗੁਰਬਾਣੀ, ਸੂਫ਼ੀ, ਕਿੱਸਾ ਅਤੇ ਬੀਰ ਰਸੀ ਪਰੰਪਰਾ) ਦੀ ਨੇੜਤਾ ਵਿਚ ਅਧਿਐਨ ਦੇ ਬੁਨਿਆਦੀ ਸੂਤਰ ਤਲਾਸ਼ ਕਰਨੇ ਚਾਹੀਦੇ ਹਨ।"(ਸੰਪਾਦਕੀ ਮੰਡਲ. *ਕਾਵਿ-ਸ਼ਾਸਤਰ* (ਅੰਕ 12) 10.) ਇਸ ਕਰਕੇ ਭਗਤ ਬਾਣੀ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਸਮਝ ਕੇ ਅਜੋਕੇ ਮਨੁੱਖ ਲਈ ਸਾਰਥਿਕ ਸਮਝ ਉਸਾਰੀ ਜਾ ਸਕਦੀ ਹੈ। ਕਬੀਰ ਜੀ ਦੇ ਵਾਕ 'ਲੋਗ ਕਹੇਂ ਇਹ ਸਬਦੁ ਹੈ, ਇਹ ਤਉ ਬ੍ਰਹਮ ਬੀਚਾਰਿ' ਨੂੰ ਸਹੀ ਸੰਦਰਭ ਵਿਚ ਸਮਝਣ ਦੀ ਲੋੜ ਹੈ, ਕਿਉਂਕਿ ਇਸ ਰਚਨਾ ਨੂੰ ਨਿਰੋਲ ਧਰਮ ਨਾਲ ਜੋੜ ਕੇ ਵੇਖਣ ਨਾਲ ਅਸੀਂ ਇਸ ਵਿਚਲੇ ਮਾਨਵਵਾਦੀ ਸੰਦੇਸ਼ ਦੇ ਮਹੱਤਵ ਨੂੰ ਘਟਾ ਰਹੇ ਹੋਵਾਂਗੇ। ਸੋ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦੇ ਉੱਤਰ-ਆਧੁਨਿਕ ਪਰਿਪੇਖ ਦੁਆਰਾ ਸਮਕਾਲੀ ਮਨੁੱਖ ਦੇ ਅੰਦਰਲੇ ਅਤੇ ਬਾਹਰਲੇ ਦਵੰਦਾਂ ਨਾਲ ਨਜਿੱਠਣ ਦੇ ਸਮਰੱਥ ਹੋਣ ਵੱਲ ਵਧਿਆ ਜਾ ਸਕਦਾ ਹੈ। ਅਜੋਕੇ ਸਮੇ ਵਿਚ ਸਾਰੇ ਸੰਸਾਰ ਨੂੰ ਅਜਿਹੀ ਦ੍ਰਿਸ਼ਟੀ ਦੀ ਜ਼ਰੂਰਤ ਹੈ ਜਿਸ ਨਾਲ ਸੁਹਿਰਦ ਵਾਤਾਵਰਣ ਦਾ ਸੰਚਾਰ ਹੋ ਸਕੇ।

# ਅਧਿਆਇ ਦੂਜਾ

## ਭਗਤ ਬਾਣੀ ਵਿਚ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੀ ਪਛਾਣ

2.1 ਨਿਸ਼ਚਿਤਤਾ ਅਤੇ ਅਨਿਸ਼ਚਿਤਤਾ (ਬ੍ਰਹਮ ਦੀ ਅਟੱਲਤਾ ਜਾਂ ਬ੍ਰਹਮ ਦਾ ਸੰਕਲਪ)

2.2 ਵਿਸ਼ਵੀਕਰਨ ਅਤੇ ਸਥਾਨੀਕਰਨ (ਸਦੀਵੀ ਸਮੱਸਿਆਵਾਂ ਅਤੇ ਤੱਤਕਾਲੀ ਸਮਾਜਿਕ ਸਮੱਸਿਆਵਾਂ)

2.3 ਮਹਾਂਬ੍ਰਿਤਾਂਤ ਅਤੇ ਅਲਪ ਬ੍ਰਿਤਾਂਤ(ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ)

2.4 ਵਿਚਾਰ ਅਤੇ ਦੇਹ (ਪੰਜ ਤੱਤਾਂ ਦਾ ਸੰਕਲਪ/ਆਤਮਾ ਦੀ ਅਮਰਤਾ)

2.5 ਕੇਂਦਰ ਅਤੇ ਹਾਸ਼ੀਆਗਤ (ਭਾਸ਼ਾ/ਜਾਤੀਗਤ)

2.6 ਅਸਲ ਅਤੇ ਨਕਲ (ਮਾਇਆ)

# ਅਧਿਆਇ ਦੂਜਾ

## ਭਗਤ ਬਾਣੀ ਵਿਚ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੀ ਪਛਾਣ

ਪਿਛਲੇ ਅਧਿਆਇ ਵਿਚ ਅਸੀਂ ਭਗਤ ਬਾਣੀ ਅਤੇ ਉੱਤਰ-ਆਧੁਨਿਕਤਾ ਦੇ ਸੰਕਲਪਾਂ, ਨਿਕਾਸ ਅਤੇ ਵਿਕਾਸ ਦੀ ਚਰਚਾ ਕੀਤੀ ਹੈ। ਜਿਸ ਦੁਆਰਾ ਭਗਤ ਬਾਣੀ ਦੇ ਵਿਚਾਰਧਾਰਕ ਆਧਾਰਾਂ ਦੇ ਨਾਲ-ਨਾਲ ਉੱਤਰ-ਆਧੁਨਿਕਤਾ ਦੇ ਪਛਾਣ ਚਿੰਨ੍ਹਾਂ ਅਤੇ ਸਰੋਕਾਰਾਂ ਪ੍ਰਤੀ ਜਾਨਣ ਦੀ ਚੇਸ਼ਟਾ ਕੀਤੀ ਗਈ ਹੈ। ਇਸ ਅਧਿਆਇ ਵਿਚ ਅਸੀਂ ਭਗਤ ਬਾਣੀ ਵਿਚਲੇ ਸੰਕਲਪਾਂ ਦੀ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਨਾਲ ਤੁਲਨਾ ਕਰਕੇ ਇਸ ਦੀ ਸਾਰਥਿਕਤਾ ਦਾ ਲੇਖਾ ਜੋਖਾ ਪੇਸ਼ ਕਰਨ ਦਾ ਉਪਰਾਲਾ ਕਰਾਂਗੇ। ਸੰਸਾਰ ਭਰ ਦੀਆਂ ਸੱਭਿਅਤਾਵਾਂ ਦਾ ਨਿਰੰਤਰ ਵਿਕਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਸਮੇ ਦੇ ਬਦਲਣ ਨਾਲ ਜੀਵਨ ਜਾਂਚ ਵਿਚ ਤਬਦੀਲੀ ਵਾਪਰਨਾ ਲਾਜ਼ਮੀ ਹੈ। ਬਾਕੀ ਸੱਭਿਅਤਾਵਾਂ ਦੀ ਤਰ੍ਹਾਂ ਭਾਰਤੀ ਸੱਭਿਅਤਾ ਵੀ ਪੜਾਅਵਾਰ ਤਬਦੀਲੀਆਂ ਵਿਚੋਂ ਨਿਕਲਦੀ ਹੋਈ ਮੌਜੂਦਾ ਰੂਪ ਅਖਤਿਆਰ ਕਰਦੀ ਹੈ। ਪੰਜਾਬੀ ਸੱਭਿਆਚਾਰ ਵੀ ਇਨ੍ਹਾਂ ਬਦਲਾਵਾਂ ਦੇ ਅਸਰ ਤੋਂ ਮੁਕਤ ਨਹੀਂ ਹੈ। ਪੰਜਾਬੀ ਜੀਵਨ ਜਾਂਚ ਵੀ ਇਸ ਤਬਦੀਲੀਆਂ ਦੇ ਅਸਰ ਹੇਠ ਮੌਜੂਦਾ ਹੋਂਦ ਗ੍ਰਹਿਣ ਕਰਦੀ ਹੈ। ਇਸ ਬਦਲਾਉ ਨੂੰ ਵਿਦਵਾਨਾਂ ਨੇ ਸਿਧਾਂਤਬੱਧ ਕਰਨ ਦਾ ਯਤਨ ਕੀਤਾ ਹੈ। ਜੇਕਰ ਪੰਜਾਬੀ ਅਦਬ ਦੀ ਗੱਲ ਕਰੀਏ ਤਾਂ ਵਿਦਵਾਨਾਂ ਨੇ ਪੰਜਾਬੀ ਸਾਹਿਤ ਨੂੰ ਆਦਿ ਕਾਲ, ਮੱਧ ਕਾਲ ਅਤੇ ਆਧੁਨਿਕ ਕਾਲ ਵਿਚ ਵੰਡਿਆ ਹੈ। ਇਸ ਵੰਡ ਦਾ ਆਧਾਰ ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਨੂੰ ਬਣਾਇਆ ਹੈ। ਇਸੇ ਤਰਾਂ ਜੇਕਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਇਸ ਨੂੰ ਉੱਤਰ-ਯੁੱਗ ਦੇ ਸਿਧਾਂਤ ਵਿਚ ਬੰਨਣ ਦਾ ਯਤਨ ਵਿਦਵਾਨਾਂ ਵੱਲੋਂ ਕੀਤਾ ਗਿਆ ਹੈ। ਨਿਸ਼ਚਿਤ ਤੌਰ ਤੇ ਸਮਕਾਲੀ ਜੀਵਨ ਜਾਂਚ ਅਤੇ ਇਸ ਦੀ ਸਾਹਿਤਕ ਪ੍ਰਸਤੁਤੀ ਨੂੰ ਉੱਤਰ-ਆਧੁਨਿਕਤਾ ਦੇ ਨਾਂ ਹੇਠ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੱਧਕਾਲੀ ਸਾਹਿਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਧਰੂ ਤਾਰੇ ਦੀ ਹੈਸੀਅਤ ਦੀ ਧਾਰਨੀ ਹੈ। ਇਸ ਵਿਚ ਸੰਕਲਿਤ ਰਚਨਾ ਸੰਸਾਰ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਫੈਲਿਆ ਹੋਇਆ ਹੈ। ਪੰਜ ਸਦੀਆਂ ਦੇ ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਕ ਹਾਲਾਤਾਂ ਦੀ ਜਿਹੜੀ ਗਿਆਨਮਈ ਸਾਹਿਤਕ ਪੇਸ਼ਕਾਰੀ

ਇਸ ਗ੍ਰੰਥ ਵਿਚਲੇ ਕਵੀਆਂ ਦੀਆਂ ਰਚਨਾਵਾਂ ਰਾਹੀਂ ਹੋਈ ਹੈ ਉਹ ਬੇਮਿਸਾਲ ਹੈ। ਮੱਧਕਾਲੀ ਪੰਜਾਬੀ ਸਾਹਿਤ ਦੇ ਸਰੋਕਾਰਾਂ ਬਾਰੇ ਗੱਲ ਕਰਦੇ ਹੋਏ ਡਾ. ਅਮਰਜੀਤ ਸਿੰਘ ਕਾਂਗ ਅਤੇ ਡਾ. ਜਸਪਾਲ ਕੌਰ ਕਾਂਗ ਆਪਣੀ ਪੁਸਤਕ *ਮੱਧਕਾਲੀ ਪੰਜਾਬੀ ਸਾਹਿਤ ਵਿਵੇਕ* ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ :

> ਮੱਧਕਾਲ ਦੇ ਲੰਮੇ ਅਰਸੇ ਵਿਚ ਇੱਕ ਤੋਂ ਵਧੀਕ ਵਿਚਾਰਧਾਰਾਈ ਕਾਵਿ ਪਰੰਪਰਾਵਾਂ ਇਕ ਦੂਜੇ ਦੇ ਸਮਵਿੱਥ ਚਲਦੀਆਂ ਰਹੀਆਂ ਹਨ। ਇਨਾਂ ਕਾਵਿ ਪਰੰਪਰਾਵਾਂ ਦੇ ਵਿਚਾਰਧਾਰਾਈ ਆਧਾਰ ਭਾਵੇਂ ਇੱਕ ਦੂਜੇ ਤੋਂ ਭਿੰਨ ਸਨ, ਪਰ ਰਚਨਾਤਮਕ ਪੱਧਰ ਉੱਪਰ ਸਰੋਕਾਰ ਇਕ ਦੂਜੇ ਦੇ ਪੂਰਕ ਸਨ। ਮਿਸਾਲ ਵਜੋਂ ਸੂਫੀ ਕਾਵਿ ਦਾ ਵਿਚਾਰਧਾਰਾਈ ਆਧਾਰ ਸਾਮੀ ਚਿੰਤਨ ਸੀ ਅਤੇ ਭਗਤ ਬਾਣੀਕਾਰ ਭਾਰਤੀ ਚਿੰਤਨ ਨਾਲ ਜੁੜੇ ਹੋਏ ਸਨ। ਜਦੋਂ ਅਸੀਂ ਸਾਮੀ ਅਤੇ ਭਾਰਤੀ ਚਿੰਤਨ ਨਾਲ ਜੁੜੀਆਂ ਕਾਵਿ ਪਰੰਪਰਾਵਾਂ ਦੀ ਰਚਨਾਤਮਕ ਪ੍ਰਾਪਤੀ ਉੱਪਰ ਦ੍ਰਿਸ਼ਟੀਗੋਚਰ ਹੁੰਦੇ ਹਾਂ, ਤਾਂ ਇਹ ਤੱਥ ਸਹਿਜੇ ਹੀ ਉੱਭਰਦਾ ਹੈ ਕਿ ਦੋ ਵਿਭਿੰਨ ਚਿੰਤਨ-ਦ੍ਰਿਸ਼ਟੀਆਂ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਰਚਨਾਤਮਕ ਸਰੋਕਾਰ ਇੱਕੋ ਜਿਹੇ ਜਾਂ ਇੱਕ ਦੂਜੇ ਦੇ ਪੂਰਕ ਹਨ। ਜੇ ਇਹ ਸਰੋਕਾਰ ਇਕ ਦੂਜੇ ਦੇ ਪੂਰਕ ਤਾਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਭਗਤਾਂ, ਸੰਤਾਂ ਅਤੇ ਸੂਫੀ ਕਵੀਆਂ ਨੂੰ ਬਾਣੀਕਾਰਾਂ ਦੇ ਬਰਾਬਰ ਸ਼ਾਮਿਲ ਕੀਤਾ ਹੈ। (9.)

ਇਸ ਵਿਚਲੀਆਂ ਰਚਨਾਵਾਂ ਦਾ ਅਜੋਕੇ ਸਮੇ ਦੇ ਰਹਿਣ-ਸਹਿਣ, ਸੱਭਿਆਚਾਰ ਅਤੇ ਜੀਵਨ ਜਾਂਚ ਉੱਪਰ ਪ੍ਰਭਾਵ ਵੇਖਿਆ ਜਾ ਸਕਦਾ ਹੈ। ਅੱਜ ਦੇ ਸਮੇ ਵਿਚਲੇ ਵਰਤਾਰਿਆਂ ਅੰਦਰ ਆਏ ਬਦਲਾਵਾਂ ਕਾਰਨ ਜੀਵਨ ਜਾਂਚ ਵਿਚ ਆਈ ਤਬਦੀਲੀ ਅਤੇ ਉਸ ਤਬਦੀਲੀ ਨਾਲ ਉਪਜੀਆਂ ਸਮੱਸਿਆਵਾਂ ਨੂੰ ਕਿਸ ਪ੍ਰਕਾਰ ਨਜਿੱਠਿਆ ਜਾਵੇ, ਇਸ ਅਧਿਆਇ ਦਾ ਮੰਤਵ ਇਸੇ ਧਾਰਨਾ ਦੀ ਪੁਸ਼ਟੀ ਕਰਨਾ ਹੈ। ਸਮਕਾਲੀ ਸਮੇ ਨੂੰ ਉੱਤਰ-ਆਧੁਨਿਕ ਸਥਿਤੀ ਦੇ ਤੌਰ ਤੇ ਪਰਿਭਾਸ਼ਾਬੱਧ ਕੀਤਾ ਜਾਂਦਾ ਹੈ। ਉੱਤਰ-ਆਧੁਨਿਕ ਚਿੰਤਨ ਵੱਖ-ਵੱਖ ਵਰਤਾਰਿਆਂ ਨੂੰ ਆਪਣੀ ਜ਼ੱਦ ਵਿਚ ਲੈਂਦਾ ਹੈ ਅਤੇ ਉਨ੍ਹਾਂ ਦੀ ਵਿਆਖਿਆ ਪੇਸ਼ ਕਰਦਾ ਹੈ।"ਉੱਤਰ-ਆਧੁਨਿਕ ਚਿੰਤਨ ਰਾਹੀਂ ਧਰਮ ਸ਼ਾਸਤਰ ਦੀ ਗਹਿਰਾਈ

ਤੱਕ ਅੱਪੜਿਆ ਜਾ ਸਕਦਾ ਹੈ। ਧਰਮ ਸ਼ਾਸਤਰ ਦੀ ਇਕ ਅਤਿ ਆਵਸ਼ਕ ਇਕਾਈ ਸਦਾਚਾਰਕ ਪ੍ਰਤੀਕ ਪ੍ਰਬੰਧ ਦੀ ਸਿਰਜਣਾ ਹੈ। ਇਹ ਪ੍ਰਤੀਕ ਪ੍ਰਬੰਧ ਆਰਥਿਕ, ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਧਰਾਤਲ ਤੇ ਹੀ ਲਾਗੂ ਨਹੀਂ ਹੁੰਦੀ ਸਗੋਂ ਧਰਮ-ਸ਼ਾਸਤਰ ਅਤੇ ਗਿਆਨ ਸ਼ਾਸਤਰ ਦੇ ਧਰਾਤਲ ਤੇ ਵੀ ਮੋੜਵੇਂ ਰੂਪ ਵਿਚ ਪੂਰਨ ਪ੍ਰਸੰਗਿਕਤਾ ਨਾਲ ਲਾਗੂ ਹੁੰਦੀ ਹੈ।" (ਬਾਜਵਾ. *ਉੱਤਰ-ਆਧੁਨਿਕਤਾਵਾਦ ਅਤੇ ਗੁਰਬਾਣੀ* 31.) ਪੰਜ ਸਦੀਆਂ ਦੀ ਗਿਆਨ ਗੰਗਾ ਦਾ ਉੱਤਰ-ਆਧੁਨਿਕਤਾ ਦੇ ਸੰਕਲਪਾਂ ਦੇ ਚੌਖਟੇ ਵਿਚ ਮੁੱਲਾਂਕਣ ਪੇਸ਼ ਕਰਨਾ ਇਸ ਅਧਿਆਇ ਦਾ ਯਤਨ ਹੈ। ਇਸ ਦੀ ਪੂਰਤੀ ਲਈ ਵਿਦਵਾਨਾਂ ਵੱਲੋਂ ਉੱਤਰ-ਆਧੁਨਿਕਤਾ ਨੂੰ ਸਮਝਣ ਹਿੱਤ ਘੜੇ ਪ੍ਰਵਰਗਾਂ ਦੁਆਰਾ ਭਗਤ ਬਾਣੀ ਵਿਚਲੇ ਗਿਆਨ ਪ੍ਰਬੰਧ ਦੀਆਂ ਦਿਸ਼ਾਵਾਂ ਦੀ ਤਲਾਸ਼ ਕਰਨ ਦਾ ਯਤਨ ਕੀਤਾ ਜਾਵੇਗਾ। ਇਸ ਗਿਆਨ ਪ੍ਰਬੰਧ ਦੀ ਸਰਬਕਾਲੀ ਸਾਰਥਿਕਤਾ ਸਥਾਪਿਤ ਕਰਨ ਲਈ "ਲੋੜ ਇਸ ਗੱਲ ਦੀ ਹੈ ਕਿ ਭਗਤਾਂ ਅਤੇ ਗੁਰੂਆਂ ਦੀ ਬਾਣੀ ਨੂੰ ਉਸੇ ਪ੍ਰਸੰਗਾਂ ਨਾਲ ਜੋੜ ਕੇ ਸਮਝਿਆ ਜਾਵੇ ਜਿਨ੍ਹਾਂ ਪ੍ਰਸੰਗਾਂ ਵਿਚ ਇਹ ਬਾਣੀ ਰਚੀ ਗਈ ਸੀ। ਇਸ ਬਾਣੀ ਵਿਚ ਅਜਿਹੇ ਮੁੱਲਵਾਨ ਅਰਥ ਪਏ ਹੋਏ ਹਨ ਜੋ ਹਰ ਕਾਲ/ਹਰ ਸਥਿਤੀ ਅਤੇ ਹਰ ਵਿਅਕਤੀ ਲਈ ਦਿਸ਼ਾ ਬਣ ਸਕਦੇ ਹਨ।" (ਕਾਂਗ. *ਮੱਧਕਾਲੀ ਪੰਜਾਬੀ ਸਾਹਿਤ ਵਿਵੇਕ* 70.)ਇਸ ਮੰਤਵ ਦੀ ਪ੍ਰਾਪਤੀ ਲਈ ਸਾਨੂੰ ਸਮਕਾਲੀ ਸਮੇਂ ਦੇ ਚਿੰਤਨ ਨਾਲ ਸੰਵਾਦ ਰਚਾਉਣਾ ਪਵੇਗਾ। ਸਮਕਾਲੀ ਚਿੰਤਨ ਨੂੰ ਵਿਦੇਸ਼ੀ ਅਤੇ ਖੇਤਰੀ ਚਿੰਤਕਾਂ ਨੇ ਉੱਤਰ-ਆਧੁਨਿਕਤਾ ਦੇ ਨਾਮ ਹੇਠ ਸਿਧਾਂਤਬੱਧ ਕਰਨ ਦਾ ਯਤਨ ਕੀਤਾ ਹੈ। ਇਸ ਲਈ ਅਸੀਂ ਉਪਰੋਕਤ ਸਿਧਾਂਤ ਦੇ ਨਾਲ ਭਗਤ ਬਾਣੀ ਦਾ ਮੁੱਲਾਂਕਣ ਕਰਨ ਦਾ ਯਤਨ ਕਰਾਂਗੇ। ਇਸ ਮੰਤਵ ਦੀ ਪੂਰਤੀ ਹਿੱਤ ਪੰਜਾਬੀ, ਹਿੰਦੀ ਅਤੇ ਪੱਛਮੀ ਸਾਹਿਤ ਦੇ ਵਿਦਵਾਨਾਂ ਦੁਆਰਾ ਸੁਝਾਏ ਪ੍ਰਵਰਗਾਂ ਨਾਲ ਭਗਤ ਬਾਣੀ ਦਾ ਮੁੱਲਾਂਕਣ ਪੇਸ਼ ਕੀਤਾ ਜਾਵੇਗਾ।

ਭਗਤ ਬਾਣੀ ਵਿਚ ਆਪਣੇ ਸਮੇ ਵਿਚ ਵਾਪਰ ਰਹੇ ਵਰਤਾਰਿਆਂ ਨੂੰ ਆਪਣੀਆਂ ਰਚਨਾਵਾਂ ਦਾ ਕੇਂਦਰ ਬਣਾਇਆ ਹੈ। ਭਗਤ ਕਵੀ ਆਪਣੇ ਸਮੇ ਵਿਚ ਫੈਲੀਆਂ ਬੁਰਾਈਆਂ ਖਿਲਾਫ ਅਵਾਜ਼ ਬੁਲੰਦ ਕਰਦੇ ਹੋਏ ਉਸ ਸਮੇ ਦੀ ਹਰੇਕ ਸਥਾਪਤੀ ਵਿਚ ਪ੍ਰਚੱਲਿਤ ਰੀਤਾਂ ਦੀ ਪੁਨਰ ਵਿਆਖਿਆ ਪੇਸ਼ ਕੀਤੀ ਹੈ। ਇਸ ਲਈ ਇਸ ਨੂੰ ਨਿਰੋਲ ਧਾਰਮਿਕ ਜਗਤ ਨਾਲ ਜੋੜਨਾ ਠੀਕ ਨਹੀਂ ਹੈ।

ਬਾਸਿਲ ਮਿਸ਼ੇਲ ਦੁਆਰਾ ਸੰਪਾਦਿਤ 'ਫਿਲਾਸਫੀ ਆਫ ਰਿਲੀਜਨ' ਵਿਚ ਵਿਚਾਰ ਪ੍ਰਗਟਾਏ ਗਏ ਹਨ :Many Philosophers of religion have protested against the Philosophocal assertions thst religious beliefs must be recognized as distinctive language games. (*The Philosophy of Religion* 127.)

ਅਰਥਾਤ "ਕਈ ਧਾਰਮਿਕ ਫਿਲਾਸਫਰਾਂ ਨੇ ਇਸ ਦਾਰਸ਼ਨਿਕ ਦਾਅਵੇ ਵਿਰੁੱਧ ਆਵਾਜ਼ ਉਠਾਈ ਹੈ ਕਿ ਧਾਰਮਿਕ ਵਿਸ਼ਵਾਸਾਂ ਨੂੰ ਵਿਲੱਖਣ ਭਾਸ਼ਾਈ-ਖੇਡਾਂ ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।" ਪਰੰਤੂ ਇਸ ਗੱਲ ਨਾਲ ਬਹੁਤੀ ਸਹਿਮਤੀ ਪ੍ਰਗਟ ਨਹੀਂ ਕੀਤੀ ਜਾ ਸਕਦੀ ਕਿਉਂਕਿ ਭਗਤ ਕਵੀਆਂ ਨੂੰ ਨਿਰੋਲ ਧਾਰਮਿਕ ਆਧਾਰ ਤੇ ਪਰਖਣਾ ਉਨ੍ਹਾਂ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਸਰੋਕਾਰਾਂ ਨੂੰ ਅੱਖੋਂ ਪਰੋਖੇ ਕਰਨ ਦੇ ਸਮਾਨ ਹੈ। ਅਜੋਕੇ ਸਮੇ ਨੂੰ ਉੱਤਰ-ਆਧੁਨਿਕ ਕਾਲ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਡਾ. ਗੁਰਭਗਤ ਸਿੰਘ ਦੇ ਸ਼ਬਦਾਂ ਵਿਚ :

ਸਮਕਾਲੀਨ ਸਮਾਂ ਉੱਤਰ-ਰੂਪ ਸਿਧਾਂਤਕ ਸੰਕਲਪਾਂ ਦੇ ਬੋਲਬਾਲੇ ਦਾ ਸਮਾਂ ਹੈ। ਉੱਤਰ-ਆਧੁਨਿਕਤਾ, ਉੱਤਰ-ਨਾਰੀਵਾਦ, ਉੱਤਰ-ਮਾਰਕਸਵਾਦ ਅਤੇ ਉੱਤਰ-ਯਰਥਾਰਥਵਾਦ ਆਦਿ ਸਿਧਾਂਤ ਅਜੋਕੇ ਚਿੰਤਨ ਵਿਚ ਪਮੁੱਖਤਾ ਅਖਤਿਆਰ ਕਰ ਰਹੇ ਹਨ। ਉੱਤਰ-ਆਧੁਨਿਕਤਾ ਇਨ੍ਹਾਂ ਦਿਨਾਂ ਵਿਚ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਉਭਾਰ ਵਿਚ ਆਇਆ ਸੰਕਲਪ ਹੈ। ਇਸ ਸੰਕਲਪ ਦੀ ਚਰਚਾ ਬੌਧਿਕ ਹਲਕਿਆਂ ਵਿਚ ਪ੍ਰਮੁੱਖਤਾ ਨਾਲ ਹੁੰਦੀ ਹੈ। ਆਧੁਨਿਕਤਾ ਦਾ ਸੁਭਾਅ ਇਕਹਿਰਾ ਹੈ ਜਦੋਂ ਕਿ ਉੱਤਰ-ਆਧੁਨਿਕਤਾ ਬਹੁਲਤਾਵਾਦੀ ਸੁਭਾਅ ਦੀ ਧਾਰਨੀ ਹੈ। ਜੋ ਵੀ ਆਧੁਨਿਕਤਾ ਦੁਆਰਾ ਸਥਾਪਿਤ ਇਕਹਿਰੇ ਸਿਧਾਂਤ ਅਤੇ ਸੱਚ ਨੂੰ ਪ੍ਰਸ਼ਨਾਂ ਦੇ ਘੇਰੇ ਵਿਚ ਲਿਆਉਣ ਵਿਚ ਉੱਤਰ-ਆਧੁਨਿਕਤਾ ਦਾ ਪ੍ਰਮੁੱਖ ਸਥਾਨ ਹੈ। ਆਧੁਨਿਕ ਫਲਸਫੇ ਦੁਆਰਾ ਜੋ ਵੀ ਸਿਧਾਂਤ-ਨਿਰੂਪਣ ਕੀਤਾ ਗਿਆ, ਉਸ ਸਭ ਨੂੰ ਉੱਤਰ-ਆਧੁਨਿਕਤਾ ਪ੍ਰਸ਼ਨ-ਸੂਚਕ ਨਜ਼ਰਾਂ ਨਾਲ ਵੇਖਦੀ ਹੈ। ਉੱਤਰ-

> ਆਧੁਨਿਕਤਾ ਸਮਾਜਕ ਅਨੁਭਵ ਹੈ, ਸੰਸਥਾਵਾਂ ਦਾ ਇਕ ਨਿਵੇਕਲਾ ਸੰਗਠਨ ਹੈ, ਜੋ ਉੱਤਰ-ਆਧੁਨਿਕਤਾਵਾਦੀ ਨਿਰਪੇਖ ਜਾਂ ਪਰਿਪੇਖਾਂ ਨਾਲ ਸੰਸਥਕ ਪੱਧਰ ਤੇ ਵਾਪਰਿਆ ਹੈ। ਉੱਤਰ-ਆਧੁਨਿਕਤਾ ਅਭਿਆਸ ਵਿਚ ਵਾਪਰਿਆ ਇਕ ਪਰਿਵਰਤਨ ਹੈ। (*ਉੱਤਰ-ਆਧੁਨਿਕਤਾਵਾਦ* 9.)

ਜਿਉਂ-ਜਿਉਂ ਇਨਸਾਨ ਨੇ ਤਰੱਕੀ ਦੇ ਮਰਹਲੇ ਤੈਅ ਕੀਤੇ ਹਨ ਠੀਕ ਉਸੇ ਰਫਤਾਰ ਨਾਲ ਮਨੁੱਖ ਇਕੱਲਤਾ ਦੇ ਭੰਵਰ ਵਿਚ ਫਸਦਾ ਰਿਹਾ ਹੈ। ਇਸ ਨਾਲ ਜਿਥੇ ਸਵੈ ਨਾਲ ਜੁੜੀਆਂ ਸਮੱਸਿਆਵਾਂ ਨਾਲ ਮਨੁੱਖਤਾ ਦੋ-ਚਾਰ ਹੈ ਉਥੇ ਸਮਾਜਿਕ ਤੌਰ ਤੇ ਵੀ ਅਸ਼ਾਂਤੀ ਨਾਲ ਜੂਝ ਰਿਹਾ ਹੈ। ਪੋਸਟ ਮਾਡਰਨ ਰੀਡਰ ਅਨੁਸਾਰ :

> Strange moment in human history premodernity, modernity and postmodernity coexist. (*The Fontana, Post Modern Reader* (ed.) Modernity and Post-Modernity Comits. 215.)

ਅਰਥਾਤ,"ਮਨੁੱਖੀ ਇਤਿਹਾਸ ਵਿਚ ਹੈਰਾਨੀਜਨਕ ਪਲ, ਪੂਰਵ ਆਧੁਨਿਕਤਾ, ਆਧੁਨਿਕਤਾ, ਉੱਤਰ-ਆਧੁਨਿਕਤਾ ਨਾਲੋਂ-ਨਾਲ ਇਕੱਠਿਆਂ ਸਹਿਵਰਤਨ ਕਰਦੇ ਹਨ।" ਇਹ ਇਨਸਾਨੀ ਸਮਝ ਦਾ ਮਸਲਾ ਹੈ ਜੋ ਕਿ ਸਮੇਂ ਦੇ ਬਦਲਣ ਨਾਲ ਵਿਕਸਤ ਹੁੰਦੀ ਰਹੀ ਹੈ। ਪਰ ਨਾਲ ਦੀ ਨਾਲ ਇਹ ਸ਼ਰਤ ਵੀ ਲਾਗੂ ਹੈ ਕਿ ਮਨੁੱਖੀ ਹੋਂਦ ਅਤੀਤ ਨੂੰ ਛੱਡ ਕੇ ਤਰੱਕੀ ਦੇ ਰਾਹ ਦੀ ਪਾਂਧੀ ਨਹੀਂ ਬਣ ਸਕਦੀ। ਬੇਸ਼ੱਕ ਇਨਸਾਨ ਆਪਣੀ ਲਗਨ, ਮਿਹਨਤ ਅਤੇ ਦ੍ਰਿੜਤਾ ਨਾਲ ਅਜੋਕੇ ਸਮੇਂ ਤੱਕ ਪਹੁੰਚਣ ਵਿਚ ਕਾਮਯਾਬ ਹੋਇਆ ਹੈ ਪਰੰਤੂ ਇਹ ਸਾਰੀ ਪ੍ਰਾਪਤੀ ਅਤੀਤ ਦੇ ਮੋਢਿਆਂ ਤੇ ਚੜ੍ਹ ਕੇ ਹੀ ਸੰਭਵ ਹੋ ਪਾਈ ਹੈ। "ਉੱਤਰ-ਆਧੁਨਿਕ ਪੱਖ ਬਾਰੇ ਦੂਜੀ ਮਹੱਤਪੂਰਨ ਗੱਲ ਇਹ ਹੈ ਕਿ ਇਸ ਵਿਚਲੀ ਚੇਤੰਨਤਾ ਦੀ ਮੱਦ ਕੇਵਲ ਸਮਾਜਿਕ ਤੌਰ ਤੇ ਨਹੀਂ ਬਣਾਈ ਗਈ ਸਗੋਂ ਚੇਤਨੀ ਤਜਰਬੇ ਵੱਖੋ-ਵੱਖਰੀ ਤਰ੍ਹਾਂ ਵਿਭਿੰਨ ਥਾਵਾਂ ਅਤੇ ਸਮਿਆਂ ਤੇ ਬਣਾਏ ਗਏ ਹਨ।" (159.) ਉੱਤਰ-ਆਧੁਨਿਕਤਾ ਇਕ ਦਮ ਖਲਾਅ ਵਿਚੋਂ ਪੈਦਾ ਹੋਇਆ ਵਰਤਾਰਾ ਜਾ ਗਿਆਨ ਪ੍ਰਬੰਧ ਨਹੀਂ ਹੈ। ਇਹ ਗਲੋਬਲੀ ਪੱਧਰ ਉੱਤੇ ਆਧੁਨਿਕਤਾ ਦੇ ਮੁਕਾਬਲੇ ਜੀਵਨ ਦੇ ਵਿਭਿੰਨ ਪੱਧਰਾਂ ਉੱਤੇ ਵਾਪਰੀਆਂ ਤਬਦੀਲੀਆਂ ਦੇ ਆਧਾਰ ਤੇ ਸਿਧਾਂਤਬੱਧ ਕੀਤਾ ਗਿਆ ਸੰਕਲਪ ਹੈ। ਇਹ ਭਾਵੇਂ ਸੰਸਾਰ ਦੇ ਵੱਖ-ਵੱਖ ਖਿੱਤਿਆਂ ਵਿਚ ਸੱਭਿਆਚਾਰਕ ਪੱਧਰ ਉੱਤੇ ਵਾਪਰੀਆਂ ਤਬਦੀਲੀਆਂ ਨੂੰ ਆਪਣੇ ਕਲੇਵਰ ਵਿਚ ਲੈ ਕੇ ਉਸ

ਨੂੰ ਆਪਣੇ ਗਿਆਨ ਪ੍ਰਬੰਧ ਦਾ ਹਿੱਸਾ ਬਣਾਉਂਦਾ ਹੈ। ਪਰ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਪ੍ਰਸੰਗ ਵਿਚ ਇਹ ਵੱਖੋ-ਵੱਖਰੀਆਂ ਸਥਿਤੀਆਂ ਅਧੀਨ ਹੋਂਦ ਗ੍ਰਹਿਣ ਕਰਦਾ ਹੈ। ਸੰਸਾਰ ਦੇ ਹਰ ਇਕ ਖਿੱਤੇ ਦਾ ਗਿਆਨ ਪ੍ਰਬੰਧ ਇਸ ਨੂੰ ਆਪਣੇ ਅਨੁਸਾਰ ਸਿਧਾਂਤਬੱਧ ਕਰਨ ਵਿਚ ਰੁੱਝਿਆ ਹੋਇਆ ਹੈ। ਲਿਓਤਾਰਦ ਦੇ ਸ਼ਬਦਾਂ ਵਿਚ :

> The States of knowledge is altered as societies inter what is known on the Post-Industial age and Cultures enter what is known as Post-Modern age. (Lyotard. *The Post-Modern Conditions-Report on Knowledge.* 3.)

ਅਰਥਾਤ "ਗਿਆਨ ਦਾ ਰੁਤਬਾ ਹੁਣ ਬਦਲ ਗਿਆ ਹੈ ਕਿਉਂਕਿ ਸਮਾਜ ਹੁਣ ਉਸ ਯੁੱਗ ਵਿਚ ਦਾਖਲ ਹੋ ਗਿਆ ਹੈ ਜਿਸ ਨੂੰ ਉੱਤਰ-ਉਦਯੋਗਿਕ ਕਾਲ ਵਜੋਂ ਜਾਣਿਆਂ ਜਾਂਦਾ ਹੈ ਅਤੇ ਸਭਿਆਚਾਰ ਉਸ ਕਾਲ ਵਿਚ ਜਿਸ ਨੂੰ ਉੱਤਰ-ਆਧੁਨਿਕ ਯੁੱਗ ਵਜੋਂ ਜਾਣਿਆਂ ਜਾਂਦਾ ਹੈ।" ਸੰਸਾਰ ਦੀ ਹਰ ਇਕ ਭਾਸ਼ਾ ਦੀ ਅਮੀਰੀ ਉਸ ਵਿਚ ਰਚੇ ਗਏ ਸਾਹਿਤ ਨਾਲ ਨਿਰਧਾਰਤ ਹੁੰਦੀ ਹੈ। ਪੰਜਾਬੀ ਭਾਸ਼ਾ ਦਾ ਕਲਾਸਕੀ ਸਾਹਿਤ ਮੱਧਕਾਲ ਵਿਚ ਹੋਂਦ ਗ੍ਰਹਿਣ ਕਰਦਾ ਹੈ। ਪੰਜਾਬੀ ਸਾਹਿਤ ਦੀ ਅਮੀਰੀ ਦਾ ਅੰਦਾਜ਼ਾ ਇਸ ਪੱਖੋਂ ਲਗਦਾ ਹੈ ਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਜਿਹੀ ਸ਼ਾਹਕਾਰ ਰਚਨਾ ਮੌਜੂਦ ਹੈ। ਇਸ ਵਿਚਲਾ ਗਿਆਨ ਪ੍ਰਬੰਧ ਵਿਸ਼ਵ ਪੱਧਰ ਤੇ ਮਨੁੱਖਤਾ ਦੀ ਅਗਵਾਈ ਕਰਨ ਦੀ ਸਮਰੱਥਾ ਰੱਖਦਾ ਹੈ। ਸ਼ਾਇਦ ਇਸ ਦਾ ਕਾਰਨ ਇਸ ਵਿਚ ਸ਼ਾਮਿਲ ਰਚਨਾਵਾਂ ਦੇ ਰਚਣਹਾਰਿਆਂ ਦਾ ਵਿਸ਼ਾਲ ਦ੍ਰਿਸ਼ਟੀਕੋਣ ਅਤੇ ਸਮਾਜ ਵਿਚਲੇ ਆਮ ਵਰਗ ਦੀਆਂ ਸਮੱਸਿਆਵਾਂ ਦਾ ਸਟੀਕ ਵਰਨਣ ਹੈ। ਉਨ੍ਹਾਂ ਨੇ ਨਾ ਕੇਵਲ ਸਮੱਸਿਆਵਾਂ ਨੂੰ ਪੇਸ਼ ਕੀਤਾ ਬਲਕਿ ਆਪਣੀ ਰਚਨਾ ਵਿਚ ਇਨ੍ਹਾ ਨਾਲ ਸਿੱਝਣ ਦੀ ਸਮਰੱਥਾ ਹਾਸਲ ਕਰਕੇ ਅਰਥ-ਭਰਪੂਰ ਜੀਵਨ ਜੀਣ ਦਾ ਮਾਰਗ ਵੀ ਦਿਖਾਇਆ। ਇਸ ਅਧਿਆਇ ਵਿਚ ਅਸੀਂ ਭਗਤ ਕਵੀਆਂ ਦੀ ਰਚਨਾਵਾਂ ਦਾ ਮੁੱਲਾਂਕਣ ਕਰਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤ ਕਵੀਆਂ ਦੀਆਂ ਰਚਨਾਵਾਂ ਨੂੰ ਅਸੀਂ ਕ੍ਰਮਵਾਰ ਉੱਤਰ-ਆਧੁਨਿਕਤਾ ਦੇ ਵਿਦਵਾਨਾਂ ਵੱਲੋਂ ਸੁਝਾਏ ਪ੍ਰਵਰਗਾਂ, ਨਿਸ਼ਚਿਤਤਾ/ਅਨਿਸ਼ਚਿਤਤਾ, ਵਿਸ਼ਵੀਕਰਨ/ਸਥਾਨੀਕਰਨ, ਮਹਾਂਬ੍ਰਿਤਾਂਤ/ਅਲਪਬ੍ਰਿਤਾਂਤ, ਵਿਚਾਰ/ਦੇਹ, ਕੇਂਦਰ/ਹਾਸ਼ੀਆਗਤ ਅਤੇ ਅਸਲ/ਨਕਲ ਦੇ ਜੁੱਟਾਂ ਦੁਆਰਾ ਵੇਖਣ

ਦਾ ਯਤਨ ਕਰਾਂਗੇ। ਇਨ੍ਹਾਂ ਪ੍ਰਵਰਗਾਂ ਵਿਚ ਕ੍ਰਮਵਾਰ ਨਿਸ਼ਚਿਤਤਾ/ਅਨਿਸ਼ਚਿਤਤਾ ਦੇ ਜੁੱਟ ਨੂੰ ਅਸੀ ਭਗਤ ਬਾਣੀ ਵਿਚਲੇ ਬ੍ਰਹਮ ਦੀ ਅਟੱਲਤਾ ਜਾਂ ਬ੍ਰਹਮ ਦੇ ਸੰਕਲਪ ਦੇ ਆਧਾਰ ਤੇ ਵੇਖਣ ਦੀ ਕੋਸ਼ਿਸ਼ ਕਰਾਂਗੇ। ਇਸ ਦੁਆਰਾ ਭਗਤ ਬਾਣੀ ਵਿਚਲੇ ਬ੍ਰਹਮ ਦੇ ਸਰੂਪ ਦਾ ਵਿਸ਼ਲੇਸ਼ਣ ਕਰਕੇ ਇਸ ਦੁਆਰਾ ਸੁਝਾਏ ਨਿਸ਼ਚਿਤਤਾ ਦੇ ਮਾਡਲ ਦੀ ਤਲਾਸ਼ ਦਾ ਰਸਤਾ ਖੋਜਣ ਦਾ ਯਤਨ ਕੀਤਾ ਜਾਵੇਗਾ। ਵਿਸ਼ਵੀਕਰਨ/ਸਥਾਨੀਕਰਨ ਦੇ ਜੁੱਟ ਦੀ ਪਰਖ ਦਾ ਆਧਾਰ ਮਨੁੱਖਤਾ ਦੀਆਂ ਸਦੀਵੀ ਸਮੱਸਿਆਵਾਂ ਅਤੇ ਤੱਤਕਾਲੀ ਸਮੱਸਿਆਵਾਂ ਦੇ ਕਾਰਨ ਅਤੇ ਹੱਲ ਦੀ ਤਲਾਸ਼ ਦਾ ਹੋਵੇਗਾ। ਮਹਾਂਬ੍ਰਿਤਾਂਤ/ਅਲਪਬ੍ਰਿਤਾਂਤ ਦੇ ਸੰਕਲਪ ਨੂੰ ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਦੇ ਦਵੰਦਾਤਮਕ ਝਰੋਖੇ ਵਿਚੋਂ ਵੇਖਣ ਦਾ ਯਤਨ ਕੀਤਾ ਜਾਵੇਗਾ। ਵਿਚਾਰ/ਦੇਹ ਦੇ ਜੁੱਟ ਦਾ ਆਧਾਰ ਭਗਤ ਬਾਣੀ ਵਿਚਲੇ ਪੰਜ ਤੱਤ ਦਾ ਸੰਕਲਪ ਅਤੇ ਆਤਮਾ ਦੀ ਅਮਰਤਾ ਬਾਰੇ ਦਿੱਤੇ ਸੰਕਲਪਾਂ ਦੁਆਰਾ ਸਮਝਿਆ ਜਾਵੇਗਾ। ਕੇਂਦਰ/ਹਾਸ਼ੀਆਗਤ ਦੇ ਜੁੱਟ ਨੂੰ ਭਾਸ਼ਾ ਅਤੇ ਜਾਤੀਗਤ ਨਜ਼ਰੀਏ ਦੇ ਤਹਿਤ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇਸੇ ਤਰ੍ਹਾਂ ਅਸਲ/ਨਕਲ ਦੇ ਜੁੱਟ ਨੂੰ ਭਗਤ ਬਾਣੀ ਵਿਚਲੇ ਮਾਇਆ ਦੇ ਸੰਕਲਪ ਦੁਆਰਾ ਸਮਝਣ ਦਾ ਯਤਨ ਕੀਤਾ ਜਾਵੇਗਾ। ਕੁੱਲ ਮਿਲਾਕੇ ਇਸ ਅਧਿਆਇ ਵਿਚ ਉੱਤਰ ਆਧੁਨਿਕਤਾ ਦੇ ਮੂਲ ਸਰੋਕਾਰਾਂ ਨੂੰ ਭਗਤ ਬਾਣੀ ਵਿਚਲੇ ਪ੍ਰਵਚਨ ਦੇ ਆਧਾਰ ਤੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਸਮਝ ਦੁਆਰਾ ਅਸੀਂ ਭਗਤ ਬਾਣੀ ਦੀ ਅਜੋਕੇ ਪਰਿਪੇਖ ਵਿਚ ਸਾਰਥਿਕਤਾ ਸਿੱਧ ਕਰਨ ਵੱਲ ਵਧਣ ਦਾ ਉਪਰਾਲਾ ਕਰ ਸਕਦੇ ਹਾਂ।

## 2.1 ਨਿਸ਼ਚਿਤਤਾ/ਅਨਿਸ਼ਚਿਤਤਾ (ਬ੍ਰਹਮ ਦੀ ਅਟੱਲਤਾ ਜਾਂ ਬ੍ਰਹਮ ਦਾ ਸੰਕਲਪ) :

ਵਿਗਿਆਨ ਦੀ ਚੜ੍ਹਤ ਦੇ ਸਮੇ ਆਧੁਨਿਕਤਾ ਦੇ ਪ੍ਰਭਾਵ ਹੇਠ ਜੀਵਨ ਦੇ ਹਰ ਇਕ ਪੱਧਰ ਉੱਤੇ ਇਸ ਗੱਲ ਦਾ ਅਸਰ ਆਮ ਦੇਖਣ ਨੂੰ ਮਿਲਦਾ ਸੀ ਕਿ ਵਿਗਿਆਨ ਵਿਚ ਹਰ ਇਕ ਸਮੱਸਿਆ ਦਾ ਹੱਲ ਮੁਹੱਈਆ ਕਰਵਾਉਣ ਦੀ ਸਮਰੱਥਾ ਹੈ। ਮਾਨਵ ਜੀਵਨ ਦੇ ਬਹੁਤ ਸਾਰੇ ਖੇਤਰਾਂ ਵਿਚ ਇਸ ਦਾ ਇਹ ਪ੍ਰਭਾਵ ਬਣ ਗਿਆ ਸੀ ਕਿ ਵਿਗਿਆਨਕ ਤਰੱਕੀ ਨਾਲ ਬਹੁਤ ਸਾਰੇ ਵਰਤਾਰੇ ਨਿਸ਼ਚਿਤ ਹੋ ਜਾਣਗੇ। ਪਰ ਇਸ ਤਰਾਂ ਨਾ ਹੋ ਸਕਿਆ ਕਿਉਂਕਿ ਨਿਸ਼ਚਿਤ ਤੌਰ ਤੇ ਵਿਗਿਆਨ ਨੇ ਮਨੁੱਖ ਦੇ ਬਹੁਤ ਸਾਰੇ ਕਾਰਜ ਤਾਂ ਸੌਖੇ ਕਰ ਦਿੱਤੇ ਪਰ ਅੱਜ ਵੀ ਵਿਗਿਆਨ ਸਾਰੇ

ਮਸਲਿਆਂ ਨੂੰ ਆਪਣੀ ਪਕੜ ਵਿਚ ਨਹੀਂ ਲੈ ਸਕਿਆ। ਉੱਤਰ-ਆਧੁਨਿਕਤਾ ਇਸੇ ਨੁਕਤਾ ਨਿਗਾਹ ਤੋਂ ਅਨਿਸ਼ਚਿਤਤਾ ਦੇ ਪੱਖ ਵਿਚ ਭੁਗਤਦੀ ਹੈ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਵਿਚਾਰ ਅਨੁਸਾਰ :

> ਆਦਿ ਕਾਲ ਤੋਂ ਲੈ ਕੇ ਮੱਧਕਾਲ ਤੱਕ ਮਨੁੱਖੀ ਗਿਆਨ ਦਾਇਰੇ ਵਿਚ ਕੁਦਰਤ ਬਾਰੇ ਅਨਿਸ਼ਚਿਤਤਾ ਵਧੇਰੇ ਸੀ ਪਰ ਜਿਉਂ-ਜਿਉਂ ਗਿਆਨ ਸੰਚਿਤ ਹੋਈ ਗਿਆ ਅਨੁਭਵਾਂ ਦੁਆਰਾ ਮੁੜ ਪੜਤਾਲਿਆ ਗਿਆ। ਵਿਗਿਆਨਕ ਸੋਚ ਦਾ ਫੈਲਾਅ ਹੋਣਾ ਸ਼ੁਰੂ ਹੋਇਆ ਤਾਂ ਕੁਦਰਤੀ ਵਰਤਾਰਿਆਂ ਬਾਰੇ ਨਿਸ਼ਚਿਤਤਾ ਵਧਣ ਲੱਗੀ।(*ਉਤਰ ਆਧੁਨਿਕਤਾ* 24-25.)

ਅਜੋਕੇ ਸਮੇ ਤੱਕ ਪਹੁੰਚਣ ਤੱਕ ਮਨੁੱਖ ਦੀਆਂ ਬਹੁਤ ਸਾਰੀਆਂ ਧਾਰਨਾਵਾਂ ਬਦਲ ਗਈਆਂ ਹਨ। ਮਨੁੱਖ ਆਪਣੀ ਪਦਾਰਥਕ ਤਰੱਕੀ ਕਾਰਨ ਸਮਾਜਿਕ ਅਤੇ ਕੁਦਰਤੀ ਵਰਤਾਰਿਆਂ ਬਾਰੇ ਨਿਸ਼ਚਿਤ ਹੋਣ ਦਾ ਭਰਮ ਪਾਲ ਰਿਹਾ ਸੀ। ਉੱਤਰ-ਆਧੁਨਿਕਤਾ ਦਾ ਇਸ ਭਰਮ ਨੂੰ ਤੋੜਨ ਵਿਚ ਵੱਡਾ ਹੱਥ ਹੈ ਪਰ ਅਜੇ "ਕੁਦਰਤੀ ਅਤੇ ਸਮਾਜਕ ਵਰਤਾਰਿਆਂ ਬਾਰੇ ਪੂਰਾ ਨਿਸ਼ਚਿਤ ਹੋ ਜਾਣਾ ਸ਼ਾਇਦ ਸੰਭਵ ਨਹੀਂ ਹੈ। ਜੇ ਨਿਸ਼ਚਿਤਤਾ ਗਲਤ ਸਿੱਟੇ ਕੱਢਦੀ ਹੈ ਤਾਂ ਅੰਤਾਂ ਦੀ ਅਨਿਸ਼ਚਿਤਤਾ ਦਾ ਵੀ ਗਿਆਨ-ਪ੍ਰਬੰਧ ਵਿਚ ਕੋਈ ਥਾਂ ਨਹੀਂ ਹੈ। ਇਸ ਦਵੰਦ ਨੂੰ ਸਮੇਂ-ਸਮੇਂ ਪੜਤਾਲਦੇ ਰਹਿਣਾ ਚਾਹੀਦਾ ਹੈ। ਉਤਰ-ਆਧੁਨਿਕਤਾ ਦੀ ਇਸ ਪਖੋਂ ਦੇਣ ਹੈ ਕਿ ਉਸਨੇ ਨਿਸ਼ਚਿਤਤਾਵਾਦ ਦੇ ਕੱਟੜ ਹੋ ਚੁੱਕੇ ਦਾਇਰੇ ਨੂੰ ਤੋੜਿਆ ਹੈ।" (27.) ਭਗਤ ਕਵੀਆਂ ਨੇ ਆਪਣੀ ਰਚਨਾ ਵਿਚ ਵਿਅਕਤੀ ਅਤੇ ਵਿਆਪਕ ਬ੍ਰਹਮ ਬਾਰੇ ਚਰਚਾ ਕੀਤੀ ਹੈ। ਭਾਰਤੀ ਧਾਰਮਿਕ ਚਿੰਤਨ ਵਿਚ ਵੱਖ-ਵੱਖ ਕੰਮਾਂ ਲਈ ਦੇਵਤਿਆਂ ਨੂੰ ਨਿਰਧਾਰਤ ਕਰਕੇ ਇਕ ਬ੍ਰਹਮ ਰੂਪ ਸੱਤਾ ਸਥਾਪਿਤ ਕਰਨ ਦੀ ਧਾਰਨਾ ਸਭ ਤੋਂ ਪੁਰਾਤਨ ਹੈ।

ਵੈਦਿਕ ਕਾਲ ਵਿਚ 'ਬ੍ਰਹਮਾ' ਨੂੰ ਪ੍ਰਮਾਤਮਾ ਦੇ ਰੂਪ ਵਿਚ ਚਿਤਵਿਆ ਜਾਂਦਾ ਸੀ। ਬ੍ਰਹਮ ਸ਼ਬਦ 'ਬ੍ਰਿਹ' ਧਾਤੂ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਵਿਗਸਣਾ ਜਾ ਵੱਧਣਾ ਹੈ। ਇਸ ਅਨੁਸਾਰ ਉਹ ਤੱਤ ਜੋ ਆਪਣੇ ਆਪ ਤੇ ਆਧਾਰਿਤ, ਆਪਣੇ ਆਪ ਵਿਕਸਿਤ ਹੋਇਆ ਅਤੇ ਆਪਣੇ ਆਪ ਤੇ ਹੀ ਆਸ਼ਰਿਤ ਹੈ, ਉਹ ਬ੍ਰਹਮ ਹੈ। ਸਾਰੇ ਸੰਸਾਰ

ਦੀ ਹੋਂਦ ਦਾ ਕਾਰਕ ਬ੍ਰਹਮ ਹੈ। ਉਹ ਅਲਖ, ਅਗਮ, ਅਗੋਚਰ, ਅਨਾਦਿ, ਅਨੰਤ ਅਤੇ ਅਦ੍ਰਿਸ਼ਟ ਹੈ। ਭਾਰਤੀ ਸੱਭਿਆਚਾਰ ਦੇ ਸਭ ਤੋਂ ਪੁਰਾਣੇ ਗ੍ਰੰਥ 'ਰਿਗਵੇਦ' ਵਿਚ ਬ੍ਰਹਮ ਦੀ ਏਕਤਾ ਨੂੰ ਸਵੀਕਾਰ ਕਰਕੇ ਸਭ ਦਾ ਕਲਿਆਣਕਾਰੀ ਮਿੱਤਰ ਕਿਹਾ ਗਿਆ ਹੈ। 'ਯ ਏਕੋ ਅਸਤਿ ਦੰਸਨਾ ਮਹਾਂ ਉਗ੍ਰੋ ਅਭਿਵ੍ਰਤੇ' 'ਸਰਵਮੋਕਾਰ ਏਵ' ਭਾਵ ਸਭ ਉਂਕਾਰ ਹੀ ਹੈ। ਉਪਨਿਸ਼ਦਾਂ ਵਿਚ ਬ੍ਰਹਮ ਦੇ ਨਾਮ ਨੂੰ ਸੱਚ ਕਿਹਾ ਗਿਆ ਹੈ। ਇਸ ਦੇ ਤਿੰਨਾਂ ਕਾਲਾਂ ਵਿਚ ਵਿਆਪਕ ਅਤੇ ਤਿੰਨਾਂ ਕਾਲਾਂ ਤੋਂ ਨਿਰਲੇਪ ਸਰੂਪ ਦਾ ਵੀ ਵਰਨਣ ਕੀਤਾ ਗਿਆ ਹੈ। ਭਗਵਤ ਗੀਤਾ ਵਿਚ ਬ੍ਰਹਮ ਨੂੰ ਸਾਰੀ ਸ੍ਰਿਸ਼ਟੀ ਦਾ ਰਚਣਹਾਰਾ, ਪਾਲਕ ਅਤੇ ਰੱਖਿਅਕ ਮੰਨਿਆਂ ਗਿਆ ਹੈ। ਜੈਨ ਮੱਤ ਵਿਚ ਵੀ ਇਸ ਅਲੌਕਿਕ ਸ਼ਕਤੀ ਨੂੰ ਸੰਸਾਰ ਦਾ ਮੂਲ ਮੰਨਿਆ ਗਿਆ ਹੈ। ਪਾਰਸੀ ਮੱਤ ਵਿਚ 'ਅਹੁਰਜ਼ਮਦ' ਨਾ ਦਾ ਸੰਕਲਪ ਹੈ। 'ਅਹੁਰ' ਭਾਵ ਆਤਮਾ ਅਤੇ 'ਮਜ਼ਦ' ਦਾ ਅਰਥ ਸ੍ਰਿਸ਼ਟੀ ਦਾ ਸੁਆਮੀ ਹਨ। ਬ੍ਰਹਮ ਬਾਰੇ ਚੀਨ ਦੇ 'ਤਾਓ' ਮੱਤ ਵਿਚ ਵੀ ਸੰਕੇਤ ਮਿਲਦੇ ਹਨ। ਇਸ ਮੱਤ ਦੇ ਮੋਢੀ ਲਾਓ-ਜ਼ੀ ਨੇ 'ਤਾਓ ' ਨੂੰ ਮੁੱਖ ਤੱਤ ਸਵੀਕਾਰਦਿਆਂ ਆਪਣੀ ਪੁਸਤਕ 'ਤਾਓ ਤੇ ਚਿੰਗ' ਵਿਚ ਇਸਦਾ ਜ਼ਿਕਰ ਕੀਤਾ ਹੈ। ਯਹੂਦੀ ਪੈਗੰਬਰਾਂ ਨੇ ਵੀ ਬ੍ਰਹਮ ਰੂਪੀ ਪਰਮਾਤਮਾ ਨੂੰ ਕਾਨੂੰਨ, ਹੁਕਮ, ਸੱਚ ਅਤੇ ਗਿਆਨ ਆਦਿ ਕਿਹਾ ਹੈ। ਹਜ਼ਰਤ ਈਸਾ ਨੇ ਵੀ ਇਸ ਨੂੰ 'ਵਰਡ' ਦੇ ਰੂਪ ਵਿਚ ਚਿਤਵਿਆ ਹੈ। ਇਸਲਾਮ ਵਿਚ ਵੀ ਉਸ ਸ਼ਕਤੀ ਨੂੰ ਅੱਲਾਹ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ '੧ਓ' ਦੇ ਚਿਹਨ ਦੁਆਰਾ ਬ੍ਰਹਮ ਦੇ ਸਰੂਪ ਦਾ ਚਿਤਰਣ ਕੀਤਾ ਹੈ। ਉਹ ਬ੍ਰਹਮ ਹੀ ਜਗਤ ਦਾ ਉਤਪਾਦਕ, ਪਾਲਕ ਅਤੇ ਸੰਘਾਰਕ ਹੈ। ਬ੍ਰਹਮ ਤੋਂ ਇਹ ਜਗਤ ਉਤਪੰਨ ਹੁੰਦਾ ਹੈ ਅਤੇ ਉਸੇ ਵਿਚ ਲੀਨ ਹੋ ਜਾਂਦਾ ਹੈ ਅਤੇ ਉਸ ਦੇ ਕਾਰਨ ਹੀ ਸਥਿਤੀ ਕਾਲ ਵਿਚ ਪ੍ਰਾਣ ਧਾਰਨ ਕਰਦਾ ਹੈ। ਜਦੋਂ ਅਸੀਂ ਉਕਤ ਵਿਸ਼ਲੇਸ਼ਣ ਤੇ ਨਜਰ ਮਾਰਦੇ ਹਾਂ ਵੇਖਦੇ ਹਾਂ ਕਿ ਸਭ ਮੱਤ-ਮਤਾਂਤਰਾਂ ਅਤੇ ਧਰਮਾ ਦੇ ਪ੍ਰਵਰਤਕਾਂ ਅਤੇ ਮੰਨਣ ਵਾਲਿਆਂ ਨੇ ਆਪਣੇ ਅਨੁਭਵ ਦੇ ਆਧਾਰ ਤੇ ਉਸ ਪਰਮ ਸੱਤਾ ਭਾਵ ਬ੍ਰਹਮ ਦਾ ਨਾਮ, ਗੁਣ, ਸਥਾਨ ਅਤੇ ਰੂਪ ਦੇ ਆਧਾਰ ਤੇ ਵਿਵੇਚਨ ਪੇਸ਼ ਕੀਤਾ ਹੈ। ਇਸ ਨਾਲ ਬ੍ਰਹਮ ਦੇ ਦੋ ਸਰੂਪ 'ਵਿਅਕਤ' ਅਤੇ 'ਅਵਿਅਕਤ' ਸਾਹਮਣੇ ਆਉਂਦੇ ਹਨ। ਅਵਿਅਕਤ ਨਿਰਗੁਣ ਦਾ ਅਰਥ ਗੁਣ ਅਤੀਤ ਜੋ ਗੁਣਾਂ ਦੀ ਸੀਮਾ ਤੋਂ ਰਹਿਤ ਹੈ। ਇਹ ਬ੍ਰਹਮ ਰਜੋ, ਤਮੋ ਅਤੇ ਸਤੋ ਤਿੰਨਾ ਗੁਣਾਂ ਤੋਂ ਉੱਪਰ ਹੈ। ਭਗਤ

ਬਾਣੀ ਅੰਦਰ ਇਸ ਬ੍ਰਹਮ ਨੂੰ ਅਨਿਰਵਚਨੀ, ਤੱਤ, ਓਂਕਾਰ, ਸ਼ਬਦ, ਸ਼ੂਨਯ ਅਤੇ ਨਿਰੰਜਨ ਰੂਪ ਵਿਚ ਵੇਖਿਆ ਗਿਆ ਹੈ। ਅਨਿਰਵਚਨੀ ਰੂਪ ਵਿਚ ਬ੍ਰਹਮ ਵਰਨਣਾ ਤੋਂ ਪਰੇ ਹੈ। ਭਗਤ ਬਾਣੀ ਅੰਦਰ ਇਸ ਤੱਤ ਦਾ ਨਿਰੂਪਣ ਨਿਮਨਲਿਖਤ ਤਰੀਕਿਆਂ ਨਾਲ ਹੋਇਆ ਹੈ :

1. ਨਿਰਗੁਣਵਾਦੀ ਵਿਸ਼ੇਸ਼ਣ : ਅਗਮ, ਅਗੋਚਰ, ਅਗੇਯ, ਅਤਰਕ, ਨਿਰਵਿਕਾਰ, ਅਵਿਨਾਸ਼ੀ ਅਤੇ ਨਿਰਗੁਣ

2. ਵਿਰੋਧਾਤਮਕ ਵਰਨਣ : ਉਹ ਹੱਥ ਤੋਂ ਵੀ ਨੇੜੇ ਹੈ ਅਤੇ ਦੂਰ ਵੀ ਹੈ। ਸੁੰਨ ਅਵਸਥਾ ਵਿਚ ਹੈ ਜਿਸ ਕਰਕੇ ਜੀਵ ਉਸਨੂੰ ਜਾਨਣ ਵਿਚ ਔਖ ਮਹਿਸੂਸ ਕਰਦਾ ਹੈ।

3. ਰੂਪਾਤਮਕ ਸ਼ੈਲੀ : ਬ੍ਰਹਮ ਨੂੰ ਬਾਜ਼ੀਗਰ ਰੂਪ ਵਿਚ ਚਿਤਵਿਆ ਹੈ।

4. ਨਕਾਰਾਤਮਕ ਸ਼ੈਲੀ : ਬ੍ਰਹਮ ਨਾ ਸਥੂਲ ਹੈ, ਨਾ ਰੰਗ, ਨਾ ਰੂਪ, ਨਾ ਚੰਦ, ਨਾ ਸੂਰਜ, ਨਾ ਦਿਨ, ਨਾ ਰਾਤ, ਨਾ ਆਕਾਸ਼, ਸ਼ੁਭ, ਅਸ਼ੁਭ, ਜੋਗ, ਭੋਗ, ਧੁੱਪ ਹਵਾ ਤੋਂ ਨਿਆਰਾ ਉਹ ਤਾਂ ਕੇਵਲ ਇੱਕ ਹੈ।

5. ਵਿਭਾਵਾਤਮਕ ਸ਼ੈਲੀ : ਸਰਵ ਵਿਆਪਕ ਹੈ, ਘਟ-ਘਟ ਦੀ ਜਾਨਣ ਵਾਲਾ, ਸਰਬ ਗੁਣ ਸੰਪੰਨ ਅਤੇ ਆਪਣੇ ਆਪ ਵਿਚ ਸੰਪੂਰਨ ਹੈ।

ਅਵਿਅਕਤ ਸਗੁਣ ਬ੍ਰਹਮ ਦਾ ਨਿਰੂਪਣ ਭਗਤ ਬਾਣੀ ਅੰਦਰ ਚਾਰ ਰੂਪਾਂ ਵਿਚ ਮਿਲਦਾ ਹੈ : ਇੱਕ ਈਸ਼ਵਰ, ਸਤਿ ਸਰੂਪ ਬ੍ਰਹਮ, ਜੋਤ ਸਰੂਪ ਬ੍ਰਹਮ ਅਤੇ ਸੈਭੰ ਰੂਪ ਬ੍ਰਹਮ।

ਇਕ ਈਸ਼ਵਰ : ਪ੍ਰਮਾਤਮਾ ਇੱਕ ਹੈ ਅਤੇ ਉਹੀ ਸ੍ਰਿਸ਼ਟੀ ਦਾ ਕਰਤਾ ਧਰਤਾ ਤੇ ਪਾਲਕ ਸੰਚਾਲਕ ਹੈ।

ਜੋਤਿ ਸਰੂਪ : ਪ੍ਰਕਾਸ਼ ਰੂਪ ਹੈ।

ਸੈਭੰ : ਸਵਯੰਭੂ ਭਾਵ ਆਪਣੇ ਆਪ ਵਿਚ ਨਿਰਾਲਾ ਹੈ।

ਵਿਅਕਤ ਸਗੁਣ ਰੂਪ : ਭਗਤ ਬਾਣੀ ਵਿਚ ਇਸ ਸਰਗੁਣ ਰੂਪ ਨੂੰ ਭਾਵਨਾਮਈ ਦਿਵਯ ਰੂਪ, ਵਿਰਾਟ ਰੂਪ, ਕਰਤਾ ਪੁਰਖ, ਪ੍ਰੀਤਮ, ਸੁਲਤਾਨ ਰੂਪ ਅਤੇ ਲੇਖਾ ਮੰਗਣ ਵਾਲਾ ਹੈ। ਭਾਵਨਾਮਈ ਰੂਪ ਵਿਚ ਸੁਆਮੀ, ਮਾਤਾ ਪਿਤਾ, ਪ੍ਰੀਤਮ, ਅੰਸ਼ ਰੂਪ ਅਤੇ ਭਗਤ ਰੱਖਿਅਕ, ਵਿਰਾਟ ਰੂਪ ਵਿਚ ਮਹੇਸ਼, ਆਕਾਸ਼, ਪਾਤਾਲ, ਅੰਤਰਯਾਮੀ ਅਤੇ ਸਰਬਵਿਆਪੀ ਹੈ। ਸੁਲਤਾਨਾ ਦਾ ਸੁਲਤਾਨ ਹੈ, ਮੱਥੇ ਛੱਤਰ ਧਰਨ ਵਾਲਾ ਹੈ। ਇਸ ਰੂਪ ਉਪਰ ਇਸਲਾਮੀ ਚਿੰਤਨ ਦਾ ਪ੍ਰਭਾਵ ਹੈ। ਲੇਖਾ ਮੰਗਣ ਵਾਲੇ ਰੂਪ ਵਿਚ ਚੰਗੇ ਮੰਦੇ ਕਰਮਾ ਦਾ ਹਿਸਾਬ ਕਰਨ ਵਾਲਾ, ਕਿਰਪਾ ਨਿਧ ਹੈ। ਇਸੇ ਪ੍ਰਕਾਰ ਭਗਤ ਬਾਣੀ ਵਿਚ ਪਾਰਸਮਣੀ, ਸੁਧਾਮਣੀ ਅਤੇ ਚਿੰਤਾਮਣੀ ਰੂਪ ਵੀ ਸਾਹਮਣੇ ਆਉਂਦੇ ਹਨ। ਲੌਕਿਕ ਦ੍ਰਿਸ਼ਟੀ ਤੋਂ ਬ੍ਰਹਮ ਰਾਮ ਰੂਪੀ ਪਾਰਸਮਣੀ ਹੋ ਕੇ ਧਨ ਅਤੇ ਖੁਸ਼ਹਾਲੀ ਦਿੰਦਾ ਹੈ। ਸੁਧਾਮਣੀ ਰੂਪ ਵਿਚ ਅੰਮ੍ਰਿਤ ਨਾਮ ਰਸ ਦੀ ਖੁਮਾਰੀ ਦਿੰਦਾ ਹੈ ਅਤੇ ਚਿੰਤਾਮਣੀ ਹੋ ਕੇ ਸਾਰੀਆਂ ਚਿੰਤਾਵਾਂ ਤੋਂ ਮੁਕਤੀ ਦਿੰਦਾ ਹੈ। ਇਸ ਤੋਂ ਇਲਾਵਾ ਪ੍ਰਤੀਕ ਰੂਪ ਵਿਚ ਵੱਖ-ਵੱਖ ਉਪਮਾ ਵਾਲੇ ਸ਼ਬਦ ਪ੍ਰਯੋਗ ਕੀਤੇ ਹਨ। ਇਸ ਤਰ੍ਹਾਂ ਨਿਰਗੁਣ ਅਤੇ ਸਰਗੁਣ ਦੋਵਾਂ ਰੂਪ ਵਿਚ ਵਿਆਪਕ ਹੈ। ਉੱਤਰ-ਆਧੁਨਿਕਤਾ ਦੇ ਦੌਰ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਰਪੇਸ਼ ਹਨ। ਮਨੁੱਖ ਸਦਾ ਤੋਂ ਜਿਥੇ ਆਪਣੀ ਜ਼ਿੰਦਗੀ ਨੂੰ ਸੌਖਾ ਕਰਨ ਵੱਲ ਰੁਚਿਤ ਰਿਹਾ ਹੈ ਉਥੇ ਨਾਲ ਹੀ ਇਸ ਸਮੁੱਚੇ ਬ੍ਰਹਿਮੰਡ ਨੂੰ ਸਮਝਣ ਸਮਝਾਉਣ ਹਿਤ ਵੀ ਕਾਰਜਸ਼ੀਲ ਰਿਹਾ ਹੈ। ਇਸ ਸਭ ਦਾ ਨਤੀਜਾ ਅਜੋਕੀ ਮਨੁੱਖੀ ਤਰੱਕੀ ਦੇ ਰੂਪ ਵਿਚ ਸਾਹਮਣੇ ਹੈ। ਇਹ ਤਰੱਕੀ ਪਦਾਰਥਿਕ ਰੂਪ ਵਿਚ ਬੇਸ਼ੱਕ ਮਨੁੱਖੀ ਜੀਵਨ ਨੂੰ ਸੁਖਾਲੇ ਕਰਨ ਵਿਚ ਸਹਾਈ ਹੋਈ ਹੈ ਪਰੰਤੂ ਅੰਦਰੂਨੀ ਤੌਰ ਤੇ ਮਨੁੱਖ ਦੀਆਂ ਪਰੇਸ਼ਾਨੀਆਂ ਵਿਚ ਢੇਰ ਸਾਰੇ ਵਾਧੇ ਦਾ ਕਾਰਨ ਵੀ ਬਣੀ ਹੈ। ਆਧੁਨਿਕਤਾ ਤੱਕ ਆਉਣ ਤੱਕ ਮਨੁੱਖ ਇਸ ਭਰਮ ਵਿਚ ਹੀ ਸੀ ਕਿ ਸ਼ਾਇਦ ਇਸ ਤਰੱਕੀ ਵਿਚ ਹੀ ਉਸਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਪਰੰਤੂ ਇਸ ਦੁਆਰਾ ਪੈਦਾ ਸਮੱਸਿਆਵਾਂ ਨੇ ਮਨੁੱਖ ਨੂੰ ਇਕ ਅਜੀਬ ਤਰ੍ਹਾਂ ਦੀ ਸਥਿਤੀ ਵਿਚ ਪਹੁੰਚਾ ਦਿੱਤਾ ਹੈ। ਹੁਣ ਉਸ ਲਈ ਸਮੱਸਿਆ ਇਹ ਹੈ ਕਿ ਉਹ ਇਸ ਤਰੱਕੀ ਦਾ ਜਸ਼ਨ ਮਨਾਵੇ ਜਾ ਫਿਰ ਇਸ ਦੁਆਰਾ ਪੈਦਾ ਸਮੱਸਿਆਵਾਂ ਤੇ ਰੁਦਨ ਕਰੇ। ਇਹ ਉੱਤਰ-ਆਧੁਨਿਕ ਸਥਿਤੀ ਦੀ ਵਿਡੰਬਨਾ ਹੈ। ਇਸ ਤਰੱਕੀ ਨਾਲ ਮਨੁੱਖੀ ਅੰਤਰਵਿਰੋਧ ਦੀਆਂ ਸੰਭਾਵਨਾਵਾਂ ਵਿਚ ਬਹੁਤ ਵਾਧਾ ਹੋਇਆ ਹੈ। ਇਸ ਸਥਿਤੀ ਨੂੰ ਅਸੀਂ ਅਜੋਕੇ ਸਮੇਂ ਵਿਚ ਵਾਪਰਦੀਆਂ ਘਟਨਾਵਾਂ ਅਤੇ

ਚਿੰਤਕਾਂ ਦੁਆਰਾ ਪੇਸ਼ ਸਥਿਤੀਮੂਲਕ ਵਿਸ਼ਲੇਸ਼ਣ ਦੁਆਰਾ ਚਿੰਨ੍ਹਿਤ ਕਰ ਸਕਦੇ ਹਾਂ। ਉੱਤਰ-ਆਧੁਨਿਕ ਸਮੇਂ ਵਿਚ ਜੀਵਨ ਜਾਂਚ ਵਿਚ ਆਏ ਪਰਿਵਰਤਨ ਜਿਸ ਵਿਚ ਸਵਾਰਥ, ਰਿਸ਼ਤਿਆਂ ਵਿਚ ਆਏ ਬਦਲਾਉ, ਸਮਾਜਿਕ ਚਲਣ ਆਦਿ ਨੂੰ ਅਸੀਂ ਉੱਤਰ-ਆਧੁਨਿਕਤਾ ਦੇ ਸੰਕਲਪਾਂ ਦੁਆਰਾ ਸਮਝ ਸਕਦੇ ਹਾਂ। ਭਗਤ ਬਾਣੀ ਵਿਚ ਪੇਸ਼ ਬ੍ਰਹਮ ਨਿਰਗੁਣ ਰੂਪ ਵਿਚ ਸਭ ਨੂੰ ਏਕਤਾ ਪ੍ਰਦਾਨ ਕਰਨ ਵਾਲਾ ਹੈ। ਇਸ ਵਿਚ ਇਹ ਗੱਲ ਧਿਆਨ ਮੰਗਦੀ ਹੈ ਕਿ ਸਰਗੁਣ ਬ੍ਰਹਮ ਦਾ ਸਰੂਪ ਵਿਖੰਡਿਤ ਪ੍ਰਕਿਰਤੀ ਦਾ ਲਖਾਇਕ ਹੈ। ਇਸ ਅਨੁਸਾਰ ਬ੍ਰਹਮ ਨੂੰ ਕਿਸੇ ਮਨੁੱਖੀ ਰੂਪ ਵਿਚ ਚਿਤਵਿਆ ਜਾਂਦਾ ਹੈ ਪਰ ਨਿਰਗੁਣ ਬ੍ਰਹਮ ਦਾ ਸਰੂਪ ਏਕਤਾ ਦਾ ਅਨੁਸਾਰੀ ਹੈ। ਨਿਰਗੁਣ ਬ੍ਰਹਮ ਦੁਆਰਾ ਸਮੁੱਚੀ ਸ੍ਰਿਸ਼ਟੀ ਨੂੰ ਇਕਰੂਪਤਾ ਵਿਚ ਵੇਖਿਆ ਜਾ ਸਕਦਾ ਹੈ। ਪਰ ਅਜੋਕੀ ਸਮੱਸਿਆ ਇਸ ਤੋਂ ਵੀ ਅੱਗੇ ਦਾ ਰੂਪ ਅਖਤਿਆਰ ਕਰਦੀ ਹੈ। ਇਸ ਦੀ ਉਦਾਹਰਣ ਸਾਨੂੰ ਵਿਸ਼ਵ ਪੱਧਰ ਤੇ ਦਰਪੇਸ਼ ਅੱਤਵਾਦ ਦੀ ਸਮੱਸਿਆ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਇਹ ਸਮੱਸਿਆ ਉਨ੍ਹਾਂ ਧਰਮਾਂ ਦੇ ਟਕਰਾਉ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੇ ਅਨੁਸਾਰੀ ਸਮਝਿਆ ਜਾਂਦਾ ਹੈ। ਇਸੇ ਅਨਿਸ਼ਚਿਤਤਾ ਨੂੰ ਉੱਤਰ-ਆਧੁਨਿਕ ਚਿੰਤਨ ਦੁਆਰਾ ਨਿਰੂਪਤ ਕੀਤਾ ਗਿਆ ਹੈ। ਹੁਣ ਵਿਚਾਰ ਕਰਨ ਦੀ ਗੱਲ ਇਹ ਹੈ ਕਿ ਭਗਤ ਬਾਣੀ ਵਿਚਲਾ ਬ੍ਰਹਮ ਇਸ ਵਰਤਾਰੇ ਨੂੰ ਕਿਸ ਤਰ੍ਹਾਂ ਸੰਬੋਧਿਤ ਹੁੰਦਾ ਹੈ। ਇਸ ਦੁਆਰਾ ਇਸ ਸਮੱਸਿਆ ਨੂੰ ਕਿਸ ਤਰ੍ਹਾਂ ਨਜਿੱਠਣ ਦੀ ਸੇਧ ਪ੍ਰਾਪਤ ਕੀਤੀ ਜਾ ਸਕਦੀ ਹੈ। ਭਗਤ ਬਾਣੀ ਵਿਚ ਅਨਿਸ਼ਚਿਤਤਾ ਪ੍ਰਤੀ ਸਾਕਾਰਾਤਮਕ ਸਰੂਪ ਵਿਚ ਬ੍ਰਹਮ ਦੀ ਨਿਸਚਿਤਤਾ ਦਾ ਸੰਕਲਪ ਵੀ ਪੇਸ਼ ਹੋਇਆ ਹੈ। ਪਹਿਲਾਂ ਅਸੀਂ ਇਸ ਵਿਚਲੀ ਅਨਿਸ਼ਚਿਤਤਾ ਨਾਲ ਸੰਵਾਦ ਰਚਾਉਣ ਦਾ ਯਤਨ ਕਰਦੇ ਹਾਂ।

ਬਾਬਾ ਫਰੀਦ ਜੀ ਦੀ ਰਚਨਾ ਵਿਚ ਨਿਸ਼ਚਿਤਤਾ ਦੇ ਨਾਲ ਸੰਵਾਦ ਤਾਂ ਹੈ ਹੀ ਪਰ ਨਾਲ ਹੀ ਅਨਿਸ਼ਚਿਤਤਾ ਬਾਰੇ ਧਾਰਨਾਵਾਂ ਵੀ ਥਾਂ-ਪੁਰ-ਥਾਂ ਮਿਲਦੀਆਂ ਹਨ। ਉੱਤਰ-ਆਧੁਨਿਕ ਯੁੱਗ ਵਿਚ ਆਪ ਜੀ ਦੀ ਰਚਨਾ ਮਨੁੱਖਤਾ ਨੂੰ ਸਹੀ ਸੇਧ ਵੱਲ ਤੋਰਨ ਦੇ ਪੂਰੀ ਤਰਾਂ ਸਮਰੱਥ ਹੈ। ਇਹੋ ਕਾਰਨ ਹੈ ਕਿ ਆਪ ਜੀ ਦੀ ਰਚਨਾ ਦੇ ਸਰਬਕਾਲੀ ਮਹੱਤਵ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਨ ਮਿਲਿਆ ਹੈ।

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 488.)

ਜਾ

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥

ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥(488.)

ਫਰੀਦ ਜੀ ਅਨੁਸਾਰ ਤਨ ਦੀ ਨਾਸ਼ਮਾਨਤਾ ਅਟੱਲ ਸੱਚਾਈ ਹੈ। ਇਸ ਰਾਹੀਂ ਫਰੀਦ ਜੀ ਇਸ ਸ਼ਰੀਰ ਦੇ ਖਾਕ ਹੋਣ ਬਾਰੇ ਨਿਸ਼ਚਿਤ ਅਰਥਾਂ ਵਿਚ ਬੰਨਦੇ ਹਨ। ਇਸੇ ਸ਼ਬਦ ਵਿਚ ਹੀ ਨਿਸ਼ਚਿਤਤਾ ਅਤੇ ਅਨਿਸ਼ਚਿਤਤਾ ਦਾ ਅਦੁੱਭੁਤ ਪ੍ਰਗਟਾਵਾ ਪੇਸ਼ ਕਰ ਰਹੇ ਹਨ ਕਿ ਕੋਈ ਵੀ ਚੀਜ਼ ਸਦਾ ਰਹਿਣ ਵਾਲੀ ਨਹੀਂ ਹੈ। ਉੱਤਰ-ਆਧੁਨਿਕਤਾ ਨਿਸ਼ਚਿਤਤਾ, ਕ੍ਰਮਿਕਤਾ, ਇਕਰੂਪਤਾ ਵਿਚ ਵਿਸ਼ਵਾਸ ਨਹੀਂ ਕਰਦੀ ਬਲਕਿ ਅਸਪੱਸ਼ਟ ਅਤੇ ਅਨਾਯਾਸ ਨੂੰ ਮਾਨਤਾ ਦਿੰਦਾ ਹੈ। ਫਰੀਦ ਜੀ ਨਿਸ਼ਚਿਤਤਾ ਨੂੰ ਵੀ ਖੂਬਸੂਰਤੀ ਨਾਲ ਬਿਆਨਦੇ ਹਨ ਕਿ ਜਿਸ ਆਸਣ ਉੱਪਰ ਅੱਜ ਮੈਂ ਬੈਠਾ ਹਾਂ ਉਹ ਆਸਣ ਨਿਸ਼ਚਿਤ ਹੈ। ਇਹੋ ਭਗਤ ਬਾਣੀ ਦੇ ਵਿਲੱਖਣ ਸੁਭਾਅ ਦਾ ਨਜ਼ਰੀਆ ਹੈ।

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ॥

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ॥(488.)

ਇਸ ਦਿੱਸਦੇ ਸੰਸਾਰ ਦੀ ਨਾਸ਼ਵਾਨਤਾ ਦਾ ਜ਼ਿਕਰ ਕਰਨ ਲੱਗੇ ਫਰੀਦ ਜੀ ਇਸ ਦੀ ਅਨਿਸ਼ਚਿਤਤਾ ਨੂੰ ਰੂਪਕ ਤੌਰ ਤੇ ਵਰਤਦੇ ਹਨ। ਇਸ ਵਿਚ ਸਵੈ-ਕਥਨ ਦੇ ਮਾਧਿਅਮ ਨਾਲ ਆਪਣੇ ਭਾਵ ਪੇਸ਼ ਕਰਦੇ ਹੋਏ ਦੁਨੀਆਂ ਨੂੰ ਝੂਠ ਤੱਕ ਦੀ ਤਸ਼ਬੀਹ ਦਿੱਤੀ ਗਈ ਹੈ। ਉੱਤਰ-ਆਧੁਨਿਕ ਯੁੱਗ ਸਥਿਤੀ ਅੰਦਰ ਮਨੁੱਖ ਦਾ ਕਿਸੇ ਵੀ ਨਿਸ਼ਚਿਤ ਵਰਤਾਰੇ ਤੋਂ ਵਿਸ਼ਵਾਸ ਖਤਮ ਹੋ ਚੁੱਕਾ ਹੈ। ਡਾ. ਰਾਜਿੰਦਰਪਾਲ ਸਿੰਘ ਦੇ ਸ਼ਬਦਾਂ ਵਿਚ,"ਵਿਗਿਆਨ ਅਤੇ ਸਮਾਜਕ ਵਰਤਾਰਿਆਂ ਦੇ ਅਨੁਭਵ ਨੇ ਨਿਸ਼ਚਿਤਤਾਵਾਦ ਦੀ ਬੁਨਿਆਦ ਤੇ ਖੜੇ ਆਧੁਨਿਕਤਾਵਾਦ ਨੂੰ ਢਹਿ ਢੇਰੀ ਕਰ ਦਿੱਤਾ,

ਸਿੱਟੇ ਵੱਜੋਂ ਉਤਰ-ਆਧੁਨਿਕਤਾਵਾਦ ਨੇ ਮੁੜ ਨਿਸ਼ਚਿਤ ਸਿਧਾਤਾਂ ਦੀ ਥਾਵੇਂ ਅਨਿਸ਼ਚਿਤਤਾ ਨੂੰ ਪ੍ਰਮੁੱਖਤਾ ਦੇਣੀ ਸ਼ੁਰੂ ਕਰ ਦਿੱਤੀ ਹੈ।"(*ਉਤਰ ਆਧੁਨਿਕਤਾ* 26.) ਫਰੀਦ ਜੀ ਦੀ ਰਚਨਾ ਸਮੇ ਦੀ ਸੱਚਾਈ ਬਿਆਨ ਕਰਕੇ ਸਵੈ ਨਾਲ ਆਤਮਸਾਤ ਰੂਪੀ ਹੱਲ ਪੇਸ਼ ਕਰਦੀ ਹੈ। ਮਨੁੱਖ ਦੇ ਦੁੱਖਾਂ ਦੀ ਉਮਰ ਵੀ ਮਨੁੱਖ ਦੀ ਹੋਂਦ ਜਿੰਨੀ ਹੀ ਹੈ। ਬੇਸ਼ੱਕ ਇਨਸਾਨ ਕਿੰਨਾ ਵੀ ਤਰੱਕੀ ਵੱਲ ਅਗਰਸਰ ਹੋ ਜਾਵੇ, ਮੂਲਭੂਤ ਸਮੱਸਿਆਵਾਂ ਅਬਦਲ ਹਨ। ਫਰੀਦ ਬਾਣੀ ਵਿਚ ਇਹ ਤੱਥ ਉੱਭਰਵੇਂ ਰੂਪ ਨਾਲ ਪ੍ਰਗਟ ਹੁੰਦਾ ਹੈ।

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 794.)

ਉੱਤਰ-ਆਧੁਨਿਕਤਾ ਕਿਸੇ ਵੀ ਨਿਸ਼ਚਿਤ ਵਰਤਾਰੇ ਨੂੰ ਰੱਦ ਕਰਦੀ ਹੈ। ਇਸ ਵਿਚ ਸੱਚ ਬਹੁਭਾਂਤੀ ਹੋ ਸਕਦਾ ਹੈ। ਉਤਰ-ਆਧੁਨਿਕ ਸੋਚਣ ਦਾ ਤਰੀਕਾ ਹੈ ਜੋ ਪਰੰਪਰਾ ਤੋਂ ਚੱਲੇ ਆ ਰਹੇ ਸੱਚ, ਤਰਕ, ਪਛਾਣ ਅਤੇ ਬਾਹਰ ਮੁੱਖਤਾ ਦੇ ਸੰਕਲਪਾਂ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਂਦਾ ਹੈ। ਇਹ ਬ੍ਰਹਿਮੰਡੀ ਆਕਾਸ਼, ਇਕਹਿਰੇ ਸੱਚ, ਬਿਰਤਾਂਤ ਅਤੇ ਅੰਤਿਮ ਵਿਆਖਿਆ ਨੂੰ ਪ੍ਰਸ਼ਨਾਂ ਦੇ ਘੇਰੇ ਵਿਚ ਲਿਆਉਂਦਾ ਹੈ। ਗਿਆਨ ਦੇ ਇਨ੍ਹਾਂ ਪ੍ਰਤੀਮਾਨਾ ਦੇ ਵਿਰੋਧ ਵਿਚ ਇਹ ਵਿਸ਼ਵ ਨੂੰ ਅਚਾਨਕ, ਨਿਰਾਧਾਰ, ਬਹੁਭਾਂਤੀ, ਅਸਥਿਰ, ਅਨਿਸ਼ਚਿਤ, ਬਿਖਰੇ ਸਭਿਆਚਾਰਕ ਜੋੜ ਜਾਂ ਵਿਆਖਿਆ ਦੇ ਤੌਰ 'ਤੇ ਵੇਖਦਾ ਹੈ, ਜਿਹੜਾ ਸੱਚ ਦੀ ਬਾਹਰਮੁੱਖਤਾ ਇਤਿਹਾਸ, ਪ੍ਰਤੀਮਾਨਾ, ਪ੍ਰਕਿਰਤੀਆਂ ਦੀ ਨਿਸ਼ਚਿਤਤਾ ਅਤੇ ਪਛਾਣਾ ਦੀ ਇਕਜੁੱਟਤਾ ਬਾਰੇ ਸ਼ੰਕੇ ਖੜੇ ਕਰਦਾ ਹੈ। ਭਗਤ ਬਾਣੀ ਵਿਚ ਕੋਇਲ ਦੇ ਰੰਗ ਨੂੰ ਉਸ ਦੀ ਜੈਵਿਕ ਰੰਗਤ ਤੋਂ ਵੱਖਰੇ ਢੰਗ ਨਾਲ ਪ੍ਰਗਟਾਅ ਕੇ ਨਿਸ਼ਚਿਤਤਾ ਦੇ ਦਾਇਰੇ ਨੂੰ ਤੋੜਦੀ ਹੈ। ਇਥੇ ਨਾਂਹਵਾਚੀ ਪ੍ਰਵਿਰਤੀ ਪ੍ਰਤੀ ਨਿੱਗਰ ਸੋਚ ਦਾ ਪ੍ਰਗਟਾਵਾ ਪੇਸ਼ ਹੋਇਆ ਹੈ। ਕੋਇਲ ਦੇ ਕਾਲੇ ਰੰਗ ਨੂੰ ਬਿਰਹੋਂ ਨਾਲ ਜੋੜ ਕੇ ਨਵੀਂ ਦਿਸ਼ਾ ਦੇ ਦਿੱਤੀ ਗਈ ਹੈ।

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥

ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥(794.)

ਕੋਈ ਵੀ ਸੱਭਿਆਚਾਰਕ ਮੁੱਲ, ਵਿਚਾਰ ਜਾ ਨਵੀਂ ਦ੍ਰਿਸ਼ਟੀ ਖਲਾਅ ਵਿਚੋਂ ਪੈਦਾ ਨਹੀਂ ਹੁੰਦੀ। ਸਮਾਜਿਕ ਪ੍ਰਸਥਿਤੀਆਂ ਵਿਚ ਜਦੋਂ ਪਰਿਵਰਤਨ ਵਾਪਰਦਾ ਹੈ ਤਾਂ ਇਹ ਪੈਦਾ ਹੁੰਦੀਆਂ ਹਨ। ਉੱਤਰ-ਆਧੁਨਿਕਤਾ ਦੀਆਂ ਜੜ੍ਹਾਂ ਵੀ ਸਮਾਜਿਕ ਪਰਿਵਰਤਨ ਵਿਚ ਹਨ। ਸਾਹਿਤਕਾਰ ਕਿਉਂਕਿ ਸਮਾਜਿਕ ਜੀਵ ਹੁੰਦਾ ਹੈ ਜਿਸ ਕਾਰਨ ਉਹ ਇਨ੍ਹਾਂ ਮੁੱਲਾਂ, ਵਿਚਾਰਾਂ ਅਤੇ ਦ੍ਰਿਸ਼ਟੀਆਂ ਦਾ ਪ੍ਰਗਟਾਵਾ ਆਪਣੀਆਂ ਰਚਨਾਵਾਂ ਰਾਹੀਂ ਪੇਸ਼ ਕਰਦਾ ਹੈ। ਭਗਤ ਕਵੀਆਂ ਦੀਆਂ ਰਚਨਾਵਾਂ ਅੰਦਰ ਇਹ ਪ੍ਰਮੁੱਖ ਰੂਪ ਵਿਚ ਪ੍ਰਗਟ ਹੁੰਦੀਆਂ ਹਨ। ਉਨ੍ਹਾਂ ਵਿਚੋਂ ਬਹੁਤਿਆਂ ਨੇ ਖੁਦ ਸਮਾਜ ਦੇ ਕਥਿਤ ਨੀਵੇਂ ਵਰਗਾਂ ਨਾਲ ਸਬੰਧਿਤ ਹੋਣ ਕਾਰਨ ਉਸ ਸਥਿਤੀ ਨੂੰ ਭੋਗਿਆ ਹੈ। ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਵਿਚਲੇ ਬਿਰਤਾਤਾਂ ਦੁਆਰਾ ਹਰੇਕ ਯੁੱਗ ਸਥਿਤੀ ਦਾ ਮਨੁੱਖ ਆਪਣੀਆਂ ਸਮਕਾਲੀ ਪ੍ਰਸਥਿਤੀਆਂ ਨਾਲ ਨਜਿੱਠਣ ਲਈ ਸੇਧਾਂ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਸਹਿਜ ਬਣਾ ਸਕਦਾ ਹੈ। ਚੰਗੇਰੇ ਸਮਾਜ ਦੇ ਨਿਰਮਾਣ ਲਈ ਇਸ ਵਿਚੋਂ ਬਹੁਤ ਮਿਸਾਲਾਂ ਪ੍ਰਾਪਤ ਹੁੰਦੀਆਂ ਹਨ। ਐਡਿਥ ਵਿੱਚਗਰੋਡ ਆਪਣੀ ਪੁਸਤਕ *ਸੇਂਟਸ ਐਂਡ ਪੋਸਟ ਮਾਡਰਨਿਜ਼ਮ* ਵਿਚ ਲਿਖਦੇ ਹਨ :

> The Comprehension of a Saint life understood from the Sphere of hagiography is practice through which the addressee is gathered into the narrative so as to entered and elaborate it with her/his own life. (Edith Wyschgrod. *Saints and Post-Modernism* 23.)

ਅਰਥਾਤ "ਇਕ ਸੰਤ ਦੇ ਜੀਵਨ ਦਾ ਬੋਧ ਉਸ ਦੇ ਸੰਤ-ਸਾਖੀ ਜੀਵਨ ਦੇ ਦਾਇਰੇ ਵਿਚੋਂ ਸਮਝਿਆ ਜਾ ਸਕਦਾ ਹੈ, ਇਹ ਇਕ ਅਭਿਆਸ ਹੈ ਜਿਸ ਰਾਹੀਂ ਸਰੋਤਾ ਜਾਂ ਪ੍ਰਾਪਤ ਕਰਤਾ ਉਸ ਬਿਰਤਾਂਤ ਵਿਚ ਰੁੜ੍ਹ ਜਾਂਦਾ ਹੈ ਤਾਂ ਕਿ ਉਹ ਇਸਨੂੰ ਆਪਣੇ ਜੀਵਨ ਨਾਲ ਮੇਲ ਕੇ ਚੱਲ ਸਕੇ।"ਇਥੇ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਭਗਤ ਕਵੀਆਂ ਦੁਆਰਾ ਉਸ ਸਮੇ ਦੇ ਕੀਮਤ ਪ੍ਰਬੰਧ ਅਤੇ ਉਸ ਵਿਚਲੀਆਂ ਵਿਸੰਗਤੀਆਂ ਉੱਪਰ ਕਟਾਖਸ਼ ਕੀਤਾ ਗਿਆ ਹੈ। ਉੱਤਰ-

ਆਧੁਨਿਕਤਾ ਦੇ ਲੱਛਣਾਂ ਵਿਚੋਂ ਇਹ ਵੀ ਪ੍ਰਮੁੱਖ ਹੈ ਕਿ ਇਹ ਉਨ੍ਹਾਂ ਸਥਾਪਤ ਮੁੱਲ, ਵਿਚਾਰ ਅਤੇ ਦ੍ਰਿਸ਼ਟੀਆਂ ਜੋ ਕਿ ਉਸ ਸਮਾਜ ਦੁਆਰਾ ਨਿਸ਼ਚਤ ਮੰਨ ਲਈ ਹੁੰਦੀਆਂ ਹਨ, ਨੂੰ ਨਕਾਰਦੀ ਹੈ। ਉੱਤਰ-ਆਧੁਨਿਕਤਾ ਦੇ ਇਸ ਸੁਭਾਅ ਨੂੰ ਭਗਤ ਬਾਣੀ ਸੰਬੋਧਿਤ ਹੁੰਦੀ ਹੈ। ਭਗਤਾਂ ਦਾ ਕਵੀ ਹਿਰਦਾ ਸਮਾਜ ਵਿਚ ਹੋ ਰਹੇ ਸਹੀ/ਗਲਤ ਦੋਵੇਂ ਪ੍ਰਕਾਰ ਦੇ ਪ੍ਰਭਾਵਾਂ ਨੂੰ ਕਬੂਲਦਾ ਹੈ। ਉਹ ਇਨ੍ਹਾਂ ਪ੍ਰਭਾਵਾਂ ਦਾ ਮੁੱਲਾਂਕਣ ਕਰਕੇ ਮਨੁੱਖਤਾ ਅਤੇ ਸਮਾਜ ਦੇ ਹਿੱਤ ਨੂੰ ਪ੍ਰਮੁੱਖਤਾ ਦੇਣ ਵਾਲੀ ਰਚਨਾ ਪੇਸ਼ ਕਰਦੇ ਹਨ, ਜਿਸ ਦੀ ਸਮਰੱਥਾ ਸਰਬਕਾਲੀ ਹੈ। ਇਸ ਦਾ ਕਾਰਣ ਸ਼ਾਇਦ ਉਨ੍ਹਾਂ ਦਾ ਨਿੱਜੀ ਅਨੁਭਵ ਵੀ ਹੈ। ਭਗਤ ਕਵੀ ਆਮ ਲੋਕਾਂ ਦੀ ਤਰ੍ਹਾਂ ਜੀਵਨ ਦੇ ਖੱਟੇ-ਮਿੱਠੇ ਤਜ਼ਰਬਿਆਂ ਨਾਲ ਖੁਦ ਬਾਵਸਤਾ ਰਹੇ ਹਨ। ਉਹ ਜ਼ਮੀਨ ਨਾਲ ਜੁੜੇ ਹੋਏ ਸਨ ਅਤੇ ਆਪਣੇ ਆਪ ਨੂੰ ਵਿਲੱਖਣ ਪ੍ਰਤਿਭਾ ਦੇ ਬਲ ਤੇ ਅੱਗੇ ਲੈ ਕੇ ਆਏ, ਜਿਸ ਕਾਰਣ ਸਮਾਜ ਵਿਚਲੇ ਦੱਬੇ ਕੁਚਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਆਵਾਜ਼ ਮਿਲੀ। ਇਸ ਨਾਲ ਸਮਾਜ ਵਿਚ ਨਵੀਂ ਸੋਚ ਦਾ ਸੰਚਾਰ ਹੋਇਆ। ਇਨ੍ਹਾਂ ਭਗਤ ਕਵੀਆਂ ਦੀਆਂ ਰਚਨਾਵਾਂ ਅੱਜ ਵੀ ਸਮਾਜ ਵਿਚਲੀ ਨਾ-ਬਰਾਬਰੀ ਪ੍ਰਤੀ ਪ੍ਰਚੰਡ ਰੂਪ ਵਿਚ ਕਾਰਜਸ਼ੀਲ ਹਨ। ਇਨ੍ਹਾਂ ਤੋਂ ਅੱਜ ਵੀ ਲੋਕ ਸੇਧ ਲੈਂਦੇ ਹਨ।"ਸੰਤਾਂ ਦਾ ਜੀਵਨ ਕੇਵਲ ਕਾਰਜਾ ਦਾ ਜੀਵਨ ਨਹੀਂ। ਸਗੋਂ ਇਹ ਅਧਿਕਾਰਤ ਕਾਰਜਾਂ ਦਾ ਜੀਵਨ ਹੈ। ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਨੈਤਿਕ ਕਾਰਜਾਂ ਦੀ ਸਵੀਕਾਰਤਾ ਜਿਸ ਵਿਚ, ਸਵੀਕ੍ਰਿਤੀ ਬਿਰਤਾਂਤ ਲਈ ਆਮ ਪੂਰਵ-ਅਨੁਮਾਨੀ ਕਲਪਨਾਵਾਂ, ਜਿਨ੍ਹਾਂ ਦੀ ਆਲੋਚਨਾ ਹੁੰਦੀ ਹੈ, ਉਨ੍ਹਾਂ ਨੂੰ ਤਿਆਗਣ ਦੀ ਲੋੜ ਹੈ।"(60.) ਅਨਿਸ਼ਚਿਤਤਾ ਤੇ ਸਮੇਂ ਨੂੰ ਫਰੀਦ ਬਾਣੀ ਵਿਚ ਪ੍ਰਮੁੱਖਤਾ ਨਾਲ ਅੰਕਿਤ ਕੀਤਾ ਗਿਆ ਮਿਲਦਾ ਹੈ। ਬੇਸ਼ਕ ਸ਼ਰੀਰ ਦੀ ਨਾਸ਼ਮਾਨਤਾ ਹੋਵੇ, ਮੌਤ ਦਾ ਚਿਤਰਣ ਹੋਵੇ, ਇਹ ਫਰੀਦ ਜੀ ਦੀ ਰਚਨਾ ਦਾ ਸਹਿਜ ਅੰਗ ਹੈ। ਉੱਤਰ-ਆਧੁਨਿਕਤਾ ਅਨਿਸ਼ਚਿਤਤਾ ਦੇ ਪੱਖ ਵਿਚ ਭੁਗਤਦੀ ਹੈ। ਫਰੀਦ ਜੀ ਦੀ ਰਚਨਾ ਵਿਚ ਪ੍ਰਾਪਤ ਮਾਡਲ ਇਸ ਅਨਿਸ਼ਚਿਤਤਾ ਨਾਲ ਦੋ-ਚਾਰ ਹੋਣ ਦੀ ਗੱਲ ਨੂੰ ਪ੍ਰਮੁੱਖਤਾ ਨਾਲ ਪੇਸ਼ ਕਰਦਾ ਹੈ।

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥

ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 488.)

ਇਸ ਕਥਨ ਦੁਆਰਾ ਫਰੀਦ ਜੀ ਸਮੁੱਚੇ ਜੀਵਨ ਚੱਕਰ ਨੂੰ ਦ੍ਰਿਸ਼ਮਾਨ ਕਰਦੇ ਹੋਏ ਮਨੁੱਖ ਦੀ ਹੋਣੀ ਨੂੰ ਅਗਰਭੂਮਿਤ ਕਰਦੇ ਹਨ। ਜਿੰਦਗੀ ਨੂੰ ਵਹੁਟੀ ਅਤੇ ਮੌਤ ਨੂੰ ਵਰ ਦੇ ਰੂਪ ਵਿਚ ਚਿਤਵ ਕੇ ਬਹੁਦਿਸ਼ਾਵੀ ਪ੍ਰਵਚਨ ਉਸਾਰਿਆ ਗਿਆ ਹੈ।"ਕੁਆਂਤਮ ਭੌਤਿਕ ਵਿਗਿਆਨ ਨੇ ਬ੍ਰਹਿਮੰਡ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ। ਇਸ 'ਚ ਕੋਈ ਰੇਖਕੀ ਪਰੋਗਰਾਮਿੰਗ ਨਹੀਂ ਹੁੰਦੀ। ਇਹ ਅਨਿਸਚਿੱਤਤਾ ਰਾਹੀਂ ਕਾਰਜ ਕਰਦੀ ਹੈ।" (ਮਨਮੋਹਨ. *ਕਾਵਿ-ਸ਼ਾਸਤਰ* (ਅੰਕ 12) *ਉਤਰ-ਆਧੁਨਿਕਤਾ ਤੋਂ ਬਾਅਦ ਦਾ ਚਿੰਤਨ* 16.) ਉੱਤਰ-ਆਧੁਨਿਕ ਪ੍ਰਸੰਗ ਵਿਚ ਇਸ ਪ੍ਰਕਾਰ ਦੀ ਵਿਆਖਿਆ ਦੁਆਰਾ ਅਨਿਸ਼ਚਿਤਤਾ ਦਾ ਸੰਕਲਪ ਨਵੇਂ ਅਰਥ ਗ੍ਰਹਿਣ ਕਰਦਾ ਹੈ।

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥

ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1377.)

ਮਨੁੱਖ ਦੀ ਹੋਣੀ ਦਾ ਸ਼ਬਦ ਚਿੱਤਰ ਅਨਿਸ਼ਚਿਤ ਬਾਰੇ ਗੱਲ ਕਰਦਾ ਹੈ। ਪਰੰਤੂ ਇਸ ਸਭ ਦੁਆਰਾ ਭਗਤ ਬਾਣੀ ਵਿਚਲਾ ਪ੍ਰਵਚਨ ਸੰਸਾਰ ਤੋਂ ਭਾਂਜਵਾਦੀ ਰੁਚੀ ਤੋਂ ਇਨਕਾਰੀ ਹੈ ਅਤੇ ਮਨੁੱਖ ਦੇ ਚੇਤੇ ਅੰਦਰ ਇਸ ਗੱਲ ਨੂੰ ਸਥਿਰ ਕਰਨਾ ਚਾਹੁੰਦਾ ਹੈ ਕਿ ਉਹ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕਰੇ।

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥

ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥(1378.)

ਫਰੀਦ ਜੀ ਦੀ ਰਚਨਾ ਵਿਚਲੇ ਇਸ਼ਾਰੇ ਉੱਤਰ-ਆਧੁਨਿਕ ਸੋਚ ਤੋਂ ਪਾਰਗਾਮੀ ਹਨ। ਇਹੋ ਵਿਲੱਖਣਤਾ ਇਸ ਨੂੰ ਸਰਬਕਾਲੀ ਆਧਾਰ ਪ੍ਰਦਾਨ ਕਰਦੀ ਹੈ।"ਉੱਤਰ-ਆਧੁਨਿਕਤਾਵਾਦ ਕਿਸੇ ਤਰ੍ਹਾਂ ਦੇ ਪੂਰਨਤਾਵਾਦ ਵਿਚ ਵਿਸ਼ਵਾਸ ਨਹੀਂ ਰੱਖਦਾ। ਇਸ ਅਨੁਸਾਰ ਕੁਝ ਵੀ ਸੰਪੂਰਨ, ਅੰਤਿਮ ਜਾਂ ਸਥਿਰ ਅਤੇ ਸਥਾਈ ਨਹੀਂ। ਸਭ ਕੁਛ ਅਨਿਸ਼ਚਿਤ ਅਤੇ ਛਿਣ-ਭੰਗਰ ਹੈ। ਇਥੋਂ ਤੱਕ ਕਿ ਸ਼ਬਦਾਂ ਦੇ ਵੀ ਕੋਈ ਸਥਾਈ ਜਾਂ ਨਿਸ਼ਚਿਤ ਅਰਥ ਨਹੀਂ ਹੁੰਦੇ।"(ਇੱਸਰ. *ਨਈ ਸਦੀ ਔਰ ਸਾਹਿਤਯ* 103.) ਫਰੀਦ ਜੀ ਦਾ ਇਹ ਸ਼ਬਦ ਨਿਸ਼ਚਿਤਤਾ ਦੇ ਦੰਭ ਨੂੰ ਤੋੜਦਾ ਹੈ। ਫਰੀਦ ਜੀ ਕਹਿ

ਰਹੇ  ਹਨ ਕਿ ਮਨੁੱਖ ਆਪਣੀਆਂ ਲੱਤਾਂ ਦੁਆਰਾ ਸਭ ਉੱਚੇ ਨੀਵੇਂ ਸਥਾਨ ਗਾਹ ਸਕਦਾ ਸੀ, ਬੁਢਾਪੇ ਦੀ ਅਵਸਥਾ ਵਿਚ ਉਹੀ ਲੱਤਾਂ ਨਾਲ ਚੱਲ ਕੇ ਕੋਲ ਪਿਆ ਪਾਣੀ ਦਾ ਕੁੱਜਾ ਵੀ ਚੁੱਕਣ ਦੀ ਹਿੰਮਤ ਨਹੀਂ ਹੈ।

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍॥

ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1378.)

ਉੱਤਰ-ਆਧੁਨਿਕਤਾ ਅਨਿਸ਼ਚਿਤ, ਅਸਥਾਈ ਅਤੇ ਲਚਕਦਾਰ ਵਿਆਖਿਆ ਸ਼ਾਸਤਰ ਉਸਾਰਦੀ ਹੈ। ਭਗਤ ਬਾਣੀ ਵਿਚਲੇ ਹਵਾਲੇ ਇਸ ਸੰਦਰਭ ਵਿਚ ਉਦਾਹਰਣਾਂ ਦੇ ਰੂਪ ਵਿਚ ਪੇਸ਼ ਹੁੰਦੇ ਹਨ। ਫਰੀਦ ਜੀ ਦੀ ਨਿਮਨਲਿਖਤ ਤੁਕ ਅਜਿਹੇ ਹੀ ਭਾਵਾਂ ਨੂੰ ਸਾਕਾਰ ਕਰ ਰਹੀ ਹੈ। ਇਨਸਾਨੀ ਸ਼ਰੀਰ ਦੇ ਬੁਢਾਪੇ ਦੀ ਅਨਿਸ਼ਚਿਤ ਅਵਸਥਾ ਦਾ ਜ਼ਿਕਰ ਕੀਤਾ ਹੈ। ਇਸ ਅਵਸਥਾ ਵਿਚ ਕਿਸ ਪ੍ਰਕਾਰ ਦੰਦ ਅਤੇ ਕੰਨ ਵੀ ਕਮਜ਼ੋਰ ਹੋ ਗਏ ਹਨ ਅਤੇ ਨਾਲ ਦੇ ਸਾਥੀ ਵੀ ਮੌਤ ਦੇ ਆਗੋਸ਼ ਵਿਚ ਸਮਾ ਗਏ ਹਨ। ਇਸ ਅਸਥਾਈ ਅਵਸਥਾ ਦਾ ਚਿੱਤਰ ਖਿੱਚ ਕੇ ਫਰੀਦ ਜੀ ਅਨਿਸ਼ਚਿਤਤਾ ਨੂੰ ਪ੍ਰਗਟ ਕਰ ਰਹੇ ਹਨ।

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥

ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥(1381.)

ਫਰੀਦ ਬਾਣੀ ਵਿਚਲੇ ਰੂਪਕ ਬੜੇ ਵਿਸ਼ਾਲ ਹਨ ਕਈ ਵਾਰ ਤਾਂ ਉਨ੍ਹਾਂ ਦੇ ਵਿਚਾਰ ਚਿਹਨਤਾਂ ਤੋਂ ਪਾਰ ਜਾਣ ਦੀ ਸਮਰੱਥਾ ਰੱਖਦੇ ਹਨ। ਉੱਤਰ-ਆਧੁਨਿਕ ਚਿੰਤਨ ਵੀ ਅਣਕਹੇ ਨੂੰ ਕਹਿਣਯੋਗ ਬਨਾਉਣ ਅਤੇ ਨਾ ਪੇਸ਼ ਹੋਣ ਵਾਲੇ ਨੂੰ ਪੇਸ਼ ਕਰਨ ਵਾਲਾ ਚਿੰਤਨ ਹੈ। ਫਰੀਦ ਜੀ ਦੀ ਰਚਨਾਂ ਵਿਚ ਇਸ ਤਰਾਂ ਦੀ ਵਿਚਾਰ ਪ੍ਰਣਾਲੀ ਪ੍ਰਮੁੱਖਤਾ ਨਾਲ ਉੱਭਰਦੀ ਹੈ।

ਚਲਿ ਚਲਿ ਗਈਆਂ ਪੰਖੀਆਂ ਜਿਨ੍ੀ ਵਸਾਏ ਤਲ॥

ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥(1381.)

ਪੰਛੀਆਂ ਦੀਆਂ ਡਾਰਾਂ ਦੀ ਉਦਾਹਰਨ ਦੁਆਰਾ ਅਸਥਿਰਤਾ ਨੂੰ ਸਾਕਾਰ ਕਰਦੇ ਹਨ। ਪੰਛੀ ਜਿੰਨੀ ਦੇਰ ਤਾਲਾਬ ਤੇ ਚਹਿਕਦੇ ਹਨ ਉਤਨਾ ਸਮਾਂ ਉਸ ਤੇ ਰੌਣਕ ਮੇਲਾ ਰਹਿੰਦਾ ਹੈ ਪਰ ਉਨ੍ਹਾਂ ਦੇ ਚਲੇ ਜਾਣ ਪਿੱਛੋਂ ਤਲਾਬ ਸੁੱਕ ਜਾਂਦਾ ਹੈ ਅਤੇ ਫੁੱਲ ਕੁਮਲਾ ਜਾਂਦੇ ਹਨ। ਇਸ ਸ਼ਲੋਕ ਵਿਚ ਅਨਿਸ਼ਚਿਤ ਵਰਤਾਰੇ ਨੂੰ ਸਿਰਜਣ ਦੇ ਨਾਲ ਹੀ ਨਿਰੰਤਰਤਾ ਦੇ ਸੱਚ ਨੂੰ ਵੀ ਪ੍ਰਗਟ ਕੀਤਾ ਹੈ। ਇਸ ਅਨਿਸ਼ਚਿਤਤਾ ਦੇ ਸਮਵਿੱਥ ਇਕ ਨਿਸ਼ਚਿਤ ਸ਼ਕਤੀ ਦਾ ਵਿਖਿਆਨ ਕਰਦੇ ਹੋਏ ਫਰੀਦ ਜੀ ਦਾ ਸ਼ਲੋਕ ਹੈ :

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥

ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥(1381.)

ਸਮੇ ਦੇ ਬਦਲਾਵ ਨੂੰ ਪ੍ਰਗਟਾਉਣ ਲਈ ਚਿੰਤਕਾਂ ਦੁਆਰਾ ਇਸ ਨੂੰ ਸੰਕਲਪਬੱਧ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਲਈ ਅਨਿਸ਼ਚਿਤਤਾ ਨੂੰ ਉੱਤਰ-ਆਧੁਨਿਕਤਾ ਦਾ ਪ੍ਰਮੁੱਖ ਪਛਾਣ ਚਿੰਨ੍ਹ ਮੰਨਿਆਂ ਗਿਆ ਹੈ। ਡਾ. ਰਾਜਿੰਦਰ ਪਾਲ ਸਿੰਘ ਆਪਣੀ ਪੁਸਤਕ *'ਉਤਰ-ਆਧੁਨਿਕਤਾ'* ਵਿਚ ਇਸ ਸਥਿਤੀ ਨੂੰ ਸਪੱਸ਼ਟ ਕਰਦੇ ਹਨ,"ਉਤਰ-ਆਧੁਨਿਕਤਾ ਨੇ ਮੁੜ ਨਿਸ਼ਚਿਤ ਸਿਧਾਤਾਂ ਦੀ ਥਾਵੇਂ ਅਨਿਸ਼ਚਿਤਤਾ ਨੂੰ ਪ੍ਰਮੁੱਖਤਾ ਦੇਣੀ ਸ਼ੁਰੂ ਕਰ ਦਿੱਤੀ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਅਨਿਸ਼ਚਿਤਤਾਵਾਦ ਉਤਰ-ਆਧੁਨਿਕਵਾਦ ਦਾ ਨਿਸ਼ਿਚਿਤ ਸਿਧਾਂਤ ਬਣਦਾ ਜਾ ਰਿਹਾ ਹੈ।"(26.) ਇਸ ਸਿਧਾਂਤ ਦੀਆਂ ਉਦਾਹਰਣਾਂ ਭਗਤ ਬਾਣੀ ਵਿਚ ਮਿਲਦੀਆਂ ਹਨ। ਫਰੀਦ ਜੀ ਦੇ ਨਿਮਨਲਿਖਤ ਕਥਨ ਵਿਚੋਂ ਇਹ ਵੇਖਿਆ ਜਾ ਸਕਦਾ ਹੈ। ਫਰੀਦ ਜੀ ਅੱਖਾਂ ਦੀ ਉਦਾਹਰਣ ਦਿੰਦੇ ਹਨ ਕਿ ਜਿਹੜੀਆਂ ਅੱਖਾਂ ਕਦੇ ਕੱਜਲ ਦੀ ਧਾਰ ਨਹੀਂ ਸਨ ਸਹਾਰਦੀਆਂ ਉਨ੍ਹਾਂ ਵਿਚ ਅੱਜ ਪੰਛੀਆਂ ਨੇ ਆਲ੍ਹਣੇ ਬਣਾ ਰੱਖੇ ਹਨ। ਇਸ ਦੀ ਖ਼ੂਬਸੂਰਤੀ ਵੇਖੋ ਕਿ ਇਸ ਵਿਚ ਵੀ ਜਿੰਦਗੀ ਦੀ ਨਿਰੰਤਰਤਾ ਦਾ ਬਖਾਨ ਆਲ੍ਹਣਿਆਂ ਦੇ ਬੋਟਾਂ ਦੀ ਜਿੰਦਗੀ ਦੀ ਨਿਰੰਤਰਤਾ ਨੂੰ ਵੀ ਦਰਸਾਇਆ ਗਿਆ ਹੈ।

ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈਂ ਡਿਠੁ॥

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1378.)

ਅਨਿਸ਼ਚਿਤਤਾ ਦੇ ਨਾਲ ਹੀ ਅਧਿਆਤਮਕ ਪੱਧਰ ਤੇ ਉਸਾਰੇ ਪ੍ਰਵਚਨਾਂ ਦੀ ਰੌਸ਼ਨੀ ਵਿਚ ਨਿਸ਼ਚਿਤਤਾ ਵੀ ਉਸਾਰੀ ਗਈ ਹੈ। ਬੇਸ਼ੱਕ ਇਹ ਸਾਰਾ ਸ਼ਰੀਰ ਹੀ ਨਾਸ਼ਮਾਨ ਹੈ, ਪ੍ਰੰਤੂ ਇਸ ਕਥਨ ਵਿਚ ਅੱਖਾਂ ਜੋ ਕਿ ਸ਼ਰੀਰ ਦਾ ਹੀ ਨਾਸ਼ ਹੋਣ ਵਾਲਾ ਹਿੱਸਾ ਹਨ, ਛੱਡਣ ਦਾ ਤਰਲਾ ਲਿਆ ਗਿਆ ਹੈ। ਵਿਹਾਰਕ ਤੌਰ ਤੇ ਬੇਸ਼ੱਕ ਇਹ ਸੰਭਵ ਨਹੀਂ ਹੈ ਪਰ ਸਿਧਾਂਤਕ ਤੌਰ ਤੇ ਇਸ ਦੇ ਵੱਡੇ ਅਰਥ ਹੋ ਸਕਦੇ ਹਨ।

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥(1382.)

ਸਾਰੇ ਸ਼ਰੀਰ ਨੂੰ ਖਾ ਲੈਣ ਅਤੇ ਸਿਰਫ ਅੱਖਾਂ ਨੂੰ ਛੱਡ ਦੇਣ ਦਾ ਤਰਲਾ, ਕੀ ਇਹ ਸੰਭਵ ਹੈ ? ਪਰੰਤੂ ਇਸ ਰਾਹੀਂ ਅਨਿਸ਼ਚਿਤਤਾ ਦਾ ਚਿਤਰਣ ਕਰ ਦਿੱਤਾ ਹੈ। ਬੇਸ਼ਕ ਨਵੀਨ ਮੈਡੀਕਲ ਤਕਨਾਲੋਜੀ ਨੇ ਇਹ ਸੰਭਵ ਕਰ ਦਿੱਤਾ ਹੈ ਕਿ ਮਰਨ ਉਪਰੰਤ ਅੱਖਾਂ ਦੂਸਰੇ ਵਿਅਕਤੀ ਦੇ ਲਗਾਈਆਂ ਜਾ ਸਕਦੀਆਂ ਹਨ। ਪਰੰਤੂ ਆਪ ਉਸ ਸਥਿਤੀ ਤੋਂ ਅਗਲੀ ਸਥਿਤੀ ਦਾ ਬਿਆਨ ਕਰ ਰਹੇ ਹਨ। ਇਥੇ ਚੇਤੇ ਰੱਖਣ ਵਾਲੀ ਗੱਲ ਹੈ ਕਿ ਆਪ ਦੇ ਸਮੇਂ ਅਜਿਹਾ ਸੰਭਵ ਨਹੀਂ ਸੀ ਹੋਇਆ ਪਰ ਇਹ ਆਪ ਦੇ ਕਾਵਿ ਦੀ ਸਮਰੱਥਾ ਹੈ ਕਿ ਆਪ ਸ਼ਰੀਰ ਦੀ ਨਾਸ਼ਮਾਨਤਾ ਨੂੰ ਪੇਸ਼ ਕਰਦੇ ਹੋਏ ਸਵੈ ਨਾਲ ਸੰਵਾਦ ਦੀ ਉੱਤਮ ਵੰਨਗੀ ਪੇਸ਼ ਕਰਦੇ ਹਨ। ਆਸ /ਉਮੀਦ ਰੂਪੀ ਹੱਲ ਪੇਸ਼ ਕਰਕੇ ਅੰਤਾਂ ਦੀ ਅਨਿਸ਼ਚਿਤਤਾ ਨੂੰ ਵੀ ਰੱਦ ਰਹੇ ਹਨ ਭਾਵ ਇਸ ਸਥਿਤੀ ਨਾਲ ਦੋ ਚਾਰ ਹੋਣ ਦਾ ਹੱਲ ਵੀ ਪੇਸ਼ ਹੋ ਰਿਹਾ ਹੈ। ਡਾ. ਅਮਰਜੀਤ ਸਿੰਘ ਕਾਂਗ ਅਤੇ ਡਾ. ਜਸਪਾਲ ਕੌਰ ਕਾਂਗ ਫਰੀਦ ਬਾਣੀ ਵਿਚਲੀ ਨਾਸ਼ਮਾਨਤਾ ਸਬੰਧੀ ਆਪਣੀ ਪੁਸਤਕ *'ਮੱਧਕਾਲੀ ਪੰਜਾਬੀ ਸਾਹਿਤ ਵਿਵੇਕ'* ਅੰਦਰ ਵਿਚਾਰ ਪ੍ਰਗਟ ਕਰਦੇ ਹਨ,"ਫਰੀਦ-ਬਾਣੀ ਜੋ ਪ੍ਰਵਚਨ ਪ੍ਰਸਤੁਤ ਕਰਦੀ ਹੈ ਉਹ ਬੜਾ ਸਾਰਥਕ ਹੈ ਅਤੇ ਇਹ ਪ੍ਰਵਚਨ ਇਹ ਹੈ ਕਿ ਮਨੁੱਖ ਇਕ ਅਜਿਹੀ ਹੋਂਦ ਹੈ ਜੋ ਕਾਲ ਦੇ ਅੰਤਰਗਤ ਨਾਸ਼ ਹੋ ਜਾਣੀ ਹੈ। ਇਸ ਨਾਸ਼ਮਾਨ ਹੋਂਦ ਨੂੰ ਜੇਕਰ ਕੋਈ ਅਰਥ ਦੇਣਾ ਹੈ ਤਾਂ ਪ੍ਰਭੂ ਨੂੰ ਸਿਮਰਨਾ ਮੂਲ ਮਨੁੱਖੀ ਕਾਰਜ ਹੈ ਭਾਵ ਫਰੀਦ ਬਾਣੀ ਮਨੁੱਖ ਨੂੰ ਕਾਲ ਦੇ ਮਾਧਿਅਮ ਰਾਹੀਂ ਇਕ ਅਜਿਹਾ ਉਪਦੇਸ਼ ਦਿੰਦੀ ਹੈ ਜੋ ਬੜਾ ਮੁੱਲਵਾਨ ਹੈ।"(58.) ਇਹ ਮਨੱਖ ਦੀ ਸਦਾ ਹੀ ਸਮੱਸਿਆ ਰਹੀ ਹੈ ਕਿ ਉਹ ਆਪਣੀ ਹੋਂਦ ਨੂੰ ਸਦਾ ਨਿਸ਼ਚਿਤ

ਸਮਝਦਾ ਹੈ, ਇਸੇ ਪ੍ਰਭਾਵ ਹੇਠ ਉਹ ਆਪਣੇ ਜੀਵਨ ਵਿਚ ਗਲਤ ਰਸਤੇ ਅਖਤਿਆਰ ਕਰ ਕੇ ਸਮਾਜ ਵਿਚ ਫੈਲ ਰਹੀ ਅਸ਼ਾਂਤੀ ਲਈ ਜ਼ਿੰਮੇਵਾਰ ਬਣ ਜਾਂਦਾ ਹੈ। ਭਗਤ ਬਾਣੀ ਨੂੰ ਵਾਚਿਆਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਜੇਕਰ ਅਨਿਸ਼ਚਿਤਤਾ ਅਬਦਲ ਹੈ ਤਾਂ ਉਸ ਸਥਿਤੀ ਵਿਚ ਇਨਸਾਨ ਕਿਹੜਾ ਰਸਤਾ ਅਖਤਿਆਰ ਕਰੇ ਜਿਸ ਨਾਲ ਉਸਦਾ ਆਪਣਾ ਅਤੇ ਸਮੁੱਚੀ ਮਨੁੱਖਤਾ ਦਾ ਭਲਾ ਹੋ ਸਕੇ। ਭਗਤ ਸਧਨਾ ਜੀ ਚਾਤ੍ਰਿਕ ਪੰਛੀ ਦੀ ਉਦਾਹਰਣ ਦੁਆਰਾ ਸਥਾਪਿਤ ਕਰਦੇ ਹਨ ਕਿ ਇਕ ਸਵਾਤੀ ਬੂੰਦ ਦੇ ਕਾਰਨ ਇਹ ਦੁੱਖ ਪਾਉਂਦਾ ਹੈ। ਭਾਵ ਮਨੁੱਖ ਸਾਰੀ ਉਮਰ ਵੱਖ-ਵੱਖ ਤਰ੍ਹਾਂ ਦੇ ਲਾਲਚ ਵੱਸ ਹੋ ਕੇ ਆਪਣੇ ਜੀਵਨ ਨੂੰ ਨਿਸ਼ਚਿਤਤਾ ਦੇ ਦਾਇਰੇ ਵਿਚ ਲਿਜਾਣ ਦੇ ਯਤਨ ਕਰਦਾ ਹੈ। ਪਰੰਤੂ ਜਦੋਂ ਪ੍ਰਾਣ ਨਿਕਲ ਜਾਂਦੇ ਹਨ ਤਾਂ ਇਹ ਸਭ ਬੇਕਾਰ ਹੋ ਜਾਂਦਾ ਹੈ। ਇਸ ਵਿਚਲੀ ਉੱਤਰ-ਆਧੁਨਿਕ ਦ੍ਰਿਸ਼ਟੀ ਅਜੋਕੇ ਮਨੁੱਖ ਦੇ ਲਾਲਚ ਰੂਪੀ ਦੰਭ ਦਾ ਖਾਤਮਾ ਕਰਨ ਵੱਲ ਸੇਧਤ ਹੈ।

ਏਕੁ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥

ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 858.)

ਭਗਤ ਜੈਦੇਵ ਜੀ ਵੀ ਆਪਣੀ ਰਚਨਾ ਦੁਆਰਾ ਇਸੇ ਦੀ ਨਿਸ਼ਾਨਦੇਹੀ ਕਰਦੇ ਹਨ। ਭਗਤ ਜੀ ਇਸ ਅਨਿਸ਼ਚਿਤਤਾ ਪ੍ਰਤੀ ਬ੍ਰਹਮ ਰੂਪੀ ਨਿਸ਼ਚਿਤ ਸੰਕਲਪ ਉਸਾਰਦੇ ਹਨ। ਸੰਸਾਰ ਵਿਚਲੀ ਅਨਿਸ਼ਚਿਤਤਾ ਪ੍ਰਤੀ ਜੇਕਰ ਕੋਈ ਸੰਕਲਪ ਹੈ ਤਾਂ ਉਹ ਬ੍ਰਹਮ ਦੀ ਨਿਸ਼ਚਿਤਤਾ ਦਾ ਸੰਕਲਪ ਹੈ। ਇਸ ਨੂੰ ਸਮਝ ਕੇ ਸਮਾਜ ਵਿਚ ਏਕਤਾ ਦਾ ਸੰਚਾਰ ਹੋਣ ਦੀ ਸੰਭਾਵਨਾ ਬਣਦੀ ਹੈ।

ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਇਆ॥(1106.)

ਭਗਤ ਬਾਣੀ ਸਿਰਫ ਅਨਿਸ਼ਚਿਤਤਾ ਦੇ ਸੰਕਲਪ ਦੇ ਸਮਵਿੱਥ ਪਰਮ ਤੱਤ (ਬ੍ਰਹਮ) ਦੀ ਨਿਸ਼ਚਿਤਤਾ ਨੂੰ ਸਥਾਪਿਤ ਕਰਦੀ ਹੈ। ਇਸ ਦੁਆਰਾ ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਅਨਿਸ਼ਚਿਤਤਾ ਦੇ ਸੰਕਲਪ ਤੋਂ ਵੀ ਪਾਰਗਾਮੀ ਰਚਨਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ।

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥(485.)

ਭਗਤ ਰਾਮਾਨੰਦ ਜੀ ਅਨੁਸਾਰ ਨਿਸ਼ਚਿਤ ਕੇਵਲ ਬ੍ਰਹਮ ਦਾ ਸਰੂਪ ਹੈ ਜਿਸ ਦਾ ਪਤਾ ਗੁਰੂ ਦੇ ਸ਼ਬਦ ਦੁਆਰਾ ਚੱਲਦਾ ਹੈ। ਜੇਕਰ ਉੱਤਰ-ਆਧੁਨਿਕ ਸਥਿਤੀ ਦੀ ਅਨਿਸ਼ਚਿਤਤਾ ਦਾ ਕੋਈ ਸਾਰਥਕ ਇਲਾਜ ਹੈ ਤਾਂ ਉਹ ਬ੍ਰਹਮ ਦੀ ਏਕਤਾ ਦੁਆਰਾ ਸਮਝਿਆ ਜਾ ਸਕਦਾ ਹੈ। ਇਸ ਏਕਤਾ ਦੀ ਸਮਝ ਦੁਆਰਾ ਹੀ ਸੰਸਾਰ ਵਿਚਲੇ ਸਾਰੇ ਝਗੜਿਆਂ ਨੂੰ ਨਜਿੱਠਿਆ ਜਾ ਸਕਦਾ ਹੈ।

ਰਾਮਾਨੰਦ ਸੁਆਮੀ ਰਮਤ ਬ੍ਰਹਮ॥

ਗੁਰ ਕਾ ਸਬਦੁ ਕਾਟੈ ਕੋਟਿ ਕਰਮ॥(1195.)

ਇਸ ਨੂੰ ਸਮਝਣ ਲਈ ਮਾਰਗ ਦਾ ਵੀ ਭਗਤ ਬਾਣੀ ਵਿਚ ਬਹੁਤ ਬਿਹਤਰੀਨ ਮਾਰਗ ਸੁਝਾਇਆ ਗਿਆ ਹੈ। ਇੜਾ, ਪਿੰਗੁਲਾ ਅਤੇ ਸੁਖਮਨਾ ਨਾੜੀਆਂ ਨੂੰ ਵੱਸ ਕਰਕੇ ਸਾਹ ਕਿਰਿਆ ਨੂੰ ਰੋਕਦੇ ਹੋਏ ਬ੍ਰਹਮ ਰੂਪੀ ਨਿਸ਼ਚਿਤ ਸਰੂਪ ਦਾ ਬਖਾਨ ਕਰਦੇ ਹਨ। ਬ੍ਰਹਮ ਦੀ ਜੋਤ ਨਾਲ ਮਿਲਣ ਲਈ ਚੰਦ ਅਤੇ ਸੂਰਜ ਦੋਵਾਂ ਨੂੰ ਇੱਕ ਕਰਨ ਦਾ ਸੰਕਲਪ ਪੇਸ਼ ਕੀਤਾ ਹੈ। ਇਹ ਬਹੁਤ ਹੀ ਵਿਲੱਖਣ ਤਰਕ ਹੈ ਕਿ ਚੰਦ ਅਤੇ ਸੂਰਜ ਨੂੰ ਬਰਾਬਰ ਰੱਖਿਆ ਜਾਵੇ, ਇਸ ਦੇ ਬਹੁਤ ਵੱਡੇ ਵਿਚਾਰਧਾਰਕ ਅਰਥ ਹਨ।

ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ॥

ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ॥(973.)

ਭਗਤ ਕਬੀਰ ਬ੍ਰਹਮ ਦੇ ਸਰੂਪ ਦੁਆਰਾ ਸਮਾਜ ਵਿਚ ਸਰਵਉੱਚ ਜਾਤ ਦੇ ਰੂਪ ਵਿਚ ਸਥਾਪਿਤ ਬ੍ਰਾਹਮਣ ਦੀ ਪਰਿਭਾਸ਼ਾ ਦਿੰਦੇ ਹਨ। ਇਸ ਕਥਨ ਦੁਆਰਾ ਉੱਚੇ ਅਤੇ ਨੀਚ ਦੀ ਬਰਾਬਰੀ ਸਥਾਪਿਤ ਹੁੰਦੀ ਹੈ। ਬ੍ਰਾਹਮਣ ਜਨਮ ਕਰਕੇ ਨਹੀਂ, ਜੋ ਕਿ ਇਕ ਅਨਿਸ਼ਚਿਤ ਗੱਲ ਮੰਨੀ ਜਾ ਸਕਦੀ ਹੈ, ਪਰ ਕਰਮ ਕਰਕੇ ਭਾਵ ਜੋ ਬ੍ਰਹਮ ਦਾ ਵੀਚਾਰ ਅਰਥਾਤ ਬ੍ਰਹਮ ਦੀ ਏਕਤਾ ਨੂੰ ਸਮਝਦਾ ਹੈ, ਉਹ ਬ੍ਰਾਹਮਣ ਹੈ।

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ (324.)

ਨਾਮਦੇਵ ਜੀ ਵੀ ਅਨਿਸ਼ਚਿਤਤਾ ਦੇ ਸਰੂਪ ਦਾ ਨਿਰਧਾਰਣ ਕਰਦੇ ਹੋਏ ਕਹਿੰਦੇ ਹਨ। ਉਸ ਬ੍ਰਹਮ ਦਾ ਸਰੂਪ ਅਨਿਸ਼ਚਿਤ ਹੈ ਕਿਉਂਕਿ ਉਸ ਨੂੰ ਕਿਸੇ ਨੇ ਨਾ ਆਉਂਦੇ ਵੇਖਿਆ ਹੈ ਅਤੇ ਨਾ ਹੀ ਜਾਂਦੇ ਵੇਖਿਆ ਹੈ। ਉਹ ਤਾਂ ਹਰ ਥਾਂ ਵਿਆਪਕ ਹੈ, ਇਸ ਸਮਝ ਦੁਆਰਾ ਹੀ ਏਕਤਾ ਦਾ ਸੰਕਲਪ ਸਮਝਿਆ ਜਾ ਸਕਦਾ ਹੈ।

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ॥

ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ॥(525.)

ਬੇਢੀ ਭਾਵ ਤਰਖਾਣ ਦੇ ਰੂਪਕ ਦੁਆਰਾ ਨਿਸ਼ਚਿਤ ਸਰੂਪ ਦੀ ਪੇਸ਼ਕਾਰੀ ਕਰਦੇ ਹਨ। ਇਥੇ ਬੇਢੀ ਨੂੰ ਦਾਰਸ਼ਨਿਕ ਅਰਥਾਂ ਵਿਚ ਸਮਝਣ ਦੀ ਜ਼ਰੂਰਤ ਹੈ। ਜੋ ਰਚਣਹਾਰ ਹੈ ਉਸ ਨੇ ਇਕ ਨਿਸ਼ਚਿਤ ਚੌਖਟੇ ਵਿਚ ਇਸ ਬ੍ਰਹਿਮੰਡ ਦਾ ਵਰਤਾਰਾ ਬੰਨ੍ਹ ਦਿੱਤਾ ਹੈ। ਇਸ ਸਾਰੇ ਵਰਤਾਰੇ ਵਿਚ ਮਨੁੱਖ ਆਪਣੀ ਸਵਾਰਥ ਸਿੱਧੀ ਲਈ ਵੰਡੀਆਂ ਪਾਉਣ ਵਾਲੀ ਦ੍ਰਿਸ਼ਟੀ ਵੱਲ ਵੱਧ ਰਿਹਾ ਹੈ। ਬ੍ਰਹਮ ਦੀ ਏਕਤਾ ਸਥਾਪਿਤ ਕਰਦੇ ਹੋਏ ਭਗਤ ਬਾਣੀ ਸਮੁੱਚੇ ਵਰਤਾਰੇ ਨੂੰ ਇਕ ਸੂਤਰ ਵਿਚ ਬੰਨ੍ਹਣ ਦਾ ਕਾਰਜ ਕਰਦੀ ਹੈ।

ਰੀ ਬਾਈ ਬੇਢੀ ਦੇਨੁ ਨ ਜਾਈ॥

ਦੇਖੁ ਬੇਢੀ ਰਹਿਓ ਸਮਾਈ॥

ਹਮਾਰੈ ਬੇਢੀ ਪ੍ਰਾਨ ਅਧਾਰਾ॥(657.)

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਭਗਤ ਬਾਣੀ ਬ੍ਰਹਮ ਦੇ ਨਿਸ਼ਚਿਤ ਸਰੂਪ ਨੂੰ ਇਸ ਸੰਸਾਰ ਦੀ ਅਟੱਲਤਾ ਵਿਚ ਨਿਹਿਤ ਕਰਦੀ ਹੈ। ਭਗਤ ਬਾਣੀ ਵਿਚਲੀ ਅਨਿਸ਼ਚਿਤਤਾ ਨਾਂਹ-ਪੱਖੀ ਨਹੀਂ ਹੈ, ਬਲਕਿ ਇਸ ਦੁਆਰਾ ਇਕ ਸੁਚੱਜੀ ਜੀਵਨ ਜਾਂਚ ਵੱਲ ਵਧਣ ਲਈ ਪ੍ਰੇਰਿਤ ਕੀਤਾ ਗਿਆ ਹੈ। ਉੱਤਰ-ਆਧੁਨਿਕਤਾ ਦੀ ਅਨਿਸ਼ਚਿਤਤਾ ਪ੍ਰਤੀ ਭਗਤ ਕਵੀ ਬ੍ਰਹਮ ਦੀ ਅਟੱਲਤਾ ਜਾਂ ਸੰਕਲਪ ਦੁਆਰਾ ਸਾਰਥਕ ਪਹੁੰਚ ਅਪਣਾਉਂਦੇ ਹਨ। ਇਸ ਸੰਕਲਪ ਨਾਲ ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਵਿਲੱਖਣ ਸੇਧ ਦੇਣ ਦਾ ਕਾਰਜ ਸਹਿਜੇ ਹੀ ਕਰਦੀ ਪ੍ਰਤੀਤ ਹੁੰਦੀ ਹੈ।

### 2.2 ਵਿਸ਼ਵੀਕਰਨ ਅਤੇ ਸਥਾਨੀਕਰਨ (ਸਦੀਵੀ ਸਮੱਸਿਆਵਾਂ ਅਤੇ ਤੱਤਕਾਲੀ ਸਮਾਜਿਕ ਸਮੱਸਿਆਵਾਂ) :

ਵਿਸ਼ਵੀਕਰਨ ਦਾ ਸੰਕਲਪ ਸਮਕਾਲੀ ਸਾਹਿਤ ਵਿਚ ਪ੍ਰਮੁੱਖਤਾ ਨਾਲ ਪ੍ਰਗਟ ਹੋ ਰਿਹਾ ਹੈ। ਅਜੋਕੇ ਮਨੁੱਖ ਦੀ ਜੀਵਨ ਜਾਂਚ ਵਿਚ ਅਜਿਹੇ ਬਦਲਾਉ ਵਾਪਰ ਚੁੱਕੇ ਹਨ ਜਿਨ੍ਹਾਂ ਦੁਆਰਾ ਮਨੁੱਖ ਇੱਕੋ ਵੇਲੇ ਸਥਾਨਕਤਾ ਨਾਲ ਜੁੜਿਆ ਹੋਇਆ ਨਾਲ ਹੀ ਪੂਰੇ ਵਿਸ਼ਵ ਨਾਲ ਆਪਣਾ ਸਬੰਧ ਸਥਾਪਿਤ ਕਰੀਂ ਬੈਠਾ ਹੈ। ਉੱਤਰ-ਆਧੁਨਿਕ ਸਥਿਤੀ ਵਿਚ ਸਾਰੇ ਦੇਸ਼ਾਂ ਦੇ ਮਨੁੱਖਾਂ ਦੇ ਜੀਵਨ ਵਿਚ ਇਹ ਤਬਦੀਲੀ ਸੂਚਨਾ ਤਕਨਾਲੋਜੀ ਦੇ ਬੇਹਿਸਾਬ ਫੈਲਾਅ ਦੁਆਰਾ ਹੋਂਦ ਗ੍ਰਹਿਣ ਕਰਦੀ ਹੈ। ਇਹ ਤਰੱਕੀ ਦੇ ਚੰਗੇ ਅਤੇ ਮਾੜੇ ਦੋਨੋ ਪ੍ਰਕਾਰ ਦੇ ਨਤੀਜੇ ਸਾਹਮਣੇ ਆਏ ਹਨ। ਸਥਾਨਕ ਪੱਧਰ ਤੇ ਵਾਪਰਨ ਵਾਲੀ ਛੋਟੀ ਤੋਂ ਛੋਟੀ ਘਟਨਾ ਪਲਕ ਝਪਕਦੇ ਸੋਸ਼ਲ ਮੀਡੀਆ ਦੁਆਰਾ ਪੂਰੇ ਵਿਸ਼ਵ ਵਿਚ ਫੈਲ ਜਾਂਦੀ ਹੈ। ਇਸੇ ਤਰ੍ਹਾਂ ਵਿਸ਼ਵ ਪੱਧਰੀ ਵਰਤਾਰੇ ਵੀ ਸਥਾਨਕ ਲੋਕਾਂ ਦੀ ਪਹੁੰਚ ਦਾ ਹਿੱਸਾ ਬਣਦੇ ਹਨ। ਗਿੱਡਨਜ਼ ਅਨੁਸਾਰ ਜਿਸ ਤਰ੍ਹਾਂ ਦੋ ਵਿਅਕਤੀ ਟੈਲੀਫੋਨ ਤੇ ਗੱਲ ਕਰਦੇ ਹਨ ਤਾਂ ਜਿਹੜਾ ਵਿਅਕਤੀ ਟੈਲੀਫੋਨ ਤੇ ਗੱਲ ਕਰ ਰਿਹਾ ਹੈ ਉਹ ਹਾਜ਼ਰ ਹੈ ਪਰ ਜੋ ਟੈਲੀਫੋਨ ਦੇ ਦੂਸਰੇ ਬੰਨੇ ਹੈ ਭਾਵ ਜਿਸ ਨਾਲ ਗੱਲ ਹੋ ਰਹੀ ਹੈ ਉਸ ਨਾਲ ਗੱਲ ਤਾਂ ਹੋ ਰਹੀ ਹੈ ਪਰ ਉਹ ਗੈਰਹਾਜ਼ਰ ਹੈ। ਇਸ ਪ੍ਰਕਾਰ ਉਸ ਦਾ ਟੈਲਫੋਨ ਕਰਨ ਵਾਲੇ ਨਾਲ ਦੂਰੀ ਦਾ ਸਬੰਧ ਹੈ। ਇਹ ਦੂਰੀ ਦਾ ਸਬੰਧ ਹੀ ਵਿਸ਼ਵੀਕਰਨ ਦਾ ਮੂਲ ਹੈ। ਹਾਰਵੇ ਇਸ ਸੰਕਲਪ ਨੂੰ ਥੋੜਾ ਹੋਰ ਅੱਗੇ ਲਿਜਾਂਦੇ ਹਨ। ਉਨ੍ਹਾਂ ਅਨੁਸਾਰ ਵਿਸ਼ਵੀਕਰਨ ਸਮੇਂ ਅਤੇ ਸਥਾਨ ਦੀ ਗਤੀ ਅਤੇ ਗਹਿਰਾਈ ਨਾਲ ਜੁੜਿਆ ਹੋਇਆ ਹੈ। ਬਜ਼ਾਰ, ਵਪਾਰ, ਵਿਆਜ ਦਰਾਂ, ਭੂਗੋਲਿਕ ਗਤੀਸ਼ੀਲਤਾ ਸਭ ਸਮੇ, ਸਥਾਨ ਤੇ ਉਤਾਰ ਚੜ੍ਹਾਅ ਨਾਲ ਜੁੜੇ ਹੋਏ ਹਨ। ਮੈਲਕਮ ਵਿਸ਼ਵੀਕਰਨ ਨੂੰ ਸਮਾਜਿਕ ਪ੍ਰਕਿਰਿਆ ਦੇ ਤੌਰ ਤੇ ਪਰਿਭਾਸ਼ਿਤ ਕਰਦੇ ਹੋਏ ਜਿਸ ਉੱਪਰ ਸਮਾਜਿਕ ਅਤੇ ਸੰਸਕ੍ਰਿਤਕ ਵਿਵਸਥਾ ਉੱਪਰ ਪੈਣ ਵਾਲੇ ਦਬਾਅ ਪਿੱਛੇ ਹਟ ਜਾਂਦੇ ਹਨ। ਇਸ ਨਾਲ ਇਹ ਭੂਗੋਲ ਦੀਆਂ ਸੀਮਾਵਾਂ ਦੀ ਸਾਰਥਿਕਤਾ ਖਤਮ ਹੋ ਜਾਂਦੀ ਹੈ। ਇਸ ਤਰ੍ਹਾਂ ਵਿਸ਼ਵੀਕਰਨ ਪੂਰੀ ਦੁਨੀਆਂ ਨੂੰ ਜੋੜਨ ਵਾਲੇ ਨੈਟਵਰਕ ਦੇ ਤੌਰ ਤੇ ਜਾਣਿਆਂ ਜਾਂਦਾ ਹੈ। ਇਸ ਨਾਲ ਸਥਾਨਕ ਲੋਕ ਸਮੁੱਚੇ ਵਿਸ਼ਵ ਨਾਲ ਜੁੜਦੇ ਹਨ। ਅਜੋਕੇ ਸਮੇ ਵਿਚ ਮਨੁੱਖ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਪਸਾਰ ਕਾਰਨ ਆਪਣੀ ਜਿੰਦਗੀ ਨੂੰ ਸੁਖ ਸਹੂਲਤਾਂ ਨਾਲ ਭਰਪੂਰ ਕਰਨ ਦਾ

ਕਾਰਜ ਕੀਤਾ ਹੈ। ਅਜੋਕਾ ਮਨੁੱਖ ਆਪੋ ਆਪਣੀ ਹੈਸੀਅਤ ਮੁਤਾਬਿਕ ਇਨ੍ਹਾਂ ਸਾਧਨਾ ਦੁਆਰਾ ਸੁਖੀ ਹੋਣ ਯਤਨ ਕਰ ਰਿਹਾ ਹੈ। ਜਦੋਂ ਅਸੀਂ ਮਨੁੱਖਤਾ ਦੇ ਇਤਿਹਾਸ ਤੇ ਨਜ਼ਰ ਮਾਰਦੇ ਹਾਂ ਤਾਂ ਵੇਖਦੇ ਹਾਂ ਕਿ ਜਿਸ ਵੇਲੇ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ ਤਾਂ ਉਸ ਵੇਲੇ ਉਹ ਅਲੱਗ-ਅਲੱਗ ਥਾਵਾਂ ਤੇ ਨਿਵਾਸ ਕਰਦਾ ਸੀ। ਉਸ ਸਮੇ ਆਵਾਜਾਈ ਦੇ ਸਾਧਨਾਂ ਦਾ ਕੋਈ ਵਜੂਦ ਨਹੀਂ ਸੀ। ਮਨੁੱਖ ਲਈ ਇਸ ਧਰਤੀ ਦਾ ਸੰਕਲਪ ਗਲੋਬ ਰੂਪ ਵਿਚ ਨਹੀਂ ਸੀ ਆਪੋ ਆਪਣੇ ਗਿਆਨ ਦੀ ਸੀਮਾ ਅਨੁਸਾਰ ਮਨੁੱਖ ਲੱਖਣ ਲਾ ਲੈਂਦਾ ਸੀ ਕਿ ਧਰਤੀ ਦਾ ਸਰੂਪ ਕੀ ਹੈ। ਪਰ ਜਦੋਂ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਹੋਣਾ ਸ਼ੁਰੂ ਹੋਇਆ ਤਾਂ ਮਨੁੱਖ ਨੇ ਹੌਲੀ-ਹੌਲੀ ਦੂਸਰੀਆਂ ਜਗ੍ਹਾਵਾਂ ਉੱਪਰ ਕਬਜੇ ਨੂੰ ਲੈ ਕੇ ਯਤਨ ਆਰੰਭ ਕਰ ਦਿੱਤੇ । ਇਸ ਦੇ ਨਾਲ ਹੀ ਬਸਤੀਆਂ ਦੇ ਰੂਪ ਵਿਚ ਮਨੁੱਖ ਨੇ ਆਪਣਾ ਰਹਿਣ-ਸਹਿਣ ਸ਼ੁਰੂ ਕਰ ਲਿਆ। ਇਹੋ ਸੰਕਲਪ ਅੱਗੇ ਚੱਲ ਕੇ ਪਿੰਡਾਂ/ਸ਼ਹਿਰਾਂ ਰਾਹੀਂ ਦੇਸ਼ਾਂ ਦੇ ਰੂਪ ਵਿਚ ਤਬਦੀਲ ਹੋ ਗਿਆ। ਵੱਡੇ ਦੇਸ਼ਾਂ ਨੇ ਆਪਣਾ ਵਪਾਰਕ ਦਾਇਰਾ ਵਧਾਉਣ ਨਾਲ ਛੋਟੇ ਦੇਸ਼ਾਂ ਦੇ ਕਬਜੇ ਨਾਲ ਬਸਤੀਵਾਦ ਸਾਹਮਣੇ ਆਇਆ। ਇਨ੍ਹਾਂ ਬਸਤੀਆਂ ਦੀ ਆਜ਼ਾਦੀ ਤੋਂ ਬਾਅਦ ਅਮੀਰ ਮੁਲਕਾਂ ਨੇ ਆਪਣੀ ਤਰੱਕੀ ਲਈ ਦੂਸਰੇ ਦੇਸ਼ਾਂ ਉੱਪਰ ਪੂੰਜੀਵਾਦੀ ਮੰਡੀ ਦਾ ਰਾਜ ਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ ਜਿਸ ਨਾਲ ਵਿਸ਼ਵੀਕਰਨ ਦਾ ਸੰਕਲਪ ਹੋਂਦਸ਼ੀਲ ਹੋਇਆ। ਇਨ੍ਹਾਂ ਕਾਬਜ਼ ਸ਼੍ਰੇਣੀਆਂ ਨੇ ਆਪਣੇ ਕਬਜੇ ਹੇਠਲੇ ਦੇਸ਼ਾਂ ਵਿਚ ਆਪਣੀ ਭਾਸ਼ਾ ਅਤੇ ਸੱਭਿਆਚਾਰ ਦਾ ਪਾਸਾਰ ਸ਼ੁਰੂ ਕਰ ਦਿੱਤਾ ਜਿਸ ਨਾਲ ਉਥੋਂ ਦਾ ਸਥਾਨਕ ਸੱਭਿਆਚਾਰ ਅਤੇ ਭਾਸ਼ਾ ਸੀਮਤ ਹੋ ਕੇ ਰਹਿ ਗਏ। ਭਾਰਤ ਵਿਚ ਇਸ ਦੀ ਮਿਸਾਲ ਪਹਿਲਾ ਇਸਲਾਮ ਅਤੇ ਬਾਅਦ ਵਿਚ ਅੰਗਰੇਜ਼ਾਂ ਦੇ ਕਬਜ਼ੇ ਦੁਆਰਾ ਸਮਝੀ ਜਾ ਸਕਦੀ ਹੈ। ਇਥੇ ਹੀ ਬੱਸ ਨਹੀਂ ਵਿਸ਼ਵੀਕਰਨ ਦੀ ਦੁਹਾਈ ਦੇ ਕੇ ਵਿਗਿਆਨ ਦੇ ਨਿਯਮ ਸਾਰੇ ਸੰਸਾਰ ਉੱਪਰ ਇਕ ਸਮਾਨ ਲਾਗੂ ਕਰਨ ਦੀ ਆੜ ਥੱਲੇ ਸਥਾਨਕਤਾ ਨੂੰ ਖਤਮ ਕਰਨ ਦੇ ਯਤਨ ਆਰੰਭ ਹੋ ਗਏ। ਪਰ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਸਥਾਨਕਤਾ ਨੇ ਉਭਰਨਾ ਸ਼ੁਰੂ ਕੀਤਾ। ਇਸ ਤਹਿਤ ਸਥਾਨਕ ਸੱਭਿਆਚਾਰ, ਭਾਸ਼ਾਵਾਂ ਅਤੇ ਧਰਮਾਂ ਨੇ ਆਪਣੇ ਆਪ ਨੂੰ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਸਥਾਨਕਤਾ ਉੱਭਾਰ ਵਿਚ ਆ ਗਈ। ਇਸ ਉੱਤਰ-ਬਸਤੀਵਾਦੀ ਦੌਰ ਵਿਚ ਜਿੱਥੇ ਵਿਸ਼ਵੀਕਰਨ ਦੀ ਗੱਲ ਚੱਲ ਰਹੀ ਹੈ ਉੱਥੇ ਨਾਲ ਹੀ ਸਥਾਨੀਕਰਨ ਵੀ ਪ੍ਰਮੁੱਖਤਾ ਅਖਤਿਆਰ ਕਰ ਰਿਹਾ ਹੈ। ਇਸੇ

ਪ੍ਰਕਾਰ ਭਾਰਤੀ ਪ੍ਰਸੰਗ ਵਿਚ ਵੀ ਇਹੋ ਗੱਲ ਉੱਭਰਦੀ ਹੈ ਕਿ ਭਾਰਤੀ ਸੱਭਿਆਚਾਰ ਦਾ ਯੂਰਪੀ ਜਾ ਪੱਛਮੀ ਸੱਭਿਆਚਾਰ ਪ੍ਰਤੀ ਰਵੱਈਆ ਨਾਂਹ ਪੱਖੀ ਹੈ। ਹੁਣ ਜੇਕਰ ਭਾਰਤ ਦੀ ਅੰਦਰੂਨੀ ਗੱਲ ਕਰੀਏ ਤਾਂ ਪੰਜਾਬ ਅਤੇ ਖਾਸਕਰ ਦੱਖਣੀ ਰਾਜ ਭਾਰਤੀ ਸੱਭਿਆਚਾਰ ਅਤੇ ਬੋਲੀ ਪ੍ਰਤੀ ਉਦਾਸੀਨਤਾ ਕਿਸੇ ਪ੍ਰਮਾਣ ਦੀ ਮੁਹਤਾਜ ਨਹੀਂ ਹੈ। ਹਰੇਕ ਸਥਾਨਕ ਸੱਭਿਆਚਾਰ ਦੇ ਆਪਣੇ ਸੱਚ ਹਨ ਜੋ ਦੂਸਰਿਆਂ ਲਈ ਨਾ ਮੰਨਣਯੋਗ ਹਨ। ਇਸ ਲਈ ਵਿਸ਼ਵੀਕਰਨ ਦੀ ਸਥਾਨਕ ਸੱਭਿਆਚਾਰਾਂ ਨੂੰ ਖਤਮ ਕਰਨ ਦੀ ਪ੍ਰਵਿਰਤੀ ਪ੍ਰਤੀ ਸਥਾਨਕਤਾ ਦੀ ਪਹੁੰਚ ਨੂੰ ਉੱਤਰ-ਆਧੁਨਿਕਤਾ ਮਾਨਤਾ ਦਿੰਦੀ ਹੈ। ਡਾ. ਰਾਜਿੰਦਰਪਾਲ ਸਿੰਘ ਦੇ ਵਿਚਾਰ ਇਸ ਪ੍ਰਸੰਗ ਵਿਚ ਵੇਖਣਯੋਗ ਹਨ :

> ਇਸ ਪ੍ਰਸੰਗ ਵਿਚ ਭਾਰਤ ਅਤੇ ਪੰਜਾਬ ਦੇ ਰਿਸ਼ਤੇ ਨੂੰ ਵਿਚਾਰਨਾ ਯੋਗ ਹੋਵੇਗਾ। ਇਕ ਪਾਸੇ ਤਾਂ ਭਾਰਤੀ ਹਿੰਦੀ ਭਾਸ਼ੀ, ਹਿੰਦੂ ਧਰਮੀ, ਵਖਰੇ ਵਿਲੱਖਣ ਸਭਿਆਚਾਰਕ ਰਹੁ-ਰੀਤਾਂ ਵਾਲੇ ਹਨ ਜੋ ਯੂਰਪੀਅਨ ਸਰਦਾਰੀ ਵਾਲੇ ਪੱਛਮੀ ਸਭਿਆਚਾਰ ਵਿਚ ਜਜ਼ਬ ਹੋਣੋ ਇਨਕਾਰੀ ਹਨ। ਦੂਜੇ ਪਾਸੇ ਵਖ-ਵਖ ਖਿੱਤਿਆਂ ਦੀਆਂ ਭਾਸ਼ਾਵਾਂ, ਘੱਟ ਗਿਣਤੀ ਧਾਰਮਿਕ ਅਤੇ ਸਭਿਆਚਾਰਕ ਸਮੂਹ 'ਭਾਰਤੀ ਕੌਮ ' ਵਿਚ ਜਜ਼ਬ ਹੋਣ ਤੋਂ ਇਨਕਾਰੀ ਹਨ। ਇਹ ਚਾਹੇ ਜੰਮੂ-ਕਸ਼ਮੀਰ, ਪੰਜਾਬ, ਲਦਾਖ ਜਾਂ ਉਤਰ ਪੂਰਬੀ ਰਾਜਾਂ ਦੀਆਂ ਕੌਮਾਂ ਹੋਣ ਜਾਂ ਦੱਖਣ ਭਾਰਤੀ ਰਾਜ ਹੋਣ। ਇਸ ਪ੍ਰਕਾਰ ਵਿਵਹਾਰ ਵਿਚ ਸੰਦਰਭ ਬਦਲ ਜਾਂਦਾ ਹੈ।(*ਉਤਰ-ਆਧੁਨਿਕਤਾ* 30.)

ਮਨੁੱਖ ਦੀਆਂ ਸਮੱਸਿਆਵਾਂ ਵੀ ਉਸਦੇ ਇਤਿਹਾਸ ਜਿੰਨੀਆਂ ਹੀ ਪੁਰਾਣੀਆਂ ਹਨ। ਇਨ੍ਹਾਂ ਵਿਚੋਂ ਕੁਝ ਸਮੱਸਿਆਵਾਂ ਦਾ ਸਰੂਪ ਸਦੀਵੀ ਹੈ ਅਤੇ ਕੁਝ ਦਾ ਸਰੂਪ ਤੱਤਕਾਲੀ ਹੈ। ਇਨ੍ਹਾਂ ਵਿਚੋਂ ਆਰਥਿਕ ਅਸਮਾਨਤਾ, ਕਿਰਤ ਦੀ ਅਸਮਾਨ ਵੰਡ, ਸਥਾਪਤੀ ਦੁਆਰਾ ਹਾਸ਼ੀਆਗਤ ਸਮੂਹਾਂ ਦਾ ਸ਼ੋਸ਼ਣ ਆਦਿ ਸਮੱਸਿਆਵਾਂ ਸਦੀਵੀ ਹਨ। ਤੱਤਕਾਲੀਨ ਸਮੱਸਿਆਵਾਂ ਵਿਚ ਵਿਅਕਤੀਮੁੱਖਤਾ ਅਤੇ ਆਤਮਕੇਂਦ੍ਰਿਤ ਜੀਵਨ ਜਾਂਚ ਆਦਿ ਜਿਨ੍ਹਾਂ ਦੁਆਰਾ ਸਮਾਜ ਵਿਚ ਅਸਥਿਰਤਾ ਦਾ ਮਾਹੌਲ ਪੈਦਾ ਹੋ ਰਿਹਾ ਹੈ। ਅਜੋਕੇ ਸਮੇ ਵਿਚ ਏਕਤਾ ਭਾਈਚਾਰਾ ਜਿਸ ਨੂੰ ਵਿਸ਼ਵੀ ਰੂਪ ਵਿਚ ਚਿਤਵਿਆ ਜਾਂਦਾ ਹੈ ਪ੍ਰਮੁੱਖ ਜ਼ਰੂਰਤ ਦੇ ਰੂਪ ਵਿਚ ਸਮਝਣ ਵਰਤਾਰਾ ਹੈ। ਭਗਤ ਬਾਣੀ ਵਿਚ ਪੇਸ਼ ਪ੍ਰਵਚਨ

ਸਥਾਨਕ ਪਹਿਚਾਣ ਦੇ ਰੂਪ ਵਿਚ ਮਨੁੱਖ ਨੂੰ ਇਕੋ ਸਮੇਂ ਸਥਾਨਕਤਾ ਅਤੇ ਵਿਸ਼ਵ ਨਾਲ ਜੋੜਨ ਦੀ ਸੇਧ ਦਿੰਦਾ ਹੈ। ਮੌਜੂਦਾ ਸਮੇਂ ਵਿਚ ਜ਼ਰੂਰਤ ਇਸ ਗੱਲ ਦੀ ਹੈ ਕਿ ਆਪਣੀ ਸਥਾਨਕ ਪਹਿਚਾਣ ਦੇ ਨਾਲ ਮਨੁੱਖਤਾ ਨੂੰ ਵਿਸ਼ਵਵਿਆਪੀ ਵਰਤਾਰੇ ਦੇ ਹਿੱਸੇ ਦੇ ਰੂਪ ਵਿਚ ਸਮਝਿਆ ਜਾਵੇ। ਭਗਤ ਬਾਣੀ ਵਿਚਲਾ ਪ੍ਰਵਚਨ ਤਾਂ ਇਸ ਤੋਂ ਵੀ ਅੱਗੇ ਦੀ ਗੱਲ ਕਰਦਾ ਹੈ। ਇਸ ਵਿਚ ਪੂਰੇ ਬ੍ਰਹਿਮੰਡ ਨਾਲ ਇਸ ਪਿੰਡ ਭਾਵ ਮਨੁੱਖ ਦਾ ਵਰ ਮੇਚਿਆ ਗਿਆ ਹੈ। ਇਸ ਲਈ ਇਸ ਵਿਚਲਾ ਪ੍ਰਵਚਨ ਸਥਾਨੀਕਰਨ ਤੋਂ ਵਿਸ਼ਵੀਕਰਨ ਨੂੰ ਹੀ ਆਪਣੇ ਕਲਾਵੇ ਵਿਚ ਨਹੀਂ ਲੈਂਦਾ ਸਗੋਂ ਇਸ ਤੋਂ ਵੀ ਅੱਗੇ ਨਿਕਲ ਜਾਂਦਾ ਹੈ। ਭਗਤ ਪੀਪਾ ਜੀ ਇਸ ਨੂੰ ਆਪਣੀ ਰਚਨਾ ਵਿਚ ਪੇਸ਼ ਕਰਦੇ ਹਨ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 695.)

ਸਦੀਆਂ ਤੋਂ ਸੰਸਾਰ ਪੱਧਰ ਤੇ ਸ਼ਕਤੀਸ਼ਾਲੀ ਦੇਸ਼ ਆਪਣੀ ਸਰਦਾਰੀ ਕਮਜ਼ੋਰ ਦੇਸ਼ਾਂ ਤੇ ਥੋਪਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਇਨ੍ਹਾਂ ਦਾ ਆਧਾਰ ਧਰਮ, ਭਾਸ਼ਾ, ਕੌਮ, ਆਰਥਿਕਤਾ ਆਦਿ ਰਹੇ ਹਨ। ਪਰੰਤੂ ਇਸ ਸਭ ਦੇ ਪਿੱਛੇ ਆਪਣੀ ਉੱਤਮਤਾ ਦਾ ਦੰਭ ਕਾਰਜਸ਼ੀਲ ਹੈ। ਅਮਰੀਕਾ ਵਰਗੇ ਦੇਸ਼ਾਂ ਦਾ ਇਜ਼ਰਾਈਲ ਦੀ ਯਹੂਦੀ ਕੌਮ ਦੀ ਆੜ ਵਿਚ ਮੁਸਲਿਮ ਦੇਸ਼ਾਂ ਨਾਲ ਕੀਤਾ ਵਿਤਕਰਾ ਸਾਹਮਣੇ ਆਉਂਦਾ ਹੈ। ਇਸ ਤੋਂ ਇਲਾਵਾ ਅਮਰੀਕਾ ਦੀ ਅਫਗਾਨਿਸਤਾਨ ਵਿਚ ਦਖਲਅੰਦਾਜ਼ੀ ਦਾ ਅਮਲ ਦੇਖਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਸੰਸਾਰ ਭਰ ਵਿਚ ਹੋਣ ਵਾਲੇ ਵਰਤਾਰਿਆਂ ਜਿਸ ਵਿਚ ਸਮੁੱਚਾ ਸੰਸਾਰ ਦੋ ਭਾਗਾਂ ਵਿਚ ਵੰਡਿਆ ਰਿਹਾ ਹੈ। ਇਸ ਤੋਂ ਇਲਾਵਾ ਸੰਸਾਰ ਪੱਧਰ ਤੇ ਹੋਣ ਵਾਲੀ ਸਰਗਰਮੀ ਵਿਚ ਛੋਟੇ ਦੇਸ਼ਾਂ ਦੀਆਂ ਵਿਰੋਧੀ ਭਾਵਨਾਵਾਂ ਦੀ ਅਣਦੇਖੀ ਕਾਰਨ ਹੋਣ ਵਾਲਾ ਦਵੰਦ ਵੇਖਿਆ ਜਾ ਸਕਦਾ ਹੈ। ਤੀਜੀ ਦੁਨੀਆਂ ਦੇ ਦੇਸ਼ਾਂ ਜਿਸ ਵਿਚ ਭਾਰਤ ਵਰਗੇ ਦੇਸ਼ਾਂ ਦੀ ਹਾਲਤ ਵੇਖੀ ਜਾ ਸਕਦੀ ਹੈ। ਧਰਮ, ਜਾਤੀ ਆਦਿ ਭਾਰਤ ਵਿਚ ਪ੍ਰਮੁੱਖ ਸਮੱਸਿਆਵਾਂ ਦਾ ਆਧਾਰ ਬਣਿਆ ਹੋਇਆ ਹੈ। ਇਹ ਸਦੀਵੀ ਸਮੱਸਿਆਵਾਂ ਸਦਾ ਤੋਂ ਹੀ ਮਨੁੱਖ ਦੇ ਅੰਗਸੰਗ ਰਹੀਆਂ ਹਨ। ਭਗਤ ਬਾਣੀ ਵਿਚ ਦੇਸ਼, ਧਰਮ, ਜਾਤ ਦੇ ਨਾਮ ਤੇ ਹੋਣ ਵਾਲਾ ਸੋਸ਼ਣ ਪੇਸ਼ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦਾ ਸਥਾਨਕ ਰੂਪ ਮਨੁੱਖ ਦੀ ਮਨੁੱਖ ਹੱਥੋਂ ਹੋਣ ਵਾਲੀ ਲੁੱਟ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਆਧੁਨਿਕਤਾ ਦੀ ਮੂਲ ਚੂਲ ਉਦਯੋਗ ਸੀ ਜਿਸ ਵਿਚ ਕਾਮਿਆਂ ਦਾ ਸੋਸ਼ਣ ਵੱਡੇ ਪੱਧਰ ਤੇ

ਹੋਇਆ ਅਤੇ ਇਸੇ ਤਰ੍ਹਾਂ ਖੇਤ ਮਜਦੂਰ, ਛੋਟੇ ਕਿਸਾਨ ਆਦਿ ਵੀ ਇਸ ਦੌਰ ਵਿਚ ਪੀੜਿਤ ਰਹੇ। ਇਸ ਦੇ ਸਿੱਟੇ ਵਜੋਂ ਪੰਜਾਬ ਅੰਦਰ ਚੱਲੀ ਨਕਸਲਬਾੜੀ ਲਹਿਰ ਦਾ ਸਮਾ ਵੇਖਿਆ ਜਾ ਸਕਦਾ ਹੈ। ਇਸ ਤੋਂ ਬਾਅਦ ਖਾੜਕੂਵਾਦ ਪਿੱਛੇ ਧਰਮ ਅਤੇ ਰਾਜਨੀਤੀ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਬੇਸ਼ੱਕ ਇਸ ਦੇ ਪਿੱਛੇ ਵੀ ਵੱਡਾ ਹੱਥ ਸੋਸ਼ਣ ਦਾ ਹੀ ਸੀ। ਅੱਜ ਸੂਚਨਾ ਤਕਨਾਲੋਜੀ ਦਾ ਯੁੱਗ ਹੋਣ ਦੇ ਬਾਵਜੂਦ ਵੀ ਕਿਰਤ ਦੀ ਲੁੱਟ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪੰਜਾਬ ਵਿਚੋਂ ਪਰਵਾਸ ਕਰਕੇ ਜਾਣ ਵਾਲੇ ਲੋਕ ਜੋ ਵਿਦੇਸ਼ਾਂ ਵਿਚ ਜਾ ਕੇ ਸਫਲ ਹੋ ਚੁੱਕੇ ਹਨ, ਉਨ੍ਹਾਂ ਦੁਆਰਾ ਪੰਜਾਬ ਵਿਚੋਂ ਜਾਣ ਵਾਲੇ ਨੌਜਵਾਨਾਂ ਦੇ ਸੋਸ਼ਣ ਦੀਆਂ ਖਬਰਾਂ ਵੀ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਭਾਰਤ ਦੇ ਸੰਦਰਭ ਵਿਚ ਸਥਿਤੀ ਬਹੁਤ ਹੀ ਮੰਦੀ ਕਹੀ ਜਾ ਸਕਦੀ ਹੈ ਕਿਉਂਕਿ ਭਾਰਤ ਦੇ ਕਈ ਰਾਜਾਂ ਅੰਦਰ ਜਾਤੀ ਦੇ ਆਧਾਰ ਤੇ ਹੋਣ ਵਾਲੇ ਸੋਸ਼ਣ ਵੀ ਕਿਸੇ ਤੋਂ ਲੁਕਿਆ ਨਹੀਂ ਹੈ। ਇਥੋਂ ਤੱਕ ਕਿ ਮਨੁੱਖੀ ਜਾਨ ਲੈਣ ਤੱਕ ਦਾ ਰੁਝਾਨ ਵੀ ਸਾਹਮਣੇ ਆਇਆ ਹੈ। ਦਲਿਤਾਂ ਤੇ ਜ਼ੁਲਮ ਦੀਆਂ ਖਬਰਾਂ ਅਖਬਾਰਾਂ ਅਤੇ ਚੈਨਲਾਂ ਤੇ ਚਲਦੀਆਂ ਹੀ ਰਹਿੰਦੀਆਂ ਹਨ। ਪੰਜਾਬ ਅੰਦਰ ਪੰਚਾਇਤੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀਆਂ ਪ੍ਰਤੀ ਅਖੌਤੀ ਉੱਚ ਜਾਤਾਂ ਦਾ ਕੁੱਟਮਾਰ ਦਾ ਵਤੀਰਾ ਕਾਫੀ ਕੁਝ ਕਹਿ ਜਾਂਦਾ ਹੈ। ਇਸ ਤੋਂ ਇਲਾਵਾ ਬੱਚੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਪੂਰੇ ਨਿਜ਼ਾਮ ਦਾ ਸਿਰ ਨੀਵਾਂ ਕਰਦੀਆਂ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਵਿਚ ਰਾਜਨੇਤਾਵਾਂ ਦੀ ਸ਼ਮੂਲੀਅਤ ਹੋਣਾ ਇਸ ਸਮੱਸਿਆ ਦੀ ਭਿਆਨਕਤਾ ਵੱਲ ਇਸ਼ਾਰਾ ਕਰਦਾ ਹੈ। ਭਾਰਤ ਅਤੇ ਖਾਸਕਰ ਪੰਜਾਬ ਅੰਦਰ ਚੱਲ ਰਹੀ ਨਸ਼ਿਆਂ ਦੀ ਹਨ੍ਹੇਰੀ ਇਥੋਂ ਦੀ ਨੌਜਵਾਨੀ ਨੂੰ ਨਾਕਾਬਿਲ ਬਣਾ ਰਹੀ ਹੈ। ਪੰਜਾਬ ਦਾ ਨੌਜਵਾਨ ਵੱਡੇ ਪੱਧਰ ਤੇ ਵਿਦੇਸ਼ਾਂ ਵਿਚ ਜਾਣ ਲਈ ਮਜਬੂਰ ਹੋ ਰਿਹਾ ਹੈ। ਆਉਣ ਵਾਲੇ ਸਮੇ ਦੀ ਭਿਆਨਕਤਾ ਦਾ ਅੰਦਾਜ਼ਾ ਹਰ ਇਕ ਸੰਵੇਦਨਸ਼ੀਲ ਮਨੁੱਖ ਨੂੰ ਕਚੋਟ ਰਿਹਾ ਹੈ। ਇਕ ਪਾਸੇ ਮਨੁੱਖ ਵਿਸ਼ਵੀਕਰਨ ਦੀ ਸਥਿਤੀ ਪੈਦਾ ਹੋਣ ਕਾਰਨ ਆਪਣੀ ਸਥਾਨਕਤਾ ਨੂੰ ਖਤਰੇ ਵਿਚ ਮਹਿਸੂਸ ਕਰ ਰਿਹਾ ਹੈ ਅਤੇ ਇਸ ਪਛਾਣ ਨੂੰ ਗੁਆਚਣ ਨਹੀਂ ਦੇਣਾ ਚਾਹੁੰਦਾ, ਉਥੇ ਦੂਜੇ ਬੰਨੇ ਪੰਜਾਬ ਵਰਗੇ ਖਿੱਤੇ ਵਿਚੋਂ ਬਾਹਰ ਜਾਣ ਦੇ ਰੁਝਾਨ ਤਹਿਤ ਖੁੰਬਾਂ ਵਾਂਗ ਉੱਗੇ ਆਈਲੈਟਸ ਸੈਂਟਰਾਂ ਵਿਚਲੀ ਭੀੜ ਉਸਨੂੰ ਆਪਣੀ ਸਥਾਨਕ ਭਾਸ਼ਾ ਪ੍ਰਤੀ ਨੀਰਸਤਾ ਵੱਲ ਧੱਕ ਰਹੀ ਹੈ। ਇਹ ਦਵੰਦ ਪੰਜਾਬੀ ਮਨੁੱਖ ਦੀ ਹੋਣੀ ਹੈ। ਭਗਤ

ਬਾਣੀ ਵਿਚਲਾ ਪ੍ਰਵਚਨ ਇਸ ਵਿਸ਼ਵੀਕਰਨ ਦੇ ਸਮਵਿੱਥ ਸਥਾਨੀਕਰਨ ਨੂੰ ਕਿਸ ਤਰ੍ਹਾਂ ਸੰਬੋਧਿਤ ਹੁੰਦਾ ਹੈ, ਅਸੀਂ ਕੁਝ ਉਦਾਹਰਨਾਂ ਦੁਆਰਾ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਤੋਂ ਪਹਿਲਾਂ ਡਾ. ਆਤਮ ਰੰਧਾਵਾ ਦੇ ਸਥਾਨੀਕਰਨ ਬਾਰੇ ਇਸ ਕਥਨ ਨੂੰ ਵੇਖਦੇ ਹਾਂ :

> ਗੀਅਟਰਜ਼ ਦਾ 'ਸਥਾਨਕਤਾ ਦਾ ਸਿਧਾਂਤ' ਮੁੱਖ ਤੌਰ 'ਤੇ ਇਹ ਸਥਾਪਿਤ ਕਰਦਾ ਹੈ ਕਿ ਸਭਿਆਚਾਰ ਪਿੱਛੇ ਕੰਮ ਕਰ ਰਿਹਾ ਹਰ ਮਨ ਆਪਣੀਆਂ ਖਾਸ ਵਿਸ਼ੇਸ਼ਤਾਵਾਂ ਕਰਕੇ 'ਵਿਲੱਖਣ' ਹੈ ਅਤੇ ਉਹ ਵਿਸ਼ਵ-ਵਿਆਪੀ ਪ੍ਰਬੰਧ ਨਹੀਂ ਰਚ ਸਕਦਾ। ਉਸ ਅਨੁਸਾਰ ਵਿਸ਼ਵ-ਵਿਆਪੀ ਸ਼ਾਸਤਰਾਂ ਦੀ ਥਾਂ ਸਥਾਨਕ ਚਿਹਨ ਸ਼ਾਸਤਰੀ ਪ੍ਰਬੰਧ ਉਸਾਰਨੇ ਹੀ ਸਾਰਥਕ ਹਨ।(*ਕਾਵਿ-ਸ਼ਾਸਤਰ* ਅੰਕ 12, ਉਤਰ-ਆਧੁਨਿਕਤਾ : ਸਿਧਾਂਤਕ ਪਰਿਪੇਖ ਅਤੇ ਸਾਹਿਤ ਅਧਿਐਨ ਵਿਧੀ 47.)

ਸਥਾਨੀਕਰਨ ਦਾ ਸੰਕਲਪ ਭਗਤ ਕਵੀਆਂ ਦੀ ਜੀਵਨ ਜਾਂਚ ਅਤੇ ਰਚਨਾ ਅੰਦਰ ਸਥਾਨਕਤਾ ਦੀ ਰੰਗਣ ਭਰੀ ਹੋਈ ਹੈ। ਭਗਤ ਰਵਿਦਾਸ ਜੀ ਖੂਹ ਵਿਚਲੇ ਡੱਡੂਆਂ ਦੀ ਉਦਾਹਰਣ ਦੁਆਰਾ ਸਥਾਨੀਕਰਣ ਨੂੰ ਸਾਕਾਰ ਕਰਦੇ ਹਨ। ਜਿਸ ਤਰ੍ਹਾਂ ਡੱਡੂਆਂ ਦੇ ਭਰੇ ਖੂਹ ਵਿਚ ਉਨ੍ਹਾਂ ਨੂੰ ਆਪਣੇ ਜਾ ਪਰਾਏ ਵਤਨ ਦਾ ਕੁਝ ਵੀ ਨਹੀਂ ਪਤਾ ਹੁੰਦਾ ਹੈ। ਉਨ੍ਹਾਂ ਨੂੰ ਆਪਣਾ ਇਹ ਖੂਹ ਹੀ ਸਮੁੱਚਾ ਸੰਸਾਰ ਦੀ ਤਰ੍ਹਾਂ ਲੱਗਦਾ ਹੈ। ਇਸ ਨਾਲ ਉਨ੍ਹਾਂ ਦੀ ਇਹ ਪ੍ਰਵਿਰਤੀ ਇਸੇ ਨੂੰ ਸਭ ਕੁਝ ਸਮਝਦੀ ਹੈ। ਇਸੇ ਤਰ੍ਹਾਂ ਇਨਸਾਨ ਵੀ ਆਪਣੀ ਸਥਾਨਕ ਰੰਗਣ ਪ੍ਰਤੀ ਬਹੁਤ ਜ਼ਿਆਦਾ ਸੁਚੇਤ ਹੋ ਕੇ ਇਸ ਪਹਿਚਾਣ ਨੂੰ ਹੀ ਆਪਣੀ ਪਹਿਚਾਣ ਮੰਨ ਲੈਂਦਾ ਹੈ ਪਰੰਤੂ ਇਹ ਸਥਾਨੀਕਰਨ ਜਿੱਥੇ ਮਨੁੱਖ ਦੀ ਸਰਵਪੱਖੀ ਉੱਨਤੀ ਵਿਚ ਸਹਾਈ ਨਹੀਂ ਹੁੰਦਾ। ਇਸ ਲਈ ਮਨੁੱਖ ਨੂੰ ਆਪਣੇ ਆਪ ਨੂੰ ਸੰਪੂਰਨ ਵਿਸ਼ਵ ਨਾਲ ਸਬੰਧਿਤ ਕਰਨਾ ਚਾਹੀਦਾ ਹੈ। ਪਰ ਆਪਣੀ ਸਥਾਨਕਤਾ ਦੇ ਤਿਆਗ ਦੀ ਕੀਮਤ ਤੇ ਹਰਗਿਜ਼ ਨਹੀਂ, ਸਗੋਂ ਸਥਾਨਕ ਪਛਾਣ ਦੇ ਨਾਲ-ਨਾਲ ਵਿਸ਼ਵ-ਵਿਆਪੀ ਸੋਚ ਦਾ ਧਾਰਨੀ ਹੋਣਾ ਚਾਹੀਦਾ ਹੈ। ਇਸ ਵਿਚਲੀ ਸੇਧ ਮਨੁੱਖੀ ਮਨ ਦੀਆਂ ਸੰਕੁਚਿਤ ਪ੍ਰਵਿਰਤੀਆਂ ਦੁਆਰਾ ਉਸ ਦੇ ਨਿੱਜ ਦੇ ਭਾਵ ਨੂੰ ਸਾਹਮਣੇ ਲਿਆਉਂਦੀ ਹੈ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 346.)

ਖੂਹ ਦੇ ਡੱਡੂਆਂ ਦੀ ਤਰ੍ਹਾਂ ਮਨੁੱਖੀ ਸੋਚ ਦਾ ਦਾਇਰਾ ਆਪਣੀ ਸਥਾਨਕਤਾ ਨਾਲ ਜੁੜੀਆਂ ਸਮੱਸਿਆਵਾਂ ਪ੍ਰਤੀ ਪ੍ਰਮੁੱਖਤਾ ਨਾਲ ਕਾਰਜ ਕਰਦਾ ਹੈ। ਪਰ ਅਜੋਕੇ ਸਮੇ ਵਿਚ ਸਦੀਆਂ ਤੋਂ ਚੱਲੀਆਂ ਆ ਰਹੀਆਂ ਸਮੱਸਿਆਵਾਂ ਨੂੰ ਸਦੀਵੀ ਸਮੱਸਿਆਵਾਂ ਦੇ ਦਾਇਰਿਆਂ ਵਿਚ ਸਮਝਣਾ ਮਨੁੱਖੀ ਸਮਾਜ ਦੀ ਪਹਿਲ ਹੋਣੀ ਚਾਹੀਦੀ ਹੈ। ਭਗਤ ਬਾਣੀ ਵਿਚ ਅਜਿਹੀ ਸੋਚ ਦਾ ਵੀ ਪ੍ਰਗਟਾਵਾ ਮਿਲਦਾ ਹੈ, ਜਿਸ ਦੁਆਰਾ ਵਿਸ਼ਵੀਕਰਨ ਦੇ ਸੰਕਲਪ ਨੂੰ ਸਮੂਹ ਸੰਸਾਰ ਦੇ ਲੋਕਾਂ ਦੀ ਫਿਰਤੂ ਬਿਰਤੀ ਦੁਆਰਾ ਅਗਰਭੂਮਿਤ ਕੀਤਾ ਗਿਆ ਹੈ। ਫੋਨਟਾਨਾ ਪੋਸਟ-ਮਾਡਰਨ ਰੀਡਰ ਅਨੁਸਾਰ,"ਉੱਤਰ-ਆਧੁਨਿਕ ਸੰਸਾਰ ਗਲੋਬਲ ਸੱਭਿਅਤਾ ਹੈ, ਅਤੇ ਇਕ ਸੱਭਿਅਤਾ ਨੂੰ ਜੇਕਰ ਇਸ ਨੇ ਕੰਮ ਕਰਨਾ ਹੈ, ਤਾਂ ਇਸ ਨੂੰ ਕੁਝ ਸੰਗਠਿਤ ਸਚਾਈਆਂ ਅਤੇ ਡੂੰਘੀਆਂ ਕੀਮਤਾਂ ਦੀ ਲੋੜ ਹੈ।"(Anderson. *The Fortana Post-Modernism Reader* 208.) ਉੱਤਰ-ਆਧੁਨਿਕ ਸਥਿਤੀ ਵਿਚ ਵਿਗਿਆਨ ਤਕਨਾਲੋਜੀ ਨੇ ਜਿਥੇ ਸੰਸਾਰ ਨੂੰ ਇੱਕ ਪਿੰਡ ਬਣਾ ਦਿੱਤਾ ਹੈ, ਉਥੇ ਨਾਲ ਹੀ ਸਥਾਨਕ ਸੋਚ ਨੂੰ ਅਗਰਭੂਮੀ ਵਿਚ ਲਿਆਂਦਾ ਹੈ। ਭਗਤ ਬਾਣੀ ਸੰਸਾਰ ਪੱਧਰ ਤੇ ਸੋਚਣ ਦੇ ਨਾਲ ਹੀ ਸਥਾਨਕ ਪੱਧਰ ਤੇ ਕਾਰਜਸ਼ੀਲ ਹੋਣ ਦਾ ਹੋਕਾ ਦਿੰਦੀ ਹੈ। ਨਾਇਕਤਵ ਦੇ ਬਿੰਬ ਦੁਆਰਾ ਸਮੂਹ ਸੰਸਾਰ ਨੂੰ ਇਕ ਸੂਤਰ ਵਿਚ ਬੰਨ੍ਹਣ ਵਾਲਾ ਰਾਮ 'ਹਮਾਰਾ' ਦੇ ਚਿਹਨ ਦੁਆਰਾ ਸਥਾਨਕ ਰੰਗਣ ਵਾਲਾ ਹੋ ਨਿੱਬੜਦਾ ਹੈ।

ਐਸਾ ਨਾਇਕੁ ਰਾਮੁ ਹਮਾਰਾ॥

ਸਗਲ ਸੰਸਾਰੁ ਕੀਓ ਬਨਜਾਰਾ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 333.)

ਨਾਮਦੇਵ ਜੀ ਦੀ ਬਾਣੀ ਮਨੁੱਖੀ ਮਨ ਦੀਆਂ ਅੰਦਰੂਨੀ ਅਤੇ ਬਾਹਰੀ ਪ੍ਰਵਿਰਤੀਆਂ ਦੁਆਰਾ ਅੰਦਰ ਤੋਂ ਬਾਹਰ ਤੱਕ ਦੀ ਯਾਤਰਾ ਸਾਕਾਰ ਰੂਪ ਲੈਂਦੀ ਹੈ। ਜਦੋਂ ਭਗਤ ਬਾਣੀ 'ਸੁਆਮੀ' ਪਦ ਦੀ ਵਰਤੋਂ ਕਰਦੀ ਹੈ ਤਾਂ ਉਹ ਸੰਪੂਰਨ ਮਨੁੱਖਤਾ ਲਈ ਇਕ ਅਜਿਹਾ ਸੰਕਲਪ ਘੜ੍ਹਦੀ ਹੈ ਜਿਸ ਵਿਚ ਪਰਮਾਤਮਾ ਨੂੰ ਕੇਂਦਰ ਵਿਚ ਰੱਖ ਕੇ ਉਸ ਦੁਆਰਾ ਸਭ ਦੀ ਏਕਤਾ ਸਥਾਪਿਤ ਕਰ ਸਕੇ। ਉੱਤਰ-ਆਧੁਨਿਕ ਪਰਿਪੇਖ ਵਿਚ ਬਹੁਤ ਸਾਰੀਆਂ ਸਮੱਸਿਆਵਾਂ

ਵਿਸ਼ਵੀਕਰਨ ਦੇ ਦੌਰ ਵਿਚ ਆਪਣੀ ਸਥਾਨਕ ਪਛਾਣ ਨੂੰ ਬਚਾਉਣ ਲਈ ਉੱਭਾਰ ਵਿਚ ਆਈਆਂ ਹਨ। ਇਸ ਲਈ ਸੁਆਮੀ ਦੇ ਨਾਇਕਤਵ ਵਾਲੇ ਬਿੰਬ ਦੁਆਰਾ ਸਮੁੱਚੇ ਸੰਸਾਰ ਨੂੰ ਅਲੱਗ-ਅਲੱਗ ਪਛਾਣਾਂ ਦੇ ਨਾਲ ਏਕਤਾ ਦੇ ਸੂਤਰ ਵਿਚ ਬੰਨ੍ਹਣ ਨੂੰ ਹੀ ਭਗਤ ਬਾਣੀ ਵਿਚਲਾ ਪ੍ਰਵਚਨ ਆਪਣਾ ਹਿੱਸਾ ਬਣਾਉਂਦਾ ਹੈ।

ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ।। (1167.)

ਕਬੀਰ ਜੀ ਦਾ ਕਥਨ ਨਿੱਜ ਤੋਂ ਪਰ ਤੱਕ ਦੇ ਸਫਰ ਦੀ ਤਰਜਮਾਨੀ ਕਰਦਾ ਹੈ। ਅਜੋਕਾ ਸੰਸਾਰ ਹੁਣ ਇਕ 'ਗਲੋਬਲ ਵਿਲੇਜ' ਬਣ ਚੁੱਕਿਆ ਹੈ। ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਹੋਣ ਵਾਲੀ ਘਟਨਾ ਅਜੋਕੇ ਸਮੇ ਵਿਚ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕਰਦੀ ਹੈ। "ਹੁਣ ਜੋ ਇੱਕ ਦੇਸ਼ ਦਾ ਸੱਚ ਹੈ, ਉਹ ਵਿਸ਼ਵ ਦਾ ਸੱਚ ਹੈ। ਇਸ ਸੱਚ ਵਿਚ ਇੱਕ ਸੱਚ ਹੀ ਨਹੀਂ, ਅਨੇਕ ਤਰ੍ਹਾਂ ਦੇ ਸੱਚ ਹਨ।" (ਪਚੌਰੀ. *ਉੱਤਰ ਆਧੁਨਿਕਤਾ ਔਰ ਉੱਤਰ ਸੰਰਚਨਾਵਾਦ* 11.) ਭਗਤ ਬਾਣੀ ਦੁਆਰਾ ਵਿਸ਼ਵੀਕਰਨ ਦੇ ਸੰਕਲਪ ਤੋਂ ਅੱਗੇ ਨਿਕਲ ਕੇ ਪੂਰੇ ਬ੍ਰਹਿਮੰਡ ਦੀ ਏਕਤਾ ਸਥਾਪਿਤ ਕਰਦੀ ਹੈ। ਇਹ ਇੱਕ ਵਿਲੱਖਣ ਸੰਕਲਪ ਹੈ ਜਿਸ ਦੁਆਰਾ ਭਗਤ ਬਾਣੀ ਨਿੱਜ ਤੋਂ ਪਰ ਤੱਕ ਦਾ ਸਫਰ ਬਿਆਨਦੀ ਹੈ। ਜਿੱਥੇ ਇੱਕ ਪਾਸੇ ਮਨੁੱਖ ਆਪਣੀ ਸਥਾਨਕਤਾ ਨਾਲ ਜੁੜਿਆ ਹੋਇਆ ਹੈ ਉੱਥੇ ਉਸ ਦੀ ਚੇਤਨਾ ਇਸ ਬ੍ਰਹਿਮੰਡ ਤੱਕ ਫੈਲਦੀ ਹੈ। ਇਸ ਸੰਕਲਪ ਦੁਆਰਾ ਉੱਤਰ-ਆਧੁਨਿਕਤਾ ਦੇ ਪ੍ਰਵਰਗ ਸਥਾਨੀਕਰਨ ਨੂੰ ਨਵੀ ਪਰਿਭਾਸ਼ਾ ਦਿੰਦੇ ਹਨ।

ਸੋ ਬ੍ਰਹਮੰਡਿ ਪਿੰਡਿ ਸੋ ਜਾਨੁ।। (*ਸ੍ਰੀ ਗੁਰੂ ਗ੍ਰੰਥ ਸਾਹਿਬ* 1162.)

ਸਮੁੱਚੇ ਬ੍ਰਹਿਮੰਡ ਨੂੰ ਮਨੁੱਖ ਨਾਲ ਸਬੰਧਿਤ ਕਰ ਕੇ ਉਸਾਰਿਆ ਵਰਤਾਰਾ ਸਥਾਨਕਤਾ ਅਤੇ ਵਿਸ਼ਵ ਤੋਂ ਪਾਰਗਾਮੀ ਅਵਸਥਾ ਦਾ ਜ਼ਿਕਰ ਕਰਦਾ ਹੈ। ਇਸੇ ਲਈ ਭਗਤ ਬਾਣੀ ਵਿਚਲੇ ਸੰਕਲਪ ਵਿਲੱਖਣ ਹੋਂਦ ਦੇ ਧਾਰਨੀ ਹੋ ਕੇ ਸਰਬਕਾਲੀ ਮਹੱਤਵ ਧਾਰਨ ਕਰਦੇ ਹਨ। ਸਮੇ ਦੇ ਬਦਲਾਉ ਨਾਲ ਮਨੁੱਖ ਦੀਆਂ ਜ਼ਰੂਰਤਾਂ ਵਿਚ ਪਰਿਵਰਤਨ ਵਾਪਰਿਆ ਹੈ। ਵਿਗਿਆਨ ਤਕਨਾਲੋਜੀ ਦੇ ਵਿਕਾਸ ਨੇ ਸਾਰੇ ਸੰਸਾਰ ਅੰਦਰ ਅਜਿਹੀ ਕ੍ਰਾਂਤੀ ਲੈ ਆਂਦੀ ਹੈ ਜਿਸ ਨਾਲ ਮਨੁੱਖ ਲਈ ਦੁਨੀਆਂ ਦੇ ਕਿਸੇ ਦੇਸ਼ ਵਿਚ ਪਹੁੰਚਣ ਲਈ ਮੌਕੇ ਵਧ ਗਏ ਹਨ। ਇਸ ਨਾਲ ਭਾਰਤ ਜਿਹੇ ਦੇਸ਼ਾਂ ਦੇ

ਬਾਸ਼ਿੰਦੇ ਵਿਕਸਿਤ ਦੇਸ਼ਾਂ ਵਿਚ ਬਿਹਤਰ ਜ਼ਿੰਦਗੀ ਲਈ ਚੰਗੇ ਰੋਜ਼ਗਾਰ ਦੀ ਤਲਾਸ਼ ਵਿਚ ਜਾ ਰਹੇ ਹਨ। ਪਹਿਲਾਂ ਵਿਦੇਸ਼ ਜਾਣ ਵਾਲੇ ਜ਼ਿਆਦਾਤਰ ਕੇਵਲ ਰੋਜ਼ਗਾਰ ਦੀ ਭਾਲ ਵਿਚ ਜਾਂਦੇ ਸਨ ਪਰੰਤੂ ਹੁਣ ਖਾਸਕਰ ਪੰਜਾਬ ਵਿਚੋਂ ਨੌਜਵਾਨ ਵਿਦੇਸ਼ ਵਿਚ ਪੱਕੇ ਤੌਰ ਤੇ ਵੱਸਣ ਦੇ ਇਰਾਦੇ ਨਾਲ ਜਾਂਦੇ ਹਨ। ਇਸ ਨਾਲ ਸੱਭਿਆਚਾਰਾਂ ਦੇ ਭੇੜ ਦੀ ਸਮੱਸਿਆ ਪ੍ਰਚੰਡ ਹੋਣ ਵੱਲ ਵਧ ਰਹੀ ਹੈ। ਇਹ ਸਮੱਸਿਆ ਆਪਣੇ ਮੂਲ ਕਰਕੇ ਸਦੀਵੀ ਹੈ ਪਰੰਤੂ ਵਿਹਾਰਕ ਰੂਪ ਵਿਚ ਸਮਕਾਲੀ ਸਮੱਸਿਆਵਾਂ ਦੇ ਰੂਪ ਵਿਚ ਸਾਹਮਣੇ ਆਈ ਹੈ।"ਸਮਕਾਲੀਨ ਯਥਾਰਥ ਦਾ ਭੂ-ਮੰਡਲੀ ਹੋਣਾ ਇੱਕ ਨਵਾਂ ਸੱਚ ਹੈ। ਇਹੋ ਉੱਤਰ-ਆਧੁਨਿਕ ਸੱਚ ਹੈ। ਤਕਨੀਕੀ ਕ੍ਰਾਂਤੀ। ਸੂਚਨਾ ਕ੍ਰਾਂਤੀ। ਉਪਭੋਗਤਾ ਕ੍ਰਾਂਤੀ। ਭੂ-ਮੰਡਲ ਇਸਦੀ ਚਪੇਟ ਵਿਚ ਹੈ।" (ਪਚੌਰੀ. *ਉੱਤਰ-ਆਧੁਨਿਕ ਪਰਿਦ੍ਰਿਸ਼ਯ* 3-4.) ਇਸੇ ਵਰਤਾਰੇ ਨੂੰ ਕਬੀਰ ਜੀ ਦਾ ਕਥਨ ਸੰਬੋਧਿਤ ਹੁੰਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਪੰਜਾਬ ਵਿਚੋਂ ਵੱਡੇ ਪੱਧਰ ਤੇ ਵਿਦੇਸ਼ਾਂ ਵੱਲ ਹੋਣ ਵਾਲਾ ਪਲਾਇਨ ਵੇਖਿਆ ਜਾ ਸਕਦਾ ਹੈ। ਪੰਜਾਬੀ ਵਿਦੇਸ਼ਾਂ ਵਿਚ ਜਾ ਕੇ ਆਪਣੀ ਸਥਾਨਕਤਾ ਨੂੰ ਤਿਆਗਦੇ ਨਹੀ ਹਨ। ਇਸ ਵਰਤਾਰੇ ਨੂੰ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੇ ਨੌਜਵਾਨਾਂ ਦੇ ਚੰਗੇ/ਮੰਦੇ ਵਿਵਹਾਰ ਦੇ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ। ਇਸ ਦੇ ਪਿਛਲੇ ਕਾਰਨ ਦਾ ਵਿਵਰਣ ਕਬੀਰ ਜੀ ਦੇ ਕਥਨ ਵਿਚ ਵੇਖਿਆ ਜਾ ਸਕਦਾ ਹੈ।

ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 334.)

ਇਸ ਤੋਂ ਵੀ ਅੱਗੇ ਦੀ ਗੱਲ ਭਗਤ ਬਾਣੀ ਵਿਚ ਸਾਕਾਰ ਹੁੰਦੀ ਹੈ। ਪਰਵਾਸ ਧਾਰਨ ਕਰਕੇ ਜੋ ਲੋਕ ਆਪਣੀ ਜਨਮ ਭੂਮੀ ਤੋਂ ਦੂਰ ਚਲੇ ਜਾਂਦੇ ਹਨ ਉਨ੍ਹਾਂ ਦੀ ਹਾਲਤ ਉਹੀ ਜਾਣਦੇ ਹਨ। ਉਨ੍ਹਾਂ ਲਈ ਆਪਣੇ ਦੇਸ਼ ਅਤੇ ਬਾਹਰਲੇ ਦੇਸ਼ ਦੋਵਾਂ ਵਿਚ ਬੇਗਾਨਗੀ ਦੀ ਭਾਵਨਾ ਪਾਈ ਜਾਂਦੀ ਹੈ। ਜ਼ਿਆਦਾਤਰ ਲੋਕ ਅਜਿਹੇ ਮਿਲਦੇ ਹਨ ਜੋ ਵਿਦੇਸ਼ਾਂ ਦੇ ਪੱਕੇ ਵਸਨੀਕ ਹੋਣ ਦੇ ਬਾਵਜੂਦ ਆਪਣੇ ਜਨਮ ਭੋਇੰ ਦੇ ਹੇਰਵੇ ਦਾ ਸੰਤਾਪ ਹੰਢਾਉਂਦੇ ਹਨ। ਉਹ ਬੇਸ਼ੱਕ ਵਿਦੇਸ਼ਾਂ ਦੇ ਪੱਕੀ ਨਾਗਰਿਕਤਾ ਲੈ ਕੇ ਉੱਥੇ ਆਰਥਿਕ ਪੱਖੋਂ ਪੱਕੇ ਪੈਰੀਂ ਹੋ ਗਏ ਹਨ ਪਰ ਫਿਰ ਵੀ ਆਪਣੀ ਜਨਮ ਭੂਮੀ ਦਾ ਮੋਹ ਅਤੇ ਹੇਰਵਾ ਆਪਣੇ ਦਿਲਾਂ ਵਿਚ ਸੂਲ ਦੀ ਤਰ੍ਹਾਂ ਚੁੱਭਦਾ ਮਹਿਸੂਸ ਕਰਦੇ ਹਨ। ਚੰਗੇਰਾ ਭਵਿੱਖ ਹਰ ਇਕ ਦਾ

ਸੁਪਨਾ ਹੈ ਪਰ ਜਦੋਂ ਇਹ ਸੁਪਨਾ ਸਾਕਾਰ ਹੋ ਜਾਂਦਾ ਹੈ ਤਾਂ ਮਨੁੱਖ ਅੰਦਰੂਨੀ ਸ਼ਾਂਤੀ ਦੀ ਤਲਾਸ਼ ਲਈ ਆਪਣੀਆਂ ਜੜ੍ਹਾਂ ਵੱਲ ਮੁੜਨ ਦਾ ਯਤਨ ਕਰਦਾ ਹੈ। ਹਿੰਦੀ ਦੇ ਨਾਮੀ ਚਿੰਤਕ ਸੁਧੀਸ਼ ਪਚੌਰੀ ਲਿਖਦੇ ਹਨ,"ਜਦੋਂ ਭਵਿੱਖ ਦੇ ਸੁਪਨੇ ਖਤਮ ਹੋ ਜਾਂਦੇ ਹਨ ਤਾਂ ਮਨੁੱਖ ਆਪਣੀ ਪਰੰਪਰਾ, ਆਪਣੀਆਂ ਜੜ੍ਹਾਂ, ਆਪਣੀ ਜ਼ਮੀਨ ਵੱਲ ਵੇਖਦਾ ਹੈ ਤਾਂ ਕਿ ਫਿਰ ਤੋਂ ਸੇਧ ਲੈ ਸਕੇ, ਚੱਲ ਸਕੇ।"(*ਕਵਿਤਾ ਕਾ ਅੰਤ* 3.) ਇਹ ਅਜੋਕੇ ਸਮੇਂ ਦੀਆਂ ਸਮੱਸਿਆਵਾਂ ਵਿਚ ਮੂਹਰਲੀ ਕਤਾਰ ਦੀ ਸਮੱਸਿਆ ਹੈ ਜਿਸ ਨੂੰ ਪੰਜਾਬ ਭੁਗਤ ਰਿਹਾ ਹੈ ਜਾਂ ਆਉਣ ਵਾਲੇ ਸਮੇ ਵਿਚ ਵੱਡੇ ਪੱਧਰ ਤੇ ਭੁਗਤੇਗਾ। ਪੰਜਾਬੀ ਨੌਜਵਾਨਾਂ ਦੀ ਇਕ ਪੂਰੀ ਪੀੜ੍ਹੀ ਵਿਦੇਸ਼ਾਂ ਦੀ ਧਰਤੀ ਤੇ ਸੁਨਹਿਰੇ ਭਵਿੱਖ ਦੀ ਆਸ ਵਿਚ ਪਲਾਇਨ ਕਰ ਰਹੀ ਹੈ। ਇਸੇ ਤਰ੍ਹਾ ਪੰਜਾਬ ਅੰਦਰ ਦੂਸਰੇ ਰਾਜਾਂ ਤੋਂ ਆਉਦੇ ਪਰਵਾਸੀ ਮਜਦੂਰ ਵੀ ਪੱਕੇ ਤੌਰ ਤੇ ਇੱਥੇ ਮਕਾਨ ਬਣਾ ਕੇ ਜਾਂ ਪਰਵਾਸੀ ਭਾਰਤੀਆਂ ਦੀਆਂ ਕੋਠੀਆਂ ਅਤੇ ਜ਼ਮੀਨਾਂ ਦੀ ਦੇਖਭਾਲ ਕਰਦੇ ਨਜ਼ਰ ਆ ਰਹੇ ਹਨ। ਆਪਣਾ ਘਰ ਛੱਡ ਕੇ ਬਾਹਰ ਜਾਣ ਦੀ ਪੀੜ੍ਹ ਇਸ ਨੂੰ ਭੁਗਤਣ ਵਾਲਾ ਹੀ ਜਾਣਦਾ ਹੈ।

ਘਰ ਛੋਡੇਂ ਬਾਹਰਿ ਜਿਨਿ ਜਾਇ॥

ਨਾਤਰੁ ਖਰਾ ਰਿਸੈ ਹੈ ਰਾਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 344.)

ਪਰਵਾਸ ਦੀ ਸਮੱਸਿਆ ਦੇ ਪਿੱਛੇ ਮੁੱਖ ਕਾਰਨ ਸਾਡੇ ਦੇਸ਼ ਵਿਚਲਾ ਭ੍ਰਿਸ਼ਟ ਨਿਜ਼ਾਮ ਹੈ। ਇਸ ਨੇ ਸਦੀਆਂ ਤੋਂ ਕਿਰਤ ਦੀ ਅਧੂਰੀ ਵੰਡ ਕਰਕੇ ਨਸਲਾਂ ਨੂੰ ਤਬਾਹੀ ਦੇ ਮੁਹਾਣੇ ਤੇ ਲਿਜਾ ਖੜ੍ਹਾਇਆ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚੋਂ ਹਰ ਕੋਈ ਉਦਾਸੀਨਤਾ ਦੇ ਆਲਮ ਵਿਚ ਜੀਵਨ ਬਸਰ ਕਰਨ ਦੀ ਥਾਂ ਚੰਗੇਰੇ ਭਵਿੱਖ ਦੀ ਆਸ ਵਿਚ ਆਪਣੀ ਜਨਮ ਭੂਮੀ ਦਾ ਤਿਆਗ ਕਰ ਕੇ ਪਰਦੇਸ ਵਿਚ ਜਾਣ ਨੂੰ ਤਰਜੀਹ ਦਿੰਦਾ ਹੈ। ਕਬੀਰ ਜੀ ਦੀ ਇਸ ਤੁਕ ਨੂੰ ਅਸੀਂ ਅਜੋਕੇ ਮਨੁੱਖ ਦੀ ਸਥਿਤੀ ਦੇ ਸੰਦਰਭ ਵਿਚ ਵੇਖ ਸਕਦੇ ਹਾਂ।

ਬਾਬਾ ਅਬ ਨ ਬਸਉ ਇਹ ਗਾਉ॥

ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥ (1104.)

ਭਗਤ ਬਾਣੀ ਸਿਰਫ ਸਮੱਸਿਆਵਾਂ ਦਾ ਵਰਨਣ ਹੀ ਨਹੀਂ ਕਰਦੀ ਬਲਕਿ ਉਨ੍ਹਾਂ ਦੇ ਪਿੱਛੇ ਕਾਰਜਸ਼ੀਲ ਹਾਲਾਤਾਂ ਦਾ ਵਰਨਣ ਅਤੇ ਉਸ ਵਿਚੋਂ ਉੱਭਰਨ ਵਾਲੀ ਸੋਚ ਦਾ ਵੀ ਸੰਚਾਰ ਕਰਦੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਸਮੁੱਚਾ ਸੰਸਾਰ ਇੱਕ ਪਿੰਡ ਬਣ ਗਿਆ ਹੈ। ਇਸ ਲਈ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਰਹਿ ਕੇ ਸਮੁੱਚੇ ਸੰਸਾਰ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ। ਪਰੰਤੂ ਉੱਤਰ-ਆਧੁਨਿਕਤਾ ਸਥਾਨਕਤਾਵਾਂ ਨੂੰ ਉੱਭਾਰਦੀ ਹੈ। ਭਗਤ ਬਾਣੀ ਵਿਚ ਦੱਖਣ ਦੇਸ਼ ਵਿਚ 'ਹਰੀ' ਅਤੇ ਪੱਛਮ ਵਿਚ 'ਅਲਹ' ਦਾ ਟਿਕਾਣਾ ਦੱਸ ਕੇ ਸਥਾਨਕਤਾ ਨੂੰ ਅਗਰਭੂਮਿਤ ਕਰ ਰਹੀ ਹੈ। ਪਰੰਤੂ ਇਸ ਦੀ ਵਿਲੱਖਣਤਾ ਵੇਖੋ ਕਿ ਇਸ ਸਥਾਨਕਤਾ ਤੋ ਪਾਰਗਾਮੀ ਹੋ ਕੇ ਅੰਤਰਮਨ ਵਿਚ ਮੁਕਾਮ ਦਾ ਮਾਰਗ ਸੁਝਾਉਂਦੀ ਹੈ।

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥

ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥ (1349.)

ਤੱਤਕਾਲੀ ਸਮੱਸਿਆਵਾਂ ਨੂੰ ਆਪਣੀ ਰਚਨਾ ਦੁਆਰਾ ਉੱਭਾਰਨ ਵਿਚ ਭਗਤ ਕਵੀਆਂ ਦਾ ਕੋਈ ਸਾਨੀ ਨਹੀਂ ਹੈ। ਭਗਤ ਬਾਣੀ ਵਿਚਲਾ ਪ੍ਰਵਚਨ ਹਰ ਇਕ ਯੁੱਗ ਦੀਆਂ ਸਮੱਸਿਆਵਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇੱਥੇ ਹੀ ਬੱਸ ਨਹੀਂ ਸਗੋਂ ਇਕ ਅਜਿਹੀ ਸੋਚ ਦਾ ਸੰਚਾਰ ਕਰਦਾ ਹੈ ਜਿਸ ਨਾਲ ਸਮੁੱਚੀ ਮਨੁੱਖਤਾ ਦਾ ਭਲਾ ਹੋ ਸਕੇ। *'ਦ ਫੋਨਟਾਨਾ ਪੋਸਟ-ਮਾਡਰਨ ਰੀਡਰ'* ਅਨੁਸਾਰ, "ਉੱਤਰ-ਆਧੁਨਿਕ ਸੰਸਾਰ, ਇਕ ਗਲੋਬਲ ਸੱਭਿਅਤਾ ਹੈ, ਅਤੇ ਇਕ ਸੱਭਿਅਤਾ ਨੂੰ ਜੇਕਰ ਇਸਨੇ ਕੰਮ ਕਰਨਾ ਹੈ, ਤਾਂ ਇਸ ਨੂੰ ਕੁਝ ਸੰਗਠਿਤ ਸਚਾਈਆਂ ਅਤੇ ਡੂੰਘੀਆਂ ਕੀਮਤਾਂ ਦੀ ਲੋੜ ਹੈ।"(Anderson. *The Fortana Post-Modernism Reader* 208.) ਕਬੀਰ ਜੀ ਦੀ ਇਹ ਤੁਕ ਸਮੁੱਚੇ ਸੰਸਾਰ ਵਿਚ ਧਰਮ, ਜਾਤੀ, ਨਸਲ ਅਤੇ ਦੇਸ਼ ਦੇ ਨਾਮ ਤੇ ਹੋਣ ਵਾਲੀਆਂ ਅਣਮਨੁੱਖੀ ਘਟਨਾਵਾਂ ਪ੍ਰਤੀ ਸੰਤੁਲਿਤ ਪਹੁੰਚ ਅਪਨਾਉਣ ਵਾਲੀ ਸੋਚ ਦਾ ਪਰਚਮ ਫਹਿਰਾਉਂਦੀ ਹੈ। ਇਹ ਘਟਨਾਵਾਂ ਕਿਸੇ ਨਾ ਕਿਸੇ ਰੂਪ ਵਿਚ ਸੰਸਾਰ ਵਿਚ ਵਿੱਦਮਾਨ ਰਹੀਆਂ ਹਨ। ਇਨ੍ਹਾਂ ਵਿਚ ਸੋਸ਼ਣ, ਦਮਨ, ਨਫਰਤ ਅਤੇ ਦਵੇਸ਼ ਵਰਗੀਆਂ ਸਮੱਸਿਆਵਾਂ ਸਦਾ ਤੋਂ ਮਨੁੱਖਤਾ ਲਈ ਘਾਤਕ ਸਿੱਧ ਹੋਈਆਂ ਹਨ। ਆਪਣੇ ਤੱਤਕਾਲੀ ਸਮੇ ਵਿਚ ਭਗਤ ਕਵੀਆਂ ਨੇ ਇਨ੍ਹਾਂ ਸਮੱਸਿਆਵਾਂ

ਨਾਲ ਦੋ-ਚਾਰ ਹੁੰਦੇ ਹੋਏ ਇਨ੍ਹਾਂ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕੀਤੀ ਹੈ। ਇਹ ਭਗਤ ਬਾਣੀ ਦੀ ਵਿਲੱਖਣਤਾ ਹੈ ਕਿ ਸਿਰਫ ਸਮੱਸਿਆਵਾਂ ਦਾ ਵਰਨਣ ਕਰਕੇ ਹੀ ਚੁੱਪ ਨਹੀਂ ਹੁੰਦੀ, ਉਸਦਾ ਯਥਾਸੰਭਵ ਹੱਲ ਵੀ ਸੁਝਾਉਂਦੀ ਹੈ। ਇਸ ਪੂਰੇ ਸੰਸਾਰ ਨੂੰ ਇਕ ਮੰਨਣ ਵਾਲੀ ਸੋਚ ਦਾ ਪ੍ਰਸਾਰ ਭਗਤ ਬਾਣੀ ਦੇ ਪ੍ਰਮੁੱਖ ਸੰਕਲਪਾਂ ਵਿਚੋਂ ਇਕ ਹੈ।

ਲੋਗਾ ਭਰਮਿ ਨ ਭੂਲਹੁ ਭਾਈ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1350.)

ਆਪਣੇ ਨਿੱਜੀ ਅਨੁਭਵ ਦੀ ਪੇਸ਼ਕਾਰੀ ਦੁਆਰਾ ਸਥਾਨਿਕਤਾ ਦੇ ਸੰਕਲਪ ਨੂੰ ਪੂਰੇ ਸੰਸਾਰ ਨਾਲ ਜੋੜ ਕੇ ਕਿਸੇ ਵੀ ਤਰ੍ਹਾਂ ਦੇ ਸ਼ੱਕ ਦੀ ਗੁੰਜਾਇਸ਼ ਨੂੰ ਪਿੱਛੇ ਸੁੱਟਦੇ ਹਨ। ਇਕ ਦੇਸ਼ ਦਾ ਸੱਚ ਵਿਸ਼ਵ ਦਾ ਸੱਚ ਬਣ ਗਿਆ ਹੈ। ਕਲਾ ਸਿਰਫ ਸੂਚਨਾ ਮਾਤ੍ਰ ਹੈ। ਭਗਤ ਬਾਣੀ ਇਸੇ ਭਾਵਨਾ ਤਹਿਤ ਸੇਧ ਪ੍ਰਦਾਨ ਕਰਦੀ ਹੈ।

ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ (1350.)

ਭਗਤ ਬਾਣੀ ਦੇ ਉੱਤਰ-ਆਧੁਨਿਕ ਪਰਿਪੇਖ ਵਿਚ ਸਾਰਿਆਂ ਵਿਚ ਆਪਣੇ ਆਪ ਨੂੰ ਵੇਖ ਕੇ ਸਭਨਾਂ ਨੂੰ ਆਪਣੇ ਆਪ ਵਿਚ ਵੇਖਣ ਦੀ ਇਹ ਧਾਰਨਾ ਕਿੰਨੀ ਸਾਰਥਿਕ ਹੈ। ਇਸ ਵਿਗਿਆਨ ਤਕਨਾਲੋਜੀ ਦੇ ਯੁੱਗ ਵਿਚ ਅਜਿਹੇ ਸੰਕਲਪਾਂ ਦੀ ਰੌਸ਼ਨੀ ਵਿਚ ਪ੍ਰਮਾਣੂ ਯੁੱਧ ਦੁਆਰਾ ਹੋਣ ਵਾਲੇ ਖਤਰਿਆਂ ਤੋਂ ਬਚਿਆ ਜਾ ਸਕਦਾ ਹੈ। *ਬੀਸਵੀਂ ਸ਼ਤਾਬਦੀ ਅੰਧੇਰੇ ਮੇਂ* ਕਿਤਾਬ ਦੀ ਭੂਮਿਕਾ ਵਿਚ ਸ੍ਰੀਕਾਂਤ ਵਰਮਾ ਲਿਖਦੇ ਹਨ :

> 19ਵੀਂ ਸਦੀ ਵਿਚ ਮਨੁੱਖਤਾ ਨੇ ਇੱਕ ਦੂਜਾ ਹੀ ਰਸਤਾ ਅਪਣਾ ਲਿਆ । ਇਹ ਰਸਤਾ ਸੀ ਵਿਗਿਆਨ ਅਤੇ ਟੈਕਨਾਲੋਜੀ ਦਾ। ਇਸ ਤੇ ਚੱਲਦੀ ਹੋਈ ਮਨੁੱਖਤਾ ਢਾਈ ਸੌ ਸਾਲਾਂ ਵਿਚ ਜਿਸ ਥਾਂ ਤੇ ਪਹੁੰਚੀ ਹੈ ਕੀ ਇਹੀ ਉਸਦੀ ਮੰਜ਼ਿਲ ਸੀ, ਇਹ ਪ੍ਰਸ਼ਨ ਖੁਦ ਮਨੁੱਖਤਾ ਦੇ ਸਾਹਮਣੇ ਮੂੰਹ ਅੱਡੀਂ ਖੜ੍ਹਾ ਹੈ। ਯੁੱਧ ਦਾ ਡਰ ਇਨਸਾਨ ਨੂੰ ਜਕੜੀਂ ਬੈਠਾ ਹੈ, ਪਰਮਾਣੂ ਸੰਹਾਰ ਦਾ ਖਤਰਾ ਉਸਦੀ ਗਰਦਨ ਉੱਤੇ ਡਿਮਾਕਲੀਜ਼ ਦੀ ਤਲਵਾਰ ਵਾਂਗ ਝੂਲ ਰਿਹਾ ਹੈ, ਸਮਰਿੱਧ ਸਮਾਜਾਂ ਦੀ

ਦਿਸ਼ਾਹੀਣਤਾ ਹੈ, ਗਰੀਬ ਦੇਸ਼ਾਂ ਵਿਚ ਭੁੱਖਮਰੀ ਹੈ, ਗੋਰੇ ਅਤੇ ਕਾਲੇ ਦਾ ਭੇਦ ਅੱਜ ਪਹਿਲਾਂ ਨਾਲੋਂ ਤੀਬਰ ਹੈ, ਊਰਜਾ ਦੇ ਸਰੋਤ ਸੁੱਕ ਚੱਲੇ ਹਨ, ਕ੍ਰਾਂਤੀਆਂ ਆਪਣੇ ਵਾਅਦੇ ਪੂਰੇ ਨਹੀਂ ਕਰ ਸਕਦੀਆਂ, ਵਿਚਾਰਧਾਰਾ ਨਿਸ਼ਪ੍ਰਭਾਵ ਹੁੰਦੀ ਲੱਗਦੀ ਹੈ।(5.)

ਇਸ ਲਈ ਇਹ ਸਮਾਂ ਅਨਿਸ਼ਚਿਤਤਾਵਾਂ ਨਾਲ ਭਰਪੂਰ ਹੈ। ਅਜਿਹੇ ਸਮੇ ਅੰਦਰ ਭਗਤ ਬਾਣੀ ਵਿਚਲਾ ਸੰਦੇਸ਼ ਸਮੁੱਚੀ ਮਨੁੱਖਤਾ ਲਈ ਸੇਧ ਪ੍ਰਦਾਨ ਕਰਦਾ ਹੈ। ਇਸ ਸੰਸਾਰ ਵਿਚ ਅਜੋਕੀ ਸਥਿਤੀ ਅਸ਼ਾਂਤ ਵਾਤਾਵਰਣ ਦੀ ਸਥਿਤੀ ਹੈ। ਸੰਸਾਰ ਨੂੰ ਜੇਕਰ ਅਸੀਂ ਸ਼ਾਂਤੀ ਨਾਲ ਰਹਿਣ ਦੀ ਜਗ੍ਹਾ ਬਨਾਉਣਾ ਚਾਹੁੰਦੇ ਹਾਂ ਤਾਂ ਭਗਤ ਬਾਣੀ ਵਿਚ 'ਬੇਗਮਪੁਰਾ' ਮਾਡਲ ਪਿਆ ਹੈ। ਬੇਗਮਪੁਰਾ ਦਾ ਸੰਕਲਪ ਪੱਛਮੀ ਜਗਤ ਦੇ ਯੂਟੋਪੀਆ ਦੇ ਸੰਕਲਪ ਤੋਂ ਕਈ ਦਿਸ਼ਾਵਾਂ ਵਿਚ ਵਿਲੱਖਣ ਹੈ। ਇਸ ਵਿਚ ਸਥਾਨੀਕਰਨ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਵਿਸ਼ਵੀਕਰਨ ਦੇ ਸੰਕਲਪ ਨੂੰ ਵੀ ਸਾਕਾਰ ਰੂਪ ਦੇਣ ਦਾ ਮਾਰਗ ਸਮੱਸਿਆ ਰਹਿਤ 'ਬੇਗਮਪੁਰਾ' ਦੇ ਮਾਡਲ ਦੁਆਰਾ ਸਾਕਾਰ ਕੀਤਾ ਗਿਆ ਹੈ। ਸੰਸਾਰ ਦੀਆਂ ਸਾਰੀਆਂ ਸਮੱਸਿਆਵਾਂ ਦੇ ਆਧਾਰ ਨੂੰ ਤੋੜਨ ਦੀ ਸਮਰੱਥਾ ਇਸ ਦੁਆਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਮਾਰਗ ਨੂੰ ਭਗਤ ਰਵਿਦਾਸ ਜੀ ਦੇ ਇਸ ਸ਼ਬਦ ਦੁਆਰਾ ਸਪੱਸ਼ਟ ਕੀਤਾ ਜਾ ਸਕਦਾ ਹੈ :

ਬੇਗਮ ਪੁਰਾ ਸਹਰ ਕੋ ਨਾਉ॥

ਦੂਖੁ ਅੰਦੋਹੁ ਨਹੀ ਤਿਹਿ ਠਾਉ॥

ਨਾਂ ਤਸਵੀਸ ਖਿਰਾਜੁ ਨ ਮਾਲੁ॥

ਖਉਫੁ ਨ ਖਤਾ ਨ ਤਰਸੁ ਜਵਾਲੁ॥੧॥

ਅਬ ਮੋਹਿ ਖੂਬ ਵਤਨ ਗਹ ਪਾਈ॥

ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥

ਕਾਇਮੁ ਦਾਇਮੁ ਸਦਾ ਪਾਤਿਸਾਹੀ॥

ਦੋਮ ਨ ਸੇਮ ਏਕ ਸੋ ਆਹੀ॥

ਆਬਾਦਾਨੁ ਸਦਾ ਮਸਹੂਰ॥

ਊਹਾਂ ਗਨੀ ਬਸਹਿ ਮਾਮੂਰ॥੨॥

ਤਿਉ ਤਿਉ ਸੈਲ ਕਰਹਿ ਜਿਉ ਭਾਵੈ॥

ਮਹਰਮ ਮਹਲ ਨ ਕੋ ਅਟਕਾਵੈ॥

ਕਹਿ ਰਵਿਦਾਸ ਖਲਾਸ ਚਮਾਰਾ॥

ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥(*ਸ੍ਰੀ ਗੁਰੂ ਗ੍ਰੰਥ ਸਾਹਿਬ* 345.)

ਭਗਤ ਬਾਣੀ ਵਿਚ ਪੇਸ਼ ਹੋਇਆ ਸਮਭਾਵ ਦਾ ਮਾਡਲ ਸਮੁੱਚੇ ਵਿਸ਼ਵ ਨੂੰ ਸੰਬੋਧਿਤ ਹੈ ਪਰੰਤੂ ਇਹ ਆਪਣੀ ਸਥਾਨਕਤਾ ਦਾ ਤਿਆਗ ਨਹੀਂ ਕਰਦਾ। ਇਸ ਦੁਆਰਾ ਅਸੀਂ ਤੱਤਕਾਲੀ ਸਮਾਜਿਕ ਸਮੱਸਿਆਵਾਂ ਅਤੇ ਸਦੀਵੀ ਸਮੱਸਿਆਵਾਂ ਨੂੰ ਸੁਲਝਾਉਣ ਦੇ ਮਾਰਗ ਵੱਲ ਵਧ ਸਕਦੇ ਹਾਂ।

### 2.3 ਮਹਾਂਬ੍ਰਿਤਾਂਤ ਅਤੇ ਅਲਪਬ੍ਰਿਤਾਂਤ (ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ) :

ਜਿੰਦਗੀ ਦੀ ਸਮੁੱਚਤਾ ਵਿਚ ਵਿਆਖਿਆ ਕਰਨ ਵਾਲੀ ਵਿਚਾਰਧਾਰਾ ਨੂੰ ਮਹਾਂਬਿਰਤਾਂਤ ਕਿਹਾ ਜਾਂਦਾ ਹੈ। ਇਸ ਦਾ ਉੱਭਰਵਾਂ ਲੱਛਣ ਹੈ ਕਿ ਇਹ ਆਪਣੇ ਇਲਾਵਾ ਕਿਸੇ ਹੋਰ ਨੂੰ ਮਾਨਤਾ ਨਹੀਂ ਦਿੰਦਾ ਬਲਕਿ ਦੂਸਰੇ ਬਿਰਤਾਤਾਂ ਨੂੰ ਗਲਤ ਅਤੇ ਝੂਠੇ ਸਮਝਦਾ ਹੈ। ਪੱਛਮ ਵਿਚ ਉਦਾਰ ਮਾਨਵਵਾਦ ਅਤੇ ਸਮਾਜਵਾਦ ਨਾ ਦੀਆਂ ਵਿਚਾਰਧਾਰਾਵਾਂ ਦੇ ਰੂਪ ਵਿਚ ਮਹਾਂਬਿਰਤਾਤਾਂ ਦਾ ਬੋਲਬਾਲਾ ਸੀ। ਜੇਕਰ ਪੱਛਮੀ ਮਹਾਂਬਿਰਤਾਤਾਂ ਦੇ ਮੁਕਾਬਲੇ ਤੇ ਵੇਖਿਆ ਜਾਵੇ ਤਾਂ ਭਾਰਤੀ ਦਰਸ਼ਨ ਇਕ ਅਲਪ ਬਿਰਤਾਂਤ ਹੀ ਹੈ। ਪਰੰਤੂ ਇਹ ਇਕ ਮਹਾਂਬਿਰਤਾਂਤ ਬਣਨ ਦੀ ਸਮਰੱਥਾ ਰੱਖਦਾ ਹੈ, ਜੋ ਕਿ ਬੋਧੀ, ਜੈਨੀ ਅਤੇ ਸਿੱਖ ਅਲਪ ਬਿਰਤਾਤਾਂ ਨੂੰ ਆਪਣੇ ਅੰਦਰ ਸਮਾ ਸਕਦਾ ਹੈ। ਇਸੇ ਤਰ੍ਹਾਂ ਸਿੱਖ, ਬੋਧੀ ਅਤੇ ਜੈਨੀ ਵੀ ਆਪਣੇ ਖਿੱਤਿਆਂ ਅੰਦਰ ਮਹਾਂਬਿਰਤਾਂਤ ਦੀ ਤਰ੍ਹਾ ਵਿਵਹਾਰ ਕਰਨ ਲੱਗ ਜਾਂਦੇ ਹਨ।

> ਉਤਰ ਆਧੁਨਿਕਤਾ ਮਹਾਂਬਿਰਤਾਂਤਾਂ ਨੂੰ ਵੰਗਾਰਦੀ ਹੈ। ਉਨ੍ਹਾਂ ਨੂੰ ਵਿਸਫੋਟਿਤ ਕਰਕੇ ਲਘੂ ਬਿਰਤਾਂਤਾਂ ਜਾਂ ਸਥਾਨਕ ਬਿਰਤਾਂਤਾਂ ਨੂੰ ਉਤਸ਼ਾਹਿਤ ਕਰਦੀ ਹੈ। ਇਹ ਸਾਂਸਕ੍ਰਿਤਕ ਪ੍ਰਵਚਨ ਨੂੰ ਅਜਿਹੇ ਅਖਾੜੇ ਵਜੋਂ ਵੇਖਦੀ ਹੈ ਜਿਸ ਵਿਚ ਭਾਂਤ ਭਾਂਤ ਦੇ ਸਥਾਨਕ ਬਿਰਤਾਂਤ ਭਾਰੂ ਮਹਾਂਬਿਰਤਾਂਤਾਂ ਨੂੰ ਵੰਗਾਰਦੇ ਹਨ। ਇਹ ਲਘੂ ਬਿਰਤਾਂਤ ਮਹਾਂ ਬਿਰਤਾਂਤਾਂ ਵਿਚ ਤੋੜ ਭੰਨ ਕਰਕੇ ਆਪਣੀ ਥਾਂ ਬਣਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਟੈਕਸਟ ਇਸੇ ਪ੍ਰਸੰਗ ਵਿਚ ਸਮਝਣੀ ਬਣਦੀ ਹੈ। (ਧੀਰ. *ਨਾਨਕ ਪ੍ਰਕਾਸ਼ ਪੱਤ੍ਰਿਕਾ : ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ* 13.)

ਭਗਤ ਬਾਣੀ ਵਿਚਲਾ ਪ੍ਰਵਚਨ ਵੇਦਾਂਤ ਦੇ ਰੂਪ ਵਿਚ ਮੌਜੂਦ ਮਹਾਂਬਿਰਤਾਂਤ ਦੇ ਪ੍ਰਤੀਕੂਲ ਅਲਪਬਿਰਤਾਂਤ ਸਿਰਜਦਾ ਹੈ। ਵੇਦਾਂਤਿਕ ਪਰੰਪਰਾਵਾਂ ਦੇ ਅਸਲ ਸਰੂਪ ਦੇ ਉਲਟ ਉਨ੍ਹਾਂ ਪਰੰਪਰਾਵਾਂ ਵਿਚ ਆਏ ਵਿਗਾੜ ਨੂੰ ਆਪਣੀ ਰਚਨਾ ਦਾ ਆਧਾਰ ਬਣਾ ਕੇ ਭਗਤ ਬਾਣੀ ਆਪਣੀ ਹੋਂਦ ਸਿਰਜਦੀ ਹੈ। ਇਸ ਨੂੰ ਵਾਚਣ ਲਈ ਕ੍ਰਮਵਾਰ ਵੇਦਾਂਤਿਕ ਪਰੰਪਰਾਵਾਂ ਵਿਚਲੇ ਗਿਆਨ ਪ੍ਰਬੰਧ ਨੂੰ ਵਾਚਣ ਦਾ ਯਤਨ ਕਰਾਂਗੇ। ਇਹ ਮਹਾਬਿਰਤਾਂਤ ਆਪਣੇ ਆਪ ਤੋਂ ਇਲਾਵਾ ਦੂਸਰੇ ਗਿਆਨ ਪ੍ਰਬੰਧਾਂ ਨੂੰ ਗੌਣ ਸਮਝਦੇ ਸਨ। ਵੇਦਾਂਤ ਸ਼ਬਦ ਜਿਸਦਾ ਭਾਵ ਵੇਦਾਂ ਦਾ ਅੰਤ ਤੋਂ ਲਿਆ ਜਾਂਦਾ ਹੈ, ਉਪਨਿਸ਼ਦਾਂ ਵਿਚਲੇ ਚਿੰਤਨ ਲਈ ਵਰਤਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜੇਕਰ ਵੇਦਾਂ ਨੂੰ ਜਾਦੂ ਚਿੰਤਨ ਦਾ ਫਲ ਕਹਿ ਲਿਆ ਜਾਂਦਾ ਹੈ ਤਾਂ ਇਸ ਤੇ ਆਧਾਰਿਤ ਗਿਆਨ ਰੂਪੀ ਧਰਮ ਚਿੰਤਨ ਦਾ ਆਧਾਰ ਉਪਨਿਸ਼ਦ ਹਨ। ਭਾਰਤੀ ਧਾਰਮਿਕ ਚਿੰਤਨ ਦੇ ਗੂੜ੍ਹ ਰਹੱਸ ਰੂਪੀ ਦਾਰਸ਼ਨਿਕ ਵਿਚਾਰਾਂ ਨੂੰ ਉਪਨਿਸ਼ਦਾਂ ਵਿਚ ਪ੍ਰਗਟਾਇਆ ਗਿਆ ਹੈ। ਉਪਨਿਸ਼ਦਾਂ ਵਿਚਲੇ ਗਿਆਨ ਨੂੰ ਆਧਾਰ ਬਣਾ ਕੇ ਭਾਰਤ ਅੰਦਰ ਕਈ ਵੇਦਾਂਤਿਕ ਪਰੰਪਰਾਵਾਂ ਹੋਂਦ ਵਿਚ ਆਈਆਂ। ਇਸ ਦਾ ਕਾਰਨ ਸ਼ਾਇਦ ਇਨ੍ਹਾਂ ਵਿਚਲੇ ਗਿਆਨ ਦਾ ਆਪਸੀ ਮੱਤ-ਮਤਾਂਤਰਾਂ ਦਾ ਸੰਵਾਦ ਦੇ ਰੂਪ ਵਿਚ ਹੋਣਾ ਹੈ। ਇਸ ਤੇ ਆਧਾਰਿਤ ਪਰੰਪਰਾਵਾਂ ਵਿਚ ਅਦਵੈਤਵਾਦ (ਸ਼ੰਕਰਾਚਾਰੀਆ) ਦਾ ਗ੍ਰੰਥ *ਸ਼ੰਕਰ ਭਾਸ਼ਿਆ*, ਵਿਸ਼ਿਸ਼ਟ ਅਦਵੈਤਵਾਦ (ਰਾਮਾਨੁਜ) ਦਾ ਗ੍ਰੰਥ *ਸ੍ਰੀ ਭਾਸ਼ਿਆ*, ਦਵੈਤਵਾਦ (ਮਾਧਵਾਚਾਰੀਆ) ਦਾ ਗ੍ਰੰਥ *ਪੂਰਨ ਪਰਿਗਿਆ ਭਾਸ਼ਿਆ* ਅਤੇ ਦਵੈਤਾਦਵੈਤ (ਨਿੰਬਾਰਕ ਆਚਾਰੀਆ) ਦਾ ਗ੍ਰੰਥ *ਵੇਦਾਂਤ ਪਾਰਿਜਾਤ* ਹਨ। ਅਦਵੈਤਵਾਦ ਵਿਚ ਸ਼ੰਕਰ

ਨੇ ਜਗਤ ਨੂੰ ਮਿਥਿਆ ਕਹਿ ਕੇ ਇਸ ਵਿਚ ਸਾਧਨ ਸੰਪੰਨ ਸ੍ਰੇਣੀ ਦੇ ਸੁੱਖ ਨੂੰ ਪਿਛਲੇ ਚੰਗੇ ਕਰਮਾ ਅਤੇ ਮਿਹਨਤਕਸ਼ ਸ੍ਰੇਣੀ ਨੂੰ ਉਨ੍ਹਾਂ ਦੇ ਦੁੱਖਾਂ ਲਈ ਪੂਰਬਲੇ ਮਾੜੇ ਕਰਮਾ ਨੂੰ ਦੋਸ਼ੀ ਦੱਸ ਦਿੱਤਾ। ਇਸ ਦੇ ਉਲਟ ਵਿਸ਼ਿਸ਼ਟਾਦਵੈਤ ਵਿਚ ਰਾਮਾਨੁਜ ਨੇ ਗਿਆਨ ਜਾ ਕਰਮ ਦੀ ਥਾਂ ਭਗਤੀ ਨੂੰ ਪ੍ਰਧਾਨਤਾ ਦਿੱਤੀ। ਦਵੈਤਵਾਦ ਵਿਚ ਮਾਧਵਾਚਾਰੀਆ ਨੇ ਵਿਸ਼ਨੂੰ ਦੀ ਭਗਤੀ ਦੁਆਰਾ ਮੁਕਤੀ ਹੋਣ ਦਾ ਪ੍ਰਸੰਗ ਛੇੜਿਆ ਅਤੇ ਜਾਤ ਪਾਤ ਦਾ ਵਿਰੋਧ ਕਰਕੇ ਭਗਤੀ ਨੂੰ ਸੁਖੈਨ ਮਾਰਗ ਦੱਸਿਆ। ਦਵੈਤਾਦਵੈਤ ਵਿਚ ਨਿੰਬਾਰਕ ਨੇ ਬ੍ਰਹਮ ਨੂੰ ਕ੍ਰਿਸ਼ਨ ਦੇ ਰੂਪ ਵਿਚ ਪੇਸ਼ ਕੀਤਾ ਅਤੇ ਭਗਤੀ ਵਿਚ ਤਨ, ਮਨ ਅਤੇ ਧਨ ਦੇ ਅਰਪਣ ਦੀ ਵਕਾਲਤ ਕੀਤੀ। ਅਸਲ ਵਿਚ ਇਹ ਸਾਰੀਆਂ ਵਿਆਖਿਆਵਾਂ ਮੂਲ ਰੂਪ ਵਿਚ ਮਨੁੱਖੀ ਅਗਿਆਨ ਅਤੇ ਪੈਦਾਵਾਰੀ ਸਾਧਨਾਂ ਉਤੇ ਕਾਬਜ ਰਾਜਾ ਸ੍ਰੇਣੀ ਦੇ ਹਿੱਤਾਂ ਦੇ ਸੁਮੇਲ ਵਿਚੋ ਨਿਕਲੀਆਂ ਹਨ। ਪਰ ਇਹ ਸਾਰੀਆਂ ਇਕੋ ਜਿਹੀਆਂ ਨਹੀਂ ਹਨ ਸਗੋਂ ਇਨ੍ਹਾਂ ਵਿਚ ਜਗਤ ਪ੍ਰਤੀ ਪਹੁੰਚ ਅਤੇ ਲੋਕਾਈ ਦੇ ਹੁੰਗਾਰੇ ਅਨੁਸਾਰ ਫਰਕ ਵੀ ਮੌਜੂਦ ਹਨ। ਇਸ ਸਬੰਧ ਵਿਚ ਡਾ. ਰਾਜਿੰਦਰ ਪਾਲ ਸਿੰਘ, ਕੇ. ਦਾਮੋਦਰਨ ਦੇ ਹਵਾਲੇ ਨਾਲ ਲਿਖਦੇ ਹਨ,"ਰਾਮਾਨੁਜ ਦਾ ਵਿਸ਼ਿਸ਼ਟਾ-ਦਵੈਤ, ਮਾਧਵ ਦਾ ਦਵੈਤ, ਨਿੰਬਾਰਕ ਦਾ ਦਵੈਤ-ਅਦਵੈਤ, ਵੱਲਭਾਚਾਰੀਆ ਦਾ ਸ਼ੁੱਧ ਅਦਵੈਤ ਬ੍ਰਹਮ ਨੂੰ ਹੀ ਜਗਤ ਦਾ ਅੰਤਿਮ ਕਾਰਨ ਮੰਨਦੇ ਹਨ। ਇਹ ਸਭ ਆਦਰਸ਼ਵਾਦੀ ਦਾਰਸ਼ਨਿਕ ਪ੍ਰਣਾਲੀਆਂ ਹਨ ਪਰ ਇਹ ਸ਼ੰਕਰ ਦੀ ਆਦਰਸ਼ਵਾਦੀ ਪ੍ਰਣਾਲੀ ਤੋਂ ਮੂਲ ਰੂਪ ਵਿਚ ਭਿੰਨ ਹਨ। ਬਿਨਾ ਸ਼ੱਕ ਇਨ੍ਹਾਂ ਦਾ ਆਰੰਭ ਹੀ ਸ਼ੰਕਰਾਚਾਰੀਆ ਦੇ ਅਦਵੈਤ ਵੇਦਾਂਤ ਜਿਸ ਵਿਚ ਕੇਵਲ ਬ੍ਰਹਮ ਨੂੰ ਯਥਾਰਥ ਮੰਨਿਆਂ ਗਿਆ, ਦੇ ਵਿਰੋਧ ਵਿਚ ਹੋਇਆ ਹੈ। ਦੂਜੇ ਸ਼ਬਦਾਂ ਵਿਚ ਸ਼ੰਕਰਾਚਾਰੀਆ ਦਾ ਅਦਵੈਤ ਜਿਥੇ ਮਨੋਵਾਦੀ ਆਦਰਸ਼ਵਾਦੀ (Subjective idealism) , ਉਥੇ ਹੋਰ ਸਾਰੀਆਂ ਪ੍ਰਣਾਲੀਆਂ ਵਸਤੂਵਾਦੀ ਆਦਰਸ਼ਵਾਦੀ (Objective idealism) ਹਨ। ਸੋ ਇਨ੍ਹਾਂ ਪ੍ਰਣਾਲੀਆਂ ਨੂੰ ਇਸੇ ਪ੍ਰਸੰਗ ਵਿਚ ਸਮਝਿਆ ਜਾਣਾ ਚਾਹੀਦਾ ਹੈ।"(*ਭਾਰਤੀ ਦਰਸ਼ਨ ਵਿਗਿਆਨਿਕ ਅਧਿਐਨ* 56.) ਭਾਰਤੀ ਸੰਦਰਭ ਵਿਚ ਵੇਦਾਂਤ ਦੀ ਪਰੰਪਰਾ ਉਪਨਿਸ਼ਦਾਂ ਤੋਂ ਮੰਨੀ ਜਾਂਦੀ ਹੈ। ਉਪਨਿਸ਼ਦ ਵੇਦਾਂ ਦਾ ਅੰਤ ਜਾ ਸਾਰ ਰੂਪੀ ਗਿਆਨ ਮੰਨੇ ਜਾਂਦੇ ਹਨ। ਇਨ੍ਹਾਂ ਉਪਨਿਸ਼ਦਾਂ ਤੇ ਆਧਾਰਿਤ ਗਿਆਨ ਨੂੰ ਆਪਣੇ ਵਿਵੇਕ ਦੁਆਰਾ ਸਮਝ ਕੇ ਸ਼ੰਕਰਾਚਾਰੀਆ ਨੇ ਇਸ ਦੀ ਵਿਆਖਿਆ ਭਾਸ਼ਿਅ ਰੂਪ ਵਿਚ ਪੇਸ਼ ਕੀਤੀ। ਇਸੇ ਨੂੰ ਆਧਾਰ ਬਣਾ ਕੇ ਉਨ੍ਹਾਂ ਨੇ ਭਾਰਤ

ਵਿਚ ਸਨਾਤਨ ਧਰਮ ਨੂੰ ਪੁਨਰ ਜਾਗਰਿਤ ਕਰਨ ਦਾ ਕਾਰਜ ਕੀਤਾ। ਇਸ ਪਰੰਪਰਾ ਤੇ ਆਧਾਰਿਤ ਬਹੁਤ ਸਾਰੀਆਂ ਪਰੰਪਰਾਵਾਂ ਦਾ ਜਨਮ ਹੋਇਆ ਜਿਨ੍ਹਾਂ ਨੂੰ ਵੇਦਾਂਤਿਕ ਪਰੰਪਰਾਵਾਂ ਦਾ ਨਾਮ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਭਾਰਤ ਵਿਚ ਇਸਲਾਮ ਦਾ ਆਗਮਨ ਹੋਣ ਨਾਲ ਇਥੋਂ ਦੇ ਸੱਭਿਆਚਾਰ ਵਿਚ ਪਰਿਵਰਤਨ ਵਾਪਰੇ ਜਿਸ ਦਾ ਅਸਰ ਭਾਰਤੀ ਸਮਾਜ ਵਿਚ ਅਸਰਅੰਦਾਜ਼ ਹੋਣ ਲੱਗਿਆ। ਇਸ ਸਾਰੇ ਵਰਤਾਰੇ ਨੂੰ ਭਗਤ ਬਾਣੀ ਵਿਚ ਸਥਾਨ ਮਿਲਿਆ ਹੈ। ਖਾਸੀਅਤ ਦੀ ਗੱਲ ਇਹ ਹੈ ਕਿ ਇਸ ਸਾਰੇ ਬਦਲਾਵ ਨਾਲ ਸਮਾਜ ਵਿਚ ਪੈਦਾ ਬੁਰਾਈਆਂ ਨੂੰ ਭਗਤ ਬਾਣੀ ਆਪਣੇ ਪ੍ਰਵਚਨ ਦੁਆਰਾ ਸੰਬੋਧਿਤ ਹੁੰਦੀ ਹੈ। ਜੇਕਰ ਅਜੋਕੇ ਸਮਾਜ ਦੀ ਸਥਿਤੀ ਨੂੰ ਵੇਖੀਏ ਤਾਂ ਭਾਰਤੀ ਪ੍ਰਸੰਗ ਵਿਚ ਅੰਗਰੇਜ਼ਾਂ ਦੀ ਆਮਦ ਨੇ ਈਸਾਈ ਧਰਮ ਦਾ ਪ੍ਰਚਾਰ ਦਾ ਰਸਤਾ ਖੋਲ੍ਹ ਦਿੱਤਾ। ਪੰਜਾਬ ਵਿਚ ਬੇਸ਼ੱਕ ਇਸ ਦੀ ਆਮਦ ਸਮੁੱਚੇ ਭਾਰਤ ਨਾਲੋਂ ਬਾਅਦ ਵਿਚ ਹੋਈ ਪਰੰਤੂ ਸਮਕਾਲੀ ਸਮੇਂ ਵਿਚ ਵੀ ਈਸਾਈਅਤ ਦਾ ਪ੍ਰਚਾਰ ਪੰਜਾਬ ਵਿਚ ਨਵੇਂ ਖੁੱਲੇ ਚਰਚਾਂ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਵਿਚ ਵੇਦਾਂਤਿਕ ਪਰੰਪਰਾਵਾਂ ਵੀ ਕਰਮ-ਕਾਂਡ ਦੇ ਰੂਪਾਂ ਵਿਚ ਅੱਜ ਦੇ ਸਮੇਂ ਵਿਚ ਵੀ ਆਪਣਾ ਪ੍ਰਗਟਾਵਾ ਕਰ ਰਹੀਆਂ ਹਨ। ਪਰੰਤੂ ਜਦੋਂ ਅਸੀਂ ਇਸ ਸਾਰੇ ਵਰਤਾਰੇ ਨੂੰ ਉੱਤਰ-ਆਧੁਨਿਕ ਪ੍ਰਸੰਗ ਵਿਚ ਸਮਝਣ ਦਾ ਯਤਨ ਕਰਦੇ ਹਾਂ ਤਾਂ ਭਗਤ ਬਾਣੀ ਦੁਆਰਾ ਇਸ ਸਭ ਨੂੰ ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਦੇ ਸੰਘਰਸ਼ ਦੁਆਰਾ ਵੇਖਿਆ ਜਾ ਸਕਦਾ ਹੈ। ਭਾਰਤੀ ਵੇਦਾਂਤਿਕ ਪਰੰਪਰਾਵਾਂ ਦੀ ਆਲੋਚਨਾ ਜਾਂ ਗਿਆਨ ਦੀ ਨਵੀਂ ਵਿਆਖਿਆ ਪੇਸ਼ ਕਰਨ ਹਿਤ ਹੋਂਦ ਵਿਚ ਆਈਆਂ ਪਰੰਪਰਾਵਾਂ ਕਈ ਰੂਪਾਂ ਵਿਚ ਆਪਣਾ ਆਪ ਪ੍ਰਗਟਾਉਂਦੀਆਂ ਰਹੀਆਂ ਹਨ। ਵੇਦਾਂਤ ਦੇ ਮੁਕਾਬਲੇ ਆਮ ਲੋਕਾਈ ਦੀ ਭਾਵਨਾ ਨੂੰ ਕੇਂਦਰ ਵਿਚ ਰੱਖ ਕੇ ਆਪਣੀ ਗਿਆਨ ਪਰੰਪਰਾ ਸਿਰਜਣ ਵਿਚ ਕਾਮਯਾਬ ਵੀ ਰਹੀਆਂ ਹਨ। ਇਸ ਸਾਰੇ ਟਕਰਾਉ ਨੂੰ ਅਸੀਂ ਵੇਦਾਂਤ ਦੇ ਸਮਵਿੱਥ ਚੱਲੀ ਚਾਰਵਾਕ ਦਰਸ਼ਨ ਦੀ ਪਰੰਪਰਾ ਤੋਂ ਲੈ ਕੇ ਬੁੱਧ ਅਤੇ ਜੈਨ ਪਰੰਪਰਾਵਾਂ ਦੁਆਰਾ ਸਮਝ ਸਕਦੇ ਹਾਂ। ਪਰ ਇਸ ਮਹਾਂਬਿਰਤਾਂਤ ਵਿਚਲੇ ਸੰਕਲਪਾਂ ਨੇ ਇਨ੍ਹਾਂ ਅਲਪਬ੍ਰਿਤਾਂਤ ਰੂਪੀ ਪਰੰਪਰਾਵਾਂ ਨੂੰ ਆਪਣੇ ਅੰਦਰ ਸਮਾ ਲਿਆ। ਇਸਦੇ ਫਲਸਰੂਪ ਇਹ ਸੰਘਰਸ਼ ਬਾਹਰੀ ਰੂਪ ਵਿਚ ਖਤਮ ਹੋਣ ਦਾ ਝਾਉਲਾ ਪੈਣ ਦੇ ਬਾਵਜੂਦ ਅੰਦਰੋ-ਅੰਦਰ ਇਹ ਆਪਣੇ ਆਪ ਨੂੰ ਵੱਖ-ਵੱਖ ਢੰਗਾਂ ਦੁਆਰਾ ਪ੍ਰਗਟਾਉਂਦਾ ਰਿਹਾ। ਇਸ ਸਭ ਨੂੰ ਆਪਣੀ ਕਾਵਿ

ਪ੍ਰਤਿਭਾ ਦੁਆਰਾ ਜ਼ੁਬਾਨ ਦੇਣ ਦਾ ਕਾਰਜ ਮੱਧਕਾਲੀ ਭਗਤ ਕਵੀਆਂ ਨੇ ਬਾਖ਼ੂਬੀ ਕੀਤਾ ਹੈ। ਇਨ੍ਹਾਂ ਭਗਤ ਕਵੀਆਂ ਦੁਆਰਾ ਰਚਿਤ ਪ੍ਰਵਚਨ ਜੀਵਨ ਦੀ ਵਿਲੱਖਣ ਵਿਆਖਿਆ ਪੇਸ਼ ਕਰਦੇ ਹਨ। ਇੱਥੇ ਇਹ ਸਮਝਣਯੋਗ ਤੱਥ ਹੈ ਕਿ ਨਵੀਂ ਅਤੇ ਵਿਲੱਖਣ ਦਾ ਫਰਕ ਕੀ ਹੈ ? ਨਵੀਂ ਤੋਂ ਭਾਵ ਚੱਲੇ ਆ ਰਹੇ ਵਿਚਾਰਾਂ ਦੇ ਸਾਏ ਹੇਠ ਰਹਿ ਕੇ ਆਪਣੀ ਗੱਲ ਕਹਿਣ ਤੋਂ ਹੈ। ਵਿਲੱਖਣ ਵਿਚ ਇਹ ਪ੍ਰਸੰਗ ਬਦਲ ਜਾਂਦਾ ਹੈ ਇਸ ਵਿਚ ਉਸ ਪਰੰਪਰਾ ਦੀਆਂ ਜਕੜਬੰਦੀਆਂ ਨੂੰ ਤੋੜਦੇ ਹੋਏ ਆਪਣਾ ਗਿਆਨ ਪ੍ਰਬੰਧ ਸਿਰਜਣ ਤੋਂ ਹੈ। ਮੱਧਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਲੱਖਣ ਸ਼ੈਲੀ ਦੁਆਰਾ ਇਹ ਕਾਰਜ ਸ਼ੁਰੂ ਕੀਤਾ। ਆਪਣੇ ਇਸ ਕਾਰਜ ਲਈ ਆਪ ਜੀ ਨੇ ਆਪਣੇ ਹਮਖਿਆਲੀ ਸੰਤ ਭਗਤਾਂ ਦੇ ਗਿਆਨ ਰੂਪੀ ਇਸ ਪ੍ਰਵਚਨ ਨੂੰ ਇਕੱਤਰ ਕਰਨ ਦਾ ਉਪਰਾਲਾ ਕੀਤਾ। ਇਸ ਸਾਰੇ ਗਿਆਨ ਪ੍ਰਬੰਧ ਨੂੰ ਗੁਰੂ ਪਰੰਪਰਾ ਦੁਆਰਾ ਰਚਿਤ ਪ੍ਰਵਚਨ ਦੇ ਨਾਲ ਸੰਕਲਿਤ ਕਰਕੇ ਇਸ ਦੁਆਰਾ ਇਸ ਦੀ ਮਹੱਤਤਾ ਨੂੰ ਪ੍ਰਮਾਣਿਤ ਕਰ ਦਿੱਤਾ। ਭਗਤ ਬਾਣੀ ਵਿਚਲਾ ਗਿਆਨ ਪ੍ਰਬੰਧ ਨੂੰ ਵੇਖਦਿਆਂ ਇਹ ਕਮਾਲ ਦੀ ਗੱਲ ਸਾਹਮਣੇ ਆਉਂਦੀ ਹੈ ਕਿ ਵਿਸ਼ਵ ਦੇ ਮੁਕਾਬਲੇ ਮਹਾਂਬਿਰਤਾਂਤ ਦਾ ਸੰਕਲਪ ਭਾਰਤੀ ਪ੍ਰਸੰਗ ਵਿਚ ਵੱਖਰਤਾ ਅਖਤਿਆਰ ਕਰਦਾ ਜਾਪਦਾ ਹੈ। ਭਗਤ ਬਾਣੀ ਦੇ ਝਰੋਖੇ ਵਿਚੋਂ ਇਸ ਸਭ ਨੂੰ ਸਧਾਰਨ ਸ਼ਬਦਾਂ ਵਿਚ ਨਵੇਂ ਪ੍ਰਸੰਗਾਂ ਵਿਚ ਪੇਸ਼ ਕੀਤਾ ਗਿਆ ਹੈ। ਗੋਪੀ ਚੰਦ ਨਾਰੰਗ ਦੀ ਕਿਤਾਬ ਜਿਸਦਾ ਪੰਜਾਬੀ ਵਿਚ ਅਨੁਵਾਦ ਡਾ. ਜਗਬੀਰ ਸਿੰਘ ਨੇ ਕੀਤਾ ਹੈ ਵਿਚ ਲਿਓਤਾਰਦ ਦੇ ਹਵਾਲੇ ਨਾਲ ਗਿਆਨ ਦੀਆਂ ਕਿਸਮਾਂ ਦਾ ਵਰਨਣ ਇਨ੍ਹਾਂ ਸ਼ਬਦਾਂ ਵਿਚ ਕੀਤਾ ਗਿਆ ਹੈ, ਉੱਤਰ-ਆਧੁਨਿਕ ਪ੍ਰਸੰਗ ਵਿਚ "ਲਿਓਤਾਰਦ ਗਿਆਨ ਦੀਆਂ ਦੋ ਕਿਸਮਾਂ ਦਾ ਵਰਨਣ ਕਰਦਾ ਹੈ। ਇਕ ਨੂੰ ਉਹ ਵਿਗਿਆਨਕ-ਗਿਆਨ ਕਹਿੰਦਾ ਹੈ ਅਤੇ ਦੂਸਰੇ ਨੂੰ ਬਿਰਤਾਂਤ। ਉਸ ਦਾ ਕਹਿਣਾ ਹੈ ਕਿ ਵਿਗਿਆਨਕ-ਗਿਆਨ ਤੇ ਬਿਰਤਾਂਤ ਵਿਚ ਵਿਰੋਧ ਅਤੇ ਦਵੰਦ ਦਾ ਰਿਸ਼ਤਾ ਹੈ ਅਤੇ ਦਵੰਦ ਹਮੇਸ਼ਾ ਸਰਗਰਮ ਰਹਿੰਦਾ ਹੈ।"(ਨਾਰੰਗ. *ਸੰਰਚਨਾਵਾਦ, ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ* 451,52.) ਗਿਆਨ ਨੂੰ ਸ਼ਕਤੀ ਦਾ ਪ੍ਰਤੀਕ ਵੀ ਮੰਨਿਆਂ ਜਾਂਦਾ ਹੈ।"ਫੂਕੋ ਅਨੁਸਾਰ ਪੂਰਾ ਗਿਆਨ ਸ਼ਕਤੀ ਦੀ ਅਕਾਂਖਿਆ ਦਾ ਲਖਾਇਕ ਹੈ।"(179.) ਸੰਸਾਰ ਦਾ ਸਰੂਪ ਗਿਆਨ ਦੀਆਂ ਸੰਸਥਾਵਾਂ ਦੁਆਰਾ ਨਿਸ਼ਚਿਤ ਹੁੰਦਾ ਹੈ। ਸੰਸਾਰ ਦੀ ਤਰਤੀਬਬੱਧਤਾ ਅਤੇ ਸੰਰਚਨਾਗਤ ਬਨਾਉਣ ਵਿਚ

ਸ਼ਕਤੀ ਨਾਲ ਰੂਪਵੰਤ ਗਿਆਨ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਗਿਆਨ ਅਤੇ ਸ਼ਕਤੀ ਇਕ ਦੂਸਰੇ ਉੱਪਰ ਸਿੱਧਾ ਲਾਗੂ ਹੁੰਦੇ ਹਨ। ਲਿਓਤਾਰਦ ਅਤੇ ਫੂਕੋ ਨੇ ਆਧੁਨਿਕ ਗਿਆਨ ਦੀਆਂ ਬਣਤਰਾਂ ਨੂੰ ਸਪੱਸ਼ਟ ਕਰਕੇ ਮਹਾਂਸ਼ਕਤੀ ਦੇ ਰੂਪ ਵਿਚ ਇਸ ਨੂੰ ਬੇਪਰਦ ਕੀਤਾ। ਭਗਤ ਬਾਣੀ ਧਰਮ ਦੇ ਖੇਤਰ ਦੀ ਰਚਨਾ ਹੈ। ਇਸ ਲਈ ਇਸ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਦੇਖਣ ਲਈ ਅਸੀਂ ਪਹਿਲਾਂ ਧਰਮ ਬਾਰੇ ਕੁਝ ਬੁਨਿਆਦੀ ਨੁਕਤਿਆਂ ਤੇ ਨਜ਼ਰਸਾਨੀ ਕਰਨ ਦਾ ਯਤਨ ਕਰਦੇ ਹਾਂ। ਧਰਮ ਵਿਵਹਾਰਿਕ ਰੂਪ ਵਿਚ ਪ੍ਰਬੰਧਾਂ ਦਾ ਇਕ ਜੁੱਟ ਹੈ। ਇਸ ਵਿਚ ਰਸਮ-ਰਿਵਾਜ, ਮਿੱਥਾਂ, ਸੰਸਥਾਵਾਂ ਆਦਿ ਤੱਤ ਅੰਤਰ-ਸਬੰਧਿਤ ਹੁੰਦੇ ਹਨ। ਸਾਰੇ ਧਰਮਾਂ ਦੇ ਸ਼ਾਸਤਰਾਂ ਵਿਚ ਪਰਾਭੌਤਿਕਤਾ ਦਾ ਤੱਤ ਸਾਂਝਾ ਹੈ। ਇਸ ਵਿਚ ਰੱਬ ਦੀ ਅਸਲੀਅਤ ਅਤੇ ਬ੍ਰਹਿਮੰਡ ਦਾ ਗਿਆਨ ਦੁਆਰਾ ਮਨੁੱਖ ਆਪਣੇ ਜੀਵਨ ਮਨੋਰਥ ਨੂੰ ਜਾਣ ਕੇ ਸਦਾਚਾਰਕ ਜੀਵਨ ਜੀਣ ਵੱਲ ਅਗ੍ਰਸਰ ਹੁੰਦਾ ਹੈ। ਇਸ ਨਾਲ ਮਨੁੱਖ ਅੰਦਰ ਪਿਆਰ ਦਾ ਜਜ਼ਬਾ ਪੈਦਾ ਹੁੰਦਾ ਹੈ। ਕੇਵਲ ਸਦਾਚਾਰ ਨੂੰ ਹੀ ਧਰਮ ਨਹੀਂ ਮੰਨਿਆਂ ਜਾ ਸਕਦਾ ਕਿਉਂਕਿ ਇਸ ਵਿਚ ਅੰਦਰੂਨੀ ਅਨੁਭਵ ਅਤੇ ਤਜਰਬੇ ਦੀ ਭਾਵਨਾ ਪਾਈ ਜਾਂਦੀ ਹੈ। ਇਹ ਭਾਵਨਾ ਰੱਬ ਦੇ ਭਗਤ ਨੂੰ ਸੇਧ ਦਿੰਦੀ ਹੋਈ ਉਸ ਦਾ ਰਾਹ ਰੁਸ਼ਨਾਉਂਦੀ ਹੈ। ਧਰਮ ਸ਼ਾਸਤਰ ਵਿਚ ਰੱਬੀ ਸ਼ਕਤੀ, ਸਦਾਚਾਰਕ ਨਿਯਮ ਅਤੇ ਸੱਭਿਆਚਾਰਕ ਪਰਿਪੇਖ ਤਿੰਨ ਤੱਤ ਪ੍ਰਮੁੱਖ ਹਨ। ਭਗਤ ਕਵੀਆਂ ਨੇ ਆਪੋ-ਆਪਣੇ ਖਿੱਤਿਆਂ ਵਿਚ ਰਹਿੰਦਿਆਂ ਹੋਇਆਂ ਲੋਕ ਭਾਸ਼ਾ ਵਿਚ ਆਪਣੀ ਗੱਲ ਕਹੀ ਹੈ। ਆਪਣੀ ਗੱਲ ਨੂੰ ਕਹਿਣ ਲਈ ਉਨ੍ਹਾਂ ਨੇ ਉਸ ਸਮੇਂ ਦੀ ਰਾਜਾ ਅਤੇ ਪੁਜਾਰੀ ਸ਼੍ਰੇਣੀ ਦੀ ਭਾਸ਼ਾ ਨੂੰ ਮਾਧਿਅਮ ਨਾ ਬਣਾ ਕੇ ਲੋਕ ਭਾਸ਼ਾ ਨੂੰ ਚੁਣਿਆਂ ਹੈ। ਭਗਤ ਕਵੀਆਂ ਦੇ ਸਨਮੁਖ ਵੇਦਾਂਤ ਇਕ ਮਹਾਂਬਿਰਤਾਂਤ ਦੇ ਰੂਪ ਵਿਚ ਪਿਆ ਸੀ, ਜੋ ਆਮ ਲੋਕਾਂ ਦੇ ਅਵਚੇਤਨ ਵਿਚ ਸਹਿਜ ਰੂਪ ਵਿਚ ਵਿੱਦਮਾਨ ਸੀ। ਪਰ ਭਾਸ਼ਾ ਉਨ੍ਹਾਂ ਲਈ ਇਕ ਬਹੁਤ ਵੱਡੀ ਰੋਕ ਸੀ। ਇਸੇ ਕਾਰਨ ਆਮ ਲੋਕ ਉਸ ਗਿਆਨ ਨੂੰ ਸਮਝਦੇ ਤਾਂ ਸਨ ਪਰੰਤੂ ਉਸ ਨਾਲ ਸੰਪਰਕ ਸਥਾਪਿਤ ਕਰਨਾ ਮੁਸ਼ਕਿਲ ਸੀ। ਭਗਤ ਕਵੀਆਂ ਨੇ ਉਸ ਗਿਆਨ ਨੂੰ ਲੋਕ ਬੋਲੀਆਂ ਵਿਚ ਪੁਨਰ-ਪਰਿਭਾਸ਼ਿਤ ਕਰਕੇ ਆਮ ਲੋਕਾਈ ਲਈ ਸੁਲੱਭ ਕਰਨ ਦਾ ਕਾਰਜ ਕੀਤਾ। ਇਸ ਪ੍ਰਕਾਰ ਭਗਤ ਬਾਣੀ ਦਾ ਪ੍ਰਵਚਨ ਵੇਦਾਂਤਿਕ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਵਿਚਲੇ ਉੱਤਮ ਗਿਆਨ ਨੂੰ ਆਮ ਜਨਮਾਨਸ ਨੂੰ ਸੁਲੱਭ

ਕਰਵਾਉਂਦਾ ਹੈ। ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਜਿਨ੍ਹਾਂ ਵਿਚ ਇਸਲਾਮ, ਬੋਧ, ਜੈਨ ਅਤੇ ਉਨ੍ਹਾਂ ਤੋਂ ਨਿਕਲੇ ਪੰਥ ਸ਼ਾਮਿਲ ਸਨ, ਵੀ ਉਸ ਸਮੇਂ ਮਹਾਂਬਿਰਤਾਂਤ ਦਾ ਪ੍ਰਗਟਾਵਾ ਕਰ ਰਹੇ ਸਨ, ਜਿਨ੍ਹਾਂ ਦੇ ਸਨਮੁਖ ਭਗਤ ਕਵੀਆਂ ਨੇ ਆਪਣੀ ਰਚਨਾ ਦੁਆਰਾ ਅਲਪਬਿਰਤਾਂਤ ਸਿਰਜ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ। ਇਸ ਸਾਰੇ ਸੰਵਾਦ ਨੂੰ ਅਸੀਂ ਭਗਤ ਬਾਣੀ ਦੇ ਝਰੋਖੇ ਦੁਆਰਾ ਵੇਖਣ ਦਾ ਯਤਨ ਕਰਾਂਗੇ ਕਿਉਂਕਿ ਉੱਤਰ-ਆਧੁਨਿਕਤਾ ਵੀ ਮਹਾਂਬਿਰਤਾਤਾਂ ਦੀ ਥਾਂ ਅਲਪਬ੍ਰਿਤਾਤਾਂ ਦੀ ਵਕਾਲਤ ਕਰਦੀ ਹੇ। ਇਸ ਲਈ ਭਗਤ ਬਾਣੀ ਵਿਚਲਾ ਪ੍ਰਵਚਨ ਆਪਣੇ ਸਾਹਮਣੇ ਗਿਆਨ ਪ੍ਰਬੰਧ ਦੇ ਮਹਾਂਬ੍ਰਿਤਾਤਾਂ ਨਾਲ ਕਿਸ ਤਰ੍ਹਾਂ ਸੰਵਾਦ ਰਚਾਉਂਦਾ ਹੈ।"ਲਿਉਤਾਰਦ ਨੇ ਆਪਣੀ ਪੁਸਤਕ (The Postmodern Condition : A Report on Knowldge) ਵਿਚ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਉੱਤਰ-ਆਧੁਨਿਕਤਾ ਦੇ ਇਸ ਦੌਰ ਵਿਚ ਯਥਾਰਥ ਦੀ ਇਕ-ਇਕਹਿਰੀ ਵਿਆਖਿਆ ਕਰਨ ਵਾਲੇ ਸਿਧਾਂਤ ਪ੍ਰਬੰਧਾਂ ਜਾਂ ਮਹਾਂ-ਬਿਰਤਾਤਾਂ (grand narratives) ਦੀ ਕੋਈ ਥਾਂ ਨਹੀਂ।"(ਡਾ. ਜਗਬੀਰ ਸਿੰਘ. *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ* 72.) ਭਗਤ ਬਾਣੀ ਇਸ ਖਿੱਤੇ ਦੇ ਵੱਡੇ ਬ੍ਰਿਤਾਤਾਂ ਸਨਾਤਨ ਪਰੰਪਰਾ, ਜੋਗਮੱਤ ਅਤੇ ਇਸਲਾਮ ਨਾਲ ਸੰਵਾਦ ਰਚਾਉਂਦੀ ਹੈ। ਕਬੀਰ ਜੀ ਆਪਣੀ ਰਚਨਾ ਵਿਚ ਮਾਧਵ ਨਾਮ ਜੋ ਕਿ ਸਨਾਤਨ ਪਰੰਪਰਾਵਾਂ ਵਿਚ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਸ੍ਰੀ ਕ੍ਰਿਸ਼ਨ ਦੇ ਨਾਮ ਲਈ ਰੂੜ੍ਹ ਹੈ ਨੂੰ ਸਮੁੱਚੇ ਸੰਸਾਰ ਲਈ ਵਰਤਦੇ ਹਨ।

ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ॥

ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ 856.)

ਇਸੇ ਤਰ੍ਹਾਂ ਜੋਗਮੱਤ, ਹਿੰਦੂ, ਮੁਸਲਿਮ ਆਦਿ ਦੀ ਵੱਖ-ਵੱਖ ਮਾਨਤਾ ਰੂਪੀ ਮਹਾਂਬ੍ਰਿਤਾਂਤਕ ਸੰਕਲਪ ਨੂੰ 'ਸੁਆਮੀ' ਦੇ ਚਿਹਨ ਦੁਆਰਾ, ਜੋ ਸਰਬ ਵਿਆਪਕ ਹੈ ਦੁਆਰਾ ਅਲਪਬ੍ਰਿਤਾਂਤ ਵਿਚ ਸਥਾਪਿਤ ਕਰਦੇ ਹਨ।

ਜੋਗੀ ਗੋਰਖੁ ਗੋਰਖੁ ਕਰੈ॥ ਹਿੰਦੂ ਰਾਮ ਨਾਮੁ ਉਚਰੈ॥

ਮੁਸਲਮਾਨ ਕਾ ਏਕੁ ਖੁਦਾਇ॥ ਕਬੀਰ ਕਾ ਸੁਆਮੀ ਰਹਿਆ ਸਮਾਇ॥ (1160.)

ਉੱਤਰ-ਆਧੁਨਿਕਤਾ ਅਲਪਬ੍ਰਿਤਾਤਾਂ ਨੂੰ ਪ੍ਰਮੁੱਖਤਾ ਦਿੰਦੀ ਹੈ। ਇਸਲਾਮ ਵੱਡਾ ਧਰਮ ਹੋਣ ਕਾਰਨ ਵਿਸ਼ਵ ਪੱਧਰ ਤੇ ਹਿੰਦੂ ਧਰਮ ਦੇ ਮੁਕਾਬਲੇ ਮਹਾਂਬ੍ਰਿਤਾਂਤ ਹੈ ਪਰ ਭਾਰਤੀ ਪ੍ਰਸੰਗ ਵਿਚ ਇਹ ਹਿੰਦੂ ਧਰਮ ਦੇ ਮੁਕਾਬਲੇ ਅਲਪਬ੍ਰਿਤਾਂਤ ਦੀ ਹੋਂਦ ਗ੍ਰਹਿਣ ਕਰਦਾ ਹੈ। ਭਗਤ ਬਾਣੀ ਦੀ ਵਿਲੱਖਣਤਾ ਹੈ ਕਿ ਇਹ ਭਾਰਤੀ ਵੇਦਾਂਤਿਕ ਪਰੰਪਰਾਵਾਂ ਦੀ ਨਵੀਂ ਵਿਆਖਿਆ ਪੇਸ਼ ਕਰਕੇ ਆਪਣਾ ਬਿਰਤਾਂਤ ਸਿਰਜਦੀ ਹੈ।"ਉੱਤਰ-ਆਧੁਨਿਕ ਵਿਚਾਰ-ਚਰਚਾ ਦੇ ਮੁੱਢ ਵਿਚ ਹੀ ਯਾਂ ਫਰਾਂਸਿਸ ਲਿਓਤਾਰਦ ਨੇ ਮਹਾਂ-ਬਿਰਤਾਤਾਂ ਦੇ ਦਮਨ ਅਤੇ ਨਿਆਂਸ਼ੀਲਤਾ ਘੜਨ ਦੇ ਪ੍ਰਾਜੈਕਟਾਂ ਦੀ ਕਲਪਨਾ ਅਤੇ ਖਾਤਮੇ ਦੇ ਨਾਲ-ਨਾਲ 'ਛੋਟੇ ਬਿਰਤਾਤਾਂ' ਦੇ ਗੌਰਵ ਨਾਲ ਹੀ ਪਵਿੱਤਰ ਦੇ ਸਿਰਜਣ ਦੀ ਸੰਭਾਵਨਾ ਨੂੰ ਚਿਤਵਿਆ ਸੀ।" (ਸੰਧੂ. *ਮੱਧਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ* ੪੪.) ਭਗਤ ਬਾਣੀ ਆਧਾਰ ਸਰੂਪ ਵਿਚ ਵੇਦਾਂਤਿਕ ਪਰੰਪਰਾਵਾਂ ਦੇ ਨਾਲ ਨਾਲ ਗੈਰ ਵੇਦਾਂਤਿਕ ਪਰੰਪਰਾਵਾਂ ਦੇ ਨਜ਼ਰੀਏ ਨੂੰ ਵੀ ਆਪਣੇ ਪ੍ਰਵਚਨ ਦਾ ਹਿੱਸਾ ਬਣਾ ਕੇ ਇਕ ਨਵੀਂ ਕਿਸਮ ਦੀ ਵਿਆਖਿਆ ਪੇਸ਼ ਕਰਦੀ ਹੈ। ਜਿਸ ਨਾਲ ਅਲਪਬ੍ਰਿਤਾਤਾਂ ਅਤੇ ਮਹਾਂਬ੍ਰਿਤਾਤਾਂ ਵਿਚਲੇ ਗਿਆਨ ਦਾ ਇਕ ਅਜਿਹਾ ਸਰੂਪ ਸਾਹਮਣੇ ਆਉਂਦਾ ਹੈ, ਜਿਸ ਦੁਆਰਾ ਸਮੁੱਚੀ ਮਨੁੱਖਤਾ ਲਾਭ ਪ੍ਰਾਪਤ ਕਰ ਸਕਦੀ ਹੈ।

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥

ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥(ਸ੍ਰੀ ਗੁਰੂ ਗ੍ਰੰਥ ਸਾਹਿਬ 483.)

ਭਾਰਤੀ ਵੇਦਾਂਤਿਕ ਪਰੰਪਰਾਵਾਂ ਪੂਰਬ ਦਿਸ਼ਾ ਵਿਚ ਪਰਮਾਤਮਾ ਦੀ ਪੂਜਾ ਭਗਤੀ ਵਿਚ ਵਿਸ਼ਵਾਸ ਰੱਖਦੀਆਂ ਹਨ ਅਤੇ ਇਸਲਾਮੀ ਮਾਨਤਾਵਾਂ ਵਿਚ ਭਾਰਤੀ ਪ੍ਰਸੰਗ ਵਿਚ ਪਰਮਾਤਮਾਂ ਪੱਛਮ ਵਿਚ ਸਥਿਤ ਹੈ ਪਰ ਭਗਤ ਬਾਣੀ ਇਸ ਸਭ ਤੋਂ ਵਿਲੱਖਣ ਪੈਂਤੜਾ ਅਖਤਿਆਰ ਕਰਦੀ ਹੋਈ ਕਹਿੰਦੀ ਹੈ ਕਿ ਉਸ ਦਾ ਵਾਸ ਹਰ ਇਕ ਮਨੁੱਖ ਦੇ ਹਿਰਦੇ ਅੰਦਰ ਹੈ ਭਾਵ ਅਲਪਤਾ ਨੂੰ ਵਿਆਪਕਤਾ ਨਾਲ ਇੱਕਮਿਕ ਕਰਦੇ ਹਨ।

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥

ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥ (1349.)

ਭਗਤ ਬਾਣੀ ਵਿਚ ਸੰਤੁਲਿਤ ਪਹੁੰਚ ਦਾ ਪ੍ਰਗਟਾਵਾ ਮਿਲਦਾ ਹੈ। ਕਬੀਰ ਜੀ ਮੌਲਵੀ ਨਾਲ ਸੰਵਾਦ ਦੁਆਰਾ ਉਸ ਪਰਮਾਤਮਾ ਨੂੰ ਹਰ ਇਕ ਦੇ ਅੰਦਰ ਵੱਸਣ ਦੀ ਦ੍ਰਿਸ਼ਟੀ ਨਾਲ ਰੂਬਰੂ ਕਰਵਾਉਂਦੇ ਹਨ। ਅਜੋਕੇ ਸਮੇਂ ਵਿਚ ਵੀ ਉੱਚੀ ਆਵਾਜ਼ ਵਿਚ ਆਪਣੀਆਂ ਮਾਨਤਾਵਾਂ ਦਾ ਵਿਖਾਵਾ ਕੀਤਾ ਜਾਂਦਾ ਹੈ। ਡਾ. ਗੁਰਭਗਤ ਸਿੰਘ ਨੀਤਸ਼ੇ ਦੀ ਪੁਸਤਕ '*ਵਿਲ ਟੂ ਪਾਵਰ*' ਦੇ ਹਵਾਲੇ ਕਿ ਮਨੁੱਖ ਨੇ ਧਰਮ, ਸ਼ਕਤੀ ਦੀ ਅਨੁਭੂਤੀ ਵਿਚੋਂ ਸਿਰਜਿਆ ਹੈ, ਬਾਰੇ ਵਿਚਾਰ ਕਰਦੇ ਹਨ ਕਿ ਇਹੋ ਪ੍ਰੇਰਣਾ ਮਨੂੰ ਦੇ ਗ੍ਰੰਥ ਵਿਚ ਕੰਮ ਕਰਦੀ ਹੈ। ਪੁਜਾਰੀ ਵਰਗ ਦਾ ਮਨੁੱਖ ਦੀ 'ਬਿਹਤਰੀ' ਬਾਰੇ ਉਸਾਰਿਆ ਵਿਚਾਰ ਆਪਣੇ ਆਪ ਤੋਂ ਹੀ ਪ੍ਰੇਰਿਤ ਹੈ। ਆਪਣੇ ਆਪ ਨੂੰ ਸਥਾਪਿਤ ਕਰਨ ਅਤੇ ਸ਼ਕਤੀ ਹਾਸਲ ਕਰਨ ਲਈ ਅਜਿਹਾ 'ਸੱਚ' ਵਿਕਸਿਤ ਕੀਤਾ ਜੋ ਇਕ ਪਵਿੱਤਰ 'ਝੂਠ' ਹੈ।"(*ਉੱਤਰ-ਆਧੁਨਿਕਤਾਵਾਦ* 22.) ਭਾਰਤ ਦੇ ਕਈ ਇਲਾਕਿਆਂ ਵਿਚ ਤਾਂ ਰਾਮ ਨੌਮੀਂ ਦੀ ਸ਼ੋਭਾ ਯਾਤਰਾ ਅਤੇ ਤਾਜੀਏ ਦੇ ਜਲੂਸ ਨੂੰ ਲੈ ਕੇ ਕਤਲ ਤੱਕ ਹੋ ਜਾਂਦੇ ਹਨ। ਇਸ ਲਈ ਅਜੋਕੇ ਸਮੇਂ ਵਿਚ ਵੀ ਇਹ ਰਚਨਾ ਸਭਨਾ ਅੰਦਰ ਏਕਤਾ ਦੀ ਬਾਤ ਪਾਉਂਦੀ ਹੈ।

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥

ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1374.)

ਕੇਵਲ ਪੜ੍ਹਨ ਨਾਲ ਹੀ ਮੁਕਤ ਨਹੀਂ ਹੋਇਆ ਜਾ ਸਕਦਾ ਜਦੋਂ ਤੱਕ ਅੰਦਰੂਨੀ ਦਵੇਸ਼ ਸਮਾਪਤ ਨਹੀਂ ਹੁੰਦੇ। ਸਿਰਫ ਪੜ੍ਹਨ ਨਾਲ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਇਸ ਨਾਲ ਕੇਵਲ ਹੰਕਾਰ ਦੀ ਉੱਤਪਤੀ ਹੁੰਦੀ ਹੈ। ਹੰਕਾਰ ਹਉਮੈ ਦਾ ਕਾਰਨ ਬਣਦਾ ਹੈ ਅਤੇ ਭਗਤ ਕਵੀ ਇਸ ਹਉਮੈ ਤੋਂ ਬਚਣ ਲਈ ਆਪਣੀ ਰਚਨਾ ਵਿਚ ਸੰਦੇਸ਼ ਦਿੰਦੇ ਹਨ।

> ਉੱਤਰ-ਆਧੁਨਿਕ ਵਿਵੇਚਨ ਦਾ ਮੂਲ ਵਿਚਾਰ ਕੋਈ ਨਵਾਂ ਨਹੀਂ ਹੈ। ਸਦੀਆਂ ਤੋਂ ਫਿਲਾਸਫਰ ਵਿਅਕਤੀਗਤ ਤੌਰ 'ਤੇ ਪ੍ਰਤੀਕਮਈ ਵਾਤਾਵਰਣ ਨੂੰ ਉਜਾਗਰ ਕਰ ਰਹੇ ਹਨ ਅਤੇ ਅਧਿਆਤਮਕ ਪ੍ਰਚਾਰਕ ਆਪਣੇ ਸਿਖਿਆਰਥੀਆਂ ਨੂੰ ਹਉਮੈ (ਨਿੱਜ) ਤੋਂ ਮੁਕਤੀ ਦੇ ਰਸਤੇ 'ਤੇ ਤੁਰਨ ਦੀ ਪ੍ਰੇਰਣਾ

ਦੇ ਰਹੇ ਹਨ। ਉਹਨਾ ਨੂੰ ਮੁੜ ਆਪਣੀ ਪਹਿਚਾਣ ਮੁੜ ਉਸਾਰਨ ਲਈ ਉਤਸ਼ਾਹਿਤ ਕਰ ਰਹੇ ਹਨ।(Anderson. *The Fortana Post-Modernism Reader* 208.)

ਭਗਤ ਕਬੀਰ ਜੀ ਵੇਦਾਂ ਤੋਂ ਚੱਲੀ ਪੁਰਾਣ ਅਤੇ ਸਿੰਮ੍ਰਤੀਆਂ ਆਦਿ ਦੇ ਕੇਵਲ ਪੜ੍ਹਨ ਦੁਆਰਾ ਮੁਕਤੀ ਦੇ ਵਿਸ਼ਵਾਸ ਨੂੰ ਖਾਰਜ ਕਰਦੇ ਹਨ। ਇਸ ਤਰ੍ਹਾਂ ਭਗਤ ਬਾਣੀ ਅਜਿਹੇ ਅਲਪਬ੍ਰਿਤਾਂਤ ਦੀ ਸਿਰਜਣਾ ਕਰਦੀ ਹੈ ਜੋ ਕਿ ਸੰਤੁਲਿਤ ਪਹੁੰਚ ਉੱਤੇ ਆਧਾਰਿਤ ਹੈ। ਉੱਤਰ-ਆਧੁਨਿਕ ਸਥਿਤੀ ਵਿਚ ਇਸੇ ਪਹੁੰਚ ਦੀ ਜ਼ਰੂਰਤ ਹੈ।

ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* ੪77.)

ਤਰਕ ਵਿਧਾਨ ਦੀ ਪੇਸ਼ਕਾਰੀ ਭਗਤ ਬਾਣੀ ਦੀ ਖਾਸੀਅਤ ਹੈ, ਪਰ ਇਹ ਤਰਕ ਉਸਾਰੂ ਰੂਪ ਵਿਚ ਪ੍ਰਗਟ ਹੋਇਆ ਹੈ। ਇਸ ਦੁਆਰਾ ਭਗਤ ਕਵੀਆਂ ਨੇ ਸਮਾਜ ਵਿਚ ਪ੍ਰਚੱਲਿਤ ਗਿਆਨ ਸ਼ਾਸਤਰ ਪ੍ਰਤੀ ਪਹੁੰਚ ਨੂੰ ਆਪਣੀਆਂ ਰਚਨਾਵਾਂ ਵਿਚ ਵਿਹਾਰਕਤਾ ਦੁਆਰਾ ਪੇਸ਼ ਕੀਤਾ ਹੈ। ਉਸ ਸਮੇ ਦੀਆਂ ਪ੍ਰਚੱਲਿਤ ਧਾਰਮਿਕ ਪਰੰਪਰਾਵਾਂ ਵਿਚ ਜਿਸ ਵਿਚ ਨਗਨ ਰਹਿਣਾ, ਮੁੰਡਨ ਕਰਮ ਆਦਿ ਸਨ। ਭਗਤ ਕਬੀਰ ਜੀ ਇਨ੍ਹਾਂ ਪ੍ਰਤੀ ਆਪਣੀ ਗੱਲ ਤਰਕ ਨਾਲ ਪੇਸ਼ ਕਰਦੇ ਹਨ। ਭਗਤੀ ਦੇ ਇਸ ਅਖੌਤੀ ਸੱਭਿਆਚਾਰ ਪ੍ਰਤੀ ਭਗਤ ਬਾਣੀ ਵਿਦਰੋਹ ਭਰੀ ਸੁਰ ਅਲਾਪਦੀ ਹੈ। ਜੇਕਰ ਨਗਨ ਰਹਿਣ ਨਾਲ ਮੁਕਤੀ ਪ੍ਰਾਪਤ ਹੁੰਦੀ ਤਾਂ ਜਾਨਵਰਾਂ ਨੂੰ ਮਿਲ ਜਾਂਦੀ ਅਤੇ ਜੇਕਰ ਮੁੰਡਨ ਕਰਵਾਉਣ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਤਾਂ ਭੇਡਾਂ ਨੂੰ ਪ੍ਰਾਪਤ ਹੋ ਜਾਂਦੀ । ਅਜਿਹੀਆਂ ਪਰੰਪਰਾਵਾਂ ਦੇ ਲਈ ਅਜਿਹੀ ਸਪੱਸ਼ਟ ਸ਼ਬਦਾਵਲੀ ਦੀ ਵਰਤੋਂ ਕਰਨੀ ਇਹ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਹੈ। ਅਜੋਕੇ ਸਮੇ ਵਿਚ ਵੀ ਭਾਰਤ ਅੰਦਰ ਅਜਿਹੀਆਂ ਪੱਧਤੀਆਂ ਮੌਜੂਦ ਹਨ ਪਰ ਇੰਨ੍ਹਾਂ ਪ੍ਰਤੀ ਐਨੀ ਸਪੱਸ਼ਟਤਾ ਨਾਲ ਗੱਲ ਕਹਿਣਾ ਮੌਤ ਨੂੰ ਮਾਸੀ ਕਹਿਣ ਦੇ ਸਮਾਨ ਹੈ। ਪਰ ਭਗਤ ਬਾਣੀ ਅੱਜ ਵੀ ਆਪਣੇ ਪ੍ਰਵਚਨਾਂ ਦੁਆਰਾ ਸੇਧਾਂ ਦੇ ਰਹੀ ਹੈ। ਇਸੇ ਸਬੰਧ ਵਿਚ ਡਾ. ਗੁਰਭਗਤ ਸਿੰਘ ਦਾ ਇਹ ਕਥਨ ਵਿਚਾਰਨਯੋਗ ਹੈ :

> ਸਮਝਣ ਵਾਲੀ ਗੱਲ ਇਹ ਹੈ ਕਿ ਵਿਲੱਖਣਤਾ ਨੂੰ ਮੁਕਤ ਕਰਾਉਣ ਵਾਲਾ ਮੁੱਦਾ ਹੀ ਜਿਵੇਂ ਤੀਜੇ ਜਗਤ ਦੇ ਸਾਹਿੱਤਾਂ ਵਿਚ ਪੇਸ਼ ਕੀਤਾ ਗਿਆ ਹੈ, ਇਨ੍ਹਾਂ ਸਾਹਿੱਤਾਂ ਦੇ ਉਤਰਆਧੁਨਿਕਵਾਦ ਨੂੰ ਪੱਛਮੀ ਉਤਰਆਧੁਨਿਕਵਾਦ ਨਾਲੋਂ ਵਖਰਿਆਉਂਦਾ ਹੈ। ਇਸ ਮੁਕਤੀ ਭਾਵ ਦਾ ਜਨਮ ਸ਼ਾਸਤਰ, ਪੂਰਵਕਾਲੀਨ ਦੌਰ ਦੀਆਂ ਸਥਿਤੀਆਂ ਅਤੇ ਮਜਬੂਰੀਆਂ ਵੱਲ ਪਿੱਛੇ ਤੱਕ ਜਾਂਦਾ ਹੈ। ਮਿਸਾਲ ਦੇ ਤੌਰ ਤੇ ਵਿਲੱਖਣ ਸਮੂਹਾਂ ਨੂੰ ਮੁਕਤੀਮੁਖੀ ਸਵੈ-ਚੇਤਨਤਾ ਵੱਲ ਧੱਕ ਦਿੱਤਾ। ਭਾਸ਼ਾਈ ਵਿਚਿੱਤਰਤਾ ਨਾਲ ਮਧਿਅਸਥ, ਇਹ ਚੇਤਨਤਾ ਵੱਖ ਵੱਖ ਖੇਤਰਾਂ ਵਿੱਚ ਸੈਂਕੜੇ ਸਾਲਾਂ ਦੇ ਅੰਦਰਲੇ ਵਿਕਾਸ ਕਾਰਣ ਸੁਤੰਤਰ ਸੱਭਿਆਚਾਰਕ ਹਸਤੀਆਂ ਬਣਨ ਨਾਲ , ਵਧ ਫੁੱਲ ਗਈ। ਬਾਹਰਵੀਂ ਸਦੀ ਵਿੱਚ ਧਮਾਕੇ ਦੀ ਹੱਦ ਤੱਕ ਪਹੁੰਚ ਗਈ। ਇਸ ਵਿੱਚੋਂ ਪੈਦਾ ਹੋਈਆਂ ਮੁਕਤੀ ਲਹਿਰਾਂ ਨੇ ਭਗਤੀ ਦਾ ਰੂਪ ਧਾਰਿਆ। ਪੰਜਾਬ ਵਿੱਚ ਇਸ ਮੁਕਤੀਭਾਵੀ ਚੇਤਨਤਾ ਨੇ ਰਾਜਨੀਤਕ ਲਹਿਰ ਦਾ ਰੂਪ ਲਿਆ ਜਿਸ ਨਾਲ ਸਿੱਖ ਹੋਂਦ ਵਿਚ ਆਏ ਜਿਨ੍ਹਾਂ ਨੇ ਬਾਹਰਲੇ ਮੁਗਲ ਸਾਮਰਾਜ ਅਤੇ ਅੰਦਰਲੇ ਬ੍ਰਾਮਣਵਾਦ ਦੀ ਪ੍ਰਭੁਤਾ ਨਾਲ ਆਢਾ ਲਿਆ ਅਤੇ ਅਠਾਰ੍ਹਵੀਂ ਸਦੀ ਦੇ ਅੰਤ ਉਤੇ ਪ੍ਰਭੁਸੱਤਾਸੰਪੰਨ ਪੰਜਾਬ ਰਾਜ ਕਾਇਮ ਕੀਤਾ ਜੋ ਅੰਗਰੇਜ਼ਾਂ ਦੇ ਹਮਲੇ ਨਾਲ ਬਿਖਰਨ ਤੱਕ, ਕਾਇਮ ਰਿਹਾ। ਇਸ ਕਾਲ ਦਾ ਪ੍ਰਤੀਨਿਧ ਮੁਕਤੀਭਾਵੀ ਸਾਹਿੱਤ, ਜੋ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ (1604) ਵਿਚ ਸ਼ਾਮਿਲ ਹੈ। ਅੱਜ ਇਸ ਨੂੰ ਸਿੱਖਾਂ ਦੇ ਧਾਰਮਿਕ ਗ੍ਰੰਥ ਦੇ ਤੌਰ ਤੇ ਜਾਣਿਆਂ ਜਾਂਦਾ ਹੈ। ਪਰ ਇਸ ਤੋਂ ਵੀ ਵੱਧ ਇਹ ਗ੍ਰੰਥ ਸੱਭਿਆਚਾਰ ਅਤੇ ਰਾਜਨੀਤਕ ਵਿਦਰੋਹ ਦਾ ਗ੍ਰੰਥ ਹੈ। (*ਉਤਰਆਧੁਨਿਕਤਾਵਾਦ* 104-5.)

ਭਗਤ ਬਾਣੀ ਵਿਚਲੀ ਵਿਦਰੋਹ ਦੀ ਭਾਸ਼ਾ ਬਹੁਤ ਸਪੱਸ਼ਟਤਾ ਨਾਲ ਆਪਣਾ ਤਰਕ ਵਿਧਾਨ ਉਸਾਰਦੀ ਹੈ। ਭਾਰਤੀ ਪਰੰਪਰਾਵਾਂ ਦੇ ਸਰੂਪ ਵਿਚ ਆਏ ਪਰਿਵਰਤਨਾਂ ਦੁਆਰਾ ਧਾਰਮਿਕ ਕਾਰਜਾਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਭਾਂਜਵਾਦੀ ਰੁਚੀਆਂ ਅਧੀਨ ਨਗਨ ਹੋ ਕੇ ਰਹਿਣ ਨਾਲ ਜੋਗ ਦੀ ਪ੍ਰਾਪਤੀ ਹੋਣ ਦਾ ਭਰਮ ਪ੍ਰਚੱਲਿਤ ਸੀ ਜੋ ਅੱਜ ਵੀ

ਨਾਂਗੇ ਸਾਧੂਆਂ ਅਤੇ ਜੈਨ ਸੰਪਰਦਾਇ ਵਿਚ ਦਿਗੰਬਰ ਮੁਨੀਆਂ ਦੁਆਰਾ ਪ੍ਰਗਟ ਹੁੰਦਾ ਹੈ। ਇਸ ਪ੍ਰਵਿਰਤੀ ਪ੍ਰਤੀ ਭਗਤ ਬਾਣੀ ਸਪੱਸ਼ਟਤਾ ਅਤੇ ਬੇਬਾਕੀ ਨਾਲ ਉਦਾਹਰਣਾਂ ਪੇਸ਼ ਕਰਦੀ ਹੈ। ਭਗਤ ਕਬੀਰ ਜੀ ਦਾ ਕਥਨ ਇਸ ਦਾ ਪ੍ਰਮਾਣ ਹੈ।

ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥

ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮ ਰਾਮ॥੧॥ਰਹਾਉ॥

ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 324.)

ਇਸ ਸ਼ਬਦ ਦੁਆਰਾ ਕਬੀਰ ਜੀ ਸਨਾਤਨੀ ਪਰੰਪਰਾਵਾਂ ਪ੍ਰਤੀ ਆਪਣਾ ਪੱਖ ਖ਼ੂਬਸੂਰਤੀ ਨਾਲ ਬਿਆਨਦੇ ਹਨ। ਇਸ ਦੇ ਨਾਲ-ਨਾਲ ਭਗਤ ਬਾਣੀ ਵਿਚ ਇਸਲਾਮ ਵਿਚ ਪ੍ਰਚੱਲਤ ਧਾਰਨਾਵਾਂ ਪ੍ਰਤੀ ਵੀ ਆਪਣਾ ਪ੍ਰਤੀਕਰਮ ਦਰਜ ਕਰਦੀ ਹੈ। ਬਾਹਰਮੁਖੀ ਕਰਮਾਂ ਦੁਆਰਾ ਅੱਲਾਹ ਦੀ ਬੰਦਗੀ ਕਰਨ ਨਾਲ ਬਹਿਸ਼ਤ ਨਹੀਂ ਮਿਲਦੀ ਬਲਕਿ ਮਨੁੱਖ ਦੇ ਅੰਦਰ ਹੀ ਕਾਅਬਾ ਹੈ ਅਤੇ ਜੇਕਰ ਮਨੁੱਖ ਸਾਰੀ ਕਾਇਨਾਤ ਪ੍ਰਤੀ ਸੰਵੇਦਨਸ਼ੀਲ ਨਹੀਂ ਹੁੰਦਾ ਤਾਂ ਇਸ ਸਾਰੀ ਬੰਦਗੀ ਦਾ ਕੋਈ ਲਾਭ ਨਹੀਂ ਹੈ ਸਗੋਂ ਇਹ ਸਭ ਦਿਖਾਵਾ ਹੈ। ਜੇਕਰ ਸਭ ਵਿਚ ਇਕੋ ਬ੍ਰਹਮ ਰੂਪੀ ਨੂਰ ਵੇਖਾਂਗੇ ਤਾਂ ਇਥੇ ਹੀ ਬਹਿਸ਼ਤ ਸਾਕਾਰ ਕਰ ਸਕਦੇ ਹਾਂ। ਬਹੁਤ ਕਮਾਲ ਦੀ ਗੱਲ ਹੈ ਕਿ ਭਗਤ ਬਾਣੀ ਵਿਚ ਇਸਲਾਮ ਅਤੇ ਸਨਾਤਨ ਦੇ ਸੰਕਲਪਾਂ ਦਾ ਜ਼ਿਕਰ ਇਕੋ ਥਾਂ ਤੇ ਕੀਤਾ ਮਿਲਦਾ ਹੈ। ਇਸ ਤਰ੍ਹਾਂ ਦੀਆਂ ਵਿਲੱਖਣ ਰਚਨਾਵਾਂ ਸਦਾ ਮਨੁੱਖ ਨੂੰ ਮਾਨਵਤਾਵਾਦੀ ਸੰਦੇਸ਼ ਦੇਣ ਦੇ ਸਮਰੱਥ ਹੁੰਦੀਆਂ ਹਨ।

ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ॥

ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ॥੧॥

ਕਾਜੀ ਬੋਲਿਆ ਬਨਿ ਨਹੀ ਆਵੈ॥੧॥ਰਹਾਉ॥

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥

ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰ ਜਾਨੈ ਕੋਈ॥੨॥

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥

ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ॥੩॥

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ॥

ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ॥੪॥

ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ॥

ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ॥੫॥ (480.)

ਇਸ ਸ਼ਬਦ ਵਿਚ ਇਸਲਾਮ ਵਿਚਲੇ ਸੰਕਲਪਾਂ ਨਾਲ ਸੰਵਾਦ ਰਚਾ ਕੇ ਨਵੀਨ ਵਿਆਖਿਆ ਪੇਸ਼ ਕੀਤੀ ਗਈ ਹੈ। ਇਸ ਵਿਚ ਪ੍ਰਮੁੱਖਤਾ ਨਾਲ ਆਪਣੇ ਆਪ ਨੂੰ ਜਾਨਣ ਦੇ ਨਾਲ ਦੂਸਰੇ ਦੀ ਹੋਂਦ ਪ੍ਰਤੀ ਸਮਝ ਦਾ ਵਿਚਾਰ ਪੇਸ਼ ਹੋਇਆ ਹੈ। ਸੱਚਮੁੱਚ ਅਜਿਹੇ ਵਿਲੱਖਣ ਵਿਚਾਰਾਂ ਦੁਆਰਾ ਅਜੋਕੇ ਸਮੇਂ ਵਿਚ ਅਲਪਬ੍ਰਿਤਾਂਤਕ ਚੌਖਟਿਆਂ ਦੀ ਸਮਝ ਨਾਲ ਸੰਸਾਰ ਪੱਧਰ ਤੇ ਅਮਨ ਚੈਨ ਦੀ ਸਥਾਪਨਾ ਕੀਤੀ ਜਾਣੀ ਸੰਭਵ ਹੈ। ਗੈਰ ਵੇਦਾਂਤਿਕ ਪਰੰਪਰਾਵਾਂ ਵਿਚ ਇਸਲਾਮ ਦੇ ਨਾਲ-ਨਾਲ ਜੋਗਮੱਤ ਨਾਲ ਵੀ ਭਗਤ ਬਾਣੀ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਵਿਚ ਬਾਹਰੀ ਭੇਖ ਧਾਰਨ ਦਾ ਖੰਡਨ ਕਰਕੇ ਅੰਦਰੂਨੀ ਅਲਾਮਤਾਂ ਪ੍ਰਤੀ ਸੁਚੇਤ ਕੀਤਾ ਗਿਆ ਹੈ। ਜੋਗ ਮੱਤ ਵਿਚਲੇ ਭੇਖ ਰੂਪੀ ਦੰਭ ਦੀ ਬਹੁਤ ਸੰਤੁਲਿਤ ਢੰਗ ਨਾਲ ਆਲੋਚਨਾ ਪੇਸ਼ ਹੋਈ ਹੈ।

ਡੰਡਾ ਮੁੰਦ੍ਰਾ ਖਿੰਥਾ ਆਧਾਰੀ॥ ਭ੍ਰਮ ਕੈ ਭਾਇ ਭਵੈ ਭੇਖਧਾਰੀ॥ (856.)

ਕਮਾਲ ਦੀ ਸ਼ਬਦਾਵਲੀ ਦੁਆਰਾ ਭਗਤ ਕਬੀਰ ਜੀ ਹਿੰਦੂ ਪਰੰਪਰਾ ਵਿਚਲੇ ਪਖੰਡਾਂ ਦੀ ਪੋਲ ਖੋਲ੍ਹਦੇ ਹਨ। ਉੱਤਰ-ਆਧੁਨਿਕ ਪਰਿਪੇਖ ਵਿਚ ਜਦੋਂ ਅਸੀਂ ਪਰਮਾਤਮਾ ਦੇ ਨਾਮ ਤੇ ਖੁੱਲ੍ਹੀਆਂ ਡੇਰੇ ਰੂਪੀ ਦੁਕਾਨਦਾਰੀਆਂ ਅਤੇ ਤਰ੍ਹਾਂ ਤਰ੍ਹਾਂ ਦੇ ਢੰਗ ਤਰੀਕਿਆਂ ਦੁਆਰਾ ਰਾਮ ਦੇ ਨਾਮ ਉੱਤੇ ਹੋਣ ਵਾਲੇ ਪਖੰਡਾਂ ਨੂੰ ਵੇਖਦੇ ਹਾਂ ਤਾਂ ਲੱਗਦਾ ਹੈ ਕਿ ਅਜੋਕੇ ਸਮੇ ਵਿਚ ਅਜਿਹੀ ਦ੍ਰਿਸ਼ਟੀ ਦੀ ਜ਼ਿਆਦਾ ਜ਼ਰੂਰਤ ਹੈ। ਅਯੁੱਧਿਆ ਵਿਚ ਬਣਨ ਵਾਲਾ ਰਾਮ ਮੰਦਿਰ ਅਤੇ

ਉਸ ਉੱਪਰ ਕੀਤੀ ਜਾ ਰਹੀ ਸਿਆਸਤ ਅਤੇ ਖ਼ੂਨ-ਖਰਾਬੇ ਵਾਲੀ ਮਾਨਸਿਕਤਾ ਦੇ ਉੱਭਾਰ ਨੂੰ ਵੇਖਦਿਆਂ ਭਗਤ ਬਾਣੀ ਵਿਚਲਾ ਇਹ ਕਥਨ ਸਾਰਥਕ ਲੱਗਦਾ ਹੈ।

ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ ਲੋਗਨ ਰਾਮੁ ਖਿਲਉਨਾ ਜਾਨਾਂ॥(1158.)

ਵੇਦਾਂਤਕ ਪਰੰਪਰਾਵਾਂ ਵਿਚਲੇ ਗਿਆਨ ਨੂੰ ਛੱਡ ਕੇ ਉਸ ਤੇ ਭਰਮ ਅਤੇ ਪਖੰਡਾਂ ਦਾ ਮੁਲੱਮਾ ਚੜ੍ਹਾਉਣ ਦੇ ਵਿਰੁੱਧ ਖੜੀਆਂ ਹੋਣ ਵਾਲੀਆਂ ਗੈਰ ਵੇਦਾਂਤਿਕ ਪਰੰਪਰਾਵਾਂ ਦੇ ਅਨੁਯਾਈਆਂ ਨੇ ਆਪਣੇ ਗਿਆਨ ਦੀ ਜਗ੍ਹਾ ਤੇ ਉਸੇ ਤਰ੍ਹਾਂ ਦੇ ਪਖੰਡਾਂ ਨੂੰ ਪ੍ਰਚੱਲਿਤ ਕਰ ਲਿਆ ਸੀ। ਅੱਜ ਵੀ ਤੀਰਥਾਂ ਤੇ ਜਾ ਕੇ ਮੁੰਡਨ ਕਰਵਾਉਣ ਦੀ ਪਰੰਪਰਾ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ। ਭਗਤ ਬਾਣੀ ਵਿਚ ਮੁੰਡਨ ਦੇ ਚਿਹਨ ਦੁਆਰਾ ਮਨ ਦਾ ਮੁੰਡਨ ਭਾਵ ਇਸ ਵਿਚਲੇ ਬੁਰੇ ਵਿਚਾਰਾਂ ਰੂਪੀ ਕੇਸਾਂ ਦਾ ਮੁੰਡਨ ਕਰਵਾਉਣ ਵੱਲ ਇਸ਼ਾਰਾ ਕੀਤਾ ਗਿਆ ਹੈ। ਇਸ ਦੁਆਰਾ ਬੁਰੇ ਵਿਚਾਰਾਂ ਆਦਿ ਦਾ ਮੁੰਡਨ ਭਾਵ ਤਿਆਗ ਤੇ ਜ਼ੋਰ ਦਿੱਤਾ ਗਿਆ ਹੈ। ਅੱਜ ਵੀ ਅਸੀਂ ਵੇਖਦੇ ਹਾਂ ਕਿ ਤੱਤ ਗਿਆਨ ਤੋਂ ਜ਼ਿਆਦਾ ਕਰਮ ਕਾਂਡ ਦਾ ਬੋਲਬਾਲਾ ਹੈ। ਭਗਤ ਬਾਣੀ ਇਸ ਵਰਤਾਰੇ ਪ੍ਰਤੀ ਸੁਚੇਤ ਰੂਪ ਵਿਚ ਆਪਣਾ ਪ੍ਰਵਚਨ ਉਚਾਰਦੀ ਹੈ।

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥ (1369.)

ਕਬੀਰ ਜੀ ਬਹੁਤ ਬਿਹਤਰ ਉਦਾਹਰਣ ਦੁਆਰਾ ਆਪਣਾ ਪੱਖ ਰੱਖਦੇ ਹਨ। ਅੱਜ ਵੀ ਸ਼ਾਲਿਗਰਾਮ ਦੇ ਪੱਥਰ ਨੂੰ ਠਾਕੁਰ ਜੀ ਕਹਿ ਕੇ ਪੂਜਿਆ ਜਾਂਦਾ ਹੈ। ਕਬੀਰ ਜੀ ਅਨੁਸਾਰ ਮੁੱਲ ਲੈ ਕੇ ਮੂਰਤੀ ਦੀ ਪੂਜਾ ਕਰਨੀ ਅਤੇ ਹੱਠ ਕਰਕੇ ਤੀਰਥਾਂ ਤੇ ਜਾਣਾ ਇਹ ਸਭ ਦੇਖਾ-ਦੇਖੀ ਦੇ ਸਾਂਗ ਰਚਾਉਣ ਦੀ ਪ੍ਰਵਿਰਤੀ ਅਧੀਨ ਕੀਤੇ ਕਰਮ-ਕਾਂਡ ਹਨ। ਇਨ੍ਹਾਂ ਦੁਆਰਾ ਭਟਕਣ ਵਧਦੀ ਹੈ ਜਿਸ ਨਾਲ ਮਨੁੱਖ ਪਰੇਸ਼ਾਨ ਹੁੰਦਾ ਰਹਿੰਦਾ ਹੈ। ਉੱਤਰ-ਆਧੁਨਿਕਤਾ ਘੋਰ ਯਥਾਰਥਵਾਦੀ ਹੈ ਇਸੇ ਤਰ੍ਹਾਂ ਭਗਤ ਬਾਣੀ ਵਿਚਲਾ ਪ੍ਰਵਚਨ ਵੀ ਯਥਾਰਥਕਤਾ ਨੂੰ ਉਜਾਗਰ ਕਰਕੇ ਸਹੀ ਸੰਦਰਭਾਂ

ਨੂੰ ਸਾਹਮਣੇ ਲਿਆਉਂਦਾ ਹੈ। ਇਸੇ ਕਾਰਨ ਉੱਤਰ-ਆਧੁਨਿਕ ਪਰਿਪੇਖਾਂ ਵਿਚ ਭਗਤ ਬਾਣੀ ਇਕ ਸਾਰਥਕ ਰਚਨਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ।

ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥

ਦੇਖਾ ਦੇਖੀ ਸਾਂਗੁ ਧਰਿ ਭੂਲੇ ਭਟਕਾ ਖਾਹਿ॥ (1371.)

ਵੇਦ ਅਤੇ ਦੁਨੀਆਂ ਦੇ ਧਰਮ ਗ੍ਰੰਥਾਂ ਵਿਚਲਾ ਗਿਆਨ ਸਦਾ ਮਨੁੱਖਤਾ ਦੀ ਭਲਾਈ ਹਿੱਤ ਕਾਰਜਸ਼ੀਲ ਹੈ ਪਰੰਤੂ ਸਵਾਰਥੀ ਲੋਕ ਆਪਣੀ ਸਵਾਰਥ ਸਿੱਧੀ ਲਈ ਇਸ ਦੀ ਅਧੂਰੀ ਵਿਆਖਿਆ ਪੇਸ਼ ਕਰਦੇ ਹਨ। ਇਨ੍ਹਾਂ ਮੁੱਦਿਆਂ ਸਬੰਧੀ ਸੰਤੁਲਿਤ ਦ੍ਰਿਸ਼ਟੀਕੋਣ ਸਾਨੂੰ ਭਗਤ ਬਾਣੀ ਵਿਚੋਂ ਪ੍ਰਾਪਤ ਹੁੰਦਾ ਹੈ। ਡਾ. ਰਵਿੰਦਰ ਸਿੰਘ ਦਾ ਕਥਨ ਹੈ :

> ਭਾਰਤ ਦੇ ਸੰਦਰਭ ਵਿਚ ਜੇਕਰ ਉਤਰਆਧੁਨਿਕ ਦ੍ਰਿਸ਼ਟੀਕੋਣ ਦੀ ਗੱਲ ਕਰੀਏ ਤਾਂ ਇਸ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਦੇ ਸਾਡੇ ਸੂਤਰ ਸਾਡੇ ਪੁਰਾਤਨ ਅਤੇ ਮੱਧਕਾਲ ਦੇ ਗਿਆਨ ਚਿੰਤਨ ਦੀ ਨਿਰੰਤਰਤਾ ਵਿਚੋਂ ਲੱਭੇ ਜਾ ਸਕਦੇ ਹਨ। ਕਿਉਂਕਿ ਸੰਸਾਰ ਅਤੇ ਮਾਨਵ ਜੀਵਨ ਦੇ ਸਦੀਵੀ ਸਰੋਕਾਰਾਂ ਜਾਂ ਜੀਵਨ ਦੇ ਜਟਿਲ ਸਵਾਲਾਂ ਨੂੰ ਅਸਰ-ਅੰਦਾਜ਼ ਕਰਦਾ ਹੈ ਉਨ੍ਹਾਂ ਮੁੱਦਿਆਂ ਬਾਰੇ ਭਾਰਤੀ ਗਿਆਨ ਪਰੰਪਰਾ ਸਦੀਆਂ ਤੋਂ ਚਿੰਤਨ ਕਰਦੀ ਆ ਰਹੀ ਹੈ।(*ਕਾਵਿ-ਸ਼ਾਸਤਰ* (ਅੰਕ-11) 113.)

ਉੱਤਰ-ਆਧੁਨਿਕ ਯੁੱਗ ਵਿਚ ਮਨੁੱਖੀ ਸਰੋਕਾਰਾਂ ਪ੍ਰਤੀ ਸੰਤੁਲਿਤ ਪਹੁੰਚ ਦੀ ਜ਼ਰੂਰਤ ਕਿਤੇ ਜ਼ਿਆਦਾ ਹੈ। ਧਾਰਮਿਕ ਪੁਸਤਕਾਂ ਵਿਚਲੇ ਗਿਆਨ ਦੀ ਸਹੀ ਵਿਆਖਿਆ ਵਿਚ ਹੀ ਮਨੁੱਖਤਾ ਦੀ ਭਲਾਈ ਦੇ ਸੂਤਰ ਮਿਲ ਸਕਦੇ ਹਨ। ਇਹ ਅਣਮੋਲ ਖਜ਼ਾਨਾ ਆਪਣੇ ਆਪ ਵਿਚ ਬਹੁਤ ਗੰਭੀਰ ਅਤੇ ਸਾਰਥਕ ਸੰਕਲਪ ਸਮੋਈ ਬੈਠਾ ਹੈ ਜ਼ਰੂਰਤ ਕੇਵਲ ਇਸ ਚਿੰਤਨ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਹੈ। ਭਗਤ ਬਾਣੀ ਇਸ ਵਰਤਾਰੇ ਪ੍ਰਤੀ ਸੁਚੇਤ ਹੈ।

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1350.)

ਘਰ ਬਾਰ ਤਿਆਗ ਕੇ ਜੰਗਲਾਂ ਵਿਚ ਜਾਣ ਦੀ ਪ੍ਰਵਿਰਤੀ ਪ੍ਰਤੀ ਭਗਤ ਬਾਣੀ ਵਿਦਰੋਹ ਦੇ ਸੁਰ ਉਚਾਰਦੀ ਹੈ। ਇਸ ਵਿਚ ਗ੍ਰਹਿਸਤ ਵਿਚ ਰਹਿ ਕੇ ਚੰਗੇ ਕਰਮਾ ਦੁਆਰਾ ਸਮਾਜ ਦੀ ਤਰੱਕੀ ਲਈ ਕੰਮ ਕਰਨ ਦੀ ਹਦਾਇਤ ਹੈ। ਭਾਰਤ ਵਿਚ ਸੰਨਿਆਸੀਆਂ ਦਾ ਬਹੁਤ ਵੱਡੇ ਪੱਧਰ ਤੇ ਜ਼ੋਰ ਰਿਹਾ ਹੈ। ਇਹ ਰੁਝਾਨ ਉੱਤਰ-ਆਧੁਨਿਕ ਯੁੱਗ ਵਿਚ ਵੀ ਵਿੱਦਮਾਨ ਹੈ। ਕੁੰਭ ਦੇ ਮੇਲੇ ਤੇ ਲੱਗਦੀ ਸਾਧੂ ਸੰਨਿਆਸੀਆਂ ਦੀ ਭੀੜ ਵੇਖਕੇ ਲੱਗਦਾ ਹੈ ਕਿ ਇਹ ਪਰੰਪਰਾ ਅੱਜ ਵੀ ਜੀਵਤ ਹੈ। ਇਸ ਦੇ ਨਾਲ ਹੀ ਸਾਧੂ ਸੰਨਿਆਸੀਆਂ ਦੇ ਬੁਰੇ ਆਚਰਣ ਸਬੰਧੀ ਖਬਰਾਂ ਆਉਂਦੀਆ ਰਹਿੰਦੀਆਂ ਹਨ। ਲਿਓਤਾਰਦ ਦੀ ਪੁਸਤਕ '*ਪੋਸਟ ਮਾਡਰਨ ਕੰਡੀਸ਼ਨ : ਏ ਰਿਪੋਰਟ ਆਨ ਨਾਲਿਜ* ਵਿਚ ਮਹਾਂ ਬਿਰਤਾਂਤ ਵਿਚਲੀਆਂ ਧਾਰਨਾਵਾਂ ਦੇ ਪੁਨਰ ਅਧਿਐਨ ਬਾਰੇ ਵੀ ਇਸ਼ਾਰਾ ਕੀਤਾ ਗਿਆ ਹੈ।"ਉਤਰਆਧੁਨਿਕ ਸਥਿਤੀ ਪੁਸਤਕ ਮਹਾਂ-ਬਿਰਤਾਂਤ ਦੀ ਪੂਰਵ ਵਿਆਖਿਆ ਰਾਹੀਂ ਸਥਾਪਿਤ ਕੀਤੀਆਂ ਧਾਰਣਾਵਾਂ ਦਾ ਪੁਨਰ ਅਧਿਐਨ ਕਰਦੀ ਹੈ।"(ਸੰਪਾਦਕੀ ਮੰਡਲ. *ਕਾਵਿ-ਸ਼ਾਸਤਰ* (ਅੰਕ 12) ਉਤਰ-ਆਧੁਨਿਕਤਾ, ਪੰਜਾਬੀ ਚਿੰਤਨ ਅਤੇ ਲਿਓਤਾਰਦ 10.) ਇਸ ਅਧਿਐਨ ਦੁਆਰਾ ਮਹਾਂਬ੍ਰਿਤਾਂਤ ਵਿਚਲੀਆਂ ਧਾਰਨਾਵਾਂ ਨੂੰ ਪੁਨਰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜਿਸ ਨਾਲ ਕਿ ਅਲਪ-ਬ੍ਰਿਤਾਂਤਕ ਗਿਆਨ ਦਾ ਸਹੀ ਸਥਿਤੀ ਵਿਚ ਮੁੱਲਾਂਕਣ ਪ੍ਰਸਤੁਤ ਕੀਤਾ ਜਾ ਸਕੇ। ਭਗਤ ਬਾਣੀ ਉਪਰੋਕਤ ਵੇਦਾਂਤਿਕ ਪਰੰਪਰਾਵਾਂ ਰੂਪੀ ਮਹਾਂਬਿਰਤਾਂਤਕ ਪ੍ਰਪੰਚਾਂ ਦੀ ਸੰਤੁਲਿਤ ਵਿਆਖਿਆ ਕਰਦੀ ਹੈ।

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥

ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 855.)

ਘਰ ਬਾਰ ਤਿਆਗ ਕੇ ਜੰਗਲਾਂ ਵਿਚ ਕੰਦ ਮੂਲ ਖਾਣ ਦਾ ਕੋਈ ਲਾਭ ਨਹੀਂ ਹੈ ਜੇਕਰ ਮਨ ਵਿਚਲੇ ਵਿਕਾਰਾਂ ਨੂੰ ਨਹੀਂ ਛੱਡਿਆ। ਅਜੋਕੇ ਸਮੇਂ ਵਿਚ ਵੀ ਅਸੀਂ ਵੇਖਦੇ ਹਾਂ ਕਿ ਤੀਰਥਾਂ ਤੇ ਜਾ ਕੇ ਜਾ ਸਾਧੂਆਂ ਦੇ ਬਾਣੇ ਪਾ ਕੇ ਆਪਣੇ ਆਪ ਨੂੰ ਮਹਾਂਗਿਆਨੀ ਸਦਾਉਣ ਵਾਲੇ ਜਦੋਂ ਮਨ ਵਿਚਲੇ ਬੁਰੇ ਵਿਚਾਰਾਂ ਨੂੰ ਨਹੀਂ ਤਿਆਗਦੇ ਤਾਂ ਲੋਕਾਂ ਦਾ ਵਿਸ਼ਵਾਸ ਡਗਮਗਾਉਣ ਲੱਗਦਾ ਹੈ। ਇਸ ਲਈ ਮਨ ਦੀ ਸ਼ੁੱਧਤਾ ਹੀ ਉੱਤਮ ਮੰਨੀ ਗਈ ਹੈ। ਭਗਤ ਬੇਣੀ ਜੀ ਬਾਹਰਮੁੱਖੀ ਇਸ਼ਨਾਨ ਦੀ ਥਾਂ ਅੰਦਰੂਨੀ ਸਫਾਈ ਦੀ ਗੱਲ ਕਰਦੇ ਹਨ।

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥ (974.)

ਜੇਕਰ ਵੇਖਿਆ ਜਾਵੇ ਤਾਂ ਅਸੀਂ ਉੱਤਰ-ਆਧੁਨਿਕ ਸਮੇਂ ਵਿਚ ਵੀ ਇਨ੍ਹਾਂ ਪਖੰਡਾਂ ਤੋਂ ਖਹਿੜਾ ਨਹੀਂ ਛੁਡਾ ਸਕੇ ਹਾਂ। ਬੇਸ਼ੱਕ ਅੱਜ ਸੂਚਨਾ ਤਕਨਾਲੋਜੀ ਨੇ ਕਿੰਨੀ ਵੀ ਤਰੱਕੀ ਕਰ ਲਈ ਹੈ ਪਰ ਅੱਜ ਵੀ ਮਨੁੱਖ ਪਰੰਪਰਾਈ ਜਕੜਬੰਦੀਆਂ ਤੋਂ ਆਜ਼ਾਦ ਨਹੀਂ ਹੋ ਪਾ ਰਿਹਾ ਹੈ। ਪੀ.ਕੇ. ਫਿਲਮ ਵਿਚ ਇਸ ਵਰਤਾਰੇ ਦਾ ਸਜੀਵ ਚਿੱਤਰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਭਗਤ ਬਾਣੀ ਵਿਚ ਵੀ ਇਹ ਨਿਮਨਲਿਖਤ ਰੂਪ ਵਿਚ ਮਿਲਦਾ ਹੈ। ਭਗਤ ਬੇਣੀ ਜੀ ਦੁਆਰਾ ਪਖੰਡਾਂ ਦਾ ਚਿੱਤਰ ਖਿੱਚਿਆ ਗਿਆ ਹੈ।

ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ॥

ਠਗ ਦਿਸਟਿ ਬਗਾ ਲਿਵ ਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥੧॥

ਕਲਿ ਭਗਵਤ ਬੰਦ ਚਿਰਾਮੰ॥ ਕ੍ਰੂਰ ਦਿਸਟਿ ਰਤਾ ਨਿਸਿ ਬਾਦੰ॥੧॥ਰਹਾਉ॥

ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥

ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥੨॥

ਸਿਲ ਪੂਜਸਿ ਚਕ੍ਰ ਗਣੇਸੰ॥ ਨਿਸਿ ਜਾਗਸਿ ਭਗਤਿ ਪ੍ਰਵੇਸੰ॥

ਪਗ ਨਾਚਸਿ ਚਿਤੁ ਅਕਰਮੰ॥ ਏ ਲੰਪਟ ਨਾਚ ਅਧਰਮੰ॥੩॥

ਮ੍ਰਿਗ ਆਸਣੁ ਤੁਲਸੀ ਮਾਲਾ॥ ਕਰ ਊਜਲ ਤਿਲਕੁ ਕਪਾਲਾ॥

ਜਿਨਿ ਆਤਮ ਤਤੁ ਨ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥ (1351.)

ਮਨੁੱਖੀ ਮਨ ਦੇ ਅੰਦਰ ਹੀ ਸਭ ਤਰ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਸਹੀ ਪਹੁੰਚ ਦਾ ਗਿਆਨ ਪ੍ਰਾਪਤ ਹੁੰਦਾ ਹੈ। ਬਾਹਰੀ ਭੇਖਾਂ ਅਤੇ ਪਾਖੰਡਾਂ ਦਾ ਚਿਤਰਣ ਕਰਕੇ ਭਗਤ ਬੇਣੀ ਜੀ ਇਕ ਨਿਵੇਕਲਾ ਗਿਆਨ ਸ਼ਾਸਤਰ ਉਸਾਰਦੇ ਹਨ। ਚੰਦਨ ਦੇ ਤਿਲਕ ਮੱਥੇ ਤੇ ਲਗਾਉਣ ਦਾ ਕੋਈ ਲਾਭ ਨਹੀ ਜੇਕਰ ਮਨ ਵਿਚ ਕਪਟ ਰੂਪੀ ਕੈਂਚੀ ਹੈ। ਇਸੇ ਤਰ੍ਹਾਂ

ਨਿੱਤ ਇਸ਼ਨਾਨ, ਧੋਤੀ, ਗਣੇਸ਼ ਪੂਜਨ, ਜਾਗਰਣ ਕਰਕੇ ਭਗਤੀ ਕਰਨਾ ਅਤੇ ਮ੍ਰਿਗਸ਼ਾਲਾ ਤੇ ਬੈਠ ਕੇ ਤੁਲਸੀ ਦੀ ਮਾਲਾ ਫੇਰਨਾ ਆਦਿ ਸਭ ਫੋਕਟ ਹੈ ਜੇਕਰ ਮਨੁੱਖ ਅੰਦਰ ਸਾਰੀ ਸ੍ਰਿਸ਼ਟੀ ਪ੍ਰਤੀ ਸਮਭਾਵ ਪੈਦਾ ਨਹੀਂ ਹੁੰਦਾ ਹੈ। ਭਗਤ ਰਾਮਾਨੰਦ ਜੀ ਸਾਰੇ ਬਾਹਰਮੁਖੀ ਕਰਮ-ਕਾਂਡ ਨੂੰ ਰੱਦ ਕਰਦੇ ਹੋਏ ਆਪਣੇ ਵਿਵੇਕ ਆਧਾਰਿਤ ਗਿਆਨ ਦੀ ਪ੍ਰਭੂਸੱਤਾ ਸਥਾਪਿਤ ਕਰਦੇ ਹਨ।

ਕਤ ਜਾਈਐ ਰੇ ਘਰ ਲਾਗੋ ਰੰਗੁ॥

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥੧॥ਰਹਾਉ॥

ਏਕ ਦਿਵਸ ਮਨ ਭਈ ਉਮੰਗ॥

ਘਸਿ ਚੰਦਨ ਚੋਆ ਬਹੁ ਸੁਗੰਧ॥

ਪੂਜਨ ਚਾਲੀ ਬ੍ਰਹਮ ਠਾਇ॥

ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥੧॥

ਜਹਾ ਜਾਈਐ ਤਹ ਜਲ ਪਖਾਨ॥

ਤੂ ਪੂਰਿ ਰਹਿਓ ਹੈ ਸਭ ਸਮਾਨ॥

ਬੇਦ ਪੁਰਾਨ ਸਭ ਦੇਖੇ ਜੋਇ॥

ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨॥

ਸਤਿਗੁਰ ਮੈ ਬਲਿਹਾਰੀ ਤੋਰ॥

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥

ਰਾਮਾਨੰਦ ਸੁਆਮੀ ਰਮਤ ਬ੍ਰਹਮ॥

ਗੁਰ ਕਾ ਸਬਦੁ ਕਾਟੈ ਕੋਟਿ ਕਰਮ॥੩॥ (1195.)

ਭਗਤ ਰਾਮਾਨੰਦ ਜੀ ਅਨੁਸਾਰ ਜੰਗਲਾਂ ਪਹਾੜਾਂ ਵਿਚ ਜਾ ਕੇ ਬਾਹਰਮੁਖੀ ਕਰਮ-ਕਾਂਡ ਕਰਨੇ ਗਿਆਨ ਨਹੀਂ ਹੈ। ਆਪ ਗਿਆਨ ਦੀ ਅਵਸਥਾ ਦਾ ਜ਼ਿਕਰ ਆਪਣੀ ਬ੍ਰਹਮ ਦੀ ਖੋਜ ਦੀ ਯਾਤਰਾ ਦਾ ਵਿਵਰਣ ਪੇਸ਼ ਕਰਕੇ ਅੰਤ ਉਸਨੂੰ ਘਟ-ਘਟ ਰਮਿਆਂ ਦੱਸ ਕੇ ਸਰਵਵਿਆਪੀ ਅਰਥਾਂ ਦਾ ਧਾਰਨੀ ਬਣਾਉਂਦੇ ਹਨ। ਬਾਬਾ ਫਰੀਦ ਜੀ ਵੀ ਬਾਹਰ ਨਾਲੋਂ ਅੰਦਰੂਨੀ ਗਿਆਨ ਦੀ ਪ੍ਰਮੁੱਖਤਾ ਸਵੀਕਾਰਦੇ ਹਨ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ (1378.)

ਮਨੁੱਖਤਾ ਦਾ ਭਲੇ ਦੀ ਭਾਵਨਾ ਹੀ ਸਾਰੇ ਸੰਸਾਰ ਵਿਚ ਅਮਨ ਸ਼ਾਂਤੀ ਲਈ ਇਕ ਮਾਤਰ ਸਾਧਨ ਹੈ। ਅਜੋਕੇ ਸੰਸਾਰ ਵਿਚ ਤਰੱਕੀ ਦੇ ਨਾਲ-ਨਾਲ ਅਸ਼ਾਂਤੀ ਦਾ ਬੋਲਬਾਲਾ ਚਿੰਤਾ ਦਾ ਕਾਰਨ ਹੈ। ਮਨੁੱਖ ਬਾਰੂਦ ਦੇ ਢੇਰ ਉੱਤੇ ਬੈਠਾ ਹੈ। ਮਹਾਂਬ੍ਰਿਤਾਂਤ ਬਣ ਚੁੱਕੇ ਧਰਮਾਂ ਦੇ ਨਾਮ ਤੇ ਅਸ਼ਾਂਤੀ ਦਾ ਵਾਤਾਵਰਣ ਸਿਰਜਤ ਹੋ ਰਿਹਾ ਹੈ। ਮਨੁੱਖੀ ਏਕਤਾ ਦੀ ਭਾਵਨਾ ਨੂੰ ਅੱਤਵਾਦ ਰੂਪੀ ਦੈਂਤ ਨਿਗਲ ਰਿਹਾ ਹੈ। ਮਨੁੱਖੀ ਜਾਨ ਦੀ ਕੀਮਤ ਕੁੱਝ ਵੀ ਨਹੀਂ ਰਹਿ ਗਈ ਹੈ। ਭਗਤ ਨਾਮਦੇਵ ਜੀ ਮਹਾਂਬ੍ਰਿਤਾਂਤ ਦੇ ਸਮਵਿੱਥ ਆਪਣਾ ਪੱਖ ਪੇਸ਼ ਕਰਦੇ ਹਨ।

ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਆਧਾਰਾ॥੧॥ਰਹਾਉ॥

ਕਰੀਮਾਂ ਰਹੀਮਾਂ ਅਲਾਹ ਤੂੰ ਗਨੀ॥

ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ॥੧॥

ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ॥

ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ॥੨॥

ਤੂੰ ਦਾਨਾ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ॥

ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ॥੩॥ (727.)

ਭਗਤ ਬਾਣੀ ਵੇਦਾਂਤਿਕ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਵਿਚਲੇ ਦੰਭ ਨੂੰ ਸਾਹਮਣੇ ਲਿਆਉਂਦੀ ਹੋਈ ਪਖੰਡ ਰਹਿਤ ਜੀਵਨ ਦੀ ਹਾਮੀ ਭਰਦੀ ਹੈ। ਇਨ੍ਹਾਂ ਪਰੰਪਰਾਵਾਂ ਦੇ ਪੈਰੋਕਾਰਾਂ ਨੇ ਸਮੁੱਚਤਾ ਦੇ ਨਾਮ ਹੇਠ ਅਲਪਬ੍ਰਿਤਾਤਾਂ ਦੀ ਪਛਾਣ ਨੂੰ ਦਬਾਉਣ ਦਾ ਕੰਮ ਕੀਤਾ। ਉੱਤਰ-ਆਧੁਨਿਕ ਪਰਿਪੇਖ ਵਿਚ ਅਲਪਬ੍ਰਿਤਾਂਤਕ ਅਨੁਭਵਾਂ ਨੂੰ ਪ੍ਰਗਟਾਉਣ ਦੀ ਪ੍ਰਵਿਰਤੀ ਕਾਰਜਸ਼ੀਲ ਹੈ। ਭਗਤ ਬਾਣੀ ਵਿਚਲਾ ਪ੍ਰਵਚਨ ਅਲਪਬ੍ਰਿਤਾਂਤਕ ਅਨੁਭਵਾਂ ਦਾ ਧਾਰਨੀ ਹੈ। ਡਾ. ਆਤਮ ਰੰਧਾਵਾ ਲਿਓਤਾਰਦ ਦੇ ਹਵਾਲੇ ਨਾਲ ਲਿਖਦੇ ਹਨ :

> ਲਿਉਤਾਰ ਵੀ ਪਰਮ ਬਿਰਤਾਤਾਂ, ਸਮੁੱਚਤਾ ਤੇ ਕੇਂਦਰੀਕਰਨ ਦਾ ਵਿਰੋਧ ਇਸ ਲਈ ਕਰਦਾ ਹੈ ਕਿ ਸੱਤਾ ਜਾਂ ਪਰਮ-ਬਿਰਤਾਂਤਕਾਰਾਂ ਨੇ ਹਮੇਸ਼ਾ ਹੀ ਆਪਣੇ ਵਰਗਾਂ ਤੋਂ ਕਮਜ਼ੋਰ ਵਰਗਾਂ, ਕੌਮਾਂ ਜਾਂ ਜ਼ਾਤਾਂ ਤੇ ਅਨੁਭਵਾਂ ਨੂੰ ਦਬਾ ਕੇ ਰੱਖਿਆ ਹੈ। ਉਹਨਾਂ ਨੂੰ ਮੁੜ ਪੇਸ਼ ਕਰਨ ਦੀ ਲੋੜ ਹੈ। ਉਹਨਾਂ ਘੱਟ ਗਿਣਤੀਆਂ ਜਾਂ ਛੋਟੇ/ਕਮਜ਼ੋਰ ਵਰਗਾਂ ਦੇ ਵੀ ਕੁਝ ਵਿਸ਼ੇਸ਼ ਅਨੁਭਵ ਹੁੰਦੇ ਹਨ, ਜਿਨ੍ਹਾਂ ਨੂੰ ਸਮੁੱਚਤਾ, ਏਕੀਕਰਣ ਤੇ ਸਾਂਝੀਵਾਲਤਾ ਦੇ ਨਾਮ ਉਪਰ ਦਬਾ ਦਿੱਤਾ ਜਾਂਦਾ ਹੈ। ਇਸ ਲਈ ਸਮੁੱਚਤਾ ਜਾਂ ਸਰਬ-ਵਿਆਪਕਤਾ ਦਾ ਉਹ ਭਾਰੀ ਵਿਰੋਧ ਕਰਦਾ ਹੈ। ਇਸੇ ਕਰਕੇ ਹੀ ਉਹ ਇਹਨਾਂ ਕੌਮਾਂ ਅਤੇ ਵਰਗਾਂ ਦੀਆਂ ਵੱਖਰਤਾਵਾਂ (ਵੱਖਰੇ ਅਨੁਭਵ) ਨੂੰ ਹਲੂਣਾ ਦੇਣਾ ਚਾਹੁੰਦਾ ਹੈ ਤਾਂ ਕਿ ਉਹ ਵਰਗ, ਕੌਮ ਜਾਂ ਕਬੀਲਾ ਆਪਣੀ ਹੋਂਦ ਬਚਾ ਕੇ ਰੱਖ ਸਕੇ।(*ਕਾਵਿ-ਸ਼ਾਸਤਰ* (ਅੰਕ 12) ਉਤਰ-ਆਧੁਨਿਕਤਾ : ਸਿਧਾਂਤਕ ਪਰਿਪੇਖ ਅਤੇ ਸਾਹਿਤ ਅਧਿਐਨ ਵਿਧੀ 48.)

ਭਗਤ ਬਾਣੀ ਵਿਚ ਇਸੇ ਸੰਦਰਭ ਵੀ ਪੇਸ਼ਕਾਰੀ ਮਿਲਦੀ ਹੈ ਜਿਸ ਦੁਆਰਾ ਮਹਾਂਬਿਰਤਾਂਤ ਦੁਆਰਾ ਪ੍ਰਚੱਲਿਤ ਧਾਰਨਾਵਾਂ ਨੂੰ ਅਲਪਬ੍ਰਿਤਾਂਤਕ ਅਨੁਭਵਾਂ ਦੁਆਰਾ ਪੁਨਰ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਅਨੁਭਵ ਵਿਚ ਆਮ ਮਨੁੱਖ ਨੂੰ ਆਡੰਬਰਾਂ ਤੋਂ ਮੁਕਤੀ ਪ੍ਰਤੀ ਸੁਚੇਤ ਕੀਤਾ ਹੈ।

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ॥੧॥

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥੧॥ਰਹਾਉ॥

ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰਿ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ॥

ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ॥੨॥

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ॥

ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ॥੩॥

ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 973.)

ਭਗਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਅਜਿਹੀ ਰਚਨਾ ਹੈ ਜਿਸ ਵਿਚ ਅਜਿਹੇ ਸੰਕਲਪ ਮਿਲਦੇ ਹਨ ਜਿਨ੍ਹਾਂ ਦੁਆਰਾ ਆਪਣੇ ਤੋਂ ਪਹਿਲਾਂ ਦੇ ਅਤੇ ਆਪਣੇ ਸਮਕਾਲੀ ਗਿਆਨ ਪ੍ਰਤੀ ਆਲੋਚਨਾਤਮਕ ਸੁਰ ਅਲਾਪੀ ਗਈ ਹੈ। ਪਰ ਇਹ ਸਿਰਫ ਆਲੋਚਨਾ ਤੱਕ ਸੀਮਿਤ ਨਹੀਂ ਹੈ ਸਗੋਂ ਉਸ ਦਾ ਘੇਰਾ ਇਸ ਦੀ ਪੁਨਰ ਵਿਆਖਿਆ ਤੱਕ ਫੈਲ ਜਾਂਦਾ ਹੈ। ਇਸ ਰਚਨਾ ਵਿਚ ਪ੍ਰਾਚੀਨ ਗਿਆਨ ਨੂੰ ਨਵੀਆਂ ਅੰਤਰ-ਦ੍ਰਿਸ਼ਟੀਆਂ ਨਾਲ ਪੁਨਰ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਸਭ ਵਿਚ ਇਹ ਖੂਬਸੂਰਤੀ ਹੈ ਕਿ ਪੁਰਾਣੇ ਗਿਆਨ ਨੂੰ ਰੱਦ ਨਹੀਂ ਕੀਤਾ ਗਿਆ ਬਲਕਿ ਨਵੀਂ ਵਿਆਖਿਆ ਦੁਆਰਾ ਪੇਸ਼ ਕੀਤਾ ਗਿਆ ਹੈ। ਇਸ ਸਬੰਧੀ ਡਾ. ਗੁਰਭਗਤ ਸਿੰਘ ਦਾ ਕਥਨ ਮਹੱਤਵਪੂਰਨ ਹੈ :

> ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਕੋਈ ਵੀ ਸਤਰ ਲੈ ਲਈ ਜਾਵੇ, ਉਸ ਵਿਚ ਪੂਰਵਲੇ ਅਤੇ ਸਮਕਾਲੀ ਸੰਕਲਪਾਂ/ਦ੍ਰਿਸ਼ਟੀਆਂ ਨਾਲ ਸੰਵਾਦ ਰਚਿਆ ਗਿਆ ਹੈ। ਇਹ ਸੰਵਾਦ ਅਲੋਚਨਾਤਮਕ ਹੈ ਪਰ ਆਲੋਚਨਾਤਮਕ ਹੋਣ ਦਾ ਭਾਵ ਨਕਾਰਨ ਤੋਂ ਨਹੀਂ ਹੈ। ਗਲਤ ਨੂੰ ਤਿਆਗਕੇ ਅਤੇ ਸਹੀ ਨੂੰ ਗ੍ਰਹਿਣ ਕਰਕੇ ਨਵਾਂ ਉਸਾਰਨ ਤੋਂ ਹੈ।(*ਵਿਸਮਾਦੀ ਪੂੰਜੀ* ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ 33.)

ਇਸੇ ਸੰਦਰਭ ਭਗਤ ਬਾਣੀ ਆਪਣੇ ਅਨੁਭਵੀ ਗਿਆਨ ਰੂਪੀ ਅਲਪ-ਬ੍ਰਿਤਾਂਤ ਦੁਆਰਾ ਸਹੀ ਅਤੇ ਗਲਤ ਦਾ ਨਿਖੇੜਾ ਪੇਸ਼ ਕਰਦੀ ਹੈ। ਭਗਤ ਰਵਿਦਾਸ ਜੀ ਵਿਵੇਕਮਈ ਗਿਆਨ ਦੀ ਪ੍ਰਧਾਨਤਾ ਸਥਾਪਿਤ ਕਰਦੇ ਹੋਏ ਕਹਿੰਦੇ ਹਨ :

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 658.)

ਭਗਤ ਪੀਪਾ ਜੀ ਪ੍ਰਸ਼ਨੋਤਰੀ ਸ਼ੈਲੀ ਦੁਆਰਾ ਪੂਜਾ ਦੀ ਪੱਧਤੀ ਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ। ਇਸ ਵਿਚ ਆਪ ਜੀ ਦੁਆਰਾ ਪੂਜਾ ਪੱਧਤੀ ਦੇ ਵਿਵਰਣ ਦੁਆਰਾ ਦੇਵੀ ਦੇਵਤੇ ਅਤੇ ਉਨ੍ਹਾਂ ਦੇ ਪੂਜਕ ਜੰਗਮਾਂ ਦੁਆਰਾ ਧੂਪ ਦੀਪ ਅਤੇ ਫੁੱਲ ਪੱਤਿਆਂ ਦੁਆਰਾ ਆਪਣੀ ਪਰੰਪਰਾ ਦਾ ਨਿਰਬਾਹ ਕਰਨ ਦਾ ਚਿੱਤਰ ਪੇਸ਼ ਕੀਤਾ ਗਿਆ ਹੈ।

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥ (695.)

ਭਗਤ ਤ੍ਰਿਲੋਚਨ ਜੀ ਆਪਣੀ ਬਾਣੀ ਵਿਚ ਅੰਦਰੂਨੀ ਰੂਪ ਵਿਚ ਇੱਕ ਪ੍ਰਮਾਤਮਾ ਪ੍ਰਤੀ ਰੁਚਿਤ ਨਾ ਹੋ ਕੇ ਉਸ ਦੇ ਨਾਮ ਤੇ ਪਾੜਾ ਪਾਉਣ ਦੀ ਪ੍ਰਵਿਰਤੀ ਦਾ ਖੁਲਾਸਾ ਪੇਸ਼ ਕਰਦੇ ਹਨ। ਭਾਰਤੀ ਪਰੰਪਰਾਵਾਂ ਵਿਚ ਬਾਹਰੀ ਭੇਖਾਂ ਦੁਆਰਾ ਸੰਨਿਆਸ ਦਾ ਪਾਖੰਡ ਕਰਨ ਦਾ ਕੋਈ ਲਾਭ ਨਹੀਂ ਹੈ ਜੇਕਰ ਆਪਣੇ ਹਿਰਦੇ ਵਿਚ ਸਰਬ ਵਿਆਪਕ ਬ੍ਰਹਮ ਦਾ ਸਰੂਪ ਪਛਾਣ ਕੇ ਸਾਰੀ ਕਾਇਨਾਤ ਪ੍ਰਤੀ ਸੰਵੇਦਨਸ਼ੀਲਤਾ ਦਾ ਵਤੀਰਾ ਨਹੀਂ ਧਾਰਨ ਕੀਤਾ ਹੈ।

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥

ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥ (525.)

ਭਗਤ ਬਾਣੀ ਦਾ ਉੱਤਰ ਆਧੁਨਿਕ ਪਰਿਪੇਖ ਇਹ ਹੈ ਕਿ ਇਸ ਵਿਚ ਵੇਦਾਂਤਿਕ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਵਿਚਲੇ ਗਿਆਨ ਨੂੰ ਤਰਜੀਹ ਦਿੰਦੇ ਹੋਏ ਇਸ ਦੀ ਨਵੀਂ ਵਿਆਖਿਆ ਪੇਸ਼ ਕੀਤੀ ਗਈ ਹੈ। ਇਸ ਦੇ ਨਾਲ

ਹੀ ਇਸ ਵਿਚ ਇਨ੍ਹਾਂ ਵਿਚਲੇ ਸੰਕਲਪਾਂ/ਦ੍ਰਿਸ਼ਟੀਆਂ ਦੀ ਪੁਨਰ ਪਰਿਭਾਸ਼ਾ ਪੇਸ਼ ਹੋਈ ਹੈ। ਉੱਤਰ-ਆਧੁਨਿਕ ਯੁੱਗ ਸਥਿਤੀ ਵਿਚ ਅਲਪਬ੍ਰਿਤਾਤਾਂ ਨੂੰ ਕੇਂਦਰੀ ਸਥਾਨ ਮਿਲਦਾ ਹੈ। ਇਸ ਸਥਿਤੀ ਵਿਚ ਭਗਤ ਬਾਣੀ ਆਪਣੇ ਅੰਦਰ ਵੱਖ-ਵੱਖ ਥਾਵਾਂ ਅਤੇ ਵਿਸ਼ਵਾਸਾਂ ਨੂੰ ਮੰਨਣ ਵਾਲੇ ਕਵੀਆਂ ਦੇ ਸਿਰਜੇ ਅਲਪ ਬ੍ਰਿਤਾਂਤ ਦੁਆਰਾ ਸੰਤੁਲਿਤ ਪਹੁੰਚ ਅਪਣਾਉਂਦੀ ਹੈ।

**2.4. ਵਿਚਾਰ ਅਤੇ ਦੇਹ (ਪੰਜ ਤੱਤਾਂ ਦਾ ਸੰਕਲਪ/ਆਤਮਾ ਦੀ ਅਮਰਤਾ) :**

ਸੱਭਿਅਤਾ ਦੇ ਸ਼ੁਰੂ ਤੋਂ ਹੀ ਵਿਅਕਤੀ ਨੂੰ ਸਮਾਜ ਅੰਦਰ ਪ੍ਰਚੱਲਿਤ ਪ੍ਰਬੰਧ ਮੁਤਾਬਿਕ ਢਾਲ ਕੇ ਤਰਕਮਈ ਵਿਵਹਾਰ ਕਰਦਾ ਹੈ। ਮਨੁੱਖ ਆਪਣੀਆਂ ਦੇਹ ਮੂਲਕ ਪ੍ਰਵਿਰਤੀਆਂ ਅਤੇ ਜਜ਼ਬਿਆਂ ਨੂੰ ਬੁੱਧੀ ਤਹਿਤ ਸਮਾਜ ਵਿਚ ਪ੍ਰਵਾਨਿਤ ਸੰਸਥਾ ਦੁਆਰਾ ਪੂਰੀਆਂ ਕਰਦਾ ਹੈ। ਜੇਕਰ ਵਿਅਕਤੀ ਇਸ ਤੋਂ ਮੁਨਕਰ ਹੁੰਦਾ ਹੈ ਤਾਂ ਉਸ ਨੂੰ ਸਮਾਜ ਵਿਚੋਂ ਖਾਰਜ ਕਰ ਕੇ ਪਾਗਲਖਾਨੇ ਅਤੇ ਜੇਲ੍ਹਾਂ ਆਦਿ ਵਿਚ ਰੱਖ ਕੇ ਦੰਡਿਤ ਕੀਤਾ ਜਾਂਦਾ ਹੈ। ਉੱਤਰ-ਆਧੁਨਿਕਤਾ ਦੇਹੀ ਦੇ ਸੱਚ ਨੂੰ ਪ੍ਰਵਾਨ ਕੀਤਾ ਹੈ। ਅਜੋਕੇ ਸਮੇ ਅੱਤਵਾਦੀ ਤਨਜ਼ੀਮਾਂ ਦੁਆਰਾ ਆਪਣੇ ਆਪ ਨੂੰ ਬੰਬ ਬੰਨ੍ਹ ਕੇ ਉਡਾ ਲੈਣਾ, ਦੇਹ ਦੀ ਮਹੱਤਤਾ ਦਾ ਹੀ ਲਖਾਇਕ ਹੈ। ਉੱਤਰ-ਆਧੁਨਿਕਤਾ ਜਿੱਥੇ ਦੇਹੀ ਦੀ ਇਸ ਖੁੱਲ ਖੇਡ ਨੂੰ ਪਹਿਚਾਣਦੀ ਹੈ, ਉਥੇ ਵਿਚਾਰਾਂ ਰੂਪੀ ਸਾਰਥਿਕ ਵਿਵਹਾਰ ਨੂੰ ਵੀ ਅਗਰਭੂਮੀ ਵਿਚ ਰੱਖਦੀ ਹੈ। ਭਾਰਤੀ ਦਰਸ਼ਨ ਅੰਦਰ ਮਨੁੱਖੀ ਦੇਹੀ ਨੂੰ ਪੰਜ ਤੱਤਾਂ ਦੇ ਮਿਸ਼ਰਣ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਤੱਤ ਹਵਾ, ਪਾਣੀ, ਧਰਤੀ, ਅਗਨੀ ਅਤੇ ਆਕਾਸ਼ ਹਨ। ਪਰ ਇਸ ਦੇਹ ਦੀ ਚਾਲਕ ਸ਼ਕਤੀ ਦੇ ਰੂਪ ਵਿਚ ਆਤਮਾ ਨੂੰ ਰੱਖਿਆ ਜਾਂਦਾ ਹੈ। ਆਤਮਾ ਤੋਂ ਬਿਨਾਂ ਦੇਹ ਨੂੰ ਮਿੱਟੀ ਦੀ ਢੇਰੀ ਕਹਿ ਕੇ ਪਰਿਭਾਸ਼ਿਤ ਕੀਤਾ ਗਿਆ ਹੈ। ਇਥੇ ਆਤਮਾ ਹੀ ਪ੍ਰਮੁੱਖ ਚਾਲਕ ਸ਼ਕਤੀ ਹੈ ਜਿਸ ਤੋਂ ਬਿਨਾ ਦੇਹ ਦੀ ਹੋਂਦ ਗੌਣ ਹੈ। ਪਰ ਇਸ ਤੋਂ ਵੀ ਇਨਕਾਰੀ ਨਹੀ ਹੋਇਆ ਜਾ ਸਕਦਾ ਕਿ ਆਤਮਾ ਵੀ ਦੇਹ ਤੋਂ ਬਿਨਾਂ ਹੋਂਦਸ਼ੀਲ ਨਹੀਂ ਹੈ।

ਵੈਦਿਕ ਕਾਲ ਤੋਂ ਆਤਮਾ ਬਾਰੇ ਜਾਨਣ ਦੀ ਜਿਗਿਆਸਾ ਪ੍ਰਬਲ ਰਹੀ ਹੈ। ਰਿਗਵੇਦ ਵਿਚ ਪਰਮਾਤਮਾ ਅਤੇ ਆਤਮਾ ਦੀ ਇਕ ਦਰਖਤ ਤੇ ਬੈਠੇ ਦੋ ਪੰਛੀਆਂ ਨਾਲ ਤੁਲਨਾ ਕੀਤੀ ਗਈ ਹੈ। ਬ੍ਰਾਹਮਣ ਗ੍ਰੰਥਾਂ ਵਿਚ ਮਨ, ਬੁੱਧੀ, ਅਹੰਕਾਰ ਅਤੇ ਚਿੱਤ ਲਈ ਆਤਮਾ ਸ਼ਬਦ ਦਾ ਪ੍ਰਯੋਗ ਮਿਲਦਾ ਹੈ। ਉਪਨਿਸ਼ਦਾਂ ਅੰਦਰ ਬ੍ਰਹਮ ਤੇ ਆਤਮਾ ਨੂੰ ਇਕ ਹੀ ਕਿਹਾ ਗਿਆ ਹੈ। ਗੀਤਾ ਅਨੁਸਾਰ ਆਤਮਾ, ਅਜਨਮਾ, ਨਿਤਯ, ਸਨਾਤਨ ਅਤੇ ਪੁਰਾਣ ਹੈ। ਇਹ ਪ੍ਰਮਾਤਮਾ ਦੀ ਤਰ੍ਹਾਂ ਅਵਿਅਕਤ, ਅਚਿੰਤ ਅਤੇ ਨਿਰਵਿਕਾਰ ਹੈ। ਨਿਆਇ ਅਤੇ ਵੈਸ਼ੇਸ਼ਿਕ ਦਰਸ਼ਨ ਵਿਚ ਆਤਮਾ ਸਰਵੱਗ, ਦ੍ਰਿਸ਼ਟਾ, ਨਿਤਯ, ਕਰਤਾ, ਭੋਗਤਾ, ਅਹੰਕਾਰ ਰੂਪ ਅਤੇ ਗਿਆਤਾ ਹੈ। ਚਾਰਵਾਕ ਵਿਚ ਧਨ, ਪੁੱਤਰ, ਸਰੀਰ, ਪ੍ਰਾਣ ਅਤੇ ਮਨ ਨੂੰ ਆਤਮਾ ਕਿਹਾ ਗਿਆ ਹੈ। ਜੈਨ ਮੱਤ ਵਿਚ ਇਸ ਨੂੰ 'ਕਰਮ' ਕਿਹਾ ਗਿਆ ਹੈ। ਬੁੱਧ ਦਰਸ਼ਨ ਵਿਚ ਆਤਮਾ ਨਾਮ ਦੀ ਕੋਈ ਚੀਜ਼ ਨਹੀਂ ਹੈ। ਯੋਗ ਦਰਸ਼ਨ ਵਿਚ ਆਤਮਾ ਨੂੰ ਸ਼ੁੱਧ ਮੁਕਤ ਤੱਤ ਮੰਨਿਆਂ ਗਿਆ ਹੈ। ਅਦਵੈਤ ਵੇਦਾਂਤ ਅਨੁਸਾਰ ਆਤਮਾ ਸਭ ਜੀਵਾਂ ਵਿਚ ਗਿਆਨ ਰੂਪ ਸਤਿ, ਨਿਤਯ, ਨਿਰਾਕਾਰ, ਅਮਰ ਤੇ ਚੈਤੰਨ ਸਰੂਪ ਹੈ। ਇਹ ਦੁੱਖ-ਸੁਖ ਤੋਂ ਪਰੇ ਹੈ। ਵਿਸ਼ਿਸ਼ਟਾਦਵੈਤ ਵਿਚ ਜੀਵ ਤੇ ਈਸ਼ਵਰ ਵਿਚ ਭਿੰਨਤਾ ਹੈ। ਦਵੈਤਾਦਵੈਤ ਅਨੁਸਾਰ ਆਤਮਾ ਦੀ ਏਕਤਾ ਕਾਰਨ ਜੀਵਾਂ ਵਿਚ ਏਕਤਾ ਹੈ। ਸੂਫੀਮੱਤ ਵਿਚ ਵੀ ਆਤਮਾ ਦੇ ਦੋ ਰੂਪ, ਨਫਸ ਅਤੇ ਰੂਹ ਹਨ। ਨਫਸ ਬੁਰੀਆਂ ਬਿਰਤੀਆਂ ਅਤੇ ਰੂਹ ਚੰਗੀਆਂ ਬਿਰਤੀਆਂ ਦਾ ਲਖਾਇਕ ਹੈ। ਭਗਤ ਬਾਣੀ ਵਿਚ ਆਤਮਾ ਤੇ ਪਰਮਾਤਮਾ ਨੂੰ ਇਕ ਰੂਪ ਮੰਨਿਆ ਹੈ। ਆਤਮਾ ਜੋਤ ਸਰੂਪ, ਸ਼ੁੱਧ ਅਤੇ ਮੁਕਤ ਸਰੂਪ ਹੈ। ਤੱਤ ਦੀ ਦ੍ਰਿਸ਼ਟੀ ਤੋਂ ਜੀਵ ਅਤੇ ਆਤਮਾ ਵਿਚ ਕੋਈ ਫਰਕ ਨਹੀਂ ਜੋ ਵੀ ਫਰਕ ਹੈ ਉਹ ਕੇਵਲ ਮਾਇਆ ਦੇ ਪ੍ਰਭਾਵ ਕਰਕੇ ਹੈ। ਮਨੁੱਖੀ ਸਰੀਰ ਪੰਜ ਭੌਤਿਕ ਤੱਤਾਂ ਤੋਂ ਬਣਿਆਂ ਹੈ ਇਸ ਲਈ ਇਹ ਨਾਸ਼ਵਾਨ ਹੈ। ਬ੍ਰਹਮ ਅਤੇ ਜੀਵ ਵਿਚ ਵਿਸ਼ਿਸ਼ਟ ਸਬੰਧ ਹੈ ਅਤੇ ਜੀਵ ਦੋ ਪ੍ਰਕਾਰ ਦੇ ਹਨ : ਮੁਕਤ ਅਤੇ ਬੱਧ, ਮੁਕਤ ਜੀਵ ਬੰਧਨਾ ਤੋਂ ਆਜ਼ਾਦ ਹੋਣ ਕਰਕੇ ਉਸ ਪ੍ਰਮਾਤਮਾ ਨਾਲ ਇਕਮਿਕ ਹੋ ਜਾਂਦੇ ਹਨ ਅਤੇ ਬੱਧ ਜੀਵ ਕਰਮਾ ਦੇ ਚੱਕਰ ਵਿਚ ਫਸ ਕੇ ਆਵਾਗਮਨ ਵਿਚ ਭਟਕਦੇ ਰਹਿੰਦੇ ਹਨ। ਹਿਰਨ ਦੀ ਤਰ੍ਹਾਂ ਕਸਤੂਰੀ ਦੀ ਭਾਲ ਵਿਚ ਜੀਵ ਭਟਕਦਾ ਫਿਰਦਾ ਹੈ, ਜੋ ਉਸਦੇ ਅੰਦਰ ਹੀ ਨਿਵਾਸ ਕਰਦੀ ਹੈ। ਮਨੁੱਖੀ ਸਰੀਰ ਦੀ ਉੱਤਪਤੀ ਪੰਜ ਭੌਤਿਕ ਤੱਤਾਂ ਆਕਾਸ਼, ਪਾਣੀ, ਹਵਾ, ਅਗਨੀ ਅਤੇ ਮਿੱਟੀ ਤੋਂ ਹੁੰਦੀ ਹੈ। ਭਗਤ ਬਾਣੀ ਵਿਚ ਵੀ

ਮਨੁੱਖ ਦੀ ਉਤਪਤੀ ਅਤੇ ਸਰੀਰ ਦੇ ਨੌ ਦਰਵਾਜ਼ਿਆਂ ਦਾ ਜ਼ਿਕਰ ਆਉਂਦਾ ਹੈ। ਸਰੀਰ ਨਾਸ਼ਵਾਨ ਹੈ ਇਸ ਦੇ ਨਾਲ ਹੀ ਸਰੀਰ ਦੀਆਂ ਵੱਖ-ਵੱਖ ਅਵਸਥਾਵਾਂ ਬਾਲ ਅਵਸਥਾ, ਜਵਾਨੀ, ਪ੍ਰੌੜ ਅਤੇ ਬਿਰਧ ਅਵਸਥਾ ਦਾ ਜ਼ਿਕਰ ਹੈ। ਵਿਚਾਰਾਂ ਦੀ ਸ਼ਕਤੀ ਹੀ ਦੇਹੀ ਦਮਨ ਕਰਨ ਦੀ ਪ੍ਰਵਿਰਤੀ ਅਤੇ ਦੇਹ ਦੀ ਖੁੱਲ-ਖੇਡ ਪ੍ਰਤੀ ਸਹਿਜ ਮਾਰਗ ਤਲਾਸ਼ ਕਰਨ ਲਈ ਰਾਹ ਦਰਸਾਉਂਦੀ ਹੈ। ਇਸੇ ਪ੍ਰਵਿਰਤੀ ਦਾ ਪ੍ਰਗਟਾਵਾ ਭਗਤ ਬਾਣੀ ਦੇ ਰਚਣਹਾਰਿਆਂ ਦੁਆਰਾ ਕੀਤਾ ਗਿਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਦੇਹੀ ਅਤੇ ਵਿਚਾਰ ਦੇ ਸੰਕਲਪਾਂ ਪ੍ਰਤੀ ਆਪਣੇ ਵਿਚਾਰਾਂ ਦੁਆਰਾ ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਗਰਭੂਮਿਤ ਕਰਦੇ ਹੋਏ ਕਹਿੰਦੇ ਹਨ,"ਇੰਦਰੀ ਦਮਨ ਜਾਂ ਇੰਦਰੀਆਂ ਦੀ ਖੁੱਲ ਖੇਡ ਦੀ ਥਾਂ ਸਹਿਜ ਦਾ ਮੱਧ ਮਾਰਗ ਅਪਨਾਉਣਾ ਪਵੇਗਾ। ਪੁਰਾਤਨ ਕਾਲ ਵਿੱਚ ਮਹਾਤਮਾ ਬੁੱਧ ਅਤੇ ਮੱਧਕਾਲ ਵਿਚ ਗੁਰੂ ਨਾਨਕ ਦੇਵ ਜੀ ਨੇ ਇਹੋ ਸਿਖਿਆ ਦਿੱਤੀ ਸੀ। ਸਮਕਾਲ ਵਿਚ ਇਸੇ ਸਹਿਜ ਨੂੰ ਅਗਰ-ਭੂਮਿਤ ਕਰਨ ਦੀ ਜ਼ਰੂਰਤ ਹੈ।"(*ਉਤਰਆਧੁਨਿਕਤਾ* 36.) ਉੱਤਰ-ਆਧੁਨਿਕਤਾ ਦੇਹ ਦੇ ਸੰਕਲਪ ਨੂੰ ਪ੍ਰਮੁੱਖਤਾ ਦਿੰਦੀ ਹੈ। ਆਪਣੀ ਰਚਨਾਂ ਵਿਚ ਕਬੀਰ ਜੀ ਕਾਜੀ ਦੀ ਪਰਿਭਾਸ਼ਾ ਕਾਇਆ ਦੇ ਵਿਚਾਰਨ ਵਿਚ ਨਿਹਿਤ ਕਰਦੇ ਹਨ। ਇੰਦਰਿਆਵੀ ਦਮਨ ਨਹੀਂ ਬਲਕਿ ਸਹੀ ਸੰਦਰਭ ਵਿਚ ਇਸ ਦੇਹ ਦੀ ਸਾਰਥਿਕਤਾ ਨੂੰ ਅਗਰ-ਭੂਮਿਤ ਕਰਦੇ ਹਨ।

ਕਾਜੀ ਸੋ ਜੁ ਕਾਇਆ ਬੀਚਾਰੈ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ॥
ਸੁਪਨੈ ਬਿੰਦੁ ਨ ਦੇਈ ਝਰਨਾ॥ ਤਿਸੁ ਕਾਜੀ ਕਉ ਜਰਾ ਨ ਮਰਨਾ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1160.)

ਅਜੋਕੇ ਸਮੇਂ ਵਿਚ ਦੇਹੀ ਨੂੰ ਹੀ ਇਕ ਹਥਿਆਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਔਰਤਾਂ ਦੇ ਪ੍ਰਸੰਗ ਵਿਚ ਦੇਹ ਦੇ ਅਰਥ ਹੋਰ ਵੀ ਕਈ ਪ੍ਰਸੰਗਾਂ ਵਿਚ ਪ੍ਰਗਟ ਹੁੰਦੇ ਹਨ। ਭਾਰਤ ਵਿਚ ਵੱਖ-ਵੱਖ ਤਰ੍ਹਾਂ ਦੇ ਅਜਿਹੇ ਕਈ ਮੱਤ ਅੱਜ ਵੀ ਕਾਰਜਸ਼ੀਲ ਹਨ ਜਿੰਨ੍ਹਾਂ ਵਿਚ ਦੇਹ ਨੂੰ ਨੰਗਿਆਂ ਰੱਖ ਕੇ ਤਿਆਗ ਦੀ ਭਾਵਨਾ ਦਾ ਪ੍ਰਚਾਰ ਕੀਤਾ ਜਾਂਦਾ ਹੈ। ਜੈਨ ਮੱਤ ਵਿਚ ਦਿਗੰਬਰ ਮੁਨੀ ਅਤੇ ਸਨਾਤਨੀ ਪਰੰਪਰਾ ਵਿਚ ਨਾਂਗੇ ਸਾਧੂ ਨਗਨ ਅਵਸਥਾ ਵਿਚ ਅੱਜ ਵੀ ਵਿਚਰਦੇ ਹਨ। ਇਸ ਦੇ ਨਾਲ ਹੀ ਫਿਲਮਾਂ ਅਤੇ ਫੈਸ਼ਨ ਦੀ ਦੁਨੀਆਂ ਵਿਚ ਔਰਤ ਦੀ ਦੇਹ ਨੂੰ ਹੀ ਆਕਰਸ਼ਣ ਦਾ ਕੇਂਦਰ

ਬਣਾਇਆ ਜਾਂਦਾ ਹੈ। ਪਰ ਭਗਤ ਬਾਣੀ ਵਿਚ ਇਸ ਦੀ ਸਹੀ ਵਿਆਖਿਆ ਪੇਸ਼ ਹੁੰਦੀ ਹੈ। ਨੰਗੇ ਰਹਿ ਕੇ ਕੋਈ ਪ੍ਰਾਪਤੀ ਕਰਨ ਵੱਲ ਨਹੀਂ ਵਧਿਆ ਜਾ ਸਕਦਾ, ਜੰਗਲ ਵਿਚ ਰਹਿਣ ਵਾਲੇ ਜਾਨਵਰ ਨਗਨ ਹੀ ਹੁੰਦੇ ਹਨ ਪਰ ਉਨ੍ਹਾਂ ਨੂੰ ਤਾਂ ਕੋਈ ਪ੍ਰਾਪਤੀ ਨਹੀਂ ਹੁੰਦੀ। ਇਸ ਉਦਾਹਰਣ ਦੁਆਰਾ ਦੇਹੀ ਪ੍ਰਸੰਗ ਵਿਚ ਨਵੀਂ ਵਿਆਖਿਆ ਦੁਆਰਾ ਨਵੀਆਂ ਦਿਸ਼ਾਵਾਂ ਦਾ ਨਿਰੂਪਣ ਕੀਤਾ ਗਿਆ ਹੈ।

ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥ (324.)

ਭਗਤ ਬਾਣੀ ਵਿਚਲਾ ਗਿਆਨ ਪ੍ਰਬੰਧ ਸਾਰੀ ਮਨੁੱਖ ਜਾਤੀ ਦੀ ਏਕਤਾ ਸਥਾਪਿਤ ਕਰਦਾ ਹੈ। ਇਸ ਏਕਤਾ ਦਾ ਸੂਤਰ ਸਾਰੀ ਮਨੁੱਖ ਜਾਤੀ ਦਾ ਇਕ ਹੀ ਬਿੰਦ ਭਾਵ ਤਾਤਵਿਕ ਤੌਰ ਤੇ ਇਕੋ ਤਰੀਕੇ ਨਾਲ ਉਤਪੰਨ ਹੋਣ ਵਿਚ ਨਿਹਿਤ ਹੈ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥(324.)

ਇਸ ਦੇਹ ਨੂੰ ਨੰਗਿਆਂ ਰੱਖ ਕੇ ਅਤੇ ਦੁੱਖ ਦੇ ਕੇ ਜੋਗੀ ਨਹੀ ਬਣਿਆ ਜਾ ਸਕਦਾ, ਜੇਕਰ ਅਜਿਹਾ ਹੁੰਦਾ ਤਾਂ ਜੰਗਲ ਵਿਚ ਰਹਿਣ ਵਾਲੇ ਸਾਰੇ ਜੀਵਾਂ ਦੇ ਕਿਹੜੇ ਕੱਪੜੇ ਪਹਿਨੇ ਹਨ? ਉਹ ਸਾਰੇ ਹੀ ਮੁਕਤ ਅਵਸਥਾ ਨੂੰ ਪ੍ਰਾਪਤ ਹੋ ਜਾਣੇ ਚਾਹੀਦੇ ਹਨ। ਆਧੁਨਿਕਤਾ ਵਿਚ ਮਨੁੱਖੀ ਸੋਚ ਵਿਚਾਰਾਂ ਜਾਂ ਗਿਆਨ ਕਰਕੇ ਵਿਚਾਰਾਂ ਨੂੰ ਪ੍ਰਮੁੱਖਤਾ ਮਿਲੀ ਹੋਈ ਸੀ। ਉੱਤਰ-ਆਧੁਨਿਕਤਾ ਵਿਚ ਇਸ ਦੇ ਮੁਕਾਬਲੇ ਤੇ ਦੇਹ ਨੂੰ ਪ੍ਰਮੁੱਖਤਾ ਦੇਣੀ ਸ਼ੁਰੂ ਕਰ ਦਿੱਤੀ ਹੈ। ਭਗਤ ਕਬੀਰ ਜੀ ਦੀ ਰਚਨਾ ਇਸ ਸਥਿਤੀ ਨੂੰ ਮੱਧਮਾਰਗ ਦੁਆਰਾ ਨਜਿੱਠਣ ਦਾ ਮਾਰਗ ਦੱਸਦੀ ਹੈ। ਉੱਤਰ-ਆਧੁਨਿਕਤਾ ਇਕ ਸੰਸਕ੍ਰਿਤਕ ਅਵਸਥਾ ਹੈ। ਆਮ ਤੌਰ ਤੇ ਮਨੁੱਖ ਦੀ ਜਾਤ ਜਨਮ ਤੋਂ ਹੀ ਨਿਰਧਾਰਤ ਕੀਤੀ ਜਾਂਦੀ ਹੈ, ਅੱਜ ਵੀ ਇਹੋ ਪ੍ਰਚਲਨ ਹੈ। ਪਰ ਕਬੀਰ ਜੀ ਨੇ ਭੇਦ-ਭਾਵ ਨੂੰ ਨਕਾਰਦਿਆਂ ਹੋਇਆਂ ਮਨੁੱਖ ਦੇ ਰਚੇ ਹੋਏ ਭੇਦ-ਭਾਵ ਦੀ ਗੱਲ ਕੀਤੀ ਹੈ।"ਕਈ ਪਰਾਂ (ਅਦਰਜ਼) ਨਾਲ ਇੱਕੋ ਵੇਲੇ ਯਾਤਰਾ ਕਰ ਸਕਣ ਵਾਲਾ ਸ਼ਬਦ ਹੀ ਬਹੁ-ਧਿਰੀ ਸੰਵਾਦ ਰਚ ਸਕਦਾ ਹੈ ਅਤੇ ਪਰ (ਅਦਰ) ਨੂੰ ਪਛਾਨਣ ਦੀ ਪੂਰੀ ਜਿੰਮੇਵਾਰੀ ਨਿਭਾ ਸਕਦਾ ਹੈ।" (ਡਾ. ਅਨੂਪ ਸਿੰਘ. *ਗੁਰੂ ਗ੍ਰੰਥ*

*ਸਾਹਿਬ ਸਿਧਾਂਤ ਅਤੇ ਸਿਧਾਂਤਕਾਰ,* 1.) ਭਗਤ ਕਵੀਆਂ ਨੇ ਮਨੁੱਖਤਾ ਨੂੰ ਵੰਡਣ ਵਾਲੀਆਂ ਦੀਵਾਰਾਂ ਨੂੰ ਤੋੜਿਆ ਅਤੇ ਸਮਾਨਤਾ ਅਤੇ ਏਕਤਾ ਨੂੰ ਆਪਣੀਆਂ ਰਚਨਾਵਾਂ ਵਿਚ ਸਥਾਪਤ ਕੀਤਾ। ਉਨ੍ਹਾਂ ਅਨੁਸਾਰ ਇਹ ਸਭ ਧਰਮ, ਜਾਤਾਂ ਇਨਸਾਨ ਦੇ ਬਣਾਏ ਹੋਏ ਹਨ। ਵੇਦ, ਕੁਰਾਨ, ਧਰਮ ਅਤੇ ਸੰਸਾਰਕਤਾ ਦਾ ਭੇਦਭਾਵ ਵੀ ਮਨੁੱਖ ਦਾ ਸਿਰਜਿਆ ਹੋਇਆ ਹੈ। ਇਥੋਂ ਤੱਕ ਕਿ ਨਰ-ਨਾਰੀ ਦਾ ਭੇਦ ਵੀ ਸ਼ਰੀਰਕ ਹੈ, ਤੱਤਵਿਕ ਨਹੀਂ ਹੈ। ਸਾਰੇ ਇਨਸਾਨਾ ਅੰਦਰ ਖ਼ੂਨ, ਮਲ-ਮੂਤਰ ਅਤੇ ਚਮੜੀ ਇਕ ਸਮਾਨ ਹੈ ਤੇ ਸਾਰੇ ਇਕ ਤਰਾਂ ਦੇ ਵੀਰਜ ਤੋਂ ਉਤਪੰਨ ਹੋਏ ਹਨ ਫਿਰ ਬ੍ਰਾਹਮਣ ਤੇ ਸੂਦਰ ਦਾ ਭੇਦ-ਭਾਵ ਕਿਉਂ ਤੇ ਕਿਥੋਂ ਆ ਗਿਆ? ਦੇਹੀ ਦੇ ਸੱਚ ਦੀ ਪਛਾਣ ਦੇ ਜੋ ਸੂਝ ਮਾਡਲ ਕਬੀਰ ਜੀ ਦੀ ਰਚਨਾ ਵਿਚ ਮਿਲਦੇ ਹਨ ਉਹ ਬੇਮਿਸਾਲ ਹਨ।

ਐਸਾ ਭੇਦ ਬਿਗੂਚਨ ਭਾਰੀ
ਬੇਦ ਕਤੇਬ ਦੀਨ ਅਰੁ ਦੁਨੀਆਂ, ਕੌਣ ਪੁਰਸ਼ ਕੌਣ ਨਾਰੀ॥
ਏਕ ਬੂੰਦ ਏਕੇ ਮਲ ਮੂਤਰ ਏਕ ਚਾਮ ਏਕ ਗੁਦਾ
ਏਕ ਜੋਤੀਥੇਂ ਸਭ ਉਤਪੰਨਾ, ਕੋ ਬ੍ਰਾਹਮਣ ਕੋ ਸੂਦਾ॥

ਅਸਲ ਵਿਚ ਸੱਚੀ ਮਸਜਿਦ ਇਨਸਾਨੀ ਸ਼ਰੀਰ ਹੈ, ਜਿਸ ਵਿਚ ਦਸ ਦਰਵਾਜ਼ੇ ਹਨ। ਕਬੀਰ ਜੀ ਕਹਿੰਦੇ ਹਨ ਕਿ ਮਨ ਨੂੰ ਮੱਕਾ ਬਣਾਓ ਤੇ ਆਤਮਾ ਨੂੰ ਕਿਵਲ ਮੰਨੋਂ। ਮਨ ਨੂੰ ਭਗਤ ਬਾਣੀ ਵਿਚ ਸਭ ਤੀਰਥਾਂ ਦਾ ਤੀਰਥ ਅਤੇ ਮੱਕੇ ਤੱਕ ਨਾਲ ਤਸ਼ਬੀਹ ਦਿੱਤੀ ਗਈ ਹੈ। ਇਸੇ ਨੂੰ ਮੈਂ ਦੇ ਸੰਕਲਪ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ। ਦ. ਫੋਨਟਾਨਾ ਪੋਸਟ ਮਾਡਰਨ ਰੀਡਰ ਵਿਚ ਇਸ ਸਬੰਧੀ ਕਥਨ ਹੈ :

> The concept of the self is not only close to the core of our personal belief, it also approaches the one secret heart of Post Modern thought. It is the point at which it becomes most apparent that there is a very strong similarity between the ideas of postmodernism intellectuals and those that have been

running through spiritual teachings for contracts. (Anderson (Ed.). *The Fontana Post Modernism Reader* 218.)

ਅਰਥਾਤ,"ਮੈ ਦਾ ਸੰਕਲਪ ਸਾਡੇ ਨਿੱਜੀ ਵਿਸ਼ਵਾਸਾਂ ਦੇ ਅੰਤਹਕਰਣ ਦੇ ਨੇੜੇ ਹੀ ਨਹੀਂ ਸਗੋਂ ਇਹ ਉੱਤਰ-ਆਧੁਨਿਕਤਾ ਵਿਚਾਰ ਪਵਿੱਤਰ ਦਿਲ ਦੇ ਅੰਤਹਕਰਣ ਤੱਕ ਪਹੁੰਚ ਵੀ ਰੱਖਦਾ ਹੈ। ਇਹੀ ਨੁਕਤਾ ਹੈ ਜਿਸ ਰਾਹੀਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉੱਤਰ-ਆਧੁਨਿਕਤਾਵਾਦੀ ਬੁੱਧੀਮਾਨਾਂ ਅਤੇ ਉਹ ਜਿਹੜੇ ਸਦੀਆਂ ਤੋਂ ਅਧਿਆਤਮਕ ਸਿਖਿਆ ਰਾਹੀਂ ਗੁਜ਼ਰ ਹਨ, ਉਨ੍ਹਾਂ ਵਿਚਕਾਰ ਇਕ ਮਜ਼ਬੂਤ ਸਮਰੂਪਤਾ ਸਥਾਪਿਤ ਹੋ ਜਾਂਦੀ ਹੈ।" ਕਬੀਰ ਜੀ ਦੀ ਰਚਨਾ ਵਿਚ ਇਹ ਪਹਿਲੂ ਉੱਭਰਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਆਪ ਜੀ ਨੇ ਭਾਰਤੀ ਸੰਸਕ੍ਰਿਤੀ ਵਿਚਲੇ ਅਵਤਾਰਾਂ ਨੂੰ ਕੋਈ ਵੱਖਰੀ ਜਾਂ ਪਾਰਲੌਕਿਕ ਸ਼ਕਤੀ ਮੰਨਣ ਦੀ ਥਾਂ ਤੇ ਉਨ੍ਹਾਂ ਦਾ ਮਾਨਵੀਕਰਨ ਕਰ ਦਿੱਤਾ ਗਿਆ ਹੈ।"ਗੁਰਬਾਣੀ ਦੇਹ ਨੂੰ ਅਪਵਿੱਤਰ ਮੰਨ ਕੇ ਨਕਾਰਦੀ ਨਹੀਂ ਰਾਗ ਮਾਰੂ ਵਿਚ ਗੁਰੂ ਰਾਮਦਾਸ ਜੀ ਸ਼ਰੀਰ ਨੂੰ ਹਰੀ ਦਾ ਮੰਦਿਰ ਆਖਦੇ ਹਨ ਜਿਸ ਨੂੰ ਉਹ ਆਪ ਸਜਾਂਦਾ ਹੈ। ਬ੍ਰਹਮਾਂ, ਵਿਸ਼ਨੂੰ, ਮਹੇਸ਼ ਇਸੇ ਵਿਚ ਹਨ। ਇਸ ਸ਼ਰੀਰ ਨੂੰ ਪੀੜਤ ਕਰਨ ਦੀ ਲੋੜ ਨਹੀਂ। ਇਹ ਦ੍ਰਿਸ਼ਟੀ ਭਾਰਤੀ ਪਰੰਪਰਾ ਪ੍ਰਤੀ ਬੇਲੋੜੇ ਮੋਹ ਤੋਂ ਮੁਕਤ ਹੈ।"(ਧੀਰ. *ਗੁਰਬਾਣੀ ਅਧਿਐਨ ਆਧੁਨਿਕ ਅਤੇ ਉਤਰ-ਆਧੁਨਿਕ ਪਰਿਪੇਖ* 155.) ਕਬੀਰ ਬਾਣੀ ਚਿਹਨਕਾਂ ਵਿਚ ਅਵਤਾਰਾਂ ਦੀ ਗੱਲ ਕਰਦੀ ਹੈ ਉਹ ਦੇਹ ਰੂਪੀ ਰਾਮ ਦੇ ਨਾਲ-ਨਾਲ ਵਿਚਾਰ ਰੂਪੀ ਰਾਮ ਨੂੰ ਆਪਣੀ ਰਚਨਾ ਰਾਹੀਂ ਉਭਾਰਦੇ ਹਨ। ਇਹ ਇਸ ਰਚਨਾ ਦੀ ਵਿਲੱਖਣਤਾ ਹੀ ਹੈ ਕਿ ਇਹ ਮੱਧਕਾਲ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੇ ਹੋਏ ਆਪਣੀ ਪਹੁੰਚ ਆਧੁਨਿਕ ਅਤੇ ਉੱਤਰ-ਆਧੁਨਿਕ ਯੁੱਗ ਦੇ ਸਰੋਕਾਰਾਂ ਨਾਲ ਸਥਾਪਿਤ ਕਰਦੀ ਹੈ। ਇਹ ਸਭ ਹੀ ਇਸ ਨੂੰ ਸਰਬਕਾਲੀ ਮਹੱਤਵ ਪ੍ਰਦਾਨ ਕਰਦਾ ਹੈ।

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥

ਸੋਈ ਰਾਮ ਸਭੈ ਕਹਹੈ ਸੋਈ ਕਉਤਕਹਾਰ॥

ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ॥

ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1374.)

ਭਗਤ ਬਾਣੀ ਗਿਆਨਮਈ ਰਚਨਾ ਹੈ ਇਸ ਦੇ ਕਾਫੀ ਸਰੋਕਾਰ ਅਧਿਆਤਮਕ ਜਗਤ ਨਾਲ ਸਬੰਧਿਤ ਹਨ। ਪਰ ਗਿਆਨ ਦੇ ਪੱਧਰ ਤੇ ਸਿਰਫ ਗੱਲਾਂ ਮਾਰਨ ਨਾਲ ਹੀ ਪੂਰਨ ਪ੍ਰਾਪਤੀ ਨਹੀਂ ਹੋ ਸਕਦੀ ਬਲਕਿ ਵਿਹਾਰਕ ਗਿਆਨ ਦਾ ਹੋਣਾ ਜ਼ਰੂਰੀ ਹੈ। ਇਸ ਲਈ ਬਾਹਰਮੁਖੀ ਗਿਆਨ ਦੀ ਥਾਂ ਵਿਹਾਰਕ ਭਾਵ ਅੰਦਰੂਨੀ ਗਿਆਨ ਨੂੰ ਸਥਾਪਿਤ ਕੀਤਾ ਗਿਆ ਹੈ।

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥

ਬਾਤਨ ਹੀ ਅਸਮਾਨੁ ਗਿਰਾਵਹਿ॥(332.)

ਅਜੋਕੇ ਸਮੇਂ ਵਿਚ ਕਥਿਤ ਡੇਰਿਆਂ ਅੰਦਰ ਪਰੋਸੇ ਜਾਂਦੇ ਕੱਚਘਰੜ ਗਿਆਨ ਦੇ ਝਾਂਸੇ ਵਿਚ ਆ ਕੇ ਲੋਕ ਕਈ ਪ੍ਰਕਾਰ ਦੀਆਂ ਮੁਸੀਬਤਾਂ ਵਿਚ ਫਸ ਜਾਂਦੇ ਹਨ।"ਬਗਲੇ ਦੀ ਤਰ੍ਹਾਂ ਇਕ ਪੈਰ ਤੇ ਖੜ੍ਹੇ ਨੇ ਲੋਕ, ਉੱਤਰ-ਆਧੁਨਿਕਤਾ ਇਸ ਪਖੰਡ ਨੂੰ ਨਸ਼ਟ ਕਰਦੀ ਹੈ, ਇਸੇ ਕਰਕੇ ਗਾਲ੍ਹਾਂ ਖਾਂਦੀ ਹੈ। ਉੱਤਰ-ਆਧੁਨਿਕਤਾ ਘੋਰ ਯਥਾਰਥਵਾਦੀ ਹੈ।" (ਪਚੌਰੀ. *ਉੱਤਰ-ਆਧੁਨਿਕਤਾ ਔਰ ਉੱਤਰ-ਸੰਰਚਨਾਵਾਦ* 10.) ਡੇਰੇਦਾਰਾਂ ਅਤੇ ਉਨ੍ਹਾਂ ਦੇ ਨਜਦੀਕੀਆਂ ਵੱਲੋਂ ਰੱਬ ਦੇ ਨਾਂ ਤੇ ਆਮ ਲੋਕਾਂ ਨੂੰ ਡਰਾਇਆ ਜਾਂਦਾ ਹੈ ਜਿਸ ਕਾਰਨ ਭੋਲੀ-ਭਾਲੀ ਜਨਤਾ ਇਨ੍ਹਾਂ ਦੇ ਬਹਿਕਾਵੇ ਵਿਚ ਆ ਕੇ ਆਪਣਾ ਅਤੇ ਸਮਾਜ ਦਾ ਨੁਕਸਾਨ ਕਰਨ ਤੇ ਉਤਾਰੂ ਹੋ ਜਾਂਦੀ ਹੈ। ਭਗਤ ਬਾਣੀ ਇਸ ਤੋਂ ਸਾਵਧਾਨ ਕਰਦੀ ਹੈ।

ਐਸੇ ਲੋਗਨ ਸਿਉ ਕਿਆ ਕਹੀਐ॥

ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 332.)

ਇਹ ਸ਼ਰੀਰ ਨਾਸ਼ਮਾਨ ਹੈ ਕਿਉਂਕਿ ਇਸ ਨੇ ਮੌਤ ਤੋਂ ਬਾਅਦ ਮਿੱਟੀ ਵਿਚ ਮਿਲ ਜਾਣਾ ਹੈ। ਇਸ ਲਈ ਭਗਤ ਬਾਣੀ ਵਿਚ ਪੰਜ-ਤੱਤ ਦਾ ਸੰਕਲਪ ਪੇਸ਼ ਹੁੰਦਾ ਹੈ ਜਿਸ ਵਿਚ ਮਨੁੱਖ ਦੇਹੀ ਨੂੰ ਪੰਜ ਤੱਤ ਪ੍ਰਿਥਵੀ, ਹਵਾ,

ਪਾਣੀ, ਅਗਨੀ ਅਤੇ ਆਕਾਸ਼ ਤੋ ਬਣੀ ਮੰਨਿਆਂ ਜਾਂਦਾ ਹੈ। ਪਰ ਇਸ ਵਿਚਲਾ ਆਤਮਾ ਰੂਪੀ ਤੱਤ ਸਦਾ ਅਜਰ ਅਮਰ ਰਹਿਣ ਦਾ ਸੰਕਲਪ ਹੀ ਇਸ ਨੂੰ  ਸੰਸਾਰ ਵਿਚ ਵਿਚਰਣਯੋਗ ਬਣਾਉਂਦਾ ਹੈ। ਪਰ ਮਨੁੱਖ ਦੇ ਹੰਕਾਰ ਕਾਰਨ ਉਹ ਆਪਣੇ ਆਪ ਨੂੰ ਸਦਾ ਅਜਰ-ਅਮਰ ਸਮਝ ਕੇ ਮਹਾਨਤਾ ਸਥਾਪਿਤ ਕਰਨ ਦੀ ਭੁੱਲ ਕਰਦਾ ਹੈ।"ਉੱਤਰ-ਆਧੁਨਿਕਤਾ ਹਰ ਮਹਾਨਤਾ ਨੂੰ ਵਿਦਾਈ ਦਿੰਦੀ ਹੈ ਅਤੇ ਇਕ ਸਮਾਨਤਾ ਅਤੇ ਨਿਊਨਤਾ ਸਭ ਨੂੰ ਸੰਭਵ ਕਰਦੀ ਹੈ। ਵਿਚਾਰਾਂ ਦੀ ਸਮੱਗਰਤਾ ਦੀ ਥਾਂ ਇਹ ਵਿਖੰਡਨ ਸੰਭਵ ਕਰਦੀ ਹੈ, ਰਚਨਾ ਨੂੰ ਵਿਗਿਆਪਨ ਬਣਾਉਂਦੀ ਹੈ।" (ਪਚੌਰੀ. *ਉੱਤਰ ਆਧੁਨਿਕਤਾ ਔਰ ਉੱਤਰ ਸੰਰਚਨਾਵਾਦ* 1.) ਭਗਤ ਬਾਣੀ ਵਿਚ ਮਨੁੱਖ ਦੇ ਇਸ ਹੰਕਾਰ ਨੂੰ ਤੋੜਿਆ ਗਿਆ ਹੈ। ਜਿਸ ਸਿਰ ਉਪ ਸੁੰਦਰ ਪੱਗੜੀ ਬੰਨ੍ਹ ਕੇ ਆਕੜ ਵਿਚ ਤੁਰਦਾ ਹੈ ਉਸ ਤੇ ਮੌਤ ਤੋਂ ਬਾਅਦ ਖੋਪੜੀ ਉੱਤੇ ਕਾਂ ਆਪਣੀਆਂ ਚੁੰਝਾਂ ਘਸਾਂਉਣਗੇ। ਇਸ ਧਨ ਦੌਲਤ ਦਾ ਕੋਈ ਗੁਮਾਨ ਨਹੀਂ ਕੀਤਾ ਜਾ ਸਕਦਾ ਹੈ।

ਜਿਹ ਸਿਰਿ ਰਚਿ ਰਚਿ ਬਾਧਤ ਪਾਗ॥

ਸੋ ਸਿਰੁ ਚੁੰਚ ਸਵਾਰਹਿ ਕਾਗ॥

ਇਸੁ ਤਨ ਧਨ ਕੋ ਕਿਆ ਗਰਬਈਆ॥

ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 330.)

ਕਬੀਰ ਜੀ ਦੀ ਰਚਨਾਂ ਵਿਚ ਦੇਹ ਅਤੇ ਵਿਚਾਰ ਦੋਵਾਂ ਪ੍ਰਤੀ ਸੰਤੁਲਿਤ ਪਹੁੰਚ ਦਿਖਾਈ ਦਿੰਦੀ ਹੈ। ਆਧੁਨਿਕਤਾ ਦੇ ਪ੍ਰਭਾਵਾਂ ਵਿਚੋਂ ਮਾਨਵ ਦੇਹੀ ਨੂੰ ਮਨ/ਬੁੱਧੀ ਦੇ ਤਾਰਕਿਕ ਪ੍ਰਭਾਵਾਂ ਹੇਠ ਦਮਨ ਕਰਨ ਦੀ ਕੋਸ਼ਿਸ਼ ਪੂੰਜੀਵਾਦੀ ਨਿਜ਼ਾਮ ਵਲੋਂ ਉਸਾਰੀਆਂ ਗਈ ਹੈ। ਇਸ ਯਤਨ ਦੀ ਪੂਰਤੀ ਲਈ ਪੂੰਜੀਵਾਦ ਨੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਦੁਆਰਾ ਨਕੇਲ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਉੱਤਰ-ਆਧੁਨਿਕ ਸਮੇ ਵਿਚ ਮਾਨਵ ਦੇਹੀ ਦੇ ਸੱਚ ਨੂੰ ਉਭਾਰਿਆ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਉੱਤਰ-ਆਧੁਨਿਕਤਾ, ਆਧੁਨਿਕਤਾ ਦੇ ਵਿਰੋਧ ਵਿਚੋਂ ਉਤਪੰਨ ਸਥਿਤੀ ਹੈ। ਪਰ ਇਥੇ ਇਹ ਨੁਕਤਾ ਧਿਆਨ ਦੀ ਮੰਗ ਕਰਦਾ ਹੈ ਕਿ ਕਿਤੇ ਦੇਹੀ ਸੱਚ ਨੂੰ ਉਭਾਰਨ ਦੀ ਧੁਨ ਵਿਚ ਵਿਚਾਰ ਦੇ ਹਾਂ ਪੱਖੀ ਵਿਵਹਾਰ ਨੂੰ ਪਿੱਛੇ ਨਾ ਛੱਡ ਜਾਈਏ। ਕਬੀਰ ਜੀ ਦੀ ਰਚਨਾ ਸਾਨੂੰ ਇਸ ਪ੍ਰਤੀ

ਇਕ ਸੰਤੁਲਿਤ ਦ੍ਰਿਸ਼ਟੀਕੋਣ ਵੱਲ ਤੋਰਨ ਦੇ ਸਮਰੱਥ ਹੈ। ਇਹੋ ਇਸ ਰਚਨਾਂ ਦੀ ਖਾਸੀਅਤ ਹੈ ਜੋ ਇਸਨੂੰ ਸਰਬਕਾਲੀ ਮਹੱਤਵ ਪ੍ਰਦਾਨ ਕਰਦੀ ਹੈ। ਦੇਹੀ ਨੂੰ ਦਮਨ ਤੋਂ ਮੁਕਤ ਕਰਾਉਣਾ ਹੀ ਕਾਫੀ ਹੈ ਨਾਂ ਕਿ ਇਸ ਨੂੰ ਮੁਕਤ ਕਰਾਉਣ ਦੀ ਆੜ ਵਿਚ ਉਲਾਰਤਾ ਵੱਲ ਲੈ ਕੇ ਜਾਣ ਦੀ ਗਲਤੀ ਕਰਕੇ ਮਨੁੱਖਤਾ ਲਈ ਨਵੇਂ ਕਿਸਮ ਦੀਆਂ ਸਮੱਸਿਆਵਾਂ ਪੈਦਾ ਕੀਤੀਆਂ ਜਾਣ। ਐਡਿਥਾ ਵਿੱਚਗਰਾਡ ਸੇਂਟਸ ਐਂਡ ਪੋਸਟ ਮਾਡਰਨਿਜ਼ਮ ਵਿਚ ਲਿਖਦੇ ਹਨ,"Saintly acts of generosity may restore a kind of moral equilibrium to moral interaction by generating selflessness in others who were previously motivated by self interest." ਅਰਥਾਤ, ''ਉਦਾਰਤਾ ਭਰੇ ਸੰਤ-ਸੁਭਾਵੀ ਕੰਮ, ਕਿਵੇਂ ਪਹਿਲਾਂ ਤੋਂ ਸਵਾਰਥੀ ਲੋਕਾਂ ਵਿਚ ਦੁਬਾਰਾ ਤੋਂ ਆਤਮ ਵਿਸ਼ਵਾਸ ਅਤੇ ਨੈਤਿਕ ਸੰਤੁਲਨ ਪੈਦਾ ਕਰ ਦਿੰਦੇ ਹਨ।'' (Wyschogrod. *Saints and Post Modernism* 59.)ਸਭ ਇਨਸਾਨ ਪੰਜ-ਤੱਤ ਦੇ ਬਣੇ ਹੋਏ ਹਨ ਅਤੇ ਸਭਨਾਂ ਦਾ ਸ਼ਰੀਰ ਇਕੋ ਜਿਹੇ ਤੱਤਾਂ ਤੋਂ ਬਣੇ ਹੋਏ ਹਨ। ਪਰੰਤੂ ਅਜੋਕੇ ਸਮੇਂ ਵਿਚ ਧਰਮ ਅਤੇ ਜਾਤ ਦੇ ਨਾਮ ਤੇ ਲੋਕਾਂ ਵਿਚ ਫਰਕ ਪਾਉਣ ਦਾ ਕੰਮ ਕੁਝ ਸਵਾਰਥੀ ਤੱਤਾਂ ਵੱਲੋਂ ਕੀਤਾ ਜਾ ਰਿਹਾ ਹੈ। ਇਸ ਮੰਤਵ ਲਈ ਉਹ ਦੂਸਰੇ ਧਰਮ ਜਾਂ ਜਾਤ ਦੀ ਨਿੰਦਾ ਦਾ ਕਾਰਜ ਕਰਨ ਵਿਚ ਹੀ ਸ਼ਾਨ ਸਮਝਦੇ ਹਨ। ਭਗਤ ਬਾਣੀ ਇਸ ਤੇ ਕਟਾਖਸ਼ ਕਰਦੀ ਹੈ ਕਿ ਜਿਹੜਾ ਇਨਸਾਨ ਕਿਸੇ ਨੂੰ ਚੂਲੀ ਭਰ ਪਾਣੀ ਨਹੀਂ ਦੇ ਸਕਦਾ ਉਹ ਉਸ ਦੀ ਨਿੰਦਾ ਕਰਦਾ ਹੈ ਜਿਸ ਨੇ ਗੰਗਾ ਨੂੰ ਧਰਤੀ ਤੇ ਲਿਆਂਦਾ ਹੈ। ਇਹ ਕਥਨ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਮਹੱਤਵ ਗ੍ਰਹਿਣ ਕਰਦਾ ਹੈ ਜਿਸ ਦੁਆਰਾ ਆਦਿਮ ਭਾਵਾਂ ਨੂੰ ਸਵੀਕ੍ਰਿਤੀ ਦਿੱਤੀ ਗਈ ਹੈ।

ਆਪਿ ਨ ਦੇਹਿ ਚੁਰੂ ਭਰਿ ਪਾਨੀ॥

ਤਿਹ ਨਿੰਦਹਿ ਜਿਹ ਗੰਗਾ ਆਨੀ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 332.)

ਮਨੁੱਖ ਦੀ ਤਾਤਵਿਕ ਏਕਤਾ ਸਦਾ ਤੋਂ ਹੀ ਅਧਿਆਤਮਕ ਗ੍ਰੰਥਾਂ ਦਾ ਮੂਲ ਮੁੱਦਾ ਰਿਹਾ ਹੈ। ਪਰ ਅਜੋਕੇ ਸਮੇ ਵਿਚ ਲਿੰਗ, ਜਾਤ ਅਤੇ ਧਰਮ ਦੇ ਨਾਮ ਤੇ ਹੋਣ ਵਾਲੇ ਦਮਨ ਚਰਮ ਸੀਮਾ ਤੇ ਪਹੁੰਚ ਗਏ ਲੱਗਦੇ ਹਨ। ਅਜਿਹੀਆਂ ਬਹੁਤ ਉਦਾਹਰਨਾਂ ਸਾਨੂੰ ਅਜੋਕੇ ਸਮਾਜ ਵਿਚ ਰੋਜ਼ਾਨਾ ਵਾਪਰਦੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਉਪਰੋਕਤ

ਆਧਾਰਾਂ ਤੇ ਮਨੁੱਖਤਾ ਤੇ ਜ਼ੁਲਮ ਢਾਹੇ ਜਾਂਦੇ ਹਨ। ਇਹ ਵਰਤਾਰਾ ਨਿੱਜੀ ਪੱਧਰ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਕਾਰਜਸ਼ੀਲ ਹੈ। ਕਿਸੇ ਦੀ ਹੀਣਤਾ ਤੇ ਹੱਸਣ ਦੀ ਪ੍ਰਵਿਰਤੀ ਅੱਜਕੱਲ ਭਾਰੂ ਰੂਪ ਵਿਚ ਪਾਈ ਜਾਂਦੀ ਹੈ। ਸੁਧੀਸ਼ ਪਚੌਰੀ ਅਨੁਸਾਰ,"ਅਸੀਂ ਵੇਖ ਸਕਦੇ ਹਾਂ ਕਿ ਤਕਨੀਕ ਨੇ ਅਰਥ ਖੇਤਰ, ਰਾਜਨੀਤਕ ਖੇਤਰ, ਆਰਾਮ ਦੇ ਵਕਤ ਅਤੇ ਸੈਕਸ, ਮਾਨਵੀ ਸਬੰਧਾਂ ਦੇ ਬਹੁਤ ਸਾਰੇ ਰੂਪਾਂ, ਖੇਡਾਂ, ਧਰਮ, ਦਵਾਈ, ਜਨ ਸੰਚਾਰ ਅਤੇ ਸਾਡੀ ਚੇਤਨਾ ਦੇ ਅਖੰਡ ਖੇਤਰਾਂ ਨੂੰ ਰੌਂਦ ਦਿੱਤਾ ਹੈ। ਪਹਿਲਾਂ ਤਕਨੀਕ ਕਿਸੇ ਇੱਕ ਸਭਿੱਅਤਾ ਤੇ ਇਕ ਸੰਸਕ੍ਰਿਤਕ ਉਪ-ਅੰਗ ਦੇ ਰੂਪ ਵਿਚ ਰਹਿੰਦੀ ਸੀ। ਹੁਣ ਤਕਨੀਕ ਨੇ ਸਮੁੱਚੀ ਸੱਭਿਅਤਾ ਨੂੰ ਆਪਣੇ ਨਿਯੰਤਰਣ ਵਿਚ ਲੈ ਲਿਆ ਹੈ।"(*ਉੱਤਰ ਆਧੁਨਿਕਤਾ ਔਰ ਉੱਤਰ ਸੰਰਚਨਾਵਾਦ* 41.) ਸੋਸ਼ਲ ਮੀਡੀਆ ਉੱਤੇ ਅੱਜਕੱਲ ਕਿਸੇ ਦਾ ਵੀ ਮਜ਼ਾਕ ਉਡਾਉਣਾ ਆਮ ਵੇਖਣ ਵਿਚ ਆਉਂਦਾ ਹੈ। ਹੋਰ ਤਾਂ ਹੋਰ ਜੇਕਰ ਕੋਈ ਕਿਸੇ ਦੀਨ ਦੁਖੀ ਦੀ ਮੱਦਦ ਵੀ ਕਰਦਾ ਹੈ ਤਾਂ ਉਹ ਸੋਸ਼ਲ ਮੀਡੀਆ ਤੇ ਲਾਈਵ ਹੋ ਕੇ ਆਪਣੀ ਫੋਕੀ ਵਾਹ-ਵਾਹੀ ਖਾਤਰ ਉਸ ਗਰੀਬ ਦਾ ਤਮਾਸ਼ਾ ਬਣਾ ਦਿੰਦਾ ਹੈ। ਇਸ ਵਰਤਾਰੇ ਨੂੰ ਭਗਤ ਬਾਣੀ ਵਿਚਲਾ ਪ੍ਰਵਚਨ ਇਸ ਤਰ੍ਹਾਂ ਦੀ ਪ੍ਰਵਿਰਤੀ ਦਾ ਪਰਦਾਫਾਸ਼ ਕਰਦਾ ਹੈ।

ਆਪੁ ਗਏ ਅਉਰਨ ਹੂ ਖੋਵਹਿ॥

ਆਗਿ ਲਗਾਇ ਮੰਦਰ ਮੈ ਸੋਵਹਿ॥

ਅਵਰਨ ਹਸਤ ਆਪ ਹਹਿ ਕਾਂਨੇ॥

ਤਿਨ ਕਉ ਦੇਖਿ ਕਬੀਰ ਲਜਾਨੇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 332.)

ਸਨਾਤਨੀ ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਪਰੰਪਰਾ ਵਿਚ ਮੁਕਤੀ ਪ੍ਰਾਪਤ ਕਰਨ ਲਈ ਤਪੱਸਿਆ, ਤਿਆਗ, ਮੱਠਵਾਦ, ਭਿਕਸ਼ੂਪੁਣਾ ਅਤੇ ਸੰਨਿਆਸ ਆਦਿ ਸਾਧਨਾ ਉੱਤੇ ਜ਼ੋਰ ਦਿੰਦੀ ਸੀ। ਪਰੰਤੂ ਗੁਰਮਤਿ ਪਰੰਪਰਾ ਵਿਚ ਗੁਰੂਆਂ ਨੇ ਉਨ੍ਹਾਂ ਦੇ ਉਸ ਵਿਵਹਾਰ ਨੂੰ ਜਿਹੜੇ ਜੀਵਨ ਦੀ ਲੜਾਈ ਲੜਨ ਤੋਂ ਬੇਮੁੱਖ ਹੁੰਦੇ ਹਨ, ਨੂੰ ਪੂਰੀ ਤਰ੍ਹਾਂ ਅਸਵੀਕਾਰ ਕੀਤਾ ਹੈ। ਕਬੀਰ ਜੀ ਮਨ ਨੂੰ ਖੋਜਣ ਦਾ ਭਾਵ ਆਤਮ-ਚਿੰਤਨ ਦਾ ਸੰਕਲਪ ਪੇਸ਼ ਕਰਦੇ ਹਨ। ਮਨ ਨੂੰ ਖੋਜਣ ਨਾਲ ਇਨਸਾਨੀ ਦਵੇਸ਼ ਖਤਮ ਹੋ ਜਾਂਦੇ ਹਨ ਅਤੇ ਸਭਨਾਂ ਵਿਚ ਵਿਆਪਤ ਇਕੋ ਤੱਤ ਪ੍ਰਤੀ ਦ੍ਰਿਸ਼ਟੀਕੋਣ ਪੈਦਾ

ਹੁੰਦਾ ਹੈ। ਇਸ ਇਕੋ ਤੱਤ ਦੀ ਸਮਝ ਦੁਆਰਾ ਉੱਤਰ-ਆਧੁਨਿਕ ਪਰਿਪੇਖ ਵਿਚ ਫੈਲੇ ਪਖੰਡਾਂ ਪ੍ਰਤੀ ਸੇਧ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸੁ ਮਨ ਕਉ ਕੋਈ ਖੋਜਹੁ ਭਾਈ॥

ਤਨ ਛੂਟੇ ਮਨੁ ਕਹਾ ਸਮਾਈ॥ (330.)

ਸਮਾਜ ਵਿਚਲੇ ਪਖੰਡਾਂ ਪ੍ਰਤੀ ਭਗਤ ਬਾਣੀ ਸੁਚੇਤ ਰੂਪ ਵਿਚ ਆਪਣਾ ਪ੍ਰਵਚਨ ਉਸਾਰਦੀ ਹੈ। ਸ਼ਰਾਧਾਂ ਵਿਚ ਆਪਣੇ ਮਰੇ ਹੋਏ ਪਿਤਰਾਂ ਨੂੰ ਖਾਣਾ ਖਵਾਉਣ ਦਾ ਰਿਵਾਜ ਅਜੋਕੇ ਸਮਾਜ ਅੰਦਰ ਵੀ ਪਾਇਆ ਜਾਂਦਾ ਹੈ। ਤ੍ਰਾਸਦੀ ਤਾਂ ਇਹ ਹੈ ਕਿ ਜਿਸ ਧਰਮ ਵਿਚ ਇਸ ਵਰਤਾਰੇ ਪ੍ਰਤੀ ਖੰਡਨ ਦੀ ਪ੍ਰਵਿਰਤੀ ਹੋਣੀ ਚਾਹੀਦੀ ਸੀ ਉਸ ਨੂੰ ਮੰਨਣ ਵਾਲੇ ਲੋਕ ਵੀ ਪੰਡਤ ਦੀ ਥਾਂ ਗ੍ਰੰਥੀ ਦੁਆਰਾ ਆਪਣੇ ਪਿਤਰਾਂ ਨੂੰ ਭੋਜਨ ਪਹੁੰਚਾਉਣ ਦੇ ਅਮਲ ਵਿਚ ਲੱਗੇ ਹੋਏ ਹਨ। ਇਸ ਵਿਚ ਖਾਣਾ ਕਾਵਾਂ ਨੂੰ ਵੀ ਪਾਇਆ ਜਾਂਦਾ ਹੈ ਤਾਂ ਕਿ ਉਹ ਪਿਤਰਾਂ ਤੱਕ ਪਹੁੰਚ ਜਾਵੇ। ਭਗਤ ਬਾਣੀ ਇਸ ਤਰ੍ਹਾਂ ਦੇ ਪਾਖੰਡਾਂ ਪ੍ਰਤੀ ਸੁਚੇਤ ਕਰਦੀ ਹੈ ਅਤੇ ਵਿਅੰਗ ਦੁਆਰਾ ਆਤਮਾ ਦੀ ਅਮਰਤਾ ਨੂੰ ਸਥਾਪਿਤ ਕਰਦੀ ਹੈ।

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥

ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥(332.)

ਇਸ ਦੇਹ ਦੀ ਨਾਸ਼ਮਾਨਤਾ ਅਤੇ ਆਤਮਾ ਦੀ ਅਮਰਤਾ ਵਿਚਲੇ ਦਵੰਦ ਦੁਆਰਾ ਭਗਤ ਬਾਣੀ ਮਨੁੱਖ ਦੀ ਹੋਣੀ ਵੱਲ ਸੰਕੇਤ ਕਰਦੀ ਹੈ। ਜਦੋਂ ਸਭ ਕੁਝ ਇਥੋਂ ਤੱਕ ਕਿ ਦੇਹ ਵੀ ਮਿੱਟੀ ਵਿਚ ਮਿਲ ਜਾਣੀ ਹੈ ਤਾਂ ਆਤਮਾ ਜੋ ਅਮਰ ਹੈ ਅਤੇ ਸਾਰਿਆਂ ਵਿਚ ਵਿੱਦਮਾਨ ਹੈ, ਦੀ ਏਕਤਾ ਦਾ ਸੂਤਰਪਾਤ ਕਰਕੇ ਸਮਾਜ ਵਿਚੋਂ ਦੂਈ-ਦਵੈਤ ਜਿਹਾ ਕੋਹੜ ਸਮਾਪਤ ਕਰਨਾ ਚਾਹੀਦਾ ਹੈ।

ਅਨਿਕ ਜਤਨ ਕਰਿ ਕਾਇਆ ਪਾਲੀ॥

ਮਰਤੀ ਬਾਰ ਅਗਨਿ ਸੰਗਿ ਜਾਲੀ॥ (325.)

ਅਤੇ

ਚੋਆ ਚੰਦਨੁ ਮਰਦਨੁ ਅੰਗਾ॥

ਸੋ ਤਨੁ ਜਲੈ ਕਾਠ ਕੈ ਸੰਗਾ॥ (325.)

ਕਬੀਰ ਜੀ ਦੀ ਉੱਤਰ-ਆਧੁਨਿਕ ਸੋਚ ਇਹ ਦਰਸਾਉਂਦੀ ਹੈ ਕਿ ਮੁਕਤੀ ਦਾ ਅਸਲ ਕੇਂਦਰ ਸਮਾਜਿਕ ਜੀਵਨ ਵਿਚ ਰਹਿੰਦਿਆਂ ਸ਼ਕਤੀ ਦੇ ਇਕੋ ਇਕ ਕੇਂਦਰੀ ਸੱਚ (ਪਰਮਾਤਮਾ) ਨਾਲ ਜੁੜਨਾ ਹੈ ਜਿਸ ਦੀ ਰਸਾਈ ਪਾਰਲੌਕਿਕ ਸੰਦਰਭ ਦੇ ਸੱਚ ਨਾਲ ਹੈ। ਕਬੀਰ ਜੀ ਦੀ ਵਿਚਾਰਧਾਰਾ ਦੀ ਬੁਨਿਆਦ ਅਜਿਹੀ ਗਿਆਨ-ਮੂਲਕ ਸਮਝ ਹੈ ਜੋ ਆਪਣੀ ਸਮੁੱਚੀ ਪ੍ਰਕਿਰਿਆ ਨੂੰ ਬਹੁ-ਸੰਵਾਦਕਤਾ, ਬਹੁ-ਸੁਰੇਪਣ ਅਤੇ ਵੰਨ-ਸੁਵੰਨਤਾ ਨਾਲ ਪ੍ਰੇਰਿਤ ਚਿਹਨੀਕਰਨ ਦੀ ਪ੍ਰਕਿਰਿਆ ਰਾਹੀਂ ਗਤੀਸ਼ੀਲ ਕਰਦੀ ਹੈ।

ਸਨਕਾਦਿਕ ਨਾਰਦ ਮੁਨਿ ਸੇਖਾ॥

ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥

ਇਸੁ ਮਨ ਕਉ ਕੋਈ ਖੋਜਹੁ ਭਾਈ॥

ਤਨ ਛੂਟੇ ਮਨੁ ਕਹਾ ਸਮਾਈ॥ (330.)

ਜਾ

ਕਹੁ ਕਬੀਰ ਇਹੁ ਰਾਮ ਕੀ ਅੰਸੁ॥

ਜਸ ਕਾਗਦ ਪਰ ਮਿਟੈ ਨ ਮੰਸੁ॥ (871.)

ਅਤੇ

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥

ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ॥(477.)

ਇਸ ਤਰਾਂ ਇਹ ਸਪੱਸ਼ਟ ਹੈ ਕਿ ਕਬੀਰ ਬਾਣੀ ਵਿਚ ਦੇਹ ਦੀ ਸਹੀ ਪਰਿਭਾਸ਼ਾ ਪ੍ਰਗਟ ਹੋਈ ਹੈ। ਇਸ ਦੇ ਨਾਲ ਹੀ ਭਗਤੀ ਕਾਵਿ ਵਿਚ ਵਿਚਾਰ ਦੀ ਪ੍ਰਧਾਨਤਾ ਵੀ ਵੇਖਣ ਨੂੰ ਮਿਲਦੀ ਹੈ। ਕਬੀਰ ਜੀ ਆਪਣੀ ਰਚਨਾ ਵਿਚ

ਸਾਰੇ ਜੀਵਾਂ ਵਿਚ ਇਕੋ ਹੀ ਪਰਮ ਤੱਤ ਦੀ ਹੋਂਦ ਸਿੱਧ ਕਰਦੇ ਹਨ। ਜਦੋਂ ਸਭਨਾਂ ਅੰਦਰ ਇਕੋ ਜੋਤ ਵਿੱਦਮਾਨ ਹੈ ਤਾਂ ਊਚ-ਨੀਚ ਦੀ ਕਲਪਨਾ ਕਰਨਾ ਹੀ ਵਿਅਰਥ ਹੈ। ਇਸ ਨਾਲ ਉੱਤਰ-ਆਧੁਨਿਕ ਸੋਚ ਵਿਚ ਜੋ ਦੇਹ ਦੀ ਪ੍ਰਮੁੱਖਤਾ ਦਾ ਸੰਕਲਪ ਪੈਦਾ ਹੋਇਆ ਹੈ ਉਸ ਪ੍ਰਤੀ ਸੰਤੁਲਿਤ ਪਹੁੰਚ ਅਤੇ ਸਹੀ ਪਰਿਭਾਸ਼ਾ ਇਸ ਰਚਨਾ ਰਾਹੀਂ ਸਾਹਮਣੇ ਆਉਂਦੀ ਹੈ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥(1349.)

ਅਜੋਕੇ ਸਮੇ ਅੰਦਰ ਮਨੁੱਖ ਦੇਹ ਦੀਆਂ ਪ੍ਰਵਿਰਤੀਆਂ ਅਗਰਭੂਮਿਤ ਹੋਣ ਲੱਗ ਪਈਆਂ ਹਨ। ਡਾ. ਰਾਜਿੰਦਰ ਪਾਲ ਸਿੰਘ ਦਾ ਕਥਨ ਹੈ,"ਉੱਤਰ-ਆਧੁਨਿਕ ਸਮੇਂ ਵਿਚ ਦੇਹ ਮੂਲਕ ਪ੍ਰਵਿਰਤੀ ਨੇ ਸਾਰੀਆਂ ਆਧੁਨਿਕ ਕੋਸ਼ਿਸ਼ਾਂ ਦੇ ਬਾਵਜੂਦ ਆਪਣਾ ਆਪ ਮੁੜ ਪ੍ਰਗਟਾਉਣਾ ਸੁਰੂ ਕਰ ਦਿੱਤਾ।"(*ਉਤਰ-ਆਧੁਨਿਕਤਾ* 34.) ਇਸ ਪ੍ਰਵਿਰਤੀ ਅਧੀਨ ਹੀ ਅਜੋਕਾ ਮਨੁੱਖ ਸਮੱਸਿਆਗ੍ਰਸਤ ਹੋ ਰਿਹਾ ਹੈ। ਅੱਜ ਜ਼ਰੂਰਤ ਸੰਤੁਲਿਤ ਪਹੁੰਚ ਦੀ ਪ੍ਰਮੁੱਖਤਾ ਦੀ ਹੈ ਨਾਂ ਕਿ ਇਕੱਲੀ ਦੇਹਮੂਲਕ ਪ੍ਰਵਿਰਤੀ ਦੀ, ਇਸ ਨਾਲ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਡਾ. ਰਾਜਿੰਦਰ ਪਾਲ ਸਿੰਘ ਇਸ ਪ੍ਰਵਿਰਤੀ ਨੂੰ ਅਜੋਕੇ ਸਮੇ ਅੰਦਰ ਹਥਿਆਰ ਦੇ ਰੂਪ ਵਿਚ ਸਾਹਮਣੇ ਆਉਣ ਦਾ ਵਰਨਣ ਕਰਦੇ ਹੋਏ ਲਿਖਦੇ ਹਨ :

> ਉਤਰ-ਆਧੁਨਿਕਤਾ ਨੇ ਮਾਨਵ ਦੇ ਦੇਹੀ ਸੱਚ ਨੂੰ ਪਛਾਣਿਆਂ, ਪ੍ਰਵਾਨਿਆਂ ਅਤੇ ਪ੍ਰਮਾਣਿਕਤਾ ਦਿੱਤੀ ਹੈ। ਦੇਹ ਦੀ ਮਹੱਤਤਾ ਨੂੰ ਵਿਸ਼ਵ ਵਪਾਰ ਕੇਂਦਰਾਂ ਉਪਰ ਕੀਤੇ ਆਤਮਘਾਤੀ ਹਮਲਿਆਂ ਨੇ ਮੁੜ ਉਜਾਗਰ ਕਰ ਦਿੱਤਾ ਹੈ। ਹਮਲਾਵਰਾਂ ਨੇ ਆਪਣੀ ਦੇਹ ਨੂੰ ਹਥਿਆਰ ਵਜੋਂ ਵਰਤਿਆ ਹੈ। ਇਸਦੇ ਵੱਡੇ ਵਿਚਾਰਧਾਰਕ ਅਰਥ ਹਨ। (34.)

ਭਗਤ ਬਾਣੀ ਇਸ ਬਾਰੇ ਆਪਣਾ ਵਿਚਾਰ ਰੂਪੀ ਮਾਡਲ ਪੇਸ਼ ਕਰਦੀ ਹੈ। ਇਸ ਦ੍ਰਿਸ਼ਟੀ ਵਿਚਲਾ ਉੱਤਰ-ਆਧੁਨਿਕ ਪਰਿਪੇਖ ਇਸ ਲਈ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਅੱਜ ਮਨੁੱਖਤਾ ਨੂੰ ਬਚਾਉਣ ਲਈ ਇਕ ਰਾਹ ਵਿਚਾਰ ਚਿੰਤਨ ਰੂਪੀ ਸੰਵਾਦ ਵਿੱਚੋਂ ਹੀ ਨਿਕਲਦਾ ਦਿਖਾਈ ਦੇ ਰਿਹਾ ਹੈ। ਫੋਨਟਾਨਾ ਪੋਸਟ ਮਾਡਰਨ ਰੀਡਰ ਵਿਚ ਉੱਤਰ-ਆਧੁਨਿਕ ਸੋਚ ਸਬੰਧੀ ਵਰਣਿਤ ਹੈ :

> The basic idea of Postmodern thought are not new for centuries. Philosophers have been individual by discovering the symbolic environment and spiritual teachers have been instructing their followers in path of liberation from the self-encouraging them to reconstruct identity. (Anderson. (Ed.) *The Fontana Post Modernism Reader* 218.)

ਅਰਥਾਤ,"ਉੱਤਰ-ਆਧੁਨਿਕ ਸੋਚ ਦਾ ਮੂਲ ਵਿਚਾਰ ਕੋਈ ਨਵਾਂ ਨਹੀਂ ਫਿਲਾਸਫਰ, ਸਦੀਆਂ ਤੋਂ ਹੀ ਨਿੱਜੀ ਤੋਰ ਤੇ ਇਕ ਚਿਹਨਕੀ ਵਾਤਾਵਰਣ ਦੀ ਖੋਜ ਕਰ ਰਹੇ ਹਨ ਅਤੇ ਅਧਿਆਤਮਕ ਆਗੂ ਆਪਣੇ ਸਿਖਿਆਰਥੀਆਂ ਨੂੰ ਨਿੱਜ (ਹਉਮੈ) ਤੋਂ ਆਜ਼ਾਦੀ ਪ੍ਰਾਪਤ ਕਰਨ ਦਾ ਰਸਤਾ ਵਿਖਾ ਰਹੇ ਹਨ। ਉਨ੍ਹਾਂ ਨੂੰ ਦੁਬਾਰਾ ਤੋਂ ਆਪਣੀ ਪਛਾਣ ਬਨਾਉਣ ਲਈ ਉਤਸ਼ਾਹਿਤ ਕਰ ਰਹੇ ਹਨ।" ਭਗਤ ਬਾਣੀ ਵਿਚਲੀਆਂ ਅੰਤਰ-ਦ੍ਰਿਸ਼ਟੀਆਂ ਮਨੁੱਖਤਾ ਲਈ ਇਕ ਅਜਿਹਾ ਮੱਧ-ਮਾਰਗ ਸਿਰਜਦੀਆਂ ਦਿਖਾਈ ਦਿੰਦੀਆਂ ਹਨ ਜਿਸ ਦਾ ਪਾਂਧੀ ਬਣ ਕੇ ਸੰਸਾਰ ਭਰ ਵਿਚ ਸਹਿਹੋਂਦ, ਸ਼ਾਂਤੀ ਅਤੇ ਵਿਸ਼ਵਾਸ ਦਾ ਵਾਤਾਵਰਣ ਸਹਿਜੇ ਹੀ ਸਿਰਜਿਆ ਜਾ ਸਕਦਾ ਹੈ।

### 2.5 ਕੇਂਦਰ ਅਤੇ ਹਾਸ਼ੀਆਗਤ (ਭਾਸ਼ਾ/ਜਾਤੀਗਤ) :

ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸਮੂਹ ਆਪਣੇ ਆਪ ਨੂੰ ਪ੍ਰਗਟਾਉਂਣ ਲਈ ਗਤੀਸ਼ੀਲ ਹਨ। ਅਜੋਕੇ ਸਮੇਂ ਵਿਚ ਸਦੀਆਂ ਤੋਂ ਲਿਤਾੜੇ ਅਤੇ ਹਾਸ਼ੀਆਗਤ ਕੀਤੇ ਗਏ ਲੋਕਾਂ ਦੁਆਰਾ ਆਪਣੀ ਹੋਂਦ ਪ੍ਰਤੀ ਸੁਚੇਤ ਰੂਪ

ਵਿਚ ਯਤਨ ਹੋ ਰਹੇ ਹਨ। ਇਨ੍ਹਾਂ ਸਮੂਹਾਂ ਦਾ ਸਦੀਆਂ ਤੋਂ ਹਾਸ਼ੀਆਗਤ ਹੋ ਕੇ ਪ੍ਰਾਪਤ ਕੀਤਾ ਅਨੁਭਵ ਕਈ ਰੂਪਾਂ ਵਿਚ ਸਾਹਮਣੇ ਆ ਰਿਹਾ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸੰਤ ਰਾਮਾਨੰਦ ਦੀ ਹੱਤਿਆ ਤੋਂ ਬਾਅਦ ਪੈਦਾ ਹੋਏ ਹਾਲਾਤ ਅਤੇ ਦਿੱਲੀ ਵਿਚ ਢਾਹੇ ਗਏ ਰਵਿਦਾਸ ਮੰਦਿਰ ਦੇ ਵਿਰੋਧ ਵਿਚ ਕੀਤੇ ਪ੍ਰਤੀਕਰਮ ਦੁਆਰਾ ਅਸੀਂ ਇਸ ਸਥਿਤੀ ਨੂੰ ਸਮਝ ਸਕਦੇ ਹਾਂ। ਇਸੇ ਤਰ੍ਹਾਂ ਸਾਹਿਤ ਵਿਚ ਵੀ ਇਸ ਪ੍ਰਗਟਾਵੇ ਨੂੰ ਸਮਝਿਆ ਜਾ ਸਕਦਾ ਹੈ। ਇਸ ਪ੍ਰਸੰਗ ਵਿਚ ਡਾ. ਮਨਮੋਹਨ ਦਾ ਕਥਨ ਵਿਚਾਰਿਆ ਜਾ ਸਕਦਾ ਹੈ।"ਕੋਈ ਛੋਟਾ ਸਭਿਆਚਾਰ, ਸਮੂਹ ਤੇ ਨਿੱਜੀ ਬੰਦਾ ਕਈ ਸੰਭਾਵਨਾਵਾਂ ਦਾ ਮਿਲਗੋਭਾ ਹੁੰਦਾ ਹੈ ਜੋ ਨਵੇਂ ਰੂਪਾਂ ਤੇ ਪ੍ਰਗਟਾਵਿਆਂ ਨੂੰ ਜਨਮ ਦਿੰਦਾ ਹੈ।" (*ਕਾਵਿ-ਸ਼ਾਸਤਰ* (ਅੰਕ 12) ਉਤਰ-ਆਧੁਨਿਕਤਾ ਤੋਂ ਬਾਅਦ ਦਾ ਚਿੰਤਨ 15.)

ਸਮੇ ਦੀ ਗਤੀਸ਼ੀਲਤਾ ਵਿਚ ਵੱਖ-ਵੱਖ ਵਰਤਾਰੇ ਕੇਂਦਰ ਵਿਚ ਆਪਣਾ ਸਥਾਨ ਬਣਾ ਲੈਂਦੇ ਹਨ। ਇਸ ਸਭ ਵਿਚ ਕੁਝ ਵਰਤਾਰੇ ਵਿਚ ਜਿਥੇ ਆਪਣਾ ਸਥਾਨ ਕੇਂਦਰ ਵਿਚ ਪੱਕਾ ਕਰਦੇ ਹਨ ਉੱਥੇ ਬਾਕੀ ਹਾਸ਼ੀਏ ਤੇ ਧੱਕੇ ਜਾਂਦੇ ਹਨ। ਭਾਸ਼ਾ ਇਕ ਵਰਤਾਰੇ ਦੇ ਰੂਪ ਵਿਚ ਕਾਰਜਸ਼ੀਲ ਹੈ। ਭਾਸ਼ਾ ਸੰਚਾਰ ਲਈ ਪ੍ਰਮੁੱਖ ਮਾਧਿਅਮ ਹੈ ਪਰੰਤੂ ਜਾਤੀਗਤ ਭਾਸ਼ਾਵਾਂ ਜੋ ਕਿ ਆਪਣੇ ਆਪ ਵਿਚ ਤਾਂ ਮਹੱਤਵ ਦੀਆਂ ਧਾਰਨੀ ਹਨ ਹੀ ਪਰ ਵੱਡੇ ਪਰਿਪੇਖ ਵਿਚ ਉਨ੍ਹਾਂ ਦੀ ਹੋਂਦ ਹਾਸ਼ੀਆਗਤ ਹੁੰਦੀ ਹੈ। ਵਿਸ਼ਵ ਪੱਧਰ ਉੱਤੇ ਅੰਗਰੇਜ਼ੀ ਭਾਸ਼ਾ ਦੀ ਇਜਾਰੇਦਾਰੀ ਅਤੇ ਭਾਰਤੀ ਪ੍ਰਸੰਗ ਵਿਚ ਹਿੰਦੀ ਜਿਹੀ ਭਾਸ਼ਾ ਦੇ ਸਥਾਨ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਭਗਤ ਬਾਣੀ ਦਾ ਰਚਨਾ ਕਾਲ ਮੱਧਕਾਲ ਦਾ ਹੈ। ਇਸ ਸਮੇਂ ਭਾਰਤ ਵਿਚ ਸੰਸਕ੍ਰਿਤ ਭਾਸ਼ਾ ਨੂੰ ਹੀ ਉੱਤਮ ਸਾਹਿਤ ਮਾਧਿਅਮ ਸਮਝਿਆ ਜਾਂਦਾ ਸੀ। ਇਸ ਦਾ ਕਾਰਨ ਇਸ ਭਾਸ਼ਾ ਦਾ ਦਾਇਰਾ ਰਾਜਾ ਸ਼੍ਰੇਣੀ ਅਤੇ ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕਾਂ ਤੱਕ ਮਹਿਦੂਦ ਸੀ। ਭਾਰਤ ਵਿਚ ਇਸਲਾਮ ਦੇ ਆਗਮਨ ਨਾਲ ਮੱਧਕਾਲ ਵਿਚ ਭਾਰਤ ਵਿਚ ਅਰਬੀ ਫਾਰਸੀ ਜਿਹੀਆਂ ਭਾਸ਼ਾਵਾਂ ਨੇ ਪੈਰ ਪਸਾਰ ਲਏ। ਪਰ ਇਸ ਸਭ ਦੇ ਬਾਵਜੂਦ ਇਹ ਭਾਸ਼ਾਵਾਂ ਜਨ ਭਾਸ਼ਾਵਾਂ ਨਾਂ ਬਣ ਸਕੀਆਂ। ਇਸ ਦਾ ਕਾਰਨ ਆਮ ਲੋਕਾਂ ਦੇ ਭਾਵਾਂ ਦੀ ਪੇਸ਼ਕਾਰੀ ਇਨ੍ਹਾਂ ਦੁਆਰਾ ਅਸੰਭਵ ਕਾਰਜ ਸੀ। ਭਗਤ ਕਵੀਆਂ ਨੇ ਆਪਣੀਆਂ ਰਚਨਾਵਾਂ ਦਾ ਮਾਧਿਅਮ ਜਨ ਭਾਸ਼ਾਵਾਂ ਨੂੰ ਬਣਾਇਆ ਕਿਉਂਕਿ ਉਹ ਹਾਸ਼ੀਆਗਤ ਸਮੂਹਾਂ ਨਾਲ ਖੜੇ ਸਨ। ਮਨੁੱਖ ਨੂੰ ਮੁਕਤ ਕਰਨ

ਦੇ ਸੁਪਨੇ ਨੂੰ ਵੱਡੇ ਪੱਧਰ ਤੇ"ਉਚ ਵਰਗ ਜਾਂ ਕੁਲੀਨ ਬ੍ਰਾਹਮਣ ਦੀ ਸੰਸਕ੍ਰਿਤ ਜਾਂ ਕੁਲੀਨ ਸ਼ਾਸਕ ਵਰਗ ਪਰਸ਼ੀਅਨ ਦੀ ਥਾਂ ਗੁਰੂਆਂ ਨੇ ਭਾਂਤ ਦੀਆਂ ਜਾਤਾਂ ਵਰਣਾਂ ਦੇ ਹਾਸ਼ੀਆ ਕ੍ਰਿਤ ਲੋਕਾਂ ਦੁਆਰਾ ਵਰਤੀ ਭਾਸ਼ਾ ਤੇ ਲਿਪੀ ਨੂੰ ਆਪਣੇ ਪ੍ਰਵਚਨ ਦਾ ਮਾਧਿਅਮ ਬਣਾਇਆ। ਦੇਵ ਨਾਗਰੀ ਵਜੋਂ ਸਨਮਾਨੀ ਗਈ ਕੁਲੀਨ ਲਿਪੀ ਦੀ ਥਾਂ ਉਨ੍ਹਾਂ ਸਥਾਨਕ ਅਣਗੌਲੀ ਲਿਪੀ ਨੂੰ ਵਰਤਿਆ ਜਿਸ ਨੂੰ ਪਿਛੋਂ ਲੋਕਾਂ ਨੇ ਗੁਰਮੁਖੀ ਦਾ ਨਾਮ ਦਿਤਾ। ਆਮ ਆਦਮੀ ਦੀ ਭਾਸ਼ਾ ਨੂੰ ਸਜਾਇਆ ਸੰਵਾਰਿਆ ਤੇ ਵਰਤਿਆ।" (ਧੀਰ. *ਨਾਨਕ ਪ੍ਰਕਾਸ਼ ਪੱਤ੍ਰਿਕਾ : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ* 12.) ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਬਾਰੇ ਡਾ. ਕੁਲਦੀਪ ਸਿੰਘ ਧੀਰ ਦਾ ਇਹ ਕਥਨ ਗੌਲਣਯੋਗ ਹੈ :

> ਪਾਨਿਣੀ ਦੇ ਅਨੁਸ਼ਾਸਨ ਵਾਲੀ ਸੰਸਕ੍ਰਿਤੀ ਵਿਚ ਵਖਰੇਵੇਂ ਲਈ ਕੋਈ ਥਾਂ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਵਿਚ ਹਰ ਪ੍ਰਕਾਰ ਦੇ ਭਾਸ਼ਾਈ ਉਪਭਾਸ਼ਾਈ ਰੰਗ ਵਿਖਰੇ ਹੋਏ ਹਨ। ਵਿਸ਼ਾਲ ਭਾਰਤ ਦੇ ਹਰ ਕੋਨੇ ਦੇ ਸ਼ਬਦ ਇਸ ਵਿਚ ਸੰਮਿਲਤ ਹਨ। ਹਰ ਅੰਦਾਜ਼ ਹੈ। ਹਰ ਰੰਗ ਹੈ। ਹਰ ਕਿਸੇ ਨਾਲ ਸੰਵਾਦ ਲਈ ਸੰਭਾਵਨਾ ਹੈ ਇਸ ਭਾਸ਼ਾ ਵਿਚ। ਇਸ ਦੇ ਚਿਹਨਕਾਂ ਤੇ ਚਿਹਨਤਾਂ ਵਿਚ। ਗੁਰੂ, ਸੁਧਵਾਦੀ ਵੈਦਿਕ ਭਾਸ਼ਾ ਤੋਂ ਪਰ੍ਹਾਂ ਜਾ ਕੇ ਸਥਾਨਕ ਭਾਸ਼ਾ ਤੋਂ ਪਰ੍ਹਾਂ ਜਾ ਕੇ ਸਥਾਨਕ ਭਾਸ਼ਾ ਨੂੰ ਅਧਿਆਤਮਕ, ਸੱਤਾ ਵਿਰੋਧੀ ਤੇ ਲੋਕ ਮੁਖੀ ਸੁਰ ਪ੍ਰਦਾਨ ਕਰਦੇ ਹਨ।(12.)

ਭਗਤ ਕਵੀ ਜ਼ਿਆਦਾਤਰ ਖੁਦ ਕਥਿਤ ਨੀਵੀਆਂ ਜਾਤੀਆਂ ਵਿਚੋਂ ਸਨ, ਜਿਸ ਕਾਰਨ ਉਨ੍ਹਾਂ ਦੀ ਭਾਸ਼ਾ ਵਿਚ ਆਪਣੀ ਜਾਤੀ ਦੀ ਅਣਦੇਖੀ ਦਾ ਦਰਦ ਵੀ ਹੈ ਅਤੇ ਆਪਣੇ ਕਿੱਤੇ ਨਾਲ ਸਬੰਧਿਤ ਚਿਹਨਾਂ ਦੁਆਰਾ ਆਪਣੀ ਗੱਲ ਕਹਿਣ ਦਾ ਜਿਗਰਾ ਵੀ ਹੈ। ਇਸ ਸੰਦਰਭ ਵਿਚ ਉਹ ਜਿੱਥੇ ਕੇਂਦਰ ਵਿਚਲੀ ਉੱਚ ਜਾਤੀ ਨਾਲ ਸੰਵਾਦ ਰਚਾਉਂਦੇ ਹਨ, ਨਾਲ ਹੀ ਭਾਸ਼ਾ ਦੇ ਪੱਧਰ ਤੇ ਵੀ ਆਪਣੀ ਹਾਸ਼ੀਆਕ੍ਰਿਤ ਹੋਂਦ ਨੂੰ ਪ੍ਰਗਟ ਕਰਦੇ ਹਨ। ਭਗਤ ਬਾਣੀ ਦੀ ਭਾਸ਼ਾ ਧਾਰਮਿਕ ਹੋਣ ਕਰਕੇ ਇਸ ਵਿਚ ਚਿੰਨ੍ਹ, ਪ੍ਰਤੀਕ, ਅਲੰਕਾਰਾਂ ਦੇ ਨਾਲ ਨਾਲ ਰਹੱਸਮਈ ਅਰਥ ਪ੍ਰਬੰਧ ਪਿਆ ਹੋਇਆ ਹੈ। ਕਮਾਲ ਦੀ ਗੱਲ ਇਹ ਹੈ ਕਿ ਇਹ ਭਾਸ਼ਾ ਆਮ ਆਦਮੀ ਦੇ ਨੇੜੇ ਦੀ ਭਾਸ਼ਾ ਹੈ। ਇਸ ਸਾਰੇ ਸੰਵਾਦ ਨੂੰ ਅਸੀ

ਇਨ੍ਹਾਂ ਦੀਆਂ ਰਚਨਾਵਾਂ ਦੁਆਰਾ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਭਗਤ ਰਵਿਦਾਸ ਜੀ ਆਪਣੀ ਜ਼ਾਤ ਦਾ ਉੱਲੇਖ ਬਹੁਤ ਸਪੱਸ਼ਟਤਾ ਨਾਲ ਕਰਦੇ ਹਨ। "ਭਗਤ ਜੀ ਨੇ ਆਪਣੀ ਜਾਤੀ ਦੇ ਕੰਮ ਬਾਰੇ ਨੰਗਾ ਸੱਚ ਕਹਿ ਕੇ ਸਾਰੀ ਜਾਤੀ ਨਾਲ ਸਦੀਆਂ ਤੋਂ ਨੱਥੀ ਕੀਤਾ ਹੋਇਆ ਪਛੜੇਵਾਂ ਕੁੰਜ ਵਾਂਗ ਲਾਹ ਕੇ ਪਿੱਛੇ ਸੁੱਟ ਦਿੱਤਾ। ਚਮਾਰ ਜਾਤੀ 'ਰਵਿਦਾਸੀਆ' ਬਣ ਗਈ। ਸਦੀਆਂ ਦੀ ਹੀਣਤਾ ਦੀ ਭਾਵਨਾ ਇਕ ਹਸਤੀ ਨੇ ਆਪਣੀ ਸਾਧਨਾ ਨਾਲ ਲਾਹ ਸੁੱਟੀ, ਦੈਵੀ ਹੁਲਾਰੇ ਨਾਲ ਅਸਮਾਨ ਛੋਂਹਦੀ ਉੱਚੀ ਪੀਂਘ ਚੜ੍ਹਾ ਦਿੱਤੀ।"(ਗਿਆਨੀ ਗੁਰਦਿੱਤ ਸਿੰਘ. *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ* 223.) ਇਹ ਭਗਤ ਕਵੀਆਂ ਦੀ ਵਿਸ਼ੇਸ਼ਤਾ ਹੈ ਕਿ ਉਹ ਆਪਣੀ ਜਾਤ ਸਬੰਧੀ ਕੋਈ ਲਾਗ ਲਪੇਟ ਨਾ ਰੱਖਦੇ ਹੋਏ ਬਹੁਤ ਸਪੱਸ਼ਟਤਾ ਨਾਲ ਬਿਆਨ ਕਰਦੇ ਹਨ।

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥(ਸ੍ਰੀ ਗੁਰੂ ਗ੍ਰੰਥ ਸਾਹਿਬ 1293.)

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥(1293.)

ਕਬੀਰ ਜੀ ਭਾਸ਼ਾ ਵਿਚ ਆਮ ਲੋਕਾਂ ਦੀ ਭਾਸ਼ਾ ਅਤੇ ਮੁਹਾਵਰੇ ਵਿਚ ਆਪਣੀ ਗੱਲ ਕਹਿਣ ਦੀ ਪ੍ਰਵਿਰਤੀ ਉੱਭਰਦੀ ਹੈ।

ਗੁਰ ਸੇਵਾ ਤੇ ਭਗਤਿ ਕਮਾਈ॥

ਤਬ ਇਹ ਮਾਨਸ ਦੇਹੀ ਪਾਈ॥

ਇਸ ਦੇਹੀ ਕਉ ਸਿਮਰਹਿ ਦੇਵ॥

ਸੋ ਦੇਹੀ ਭਜੁ ਹਰਿ ਕੀ ਸੇਵ॥

ਭਜਹੁ ਗੋਬਿੰਦ ਭੂਲਿ ਮਤ ਜਾਹੁ॥

ਮਾਨਸ ਜਨਮ ਕਾ ਏਹੀ ਲਾਹੁ॥ (1159.)

ਭਗਤ ਨਾਮਦੇਵ ਜੀ ਦੀ ਬਾਣੀ ਉੱਤੇ ਮਰਾਠੀ ਭਾਸ਼ਾ ਦਾ ਅਸਰ ਵੇਖਿਆ ਜਾ ਸਕਦਾ ਹੈ, ਜਿਸ ਨਾਲ ਆਮ ਜਨਸਧਾਰਨ ਦੀ ਸਥਾਨਕ ਭਾਸ਼ਾ ਵਿਚ ਆਪਣੀ ਗੱਲ ਕਹੀ ਹੈ। ਇਸ ਤਰ੍ਹਾਂ ਸਥਾਨਕਤਾ ਨੂੰ ਭਗਤ ਬਾਣੀ ਪ੍ਰਗਟਾਅ

ਦਾ ਮਾਧਿਅਮ ਬਣਾਉਂਦੀ ਹੈ। ਭਗਤਾਂ ਨੇ ਆਪਣੇ ਸਮੇ ਵਿਚ ਗਿਆਨ ਪ੍ਰਗਟਾਵੇ ਦੀਆਂ ਪ੍ਰਤੀਨਿੱਧ ਭਾਸ਼ਾਵਾਂ ਦੀ ਥਾਂ ਸਥਾਨਕ ਭਾਸ਼ਾਵਾਂ ਨੂੰ ਆਪਣੇ ਅਨੁਭਵ ਦਾ ਮਾਧਿਅਮ ਬਣਾਇਆ।

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ॥
ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ॥੧॥
ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ॥੧॥ਰਹਾਉ॥
ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ॥
ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ॥੨॥
ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ॥
ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ॥੩॥ (525.)

ਆਪਣੇ ਨਿੱਜੀ ਅਨੁਭਵ ਨੂੰ ਪ੍ਰਚੱਲਿਤ ਲੋਕ ਭਾਸ਼ਾਵਾਂ ਦੁਆਰਾ ਭਗਤ ਕਵੀਆਂ ਨੇ ਪੇਸ਼ ਕੀਤਾ। ਵਿਲੱਖਣਤਾ ਇਸ ਗੱਲ ਵਿਚ ਹੈ ਕਿ ਭਾਸ਼ਾ ਨੂੰ ਲੈ ਕੇ ਕੋਈ ਕੱਟੜਪੁਣਾ ਭਗਤ ਬਾਣੀ ਦਾ ਹਿੱਸਾ ਨਹੀਂ ਬਣਦਾ ਬਲਕਿ ਜਨ ਭਾਸ਼ਾ ਦੇ ਸਮਵਿੱਥ ਉੱਚ ਵਰਗ ਦੀ ਸੰਸਕ੍ਰਿਤ ਭਾਸ਼ਾ ਦੁਆਰਾ ਵੀ ਆਪਣਾ ਗਿਆਨ ਅਨੁਭਵ ਪੇਸ਼ ਕੀਤਾ ਗਿਆ ਹੈ।"ਭਾਸ਼ਾ ਦਾ ਫੋਕਸ, ਸਬਜੈਕਟ ਦੇ ਵਿਕੇਂਦਰੀਕਰਨ ਵੱਲ ਰੁਚਿਤ ਹੁੰਦਾ ਹੈ। ਨਿੱਜਤਾ ਆਪਣੇ ਆਪ ਨੂੰ ਅਭਿਵਿਅਕਤ ਕਰਨ ਲਈ ਭਾਸ਼ਾ ਦੀ ਵਰਤੋਂ ਨਹੀਂ ਕਰਦੀ ਸਗੋਂ ਭਾਸ਼ਾ ਹੀ ਵਿਅਕਤੀ ਰਾਹੀਂ ਬੋਲਦੀ ਹੈ। ਨਿੱਜ-ਵਾਦਤਾ ਹੀ ਇਕ ਸੱਭਿਆਚਾਰ ਅਤੇ ਇਸਦੀ ਭਾਸ਼ਾ ਲਈ ਮਾਧਿਅਮ ਬਣਦੀ ਹੈ।"(Anderson. *The Fortana Post-Modernism Reader* 22.) ਭਗਤ ਕਵੀਆਂ ਨੇ ਸਿਰਫ ਆਮ ਲੋਕਾਂ ਦੀ ਭਾਸ਼ਾ ਹੀ ਨਹੀਂ ਵਰਤੀ, ਬਲਕਿ ਭਗਤ ਬਾਣੀ ਦੀ ਇਹ ਵਿਲੱਖਣਤਾ ਹੈ ਕਿ ਇਹ ਹਰ ਵਰਗ ਨਾਲ ਆਪਣਾ ਰਾਬਤਾ ਕਾਇਮ ਕਰਦੀ ਹੈ। ਭਗਤ ਜੈਦੇਵ ਜੀ ਆਪਣੀ ਭਾਸ਼ਾ ਨੂੰ ਸੰਸਕ੍ਰਿਤ ਦੀ ਪੁੱਠ ਦਿੰਦੇ ਹਨ।

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥

ਪਰਮਦਭੁਤੰ ਪਰਕ੍ਰਿਤ ਪਰੰ ਜਦਿਚਿੰਤਿ ਸਰਬ ਗਤੰ॥(ਸ੍ਰੀ ਗੁਰੂ ਗ੍ਰੰਥ ਸਾਹਿਬ 526.)

ਇਸੇ ਪ੍ਰਕਾਰ ਭਗਤ ਪੀਪਾ ਜੀ ਦੀ ਰਚਨਾ ਉੱਤੇ ਸਥਾਨਕ ਰੰਗ ਮਿਲਦਾ ਹੈ।

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥(695.)

ਭਗਤ ਬਾਣੀ ਵਿਚ ਜਾਤੀਗਤ ਅਭਿਮਾਨ ਨੂੰ ਤਿਆਗਣ ਦੀ ਬਿਰਤੀ ਮਿਲਦੀ ਹੈ। ਇਸ ਸੰਦੇਸ਼ ਦੁਆਰਾ ਸਭ ਦੀ ਏਕਤਾ ਸਥਾਪਿਤ ਕਰਕੇ ਕੇਂਦਰ ਅਤੇ ਹਾਸ਼ੀਆਗਤ ਨੂੰ ਬਰਾਬਰ ਖੜਾ ਕਰ ਦਿੱਤਾ ਹੈ। ਸੁਧੀਸ਼ ਪਚੌਰੀ ਅਨੁਸਾਰ,"ਸਾਡੇ ਵਿਕਾਸ ਦੇ ਆਧੁਨਿਕ ਕੇਂਦਰੀਕ੍ਰਿਤ ਤਰੀਕੇ ਬਦਲ ਰਹੇ ਹਨ। ਕਲਿਆਣਕਾਰੀ ਰਾਸ਼ਟਰ-ਰਾਜ ਆਪਣੀ ਜਿੰਮੇਵਾਰੀਆਂ ਛੱਡ ਰਿਹਾ ਹੈ ਅਤੇ ਬਹੁਰਾਸ਼ਟਰੀ ਨਿੱਜੀ ਪੂੰਜੀ ਜੀਵਨ ਦੇ ਹਰ ਖੇਤਰ ਵਿਚ ਪ੍ਰਵੇਸ਼ ਕਰ ਰਹੀ ਹੈ। 'ਗਿਆਨ' ਦੀ ਥਾਂ 'ਉਪਭੋਗ' ਵਿਕਾਸ ਦਾ ਔਜ਼ਾਰ ਬਣ ਰਿਹਾ ਹੈ। ਵਿਚਾਰਧਾਰਕ ਕੇਂਦਰਵਾਦ ਵਿਖੰਡਿਤ ਹੋ ਰਿਹਾ ਹੈ। ਨਵੇਂ ਕੇਂਦਰ ਬਣ ਰਹੇ ਹਨ। ਕਿਤੇ ਉਹ ਹਿੰਦੂ, ਮੁਸਲਿਮ, ਸਿੱਖ ਧਾਰਮਿਕ ਕੇਂਦਰ ਹਨ ਕਿਤੇ ਜਾਤੀ ਰੂਪਾਂ ਵਿਚ, ਕਿਤੇ ਇਸਤ੍ਰੀ ਰੂਪਾਂ ਵਿਚ ਅਤੇ ਕਿਤੇ ਸੰਸਕ੍ਰਿਤਕ ਪਛਾਣਾਂ ਦੇ ਰੂਪ ਵਿਚ।"(*ਉੱਤਰ-ਆਧੁਨਿਕਤਾ ਔਰ ਉੱਤਰ ਸੰਰਚਨਾਵਾਦ* 7.) ਭਗਤ ਰਵਿਦਾਸ ਜੀ ਇਸ ਨੂੰ ਇਸ ਤਰ੍ਹਾਂ ਬਿਆਨ ਕਰਕੇ ਹਾਸ਼ੀਆਗਤ ਨੂੰ ਕੇਂਦਰ ਵਿਚ ਲਿਆਉਣ ਲਈ ਯਤਨਸ਼ੀਲ ਹਨ।

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 858.)

ਭਗਤ ਕਬੀਰ ਜੀ ਹਾਸ਼ੀਆਗਤ ਨੂੰ ਕੇਂਦਰ ਵਿਚ ਸਥਾਪਤ ਕਰਨ ਲਈ ਯਤਨਸ਼ੀਲ ਹਨ। ਆਪ ਜੀ ਸਭ ਨੂੰ ਇਕੋ ਹੀ ਪਰਮਾਤਮਾ ਦੇ ਨੂਰ ਤੋਂ ਉਪਜੇ ਹੋਏ ਮੰਨ ਕੇ ਆਪਣੀ ਇਸ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥(1349.)

ਭਗਤ ਬਾਣੀ ਵਿਚਲਾ ਗਿਆਨ ਜਾਤੀਗਤ ਬੰਦਿਸ਼ਾਂ ਨੂੰ ਨਕਾਰਦਾ ਹੋਇਆ ਅੱਗੇ ਵੱਧਦਾ ਹੈ। ਕਬੀਰ ਜਾਤੀ ਆਧਾਰ ਤੇ ਹਾਸ਼ੀਆਗਤ ਕੀਤੇ ਸਮੂਹਾਂ ਦੀ ਪਛਾਣ ਲਈ ਸਖਤ ਭਾਸ਼ਾ ਦਾ ਵੀ ਇਸਤੇਮਾਲ ਕਰਦੇ ਹਨ। ਭਾਸ਼ਾ ਦੇ ਆਧਾਰ ਤੇ ਭਗਤ ਬਾਣੀ ਦੀਆਂ ਉਦਾਹਰਣਾਂ ਕਮਾਲ ਦੀਆਂ ਹਨ। ਇੱਥੇ 'ਦੂਧ' ਦੇ ਸਮਵੱਥ 'ਲੋਹੂ' ਦਾ ਚਿਹਨ ਉਸਾਰ ਕੇ ਕਬੀਰ ਜੀ ਆਪਣੀ ਕਥਿਤ ਜਾਤੀ ਪ੍ਰਤੀ ਲੋਹੇ ਦੀ ਥਾਂ ਲੋਹੂ ਸਬਦ ਇਸਤੇਮਾਲ ਕਰਦੇ ਹਨ। ਬੇਸ਼ੱਕ ਇਸ ਨੂੰ ਤੁਕਾਂਤ ਦੀ ਦ੍ਰਿਸ਼ਟੀ ਕਰਕੇ ਮੰਨਿਆਂ ਜਾਂਦਾ ਹੈ ਪਰ ਜੇਕਰ ਅਸੀਂ ਦਾਰਸ਼ਨਿਕ ਤੌਰ ਤੇ ਵਾਚੀਏ ਤਾਂ ਇਸ ਦੇ ਪ੍ਰਤੀਕਾਤਮਕ ਅਰਥਾਂ ਤੱਕ ਰਸਾਈ ਕਰ ਸਕਦੇ ਹਾਂ। 'ਲੋਹੂ' ਅਤੇ 'ਦੂਧ' ਵਿਚਕਾਰ ਜਿਹੜਾ ਮੁਕਾਬਲਾ ਸਿਰਜਿਆ ਗਿਆ ਹੈ ਉਹ ਭਾਸ਼ਾ ਅਤੇ ਜਾਤੀ ਦੋਵੇਂ ਪੱਧਰ ਤੇ ਆਪਣੀ ਹੋਂਦ ਦਰਸਾ ਰਿਹਾ ਹੈ। ਉੱਤਰ ਆਧੁਨਿਕਤਾ ਵਿਚ ਹਾਸ਼ੀਆਗਤ ਸਮੂਹ ਆਪਣੇ ਆਪ ਨੂੰ ਕੇਂਦਰ ਵਿਚ ਸਥਾਪਿਤ ਕਰਨ ਲਈ ਯਤਨਸ਼ੀਲ ਹਨ। ਕਬੀਰ ਜੀ ਦਾ ਇਹ ਕਥਨ ਵੀ ਇਸੇ ਧਾਰਨਾ ਦੀ ਨਿਸ਼ਾਨਦੇਹੀ ਕਰਦਾ ਪ੍ਰਤੀਤ ਹੁੰਦਾ ਹੈ।

ਤੁਮ ਕਤ ਬ੍ਰਾਹਮਣ ਹਮ ਕਤ ਸੂਦ॥

ਹਮ ਕਤ ਲੋਹੂ ਤੁਮ ਕਤ ਦੂਧ॥ (324.)

ਭਗਤ ਕਵੀ ਆਪਣੇ ਪ੍ਰਵਚਨ ਰਾਹੀਂ ਆਪਣੀ ਦਲਿਤ ਸ਼੍ਰੇਣੀ ਨੂੰ ਕਿਸੇ ਤੋਂ ਘੱਟ ਕਰਕੇ ਨਹੀਂ ਆਂਕਦੇ, ਬਲਕਿ ਆਪਣੀ ਦਲਿਤ ਸ਼੍ਰੇਣੀ ਦੀ ਮਾਨਸਿਕਤਾ ਤੋਂ ਪਾਰ ਚਲੇ ਜਾਂਦੇ ਹਨ। ਆਪਣੀ ਜਾਤੀ ਪ੍ਰਤੀ ਕੇਂਦਰੀ ਕਾਬਜ਼ ਸਮੂਹਾਂ ਵੱਲੋਂ ਵਰਤੇ ਜਾਂਦੇ ਘਟੀਆ ਲਫਜ਼ਾਂ ਪ੍ਰਤੀ ਸ਼ਾਨਦਾਰ ਢੰਗ ਨਾਲ ਉੱਤਰ ਪ੍ਰਸਤੁਤ ਕਰਦੇ ਹਨ। ਇਸ ਤਰ੍ਹਾਂ ਇਸ ਪ੍ਰਤੀਉੱਤਰ ਵਿਚ ਆਪਣੀ ਜਾਤ ਪ੍ਰਤੀ ਉਦਾਸੀਨਤਾ ਨਹੀਂ ਬਲਕਿ ਆਪਣੀ ਹੋਂਦ ਪ੍ਰਤੀ ਸੁਚੇਤਤਾ ਦਾ ਪ੍ਰਗਟਾਵਾ ਹੁੰਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਵੀ ਦਲਿਤ ਸਾਹਿਤ ਇਕ ਮਜਬੂਤ ਪ੍ਰਵਚਨ ਦੇ ਤੌਰ ਤੇ ਉੱਭਰਿਆ ਹੈ ਇਸ ਦੇ ਬੀਜ ਕਿਤੇ ਨਾ ਕਿਤੇ ਭਗਤ ਬਾਣੀ ਵਿਚੋਂ ਭਰਪੂਰ ਰੂਪ ਵਿਚ ਪ੍ਰਾਪਤ ਹੁੰਦੇ ਹਨ। ਨਾਮਦੇਵ ਜੀ ਇਸ ਨੂੰ ਬਿਆਨਦੇ ਹਨ :

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥

ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥

ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥(1292.)

ਭਗਤ ਬਾਣੀ ਵਿਚ ਗਰੀਬ, ਸਮਾਜ ਦੁਆਰਾ ਹਾਸ਼ੀਆਗਤ ਕੀਤੇ ਲੋਕਾਂ ਦੇ ਹੱਕ ਵਿਚ ਪਰਮਾਤਮਾ ਵੱਲੋਂ ਖੜਨ ਦੀਆਂ ਉਦਾਹਰਣਾਂ ਦੁਆਰਾ, ਉਨ੍ਹਾਂ ਨੂੰ ਪ੍ਰਵਚਨ ਦੇ ਕੇਂਦਰ ਵਿਚ ਲਿਆਂਦਾ ਹੈ। ਇਹੀ ਕੰਮ ਉੱਤਰ-ਆਧੁਨਿਕ ਚਿੰਤਨ ਦਾ ਹੈ, ਉਹ ਵੀ ਹਾਸ਼ੀਆਗਤ ਸਮੂਹਾਂ ਨੂੰ ਕੇਂਦਰੀ ਸਥਾਨ ਪ੍ਰਦਾਨ ਕਰਦਾ ਹੈ। ਇਸ ਵਿਚ ਉਨ੍ਹਾਂ ਸਾਰੇ ਭਗਤਾਂ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਣ ਜੀ ਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਕੀਤਾ ਹੈ। ਇਹ ਬਹੁਤ ਹੀ ਵਿਲੱਖਣ ਤੱਥ ਹੈ। ਇਸ ਤੋਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਦਲਿਤ ਜਾਂ ਹਾਸ਼ੀਆਗਤ ਸਮੂਹਾਂ ਪ੍ਰਤੀ ਚੇਤਨਾ ਦਾ ਪਾਸਾਰ ਉਸ ਸਮੇਂ ਵੀ ਪੇਸ਼ ਹੁੰਦਾ ਹੈ। ਭਗਤ ਰਵਿਦਾਸ ਜੀ ਨੇ ਕਥਿਤ ਨੀਵੀਂ ਕਹੀ ਜਾਣ ਵਾਲੀ ਜਾਤੀ ਜੋ ਕਿ ਸਦੀਆਂ ਤੋਂ ਹਾਸ਼ੀਏ ਤੇ ਖੜੀ ਸੀ, ਦਾ ਮਰਮ ਆਪਣੀ ਰਚਨਾ ਵਿਚ ਪੇਸ਼ ਕੀਤਾ ਹੈ। ਇਸ ਪ੍ਰਕਾਰ ਦਲਿਤ ਚੇਤਨਾ ਦਾ ਇਕ ਸੰਗਠਿਤ ਰੂਪ ਸਾਨੂੰ ਭਗਤ ਬਾਣੀ ਵਿਚਲੇ ਵੇਰਵਿਆਂ ਤੋਂ ਪ੍ਰਾਪਤ ਹੁੰਦਾ ਹੈ। ਰਵਿਦਾਸ ਬਾਣੀ ਅਨੁਸਾਰ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ਰਹਾਉ॥

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥

ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥੨॥(1106.)

ਭਗਤ ਬਾਣੀ ਵਿਚਲੇ ਹਵਾਲੇ ਹੈਰਾਨ ਕਰ ਦੇਣ ਵਾਲੇ ਹਨ। ਰਵਿਦਾਸ ਜੀ ਆਪਣੀ ਜਾਤ ਦਾ ਉੱਲੇਖ ਕਰਕੇ ਦੱਸਦੇ ਹਨ ਕਿ ਕਿਸ ਤਰ੍ਹਾਂ ਪ੍ਰਭੂ ਨਾਮ ਕਾਰਨ ਬ੍ਰਾਹਮਣ ਤੱਕ ਡੰਡਾਉਤ ਕਰਦੇ ਹਨ ਭਾਵ ਉਨ੍ਹਾਂ ਅੱਗੇ ਝੁਕਦੇ ਹਨ। ਇਸ ਸ਼ਬਦ ਵਿਚ ਰਵਿਦਾਸ ਜੀ ਜਨਮ ਕਰਕੇ ਨਹੀਂ ਅਤੇ ਨਾ ਹੀ ਕਰਮ ਕਰਕੇ ਆਪਣੀ ਜਾਤੀ ਨੂੰ ਹੀਣ ਭਾਵਨਾ

ਨਾਲ ਗ੍ਰਸਿਤ ਕਬੂਲਦੇ ਹਨ ਸਗੋਂ ਅਮਲੀ ਪੱਧਰ ਤੇ ਇਸ ਤੱਥ ਨੂੰ ਸਥਾਪਿਤ ਕਰਦੇ ਹਨ ਕਿ ਸ਼ੁਭ ਅਮਲਾਂ ਨਾਲ ਹੀ ਇਨਸਾਨ, ਇਨਸਾਨ ਕਹਾਉਣ ਦੇ ਕਾਬਿਲ ਬਣਦਾ ਹੈ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥

(1293.)

ਭਗਤ ਬਾਣੀ ਵਿਚ ਅਮਲਾਂ ਉੱਪਰ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਉਦਾਹਰਣ ਦੁਆਰਾ ਬਾਲਮੀਕ ਜੀ ਦੀ ਉਸਤਤ ਦੁਆਰਾ ਸਮਝਾਇਆ ਗਿਆ ਹੈ। ਕਿਸੇ ਵੀ ਪਦ ਨੂੰ ਪ੍ਰਾਪਤ ਕਰਨ ਵਿਚ ਜਾਤੀ ਦਾ ਕੋਈ ਹੱਥ ਨਹੀਂ ਹੈ ਸਗੋਂ ਚੰਗੇ ਅਮਲਾਂ ਦੁਆਰਾ ਹੀ ਕਿਸੇ ਸਨਮਾਨਯੋਗ ਸਥਾਨ ਨੂੰ ਪਾਇਆ ਜਾ ਸਕਦਾ ਹੈ।

ਰੇ ਚਿਤ ਚੇਤਿ ਚੇਤ ਅਚੇਤ॥

ਕਾਹੇ ਨ ਬਾਲਮੀਕਹਿ ਦੇਖ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥(1124.)

ਧਰਮ ਦੇ ਠੇਕੇਦਾਰਾਂ ਦੇ ਚੰਗੁਲ ਵਿਚੋਂ ਨਿੱਕਲ ਕੇ ਹੀ ਸਮ ਭਾਵ ਵਾਲੇ ਸਮਾਜ ਦੀ ਸਿਰਜਣਾ ਸੰਭਵ ਹੈ। ਭਗਤ ਬਾਣੀ ਦਾ ਇਸ਼ਾਰਾ ਇਸ ਪ੍ਰਕਾਰ ਦੇ ਸਮਾਜ ਨੂੰ ਬਨਾਉਣ ਵੱਲ ਹੈ ਜਿਸ ਵਿਚ ਸਾਰਿਆਂ ਦੀ ਬਰਾਬਰੀ ਨਿਹਿਤ ਹੋਵੇ। ਜਿੰਨ੍ਹਾਂ ਚਿਰ ਧਰਮ ਦੇ ਠੇਕੇਦਾਰਾਂ ਦੇ ਚੰਗੁਲ ਵਿਚੋਂ ਆਜ਼ਾਦੀ ਪਾ ਕੇ ਝਗੜਿਆਂ ਨੂੰ ਨਹੀਂ ਨਿਬੇੜਦੇ ਉਨਾਂ ਚਿਰ ਸਮਾਜ ਵਿਚੋਂ ਜਾਤ, ਫਿਰਕੇ ਦੇ ਨਾਂ ਤੇ ਸ਼ੋਸ਼ਣ ਹੁੰਦਾ ਰਹੇਗਾ।

ਹਮਰਾ ਝਗਰਾ ਰਹਾ ਨ ਕੋਊ॥

ਪੰਡਿਤ ਮੁਲਾਂ ਛਾਡੇ ਦੋਊ॥ (1158.)

ਇਸ ਵਿਚ ਕਾਬਜ ਸ਼੍ਰੇਣੀਆਂ ਦੁਆਰਾ ਪੁਜਾਰੀ ਵਰਗ ਨੂੰ ਢਾਲ ਬਣਾ ਕੇ ਫੈਲਾਏ ਦੰਭ ਦਾ ਪਰਦਾਫਾਸ਼ ਹੁੰਦਾ ਹੈ। ਇਸ ਲਈ ਅਜੋਕੇ ਸਮੇ ਵਿਚ ਵੀ ਇਸ ਸਾਰੇ ਵਰਤਾਰੇ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ। ਇਸ ਲਈ ਭਗਤ

ਬਾਣੀ ਵਿਚਲੀਆਂ ਰਚਨਾਵਾਂ ਅਜੋਕੇ ਸਮੇਂ ਵਿਚ ਵੀ ਸਾਰਥਿਕ ਸੇਧ ਦੇਣ ਲਈ ਸਮਰੱਥ ਜਾਪਦੀਆਂ ਹਨ। ਇਸ ਲਈ ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਇਕ ਮਜਬੂਤ ਰਚਨਾ ਵਜੋਂ ਸਾਹਮਣੇ ਆਉਂਦੀ ਹੈ।

ਉਪਰੋਕਤ ਚਰਚਾ ਵਿਚ ਅਸੀਂ ਵੇਖਦੇ ਹਾਂ ਕਿ ਭਗਤ ਕਵੀਆਂ ਨੇ ਉੱਚ ਵਰਗ ਜਾਂ ਕਾਬਜ਼ ਸ਼੍ਰੇਣੀ ਦੀ ਭਾਸ਼ਾ ਦੇ ਸਮਵਿੱਥ ਤਥਾਕਥਿਤ ਛੋਟੇ ਸਮੂਹਾਂ ਦੀ ਭਾਸ਼ਾ ਦੁਆਰਾ ਆਪਣਾ ਅਨੁਭਵ ਪੇਸ਼ ਕੀਤਾ ਹੈ। ਇਹ ਵਰਤਾਰਾ ਭਗਤ ਬਾਣੀ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਖੇਤਰੀ ਭਾਸ਼ਾਵਾਂ ਦੇ ਉਭਾਰ ਲਈ ਕੀਤੀ ਜਦੋਜਹਿਦ ਦਾ ਆਦਿ ਬਿੰਦੂ ਬਣਾਉਂਦਾ ਹੈ। ਇਸ ਸਬੰਧੀ ਡਾ. ਗੋਪੀ ਚੰਦ ਨਾਰੰਗ ਦਾ ਇਹ ਕਥਨ ਵੇਖਿਆ ਜਾ ਸਕਦਾ ਹੈ :-

> ਭਾਰਤ ਦੇ ਸਾਹਿਤਕ ਦ੍ਰਿਸ਼ ਵਿਚ ਇਸ ਪਰਿਵਰਤਨਸ਼ੀਲ ਸਥਿਤੀ ਅਤੇ ਨਵੀਆਂ ਪ੍ਰਵਿਰਤੀਆਂ ਦੇ ਪਰਛਾਵੇਂ ਹਰ ਥਾਂ ਦੇਖੇ ਜਾ ਸਕਦੇ ਹਨ। ਬੰਗਾਲੀ, ਮਰਾਠੀ, ਗੁਜਰਾਤੀ, ਕੰਨੜ, ਮਲਿਆਲਮ, ਸਿੰਧੀ, ਹਿੰਦੀ ਤੇ ਪੰਜਾਬੀ ਵਿਚ ਇਹ ਬਹਿਸਾਂ ਵਧੇਰੇ ਹਨ। ਉਰਦੂ ਵਿਚ ਮੁਕਾਬਲਤਨ ਘੱਟ। ਦੇਖਿਆ ਜਾਵੇ ਤਾਂ ਦਲਿਤ ਸਾਹਿਤ ਦੀ ਲਹਿਰ, ਜੋ ਕਈ ਭਾਰਤੀ ਭਾਸ਼ਾਵਾਂ ਵਿਚ ਕਈ ਦਹਾਕਿਆਂ ਤੋਂ ਜਾਰੀ ਹੈ, ਇਸ ਪਰਿਦ੍ਰਿਸ਼ ਵਿਚ ਆਸਾਨੀ ਨਾਲ ਸਮਝੀ ਜਾ ਸਕਦੀ ਹੈ ਅਤੇ ਇਧਰ ਦੇਸੀਵਾਦ ਦੀ ਜੋ ਲਹਿਰ ਉਭਰੀ ਹੈ ਅਤੇ ਇਨ੍ਹਾ ਦਿਨੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਉਹ ਵੀ ਕਿਸੇ ਨਾ ਕਿਸੇ ਤਰ੍ਹਾਂ, ਉੱਤਰ-ਆਧੁਨਿਕਤਾ ਦੀਆਂ ਵਿਚਾਰਧਾਰਾਈ ਪ੍ਰਾਥਮਿਕਤਾਵਾਂ ਨਾਲ ਜੁੜ ਜਾਂਦੀ ਹੈ। ਅਰਥਾਤ ਭਾਰਤੀ ਸਾਹਿਤਾਂ ਵਿਚ ਵੀ ਸੰਸਕ੍ਰਿਤ ਜਾਂ ਸੰਸਕ੍ਰਿਤ ਦੀ ਤਰ੍ਹਾਂ ਸੱਤਾਧਾਰੀ ਭਾਸ਼ਾਵਾਂ, ਦੂਰ ਦੁਰਾਡੀਆਂ, ਪਿਛੜੀਆਂ ਹੋਈਆਂ ਜਾਂ ਦੱਬੀਆਂ ਹੋਈਆਂ ਭਾਸ਼ਾਵਾਂ ਜਾਂ ਬੋਲੀਆਂ ਨੂੰ ਦਬਾਉਂਦੀਆਂ ਤੇ ਉਨ੍ਹਾ ਦੀ ਅਣਦੇਖੀ ਕਰਦੀਆਂ ਰਹੀਆਂ ਹਨ। ਇਕ ਇਕਾਂਗੀ ਕਾਵਿ-ਸ਼ਾਸਤਰ ਤੇ ਸੁਹਜ ਸ਼ਾਸਤਰ ਦੀ ਸਦੀਆਂ ਤੋਂ ਚਲੀ ਆ ਰਹੀ ਸਰਦਾਰੀ ਦਾ ਸੁਭਾਵਕ ਸਿੱਟਾ ਇਹ ਹੈ ਕਿ ਸਦੀਆਂ ਤੱਕ ਖੇਤਰੀ ਜਾਂ ਜਨਜਾਤੀ ਦੇ ਕਾਵਿ ਸ਼ਾਸਤਰ ਤੇ ਸਥਾਨਕ ਤੌਰ ਤਰੀਕਿਆਂ ਦੀ ਅਣਦੇਖੀ ਕੀਤੀ ਗਈ।(*ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ* 467-68.)

ਭਗਤ ਬਾਣੀ ਸੰਸਕ੍ਰਿਤ ਤੋਂ ਲੈ ਕੇ ਵੱਖ-ਵੱਖ ਸਥਾਨਕ ਭਾਸ਼ਾਵਾਂ ਦੇ ਰੰਗਾਂ ਦਾ ਅਜਿਹਾ ਕੋਲਾਜ਼ ਬਣਾਉਂਦੀ ਹੈ ਜਿਸ ਵਿਚ ਹਾਸ਼ੀਆਗਤ ਸਮੂਹਾਂ ਨੂੰ ਪ੍ਰਤੀਨਿਧਤਾ ਦੇ ਨਾਲ-ਨਾਲ ਗਿਆਨ ਦੀ ਕੇਂਦਰੀ ਭਾਸ਼ਾ ਸੰਸਕ੍ਰਿਤ ਨੂੰ ਵਿਸਾਰਦੀ ਨਹੀ ਹੈ। ਪਰ ਇਸ ਦੁਆਰਾ ਇਹ ਸਥਾਪਤ ਹੁੰਦਾ ਹੈ ਕਿ ਭਗਤ ਬਾਣੀ ਵਿਚਲਾ ਪ੍ਰਵਚਨ ਜਿੱਥੇ ਹਾਸ਼ੀਆਗਤ ਨੂੰ ਕੇਂਦਰ ਵਿਚ ਲਿਆਉਂਦਾ ਹੈ ਉਥੇ ਕੇਂਦਰ ਪ੍ਰਤੀ ਨਕਾਰਾਤਮਕ ਦ੍ਰਿਸ਼ਟੀ ਤੋਂ ਵੀ ਪਾਰਗਾਮੀ ਰਹਿੰਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਜਿੱਥੇ ਹਾਸ਼ੀਆਗਤ ਨੂੰ ਪ੍ਰਮੁੱਖਤਾ ਦੇਣ ਦੀ ਵਕਾਲਤ ਕੀਤੀ ਜਾਂਦੀ ਹੈ ਉੱਥੇ ਭਗਤ ਬਾਣੀ ਇਕ ਅਜਿਹੀ ਰਚਨਾ ਦੇ ਤੌਰ ਤੇ ਸਾਹਮਣੇ ਆਉਂਦੀ ਹੈ ਜੋ ਦੋਵਾਂ ਹੀ ਸੰਕਲਪਾਂ ਵਿਚ ਸੰਤੁਲਨ ਕਾਇਮ ਕਰਦੀ ਹੋਈ ਇੱਕ ਵਿਲੱਖਣ ਦ੍ਰਿਸ਼ਟੀਕੋਣ ਉਸਾਰਦੀ ਹੈ।

### 2.6 ਅਸਲ ਅਤੇ ਨਕਲ (ਮਾਇਆ):

ਉੱਤਰ-ਆਧੁਨਿਕ ਪ੍ਰਸੰਗ ਵਿਚ ਇਹ ਸੰਕਲਪ ਬਹੁਤ ਮਹੱਤਵਪੂਰਨ ਹੈ। ਹਰ ਇਕ ਵਰਤਾਰੇ ਦੇ ਪਿੱਛੇ ਕਾਰਜਸ਼ੀਲ ਪਰਪੰਚਾਂ ਨੂੰ ਉੱਤਰ-ਆਧੁਨਿਕਤਾ ਪ੍ਰਕਾਸ਼ ਵਿਚ ਲਿਆਉਂਦੀ ਹੈ । ਇਸ ਲਈ ਹੀ ਇਸ ਨੂੰ ਘੋਰ ਯਥਾਰਥਵਾਦੀ ਸਥਿਤੀ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਅਸਲ ਕੀ ਹੈ ਅਤੇ ਇਸ ਦੇ ਪਿੱਛੇ ਛੁਪਿਆ ਨਕਲ ਦਾ ਪਰਪੰਚ ਕੀ ਹੈ ਇਸ ਬਾਰੇ ਐਂਡਰਸਨ ਦੀ 'ਫੋਨਟਾਨਾ ਮਾਡਰਨ ਰੀਡਰ' ਵਿਚ ਉਧਰਿਤ ਟਿੱਪਣੀ ਦੁਆਰਾ ਸਮਝਿਆ ਜਾ ਸਕਦਾ ਹੈ :-

> "Truth " is a matter of perspective, and perspectives are a by product of social interchange or "discourse". One's language about the world operates as the lens that world into something not simply "out there". It is an interactive process. The "observed" are in constant dialogue.(Anderson. *The Fortana Post Modernism Reader* 159.)

ਅਰਥਾਤ,"ਸੱਚ ਪਰਿਪੇਖੀ ਦ੍ਰਿਸ਼ਟੀ ਦਾ ਮਾਮਲਾ ਹੈ। ਇਹ ਪਰਿਪੇਖ ਸਮਾਜਿਕ ਅੰਤਰ ਬਦਲਾਵਾਂ ਜਾਂ ਬਿਰਤਾਤਾਂ ਦੀ ਗੌਣ-ਉਪਜ (By product) ਹੈ। ਸੰਸਾਰ ਬਾਰੇ ਕਿਸੇ ਦੀ ਭਾਸ਼ਾ ਇਕ ਦੂਰਬੀਨ ਵਜੋਂ ਕੰਮ ਕਰਦੀ ਹੈ ਜਿਹੜੀ ਉਸ ਸੰਸਾਰ ਨੂੰ ਕਿਸੇ ਇਕ ਚੀਜ਼ ਵਿਚ ਨਿਖੇੜਦੀ ਹੈ, ਸਧਾਰਣਤਾ ਦੇ ਤੌਰ ਤੇ ਨਹੀਂ ਕਿ ਉਹੀ ਬਾਹਰ ਦਿੱਸਦਾ ਹੋਵੇ ਸਗੋਂ ਇਹ ਇਕ ਪਰਸਪਰ ਪ੍ਰਭਾਵਸ਼ੀਲ ਪ੍ਰਕਿਰਿਆ ਹੈ। ਨਿਰੀਖੀਅਕ ਅਤੇ ਨਿਰੀਖਣਯੋਗ ਲਗਾਤਾਰ ਸੰਵਾਦ ਵਿਚ ਰਹਿੰਦੇ ਹਨ।"ਭਗਤ ਬਾਣੀ ਵਿਚ ਇਸ ਮੁੱਦੇ ਨੂੰ ਮਾਇਆ ਦੇ ਸਿਧਾਂਤ ਦੁਆਰਾ ਵਿਚਾਰਿਆ ਗਿਆ ਹੈ। ਅੱਗੇ ਜਾਣ ਤੋਂ ਪਹਿਲਾਂ ਅਸੀਂ ਇਸ ਸਿਧਾਂਤ ਦੇ ਪਿਛੋਕੜ ਬਾਰੇ ਚਰਚਾ ਕਰ ਲੈਂਦੇ ਹਾਂ। ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਮਾਇਆ ਸਿਧਾਂਤ ਦੇ ਬਾਨੀ ਸ਼ੰਕਰਾਚਾਰੀਆ ਹਨ। ਸ਼ੰਕਰਾਚਾਰੀਆ ਨੇ ਇਸ ਸਿਧਾਂਤ ਦੀ ਸਹਾਇਤਾ ਨਾਲ ਜੀਵ, ਜਗਤ ਅਤੇ ਬ੍ਰਹਮ ਦੇ ਆਪਸੀ ਸਬੰਧਾਂ ਨੂੰ ਨਿਸ਼ਚਿਤ ਕਰਨ ਦਾ ਯਤਨ ਕੀਤਾ। ਪਰ ਸ਼ੰਕਰਾਚਾਰੀਆ ਤੋਂ ਬਾਅਦ ਦੇ ਵਿਦਵਾਨਾ ਨੇ ਇਸ ਦੀ ਵਿਆਖਿਆ ਵੱਖੋ-ਵੱਖ ਢੰਗ ਨਾਲ ਕੀਤੀ ਹੈ। ਮਾਇਆ ਸ਼ਬਦ ਵੇਦਾਂ ਅੰਦਰ ਵੀ ਆਇਆ ਹੈ ਪਰ ਇਸਦਾ ਵਿਆਪਕ ਸ਼ਕਤੀ ਦੇ ਰੂਪ ਵਿਚ ਵਰਨਣ ਹੋਇਆ ਹੈ। ਇਸ ਸਬੰਧੀ ਡਾ. ਕ੍ਰਿਸ਼ਨਾ ਕਲਸੀਆ ਜੀ ਦੇ ਵਿਚਾਰ ਹਨ,"ਰਿਗਵੇਦ ਅਤੇ ਯਜੁਰਵੇਦ ਵਿਚ ਇਕ ਵਿਆਪਕ ਸ਼ਕਤੀ ਦਾ ਵਰਨਣ ਆਉਂਦਾ ਹੈ ਜਿਸਤੋਂ ਸਾਰੀ ਸ੍ਰਿਸ਼ਟੀ ਹੁੰਦੀ ਹੈ। ਇੰਦਰ ਸਭ ਤੋਂ ਵੱਡਾ ਦੇਵਤਾ ਹੈ ਆਪਣੀ ਮਾਇਆ ਸ਼ਕਤੀ ਨਾਲ ਅਨੇਕ ਭਾਂਤ ਭਾਂਤ ਦੇ ਰੂਪ ਧਾਰਦਾ ਹੈ। ਇਸ ਤਰ੍ਹਾਂ ਮਾਇਆ ਜਗਤ ਵਿਚ ਪ੍ਰਬਲ ਸਿਰਜਣ-ਸ਼ਕਤੀ ਹੈ।"(*ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ* 306.) ਭਾਰਤੀ ਦਰਸ਼ਨ ਪਰੰਪਰਾ ਵਿਚ ਮਾਇਆ ਦੇ ਸਿਧਾਂਤ ਦਾ ਮਹੱਤਵਪੂਰਨ ਸਥਾਨ ਹੈ। ਇਹ ਸਿਧਾਂਤ ਸ਼ੰਕਰਾਚਾਰੀਆ ਦੁਆਰਾ ਪ੍ਰਚੱਲਨ ਵਿਚ ਲਿਆਂਦਾ ਗਿਆ ਹੈ। ਉਨ੍ਹਾਂ ਨੇ ਇਸ ਨਾਲ ਬ੍ਰਹਮ ਜੀਵ ਅਤੇ ਜਗਤ ਦੇ ਆਪਸੀ ਸਬੰਧਾਂ ਨੂੰ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ। ਮਾਇਆ ਬਾਰੇ ਅਲੱਗ-ਅਲੱਗ ਮੱਤਾਂ ਵਿਚ ਆਪੋ ਆਪਣੇ ਵਿਚਾਰ ਹਨ।

ਵੇਦਾਂ ਵਿਚ ਮਾਇਆ ਨੂੰ ਇੰਦਰ ਜੋ ਸਾਰਿਆਂ ਤੋਂ ਵੱਡਾ ਦੇਵਤਾ ਮੰਨਿਆਂ ਗਿਆ ਹੈ, ਦੀ ਸ਼ਕਤੀ ਮੰਨਿਆਂ ਗਿਆ ਹੈ। ਮਾਇਆ ਦੁਆਰਾ ਹੀ ਇੰਦਰ ਵੱਖ-ਵੱਖ ਰੂਪ ਧਾਰਨ ਕਰਦਾ ਹੈ। ਮਾਇਆ ਨੂੰ ਸਿਰਜਣ ਸ਼ਕਤੀ ਦੇ ਰੂਪ ਵਿਚ

ਪਰਿਭਾਸ਼ਤ ਕੀਤਾ ਗਿਆ ਹੈ। ਉਪਨਿਸ਼ਦਾਂ ਨੇ ਮਾਇਆ ਨੂੰ ਅਵਿਦਿਆ ਤੇ ਪ੍ਰਕ੍ਰਿਤੀ ਦੀ ਸੰਗਿਆ ਦਿੱਤੀ ਹੈ। ਗੀਤਾ ਵਿਚ ਮਾਇਆ ਨੂੰ ਸ੍ਰੀ ਕ੍ਰਿਸ਼ਨ ਦੀ ਸ਼ਕਤੀ ਮੰਨਿਆਂ ਜਾਂਦਾ ਹੈ। ਇਹ ਨਾ ਹੁੰਦਿਆਂ ਹੋਇਆਂ ਵੀ ਪ੍ਰਤੀਤ ਹੁੰਦੀ ਹੈ। ਇਸ ਵਿਚ ਮਾਇਆ ਨੂੰ ਅਵਿਦਿਆ, ਭਰਮ ਅਤੇ ਪ੍ਰਕਿਰਤੀ ਰੂਪ ਵਿਚ ਵਰਨਣ ਕੀਤਾ ਗਿਆ ਹੈ। ਮਾਇਆ ਦਾ ਸਭ ਤੋਂ ਵਿਸਥਾਰ ਪੂਰਵਕ ਵਰਨਣ ਅਦਵੈਦਵਾਦ ਵਿਚ ਮਿਲਦਾ ਹੈ। ਸ਼ੰਕਰ ਇਸ ਨੂੰ ਅਨਿਰਵਚਨੀਯ ਕਹਿੰਦੇ ਹਨ ਅਤੇ ਇਸ ਨੂੰ ਸ੍ਰਿਸ਼ਟੀ ਦਾ ਕਾਰਨ ਮੰਨਦੇ ਹਨ। ਰਾਮਾਨੁਜ ਮਾਇਆ ਦੇ ਸਿਧਾਂਤ ਦਾ ਖੰਡਨ ਕਰਦੇ ਹਨ ਅਤੇ ਮਨੁੱਖ ਦੀ ਅਵਿਦਿਆ ਕਾਰਨ ਉਹ ਆਪਣੇ ਆਪ ਨੂੰ ਬ੍ਰਹਮ ਤੋਂ ਵੱਖਰੀ ਹੋਂਦ ਸਮਝਦਾ ਹੈ। ਵੱਲਭ ਆਚਾਰੀਆ ਮਾਇਆ ਨੂੰ ਪ੍ਰਕਿਰਤੀ ਮੰਨਦੇ ਹਨ। ਮਾਇਆ ਪ੍ਰਬਲ ਸ਼ਕਤੀ ਹੈ, ਮੋਹਨ ਸ਼ਕਤੀ ਹੈ, ਮਿਥਿਆ ਹੈ, ਤ੍ਰਿਗੁਣਾਤਮਕ ਸ਼ਕਤੀ ਹੈ, ਤ੍ਰਿਵਿਧ ਤਾਪ ਉਤਪਾਦਕ ਸ਼ਕਤੀ ਹੈ, ਅਪਰੰਪਰ ਹੈ। ਮਾਇਆ ਪ੍ਰਮੁੱਖ ਰੂਪ ਵਿਚ ਦੋ ਸ਼ਕਤੀਆਂ ਆਵਰਣ ਸ਼ਕਤੀ ਅਤੇ ਵਿਪੇਖ ਸ਼ਕਤੀ ਦੇ ਰੂਪ ਵਿਚ ਕਾਰਜਸ਼ੀਲ ਹੈ। ਆਵਰਣ ਸ਼ਕਤੀ ਦੁਆਰਾ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਜਿਹੇ ਭਰਮ ਵਿਚ ਫਸ ਕੇ ਮਨੁੱਖ ਬ੍ਰਹਮ ਦੀ ਅਸਲੀਅਤ ਨੂੰ ਨਹੀਂ ਜਾਣ ਸਕਦਾ। ਭਗਤ ਬਾਣੀ ਵੀ ਇਸੇ ਤੱਤ ਦਾ ਨਿਰੂਪਣ ਕਰਦੀ ਹੈ ਕਿ ਕਈ ਵਾਰ ਭਗਤੀ ਵੀ ਭਰਮ ਬਣ ਜਾਂਦੀ ਹੈ। ਵਿਪੇਖ ਸ਼ਕਤੀ ਦੁਆਰਾ ਮਾਇਆ ਬ੍ਰਹਿਮੰਡ ਦੇ ਸਾਰੇ ਪਦਾਰਥਾਂ ਨੂੰ ਪੈਦਾ ਕਰਦੀ ਹੈ। ਅਵਿਦਿਆ ਰੂਪ ਵਿਚ ਮਨੁੱਖ ਨੂੰ ਪਰਮਾਤਮਾ ਜਾਂ ਪਰਮ-ਤੱਤ ਨਾਲ ਆਪਣਾ ਰਿਸ਼ਤਾ ਨਹੀਂ ਦਿਖਾਈ ਦਿੰਦਾ ਅਤੇ ਉਹ ਸਮਝਣ ਤੋਂ ਅਸਮਰੱਥ ਹੋ ਜਾਂਦਾ ਹੈ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 346.)

ਕਾਲ ਰੂਪੀ ਸਮੇ ਨੂੰ ਵੀ ਮਾਇਆ ਦਾ ਰੂਪ ਮੰਨਿਆਂ ਗਿਆ ਹੈ। ਉਪਨਿਸ਼ਦਾਂ ਮੁਤਾਬਿਕ ਮਾਇਆ ਪ੍ਰਪੰਚ, ਆਡੰਬਰ, ਛਲ, ਕਪਟ ਤੇ ਧੋਖਾ ਹੈ। ਮਾਇਆ ਵਿਕਟ ਇਸ ਲਈ ਹੈ ਕਿ ਇਸ ਦੀ ਪ੍ਰਕਿਰਤੀ ਤ੍ਰਿਗੁਣਾਤਮਕ ਹੋਣ ਕਰਕੇ ਮਨੁੱਖ ਨੂੰ ਤਿੰਨਾ ਤਾਪਾਂ ਨਾਲ ਵਿਆਕੁਲ ਕਰਦੀ ਹੈ। ਰਾਮਾਨੁਜ ਅਨੁਸਾਰ ਹਉਮੈ ਵਿਚ ਆ ਕੇ ਮਨੁੱਖ ਕਰਮਾ

ਦੇ ਬੰਧਨ ਵਿਚ ਫਸਦਾ ਹੈ। ਇਸ ਹਉਮੈ ਦੇ ਪੈਦਾ ਹੋਣ ਦਾ ਕਾਰਨ ਅਵਿੱਦਿਆ ਹੈ। ਰਾਮਾਨੁਜ ਦੇ ਗੀਤਾ ਭਾਸ਼ਯ ਵਿਚ ਤਾਂ ਇਥੋਂ ਤੱਕ ਕਿਹਾ ਗਿਆ ਹੈ ਕਿ ਕੇਵਲ ਪਾਪ ਹੀ ਨਹੀਂ ਪੁੰਨ ਵੀ ਬੰਧਨ ਦਾ ਕਾਰਨ ਬਣਦੇ ਹਨ। ਹਉਮੈ ਮਨੁੱਖ ਤੇ ਜਿਆਦਾ ਹਾਵੀ ਰਹਿੰਦੀ ਹੈ, ਅਗਿਆਨ ਕਾਰਨ ਹੀ ਮਨੁੱਖ ਆਪਣੇ ਆਪ ਨੂੰ ਬੁੱਧੀਮਾਨ ਅਤੇ ਗਿਆਨੀ ਸਮਝਦੇ ਹਨ।

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥ (974.)

ਮਾਇਆ ਦੇ ਸਕਾਰਾਤਮਕ ਪੱਖ ਦਾ ਬਿਆਨ ਵੀ ਭਗਤ ਬਾਣੀ ਵਿਚ ਆਉਂਦਾ ਹੈ। ਇਸ ਦੇ ਰਹੱਸਾਤਮਕ ਅਰਥ ਵੀ ਭਗਤ ਬਾਣੀ ਵਿਚ ਪ੍ਰਗਟ ਹੁੰਦੇ ਹਨ। ਗੁਰਬਾਣੀ ਅਨੁਸਾਰ ਮਾਇਆ ਦੋਵਾਂ ਰੂਪਾਂ ਵਿਚ ਪ੍ਰਗਟ ਹੁੰਦੀ ਹੈ ਹਉਮੈ ਰੂਪੀ ਅਤੇ ਇਸ ਦਾ ਨਿਪਟਾਰਾ ਕਰਨ ਵਾਲੀ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ॥(466.)

ਮਾਇਆ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਉਮੈ, ਤ੍ਰਿਸ਼ਨਾ, ਦਵੇਸ਼, ਦੁਬਿਧਾ, ਕਾਲ, ਅਨੰਤ ਤੇ ਭਰਮ ਆ ਜਾਂਦੇ ਹਨ। ਮਾਇਆ ਮਨ ਵਿਚ ਨਿਵਾਸ ਕਰਦੀ ਹੈ। ਮਨ ਦੀ ਪ੍ਰਕਿਰਤੀ ਚੇਤਨਤਾ ਵਾਲੀ ਹੈ। ਇਸ ਚੰਚਲਤਾ ਪੰਜਾਂ ਇੰਦਰੀਆਂ ਨੂੰ ਪ੍ਰਭਾਵਿਤ ਕਰਕੇ ਕਈ ਤਰ੍ਹਾਂ ਦੇ ਕਰਮਾਂ ਦੇ ਬੰਧਨ ਵਿਚ ਫਸਾ ਦਿੰਦੀ ਹੈ। ਭਗਤ ਬਾਣੀ ਵਿਚ ਮਾਇਆ ਨਿਮਨਲਿਖਤ ਰੂਪਾਂ ਵਿਚ ਪੇਸ਼ ਹੁੰਦੀ ਹੈ :

ਮਨੁੱਖੀ ਮਨ ਦੀ ਉਪਜ, ਮਨ-ਮੋਹਿਨੀ ਸ਼ਕਤੀ, ਮਿੱਥਿਆ, ਬ੍ਰਹਮ ਦੀ ਸ਼ਕਤੀ, ਅਵਿਦਿਆ ਤੇ ਅਗਿਆਨਤਾ, ਤ੍ਰਿਗੁਣਾਤਮਕ ਅਤੇ ਵਿਕਟ ਸ਼ਕਤੀ, ਨਕਾਰਾਤਮਕ, ਸਕਾਰਾਤਮਕ, ਜਗਤ ਵਿਚ ਮਾਇਆ ਭਰਮਾ ਦਾ ਕਾਰਨ ਹੈ ਅਤੇ ਕਾਲ ਰੂਪ ਵੀ ਹੈ। ਭਗਤ ਬਾਣੀ ਦਾ ਅਧਿਐਨ ਅਸਲ/ਨਕਲ ਵਿਚ ਫਰਕ ਕਰਨ ਦੀ ਮਾਨਵੀ ਸਮਰੱਥਾ ਅਤੇ ਆਪ ਦੁਆਰਾ ਸੁਝਾਏ ਸੂਝ-ਮਾਡਲ ਦੀ ਰੌਸ਼ਨੀ ਵਿਚ ਕੀਤਾ ਜਾਵੇਗਾ। ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਭਾਸਦਾ ਹੈ ਕਿ ਕੁਦਰਤੀ ਤੌਰ ਤੇ ਨਿੱਜੀ/ਇਕਹਿਰੇ/ ਵਿਲੱਖਣ ਵਸਤ-ਵਰਤਾਰਿਆਂ ਬਾਰੇ ਅਸਲ/ਸੱਚ/ਯਥਾਰਥ ਦਾ ਗਿਆਨ ਗ੍ਰਹਿਣ ਕਰਨ ਦਾ ਕੰਮ ਸਹਿਜ ਹੈ। ਜਦੋਂ ਕਿ ਸਮੂਹਿਕ/ਆਮ/ਗੁੰਝਲਦਾਰ ਵਰਤਰਿਆਂ ਬਾਰੇ ਗਿਆਨ

ਗ੍ਰਹਿਣ ਕਰਨਾ ਮੁਸ਼ਕਿਲ ਕੰਮ ਹੈ।"ਅਜੋਕੇ ਉਤਰ-ਆਧੁਨਿਕ ਸਮੇ ਵਿਚ ਚਿਹਨਾਂ ਨੇ ਆਪਣਾ ਸੰਸਾਰ ਸਿਰਜ ਲਿਆ ਹੈ। ਸੱਚ/ਝੂਠ, ਅਸਲ/ਨਕਲ ਦਾ ਪ੍ਰਸ਼ਨ ਅਖੀਰ ਮਾਨਵੀ ਗ੍ਰਹਿਣ ਕਰਨ ਦੀ ਵਿਧੀ ਉਪਰ ਜਾ ਖੜਦਾ ਹੈ ਕਿ ਆਖਰ ਮਨੁੱਖ ਯਥਾਰਥ ਨੂੰ ਕਿਵੇਂ ਗ੍ਰਹਿਣ ਕਰਦਾ ਹੈ।"(ਡਾ. ਰਾਜਿੰਦਰਪਾਲ ਸਿੰਘ. *ਉਤਰ ਆਧੁਨਿਕਤਾ* 39.) ਇਸ ਤਰ੍ਹਾ ਅਸਲ ਅਤੇ ਨਕਲ ਦੇ ਦਵੰਦ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਨਕਲ ਵਿਚੋਂ ਅਸਲ ਵੱਲ ਜਾਂਦੇ ਮਾਰਗ ਦੀ ਨਿਸ਼ਾਨਦੇਹੀ ਵੱਲ ਅਗ੍ਰਸਰ ਹੈ।

ਭਗਤ ਬੇਣੀ ਜੀ ਦੀ ਰਚਨਾ ਦਾ ਧੁਰਾ ਅਸਲ/ਨਕਲ ਦੇ ਦਵੰਦ ਵਿਚੋਂ ਮਨੁੱਖ ਨੂੰ ਅਸਲ ਬਾਰੇ ਜਾਗਰੂਕ ਕਰਨ ਦਾ ਹੈ। ਮੁਕਤੀ ਦੇ ਸੰਕਲਪ ਨੂੰ ਪੁਨਰ ਪਰਿਭਾਸ਼ਤ ਕਰਦੇ ਹੋਏ ਬੇਣੀ ਜੀ ਲਿਖਦੇ ਹਨ:

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 93.)

ਇਸ ਨਾਲ ਭਗਤ ਬੇਣੀ ਜੀ ਜੀਵਨ ਮੁਕਤੀ ਦਾ ਸਿਧਾਂਤ ਪੇਸ਼ ਕਰਦੇ ਹਨ। ਭਾਰਤੀ ਪਰੰਪਰਾ ਵਿਚ ਪਏ ਹੋਏ ਧਰਮ, ਅਰਥ, ਕਾਮ ਅਤੇ ਮੋਕਸ਼ ਜਿਸ ਵਿਚ ਮੋਕਸ਼ ਨੂੰ ਅੰਤਮ ਨਿਸ਼ਾਨਾ ਮੰਨਿਆ ਗਿਆ ਹੈ ਅਤੇ ਸਭ ਤੋਂ ਉੱਤਮ ਸਥਾਨ ਦਿੱਤਾ ਗਿਆ ਹੈ। ਬੇਣੀ ਜੀ ਇਸ ਮੋਕਸ਼ ਦੇ ਸਿਧਾਂਤ ਨੂੰ ਨਕਾਰਦੇ ਹਨ। ਬੇਣੀ ਜੀ ਆਪਣੀ ਰਚਨਾ ਵਿਚ ਚਾਰ ਅਵਸਥਾਵਾਂ ਦੀ ਸੱਚਾਈ ਪੇਸ਼ ਕਰਦੇ ਹਨ। ਗਰਭ ਅਵਸਥਾ ਤੋਂ ਲੈ ਕੇ ਬਾਲ ਅਵਸਥਾ ਅਤੇ ਜਵਾਨੀ ਤੋਂ ਬੁਢਾਪੇ ਤੱਕ ਦੀਆਂ ਅਵਸਥਾਵਾਂ ਵਿਚਦੀ ਮਨੁੱਖ ਨੂੰ ਕਿਸ-ਕਿਸ ਤਰਾਂ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ, ਦੀ ਅਸਲੀਅਤ ਬਿਆਨਦੇ ਹਨ। ਇਸ ਅਸਲੀਅਤ ਵਿਚ ਮਨੁੱਖ ਨਾਲ ਸਮੇ-ਸਮੇ ਤੇ ਦੋ ਚਾਰ ਹੁੰਦਾ ਰਹਿੰਦਾ ਹੈ। ਇਨ੍ਹਾਂ ਸੱਚਾਈਆਂ ਵਿਚੋਂ ਅਸਲ ਰਸਤੇ ਵੱਲ ਜਾਣਾ ਆਪਣੇ ਵਿਵੇਕ ਦੇ ਆਧਾਰ ਤੇ ਪਰਖਣ ਦੇ ਮਸਲੇ ਹਨ। ਸੱਚ ਬਾਰੇ ਹਰ ਇਕ ਮਨੁੱਖ ਦੀ ਆਪਣੀ ਰਾਇ ਹੋ ਸਕਦੀ ਹੈ ਕਿਉਂਕਿ ਇਕ ਇਨਸਾਨ ਦਾ ਸੱਚ ਕਿਸੇ ਦੂਸਰੇ ਵਾਸਤੇ ਕਿਸੇ ਹੋਰ ਅਰਥ ਦਾ ਧਾਰਨੀ ਹੋ ਸਕਦਾ ਹੈ। ਇਸ ਲਈ ਇਹ ਇਕ ਪਰਿਪੇਖੀ ਮਾਮਲਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਸ ਨੂੰ ਅਸਲ ਦੇ ਪਿੱਛੇ ਦੀ ਨਕਲ ਦੁਆਰਾ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਇਸ ਲਈ ਇਹ ਕਿਹਾ ਜਾਂਦਾ ਹੈ

ਕਿ ਸੱਚ ਆਖਰ ਮਨੁੱਖ ਦੀ ਗ੍ਰਹਿਣ ਕਰਨ ਦੀ ਸਮਰੱਥਾ ਤੇ ਨਿਰਭਰ ਹੈ ਕਿ ਉਹ ਕਿਸੇ ਸੰਕਲਪ ਜਾਂ ਵਰਤਾਰੇ ਨੂੰ ਕਿਸ ਤਰ੍ਹਾਂ ਵੇਖਦਾ ਹੈ। ਸੱਚਾਈ ਦੀ ਭਾਲ ਇਨਸਾਨ ਅੰਦਰ ਸਦਾ ਤੋਂ ਰਹੀ ਹੈ ਪਰ ਇਹ ਸਭ ਉਸ ਵਿਚਲੀ ਸਮਰੱਥਾ ਤੇ ਨਿਰਭਰ ਕਰਦਾ ਹੈ। ਅਸਲ ਅਤੇ ਨਕਲ ਦੇ ਫਰਕ ਨੂੰ ਭਗਤ ਬਾਣੀ ਵਿਚਲੇ ਵਿਵੇਕ ਦੇ ਆਧਾਰ ਤੇ ਸਮਝਿਆ ਜਾ ਸਕਦਾ ਹੈ। ਇਸ ਫਰਕ ਪ੍ਰਤੀ ਅਣਜਾਣਤਾ ਨੂੰ ਅਗਿਆਨਤਾ ਜਾ ਅਵਿੱਦਿਆ ਕਿਹਾ ਗਿਆ ਹੈ। ਇਸੇ ਨੂੰ ਮਾਇਆ ਦਾ ਨਾਮ ਦਿੱਤਾ ਗਿਆ ਹੈ।

ਇਹ ਸ੍ਰਪਨੀ ਤਾ ਕੀ ਕੀਤੀ ਹੋਈ॥

ਬਲੁ ਅਬਲੁ ਕਿਆ ਇਸ ਤੇ ਹੋਈ॥ (481.)

ਉੱਤਰ-ਆਧੁਨਿਕ ਸਥਿਤੀ ਵਿਚ ਅਸਲ ਨਕਲ ਵਿਚ ਇਤਨਾ ਬਾਰੀਕ ਅੰਤਰ ਹੈ ਕਿ ਮਨੁੱਖ ਦੀ ਸਮਝ ਕੰਮ ਕਰਨਾ ਛੱਡ ਦਿੰਦੀ ਹੈ। ਇਸ ਸਥਿਤੀ ਵਿਚ ਮਨੁੱਖ ਕਈ ਵਾਰ ਸਾਰੇ ਵਰਤਾਰੇ ਪ੍ਰਤੀ ਉਦਾਸੀਨ ਰਵੱਈਆ ਅਪਨਾਉਣ ਵੱਲ ਰੁਚਿਤ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਮਨੁੱਖ ਦੀ ਹਰ ਪਾਸੇ ਦੀ ਉਦਾਸੀਨਤਾ ਵਾਲੀ ਸਥਿਤੀ ਨੂੰ ਮਾਇਆ ਦੇ ਸੰਕਲਪ ਦੁਆਰਾ ਕਬੀਰ ਜੀ ਹਵਾ ਦੇ ਸਮਾਨ ਅਸਥਿਰ ਰੂਪ ਵਾਲੀ ਬਿਆਨਦੇ ਹਨ।

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥(1365.)

ਭਗਤ ਬਾਣੀ ਵਿਚ ਇਸ ਤੋਂ ਪਾਰ ਪਾਉਣ ਦੀ ਦ੍ਰਿਸ਼ਟੀ ਵੀ ਮਿਲਦੀ ਹੈ। ਉੱਤਰ-ਆਧੁਨਿਕ ਪ੍ਰਸੰਗ ਵਿਚ ਮਨੁੱਖ ਅਸਲ ਨਕਲ ਦੇ ਭੇਦ ਨੂੰ ਪਛਾਣ ਕੇ ਅੱਗੇ ਵਧ ਸਕਦਾ ਹੈ। ਉਹ ਸਮਾਜ ਵਿਚਲੇ ਪ੍ਰਪੰਚਾਂ ਨੂੰ ਸਮਝਣ ਲਈ ਉਨ੍ਹਾਂ ਤੋਂ ਭਾਂਜ ਨਹੀਂ ਅਤੇ ਨਾ ਹੀ ਵਹਿਣ ਦੇ ਨਾਲ ਵਹਿ ਜਾਣ ਦੀ ਪ੍ਰਵਿਰਤੀ ਧਾਰਨ ਕਰਨ ਤੋਂ ਹੈ। ਇਹ ਸਾਨੂੰ ਇਸ ਪਰਪੰਚ ਨੂੰ ਸਮਝ ਕੇ ਪਰਖਣ ਦੀ ਜ਼ਰੂਰਤ ਹੈ।"ਵਸਤੂਆਂ ਦੇ ਇਸ ਜਾਲ ਨਾਲ ਨਿਪਟਣ ਦਾ ਰਸਤਾ ਕੀ ਹੋਵੇ। ਇਸ ਜਨਸੰਸਕ੍ਰਿਤੀ ਦੇ ਅੰਦਰ-ਬਾਹਰ ਮਨੁੱਖ ਦੇ ਵਿਕਾਸ ਦਾ ਰਸਤਾ ਦੀ ਹੋਵੇ। ਇਸ ਦਾ ਕੁਝ-ਕੁਝ ਉੱਤਰ ਸਾਨੂੰ ਆਪਣੇ ਸੰਤਾਂ ਅਤੇ ਭਗਤਾਂ ਦੇ ਆਤਮ ਸੰਘਰਸ਼ ਵਿਚੋਂ ਮਿਲਦਾ ਹੈ। ਉੱਥੇ ਸੰਸਾਰ ਦਾ ਤਿਆਗ ਨਹੀਂ ਕੀਤਾ ਜਾਂਦਾ, ਨਾ ਘ੍ਰਿਣਾ ਕੀਤੀ ਜਾਂਦੀ ਹੈ ਬਲਕਿ ਉਸ ਨਾਲ ਇਕ ਵਿਵੇਕਪੂਰਨ ਸਬੰਧ ਸਥਾਪਿਤ ਕੀਤਾ ਜਾਂਦਾ ਹੈ। ਇੱਥੇ ਮਾਇਆ ਦਾ ਫੰਦਾ

ਕੋਈ ਕਬੀਰ ਅਚਾਨਕ ਕੱਟ ਵੀ ਜਾਂਦਾ ਹੈ। ਜਿਵੇਂ ਮਾਰਕਸ ਵਾਂਗ ਉਹ ਮਾਇਆ ਨੂੰ ਖਤਮ ਕਰਦਾ ਹੋਇਆ ਨਿਕਲ ਜਾਂਦਾ ਹੈ। ਸਾਰਾ ਖੇਲ੍ਹ ਚੇਤਨਾ ਦਾ ਹੈ, ਚੇਤਨਾ ਅੰਦਰ ਹੈ।"(ਭਾਰਤੀ. *ਵਹ ਸਬ ਕੁਛ ਜੋ ਠੋਸ ਹੈ* 63.) ਇਸ ਪ੍ਰਸੰਗ ਵਿਚ ਕਬੀਰ ਜੀ ਦਾ ਇਹ ਕਥਨ ਵੇਖਿਆ ਜਾ ਸਕਦਾ ਹੈ।

ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥

ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1365.)

ਰਾਮਕਲੀ ਰਾਗ ਵਿਚ ਭਗਤ ਬੇਣੀ ਜੀ ਇਨਸਾਨ ਦੀ ਉੱਚ ਆਤਮਿਕ ਅਵਸਥਾ ਬਿਆਨਦੇ ਹਨ, ਜਿਸ ਵਿਚ ਤਰਾਂ-ਤਰਾਂ ਦੇ ਨਾਦ ਸੁਣਾਈ ਦਿੰਦੇ ਹਨ। ਜਦੋਂ ਮਨੁੱਖ ਇਸ ਅਵਸਥਾ ਵਿਚ ਚੰਨ ਸੂਰਜ ਦੀ ਹੋਂਦ ਨਹੀਂ ਰਹਿੰਦੀ ਤੇ ਮਨੁੱਖ ਦੇ ਮਨ ਵਿਚ ਗਿਆਨ ਰੂਪੀ ਉਜਾਲਾ ਹੋਣ ਨਾਲ ਬੁਰੀ ਮੱਤ ਖਤਮ ਹੋ ਜਾਂਦੀ ਹੈ। ਇਸ ਨਾਲ ਮਨੁੱਖ ਸਦਾ ਜਾਗ੍ਰਿਤ ਅਵਸਥਾ ਰਹਿੰਦਾ ਹੈ। ਭਾਵ ਚੇਤਨ ਅਵਸਥਾ ਵਿਚ ਰਹਿੰਦਾ ਹੈ। ਜਿਸ ਨਾਲ ਪਾਖੰਡਵਾਦ ਆਦਿ ਤੋਂ ਬਚਿਆ ਰਹਿੰਦਾ ਹੈ। ਪੰਜ ਵਿਕਾਰਾਂ ਨੂੰ ਕਾਬੂ ਰੱਖਦਾ ਹੈ। ਜਦੋਂ ਪਰਮਾਤਮਾਂ ਰੂਪੀ ਜੋਤ ਮਨ ਅੰਦਰ ਪ੍ਰਕਾਸ਼ਮਾਨ ਹੋ ਜਾਂਦੀ ਹੈ ਤਾਂ ਉਹ ਕਮਲ ਦੀ ਤਰਾਂ ਖਿੜਿਆ ਭਾਵ ਸਤ-ਚਿਤ-ਆਨੰਦ ਦੀ ਅਵਸਥਾ ਵਿਚ ਜਿਉਂਦਾ ਹੈ। ਅਜੋਕੇ ਸਮੇ ਵਿਚ ਇਸ ਤਰਾਂ ਦੀ ਅਵਸਥਾ ਪ੍ਰਾਪਤ ਕਰਨਾ ਅਸੰਭਵ ਜਾਪਦਾ ਹੈ। ਪਰੰਤੂ ਉੱਤਰ-ਆਧੁਨਿਕ ਦ੍ਰਿਸ਼ਟੀ-ਬਿੰਦੂ ਆਧੁਨਿਕਤਾ ਦੀ ਸਥਿਤੀ ਨਾਲ ਆਲੋਚਨਾਤਮਕ ਸੰਵਾਦ ਰਚਾਉਂਦਿਆਂ ਅੱਜਕੱਲ ਚੱਲ ਰਹੇ ਧਾਰਮਿਕ ਪਖੰਡਾਂ ਜਿਨ੍ਹਾਂ ਵਿਚ ਡੇਰਾਵਾਦ ਰੂਪੀ ਨਕਲੀ ਪ੍ਰਪੰਚਾਂ ਦੀ ਨਿਸ਼ਾਨਦੇਹੀ ਕਰਦਾ ਹੈ। ਭਗਤ ਬੇਣੀ ਜੀ ਦੀ ਰਚਨਾ ਸਾਨੂੰ ਉੱਤਰ-ਆਧੁਨਿਕ ਦ੍ਰਿਸ਼ਟੀਕੋਣ ਤੋਂ ਇਸ ਸਥਿਤੀ ਦਾ ਸਾਹਮਣਾ ਕਰਕੇ ਵਿਵੇਕ ਨਾਲ ਅਸਲ ਮਨੋਰਥ ਪ੍ਰਤੀ ਸਜਗ ਕਰਦੀ ਹੈ। ਬੇਣੀ ਜੀ ਪ੍ਰਭਾਤੀ ਰਾਗ ਵਿਚ ਅਜਿਹੇ ਵਿਅਰਥ ਕਰਮ-ਕਾਂਡਾਂ ਦੀ ਪੁਰਜ਼ੋਰ ਢੰਗ ਨਾਲ ਵਿਰੋਧਤਾ ਕਰਦੇ ਹਨ। ਆਪ ਜੀ ਅਨੁਸਾਰ ਸਰੀਰ ਉੱਪਰ ਚੰਦਨ ਦਾ ਲੇਪ ਕਰਨ, ਦੋ-ਦੋ ਧੋਤੀਆਂ ਰੱਖਣ, ਸਿਲਾ ਪੂਜਣਾ, ਸਰੀਰ ਉੱਪਰ ਗਣੇਸ਼ ਦੇ ਚੱਕਰ ਬਨਾਉਣਾ, ਰਾਤਾਂ ਨੂੰ ਭਗਤੀ ਲਈ ਜਾਗਣਾ, ਹਿਰਨ ਆਦਿ ਜਾਨਵਰਾਂ ਦਾਂ ਖੱਲਾਂ ਦਾ ਆਸਣ ਲਗਾਉਣਾ ਅਤੇ

ਰੁਦਰਾਖਸ਼ ਦੀ ਮਾਲਾ ਗਲ ਵਿਚ ਪਾਉਣ ਦਾ ਕੋਈ ਫਾਇਦਾ ਨਹੀਂ ਜੇਕਰ 'ਆਤਮ-ਤੱਤ' ਭਾਵ ਅਸਲ ਮਨੋਰਥ ਦੀ ਪ੍ਰਾਪਤੀ ਨਾ ਕੀਤੀ। ਮਨੁੱਖ ਸਦਾ ਤੋਂ ਯਥਾਰਥ ਤੱਕ ਅੱਪੜਨ ਲਈ ਗਿਆਨ ਪ੍ਰਾਪਤੀ ਦੇ ਮਾਰਗ ਤੇ ਚੱਲਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਗਿਆਨ ਸਦਾ ਤੋਂ ਭਾਸ਼ਾ ਦੁਆਰਾ ਹੀ ਵਿਚਰਣ ਕਰਦਾ ਹੈ।"ਯਥਾਰਥ ਮਨੁੱਖ ਦੀ ਮਾਨਸਿਕ ਸੰਕਲਪਨਾ ਹੈ ਅਤੇ ਇਹ ਭਾਸ਼ਾ ਰਾਹੀਂ ਹੋਂਦ ਵਿੱਚ ਆਉਂਦਾ ਹੈ, ਪਰੰਤੂ ਜਦੋਂ ਭਾਸ਼ਾਈ ਚਿੰਨ ਹੀ ਨਹੀਂ ਸਗੋਂ ਹੋਰ ਚਿੰਨ੍ਹ ਵੀ ਆਪਣੇ ਆਪ ਵਿਚ ਹੀ ਪ੍ਰਣਾਲੀ ਸਿਰਜ ਲੈਣ ਤਾਂ ਯਥਾਰਥ ਬਾਰੇ ਗਿਆਨ ਕਿਵੇਂ ਗ੍ਰਹਿਣ ਕੀਤਾ ਜਾਵੇ।" (ਡਾ. ਰਾਜਿੰਦਰ ਪਾਲ ਸਿੰਘ. *ਉਤਰ ਆਧੁਨਿਕਤਾ* 40.)ਬੇਣੀ ਜੀ ਦੇ ਸ਼ਬਦ ਅਨੁਸਾਰ ਵੱਖ-ਵੱਖ ਕਰਮ-ਕਾਂਡ ਦੁਆਰਾ ਆਪਣੇ ਆਪ ਨੂੰ ਪਰਮਾਤਮਾ ਦਾ ਭਗਤ ਜਾਂ ਗਿਆਨੀ ਅਖਵਾਉਣ ਦਾ ਕੋਈ ਲਾਭ ਨਹੀਂ ਹੈ ਜਦੋਂ ਤੱਕ ਅਸਲ ਤੱਤ ਦਾ ਗਿਆਨ ਪ੍ਰਾਪਤ ਨਾ ਕੀਤਾ ਜਾਵੇ। ਇਸ ਨਕਲ/ਝੂਠ/ਪਾਖੰਡ ਦਾ ਪਾਜ ਭਗਤ ਜੀ ਆਪਣੇ ਸਮਕਾਲੀ ਸਮੇ ਵਿਚ ਪ੍ਰਚਿੱਲਤ ਰਹੁ-ਰੀਤਾਂ ਦੀ ਆਲੋਚਨਾਂ ਦੁਆਰਾ ਉਘਾੜਦੇ ਹਨ। ਪਰ ਤ੍ਰਾਸਦੀ ਇਹ ਹੈ ਕਿ ਇਹ ਸਭ ਕੁਝ ਅੱਜ ਵੀ ਉਸੇ ਰੂਪ ਜਾਂ ਥੋੜੇ-ਬਹੁਤ ਫਰਕ ਨਾਲ ਚੱਲ ਰਿਹਾ ਹੈ। ਉੱਤਰ-ਆਧੁਨਿਕ ਪੜਾਅ ਤੱਕ ਪਹੁੰਚਦੇ-ਪਹੁੰਚਦੇ ਜਿਹੜਾ ਗਿਆਨ ਇਨਸਾਨ ਨੇ ਪ੍ਰਾਪਤ ਕੀਤਾ ਹੈ ਉਹ ਸਭ ਪ੍ਰਸ਼ਨਾਂ ਦੇ ਘੇਰੇ ਅੰਦਰ ਹੈ। ਅੱਜ ਵੀ ਅਸਲ/ਸੱਚ ਮਨੁੱਖ ਦੀ ਸਮਝਣ ਦੀ ਸਮਰੱਥਾ ਤੇ ਨਿਰਭਰ ਕਰਦਾ ਹੈ।"ਜਦੋਂ ਤੱਕ ਮਾਨਵੀ ਹੋਂਦ ਦੀ ਹੋਂਦਸ਼ੀਲਤਾ ਸੱਚ, ਸ਼ੁੱਧ ਅਸਲ ਨਾਲ ਜੁੜੀ ਹੁੰਦੀ ਹੈ, ਉਦੋਂ ਤਕ ਉਹ ਸੱਚ, ਸ਼ੁੱਧ, ਅਸਲ ਵੀ ਬਚੇ ਰਹਿਣਗੇ। ਜਦੋਂ ਮਾਨਵੀ ਹੋਂਦ ਦੇ ਹੋਂਦਸ਼ੀਲ ਰਹਿਣ ਲਈ ਨਕਲ ਝੂਠ ਮਿਲਾਵਟ ਦੀ ਲੋੜ ਪਈ ਤਾਂ ਉਹੀ ਸੱਚ, ਅਸਲ, ਸ਼ੁੱਧ ਬਣ ਜਾਣਗੇ।"(65.) ਇਸ ਨਾਲ ਇਹ ਸਿੱਧ ਹੁੰਦਾ ਹੈ ਕਿ ਇਹ ਸਭ ਕੁਝ ਮਨੁੱਖ ਦੇ ਗ੍ਰਹਿਣ ਕਰਨ ਦੀ ਸਮਰੱਥਾ ਤੇ ਨਿਰਭਰ ਹੈ ਕਿ ਉਹ ਅਸਲ ਅਤੇ ਨਕਲ ਨੂੰ ਕਿਸ ਤਰਾਂ ਲੈਂਦਾ ਹੈ। ਉੱਤਰ-ਆਧੁਨਿਕਤਾ ਨਵੀਆਂ ਅੰਤਰ ਦ੍ਰਿਸ਼ਟੀਆਂ ਪ੍ਰਤੀ ਵਿਗਿਆਨ ਅਤੇ ਸੱਭਿਆਚਾਰ ਦੇ ਮਿਸ਼ਰਣ ਦਾ ਹਾਮੀ ਹੈ। ਪੋਸਟ ਮਾਡਰਨ ਰੀਡਰ ਅਨੁਸਾਰ,"Postmodernity asks the scientist to join this cultural discourse, hoping that it will yield new insights and novel interpretations".(Anderson (Ed.). *The Fontana Post Modernism Reader* 159.)ਅਰਥਾਤ,"ਉੱਤਰ-ਆਧੁਨਿਕਤਾ ਵਿਗਿਆਨੀਆਂ ਨੂੰ

ਇਸ ਸਭਿਆਚਾਰਕ ਬਿਰਤਾਂਤ ਵਿਚ ਸ਼ਾਮਿਲ ਹੋਣ ਲਈ ਕਹਿੰਦੀ ਹੈ। ਉਹ ਇਹ ਆਸ ਰਖਦੀ ਹੈ ਕਿ ਇਹ ਕ੍ਰਿਆ ਨਵੀਆਂ ਅੰਤਰ-ਝਾਤੀਆਂ ਅਤੇ ਵਿਲੱਖਣ ਭਾਵਾਤਮਕ ਵਿਆਖਿਆਵਾਂ ਪੈਦਾ ਕਰੇਗੀ।" ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਸੰਕਲਪ ਬਹੁਤ ਉੱਭਰਵੇਂ ਰੂਪ ਵਿਚ ਪ੍ਰਗਟ ਹੋਇਆ ਹੈ। ਇਸ ਲਈ ਇਸ ਦਿੱਸਦੇ ਸੰਸਾਰ ਨੂੰ ਮਾਇਆ ਦੀ ਸੰਗਿਆ ਦਿੱਤੀ ਗਈ ਹੈ। ਇਸੇ ਲਈ ਇਸ ਸੰਸਾਰ ਤੋਂ ਵਿਰਕਤ ਹੋ ਕੇ ਸੰਸਾਰ ਨੂੰ ਤਿਆਗਣ ਦੀ ਰੁਚੀ ਅਧੀਨ ਮੱਧਕਾਲ ਵਿਚ ਜੋਗੀਆਂ ਸੰਨਿਆਸੀਆਂ ਦਾ ਬਹੁਤ ਬੋਲਬਾਲਾ ਸੀ। ਇਸ ਕਾਰਨ ਇਹ ਲੋਕ ਸੰਸਾਰ ਨੂੰ ਮਾਇਆ ਸਮਝਦੇ ਹੋਏ ਇਸ ਤੋਂ ਦੂਰੀ ਬਣਾ ਕੇ ਰੱਖਦੇ ਸਨ। ਪਰ ਇਸ ਸਭ ਦੇ ਬਾਵਜੂਦ ਇਹ ਆਪਣੇ ਪੇਟ ਪਾਲਣ ਲਈ ਗ੍ਰਹਿਸਤੀਆਂ ਤੇ ਹੀ ਨਿਰਭਰ ਸਨ। ਭਗਤ ਕਵੀਆਂ ਨੇ ਮੱਧਕਾਲ ਵਿਚ ਇਸ ਪਰਪੰਚ ਦੇ ਵਿਰੁੱਧ ਆਪਣੀਆਂ ਰਚਨਾਵਾਂ ਵਿਚ ਆਵਾਜ਼ ਬੁਲੰਦ ਕੀਤੀ। ਅਜੋਕੇ ਸਮੇ ਵਿਚ ਵੀ ਇਹ ਪਰਪੰਚ ਰੂਪ ਬਦਲ ਕੇ ਜਾਰੀ ਹੈ। ਧਰਮ ਦੇ ਨਾਮ ਤੇ ਡੇਰੇਦਾਰਾਂ ਨੇ ਆਪਣੀਆਂ ਦੁਕਾਨਦਾਰੀਆਂ ਚਮਕਾ ਰੱਖੀਆਂ ਹਨ। ਇਸ ਸਬੰਧੀ ਕਈ ਵੱਡੇ ਡੇਰੇਦਾਰਾਂ ਦਾ ਪਾਜ ਖੁੱਲ੍ਹਣ ਕਾਰਨ ਸਮਾਜ ਵਿਚੋਂ ਇਨ੍ਹਾਂ ਸਬੰਧੀ ਧਾਰਨਾਵਾਂ ਵਿਚ ਪਰਿਵਰਤਨ ਵਾਪਰਿਆ ਹੈ। ਇਨ੍ਹਾਂ ਦੁਆਰਾ ਆਪਣੇ ਪ੍ਰਵਚਨਾਂ ਦੁਆਰਾ ਸੰਸਾਰ ਨੂੰ ਮਾਇਆ ਰੂਪ ਸਮਝ ਕੇ ਇਸ ਵਿਚ ਵਿਚਰਣ ਦੇ ਫਾਰਮੂਲੇ ਦੱਸੇ ਜਾਂਦੇ ਹਨ। ਪਰੰਤੂ ਆਪ ਵੱਡੇ-ਵੱਡੇ ਸਾਮਰਾਜ ਬਣਾ ਕੇ ਸ਼ਾਨਦਾਰ ਜੀਵਨ ਜੀਉਂਦੇ ਹਨ। ਇਨ੍ਹਾਂ ਦੇ ਆਪਣੇ ਜੀਵਨ ਵਿਚ ਹਰ ਤਰ੍ਹਾਂ ਦੇ ਸੁੱਖ, ਆਰਾਮ ਅਤੇ ਅੱਯਾਸ਼ੀਆਂ ਹੁੰਦੀਆਂ ਹਨ। ਇਸ ਦੇ ਨਾਲ ਹੀ ਇਹ ਸਭ ਭੋਲੇ ਭਾਲੇ ਸ਼ਰਧਾਲੂਆਂ ਦੀ ਕਮਾਈ ਉੱਤੇ ਪਲਣ ਵਾਲੇ ਉਨ੍ਹਾਂ ਲਈ ਨਵੇਂ-ਨਵੇਂ ਢੰਗਾਂ ਦੁਆਰਾ ਸੰਸਾਰ ਰੂਪੀ ਮਾਇਆ ਤੋਂ ਦੂਰ ਰਹਿਣ ਦੀ ਤਾਕੀਦ ਕਰਦੇ ਹਨ। ਇਸ ਦੇ ਨਾਲ ਹੀ ਇਹ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਦੂਰੀ ਬਨਾਉਣ ਦਾ ਉਪਦੇਸ਼ ਕਰਦੇ ਹਨ। ਪਰ ਤ੍ਰਾਸਦੀ ਇਹ ਹੈ ਕਿ ਆਪ ਖੁਦ ਇਨ੍ਹਾਂ ਸਾਰੇ ਔਗੁਣਾ ਵਿਚ ਗਲਤਾਨ ਹੁੰਦੇ ਹਨ। ਭਗਤ ਕਵੀ ਆਪਣੀਆਂ ਰਚਨਾਵਾਂ ਅੰਦਰ ਮਨ, ਕਰਮ ਅਤੇ ਬਚਨ ਦੀ ਏਕਤਾ ਤੇ ਬਲ ਦਿੰਦੇ ਹਨ। ਇਸ ਪ੍ਰਵਿਰਤੀ ਨੂੰ ਸਿਰਫ ਆਪਣੀਆਂ ਰਚਨਾਵਾਂ ਰਾਹੀਂ ਹੀ ਨਹੀਂ ਪਰੰਤੂ ਆਪ ਖੁਦ ਵੀ ਆਪਣੇ ਜੀਵਨ ਨੂੰ ਵੀ ਉਸ ਅਨੁਸਾਰ ਜੀ ਕੇ ਵਿਹਾਰਕ ਰੂਪ ਪ੍ਰਦਾਨ ਕਰ ਦਿੱਤਾ। ਇਸ ਤਰ੍ਹਾਂ ਅਸੀ ਵੇਖਦੇ ਹਾਂ ਕਿ ਮੱਧਕਾਲ ਵਿਚ ਜੋਗੀਆਂ, ਸੰਨਿਆਸੀਆਂ ਦਾ ਪਾਖੰਡ ਅਜੋਕੇ ਸਮੇਂ ਵਿਚ

ਕਥਿਤ ਡੇਰੇਦਾਰ ਬਾਬਿਆਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਸਮੇਂ ਵਿਚ ਭਗਤ ਬਾਣੀ ਸਾਨੂੰ ਇਸ ਸਬੰਧੀ ਸੁਚੇਤ ਕਰਕੇ ਇਕ ਚੰਗਾ ਜੀਵਨ ਜੀਣ ਲਈ ਪ੍ਰੇਰਣਾ ਕਰਦੀ ਹੈ। ਭਗਤ ਬਾਣੀ ਵਿਚ ਨਕਲ ਰੂਪੀ ਮਾਇਆ ਦੇ ਪ੍ਰਪੰਚਾਂ ਦੀ ਪੋਲ ਖੋਲੀ ਗਈ ਹੈ। ਆਧੁਨਿਕਤਾ ਵਿਚ ਵਿਗਿਆਨ ਦੀ ਚੜ੍ਹਤ ਦੁਆਰਾ ਵੀ ਸਾਡੇ ਸਮਾਜ ਵਿਚੋਂ ਪਾਖੰਡਾਂ ਦਾ ਖਾਤਮਾ ਨਹੀਂ ਹੋ ਸਕਿਆ ਸਗੋਂ ਉੱਤਰ-ਆਧੁਨਿਕ ਸਮੇਂ ਵਿਚ ਇਸ ਦਾ ਸਰੂਪ ਹੋਰ ਵੀ ਪ੍ਰਚੰਡ ਹੋ ਗਿਆ ਹੈ। ਅਸਲ ਨਕਲ ਦੇ ਇਸ ਦਵੰਦ ਵਿਚ ਅਜੋਕਾ ਮਨੁੱਖ ਉਲਝਿਆ ਮਹਿਸੂਸ ਕਰਦਾ ਹੈ। ਭਗਤ ਬਾਣੀ ਇਸ ਦਾ ਹੱਲ ਆਤਮ ਤੱਤ ਦੇ ਗਿਆਨ ਦੁਆਰਾ ਪੇਸ਼ ਕਰਦੀ ਹੈ। ਇਹ ਗਿਆਨ ਵਿਹਾਰਕ ਹੈ ਅਤੇ ਇਸ ਵਿਚ ਪਾਖੰਡਾਂ ਦੀ ਕੋਈ ਥਾਂ ਨਹੀਂ ਹੈ।

ਤਨਿ ਚੰਦਨੁ ਮਸਤਕਿ ਪਾਤੀ॥

ਰਿਦ ਅੰਤਰਿ ਕਲ ਤਲ ਕਾਤੀ॥

ਠਗ ਦਿਸਟਿ ਬਗਾ ਲਿਵ ਲਾਗਾ॥

ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥੧॥

ਕਲਿ ਭਗਵਤ ਬੰਦ ਚਿਰਾਮੰ॥

ਕਰ ਦਿਸਟਿ ਰਤਾ ਨਿਸਿ ਬਾਦੰ॥੧॥ਰਹਾਉ॥

ਰਿਦੈ ਕੂੜ ਕੰਠਿ ਰੁਦ੍ਰਾਖੰ॥

ਰੇ ਲੰਪਟ, ਕ੍ਰਿਸਨੁ ਅਭਾਖੰ॥੪॥

ਜਿਨਿ ਆਤਮ ਤਤੁ ਨ ਚੀਨਿਆ॥

ਸਭ ਫੋਕਟ ਧਰਮ ਅਬੀਨਿਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1351.)

ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਮਨੁੱਖ ਲਈ ਮੁਕਤੀ ਦਾ ਸੰਕਲਪ ਸਿਰਜਣ ਦੇ ਸਮਰੱਥ ਹੈ। ਪਰੰਪਰਾ ਦੇ ਗਿਆਨ ਪ੍ਰਬੰਧਾਂ ਦੀ ਜਗ੍ਹਾ ਭਗਤ ਬਾਣੀ ਨੇ ਨਵਾਂ ਪ੍ਰਬੰਧ ਸਿਰਜਿਆ ਡਾ. ਸੁਤਿੰਦਰ ਸਿੰਘ ਨੂਰ ਦੇ

ਸ਼ਬਦਾਂ ਵਿਚ,"ਇਸ ਨਾਲ ਸੁਤੰਤਰ ਵਿਚਾਰਧਾਰਾ ਬਣ ਕੇ ਕੇਂਦ੍ਰਿਤ ਹੁੰਦੀ ਗਈ। ਇਸ ਸਮਾਨਾਂਤਰਤਾ ਤੇ ਸੁਤੰਤਰਤਾ ਨੇ ਇਸ ਵਿਚ ਉੱਤਰ-ਆਧੁਨਿਕਤਾ ਦੀ ਇਕ ਪ੍ਰਵਿਰਤੀ, ਮਾਨਸਿਕਤਾ ਜਾਂ ਅਵਚੇਤਨ ਨੂੰ ਵੀ ਪੈਦਾ ਕੀਤਾ।"(*ਉੱਤਰ-ਆਧੁਨਿਕਤਾ ਕਲਾ ਅਤੇ ਸਾਹਿਤ* (ਸੰਪਾਦਕੀ) 3.) ਅਜੋਕੇ ਸਮੇਂ ਮੁਕਤੀ ਦੇ ਨਾਮ ਤੇ ਹੋਣ ਵਾਲੇ ਗੋਰਖਧੰਦੇ ਨੇ ਮਨੁੱਖ ਨੂੰ ਭਰਮ ਦੀ ਸਥਿਤੀ ਵਿਚ ਪਾ ਰੱਖਿਆ ਹੈ।

ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 93.)

ਭਗਤ ਬੇਣੀ ਜੀ ਜੀਵਨ ਦੀ ਸੱਚਾਈ ਦਾ ਚਿੱਤਰ ਪ੍ਰਸਤੁਤ ਕਰਦੇ ਹਨ। ਜਿੰਨੀ ਦੇਰ ਮਨੁੱਖ ਦੇ ਸਰੀਰ ਵਿਚ ਜਾਨ ਹੈ ਉਦੋਂ ਤੀਕਰ ਹੀ ਇਸ ਦੀ ਕੀਮਤ ਹੈ। ਮੌਤ ਤੋਂ ਬਾਅਦ ਇਸ ਦੇਹੀ ਨੂੰ ਘਰ ਬਾਰ ਦਾ ਕੋਈ ਮਤਲਬ ਨਹੀਂ ਰਹਿੰਦਾ ਅਤੇ ਨਾ ਹੀ ਕੋਈ ਮਿਰਤਕ ਦੇਹ ਨੂੰ ਘਰ ਦੇ ਅੰਦਰ ਰੱਖਣ ਦਿੰਦਾ ਹੈ। ਇਸ ਲਈ ਅਸਲ ਗੱਲ ਇਹ ਹੈ ਕਿ ਜੇਕਰ ਇਨਸਾਨ ਮੁਕਤੀ ਚਾਹੁੰਦਾ ਹੈ ਤਾਂ ਉਸਨੂੰ ਇਸ ਨਕਲ ਪ੍ਰਤੀ ਜਾਗਰੂਕ ਹੋ ਕੇ ਆਪਣੇ ਅਸਲ ਮੰਤਵ ਮਨੁੱਖਤਾ ਪ੍ਰਤੀ ਸੰਵੇਦਨਸ਼ੀਲ ਹੋਣਾ ਪਵੇਗਾ। ਭਗਤ ਬਾਣੀ ਵਿਚ ਇਸ ਅਸਲ ਪ੍ਰਤੀ ਬੇਮੁੱਖਤਾ ਨੂੰ ਮਾਇਆ ਦੇ ਸੰਕਲਪ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ। ਉੱਤਰ-ਆਧੁਨਿਕਤਾ ਵਿਚ ਅਸਲ ਅਤੇ ਨਕਲ ਦੀ ਪ੍ਰਵਿਰਤੀ ਦੁਆਰਾ ਇਸ ਸੱਚਾਈ ਨੂੰ ਪੇਸ਼ ਕੀਤਾ ਗਿਆ ਹੈ। ਅਜੋਕੇ ਸਮੇਂ ਵਿਚ ਭਗਤੀ ਦੁਆਰਾ ਮੁਕਤੀ ਦਾ ਪਾਖੰਡ ਸਿਰਜ ਕੇ ਆਪਣੀਆਂ ਦੁਕਾਨਦਾਰੀਆਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿਚ ਅਜਿਹੀ ਨਕਲ ਦਾ ਲਬਾਦਾ ਪੇਸ਼ ਕੀਤਾ ਜਾ ਰਿਹਾ ਹੈ ਕਿ ਮਨੁੱਖ ਇਸ ਨੂੰ ਅਸਲ ਸਮਝ ਕੇ ਮਰਨ ਤੋਂ ਬਾਅਦ ਮੁਕਤੀ ਦਾ ਭਰਮ ਪਾਲ ਰਿਹਾ ਹੈ। ਭਗਤ ਬਾਣੀ ਇਸ ਸਬੰਧੀ ਵਿਵੇਕਪੂਰਨ ਮੱਤ ਪੇਸ਼ ਕਰਦੀ ਹੈ। ਉੱਤਰ-ਆਧੁਨਿਕਤਾ ਇਕ ਅਜਿਹੀ ਮੱਦ ਹੈ ਜਿਹੜੀ ਇਕ ਇਤਿਹਾਸਕ ਸਮੇਂ ਜਾਂ ਬੁੱਧੀਜੀਵੀਆਂ ਦੇ ਵਿਚਾਰਾਂ ਦੀ ਮੁੱਖ ਲਹਿਰ ਦੀ ਵਿਆਖਿਆ ਕਰਦੀ ਹੈ। ਜਿਸਨੇ ਫਿਲਾਸਫੀ, ਕਲਾ, ਆਲੋਚਨਾਤਮਕ

ਥਿਊਰੀ, ਆਰਕੀਟੈਕਚਰ, ਇਤਿਹਾਸ ਅਤੇ ਸੱਭਿਆਚਾਰ ਤੇ ਮੁੱਖ ਪ੍ਰਭਾਵ ਪਾਇਆ ਹੈ। ਇਹ ਮੱਦ ਬਹੁਤ ਸਾਰੇ ਵੱਖੋ-ਵੱਖਰੇ ਵਿਚਾਰਾਂ ਦੀ ਅਗਵਾਈ ਕਰਦੀ ਹੈ, ਪਰੰਤੂ ਜ਼ਰੂਰੀ ਨਹੀਂ ਇਸ ਮੱਦ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਬਿਨਾਂ ਕਿਸੇ ਸ਼ੱਕ ਤੋਂ ਇਸ ਨਾਲ ਸਬੰਧ ਰੱਖਦੀਆਂ ਹੋਣ।"ਆਧੁਨਿਕਤਾ ਪ੍ਰਤੀ ਇਕ ਪ੍ਰਤੀਕਰਮ-ਵੱਡੀਆਂ ਪੂਰਨ ਕਦਰਾਂ-ਕੀਮਤਾਂ ਅਤੇ ਸੰਗਠਨਾਂ ਤੇ ਜੋਰ। ਇਹ ਵਿਸ਼ਵਾਸ ਕਿ ਕੋਈ ਵੀ ਸੰਚਾਰ, ਮਿੱਥ, ਲੱਖਣ, ਸੱਭਿਆਚਾਰਕ ਪੱਖ-ਪਾਤ, ਰਾਜਨੀਤਕ ਵੱਥ ਆਦਿ ਤੋਂ ਖਾਲੀ ਨਹੀਂ ਹੁੰਦੀ।"(Wickipedia the Free Encyclopedia/Post-Modernism(web.com) ਮੁੱਖ ਰੂਪ ਵਿਚ ਇਹ ਆਧੁਨਿਕਤਾ ਪ੍ਰਤੀ ਆਲੋਚਨਾਤਮਕ ਪਹੁੰਚ ਵਿਧੀ ਹੈ ਜੋ ਸੱਚ ਦੀ ਭਾਲ ਪ੍ਰਤੀ ਆਪਣੀਆਂ ਧਾਰਨਾਵਾਂ ਪੇਸ਼ ਕਰਦੀ ਹੈ। ਇਸ ਤੋਂ ਸਪੱਸ਼ਟ ਹੈ ਕਿ –

ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਨਾਲੋ-ਨਾਲ ਤੁਰਦੇ ਹਨ।

ਪੂਰਨ ਆਧੁਨਿਕਤਾ ਵਿਚ ਵੀ ਉੱਤਰ-ਆਧੁਨਿਕ ਪਰਿਪੇਖ ਦੇ ਅਨੁਰੂਪੀ ਵਿਆਖਿਆ ਪੇਸ਼ ਹੁੰਦੀ ਹੈ।

ਚੇਤੰਨਤਾ ਅਤੇ ਅਨੁਭਵ ਉੱਤਰ-ਆਧੁਨਿਕਤਾ ਦੇ ਪ੍ਰਮੁੱਖ ਲੱਛਣ ਹਨ।

ਉੱਤਰ-ਆਧੁਨਿਕ ਪਰਿਪੇਖ ਵਿਚ ਬੁੱਧੀਜੀਵੀਆਂ ਦੇ ਵਿਚਾਰਾਂ ਦੀ ਮੁੱਖ ਅਹਿਮੀਅਤ ਹੁੰਦੀ ਹੈ।

ਅਜੋਕੇ ਸੂਚਨਾ-ਤਕਨਾਲੋਜੀ ਦੇ ਸਮੇਂ ਵਿਚ ਉੱਤਰ-ਆਧੁਨਿਕ ਸੋਚ ਦੀ ਮੁੱਖ ਭੂਮਿਕਾ ਹੈ।

ਉੱਤਰ-ਆਧੁਨਿਕਤਾ ਇਕ ਕੇਂਦਰੀ ਅਤੇ ਦਮਨਸ਼ੀਲ ਪ੍ਰਬੰਧਾਂ ਪ੍ਰਤਿ ਇਕ ਪ੍ਰਤੀਕਰਮ ਹੈ ਜਿਸ ਵਿਚ ਵੱਡੀਆਂ ਕਦਰਾਂ-ਕੀਮਤਾਂ ਅਤੇ ਸੰਗਠਨਾਂ ਦੇ ਬਲ ਦਿੱਤਾ ਜਾਂਦਾ ਹੈ। ਇਸ ਨਾਲ ਪਖੰਡਾਂ ਦੀ ਜਗ੍ਹਾ ਯਥਾਰਥ ਵੱਲ ਨੂੰ ਝੁਕਾਅ ਮਿਲਦਾ ਹੈ। ਇਸ ਅਨੁਸਾਰ ਪੁਜਾਰੀ ਵਰਗ ਦਾ ਮਨੁੱਖ ਦੀ ਬਿਹਤਰੀ ਬਾਰੇ ਉਸਾਰਿਆ ਵਿਚਾਰ ਆਪਣੇ ਆਪ ਤੋਂ ਹੀ ਪ੍ਰੇਰਿਤ ਹੈ। ਆਪਣੇ ਆਪ ਨੂੰ ਸਥਾਪਿਤ ਕਰਨ ਅਤੇ ਸ਼ਕਤੀ ਹਾਸਲ ਕਰਨ ਲਈ ਅਜਿਹਾ ਸੱਚ ਵਿਕਸਤ ਕੀਤਾ ਜੋ ਇਕ ਪਵਿੱਤਰ ਝੂਠ ਹੈ। "ਇਨਕਲਾਬੀ ਚੇਤਨਤਾ ਵਾਸਤੇ ਲਾਜ਼ਮੀ ਹੈ ਕਿ ਉਹ ਕਾਬਜ਼ ਜਮਾਤ ਦੇ ਹਿੱਤੀ ਖਿਆਲਾਂ, ਜਜ਼ਬਿਆਂ, ਨੀਅਤਾਂ, ਅਮਲੀ ਤੌਰ ਤੇ ਕੰਮ ਕਰਦੀਆਂ ਮਜ਼ਬੀ ਕਲਚਰਲ, ਸਮਾਜਿਕ, ਸਿਆਸੀ ਹਰ ਕਿਸਮ ਦੀਆਂ

ਸੰਸਥਾਵਾਂ ਦਾ ਖੰਡਨ ਕਰੇ ਅਤੇ ਉਸਦੇ ਮੁਕਾਬਲੇ ਉੱਤੇ ਆਪਣੇ ਹਿੱਤ ਉਸਾਰੇ ਅਤੇ ਉਨ੍ਹਾਂ ਦੀ ਸੱਚ ਤੇ ਸਦਾਚਾਰ ਦੀ ਬਿਨਾਅ ਉੱਤੇ ਵਕਾਲਤ ਕਰੇ।"(ਪ੍ਰੋ. ਕਿਸ਼ਨ ਸਿੰਘ. *ਸਿੱਖ ਲਹਿਰ* 14.) ਇਸ ਲਈ ਅਸਲ ਦੀ ਪਛਾਣ ਲਈ ਆਮ ਮਨੁੱਖੀ ਹਿੱਤਾਂ ਦੀ ਰਾਖੀ ਰੂਪੀ ਕਸੌਟੀ ਹੀ ਕਾਰਗਰ ਸਿੱਧ ਹੋ ਸਕਦੀ ਹੈ। ਇਸ ਦ੍ਰਿਸ਼ਟੀ ਦੀ ਭਰਪੂਰ ਝਲਕ ਭਗਤ ਬਾਣੀ ਵਿਚਲੇ ਪ੍ਰਵਚਨ ਵਿਚ ਮਿਲਦੀ ਹੈ।

ਧਰਮ ਸ਼ਾਸ਼ਤਰ ਵਿਚ ਸਦਾਚਾਰ ਇਕ ਮਹੱਤਵਪੂਰਨ ਪ੍ਰਵਰਗ ਹੈ। ਧਰਮ ਚਿੰਤਨ ਮਨੁੱਖ ਨੂੰ ਹਮੇਸ਼ਾ ਹੀ ਸਚਿਆਰ ਰੂਪ ਵਿਚ ਵੇਖਣ ਦਾ ਬਿੰਬ ਸਿਰਜਦਾ ਹੈ। ਪਰ ਕਾਬਜ ਸ਼੍ਰੇਣੀ ਨੇ ਹੁਣ ਅਜਿਹਾ ਨਕਲੀ ਪਰਪੰਚ ਰਚ ਰੱਖਿਆ ਹੈ ਜਿਸ ਨਾਲ ਮਨੁੱਖ ਅਸਲ ਅਤੇ ਨਕਲ ਪ੍ਰਤੀ ਉਲਝਣ ਦੀ ਸਥਿਤੀ ਵਿਚ ਜੀ ਰਿਹਾ ਹੈ। ਭਗਤ ਬਾਣੀ ਵਿਚਲੇ ਗਿਆਨ ਦੁਆਰਾ ਇਕ ਅਜਿਹੇ ਸਮਾਜਿਕ ਤਾਣੇ ਬਾਣੇ ਦਾ ਸੰਕਲਪ ਸਾਹਮਣੇ ਆਉਂਦਾ ਹੈ ਜਿਸ ਦੁਆਰਾ ਆਮ ਲੋਕੀ ਸੋਸ਼ਣ ਤੋਂ ਬਚ ਸਕਦੇ ਹਨ। ਇਸ ਸਬੰਧੀ ਰਾਘਵੇਂਦਰ ਪ੍ਰਤਾਪ ਸਿੰਘ '*ਫਿਲਾਸਫੀ ਆਫ ਮਾਡਰਨ ਐਂਡ ਪੋਸਟ-ਮਾਡਰਨ*' ਵਿਚ ਮਾਰਕਿਊਜ਼ ਦੇ ਹਵਾਲੇ ਨਾਲ ਲਿਖਦੇ ਹਨ ਕਿ "ਮਾਰਕਿਊਜ ਇਹ ਮਸ਼ਵਰਾ ਦਿੰਦੇ ਹਨ ਕਿ ਦਮਨਕਾਰਤਾ ਰਹਿਤ ਸਭਿਅਤਾ ਸੰਭਵ ਵੀ ਹੈ ਤੇ ਇਸ ਦੀ ਸਹਿਜਭਾਵੀ ਉਘੜਵੀਂ ਇੱਛਾ ਵੀ ਕੀਤੀ ਜਾਂਦੀ ਹੈ। ਇਹੀ ਉਹ ਵਿਚਾਰ ਹੈ ਜਿਸ ਪਿੱਛੇ ਉੱਤਰ-ਆਧੁਨਿਕ ਚਿੰਤਕ ਲਗੇ ਹੋਏ ਹਨ।"(15.) ਸੱਭਿਆਚਾਰ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਵਿਚ ਸਾਡਾ ਖਾਣ-ਪੀਣ, ਪਹਿਰਾਵਾ, ਕੰਮ-ਧੰਦੇ, ਗੀਤ-ਸੰਗੀਤ ਅਤੇ ਧਾਰਮਿਕ ਵਿਚਾਰ ਜਾਂ ਧਾਰਮਿਕ ਮੰਨਤਾਂ ਆਦਿ ਸਭ ਕੁਝ ਆ ਜਾਂਦਾ ਹੈ। ਡਾ. ਗੁਰਬਖਸ਼ ਸਿੰਘ ਫਰੈਂਕ ਸਭਿਆਚਾਰ ਬਾਰੇ ਪਰਿਭਾਸ਼ਾ ਕੁਝ ਇਸ ਤਰਾਂ ਨਿਸ਼ਚਿਤ ਕਰਦੇ ਹਨ: ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ। ਉੱਤਰ-ਆਧੁਨਿਕਤਾ ਨੇ ਇਸ ਸਭ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਉੱਤਰ-ਆਧੁਨਿਕ ਯੁੱਗ ਵਿਚ ਜ਼ਰੂਰਤ ਇਸ ਗੱਲ ਦੀ ਹੈ ਕਿ ਮਨੁੱਖ ਆਪਣੇ ਅਤੀਤ ਵਿਚ ਪਏ ਹੋਏ ਗਿਆਨ ਦੀ ਸਹਾਇਤਾ ਨਾਲ ਇਕ ਅਜਿਹਾ ਸੱਭਿਆਚਾਰ ਸਿਰਜੇ ਜਿਸ ਵਿਚ ਮਨੁੱਖਤਾ ਦੀ

ਗੱਲ ਅਗਰਭੂਮੀ ਵਿਚ ਆ ਸਕੇ। ਸਾਨੂੰ ਇਸ ਪਖੋਂ ਅਮੀਰ ਖਜ਼ਾਨਾ '*ਸ੍ਰੀ ਗੁਰੂ ਗ੍ਰੰਥ ਸਾਹਿਬ*' ਦੇ ਰੂਪ ਪ੍ਰਾਪਤ ਹੈ ਜਿਸ ਵਿਚ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਸੰਦੇਸ਼ ਅਤੇ ਸੇਧ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਜ ਇਸ ਖਜ਼ਾਨੇ ਨੂੰ ਅਧਿਐਨ ਅਤੇ ਚਿੰਤਨ ਦਾ ਭਾਗ ਬਨਾਉਣ ਦੀ ਲੋੜ ਹੈ। ਉੱਤਰ-ਆਧੁਨਿਕ ਚਿੰਤਨ ਜਿੰਨ੍ਹਾਂ ਸਮਾਜਕ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰ ਰਿਹਾ ਹੈ ਉਸ ਸਭ ਦਾ ਹੱਲ ਇਸ ਵਿਚ ਪ੍ਰਾਪਤ ਰਚਨਾਵਾਂ ਵਿਚ ਨਿਹਿਤ ਹੈ। ਇਸ ਵਿਚਲਾ ਭਾਸ਼ਾ ਸੰਸਾਰ ਆਮ ਲੋਕਾਂ ਦੇ ਨੇੜੇ ਹੋਣ ਕਾਰਨ ਹਰ ਇਕ ਨੂੰ ਆਪਣਾ ਲੱਗਦਾ ਹੈ। '*ਪੋਸਟ ਮਾਡਰਨ ਰੀਡਰ*' ਵਿਚ ਕਥਨ ਹੈ ਕਿ "ਭਾਸ਼ਾ ਦਾ ਫੋਕਸ ਵਿਸ਼ੇ ਦੇ ਵਿਕੇਂਦਰੀਕਰਨ ਵਲ ਰੁਚਿਤ ਹੁੰਦਾ ਹੈ। ਨਿੱਜਤਾ ਆਪਣੇ ਆਪ ਨੂੰ ਅਭਿਵਿਅਕਤ ਕਰਨ ਲਈ ਭਾਸ਼ਾ ਹੀ ਵਿਅਕਤੀ ਰਾਹੀਂ ਬੋਲਦੀ ਹੈ। ਨਿੱਜ-ਵਾਦਤਾ ਹੀ ਇਕ ਸੱਭਿਆਚਾਰ ਅਤੇ ਇਸਦੀ ਭਾਸ਼ਾ ਲਈ ਮਾਧਿਅਮ ਬਣਦੀ ਹੈ।"(Anderson.(ed.) *The Fontana Post-Modernism Reader* 22.) ਭਗਤ ਬਾਣੀ ਦਾ ਭਾਸ਼ਾ ਸੰਸਾਰ ਜਿੱਥੇ ਸਾਨੂੰ ਸਮੂਹ ਭਾਰਤ ਦੇ ਸਾਹਿਤ, ਸੱਭਿਆਚਾਰ ਅਤੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਾਤਾਂ ਨਾਲ ਰੂਬਰੂ ਕਰਵਾਉਂਦਾ ਹੈ ਉੱਥੇ ਹੀ ਉਨ੍ਹਾਂ ਸਾਰੇ ਹਾਲਾਤਾਂ ਨਾਲ ਕਿਸ ਤਰਾਂ ਸਿੱਝਿਆ ਜਾ ਸਕਦਾ ਹੈ, ਇਸ ਸੋਚ ਵੱਲ ਵੀ ਤੋਰਦਾ ਹੈ। ਇਸ ਸਬੰਧੀ 'ਸੇਂਟਜ਼ ਐਂਡ ਪੋਸਟਮਾਡਰਨਿਜ਼ਮ' ਵਿਚਲਾ ਕਥਨ ਵੇਖਣਯੋਗ ਹੈ :

> Six impulses or tendencies drawn from the differing manifestation of Post-Modernism appear repeatedly in the present study because of their bearing upon the sphere of moral action: differentiality, double coding, eclecticism, alterity, empowerment (and its opposite) and materialism. (Mark,C. Taylor (ed.). *Saints and Postmodernism* 16.)

ਅਰਥਾਤ,"ਉੱਤਰ-ਆਧੁਨਿਕਤਾ ਦੇ ਵਿਭਿੰਨ ਪ੍ਰਗਟਾਵਿਆਂ ਤੋਂ ਛੇ ਵਿਭਿੰਨ ਝੁਕਾਅ ਜਾਂ ਰੁਚੀਆਂ ਤਾ ਪਤਾ ਲਗਦਾ ਹੈ ਜਿਹੜੀ ਉਨ੍ਹਾਂ ਦੇ ਨੈਤਿਕ ਕਾਰਜਾਂ ਦੇ ਘੇਰੇ ਵਿਚ ਆਉਣ ਕਰਕੇ ਹਥਲੇ ਅਧਿਐਨ ਵਿਚ ਬਾਰ-ਬਾਰ

ਆਉਂਦੀਆਂ ਹਨ: ਵੱਖਰਤਾ, ਦੂਹਰੀ ਸੰਕੇਤਾਵਲੀ, ਸੰਕਲਨਵਾਦ (ਦਾਰਸ਼ਨਿਕਤਾ), ਦੂਜਾਪਣ (ਵਿਕੇਂਦਰਤਾ), ਸਮਰੱਥਤਾ ਅਤੇ ਪਦਾਰਥਵਾਦਤਾ।" ਭਗਤ ਬਾਣੀ ਦੀ ਭਾਸ਼ਾ ਉਪਰੋਕਤ ਝੁਕਾਵਾਂ ਦਾ ਪ੍ਰਗਟਾਵਾ ਕਰਦੀ ਹੋਈ ਕਈ ਥਾਂ ਇਨ੍ਹਾਂ ਤੋਂ ਪਾਰਗਾਮੀ ਵੀ ਪ੍ਰਤੀਤ ਹੁੰਦੀ ਹੈ।

ਇਸ ਅਧਿਆਇ ਵਿਚ ਪੇਸ਼ ਚਰਚਾ ਵਿਚ ਅਸੀਂ ਵਿਦਵਾਨਾਂ ਵੱਲੋਂ ਸੁਝਾਏ ਉੱਤਰ-ਆਧੁਨਿਕਤਾ ਦੇ ਮੂਲ ਪ੍ਰਵਰਗਾਂ ਨੂੰ ਭਗਤ ਬਾਣੀ ਵਿਚ ਪੇਸ਼ ਪ੍ਰਵਚਨ ਦੇ ਆਧਾਰ ਤੇ ਪਰਖਣ ਦਾ ਯਤਨ ਕੀਤਾ ਹੈ। ਅਸੀ ਵੇਖਦੇ ਹਾਂ ਕਿ ਭਾਰਤੀ ਧਰਮ ਸ਼ਾਸਤਰ ਵਿਚ ਮਨੂੰ ਸਿਮਰਤੀ ਅਤੇ ਹਿੰਦੂ ਧਰਮ ਸ਼ਾਸਤਰਾਂ ਨੂੰ ਰਿੱਤ ਅਤੇ ਸਿਮਰਤੀ ਦਾ ਨਾਂ ਦਿੱਤਾ ਗਿਆ ਹੈ। ਰਿੱਤ ਤੋਂ ਭਾਵ ਹਿੰਦੂ ਧਾਰਮਕ ਰੀਤੀ-ਰਿਵਾਜ ਜਾਂ ਪਰੰਪਰਾ ਅਤੇ ਸਿਮਰਤੀ ਤੋਂ ਭਾਵ ਕਾਨੂੰਨ ਗ੍ਰੰਥ ਹੈ। ਵਰਣ ਆਸ਼ਰਮ ਜਾ ਜਾਤੀ ਪ੍ਰਥਾ ਅੱਜ ਵੀ ਹਿੰਦੂ ਧਰਮ ਦੇ ਸਮਾਜਿਕ ਢਾਂਚੇ ਦਾ ਹਿੱਸਾ ਹਨ। ਇਤਿਹਾਸ ਤੋਂ ਲੈ ਕੇ ਅੱਜ ਤੀਕਰ ਵੀ ਇਸ ਪ੍ਰਣਾਲੀ ਨੂੰ ਤੋੜਨ ਵਾਲਿਆਂ ਲਈ ਸਮਾਜ ਸਹਿਨਸ਼ੀਲ ਨਹੀਂ ਹੋ ਪਾਇਆ ਹੈ। ਸਮਕਾਲੀ ਸਾਹਿਤ ਵਿਚ ਪ੍ਰਚੱਲਿਤ ਰੂਪਾਕਾਰਾਂ ਅੰਦਰ ਇਹ ਸਾਰੇ ਮੁੱਦੇ ਉਠਾਏ ਜਾਂਦੇ ਹਨ। ਇਸ ਲਈ ਅਜੋਕਾ ਚਿੰਤਨ ਉਪਰੋਕਤ ਪ੍ਰਵਰਗਾਂ ਦੁਆਰਾ ਸਾਹਿਤ ਨੂੰ ਸਮਝਣ ਸਮਝਾਉਣ ਲਈ ਕਾਰਜਸ਼ੀਲ ਹੈ। ਮੱਧਕਾਲੀਨ ਨਿਰਗੁਣ ਸੰਤਾਂ ਨੇ ਨੀਵਿਆਂ ਨਿਤਾਣਿਆਂ ਦੇ ਦੁੱਖ-ਦਰਦਾਂ ਅਤੇ ਬੇਗਾਨਗੀ ਨੂੰ ਆਪਣੀ ਕਵਿਤਾ ਰਾਹੀਂ ਆਵਾਜ਼ ਪ੍ਰਦਾਨ ਕੀਤੀ। ਉਪਰੋਕਤ ਅਧਿਆਇ ਵਿਚ ਉੱਤਰ-ਆਧੁਨਿਕਤਾ ਦੇ ਪ੍ਰਵਰਗਾਂ ਦੁਆਰਾ ਨਿਮਨਲਿਖਤ ਸਿੱਟਿਆਂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ।

ਉੱਤਰ-ਆਧੁਨਿਕਤਾ ਸੰਸਾਰ ਦੀ ਹਰ ਸ਼ੈਅ ਨੂੰ ਅਨਿਸ਼ਚਿਤ ਸਮਝਦੀ ਹੈ। ਭਗਤ ਬਾਣੀ ਇਸ ਅਨਿਸ਼ਚਿਤਤਾ ਦੀ ਨਿਸ਼ਾਨਦੇਹੀ ਤਾਂ ਕਰਦੀ ਹੈ, ਪਰ ਇਸ ਪ੍ਰਵਚਨ ਵਿਚਲਾ ਬ੍ਰਹਮ ਨਿਸ਼ਚਿਤ ਹੈ। ਇਸ ਨਾਲ ਅਸੀਂ ਇਸ ਸੰਕਲਪ ਦੁਆਰਾ ਸਮੁੱਚੀ ਮਨੁੱਖ ਜਾਤੀ ਇਥੋਂ ਤੱਕ ਕਿ ਬ੍ਰਹਿਮੰਡੀ ਵਰਤਾਰਿਆਂ ਵਿਚਲੀ ਏਕਤਾ ਦਾ ਮੂਲ ਸਮਝ ਸਕਦੇ ਹਾਂ। ਬ੍ਰਹਮ ਦਾ ਸੰਕਲਪ ਭਾਰਤੀ ਚਿੰਤਨ ਵਿਚ ਤਿੰਨ ਸ਼ਕਤੀਆ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਏਕਤਾ ਦਾ ਪ੍ਰਤੀਕ ਹੈ। ਕਮਾਲ ਦੀ ਗੱਲ ਹੈ ਕਿ ਇਸ ਸੰਕਲਪ ਨੂੰ ਈਸਾਈ ਅਤੇ ਇਸਲਾਮ ਅੰਦਰ ਵੀ ਪ੍ਰਗਟ ਕੀਤਾ ਗਿਆ ਹੈ।

ਇਸ ਤੋਂ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਅਨਿਸ਼ਚਿਤਤਾ ਮਨੁੱਖ ਦੀ ਹੋਂਦ ਦਾ ਸੱਚ ਹੈ ਪਰ ਭਗਤ ਬਾਣੀ ਉਸ ਨਿਸ਼ਚਿਤ ਸੱਚ ਦਾ ਨਿਰੂਪਣ ਕਰਦੀ ਹੈ, ਜੋ ਸਮੁੱਚੀ ਮਾਨਵ ਜਾਤੀ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹਦਾ ਹੈ।

ਉੱਤਰ-ਆਧੁਨਿਕਤਾ ਵਿਚ ਵਿਸ਼ਵੀਕਰਨ ਨਾਲੋਂ ਸਥਾਨਕਤਾ ਦੀ ਭੂਮਿਕਾ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਸ ਸੰਕਲਪ ਨੂੰ ਸਮਾਜ ਵਿਚਲੀਆਂ ਸਦੀਵੀ ਸਮੱਸਿਆਵਾਂ ਦੇ ਨੁਕਤੇ ਤੋਂ ਪੈਦਾ ਹੋਈਆਂ ਤੱਤਕਾਲੀ ਸਮਾਜਿਕ ਸਮੱਸਿਆਵਾਂ ਦੇ ਝਰੋਖੇ ਵਿਚੋ ਵੇਖਣ ਤੇ ਪਤਾ ਚਲਦਾ ਹੈ ਕਿ ਮਨੁੱਖ ਦੀਆਂ ਸਮੱਸਿਆਵਾਂ ਦਾ ਮੂਲ ਉਸ ਦੇ ਨਿੱਜ ਤੋਂ ਪਰ ਤੱਕ ਫੈਲਿਆ ਹੋਇਆ ਹੈ। ਮਨੁੱਖ ਦੀ ਸ਼ੁਰੂਆਤ ਤੋਂ ਲੈ ਕੇ ਸਮਾਜ ਦੇ ਹੋਂਦਸ਼ੀਲ ਹੋਣ ਤੱਕ ਜੋ ਸਮੱਸਿਆਵਾਂ ਪੇਸ਼ ਆਈਆਂ ਹਨ ਉਨ੍ਹਾਂ ਦਾ ਵਰਨਣ ਸਾਨੂੰ ਭਗਤ ਬਾਣੀ ਵਿਚ ਪ੍ਰਾਪਤ ਹੁੰਦਾ ਹੈ। ਪੂਰੇ ਸੰਸਾਰ ਵਿਚ ਅਸੁਰੱਖਿਆ ਜਿਸ ਤੋਂ ਕਿ ਸ਼ੋਸ਼ਣ, ਦਮਨ ਜਿਹੀਆਂ ਸਮੱਸਿਆਵਾਂ ਪੂਰੇ ਵਿਸ਼ਵ ਨੂੰ ਪੇਸ਼ ਹਨ, ਜਿਸ ਵਿਚ ਵੱਡਾ ਦੇਸ਼ ਛੋਟੇ ਦੇਸ਼ਾਂ ਤੇ ਆਪਣੀ ਧੌਂਸ ਜਮਾਉਦਾ ਹੈ। ਜਿਸ ਨਾਲ ਸੰਸਾਰ ਦਾ ਅਮਨ ਚੈਨ ਖਤਰੇ ਵਿਚ ਆਇਆ ਹੋਇਆ ਹੈ। ਇਨ੍ਹਾਂ ਦਾ ਹੀ ਛੋਟਾ ਰੂਪ ਸਥਾਨਕ ਪੱਧਰ ਦੀਆਂ ਸਮੱਸਿਆਵਾਂ ਦਾ ਕਾਰਨ ਬਣਦਾ ਹੈ। ਭਗਤ ਬਾਣੀ ਇਨ੍ਹਾਂ ਨੂੰ ਆਪਣੇ ਘੇਰੇ ਵਿਚ ਲੈਂਦੀ ਹੈ ਅਤੇ ਸਿਰਫ ਨਿਸ਼ਾਨਦੇਹੀ ਹੀ ਨਹੀਂ ਕਰਦੀ ਬਲਕਿ ਉਨ੍ਹਾਂ ਦੇ ਹੱਲ 'ਸਮਭਾਵ' ਵੱਲ ਇਸ਼ਾਰਾ ਕਰਦੀ ਹੈ।

ਉੱਤਰ-ਆਧੁਨਿਕਤਾ ਵਿਚ ਅਲਪ ਬ੍ਰਿਤਾਂਤ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਭਗਤ ਬਾਣੀ ਆਪਣੇ ਆਪ ਵਿਚ ਅਲਪ ਬ੍ਰਿਤਾਂਤ ਹੈ ਕਿਉਂਕਿ ਇਸ ਵਿਚ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ 15 ਕਵੀਆਂ ਦੇ ਵਿਚਾਰ ਹਨ। ਇਸ ਬ੍ਰਿਤਾਂਤ ਨੂੰ ਭਾਰਤੀ ਗਿਆਨ ਪਰੰਪਰਾ ਵਿਚਲੇ ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਦੇ ਸੰਘਰਸ਼ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਗੈਰ ਵੇਦਾਂਤਿਕ ਪਰੰਪਰਾਵਾਂ ਦੇ ਅਧਿਐਨ ਦੁਆਰਾ ਅਸੀ ਵੇਖਦੇ ਹਾਂ ਕਿ ਇਹ ਵੇਦਾਂਤ ਦੇ ਬਿਲਕੁਲ ਉਲਟ ਪੈਂਤੜਾ ਅਪਣਾਉਂਦੀਆਂ ਹਨ ਜਿਵੇਂ ਚਾਰਵਾਕ, ਬੋਧ ਅਤੇ ਜੈਨ ਆਦਿ। ਪਰ ਕਮਾਲ ਦੀ ਗੱਲ ਹੈ ਕਿ ਭਗਤ ਬਾਣੀ ਵਿਚਲਾ ਅਲਪਬ੍ਰਿਤਾਂਤ, ਵੇਦਾਂਤ ਰੂਪੀ ਮਹਾਂਬ੍ਰਿਤਾਂਤ ਦੀ ਪੁਨਰ ਵਿਆਖਿਆ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਵਿਚ ਵੇਦਾਂਤਿਕ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਨਾਲ ਸੰਵਾਦ ਰਚਾ ਕੇ ਸਹੀ ਅਰਥ ਪ੍ਰਬੰਧ ਸਿਰਜਣ ਦਾ ਆਹਰ ਸਾਹਮਣੇ ਆਉਂਦਾ ਹੈ।

ਉੱਤਰ-ਆਧੁਨਿਕਤਾ ਵਿਚ ਵਿਚਾਰ ਨਾਲੋਂ ਮਨੁੱਖੀ ਦੇਹ ਦੀ ਪ੍ਰਮੁੱਖਤਾ ਸਵੀਕਾਰ ਕੀਤੀ ਜਾਂਦੀ ਹੈ। ਇਸ ਪ੍ਰਵਰਗ ਨੂੰ ਇਸ ਅਧਿਆਇ ਵਿਚ ਭਗਤ ਬਾਣੀ ਵਿਚ ਪੇਸ਼ ਪੰਜ ਤੱਤਾਂ ਅਤੇ ਆਤਮਾ ਦੀ ਅਮਰਤਾ ਦੁਆਰਾ ਸਮਝਣ ਦਾ ਯਤਨ ਕੀਤਾ ਗਿਆ ਹੈ। ਭਗਤ ਬਾਣੀ ਇਸ ਸੰਕਲਪ ਨੂੰ ਪੰਜ ਤੱਤ ਧਰਤੀ, ਹਵਾ, ਪਾਣੀ, ਅਗਨੀ ਅਤੇ ਆਕਾਸ਼ ਤੋਂ ਮਨੁੱਖ ਦੀ ਦੇਹ ਦਾ ਨਿਰਮਾਣ ਹੋਇਆ ਮੰਨਦੀ ਹੈ। ਇਸ ਦੇ ਸਮਵਿੱਥ ਇਸ ਵਿਚ ਆਤਮਾ ਦੇ ਸੰਕਲਪ ਦੁਆਰਾ ਵਿਚਾਰ ਦੀ ਪ੍ਰਮੁੱਖਤਾ ਨੂੰ ਸਥਾਪਿਤ ਕਰਦੀ ਹੈ। ਧਿਆਨ ਨਾਲ ਦੇਖਣ ਤੋਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਗਤ ਬਾਣੀ ਦੇਹ ਦੀ ਸਵੀਕਾਰਤਾ ਦੇ ਨਾਲ ਵਿਚਾਰ ਨੂੰ ਪ੍ਰਮੁੱਖਤਾ ਦਿੰਦੀ ਹੈ। ਇਸ ਵਿਚਲਾ ਪ੍ਰਵਚਨ ਦੇਹ ਅਤੇ ਵਿਚਾਰ ਦੋਹਾਂ ਦੇ ਸਮਨਵੈ ਦੁਆਰਾ ਮਨੁੱਖਤਾ ਲਈ ਮਾਰਗ ਤਲਾਸ਼ਦੀ ਹੈ।

ਉੱਤਰ-ਆਧੁਨਿਕਤਾ ਕੇਂਦਰ ਨਾਲੋਂ ਹਾਸ਼ੀਆਗਤ ਸਮੂਹਾਂ ਦੀ ਹੋਂਦ ਦਾ ਦਮ ਭਰਦੀ ਹੈ। ਇਸ ਅਧਿਆਇ ਵਿਚ ਭਗਤ ਬਾਣੀ ਦੁਆਰਾ ਅਪਣਾਏ ਪੈਂਤੜੇ ਨੂੰ ਅਸੀਂ ਭਾਸ਼ਾ ਅਤੇ ਜਾਤੀਗਤ ਦੇ ਸੰਕਲਪ ਦੁਆਰਾ ਸਮਝਣ ਦਾ ਯਤਨ ਕੀਤਾ ਹੈ। ਭਗਤ ਬਾਣੀ ਜਿਥੇ ਲੋਕ ਭਾਸ਼ਾ ਨੂੰ ਆਪਣਾ ਮਾਧਿਅਮ ਬਣਾਉਂਦੀ ਹੈ ਉੱਥੇ ਉਸ ਸਮੇਂ ਦੀ ਕੇਂਦਰੀ ਭਾਸ਼ਾ ਨੂੰ ਤਿਆਗਦੀ ਨਹੀਂ। ਇੱਥੇ ਇਕ ਹੋਰ ਗੱਲ ਵੀ ਸਮਝਣ ਯੋਗ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਾਰੇ ਭਗਤਾਂ ਦੀ ਰਚਨਾ ਨੂੰ ਆਪ ਇਕੱਤਰ ਕੀਤਾ ਸੀ। ਜਿਸ ਵਿਚ ਵੱਖ-ਵੱਖ ਇਲਾਕਿਆਂ ਅਤੇ ਬੋਲੀਆਂ ਨਾਲ ਸਬੰਧਿਤ ਭਗਤ ਹਨ। ਉਦਾਹਰਣ ਦੇ ਤੌਰ ਤੇ ਜੈ ਦੇਵ ਜੀ ਦੀ ਭਾਸ਼ਾ ਬੰਗਲਾ ਹੈ ਅਤੇ ਨਾਮਦੇਵ ਜੀ ਦੀ ਭਾਸ਼ਾ ਉੱਪਰ ਮਰਾਠੀ ਰੰਗ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸਭ ਦਾ 'ਟਰਾਂਸਲਿਟਰੇਸ਼ਨ' ਕਰ ਦਿੱਤਾ ਹੈ, ਨਾਂ ਕਿ 'ਟਰਾਂਸਲੇਸ਼ਨ', ਭਾਵ ਉਨ੍ਹਾਂ ਨੇ ਕਾਵਿ ਦੇ ਮੂਲ ਭਾਵ ਨੂੰ ਰੰਚਕ ਮਾਤਰ ਵੀ ਗੁੰਮ ਨਹੀਂ ਹੋਣ ਦਿੱਤਾ। ਅਜੋਕੇ ਸਮੇ ਵਿਚ ਜਦੋਂ ਪੰਜਾਬ ਵਿਚੋਂ ਵੱਡੀ ਗਿਣਤੀ ਵਿਚ ਪਰਵਾਸ ਕਰਨ ਦੇ ਚਾਹਵਾਨ ਅੰਗਰੇਜ਼ੀ ਭਾਸ਼ਾ ਨੂੰ ਬੋਲਣਾ ਸਿੱਖਣ ਲਈ ਤੱਤਪਰ ਹਨ ਅਜਿਹੇ ਸਮੇ ਵਿਚ ਜਾਤੀਗਤ ਭਾਸ਼ਾਵਾਂ ਨੂੰ ਬਚਾਉਣ ਲਈ ਭਗਤ ਬਾਣੀ ਰਾਹ ਦਸੇਰੇ ਦਾ ਕਾਰਜ ਕਰਦੀ ਹੈ।

ਉੱਤਰ-ਆਧੁਨਿਕਤਾ ਵਿਚ ਅਸਲ ਨਾਲੋਂ ਨਕਲ ਨੂੰ ਪ੍ਰਮੁੱਖਤਾ ਨਾਲ ਪਰੋਸਿਆ ਜਾਂਦਾ ਹੈ। ਇਸ ਅਧਿਆਇ ਵਿਚ ਭਗਤ ਬਾਣੀ ਦੁਆਰਾ ਪੇਸ਼ ਮਾਇਆ ਦਾ ਸੰਕਲਪ ਇਸ ਨੂੰ ਸਮਝਣ ਵਿਚ ਸਹਾਈ ਹੋਇਆ ਹੈ। ਭਗਤ ਬਾਣੀ

ਅਗਿਆਨਤਾ ਨੂੰ ਮਾਇਆ ਕਹਿੰਦੀ ਹੈ ਨਾ ਕਿ ਇਸ ਦਿੱਸਦੇ ਸੰਸਾਰ ਨੂੰ ਕਿਉਂਕਿ ਆਖਿਰ ਮਨੁੱਖ ਨੇ ਜਿੱਥੇ ਰਹਿਣਾ ਹੈ ਉਸ ਨੂੰ ਨਕਲ ਸਮਝ ਕੇ ਕਿਸ ਤਰ੍ਹਾਂ ਜੀਵਨ ਜੀਵਿਆ ਜਾ ਸਕਦਾ ਹੈ। ਭਾਰਤੀ ਪਰੰਪਰਾਵਾਂ ਵਿਚਲੇ ਮਾਇਆ ਦੇ ਸੰਕਲਪ ਨੂੰ ਜਿਆਦਾਤਰ ਦਿੱਸਦੇ ਸੰਸਾਰ ਤੋਂ ਉਪਰਾਮਤਾ ਹਿੱਤ ਵਰਤਿਆ ਗਿਆ ਹੈ। ਪਰ ਭਗਤ ਬਾਣੀ ਵਿਚ ਇਸਨੂੰ ਅਗਿਆਨਤਾ ਦੀ ਸੰਗਿਆ ਦਿੱਤੀ ਗਈ ਹੈ। ਇਸ ਲਈ ਨਕਲ ਅਗਿਆਨਤਾ ਦੀ ਲਖਾਇਕ ਹੈ। ਜੇਕਰ ਮਨੁੱਖ ਅਸਲੀਅਤ ਵੱਲ ਵੱਧਣਾ ਚਾਹੁੰਦਾ ਹੈ ਤਾਂ ਉਸ ਨੂੰ ਗਿਆਨਵਾਨ ਹੋਣਾ ਪਵੇਗਾ। ਇਸ ਲਈ ਸਹੀ ਸੰਦਰਭ ਵਿਚ ਇਨ੍ਹਾ ਸੰਕਲਪਾਂ ਨੂੰ ਸਮਝਣ ਦੀ ਸੇਧ ਭਗਤ ਬਾਣੀ ਵਿਚ ਪੇਸ਼ ਹੋਈ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਉੱਤਰ-ਆਧੁਨਿਕਤਾ ਦੇ ਪ੍ਰਵਰਗਾਂ ਅਤੇ ਭਗਤ ਕਵੀਆਂ ਦੀਆਂ ਰਚਨਾਵਾਂ ਦੇ ਤੁਲਨਾਤਮਕ ਅਧਿਐਨ ਦੁਆਰਾ ਸਾਰਥਕ ਨਤੀਜੇ ਸਾਹਮਣੇ ਆਉਂਦੇ ਹਨ, ਜਿਨ੍ਹਾ ਦੀ ਰੌਸ਼ਨੀ ਵਿਚ ਇਸ ਅਧਿਆਇ ਵਿਚ ਉੱਤਰ-ਆਧੁਨਿਕਤਾ ਦੇ ਪ੍ਰਵਰਗਾਂ ਦੇ ਦਾਇਰੇ ਵਿਚ ਇਹ ਸਪੱਸ਼ਟ ਹੁੰਦਾ ਹੈ ਕਿ ਭਗਤ ਬਾਣੀ ਵਿਚਲਾ ਸੰਦੇਸ਼ ਉੱਤਰ-ਆਧੁਨਿਕ ਪਰਿਪੇਖ ਵਿਚ ਸਹੀ ਰਾਹ ਦਸੇਰਾ ਸਾਬਿਤ ਹੋ ਸਕਦਾ ਹੈ।

# ਅਧਿਆਇ ਤੀਜਾ

## ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ

3.1 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਨਾਰੀ' ਚਿੰਤਨ

3.2 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਦਲਿਤ' ਪ੍ਰਵਚਨ

3.3 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਕਿੰਨਰਾ' ਸੰਵਾਦ

3.4 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀਵਿਚ ਪੇਸ਼ 'ਪਰਵਾਸੀ' ਵਰਤਾਰਾ

# ਅਧਿਆਇ ਤੀਜਾ

## ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ

ਪਿਛਲੇ ਦੋ ਅਧਿਆਵਾਂ ਵਿਚ ਅਸੀਂ ਭਗਤ ਬਾਣੀ ਅਤੇ ਉੱਤਰ-ਆਧੁਨਿਕਤਾ ਦੇ ਸਿਧਾਂਤਕ ਚੌਖਟੇ ਤੋਂ ਲੈ ਕੇ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੀ ਪਛਾਣ ਨੂੰ ਭਗਤ ਬਾਣੀ ਵਿਚਲੇ ਸੰਕਲਪਾਂ ਦੇ ਦਾਇਰੇ ਅੰਦਰ ਸਮਝਣ ਦਾ ਯਤਨ ਕੀਤਾ ਹੈ। ਇਸ ਅਧਿਆਇ ਵਿਚ ਉੱਤਰ-ਆਧੁਨਿਕਤਾ ਦੁਆਰਾ ਪ੍ਰਗਟਾਈ ਹਾਸ਼ੀਆਗਤ ਹੋਂਦ ਦੇ ਮਸਲੇ ਨੂੰ ਭਗਤ ਬਾਣੀ ਵਿਚਲੇ ਸੰਕਲਪਾਂ ਦੀ ਰੌਸ਼ਨੀ ਵਿਚ ਸਮਝਣ ਦਾ ਯਤਨ ਕਰਾਂਗੇ। ਮਨੁੱਖੀ ਸੱਭਿਅਤਾ ਦੇ ਵਿਕਾਸ ਵਿਚ ਆਪਣੇ ਆਦਿ ਮੁਕਾਮ ਤੋਂ ਸ਼ੁਰੂ ਹੋ ਅਜੋਕੇ ਯੁੱਗ ਤੱਕ ਪਹੁੰਚਣ ਲਈ ਮਨੁੱਖ ਦੁਆਰਾ ਕੀਤੀ ਮਿਹਨਤ ਅਤੇ ਸਿਰੜ ਦਾ ਬਹੁਤ ਵੱਡਾ ਯੋਗਦਾਨ ਹੈ। ਭਾਰਤੀ ਸੱਭਿਅਤਾ ਸੰਸਾਰ ਦੀਆਂ ਦੂਸਰੀਆਂ ਸੱਭਿਆਤਾਵਾਂ ਤੋਂ ਕਈ ਕਾਰਨਾਂ ਕਰਕੇ ਵਿਲੱਖਣ ਹੈ। ਇਸ ਪਿੱਛੇ ਭਾਰਤੀ ਸੱਭਿਅਤਾ ਅੰਦਰ ਉਗਮੀਆਂ ਕੁਝ ਅਜਿਹੀਆਂ ਸਮਾਜਿਕ ਸੰਸਥਾਵਾਂ ਹਨ, ਜੋ ਕਿ ਦੂਸਰੀਆਂ ਸੱਭਿਅਤਾਵਾਂ ਵਿਚ ਪੈਦਾ ਨਹੀਂ ਹੋਈਆਂ। ਇਨ੍ਹਾਂ ਸੰਸਥਾਵਾਂ ਵਿਚ ਵਰਣ ਵਿਵੱਸਥਾ ਅਤੇ ਛੂਤ-ਛਾਤ ਪ੍ਰਮੁੱਖ ਹਨ। ਇਸ ਤੋਂ ਬਿਨਾਂ ਇਨ੍ਹਾਂ ਸੰਸਥਾਵਾਂ ਨੂੰ ਕਾਇਮ ਰੱਖਣ ਹਿੱਤ ਕਈ ਪ੍ਰਕਾਰ ਦੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਨਾਰੀ ਦਮਨ, ਜਾਤੀ ਪ੍ਰਥਾ, ਸਮਾਜ ਦੇ ਅਣਗੌਲੇ ਤਬਕਿਆਂ ਦੀ ਅਣਦੇਖੀ ਅਤੇ ਆਰੀਆ ਲੋਕਾਂ ਦੁਆਰਾ ਆਪਣੀ ਇਜਾਰੇਦਾਰੀ ਸਥਾਪਿਤ ਕਰਨ ਲਈ ਸਥਾਨਕ ਲੋਕਾਂ ਨੂੰ ਆਪਣੀ ਜਨਮ ਭੂਮੀ ਤੋਂ ਬੇਦਖ਼ਲ ਕਰਨਾ ਸ਼ਾਮਿਲ ਸੀ। ਜਦੋਂ ਅਸੀਂ ਅਜੋਕੇ ਸੰਦਰਭ ਵਿਚ ਵੇਖਦੇ ਹਾਂ ਤਾਂ ਇਹ ਸਾਰੀਆਂ ਬੁਰਾਈਆਂ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਪਾਈਆਂ ਜਾਂਦੀਆਂ ਹਨ। ਇਸ ਅਧਿਆਇ ਵਿਚ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਭਗਤ ਬਾਣੀ ਦੁਆਰਾ ਉੱਚਾਰੇ ਗਏ ਪ੍ਰਵਚਨਾਂ ਦੇ ਝਰੋਖੇ ਰਾਹੀਂ ਵਾਚਣ ਦਾ ਯਤਨ ਕੀਤਾ ਜਾਵੇਗਾ। ਇਸ ਸਭ ਦਾ ਵਿਧੀਵਤ ਅਧਿਐਨ ਭਗਤ ਬਾਣੀ ਦੇ ਝਰੋਖੇ ਦੁਆਰਾ ਕਰਨ ਤੋਂ ਪਹਿਲਾਂ, 'ਹਾਸ਼ੀਆਗਤ ਸਮੂਹਾਂ' ਦੇ ਸੰਕਲਪ ਨੂੰ ਸਪੱਸ਼ਟ ਕਰਨਾ ਲਾਜ਼ਮੀ ਹੋ ਜਾਂਦਾ ਹੈ।

ਅਜੋਕੇ ਸਮੇਂ ਅੰਦਰ ਹਾਸ਼ੀਆਗਤ ਸਮੂਹਾਂ ਦੀ ਸਮੱਸਿਆ ਚਿੰਤਾਗਤ ਵਰਤਾਰੇ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੋਈ ਹੈ। ਸਮਾਜਿਕ, ਰਾਜਨੀਤਕ ਅਤੇ ਭੂਗੋਲਿਕ ਤੌਰ ਤੇ ਪੱਛੜੇ ਲੋਕਾਂ ਨੂੰ, ਜਿਹੜੇ ਸਮਾਜ ਦੀ ਮੁੱਖ ਧਾਰਾ ਵਿਚੋਂ ਹਾਸ਼ੀਏ ਤੇ ਧੱਕੇ ਗਏ ਹਨ, ਨੂੰ ਹਾਸ਼ੀਆਗਤ ਸਮੂਹਾਂ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚਲਾ ਸ਼ਬਦ ਹਾਸ਼ੀਆਗਤ ਅੰਗਰੇਜ਼ੀ ਸ਼ਬਦ (Subaltern) ਦਾ ਹੀ ਸਮਾਨਾਰਥੀ ਹੈ। ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ Subaltern ਦੋ ਸ਼ਬਦਾਂ Sub+altern ਦੇ ਸੁਮੇਲ ਤੋਂ ਬਣਿਆ ਹੈ। ਇਸ ਸ਼ਬਦ ਦੇ ਸੰਦਰਭ ਵਿਚ ਮਹੱਤਵਪੂਰਨ ਭੂਮਿਕਾ ਇਤਾਲਵੀ ਵਿਦਵਾਨ ਗ੍ਰਾਮਸ਼ੀ ਦੀ ਹੈ। ਉਸ ਅਨੁਸਾਰ ਇਸ ਵਿਚ ਉਹ ਸਾਰੇ ਸਮੂਹ ਆ ਜਾਂਦੇ ਹਨ, ਜੋ ਆਪਣੇ ਮੁੱਢਲੇ ਅਧਿਕਾਰਾਂ ਤੋਂ ਵੰਚਿਤ ਹਨ। ਇਨ੍ਹਾਂ ਦੀ ਸੱਤਾ ਦੇ ਕੇਂਦਰ ਵਿਚ ਕੋਈ ਭਾਗੀਦਾਰੀ ਨਹੀਂ ਹੁੰਦੀ। ਗ੍ਰਾਮਸ਼ੀ ਦੀ ਰਚਨਾ 'ਪ੍ਰਿਜ਼ਨ ਨੋਟ-ਬੁੱਕ' ਅੰਦਰ ਹਾਸ਼ੀਆਗਤ ਅਧਿਐਨ ਦੇ ਨਵੇਂ ਆਯਾਮ ਮਿਲਦੇ ਹਨ। ਉਸਦਾ ਇਹ ਅਧਿਐਨ ਉੱਤਰ-ਬਸਤੀਵਾਦੀ ਪ੍ਰਸੰਗ ਵਿਚ ਪੱਛਮੀ ਬਸਤੀਵਾਦ ਅਤੇ ਗ਼ੁਲਾਮ ਲੋਕਾਂ ਦੇ ਤਜਰਬਿਆਂ ਨੂੰ ਆਧਾਰ ਬਣਾਉਂਦਾ ਹੈ। ਵਿਸ਼ਵੀ ਪ੍ਰਸੰਗ ਵਿਚ ਸਬਾਲਟਰਨ ਸਮੂਹਾਂ ਨੂੰ ਪਰਿਭਾਸ਼ਿਤ ਕਰਨ ਲੱਗਿਆਂ ਉਨ੍ਹਾਂ ਸਮੂਹਾਂ ਦਾ ਜ਼ਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਕੋਲ ਆਪਣਾ ਅਨੁਭਵ ਪ੍ਰਗਟ ਕਰਨ ਲਈ ਸਾਧਨਾਂ ਦੀ ਅਣਹੋਂਦ ਹੈ। ਅਜਿਹੇ ਸਾਧਨ ਜਿਨ੍ਹਾਂ ਦੁਆਰਾ ਉਹ ਆਪਣੀ ਹੋਂਦ ਦਰਜ ਕਰਵਾ ਸਕਣ। ਏਸ਼ੀਆ ਦੇ ਹਵਾਲੇ ਨਾਲ ਕੇਂਦਰੀ ਸਮੂਹਾਂ ਦੁਆਰਾ ਉਨ੍ਹਾਂ ਸਮੂਹਾਂ ਨੂੰ ਸਬਾਲਟਰਨ ਕਿਹਾ ਗਿਆ ਹੈ ਜਿਨ੍ਹਾਂ ਦੇ ਪ੍ਰਵਚਨਾਂ ਨੂੰ ਬਸਤੀਵਾਦ ਦੇ ਵਿਰੋਧੀ ਰਾਸ਼ਟਰਵਾਦੀ ਅੰਦੋਲਨਾਂ ਦੁਆਰਾ ਕਥਿਤ ਲੋਕਤੰਤਰ ਦੇ ਸੰਕਲਪ ਹੇਠ ਹਾਸ਼ੀਏ ਤੇ ਧੱਕ ਦਿੱਤਾ ਗਿਆ ਹੈ। ਅਜਿਹੇ ਸਮੂਹ ਇਨ੍ਹਾਂ ਅੰਦੋਲਨਾਂ ਵਿਚ ਆਪਣੀ ਹਿੰਸਕ ਹੋਂਦ ਕਾਰਨ ਬਸਤੀਵਾਦੀ ਆਧੁਨਿਕਤਾ ਦੀ ਆੜ ਥੱਲੇ ਕਥਿਤ ਧਰਮ ਨਿਰਪੱਖ, ਤਰਕਸ਼ੀਲ ਅਤੇ ਲੋਕਤੰਤਰੀ ਪ੍ਰਬੰਧ ਦੇ ਅਨੁਸਾਰੀ ਨਹੀਂ ਸਨ। ਭਾਰਤੀ ਸੰਦਰਭ ਵਿਚ ਇਹ ਪਦ ਰਣਜੀਤ ਗੁਹਾ ਨੇ ਪ੍ਰਚੱਲਿਤ ਕੀਤਾ, ਜਿਸ ਰਾਹੀਂ ਉਸ ਨੇ ਕਥਿਤ ਨੀਵੀਂਆਂ ਜਾਤਾਂ ਅਤੇ ਔਰਤ ਨੂੰ ਇਸ ਵਿਚ ਸ਼ਾਮਿਲ ਕਰਕੇ ਉਨ੍ਹਾਂ ਦੇ ਹਾਲਾਤਾਂ ਅਤੇ ਉਸ ਦੇ ਕਾਰਨਾ ਤੇ ਚਰਚਾ ਪ੍ਰਸਤੁਤ ਕੀਤੀ ਹੈ। ਇਤਿਹਾਸਕਾਰੀ ਵਿਚੋਂ ਗ਼ੈਰਹਾਜ਼ਰ, ਭਾਵ ਜਿਹੜੇ ਲੋਕਾਂ ਜਾ ਸਮੂਹਾਂ ਕੋਲ ਆਪਣੀ ਹੋਂਦ ਦਰਜ ਕਰਵਾਉਣ ਲਈ ਸਾਧਨਾਂ ਦੀ ਘਾਟ ਹੁੰਦੀ ਹੈ, ਉਨ੍ਹਾਂ ਨੂੰ ਵੀ ਸਬਾਲਟਰਨ

ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਬਸਤੀਵਾਦ ਦੇ ਵਿਰੋਧ ਵਿਚ ਖੜ੍ਹੇ ਜਿਨ੍ਹਾਂ ਲੋਕਾਂ ਨੂੰ ਇਤਿਹਾਸ ਵਿਚ ਅੱਗੇ ਨਹੀਂ ਹੋਣ ਦਿੱਤਾ ਗਿਆ ਭਾਵ ਉਨ੍ਹਾਂ ਨੂੰ ਗ਼ੈਰਹਾਜ਼ਰ ਕਰ ਦਿੱਤਾ ਗਿਆ, ਵੀ ਸਬਾਲਟਰਨ ਆਖੇ ਜਾਂਦੇ ਹਨ। ਇਸ ਤਰ੍ਹਾਂ ਇਹ ਸ਼ਬਦ ਵਿਸ਼ਾਲ ਅਰਥਾਂ ਦੇ ਵੱਡੇ ਕੈਨਵਸ ਵਿਚ ਵਿਸ਼ਾਲ ਅਰਥਾਂ ਨੂੰ ਸਮੋਈ ਬੈਠਾ ਹੈ। ਅਸਲ ਵਿਚ 1770 ਈ. ਤੱਕ ਇਸ ਸ਼ਬਦ ਦੀ ਵਰਤੋਂ ਫ਼ੌਜ ਵਿਚ ਛੋਟੇ ਅਹੁਦਿਆਂ ਲਈ ਕੀਤੀ ਜਾਂਦੀ ਸੀ। ਅਰਥ ਵਿਸਤਾਰ ਕਾਰਨ ਇਹ ਸ਼ਬਦ ਅਧੀਨਤਾ ਤੋਂ ਹੁੰਦਾ ਹੋਇਆ ਹਾਸ਼ੀਏ ਤੇ ਧੱਕੇ ਸਮੂਹਾਂ ਲਈ ਵਰਤਿਆ ਜਾਣ ਲੱਗਿਆ। ਪੰਜਾਬੀ ਪ੍ਰਸੰਗ ਵਿਚ ਜਦੋਂ ਇਸ ਸੰਕਲਪ ਦੀ ਚਰਚਾ ਹੁੰਦੀ ਹੈ ਤਾਂ 1947 ਦੀ ਵੰਡ ਕਾਰਨ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਨੂੰ ਭਾਪੇ, ਰਫ਼ੂਜੀ, ਬਹਾਵਲਪੁਰੀ ਜਾਂ ਝਾਂਗੀ ਆਦਿ ਨਾਵਾਂ ਦੁਆਰਾ ਸੰਬੋਧਿਤ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਵੀ ਇਸ ਸ਼੍ਰੇਣੀ ਵਿਚ ਵਿਚਾਰਿਆ ਜਾਂਦਾ ਹੈ, ਜੋ ਦੂਸਰੇ ਸੂਬਿਆਂ ਤੋਂ ਇੱਥੇ ਆ ਕੇ ਆਪਣਾ ਪਰਿਵਾਰ ਪਾਲਦੇ ਹਨ। ਇਨ੍ਹਾਂ ਨੂੰ 'ਭਈਏ' ਕਹਿ ਕੇ ਮੁੱਖਧਾਰਾ ਤੋਂ ਦੂਰ ਰੱਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਕੁਝ ਲੋਕ ਇੱਥੇ ਪੱਕੇ ਵਸਨੀਕ ਦੇ ਤੌਰ ਤੇ ਰਹਿਣ ਲੱਗੇ ਹਨ। ਉਹ ਲੋਕ ਆਪਣੇ ਨਾਲ ਆਪਣਾ ਸੱਭਿਆਚਾਰ ਲੈ ਕੇ ਪੰਜਾਬ ਦੀ ਜੀਵਨ ਸ਼ੈਲੀ ਅਨੁਸਾਰ ਢੱਲਣ ਦੀ ਕੋਸ਼ਿਸ਼ ਕਰਦੇ ਹਨ। ਇਸ ਪ੍ਰਸੰਗ ਵਿਚ ਸੁਰਜੀਤ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਨੂੰ ਵਿਚਾਰਿਆ ਜਾ ਸਕਦਾ ਹੈ। ਇਸੇ ਪ੍ਰਕਾਰ ਪੰਜਾਬੀ ਲੋਕਾਂ ਦਾ ਉੱਨਤ ਦੇਸ਼ਾਂ ਵੱਲ ਜਾਣ ਦਾ ਰੁਝਾਨ ਵੱਡੇ ਪੱਧਰ ਤੇ ਪਰਵਾਸ ਦਾ ਕਾਰਨ ਬਣਦਾ ਹੈ। ਇਸ ਹੋਣੀ ਦਾ ਸੰਤਾਪ ਉਹ ਵੱਖ-ਵੱਖ ਪੱਧਰਾਂ ਤੇ ਹੰਢਾਉਂਦੇ ਹਨ। ਹੁਣ ਹਾਸ਼ੀਆਗਤ ਸਮੂਹ ਵੱਡੇ ਪੱਧਰ ਤੇ ਵਿਗਸਣ ਵਾਲਾ ਸੰਕਲਪ ਬਣਦਾ ਜਾ ਰਿਹਾ ਹੈ। ਇਸ ਬਾਰੇ ਡਾ. ਰਾਜਿੰਦਰ ਪਾਲ ਸਿੰਘ ਬਰਾੜ ਇਸਦੇ ਮੂਲ ਨੂੰ ਪਕੜਨ ਹਿਤ ਸਬਾਲਟਰਨ ਦੇ ਅਰਥ ਵੱਖ-ਵੱਖ ਕੋਸ਼ਾਂ ਅਤੇ ਵਿਸ਼ਵ ਕੋਸ਼ਾਂ ਅਨੁਸਾਰ ਦੱਸਦੇ ਹੋਏ ਇਸ ਨੂੰ ਸੈਨਾ ਵਿਚ ਹੇਠਲਾ ਦਰਜਾ, ਮਾਤਹਿਤ, ਅਧੀਨ, ਹੇਠਲੇ ਦਰਜੇ ਦਾ ਨੌਕਰ, ਹੇਠਾਂ ਕੰਮ ਕਰਨ ਵਾਲਾ, ਨੀਵਾਂ, ਦੁਜੈਲਾ, ਅਨੁਆਈ, ਪੈਰਾਂ ਹੇਠਲਾ, ਬੰਧੂਆ, ਕਾਬੂ, ਆਸ਼ਰਿਤ, ਦਮਿਤ ਆਦਿ ਦੱਸਦੇ ਹਨ। ਇਸ ਦੇ ਹੋਰ ਸਮਾਨਾਰਥਕ ਵਾਧੂ, ਸਹਾਇਕ, ਉਪ, ਛੋਟਾ, ਹਾਸ਼ੀਆਕ੍ਰਿਤ ਹਨ, ਜਦੋਂ ਕਿ ਇਸ ਦੇ ਵਿਰੋਧੀ ਸ਼ਬਦ ਮੁੱਖ, ਮਹੱਤਵਪੂਰਨ, ਵੱਡਾ, ਜ਼ਰੂਰੀ, ਵਧੀਆ ਆਦਿ ਹਨ। ਜੇਕਰ ਮੋਟੇ ਤੌਰ ਤੇ ਵੇਖਿਆ ਜਾਵੇ ਤਾਂ ਸਬਾਲਟਰਨ ਸਮੂਹਾਂ

ਵਿਚ ਔਰਤਾਂ, ਦਲਿਤ, ਕਿੰਨਰ ਅਤੇ ਪਰਵਾਸੀਆਂ ਨੂੰ ਰੱਖਿਆ ਜਾਂਦਾ ਹੈ। ਇਸ ਦੀ ਅਗਲੇਰੀ ਵਰਗ ਵੰਡ ਅਨੁਸਾਰ ਇਸ ਦੀਆਂ ਵੱਖ-ਵੱਖ ਸ਼੍ਰੇਣੀਆਂ ਬਣ ਸਕਦੀਆਂ ਹਨ, ਪਰ ਇਸ ਅਧਿਆਇ ਵਿਚ ਅਸੀਂ ਇਸ ਦੀ ਉਪਰੋਕਤ ਵੰਡ ਅਨੁਸਾਰ ਹੀ ਵਿਚਾਰ ਕਰਨ ਦਾ ਉਪਰਾਲਾ ਕਰਾਂਗੇ। ਅਜੋਕੇ ਸਮੇਂ ਵਿਚ ਹਾਸ਼ੀਆਗਤ ਸਮੂਹਾਂ ਦੇ ਸਾਹਿਤ ਅਤੇ ਸਮਾਜਿਕ ਤੌਰ ਤੇ ਪ੍ਰਗਟਾਵੇ ਦਾ ਉਭਾਰ ਸਪੱਸ਼ਟ ਤੌਰ ਤੇ ਵੇਖਿਆ ਜਾ ਸਕਦਾ ਹੈ। ਅਜੋਕੇ ਯੁੱਗ ਨੂੰ ਸੰਵਾਦ ਦਾ ਯੁੱਗ, ਏਜ ਆਫ਼ ਐਕਸਟ੍ਰੀਮਜ਼, ਵੱਖੋ-ਵੱਖਰੇ ਸੱਚਾਂ ਦਾ ਯੁੱਗ ਅਤੇ ਹਾਸ਼ੀਆਗਤ ਦੀ ਆਵਾਜ਼ ਦਾ ਯੁੱਗ ਕਿਹਾ ਜਾਂਦਾ ਹੈ। ਇਸ ਸੰਵਾਦ ਨੂੰ ਭਗਤ ਬਾਣੀ ਦੇ ਝਰੋਖੇ ਦੁਆਰਾ ਸਮਝਣ ਲਈ ਸਾਨੂੰ ਭਗਤ ਕਵੀਆਂ ਦਾ ਅਨੁਭਵ ਪ੍ਰੇਰਨਾ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਗੁਰੂ ਕਵੀਆਂ ਦਾ ਪ੍ਰਵਚਨ ਜਿੱਥੇ ਹਾਸ਼ੀਆਗਤ ਸਮੂਹਾਂ ਦੀ ਗੱਲ ਅਗਰਭੂਮੀ ਵਿਚ ਲਿਆਉਂਦਾ ਹੈ, ਉੱਥੇ ਉਸ ਵਿਚਲੇ ਕਥਿਤ ਦਲਿਤ ਵਰਗ ਨਾਲ ਸਬੰਧਿਤ ਭਗਤ ਕਵੀਆਂ ਦੇ ਕਾਵਿ-ਅਨੁਭਵ ਨੂੰ ਵੀ ਆਪਣਾ ਹਿੱਸਾ ਬਣਾਉਂਦਾ ਹੈ। ਭਗਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਇਕ ਅਜਿਹਾ ਗਿਆਨ ਸਰੋਤ ਹੈ, ਜੋ ਬਹੁ-ਦਿਸ਼ਾਵੀ ਚਰਿੱਤਰ ਦਾ ਧਾਰਨੀ ਹੈ। ਇਸ ਵਿਚਲੀ ਹਾਸ਼ੀਆਗਤ ਚੇਤਨਾ ਬਾਰੇ ਡਾ. ਕੁਲਦੀਪ ਸਿੰਘ ਧੀਰ ਦੇ ਸ਼ਬਦ ਧਿਆਨ ਮੰਗਦੇ ਹਨ,"ਇਤਿਹਾਸ ਵਿਚੋਂ ਖ਼ਾਰਜ ਸਮਝੇ ਜਾਂਦੇ, ਹਾਸ਼ੀਏ ਤੇ ਧੱਕੇ ਲੋਕਾਂ ਦੇ ਪੱਖ ਤੋਂ ਇਕ ਨਵੇਂ ਸਿਸਟਮ ਦੀ ਚੇਤਨਾ ਹੈ ਗੁਰੂ ਗ੍ਰੰਥ ਸਾਹਿਬ ਵਿਚ। ਇਹ ਚੇਤਨਾ ਸੱਤਾਧਾਰੀ ਜਾਂ ਕੁਲੀਨ ਕੇਂਦਰੀ ਧਿਰ ਦੀ ਚੇਤਨਾ ਤੋਂ ਵੱਖਰੀ ਹੈ।"(*ਨਾਨਕ ਪ੍ਰਕਾਸ਼ ਪੱਤ੍ਰਿਕਾ* : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ 15.) ਭਗਤ ਬਾਣੀ ਦੇ ਰਚਣਹਾਰੇ ਭਗਤ ਕਵੀਆਂ ਨੇ ਇਨ੍ਹਾਂ ਸਾਰੀਆਂ ਬੁਰਾਈਆਂ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਇਸ ਅਧਿਆਇ ਵਿਚ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਮੁੱਲਾਂਕਣ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਕਰਨ ਦਾ ਯਤਨ ਕੀਤਾ ਜਾਵੇਗਾ। ਇਸ ਪਿੱਛੇ ਸਾਡੀ ਮਨਸ਼ਾ ਹਾਸ਼ੀਆਗਤ ਸਮੂਹਾਂ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਦੁਆਰਾ ਉੱਤਰ-ਆਧੁਨਿਕਤਾ ਦੇ ਸੰਕਲਪ ਹਾਸ਼ੀਆਗਤ ਸਮੂਹਾਂ ਦਾ ਕੇਂਦਰੀ ਸਥਾਨ ਵਿਚ ਆ ਕੇ ਆਪਣੀ ਹੋਂਦ ਦਾ ਪ੍ਰਗਟਾਉਣ ਦੀ ਧਾਰਨਾ ਦੀ ਪੁਸ਼ਟੀ ਕਰਨਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਇਸ ਅਧਿਆਇ ਵਿਚ ਹਾਸ਼ੀਆਗਤ ਸਮੂਹਾਂ ਵਿਚੋਂ ਨਾਰੀ, ਦਲਿਤ, ਕਿੰਨਰ ਅਤੇ ਪਰਵਾਸੀ ਸਮੂਹਾਂ ਨੂੰ ਅਧਿਐਨ ਦੇ ਕੇਂਦਰ ਵਿਚ ਰੱਖਿਆ ਜਾਵੇਗਾ। ਬੇਸ਼ੱਕ ਇਨ੍ਹਾਂ

ਸਮੂਹਾਂ ਦੇ ਕਈ ਹੋਰ ਉਪ-ਸਮੂਹ ਵੀ ਉੱਤਰ-ਆਧੁਨਿਕ ਪਰਿਪੇਖ ਵਿਚ ਹੋਂਦ ਸ਼ੀਲ ਹਨ। ਪਰੰਤੂ ਮੁੱਖ ਰੂਪ ਵਿਚ ਉਹ ਇਨ੍ਹਾਂ ਦੇ ਹੀ ਭਾਗ ਹਨ। ਇਸ ਲਈ ਵਿਚਾਰ ਦੇ ਘੇਰੇ ਵਿਚ ਮੁੱਖ ਹਾਸ਼ੀਆਗਤ ਸ਼੍ਰੇਣੀਆਂ ਦੇ ਹਾਲਾਤਾਂ ਦੇ ਅਧਿਐਨ ਦੇ ਨਾਲ ਉਪ-ਸਮੂਹਾਂ ਨੂੰ ਵੀ ਛੋਹਣ ਦਾ ਯਤਨ ਕੀਤਾ ਜਾਵੇਗਾ। ਇਸ ਦੁਆਰਾ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਮੱਧਕਾਲ ਵਿਚ ਵਿਚਰੇ ਭਗਤ ਕਵੀਆਂ ਨੇ ਜਿੱਥੇ ਨਿਵੇਕਲੇ ਢੰਗ ਦੁਆਰਾ ਇਨ੍ਹਾਂ ਸ਼੍ਰੇਣੀਆਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੀ ਮੁਕਤੀ ਦਾ ਪ੍ਰਵਚਨ ਉਸਾਰਿਆ, ਉਸ ਦੀ ਸਾਰਥਿਕਤਾ ਉੱਤਰ-ਆਧੁਨਿਕ ਪਰਿਪੇਖ ਵਿਚ ਵੀ ਬਣੀ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਨੂੰ ਆਧਾਰ ਬਣਾ ਕੇ ਡਾ. ਕੁਲਦੀਪ ਸਿੰਘ ਧੀਰ ਲਿਖਦੇ ਹਨ :-

> ਬਾਬਾ ਫਰੀਦ (ਮੁਸਲਮਾਨ ਸੂਫ਼ੀ), ਰਵਿਦਾਸ (ਚੁਮਾਰ), ਧੰਨਾ (ਜੱਟ), ਕਬੀਰ (ਜੁਲਾਹਾ), ਸੈਨ (ਨਾਈ), ਨਾਮਦੇਵ (ਬੀਠਲ ਭਗਤ), ਸੂਰਦਾਸ (ਕ੍ਰਿਸ਼ਨ ਭਗਤ) ਆਦਿ ਦੇ ਪ੍ਰਵਚਨ ਇਸ ਪਾਠ ਵਿਚ ਸਿੱਖ ਗੁਰੂਆਂ ਦੇ ਸਮਾਨੰਤਰ ਦਰਜ ਹਨ। ਮੱਧਕਾਲ ਵਿਚ ਜਾਤ, ਧਰਮ, ਭਾਸ਼ਾ ਦੇ ਵਖਰੇਵਿਆਂ ਦੀ ਪ੍ਰਵਾਨਗੀ, ਵਖਰੇਵਿਆਂ ਲਈ ਆਦਰ ਦੀ ਭਾਵਨਾ, ਵਖਰੇ ਨੁਕਤਾ ਨਿਗਾਹ ਦੀ ਪ੍ਰਮਾਣਿਕਤਾ ਦੀ ਸਵੀਕ੍ਰਿਤੀ 'ਦੂਜੇ' ਦੀ ਹੋਂਦ ਤੇ ਉਸ ਦੀ ਵੱਖ ਤਰੀਕੇ ਨਾਲ ਜਿਊਣ ਦੇ ਅਧਿਕਾਰ ਦੀ ਚੇਤਨਾ ਦਾ ਜੋ ਅਹਿਸਾਸ ਇਸ ਗ੍ਰੰਥ ਦੇ ਉਕਤ ਸੰਪਾਦਨ ਤੋਂ ਪਹਿਲੀ ਨਜ਼ਰੇ ਹੀ ਜਾਗਦਾ ਹੈ, ਉਹ ਇਸ ਨੂੰ ਉਤਰ-ਆਧੁਨਿਕ ਦ੍ਰਿਸ਼ਟੀ ਤੋਂ ਇਕ ਮਹੱਤਵਪੂਰਨ ਸਭਿਆਚਾਰਕ ਟੈਕਸਟ ਬਣਾ ਦਿੰਦਾ ਹੈ।(9.)

ਹਾਸ਼ੀਆਗਤ ਸ਼੍ਰੇਣੀਆਂ ਦੀ ਚਰਚਾ ਦੁਆਰਾ ਇਨ੍ਹਾਂ ਸ਼੍ਰੇਣੀਆਂ ਦੇ ਹਾਲਾਤਾਂ ਨੂੰ ਇਤਿਹਾਸਕ ਪਰਿਪੇਖ ਵਿਚ ਵੇਖਣ ਦਾ ਯਤਨ ਕਰਦੇ ਹੋਏ ਅਸੀਂ ਇਸ ਲਈ ਅਸੀਂ ਇਨ੍ਹਾਂ ਦੀਆਂ ਹਾਲਾਤਾਂ ਨੂੰ ਸੁਧਾਰਨ ਲਈ ਉੱਠੀਆਂ ਲਹਿਰਾਂ ਦੇ ਪ੍ਰਸੰਗ ਵਿਚ ਵਿਚਾਰਨ ਦਾ ਯਤਨ ਕਰਾਂਗੇ। ਇਸ ਸੰਦਰਭ ਵਿਚ ਅਸੀਂ ਜਦੋਂ ਹਾਸ਼ੀਆਗਤ ਸਮੂਹਾਂ ਦਾ ਗੰਭੀਰਤਾ ਨਾਲ ਅਧਿਐਨ ਕਰਦੇ ਹਾਂ ਤਾਂ ਸਾਡੇ ਸਮਾਜ ਵਿਚ ਕਈ ਪ੍ਰਕਾਰ ਦੇ ਤਬਕੇ ਅਜਿਹੇ ਮਿਲਦੇ ਹਨ, ਜਿਨ੍ਹਾਂ ਨੂੰ ਇਤਨਾ

ਜ਼ਿਆਦਾ ਹਾਸ਼ੀਏ ਤੇ ਧੱਕ ਦਿੱਤਾ ਗਿਆ ਹੈ, ਕਿ ਉਨ੍ਹਾਂ ਦਾ ਮੁੱਖ ਧਾਰਾ ਵਿਚ ਪਰਤਣਾ ਲੱਗਭਗ ਅਸੰਭਵ ਹੋ ਗਿਆ ਹੈ। ਸਾਡੀ ਕੋਸ਼ਿਸ਼ ਭਗਤ ਕਵੀਆਂ ਵਿਚੋਂ ਬਹੁਗਿਣਤੀ ਵਿਚ ਹਾਸ਼ੀਆਗਤ ਸਮੂਹਾਂ ਨਾਲ ਸਬੰਧਿਤ ਹੋਣ ਕਰਕੇ ਉਨ੍ਹਾਂ ਦੇ ਜੀਵਨ ਅਨੁਭਵ ਦੀਆਂ ਦਿਸ਼ਾਵਾਂ ਨਾਲ ਆਤਮਸਾਤ ਕਰਨ ਦੀ ਹੈ। ਇਨ੍ਹਾਂ ਰਚਨਾਵਾਂ ਰੂਪੀ ਅਨੁਭਵਾਂ ਨੂੰ ਆਪਣੀਆਂ ਰਚਨਾਵਾਂ ਦੇ ਸਮ ਵਿੱਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦੇ ਕੇ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਪ੍ਰਵਚਨ ਦੇ ਕੇਂਦਰ ਵਿਚ ਲਿਆਉਣ ਦਾ ਕਾਰਜ ਕੀਤਾ ਹੈ। ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਵਰਤਾਰੇ ਪ੍ਰਤੀ ਬਹੁਤ ਵਿਆਪਕ ਪਹੁੰਚ ਮਿਲਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸਮੂਹਾਂ ਨੇ ਆਪਣੇ ਆਪ ਨੂੰ ਕੇਂਦਰ ਵਿਚ ਰੱਖ ਕੇ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ ਹੈ। ਭਗਤ ਬਾਣੀ ਵਿਚਲੇ ਹਵਾਲਿਆਂ ਦੇ ਆਧਾਰ ਤੇ ਇਹ ਵੇਖਣ ਦਾ ਯਤਨ ਕੀਤਾ ਜਾਵੇਗਾ ਕਿ ਕਿਸ ਪ੍ਰਕਾਰ ਭਗਤ ਕਵੀਆਂ ਨੇ ਹਾਸ਼ੀਆਗਤ ਸਮੂਹਾਂ ਨੂੰ ਆਪਣੇ ਪ੍ਰਵਚਨ ਦੇ ਕੇਂਦਰ ਵਿਚ ਲਿਆਂਦਾ ਹੈ। ਇਸ ਸਬੰਧੀ ਡਾ. ਕੁਲਦੀਪ ਸਿੰਘ ਧੀਰ ਦੀ ਟਿੱਪਣੀ ਵੇਖਣਯੋਗ ਹੈ :-

> 'ਦੂਜੇ' ਖ਼ਾਸ ਕਰਕੇ ਹਾਸ਼ੀਏ ਤੇ ਧੱਕੇ ਗਏ ਸਧਾਰਨ ਆਦਮੀ ਨੂੰ ਪ੍ਰਵਚਨ ਦੇ ਕੇਂਦਰ ਵਿਚ ਲਿਆਉਣ ਦੀ ਰੁਚੀ ਗੁਰੂ ਗ੍ਰੰਥ ਸਾਹਿਬ ਨੂੰ ਉਤਰ-ਆਧੁਨਿਕ ਦ੍ਰਿਸ਼ਟੀ ਬਿੰਦੂ ਤੋਂ ਸਮਝਣ ਵਾਸਤੇ ਪ੍ਰੇਰਿਤ ਕਰਦੀ ਹੈ। ਇਹ ਰੁਚੀ ਦਰਸ਼ਨ ਹੀ ਨਹੀਂ ਭਾਸ਼ਾ ਤੇ ਰੂਪਾਕਾਰ ਤਕ ਕਿ ਕਾਫ਼ਰ ਕਹੇ ਜਾਂਦੇ ਮੁਸਲਮਾਨਾਂ ਦੀ ਭਾਸ਼ਾ ਤੇ ਵਿਭਿੰਨ ਪ੍ਰਾਂਤਾਂ ਦੇ ਹਾਸ਼ੀਆਕ੍ਰਿਤ ਜਾਂ ਨੀਚ ਕਹਿ ਕੇ ਛੁਟਿਆਏ ਗਏ ਲੋਕਾਂ ਦੀ ਭਾਸ਼ਾ ਨੂੰ ਮਾਣ ਦਿੱਤਾ ਗਿਆ ਹੈ। (9.)

ਇਸ ਅਧਿਆਇ ਦੀ ਸੀਮਾ ਰੇਖਾ ਵੀ ਉੱਤਰ-ਆਧੁਨਿਕ ਦ੍ਰਿਸ਼ਟੀ ਬਿੰਦੂ ਤੋਂ ਹਾਸ਼ੀਆਗਤ ਸਮੂਹਾਂ ਪ੍ਰਤੀ ਭਗਤ ਬਾਣੀ ਵਿਚਲੀ ਪਹੁੰਚ ਦੀ ਨਿਸ਼ਾਨਦੇਹੀ ਕਰਨ ਦੀ ਹੈ।

**3.1 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ 'ਨਾਰੀ' ਚਿੰਤਨ** :- ਪੁਰਸ਼ ਅਤੇ ਨਾਰੀ ਸ੍ਰਿਸ਼ਟੀ ਦੇ ਦੋ ਅਭਿੰਨ ਅੰਗ ਹਨ। ਇਸ ਦੇ ਸੰਚਾਲਨ ਅਤੇ ਸਿਰਜਣਾ ਵਿਚ ਦੋਵਾਂ ਦਾ ਬਰਾਬਰ ਦਾ ਯੋਗਦਾਨ ਹੈ। ਦੋਵੇਂ ਇੱਕ ਦੂਸਰੇ ਦੇ ਪੂਰਕ ਅਤੇ ਬਰਾਬਰ ਹੈਸੀਅਤ ਦੇ ਧਾਰਨੀ ਹਨ। ਪਰੰਤੂ ਇਹ ਇਕ ਤ੍ਰਾਸਦੀ ਹੈ ਕਿ ਔਰਤ

ਬੇਸ਼ੱਕ ਯੂਰਪ ਦੀ ਹੋਵੇ ਜਾਂ ਏਸ਼ੀਆ ਦੀ, ਅਮੀਰ ਹੋਵੇ ਜਾਂ ਗ਼ਰੀਬ, ਉਹ ਅੱਜ ਵੀ ਪੁਰਸ਼ ਦੇ ਦਾਬੇ ਹੇਠ ਜਿਊਣ ਲਈ ਮਜਬੂਰ ਹੈ। ਇਸ ਦੇ ਸ਼ੋਸ਼ਣ ਦੇ ਤਰੀਕੇ ਵੱਖ-ਵੱਖ ਹੋ ਸਕਦੇ ਹਨ, ਪਰ ਸਮਾਜ ਵਿਚ ਇਸ ਤੋਂ ਮੁਕਤ ਹੋਣ ਦੀ ਸੰਭਾਵਨਾ ਨਾ-ਮਾਤਰ ਹੈ। ਪੂਰੀ ਦੁਨੀਆਂ ਵਿਚ ਔਰਤ ਆਪਣੀ ਆਜ਼ਾਦੀ ਲਈ ਯਤਨਸ਼ੀਲ ਹੈ। ਇਸ ਤਹਿਤ ਉਹ ਵਿਦਰੋਹ ਕਰ ਰਹੀ ਹੈ, ਭਟਕ ਰਹੀ ਹੈ ਅਤੇ ਰਸਤਾ ਤਲਾਸ਼ ਰਹੀ ਹੈ। ਇਸ ਨੂੰ ਕੁਦਰਤ ਦਾ ਨਿਯਮ ਕਹਿ ਲਈਏ ਜਾ ਸੱਭਿਅਤਾ ਦੀ ਘਾੜਤ ਕਰਨ ਵਾਲਿਆਂ ਦੀ ਗ਼ਲਤੀ, ਜਿਸ ਕਾਰਨ ਔਰਤ ਅਜਿਹੇ ਸੰਸਕਾਰਾਂ ਦੇ ਨਾਮ ਹੇਠ ਅੱਜ ਤੱਕ ਸ਼ੋਸ਼ਿਤ ਹੁੰਦੀ ਆ ਰਹੀ ਹੈ। ਬਹੁਗਿਣਤੀ ਵਿਚ ਔਰਤਾਂ ਨੇ ਇਸ ਨੂੰ ਆਪਣੇ ਜੀਵਨ ਦਾ ਹਿੱਸਾ ਮੰਨ ਕੇ ਸਵੀਕਾਰ ਕਰ ਲਿਆ ਹੈ। ਔਰਤ ਕੰਮਕਾਜੀ ਹੋਵੇ ਜਾਂ ਘਰੇਲੂ, ਸੰਪੰਨ ਹੋਵੇ ਜਾਂ ਮਜ਼ਦੂਰੀ ਕਰਨ ਵਾਲੀ, ਔਰਤ ਦੀ ਹੋਣੀ ਦਾ ਸੰਤਾਪ ਹੰਢਾਉਣ ਲਈ ਮਜਬੂਰ ਹੈ। ਉਹ ਆਪਣੇ ਜੀਵਨ ਦਾ ਸੱਚ, ਆਪਣੀ ਗ਼ੁਲਾਮ ਅਵਸਥਾ ਰੂਪੀ ਤ੍ਰਾਸਦੀ ਭੋਗਣ ਨੂੰ ਤਿਆਰ ਰਹਿਣ ਵਿਚ ਹੀ ਭਲਾਈ ਸਮਝਦੀ ਹੈ।

ਭਾਰਤੀ ਪ੍ਰਸੰਗ ਵਿਚ ਆਜ਼ਾਦੀ ਦੇ ਕਈ ਸਾਲ ਬੀਤਣ ਤੋਂ ਬਾਅਦ ਵੀ ਔਰਤ ਦੇ ਸਿੱਖਿਅਤ ਹੋਣ ਦੇ ਮੌਕੇ ਵਧੇ ਹਨ। ਇਸ ਨਾਲ ਉਹ ਜੀਵਨ ਦੇ ਹਰ ਇਕ ਖੇਤਰ ਵਿਚ ਅੱਗੇ ਵਧੀ ਹੈ। ਪੁਰਸ਼ ਦੇ ਮੋਢੇ ਨਾਲ ਮੋਢਾ ਜੋੜ ਕੇ ਉਹ ਸੇਵਾ ਖੇਤਰ ਅਤੇ ਘਰੇਲੂ ਮੋਰਚੇ ਤੇ ਅੱਗੇ ਵਧੀ ਹੈ। ਇਸ ਦੇ ਬਾਵਜੂਦ ਕਿਉਂ ਅਸੀਂ ਹੁਣ ਤੀਕ ਔਰਤ ਪੁਰਸ਼ ਵਿਚ ਸਹਿਕਰਮੀ ਅਤੇ ਮਿੱਤਰਤਾ ਪੂਰਨ ਸਬੰਧਾਂ ਵੱਲ ਨਹੀਂ ਵਧ ਪਾਏ ? ਔਰਤ ਨੂੰ ਬਰਾਬਰੀ ਦੇ ਸੰਵਿਧਾਨਕ ਹੱਕ ਦੇਣ ਤੋਂ ਬਾਅਦ ਉਸਦੇ ਇਨਸਾਨੀ ਹੱਕ ਦੇਣ ਤੋਂ ਕਿਉਂ ਭੱਜ ਰਹੇ ਹਾਂ ? ਉਹ ਕਦੋਂ ਤੀਕਰ ਸਿਰਫ਼ ਔਰਤ ਰਹੇਗੀ, ਇਨਸਾਨ ਕਿਉਂ ਨਹੀਂ ਸਮਝੀ ਜਾਵੇਗੀ ? ਉਸਦੀ ਕਾਰਜਕੁਸ਼ਲਤਾ, ਪ੍ਰਤਿਭਾ ਅਤੇ ਸਮਾਜ ਪ੍ਰਤੀ ਦੇਣ ਦੀ ਸੰਭਾਵਨਾ ਦਾ ਕਦੋਂ ਮੁੱਲ ਪਾਇਆ ਜਾਵੇਗਾ ? ਇਹ ਕੁਝ ਮੂਲ ਪ੍ਰਸ਼ਨ ਹਨ ਜਿਹੜੇ ਨਾਰੀ ਹੋਂਦ ਨਾਲ ਜੁੜੇ ਮਸਲਿਆਂ ਦੀ ਨਿਸ਼ਾਨਦੇਹੀ ਕਰਦੇ ਹਨ। ਅਜੋਕੀ ਔਰਤ ਬੇਸ਼ੱਕ ਸਿੱਖਿਅਤ ਹੋ ਕੇ ਅਬਲਾ ਤੋਂ ਸਬਲਾ ਬਣਦੀ ਜਾ ਰਹੀ ਹੈ। ਉਹ ਨਾ ਤਾਂ ਨਰਕ ਦਾ ਦੁਆਰ ਹੈ, ਨਾ ਪਾਪਾਂ ਦਾ ਦੁਆਰ ਅਤੇ ਨਾ ਹੀ ਪੁਰਸ਼ ਦੀ ਨਿੱਜੀ ਸੰਪਤੀ, ਬਲਕਿ ਉਹ ਪੁਰਸ਼ ਨਾਲ ਸਮਾਜ ਦੇ ਹਰ ਖੇਤਰ ਵਿਚ ਗਤੀਸ਼ੀਲਤਾ ਨਾਲ ਵਿਚਰ ਰਹੀ ਹੈ। ਇਸੇ ਕਾਰਨ ਉਹ ਆਪਣੀ ਆਜ਼ਾਦੀ ਪ੍ਰਤੀ

ਆਵਾਜ਼ ਬੁਲੰਦ ਕਰ ਰਹੀ ਹੈ। ਸਦੀਆਂ ਤੋਂ ਇਸ ਹਾਸ਼ੀਅਕ੍ਰਿਤ ਹੋਂਦ ਦੇ ਦਾਇਰੇ ਵਿਚੋਂ ਬਾਹਰ ਜਾਣ ਲਈ ਔਰਤ ਹਰ ਖੇਤਰ ਵਿਚ ਵਿਚਰਨ ਕਰ ਰਹੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸ਼੍ਰੇਣੀਆਂ ਆਪਣੇ ਆਪ ਨੂੰ ਜ਼ੋਰਦਾਰ ਢੰਗ ਨਾਲ ਪ੍ਰਗਟਾਉਣ ਵੱਲ ਵਧ ਰਹੀਆਂ ਹਨ। ਇਸ ਤਰ੍ਹਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਵਚਨਾਂ ਵਿਚ ਮੱਧਕਾਲੀ ਸਾਹਿਤ ਦਾ ਹਿੱਸਾ ਰਿਹਾ ਹੈ। ਅਸੀਂ ਉੱਪਰ ਇਸ ਗੱਲ ਦਾ ਜ਼ਿਕਰ ਕਰ ਆਏ ਹਾਂ ਕਿ ਹਾਸ਼ੀਆਗਤ ਸਮੂਹਾਂ ਦੀ ਆਵਾਜ਼ ਉੱਤਮ ਸਾਹਿਤ ਦਾ ਮੀਰੀ ਗੁਣ ਹੁੰਦਾ ਹੈ। ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸਾਹਿਤ ਵਿਚ ਭਲੀ-ਭਾਂਤ ਵੇਖੀ ਜਾ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਅੱਜ ਹਰ ਇੱਕ ਨਾਰੀਵਾਦੀ ਸਰੋਕਾਰ ਦੀ ਅਗਵਾਈ ਕਰਨ ਦੇ ਸਮਰੱਥ ਹੈ।

ਜਦੋਂ ਅਸੀਂ ਹਾਸ਼ੀਆਗਤ ਸਮੂਹਾਂ ਦੀ ਚਰਚਾ ਕਰਦੇ ਹਾਂ ਤਾਂ ਇਨ੍ਹਾਂ ਤਬਕਿਆਂ ਵਿਚ ਔਰਤਾਂ ਦਾ ਸਥਾਨ ਪ੍ਰਮੁੱਖ ਹੈ। ਜਿਨ੍ਹਾਂ ਵਿਚ ਵੇਸਵਾਗਮਨੀ ਵਿਚ ਲਿਪਤ ਔਰਤ, ਮਜ਼ਦੂਰ ਅਤੇ ਦਲਿਤ ਔਰਤਾਂ ਦੀ ਸਥਿਤੀ ਬਹੁਤ ਹੀ ਤਰਸਯੋਗ ਹੈ। ਲਾਲ ਬੱਤੀ ਇਲਾਕਿਆਂ ਵਿਚ ਰਹਿਣ ਵਾਲੀਆਂ ਔਰਤਾਂ ਨੂੰ ਸਮਾਜ ਨੇ ਇੱਕ ਤਰ੍ਹਾਂ ਨਾਲ ਹਾਲਾਤਾਂ ਤੇ ਛੱਡ ਦਿੱਤਾ ਹੈ। ਸਮਾਜ ਅੰਦਰ ਉਨ੍ਹਾਂ ਦਾ ਸਥਾਨ ਹਮੇਸ਼ਾ ਤੀਸਰੇ ਦਰਜੇ ਦਾ ਰਿਹਾ ਹੈ। ਦਲਿਤ ਔਰਤ ਦੀ ਸਥਿਤੀ ਵੀ ਤਰਸਯੋਗ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਪਿੰਡਾਂ ਵਿਚ ਰਹਿਣ ਵਾਲੀਆਂ ਔਰਤਾਂ ਹਨ ਜੋ ਕਿ ਖੇਤਾਂ ਵਿਚ ਮਜ਼ਦੂਰੀ ਕਰਕੇ ਪਰਿਵਾਰ ਲਈ ਰੋਜ਼ੀ-ਰੋਟੀ ਦਾ ਆਹਰ ਕਰਦੀਆਂ ਹਨ। ਔਰਤ ਨੂੰ ਆਦਿ ਕਾਲ ਤੋਂ ਲੈ ਕੇ ਸਮਕਾਲੀ ਸਮੇਂ ਤੱਕ ਮੁੱਖਧਾਰਾ ਤੋਂ ਹੌਲੀ-ਹੌਲੀ ਹਾਸ਼ੀਏ ਤੇ ਧੱਕ ਦਿੱਤਾ ਗਿਆ ਹੈ। ਸਮਾਜ ਵਿਚ ਵਾਪਰੀ ਵਿਕਾਸ ਰੂਪੀ ਤਬਦੀਲੀ ਵੀ ਉਸ ਮਾਤਰਾ ਵਿਚ ਔਰਤ ਦੀ ਸਥਿਤੀ ਵਿਚ ਪਰਿਵਰਤਨ ਲਿਆਉਣ ਵਿਚ ਅਸਫਲ ਰਹੀ ਹੈ, ਜਿਸਦੀ ਜ਼ਰੂਰਤ ਸੀ। ਬੇਸ਼ੱਕ ਨਾਰੀ ਦੇ ਹੱਕਾਂ ਦੀ ਲੜਾਈ ਲਈ ਸੰਸਾਰ ਭਰ ਵਿਚ ਯਤਨ ਹੁੰਦੇ ਰਹੇ ਹਨ ਪਰ ਯਤਨਾਂ ਦੇ ਮੁਕਾਬਲੇ ਨਤੀਜੇ ਜ਼ਿਕਰਯੋਗ ਨਹੀਂ ਹਨ। ਇਨ੍ਹਾਂ ਯਤਨਾਂ ਨੂੰ ਨਾਰੀਵਾਦ ਜਾਂ ਫੈਮੀਨਿਜ਼ਮ ਦਾ ਨਾਮ ਦਿੱਤਾ ਜਾਂਦਾ ਹੈ। ਵੈਬਸਟਰਜ਼ ਥਰਡ ਵਰਲਡ ਇੰਟਰਨੈਸ਼ਨਲ ਡਿਕਸ਼ਨਰੀ ਅਨੁਸਾਰ :

'Feminism- The theory of political, economic and social equality of sexes. Organized activity on behalf of Women Rights and interests.(*WEBSTER'S THIRD WORLD INTERNATIONAL DICTIONARY* VOL. 1 A to G.)

ਅਰਥਾਤ, "ਨਾਰੀਵਾਦ ਜਾਂ 'ਫੈਮੀਨਿਜ਼ਮ' ਸ਼ਬਦ ਦਾ ਮੂਲ ਫਰਾਂਸੀਸੀ ਸ਼ਬਦ (FEMINISME) ਦਾ ਹੈ, ਜਿਸ ਦਾ ਅਰਥ ਨਾਰੀ ਸੁਤੰਤਰਤਾ ਤੋਂ ਹੈ।" ਇਨਸਾਈਕਲੋਪੀਡੀਆ ਆਫ਼ ਫੈਮੀਨਿਜ਼ਮ ਵਿਚ ਇਸ ਸਬੰਧੀ ਦਰਜ ਹੈ :-

Faminism –This term from the Latin (Famina=Woman) Originally meant having the qualities of females. It began to be used in reference to the theory of sexual equality and the movement for woman's rights replacing womanism, in the 1890's Alice Rossi has traced the first usage in print to a book review published in the Athenaeum, 27 April 1895. Not until the turn of the century, however, was the term wilding used and recognized. (ENCYCLOPEDIA OF FEMINISM 107.)

ਅਰਥਾਤ,"ਇਸਦੀ ਉਤਪਤੀ ਲੈਟਿਨ ਸ਼ਬਦ ਫੈਮਿਨਾ ਤੋਂ ਮੰਨੀ ਗਈ ਹੈ ਜਿਸ ਦਾ ਅਰਥ ਔਰਤ ਹੈ। ਪਹਿਲਾਂ ਇਸਦੀ ਵਰਤੋਂ ਨਾਰੀ ਦੇ ਗੁਣਾ ਲਈ ਹੁੰਦੀ ਸੀ। ਬਾਅਦ ਵਿਚ ਇਹ ਸ਼ਬਦ ਔਰਤ ਮਰਦ ਦੀ ਬਰਾਬਰੀ ਨੂੰ ਲੈ ਕੇ ਚਲਾਏ ਗਏ ਅੰਦੋਲਨਾ ਲਈ ਵਰਤਿਆ ਜਾਣ ਲੱਗਿਆ। ਦਰਅਸਲ ਪਹਿਲਾਂ ਇਹ ਸ਼ਬਦ ਵੂਮਨਿਜ਼ਮ ਸੀ। ਫਿਰ ਸੰਨ 1890 ਵਿਚ ਆਲੀਸ ਰੋਜ਼ੀ ਨੇ ਹੀ ਪਹਿਲਾਂ-ਪਹਿਲ ਫੈਮੀਨਿਜ਼ਮ ਦੀ ਵਰਤੋਂ ਕੀਤੀ। ਹੁਣ ਇਹ ਸ਼ਬਦ ਔਰਤ ਮੁਕਤੀ ਅੰਦੋਲਨ ਦੇ ਅਰਥਾਂ ਵਾਸਤੇ ਰੂੜ੍ਹ ਹੋ ਗਿਆ ਹੈ।"ਨਾਰੀਵਾਦ ਦੇ ਝੰਡੇ ਥੱਲੇ ਚੱਲੇ ਸੰਸਾਰ ਭਰ ਦੇ ਅੰਦੋਲਨਾ ਦੀ ਅਕਸਰ ਵੱਡੇ ਪੱਧਰ ਤੇ ਚਰਚਾ ਹੁੰਦੀ ਰਹਿੰਦੀ ਹੈ।"ਨਾਰੀਵਾਦ ਦਾ ਅਰਥ ਲਿੰਗ ਦੇ ਆਧਾਰ ਤੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਸਮਾਨਤਾ ਤੋਂ ਹੈ" (*ਵੈਬਸਟਰ ਇੰਗਲਿਸ਼ ਡਿਕਸ਼ਨਰੀ* 367.)

ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ,"ਨਾਰੀਵਾਦ ਔਰਤਾਂ ਦੇ ਦਾਅਵੇ ਅਤੇ ਪ੍ਰਾਪਤੀ ਦੇ ਵਿਸਥਾਰ ਨੂੰ ਸਥਾਪਿਤ ਕਰਕੇ ਔਰਤਾਂ ਦੇ ਸਿਧਾਂਤ ਅਤੇ ਰਾਏ ਨੂੰ ਸਮਰਥਨ ਹੈ।"(*ਦ ਆਕਸਫੋਰਡ ਇੰਗਲਿਸ਼ ਡਿਕਸ਼ਨਰੀ* 280.) "ਨਾਰੀਵਾਦ ਨਾਰੀਆਂ ਨਾਲ ਸਬੰਧਿਤ ਵਾਦ ਹੈ। ਕਈ ਵਾਰੀ ਇਹ ਵਾਦ ਔਰਤ ਨੂੰ ਇਕੱਤਰ ਜਾਂ ਸੰਗਠਿਤ ਕਰਕੇ ਹੰਭਲਾ ਮਾਰਨ ਲਈ ਉਤਸ਼ਾਹਿਤ ਕਰਦਾ ਹੋਇਆ ਅੰਦੋਲਨ ਦਾ ਰੂਪ ਵੀ ਧਾਰ ਲੈਂਦਾ ਹੈ।"(*ਵੈਬਸਟਰ ਇਨਸਾਈਕਲੋਪੀਡੀਆ ਅਨਬਰਿਜਡ ਡਿਕਸ਼ਨਰੀ ਆਫ਼ ਇੰਗਲਿਸ਼ ਲੈਂਗੁਏਜ* 267.) "ਨਾਰੀਵਾਦ ਔਰਤ ਜਾਤੀ ਦੇ ਦੁੱਖਾਂ, ਕਸ਼ਟਾਂ ਜਾ ਕਲੇਸ਼ਾਂ ਦਾ ਸਪੱਸ਼ਟ ਬਿਆਨ ਹੈ, ਇਹ ਔਰਤਾਂ ਦੇ ਵਿਸ਼ੇਸ਼ ਅਧਿਕਾਰਾਂ ਬਾਰੇ ਸਪਸ਼ਟੀਕਰਨ ਦਿੰਦਾ ਹੈ ਅਤੇ ਔਰਤਾਂ ਦੀ ਹੋਂਦ ਨੂੰ ਸਵੀਕਾਰਨ ਦੇ ਨਾਲ-ਨਾਲ ਉਸ ਵਿਚ ਵਿਸ਼ਵਾਸ ਕਰਨ ਲਈ ਵੀ ਕਹਿੰਦਾ ਹੈ।"(*ਐਨ ਐਟਮੋਲੋਜੀਕਲ ਡਿਕਸ਼ਨਰੀ ਆਫ਼ ਮਾਡਰਨ ਇੰਗਲਿਸ਼* 280.)

ਔਰਤਾਂ ਤੇ ਅਧਿਕਾਰਾਂ ਬਾਰੇ ਗੱਲ, ਨਾਰੀਵਾਦ ਦਾ ਮੁੱਖ ਏਜੰਡਾ ਹੈ। ਔਰਤਾਂ ਸੰਸਾਰ ਭਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਸ਼ੋਸ਼ਿਤ ਹੋ ਰਹੀਆਂ ਹਨ। ਇਸ ਦੇ ਕਾਰਨਾਂ ਪ੍ਰਤੀ ਆਲੋਚਨਾਤਮਿਕ ਪਹੁੰਚ ਅਪਣਾ ਕੇ ਨਾਰੀ ਸਨਮਾਨ ਦੀ ਗੱਲ ਨਾਰੀਵਾਦ ਕਰਦਾ ਹੈ।"ਨਾਰੀਵਾਦ ਇਕ ਅਜਿਹੀ ਧਾਰਨਾ ਹੈ ਜਿਸ ਦਾ ਜਨਮ ਥੋੜ੍ਹੇ ਸਮੇਂ ਤੋਂ ਹੀ ਹੋਇਆ ਹੈ। ਇਹ ਧਾਰਨਾ ਉਨ੍ਹਾਂ ਉਦੇਸ਼ਾਂ ਤੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੀ ਹੈ ਜਿਹੜੀ ਇਸਤ੍ਰੀ ਦੇ ਅਧਿਕਾਰਾਂ ਦੇ ਪੱਖ ਵਿਚ ਚਲਾਏ ਗਏ ਅੰਦੋਲਨਾਂ ਨਾਲ ਸਬੰਧਿਤ ਹੈ। ਇਸ ਵਿਚ ਨਿੱਜੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪੱਖ ਸ਼ਾਮਿਲ ਹਨ। ਇਸ ਦਾ ਉਦੇਸ਼ ਇਸਤ੍ਰੀ ਨੂੰ ਮਰਦਾਂ ਦੇ ਬਰਾਬਰ ਪੂਰਨ ਸਮਾਨਤਾ ਦੇ ਪੱਧਰ ਤੇ ਲਿਆਉਣਾ ਹੈ।" (ਹਰਪ੍ਰੀਤ ਕੌਰ. *ਨਾਰੀਵਾਦ* 23.) ਨਾਰੀਵਾਦ ਸਿਰਫ਼ ਸ਼ੋਸ਼ਣ ਪ੍ਰਤੀ ਹੀ ਸੁਚੇਤ ਨਹੀਂ ਕਰਦਾ, ਬਲਕਿ ਨਾਰੀ ਦੀ ਬਰਾਬਰੀ ਦੀ ਗੱਲ ਨੂੰ ਵੀ ਕੇਂਦਰ ਵਿਚ ਰੱਖਦਾ ਹੈ। ਇਸ ਦਾ ਮੰਤਵ ਨਾਰੀ ਦੀ ਸਰਵਪੱਖੀ ਤਰੱਕੀ ਲਈ ਕਾਰਜ ਕਰਨ ਦਾ ਹੈ। ਇਸ ਸਬੰਧ ਵਿਚ ਸੁਸ਼ੀਲਾ ਸਿੰਘ ਦੀ ਟਿੱਪਣੀ ਹੈ :-

> ਨਾਰੀਵਾਦ ਸ਼ਬਦ ਨੂੰ ਵਿਆਪਕ ਅਰਥਾਂ ਵਿਚ ਸਮਝਿਆ ਜਾਣਾ ਚਾਹੀਦਾ ਹੈ ਜਿਹੜਾ ਔਰਤਾਂ ਵਜੋਂ ਉਸਦੀ ਆਪਣੀ ਡੂੰਘੇਰੀ ਚੇਤਨਤਾ ਅਤੇ ਔਰਤਾਂ ਦੀਆਂ ਆਪਣੀਆਂ ਸਮੱਸਿਆਵਾਂ ਵੱਲ ਸੰਕੇਤ

ਕਰਦਾ ਹੈ। ਇਸ ਦੇ ਅਰਥ ਨੂੰ ਸਿਰਫ਼ ਔਰਤਾਂ ਦੇ ਹੱਕਾਂ ਦੀ ਵਕਾਲਤ ਤੱਕ ਹੀ ਸੀਮਤ ਨਹੀਂ ਕਰਨਾ ਚਾਹੀਦਾ।(*ਫ਼ੈਮੀਨਿਜ਼ਮ: ਥਿਊਰੀ ਕ੍ਰਿਟੀਸਿਜ਼ਮ ਐਂਡ ਲਾਈਸਿਸ* 22.)

ਨਾਰੀਵਾਦ ਔਰਤਾਂ ਦੇ ਦੂਜੈਲੇ ਦਰਜੇ ਦੇ ਵਿਰੋਧ ਵਿਚ ਭੁਗਤਦਾ ਹੈ। ਤਕਰੀਬਨ ਸਾਰੇ ਨਾਰੀਵਾਦੀ ਚਿੰਤਕ ਨਾਰੀ ਦੀ ਆਰਥਿਕ ਸਵੈ-ਨਿਰਭਰਤਾ ਤੇ ਇਕ ਮੱਤ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਔਰਤ ਦੀ ਗ਼ੁਲਾਮੀ ਦਾ ਸਭ ਤੋ ਵੱਡਾ ਕਾਰਨ ਉਸਦੀ ਮਰਦ ਤੇ ਨਿਰਭਰਤਾ ਹੀ ਹੈ। ਨਾਰੀਵਾਦ ਔਰਤ ਅਤੇ ਮਰਦ ਨੂੰ ਸਰੀਰਕ ਭਿੰਨਤਾ ਦੇ ਬਾਵਜੂਦ ਬਰਾਬਰ ਮੰਨਣ ਦਾ ਹਾਮੀ ਹੈ। ਔਰਤਾਂ ਨੂੰ ਜੋ ਮੁਸ਼ਕਲਾਂ ਪੇਸ਼ ਹਨ, ਉਨ੍ਹਾਂ ਦਾ ਕਾਰਨ ਮਰਦ ਸਮਾਜ ਵੱਲੋਂ ਉਸਾਰਿਆ ਤਾਣਾ-ਬਾਣਾ ਹੈ। ਇਨ੍ਹਾਂ ਮੁਸ਼ਕਿਲਾਂ ਵਿਚ ਸਤੀ ਪ੍ਰਥਾ, ਵਿਧਵਾ, ਵੇਸਵਾਗਮਨੀ, ਦਾਜ, ਬਾਲ ਵਿਆਹ, ਬਲਾਤਕਾਰ, ਉਧਾਲ਼ਾ, ਛੁੱਟੜ ਆਦਿ ਹਨ, ਜਿਨ੍ਹਾਂ ਨੂੰ ਮਰਦ ਨੇ ਆਪ ਉਸਾਰਿਆ ਹੈ। ਨਾਰੀਵਾਦ ਦੇ ਸੰਕਲਪ ਨੂੰ ਅਸੀਂ ਕ੍ਰਮਵਾਰ ਪੱਛਮੀ ਅਤੇ ਭਾਰਤੀ ਸੰਦਰਭ ਦੇ ਇਤਿਹਾਸਕ ਸੰਦਰਭ ਵਿਚ ਵੇਖਣ ਦਾ ਯਤਨ ਕਰਦੇ ਹਾਂ। ਇਸ ਦੁਆਰਾ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਜਾਵੇਗਾ ਕਿ ਕਿਵੇਂ ਅਤੇ ਕਿਹੜੀਆਂ ਸਥਿਤੀਆਂ ਵਿਚ ਨਾਰੀਵਾਦ ਔਰਤਾਂ ਦੇ ਹਾਲਾਤਾਂ ਪ੍ਰਤੀ ਸਮਝ ਨਾਲ ਦੋ ਚਾਰ ਹੁੰਦਾ ਹੋਇਆ ਸਮਕਾਲੀ ਸਮੇਂ ਤੱਕ ਪਹੁੰਚਿਆ ਹੈ। ਇਸ ਦੁਆਰਾ ਅਸੀਂ ਉੱਤਰ-ਆਧੁਨਿਕ ਪਰਿਪੇਖ ਵਿਚਲੇ ਨਾਰੀ ਦੇ ਸਰੂਪ ਅਤੇ ਉਸਨੂੰ ਪੇਸ਼ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰ ਸਕਾਂਗੇ। ਇਸ ਤੋ ਬਾਅਦ ਭਗਤ ਬਾਣੀ ਦੁਆਰਾ ਪੇਸ਼ ਪ੍ਰਵਚਨ ਦੁਆਰਾ ਉਸਾਰੇ ਸੂਝ ਮਾਡਲ ਦੁਆਰਾ ਉੱਤਰ-ਆਧੁਨਿਕ ਪਰਿਪੇਖ ਵਿਚ ਨਾਰੀ ਦੇ ਸਥਾਨ ਦੀ ਚਰਚਾ ਕਰਕੇ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਜਾਵੇਗਾ ਕਿ ਉੱਤਰ-ਆਧੁਨਿਕਤਾ ਜੋ ਹਾਸ਼ੀਆਗਤ ਨੂੰ ਕੇਂਦਰੀ ਸਥਾਨ ਦੇਣ ਵੱਲ ਰੁਚਿਤ ਹੈ, ਭਗਤ ਬਾਣੀ ਇਸ ਨੂੰ ਕਿਸ ਤਰ੍ਹਾਂ ਸੰਬੋਧਿਤ ਹੁੰਦੀ ਹੈ। ਇਸ ਤੋਂ ਪਹਿਲਾਂ ਅਸੀਂ ਇੱਕ ਪੰਛੀ ਝਾਤ ਨਾਰੀਵਾਦ ਦੇ ਇਤਿਹਾਸ ਤੇ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕਿ ਅਸੀਂ ਇਸ ਦੇ ਕਾਰਨਾਂ ਅਤੇ ਇਤਿਹਾਸਕ ਪਰਿਪੇਖ ਦੇ ਦਾਇਰਿਆਂ ਨੂੰ ਸਮਝ ਸਕੀਏ।

ਪੱਛਮੀ ਸੰਦਰਭ ਵਿਚ ਨਾਰੀਵਾਦ ਨੂੰ ਮੁੱਖ ਤੌਰ ਤੇ ਦੋ ਲਹਿਰਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਲਹਿਰ 19ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਦੇ ਸ਼ੁਰੂਆਤੀ ਦਸ਼ਕਾਂ ਤੱਕ ਅਸਰ ਅੰਦਾਜ਼ ਰਹਿੰਦੀ ਹੈ। ਦੂਸਰੀ ਲਹਿਰ

1960 ਦੇ ਦਸ਼ਕ ਤੋਂ ਲੈ ਕੇ ਹੁਣ ਤੱਕ ਗਤੀਸ਼ੀਲ ਹੈ। ਨਾਰੀਵਾਦ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ 1913 ਵਿਚ ਕੀਤੀ ਗਈ। ਅਮਰੀਕਾ ਵਿਚ ਔਰਤਾਂ ਜੋ ਅਧਿਆਪਨ ਕਰਦੀਆਂ ਸਨ, ਉਨ੍ਹਾਂ ਨੂੰ ਵਿਆਹ ਤੋਂ ਬਾਅਦ ਆਪਣੀ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਦੇ ਵਿਰੋਧ ਵਿਚ ਹੈਨੇਰਥਾ ਰੋਡਮੈਨ ਨਾ ਦੀ ਔਰਤ ਨੇ ਫੈਮੀਨਿਸਟ ਅਲਾਂਇਸ ਨਾਮ ਦਾ ਗਰੁੱਪ ਬਣਾਇਆ। ਇਸ ਗਰੁੱਪ ਦਾ ਮਕਸਦ ਇਸ ਨੀਤੀ ਦਾ ਵਿਰੋਧ ਕਰਨਾ ਸੀ। ਇਸ ਪ੍ਰਸੰਗ ਵਿਚ ਵੱਖ-ਵੱਖ ਪੱਛਮੀ ਦੇਸ਼ਾਂ ਵਿਚ ਉੱਠੀਆਂ ਲਹਿਰਾਂ 1920 ਵਿਚ ਅਮਰੀਕੀ ਔਰਤਾਂ ਨੂੰ ਮਿਲੇ ਵੋਟ ਦੇ ਅਧਿਕਾਰ ਤੱਕ ਦੇ ਸੰਘਰਸ਼ਾਂ ਦੇ ਨਤੀਜੇ ਵਜੋਂ ਵੇਖੀਆਂ ਜਾ ਸਕਦੀਆਂ ਹਨ। ਇਸ ਤੋਂ ਬਾਅਦ 1960 ਤੱਕ ਪੱਛਮ ਵਿਚ ਹੋਰ ਵੀ ਛੋਟੇ-ਮੋਟੇ ਅੰਦੋਲਨ ਹੁੰਦੇ ਰਹੇ। ਪ੍ਰੰਤੂ 1949 ਵਿਚ ਫਰਾਂਸੀਸੀ ਚਿੰਤਕ ਸੀਮੋਨ ਦ ਬੁਵਆਰ ਦੀ ਪੁਸਤਕ 'ਦ ਸੈਕਿੰਡ ਸੈਕਸ' ਪ੍ਰਕਾਸ਼ਿਤ ਹੋਈ। ਇਸ ਤੋਂ ਪਹਿਲਾਂ ਸੰਸਾਰ ਪੱਧਰ ਤੇ ਨਾਰੀਵਾਦ ਨੂੰ ਲੈ ਕੇ ਕੋਈ ਸੰਗਠਨਾਤਮਕ ਗਤੀਵਿਧੀ ਸਾਹਮਣੇ ਨਹੀਂ ਆਈ ਸੀ। ਇਸ ਪੁਸਤਕ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਦਾ ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਹੋਏ ਅਨੁਵਾਦ ਤੋਂ ਲਗਾਇਆ ਜਾ ਸਕਦਾ ਹੈ। ਸੀਮੋਨ ਦੀ ਇਸ ਪੁਸਤਕ ਨੇ ਮੌਜੂਦਾ ਨਾਰੀਵਾਦੀ ਚਿੰਤਨ ਦੀ ਨੀਂਹ ਰੱਖਣ ਦਾ ਕਾਰਜ ਕੀਤਾ। ਇਸ ਪੁਸਤਕ ਵਿਚ ਇਹ ਮੱਤ ਸਥਾਪਿਤ ਕੀਤਾ ਗਿਆ ਕਿ ਔਰਤ ਦਾ ਦਮਨ ਕੋਈ ਕੁਦਰਤੀ ਪ੍ਰਕਿਰਿਆ ਨਹੀਂ ਹੈ ਬਲਕਿ ਇਹ ਇਤਿਹਾਸ ਅਤੇ ਸੰਸਕ੍ਰਿਤੀ ਦੀ ਦੇਣ ਹੈ। ਇਸ ਮੱਤ ਦੀ ਸਥਾਪਨਾ ਸੀਮੋਨ ਨੇ ਇਤਿਹਾਸ, ਦਰਸ਼ਨ ਅਤੇ ਮਨੋਵਿਗਿਆਨ ਦੇ ਆਧਾਰ ਤੇ ਕੀਤੀ। ਸੀਮੋਨ ਦ ਬੁਵਆਰ ਅਨੁਸਾਰ, ਮਰਦ ਅਤੇ ਔਰਤ ਬਿਜਲੀ ਦੇ ਧਨਾਤਮਕ ਅਤੇ ਰਿਣਾਤਮਕ ਧਰੁਵਾਂ ਦੀ ਤਰ੍ਹਾਂ ਨਹੀਂ ਹਨ ਬਲਕਿ ਮਨੁੱਖੀ ਇਤਿਹਾਸ ਵਿਚ ਮਰਦ ਨੂੰ ਨਿਰਪੱਖ ਸਮਝਦਿਆਂ ਅਤੇ ਔਰਤ ਨੂੰ ਉਸਦੀ ਵਿਰੋਧੀ ਸਮਝਦਿਆਂ ਔਰਤ ਦੀ ਵਿਆਖਿਆ ਨਿਰਪੱਖ ਮਨੁੱਖ ਦੇ ਪ੍ਰਸੰਗ ਵਿਚ ਕੀਤੀ ਜਾਂਦੀ ਹੈ। ਔਰਤ ਨੂੰ ਪਰਿਭਾਸ਼ਿਤ ਹੋਣ ਲਈ ਮਰਦ ਦੀ ਮੁਥਾਜੀ ਝੱਲਣੀ ਪੈਂਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਜੋ ਸੀਮੋਨ ਮੰਨਦੀ ਸੀ ਕਿ ਔਰਤ ਪੈਦਾ ਨਹੀਂ ਹੁੰਦੀ ਬਣਾ ਦਿੱਤੀ ਜਾਂਦੀ ਹੈ। ਇਸ ਦੂਸਰੀ ਲਹਿਰ ਦੀਆਂ ਕੁਝ ਵਿਲੱਖਣਤਾਵਾਂ ਵਿੱਚ ਪਹਿਲੀ ਇਹ ਸੀ ਕਿ ਅਮਰੀਕੀ ਔਰਤਾਂ ਨੇ ਸਮਾਜਿਕ ਕਾਰਨਾਂ ਨੂੰ ਆਪਣੀ ਜੱਦੋਜਹਿਦ ਦਾ ਹਿੱਸਾ ਬਣਾਇਆ। ਇਸ ਦੇ ਨਾਲ ਹੀ 1965 ਵਿਚ ਬਣੀ ਜਥੇਬੰਦੀ 'ਸਟੂਡੈਂਟਸ ਫ਼ਾਰ ਡੈਮੋਕਰੈਟਿਕ

ਸੁਸਾਇਟੀ' ਵੱਲੋਂ ਨਾਰੀਵਾਦੀ ਪ੍ਰਸ਼ਨਾਂ ਨੂੰ ਉਠਾਇਆ ਗਿਆ। ਇਸੇ ਤਰ੍ਹਾਂ 1968 ਵਿਚ ਹੋਣ ਵਾਲੀ 'ਮਿਸ ਅਮਰੀਕਾ' ਪ੍ਰਤੀਯੋਗਤਾ ਦਾ ਵਿਰੋਧ ਕੀਤਾ ਗਿਆ। ਇਸੇ ਸਾਲ ਸ਼ਿਕਾਗੋ ਵਿਚ ਪਹਿਲਾ ਨਾਰੀ ਮੁਕਤੀ ਸੰਮੇਲਨ ਹੋਇਆ। ਸੰਨ 1971 ਵਿਚ 26 ਅਗਸਤ ਨੂੰ ਔਰਤ ਸਮਾਨਤਾ ਦਾ ਦਿਨ ਐਲਾਨਿਆਂ ਗਿਆ ਅਤੇ 1975 ਨੂੰ ਸੰਯੁਕਤ ਰਾਸ਼ਟਰ ਸੰਘ ਵੱਲੋਂ ਅੰਤਰਰਾਸ਼ਟਰੀ ਔਰਤ ਵਰ੍ਹਾ ਘੋਸ਼ਿਤ ਕੀਤਾ ਗਿਆ।

ਜਦੋਂ ਅਸੀਂ ਭਾਰਤੀ ਸੰਦਰਭ ਵਿਚ ਨਾਰੀਵਾਦੀ ਲਹਿਰ ਨੂੰ ਵਾਚਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਵਿਚਾਰ ਆਮ ਮਿਲਦਾ ਹੈ ਕਿ ਭਾਰਤ ਵਿਚ ਨਾਰੀਵਾਦੀ ਅੰਦੋਲਨ ਪੱਛਮੀ ਦੇਸ਼ਾਂ ਵਿਚ ਹੋਏ ਅੰਦੋਲਨਾ ਤੋਂ ਪੈਦਾ ਹੋਇਆ ਹੈ। ਪਰੰਤੂ ਇਹ ਤਰਕ ਪੂਰੀ ਤਰ੍ਹਾਂ ਸਹੀ ਨਹੀਂ ਭਾਸਦਾ ਹੈ। ਭਾਰਤ ਵਿਚ ਵੱਡੇ ਪੱਧਰ ਤੇ ਹੋਈ ਸਮਾਜਿਕ ਅਤੇ ਰਾਜਨੀਤਕ ਉਥਲ-ਪੁਥਲ ਅਤੇ ਪਰਿਵਾਰਕ ਅਤੇ ਸਮਾਜਿਕ ਕਾਰਨਾਂ ਕਰਕੇ ਔਰਤ ਦੀ ਸਥਿਤੀ ਸੁਧਾਰਨ ਹਿਤ ਕਈ ਅੰਦੋਲਨ ਹੋਏ ਹਨ। ਇਨ੍ਹਾਂ ਅੰਦੋਲਨਾਂ ਦੀ ਅਗਵਾਈ ਵਿਚ ਵੱਖ-ਵੱਖ ਸੰਗਠਨਾਂ ਦਾ ਯੋਗਦਾਨ ਰਿਹਾ ਹੈ। ਭਾਰਤ ਵਿਚਲੇ ਇਨ੍ਹਾਂ ਨਾਰੀਵਾਦੀ ਅੰਦੋਲਨਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਦੇਖ ਸਕਦੇ ਹਾਂ। ਪਹਿਲਾ ਅੰਦੋਲਨ 1850 ਤੋਂ ਲੈ ਕੇ 1915 ਦਰਮਿਆਨ ਵਾਪਰਦਾ ਹੈ। ਦੂਸਰਾ 1916 ਤੋਂ 1970 ਦੇ ਵਿਚਕਾਰ ਅਤੇ ਤੀਸਰਾ 1970 ਤੋਂ ਲੈ ਕੇ 2000 ਤੱਕ ਹੋਂਦਸ਼ੀਲ ਰਹਿੰਦਾ ਹੈ। ਪਹਿਲਾ ਕਾਲ-ਖੰਡ ਸਮਾਜ ਸੁਧਾਰਕਾਂ ਦੇ ਯਤਨਾਂ ਦੁਆਰਾ ਔਰਤ ਦੀ ਹਾਲਤ ਨੂੰ ਉੱਚਾ ਚੁੱਕਣ ਦਾ ਹੈ। ਦੂਸਰੇ ਵਿਚ ਔਰਤਾਂ ਖ਼ੁਦ ਆਪਣੇ ਅਧਿਕਾਰ ਹਿਤ ਲੜਨ ਲਈ ਅੱਗੇ ਆਈਆਂ। ਇਸ ਨਾਲ ਔਰਤਾਂ ਰਾਜਨੀਤੀ ਦੇ ਖੇਤਰ ਵਿਚ ਸਰਗਰਮ ਹੋਈਆਂ। ਤੀਸਰੇ ਕਾਲ-ਖੰਡ ਵਿਚ ਨਾਰੀਵਾਦੀ ਲਹਿਰ ਆਪਣੇ ਪੂਰਨ ਸਰੂਪ ਨੂੰ ਪ੍ਰਗਟਾਉਣ ਲੱਗ ਪਈ ਸੀ। ਇਸ ਨਾਲ ਪਿੰਡਾਂ ਤੱਕ ਇਸ ਦਾ ਅਸਰ ਦਿਖਾਈ ਦੇਣ ਲੱਗ ਪਿਆ। ਇਸ ਦੌਰਾਨ ਅਜਿਹੇ ਮਹਿਲਾ ਸੰਗਠਨ ਹੋਂਦ ਵਿਚ ਆ ਗਏ, ਜਿਨ੍ਹਾਂ ਨੇ ਆਪਣੇ ਪ੍ਰਭਾਵ ਨਾਲ ਸਮਾਜ ਵਿਚ ਔਰਤਾਂ ਦੇ ਸਸ਼ਕਤੀਕਰਨ, ਔਰਤਾਂ ਦੇ ਵਿਕਾਸ, ਪਿਤਰ ਸੱਤਾ ਦਾ ਗ਼ਲਬਾ ਦੂਰ ਕਰਨਾ ਅਤੇ ਲਿੰਗ ਭੇਦ ਮਿਟਾ ਕੇ ਔਰਤ ਨੂੰ ਮੁੱਖ ਧਾਰਾ ਵਿਚ ਲਿਆ ਕੇ ਸਮਾਜ ਵਿਚ ਉਸ ਦੇ ਸਥਾਨ ਪ੍ਰਤੀ ਹਾਂ ਪੱਖੀ ਯਤਨ ਆਰੰਭ ਕੀਤੇ। ਜਦੋਂ ਅਸੀਂ ਇੱਕੀਵੀਂ ਸਦੀ ਦੀ ਗੱਲ ਕਰਦੇ ਹਾਂ ਤਾਂ ਔਰਤਾਂ ਦੀ ਸਥਿਤੀ ਅੱਜ ਵੀ ਚੁਨੌਤੀ ਪੂਰਨ ਹੈ। ਨਾਰੀਵਾਦ ਅੱਗੇ ਦੇਹ-ਵਪਾਰ,

ਲਿੰਗਕ ਹਿੰਸਾ ਅਤੇ ਹੋਰ ਕਈ ਪ੍ਰਕਾਰ ਦੇ ਸਵਾਲ ਮੂੰਹ ਅੱਡੀ ਖੜੇ ਹਨ। ਔਰਤ ਘਰ ਦੀ ਚਾਰ-ਦੀਵਾਰੀ ਵਿਚੋਂ ਨਿਕਲ ਕੇ ਬਾਹਰ ਦੇ ਸਾਰੇ ਕੰਮਾਂ-ਕਾਰਾਂ ਵਿਚ ਹਿੱਸਾ ਲੈਣ ਲੱਗ ਪਈ ਹੈ। ਪਰ ਕੀ ਔਰਤ ਅੱਜ ਸੁਰੱਖਿਅਤ ਹੈ? ਇਹ ਸਵਾਲ ਅੱਜ ਸਭ ਦੇ ਸਾਹਮਣੇ ਉੱਤਰ ਦੀ ਆਸ ਵਿਚ ਖੜ੍ਹਾ ਹੈ। ਕਾਨੂੰਨੀ ਕਮਜ਼ੋਰੀ ਦੀਆਂ ਚੋਰ ਮੋਰੀਆਂ ਕਾਰਨ ਬਲਾਤਕਾਰ ਦੀਆਂ ਘਟਨਾਵਾਂ ਵਧ ਰਹੀਆਂ ਹਨ। ਸਮਕਾਲੀ ਸਮੇਂ ਅੰਦਰ ਉਦਾਰਵਾਦੀ, ਉਗਰਵਾਦੀ ਅਤੇ ਸਮਾਜਵਾਦੀ ਤਿੰਨ ਪਹਿਲੂ ਹਨ, (Gender, Misogyny & Patriarchy)। ਇਨ੍ਹਾਂ ਤਿੰਨੇ ਪਹਿਲੂਆਂ ਦੁਆਰਾ ਨਾਰੀ ਦੇ ਹੱਕਾਂ ਦੀ ਗੱਲ ਨੂੰ ਅਗਰਭੂਮਿਤ ਕਰਨਾ ਹੈ। ਹੁਣ ਇਹ ਸਮੂਹਿਕ ਦੀ ਥਾਂ ਵਿਅਕਤੀਪਰਕ ਵੱਲ ਅਗ੍ਰਸਰ ਹੈ।

ਨਾਰੀ ਬਿਨਾ ਇਸ ਸੰਸਾਰ ਦੀ ਕਲਪਨਾ ਕਰਨਾ ਵੀ ਭਰਮ ਹੈ। ਭਾਰਤੀ ਸੰਸਕ੍ਰਿਤੀ ਵਿਚ ਨਾਰੀ ਨੂੰ ਸਦਾ ਸ਼ਕਤੀ ਰੂਪ ਵਿਚ ਪੂਜਿਆ ਜਾਂਦਾ ਰਿਹਾ ਹੈ। ਇਸ ਪਿੱਛੇ ਕਾਰਨ ਚਾਹੇ ਜੋ ਵੀ ਦਿੱਤਾ ਜਾਂਦਾ ਹੋਵੇ, ਇਕ ਗੱਲ ਤਾਂ ਤੈਅ ਹੈ ਕਿ ਨਾਰੀ ਬਿਨਾ ਇਸ ਸੰਸਾਰ ਦੀ ਕਲਪਨਾ ਵੀ ਨਹੀਂ ਹੋ ਸਕਦੀ। ਇਹ ਨਾਹਰਾ ਵੀ ਅਕਸਰ ਬੁਲੰਦ ਕੀਤਾ ਜਾਂਦਾ ਹੈ ਕਿ ਪੜ੍ਹੀ ਲਿਖੀ ਔਰਤ ਇਕ ਮਜ਼ਬੂਤ ਸਮਾਜ ਦੀ ਸਿਰਜਣਾ ਕਰਨ ਦੇ ਸਮਰੱਥ ਹੁੰਦੀ ਹੈ। ਜੇਕਰ ਨਾਰੀ ਪੜ੍ਹਦੀ ਹੈ ਤਾਂ ਪੂਰਾ ਸਮਾਜ ਪੜ੍ਹਿਆ ਲਿਖਿਆ ਹੋ ਜਾਂਦਾ ਹੈ। ਇਸ ਗੱਲ ਤੋਂ ਮੁਨਕਰ ਹੋਣਾ ਨਾ-ਮੁਮਕਿਨ ਹੈ। ਭਾਰਤ ਦੇ ਚਿੰਤਕਾਂ ਨੇ ਇਸ ਗੱਲ ਨੂੰ ਹਮੇਸ਼ਾ ਮੰਨਿਆਂ ਹੈ ਕਿ ਕਿਸੇ ਵੀ ਸਮਾਜ ਦੀ ਖ਼ੁਸ਼ਹਾਲੀ ਦਾ ਅੰਦਾਜ਼ਾ, ਉਸ ਸਮਾਜ ਵਿਚਲੀ ਔਰਤ ਦੀ ਸਥਿਤੀ ਤੋਂ ਲਗਾਇਆ ਜਾ ਸਕਦਾ ਹੈ। ਭਾਰਤ ਵਿਚ ਔਰਤ ਦੀ ਸਥਿਤੀ ਦਾ ਅੰਦਾਜ਼ਾ ਲਗਾਉਣ ਲਈ ਸਾਨੂੰ ਇਸ ਦੇ ਪਿਛੋਕੜ ਤੇ ਝਾਤ ਮਾਰਨੀ ਪਵੇਗੀ। ਜਿਸ ਨਾਲ ਅਸੀਂ ਇਸ ਗੱਲ ਨੂੰ ਸਮਝਣ ਦੇ ਸਮਰੱਥ ਹੋਵਾਂਗੇ ਕਿ ਭਾਰਤੀ ਔਰਤ ਭੂਤਕਾਲ ਵਿਚ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਨਾਲ ਘਿਰੀ ਰਹੀ ਹੈ। ਅੱਜ ਦੀ ਭਾਰਤੀ ਔਰਤ ਦੀ ਸਥਿਤੀ ਨੂੰ ਸਮਝਣ ਤੋਂ ਪਹਿਲਾਂ ਇਕ ਨਜ਼ਰ ਇਸ ਦੇ ਇਤਿਹਾਸਕ ਪਰਿਪੇਖ ਤੇ ਪਾਉਂਦੇ ਹਾਂ। ਇਸ ਨਾਲ ਸਹਿਜੇ ਹੀ ਇਸਤ੍ਰੀ ਦੀ ਮਾਨਸਿਕਤਾ ਤੇ ਪਏ ਪ੍ਰਭਾਵਾਂ ਰਾਹੀਂ ਕਿਸੇ ਸਿੱਟੇ ਤੇ ਪਹੁੰਚ ਸਕਾਂਗੇ। ਕਿਸੇ ਵੀ ਸਮੇਂ ਦੇ ਸਮਾਜ ਦੀ ਸਥਿਤੀ ਦਾ ਸਹੀ ਮੁਲਾਂਕਣ ਕਰਨਾ ਹੋਵੇ ਤਾਂ ਉਸ ਸਮਾਜ ਵਿਚਲੀ ਔਰਤ ਦੀ ਸਥਿਤੀ ਜਾਣੇ ਬਿਨਾ ਸੰਭਵ ਨਹੀਂ ਹੈ।

ਕਿਸੇ ਸਮਾਜ ਵਿਚਲੀ ਔਰਤ ਦੀ ਸਥਿਤੀ ਦੁਆਰਾ ਹੀ ਉਸ ਸਮਾਜ ਦੀ ਤਰੱਕੀ ਦਾ ਪਤਾ ਲਗਾਇਆ ਜਾ ਸਕਦਾ ਹੈ। ਭਾਰਤੀ ਪ੍ਰਸੰਗ ਵਿਚ ਅਗਰ ਵੇਖਿਆ ਜਾਵੇ ਤਾਂ ਕਹਿ ਸਕਦੇ ਹਾਂ ਕਿ ਅਲੱਗ-ਅਲੱਗ ਕਾਲ ਖੰਡਾਂ ਵਿਚ ਔਰਤ ਦੇ ਸਮਾਜਿਕ ਰੁਤਬੇ ਵਿਚ ਤਬਦੀਲੀ ਵਾਪਰਦੀ ਰਹੀ ਹੈ। ਵੈਦਿਕ ਸਮੇਂ ਦੌਰਾਨ ਔਰਤ ਦੀ ਸਥਿਤੀ ਸਨਮਾਨਜਨਕ ਮੰਨੀ ਗਈ ਹੈ। ਬੇਸ਼ੱਕ, ਇਸ ਕਾਲ ਦੌਰਾਨ ਪਿਤਰ ਸੱਤਾ ਦਾ ਬੋਲਬਾਲਾ ਸੀ ਪਰੰਤੂ ਔਰਤ ਨੂੰ ਵੀ ਸਨਮਾਨਜਨਕ ਸਥਾਨ ਪ੍ਰਾਪਤ ਸੀ। 'ਦ ਸਟੇਟਸ ਆਫ਼ ਵੂਮੈਨ ਇਨ ਐਨੀਸ਼ੈਂਟ ਇੰਡੀਆ' ਨਾਮੀ ਕਿਤਾਬ ਵਿਚ ਪ੍ਰੋ. ਇੰਦਰਾ ਲਿਖਦੇ ਹਨ :

> In the Rig Vedic time, we find the home well-established, with father as patriarch, processing complete control over the house hold, where the centre was primarily the woman the very embodiment of that great moral and spiritual force that ultimately worked itself out in the creation and the development of modern civilized society.(*The status of woman in Ancient India* 22.)

ਇਸ ਦੇ ਨਾਲ ਔਰਤਾਂ ਲਈ ਸਿੱਖਿਆ ਪ੍ਰਾਪਤੀ ਦੇ ਮੌਕੇ ਵੀ ਸਨ। ਔਰਤਾਂ ਬ੍ਰਹਚਰਜ ਵਾਲਾ ਜੀਵਨ ਜੀਣ ਦੇ ਨਾਲ-ਨਾਲ ਉੱਚ ਵਿੱਦਿਆ ਪ੍ਰਾਪਤ ਕਰ ਕੇ ਅਧਿਐਨ ਕਰ ਸਕਦੀਆਂ ਸਨ। ਔਰਤਾਂ ਦੀ ਸਿੱਖਿਆ ਲਈ ਵਿਸ਼ੇਸ਼ ਰੂਪ ਨਾਲ ਪ੍ਰਬੰਧ ਕੀਤੇ ਜਾਂਦੇ ਸਨ। ਦੋ ਪ੍ਰਕਾਰ ਦੀਆਂ ਸ਼੍ਰੇਣੀਆਂ ਦੁਆਰਾ ਔਰਤਾਂ ਦੀ ਸਿੱਖਿਆ ਦਾ ਪ੍ਰਬੰਧ ਚਲਾਇਆ ਜਾਂਦਾ ਸੀ। 'ਬ੍ਰਹਮਚਾਰਿਣੀ' ਅਤੇ 'ਸਧੋਵਧੂ' ਇਹ ਦੋ ਵਰਗ ਸਨ। ਪਹਿਲੇ ਵਿਚ ਉੱਚ ਸਿੱਖਿਆ ਪ੍ਰਾਪਤ ਔਰਤਾਂ ਸਨ ਜਿਹੜੀਆਂ ਆਜੀਵਨ ਬ੍ਰਹਮਚਾਰੀ ਰਹਿ ਕੇ ਉੱਚ ਅਧਿਐਨ ਕਰਦੀਆਂ ਸਨ ਅਤੇ ਦੂਸਰੇ ਵਰਗ ਵਿਚ 16-17 ਸਾਲ ਤੱਕ ਸਿੱਖਿਆ ਤੋਂ ਬਾਅਦ ਗ੍ਰਹਿਸਤ ਜੀਵਨ ਬਤੀਤ ਕਰ ਸਕਦੀਆਂ ਸਨ। ਇਸ ਦੇ ਨਾਲ ਹੀ ਉਨ੍ਹਾਂ ਲਈ ਸਮਾਰੋਹਾਂ ਵਿਚ ਭਾਗ ਲੈਣ ਤੇ ਵੀ ਕੋਈ ਪਾਬੰਦੀ ਨਹੀਂ ਸੀ। ਵੈਦਿਕ ਕਾਲ ਦੇ ਅੰਤਿਮ ਸਮੇਂ ਤੋਂ ਲੈ ਕੇ ਉਪਨਿਸ਼ਦ ਯੁੱਗ ਤੱਕ ਔਰਤ ਦੀ

ਸਥਿਤੀ ਵਿਚ ਪਰਿਵਰਤਨ ਆਉਣਾ ਸ਼ੁਰੂ ਹੋਇਆ।"ਉੱਤਰ ਵੈਦਿਕ ਕਾਲ ਵਿਚ ਨਾਰੀ ਦੀ ਸਥਿਤੀ ਵਿਚ ਵਧੇਰੇ ਪਰਿਵਰਤਨ ਵਾਪਰੇ। ਇਸ ਯੁੱਗ ਵਿਚ ਧਾਰਮਿਕ ਭਾਵਨਾਵਾਂ ਵਧੇਰੇ ਵਧ ਗਈਆਂ, ਜਿਸ ਕਰਕੇ ਆਰੀਆਂ ਦੀ ਜੀਵਨ ਸ਼ੈਲੀ ਬਦਲਣ ਲੱਗੀ ; ਹੁਣ ਧਾਰਮਿਕ ਕਰਮਕਾਡਾਂ ਦੇ ਵਧਦੇ ਪ੍ਰਚੱਲਨ ਵਿਚ ਯੱਗ ਆਦਿਕ ਕਿਰਿਆਵਾਂ ਵਿਚ ਨਾਰੀ ਦੀ ਹਿੱਸੇਦਾਰੀ ਨੂੰ ਅਸਵੀਕਾਰ ਕੀਤਾ ਗਿਆ।"(ਓਝਾ. *ਪ੍ਰਾਚੀਨ ਭਾਰਤ ਕਾ ਸਮਾਜਿਕ ਇਤਿਹਾਸ* 43.) ਇੱਥੋਂ ਹੀ ਨਾਰੀ ਦੀ ਸਥਿਤੀ ਵਿਚ ਨਿਘਾਰ ਸ਼ੁਰੂ ਹੁੰਦਾ ਹੈ। ਕਰਮ-ਕਾਂਡ ਬਦਲਣ ਨਾਲ ਔਰਤ ਨੂੰ ਧਾਰਮਿਕ ਕਿਰਿਆਵਾਂ ਵਿਚੋਂ ਬਾਹਰ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਨਾਲ ਇਸਤ੍ਰੀਆਂ ਦੀ ਸਥਿਤੀ ਵਿਚ ਬਹੁਤ ਖੜੋਤ ਆਈ, ਜਿਸ ਕਾਰਨ ਔਰਤ ਘਰ ਦੀ ਚਾਰਦੀਵਾਰੀ ਦਾ ਹਿੱਸਾ ਬਣ ਕੇ ਰਹਿ ਗਈ। ਆਰੀਆ ਲੋਕਾਂ ਨੇ ਔਰਤ ਨੂੰ ਆਪਣੇ ਧਾਰਮਿਕ ਕਾਰਜਾਂ ਵਿਚੋਂ ਮਨਫ਼ੀ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨਾਲ ਔਰਤ ਹਾਸ਼ੀਏ ਤੇ ਚਲੀ ਗਈ। ਔਰਤ ਨੂੰ ਸਿਰਫ਼ ਸੰਤਾਨ ਪ੍ਰਾਪਤੀ ਦਾ ਸਾਧਨ ਮੰਨ ਕੇ ਘਰ ਵਿਚ ਸੀਮਤ ਕਰ ਦਿੱਤਾ ਗਿਆ। ਉਪਨਿਸ਼ਦ ਕਾਲ ਵਿਚ ਆ ਕੇ ਔਰਤ ਦੀ ਸਥਿਤੀ ਵਿਚ ਫਿਰ ਸੁਧਾਰ ਵਾਪਰਨਾ ਸ਼ੁਰੂ ਹੋਇਆ ਕਿਉਂਕਿ ਇਸ ਕਾਲ ਵਿਚ ਔਰਤ ਨੂੰ ਪਰਮਾਤਮਾ ਦੀ ਸ਼ਕਤੀ ਦੇ ਰੂਪ ਵਿਚ ਦਰਸਾਇਆ ਜਾਣ ਲੱਗਾ। ਨਾਰੀ ਨੂੰ ਅਰਧਾਂਗਨੀ ਦੇ ਰੂਪ ਵਿਚ ਵੇਖਿਆ ਜਾਣ ਲੱਗਾ। ਪੁਰਸ਼ ਦੀ ਪੂਰਨਤਾ ਨਾਰੀ ਦੇ ਨਾਲ ਹੀ ਸੰਭਵ ਹੈ ਇਸ ਵਿਚਾਰ ਦਾ ਪ੍ਰਚਾਰ ਜ਼ੋਰਾਂ ਤੇ ਸੀ। ਇਸ ਕਾਰਨ ਲੜਕੀਆਂ ਲਈ ਸਿੱਖਿਆ ਦੇ ਮੌਕੇ ਵੀ ਸਨ। ਇਸ ਯੁੱਗ ਵਿਚ ਕਈ ਵਿਦਵਾਨ ਔਰਤਾਂ ਦਾ ਜ਼ਿਕਰ ਆਉਂਦਾ ਹੈ। ਮਹਾਂਰਿਸ਼ੀ ਯਾਗਵੱਲਕ ਦੀ ਪਤਨੀ ਮੈਤ੍ਰੇਈ, ਗਾਰਗੀ, ਐਤ੍ਰੇਈ, ਅਪਾਲਾ ਅਤੇ ਘੋਸ਼ਾ ਆਦਿ ਔਰਤਾਂ ਦਾ ਨਾ ਬੜੀਆਂ ਵਿਦਵਾਨ ਔਰਤਾਂ ਵਿਚ ਲਿਆ ਜਾਂਦਾ ਹੈ। ਆਦਿ ਸ਼ੰਕਰਾਚਾਰੀਆ ਨਾਲ ਵਾਦ ਵਿਵਾਦ ਕਰਨ ਵਾਲੀ ਰਿਸ਼ੀ ਮੰਡਨ ਮਿਸ਼ਰ ਦੀ ਪਤਨੀ ਉਭਯ ਭਾਰਤੀ ਵੀ ਵਿਦਵਾਨ ਇਸਤ੍ਰੀ ਸੀ ਜਿਸ ਨੇ ਸਾਸ਼ਤ੍ਰਾਰਥ ਵਿਚ ਆਦਿ ਸ਼ੰਕਰਾਚਾਰੀਆ ਜਿਹੇ ਗਿਆਨੀ ਨਾਲ ਟੱਕਰ ਲੈ ਕੇ ਆਪਣੇ ਪਤੀ ਦੇ ਮਾਣ ਦੀ ਰੱਖਿਆ ਕੀਤੀ। ਪਰ ਸਾਰੀਆਂ ਸਥਿਤੀਆਂ ਵਿਚ ਅਜਿਹਾ ਨਹੀਂ ਸੀ। ਅਨਾਰੀਆ ਔਰਤਾਂ ਦੀ ਸਥਿਤੀ ਵੀ ਨਿਰੰਤਰ ਇਸ ਯੁੱਗ ਵਿਚ ਵੀ ਨਿਘਾਰ ਵੱਲ ਜਾ ਰਹੀ ਸੀ। ਇਸ ਦਾ ਕਾਰਨ ਉਨ੍ਹਾਂ ਔਰਤਾਂ ਦਾ ਸੰਸਕ੍ਰਿਤ ਤੋਂ ਅਣਜਾਣ ਹੋਣਾ ਵੀ ਸੀ। ਜਿਸ ਕਾਰਨ ਉਨ੍ਹਾਂ ਨੂੰ ਧਾਰਮਿਕ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਇਸ

ਨਾਲ ਔਰਤ ਨੂੰ ਸਾਰੇ ਔਗੁਣਾਂ ਦਾ ਕਾਰਨ ਮੰਨ ਕੇ ਉਸ ਦੇ ਅਧਿਕਾਰਾਂ ਨੂੰ ਸੀਮਿਤ ਕਰ ਦਿੱਤਾ ਗਿਆ। ਸੂਤਰਾਂ, ਸਿਮਰਤੀਆਂ, ਬ੍ਰਾਹਮਣ ਗ੍ਰੰਥਾਂ ਅਤੇ ਮਹਾਂਕਾਵਿ ਕਾਲ ਵਿਚ ਔਰਤਾਂ ਤੇ ਕਈ ਪ੍ਰਕਾਰ ਦੇ ਬੰਧਨ ਲਗਾ ਦਿੱਤੇ ਗਏ। ਉਨ੍ਹਾਂ ਦੀ ਧਾਰਮਿਕ, ਰਾਜਨੀਤਕ, ਆਰਥਿਕ ਅਤੇ ਸਮਾਜਕ ਗਤੀਵਿਧੀਆਂ ਸੀਮਿਤ ਕਰ ਦਿੱਤੀਆਂ ਗਈਆਂ ਜਾਂ ਇੰਝ ਕਹਿ ਲਈਏ ਕਿ ਔਰਤ ਨੂੰ ਜਨਮ ਤੋਂ ਲੈ ਕੇ ਮੌਤ ਤੱਕ ਪਿਤਾ, ਪਤੀ ਅਤੇ ਪੁੱਤਰ ਦੇ ਅਧੀਨ ਕਰ ਦਿੱਤਾ ਗਿਆ। ਇਸ ਸਮੇਂ ਰਚੇ ਗਏ ਮਹਾਂਕਾਵਿ ਰਮਾਇਣ ਅਤੇ ਮਹਾਂਭਾਰਤ ਵਿਚ ਵੀ ਅਜਿਹੇ ਪ੍ਰਮਾਣ ਮੌਜੂਦ ਹਨ, ਜਿਸ ਨਾਲ ਔਰਤ ਦੀ ਸਥਿਤੀ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ। ਇਸ ਤੋਂ ਬਾਅਦ ਦਾ ਸਮਾ ਜੈਨ ਅਤੇ ਬੁੱਧ ਧਰਮ ਦੇ ਉਥਾਨ ਦਾ ਹੈ। ਇਸ ਸਮੇਂ ਵਿਚ ਵੀ ਇਸਤ੍ਰੀ ਦੀ ਸਥਿਤੀ ਵਿਚ ਕੋਈ ਵਿਸ਼ੇਸ਼ ਸੁਧਾਰ ਨਹੀਂ ਵਾਪਰਦੇ। ਬਲਕਿ ਜੈਨ ਧਰਮ ਵਿਚ ਤਾਂ ਇਹ ਕਹਿ ਦਿੱਤਾ ਗਿਆ ਕਿ ਔਰਤ ਜੇਕਰ ਮੋਕਸ਼ ਚਾਹੁੰਦੀ ਹੈ ਤਾਂ ਅਗਲੇ ਜਨਮ ਵਿਚ ਪੁਰਸ਼ ਬਣ ਕੇ ਇਸ ਦੀ ਪ੍ਰਾਪਤੀ ਕਰ ਸਕਦੀ ਹੈ।"ਇਸਤਰੀਆਂ ਲਈ ਸੀਮਿਤ ਧਰਮ ਦਾ ਪਾਲਣ ਕਰਨ ਦਾ ਉਪਦੇਸ਼ ਦਿੱਤਾ ਗਿਆ ਸੀ ਜਿਸ ਨਾਲ ਉਹ ਪੁਰਸ਼ ਦੇ ਰੂਪ ਵਿਚ ਪੁਨਰ-ਜਨਮ ਲੈ ਕੇ ਮੋਕਸ਼ ਪ੍ਰਾਪਤ ਕਰ ਸਕਦੀਆਂ ਹਨ।"(Prof Indra. *The status of woman in Ancient India* 260.) ਔਰਤਾਂ ਦਾ ਸਭ ਤੋਂ ਮਾੜਾ ਸਮਾ ਪੂਰਵ-ਮੱਧਕਾਲੀ ਸਮਾ ਕਿਹਾ ਜਾ ਸਕਦਾ ਹੈ ਜਿਸ ਵਿਚ ਬਹੁਤ ਸਾਰੀਆਂ ਕੁਰੀਤੀਆਂ ਜਿਵੇਂ ਸਤੀ ਪ੍ਰਥਾ, ਜੰਮਦਿਆਂ ਮਾਰ ਦੇਣਾ, ਦਾਜ ਦੀ ਪ੍ਰਥਾ ਅਤੇ ਬੇਟੀ ਪ੍ਰਤੀ ਬੇਗਾਨਗੀ ਦੀ ਭਾਵਨਾ ਆਦਿ ਸਿਖ਼ਰਾਂ ਤੇ ਪਹੁੰਚ ਗਈਆਂ। ਇਸ ਸਮੇਂ ਦੀਆਂ ਸ਼ਾਹਕਾਰ ਰਚਨਾਵਾਂ ਵਿਚ ਵੀ ਔਰਤਾਂ ਪ੍ਰਤੀ ਮਾੜੇ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਮਿਲਦੀ ਹੈ। ਇਸ ਸਮੇਂ ਵਿਚ ਉਤਪਾਦਨ ਦੇ ਸਾਧਨਾ ਉੱਤੇ ਮਰਦ ਦਾ ਅਧਿਕਾਰ ਹੋਣ ਕਰਕੇ ਔਰਤ ਦੀ ਸਥਿਤੀ ਵਿਚ ਨਿਘਾਰ ਪੈਦਾ ਹੋਇਆ। ਪਰਦੇ ਦੇ ਰਿਵਾਜ ਨੇ ਔਰਤ ਨੂੰ ਹੋਰ ਵੀ ਤ੍ਰਾਸਦਿਕ ਅਤੇ ਦਾਸਤਾ ਵਾਲੀ ਸਥਿਤੀ ਵੱਲ ਨੂੰ ਧਕੇਲ ਦਿੱਤਾ।

ਪੰਜਾਬੀ ਸਾਹਿਤ ਦੀ ਆਰੰਭਤਾ ਨਾਥਾਂ ਜੋਗੀਆਂ ਤੋਂ ਮੰਨੀ ਜਾਂਦੀ ਹੈ। ਇਹ ਨਾਥ ਜੋਗੀ ਅੱਗੋਂ ਬੁੱਧ ਅਤੇ ਜੈਨ ਧਰਮ ਦੀਆਂ ਸ਼ਾਖਾਵਾਂ ਵਿਚੋਂ ਨਿਕਲ ਕੇ ਨਵੇਂ ਰੂਪ ਵਿਚ ਸਮਾਜ ਵਿਚ ਵਿਚਰਨ ਲੱਗੇ ਸਨ। ਇਹ ਜੋਗੀ ਅੱਠਵੀਂ, ਨੌਵੀਂ ਅਤੇ ਦਸਵੀਂ ਸਦੀ ਵਿਚ ਉੱਤਰ-ਪੱਛਮੀ ਭਾਰਤ ਵਿਚ ਵਿਚਰਦੇ ਰਹੇ ਹਨ। ਇਹ ਹੱਠ, ਤਪ ਅਤੇ ਯੋਗ ਵਰਗੇ ਢੰਗ

ਤਰੀਕਿਆਂ ਦੁਆਰਾ ਆਤਮਿਕ ਬਲ ਅਤੇ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਤੇ ਜ਼ੋਰ ਦਿੰਦੇ ਸਨ। ਇਨ੍ਹਾਂ ਨਾਥ ਜੋਗੀਆਂ ਨੇ ਆਪਣੀਆਂ ਰਚਨਾਵਾਂ ਵਿਚ ਔਰਤ ਨੂੰ ਮਨੁੱਖ ਦੀ ਆਤਮਿਕ ਉੱਨਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਦੇ ਤੌਰ ਤੇ ਪੇਸ਼ ਕੀਤਾ ਹੈ। ਇਸ ਸਮੇਂ ਦੇ ਦੌਰਾਨ ਜੋ ਕਿ ਪੰਜਾਬੀ ਸਾਹਿਤ ਦੀ ਉਤਪਤੀ ਦਾ ਸਮਾ ਹੈ,ਵਿਚ ਨਾਰੀ ਦੀ ਨਿੰਦਿਆ ਕੀਤੀ ਗਈ ਹੈ। ਜੋਗ ਮੱਤ ਵਿਚ ਤਾਂ ਔਰਤ ਦੀ ਬਹੁਤ ਬਦਖੋਈ ਕੀਤੀ ਗਈ ਹੈ। ਉਸ ਵੇਲੇ ਜੋਗ ਮੱਤ ਦਾ ਸਿਖਰ ਹੋਣ ਕਰਕੇ ਲੋਕ ਨਾਥ-ਜੋਗੀਆਂ ਤੋਂ ਭੈਅ ਖਾਂਦੇ ਸਨ। ਇਸ ਲਈ ਉਨ੍ਹਾਂ ਦੁਆਰਾ ਔਰਤ ਦੀ ਬਦਖੋਈ ਨੂੰ ਹੀ ਸਹੀ ਮੰਨ ਕੇ ਸਮਾਜ ਚੱਲਣ ਲੱਗ ਪਿਆ ਜਿਸ ਨਾਲ ਔਰਤਾਂ ਦੀ ਸਥਿਤੀ ਸਮਾਜ ਵਿਚ ਨੀਵੀਂ ਪੱਧਰ ਤੇ ਪਹੁੰਚ ਗਈ। ਇਸਦੇ ਫਲਸਰੂਪ ਔਰਤ ਦਾ ਸਥਾਨ ਸਮਾਜ ਵਿਚ ਗੌਣ ਹੋਣਾ ਸ਼ੁਰੂ ਹੋ ਗਿਆ। ਜਿਸ ਨਾਲ ਸਮਾਜ ਦਾ ਅੱਧਾ ਵਰਗ ਅਣਗੌਲੀ ਸਥਿਤੀ ਨੂੰ ਪਹੁੰਚ ਗਿਆ। ਇਸ ਸਬੰਧੀ ਡਾ. ਜਸਬੀਰ ਕੇਸਰ 'ਪੰਜਾਬੀ ਸਾਹਿਤ ਦੀ ਭੂਮਿਕਾ ਵਿਚ ਲਿਖਦੇ ਹਨ,"ਇਸਤਰੀ ਦਾ ਤਿਆਗ ਹੀ ਅੱਧੇ ਸਮਾਜ ਨੂੰ ਅੱਖੋਂ ਓਹਲੇ ਕਰਨ ਵਾਲੀ ਗੱਲ ਸੀ। ਸੋ ਮਨੁੱਖੀ ਜੀਵਨ ਦਾ ਅੱਧਾ ਅੰਗ ਜੋਗ-ਮੱਤ ਵਿਚ ਅਣਗੌਲਿਆ ਹੀ ਰਿਹਾ।" (*ਪੰਜਾਬੀ ਸਾਹਿਤ ਦੀ ਭੂਮਿਕਾ* 13,14.) ਪੰਜਾਬੀ ਸਾਹਿਤ ਵਿਚ ਨਾਥ ਜੋਗੀਆਂ ਤੋਂ ਬਾਅਦ ਵਿਚ ਆਉਣ ਵਾਲੀ ਸਾਹਿਤ ਧਾਰਾ ਸੂਫ਼ੀ ਕਾਵਿ ਧਾਰਾ ਹੈ। ਇਹ ਕਾਵਿ ਧਾਰਾ ਇਸਲਾਮੀ ਹਮਲਾਵਰਾਂ ਦੇ ਭਾਰਤ ਤੇ ਹਮਲਿਆਂ ਦੇ ਨਾਲ ਇਸਲਾਮੀ ਚਿੰਤਨ ਦੇ ਪ੍ਰਵੇਸ਼ ਨਾਲ ਪੰਜਾਬ ਵਿਚ ਫੈਲ ਗਈ। ਬੇਸ਼ੱਕ ਸੂਫ਼ੀ ਮੱਤ ਦਾ ਪ੍ਰਚਾਰ ਪ੍ਰਸਾਰ ਸਭ ਤੋਂ ਪਹਿਲਾਂ ਦਾਤਾ ਗੰਜ ਬਖ਼ਸ਼ ਅਲੀ ਹੁਜਵੀਰੀ ਜਿਹੇ ਇਸਲਾਮੀ ਚਿੰਤਕਾਂ ਦੁਆਰਾ ਸ਼ੁਰੂ ਹੋਇਆ। ਜੇਕਰ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਬਾਬਾ ਫਰੀਦ ਨੂੰ ਪੰਜਾਬੀ ਦੇ ਪਹਿਲੇ ਕਵੀ ਮੰਨਿਆਂ ਗਿਆ ਹੈ। ਔਰਤਾਂ ਦੇ ਹੱਕਾਂ ਦੀ ਗੱਲ ਸਭ ਤੋਂ ਪਹਿਲਾਂ ਇਸਲਾਮ ਦੁਆਰਾ ਹੀ ਸ਼ੁਰੂ ਹੋਈ। ਸੂਫ਼ੀ ਕਾਵਿ ਧਾਰਾ ਕਿਉਂਕਿ ਇਸਲਾਮੀ ਚਿੰਤਨ ਦਾ ਹਿੱਸਾ ਹੈ ਇਸ ਲਈ ਸੂਫ਼ੀਆਂ ਨੇ ਵੀ ਔਰਤ ਨੂੰ ਉੱਚੇ ਮਰਤਬੇ ਤੇ ਰੱਖਿਆ। ਬੇਸ਼ੱਕ ਇਸਲਾਮ ਦੇ ਆਉਣ ਨਾਲ ਭਾਰਤ ਵਿਚ ਪਰਦੇ ਦਾ ਰਿਵਾਜ ਸ਼ੁਰੂ ਹੋਇਆ ਪਰੰਤੂ ਇਸਲਾਮ ਵਿਚ ਪਰਦੇ ਨੂੰ ਵਿਆਪਕ ਅਰਥਾਂ ਵਿਚ ਲਿਆ ਗਿਆ ਹੈ। ਇਸ ਬਾਬਤ ਡਾ. ਅਨਵਰ ਚਿਰਾਗ਼ ਦਾ ਮੱਤ ਹੈ,"ਪਰਦੇ ਦੀ ਵਿਵਸਥਾ ਦਾ ਮੰਤਵ ਔਰਤ ਅਤੇ ਮਰਦ ਦੀ ਪਾਕਦਾਮਨੀ ਨਾਲ ਸਬੰਧਿਤ ਹੈ। ਇਸ ਲਈ ਜੋ ਵੀ ਜੀਵਨ ਜਾਂਚ/ਲਿਬਾਸ ਇਸ

ਪਾਕਦਾਮਨੀ ਤੇ ਬੁਰਾ ਅਸਰ ਪਾਵੇ, ਉਹ ਸ਼ਰੀਅਤ ਦੇ ਦ੍ਰਿਸ਼ਟੀਕੋਣ ਤੋਂ ਹਰਾਮ ਹੈ।"(*ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ* 73.)

ਸੂਫ਼ੀ ਕਾਵਿ ਵਿਚ ਔਰਤ ਨੂੰ ਪ੍ਰਤੀਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉੱਚ ਅਧਿਆਤਮਕ ਮੰਡਲਾਂ ਦੀ ਪ੍ਰਾਪਤੀ ਲਈ ਸੂਫ਼ੀ ਆਪਣੇ ਆਪ ਲਈ ਔਰਤ ਰੂਪ ਦਾ ਪ੍ਰਤੀਕ ਵਰਤਦੇ ਹਨ। ਇਸ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਇਸਲਾਮੀ ਚਿੰਤਨ ਵਿਚ ਔਰਤ ਦੀ ਕੀ ਅਹਿਮੀਅਤ ਹੈ। ਪੰਜਾਬੀ ਸਾਹਿਤ ਚਿੰਤਨ ਵਿਚ ਔਰਤ ਦੀ ਵਕਾਲਤ ਜ਼ੋਰਦਾਰ ਢੰਗ ਨਾਲ ਗੁਰੂ ਸਾਹਿਬਾਨ ਦੁਆਰਾ ਗੁਰਮਤਿ ਕਾਵਿ-ਧਾਰਾ ਵਿਚ ਪੇਸ਼ ਹੋਈ ਹੈ। ਗੁਰਮਤਿ ਕਾਵਿ-ਧਾਰਾ ਵਿਚ ਔਰਤ ਦੀ ਨਿੰਦਿਆ ਕਰਨ ਵਾਲੇ ਨੂੰ ਬਹੁਤ ਹੀ ਜ਼ੋਰਦਾਰ ਢੰਗ ਨਾਲ ਸੰਬੋਧਿਤ ਹੋ ਕੇ ਔਰਤ ਜਾਤੀ ਦੇ ਸਨਮਾਨ ਦੀ ਗੱਲ ਛੋਹੀ ਗਈ ਹੈ। ਇਸ ਦੇ ਨਾਲ ਹੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਭਾਰਤ ਦੇ ਵੱਖ-ਵੱਖ ਭਗਤ ਸਾਹਿਬਾਨ ਦੀਆਂ ਰਚਨਾਵਾਂ ਨੂੰ ਵੀ ਇਸ ਮਹਾਨ ਰਚਨਾ ਦਾ ਹਿੱਸਾ ਬਣਾ ਦਿੱਤਾ। ਇਨ੍ਹਾਂ ਭਗਤਾਂ ਵਿਚ ਸੁਆਮੀ ਰਾਮਾਨੰਦ ਜੀ ਦੀ ਬਾਣੀ ਅਤੇ ਉਨ੍ਹਾਂ ਦੀ ਸ਼ਿਸ਼ ਮੰਡਲੀ ਦੇ ਕਈ ਭਗਤਾਂ ਦੀ ਬਾਣੀ ਵੀ ਸ਼ਾਮਿਲ ਹੈ। ਭਗਤ ਰਵਿਦਾਸ, ਕਬੀਰ ਜੀ, ਧੰਨਾ ਜੀ ਆਪ ਦੇ ਹੀ ਸ਼ਿਸ਼ ਸਨ। ਇਹ ਵਰਣਨਯੋਗ ਹੈ ਕਿ ਆਪ ਜੀ ਨੇ ਔਰਤਾਂ ਨੂੰ ਵੀ ਆਪਣੀਆਂ ਸ਼ਿਸ਼ ਦੇ ਰੂਪ ਵਿਚ ਸਵੀਕਾਰ ਕਰਕੇ ਭਗਤੀ ਪਰੰਪਰਾ ਵਿਚ ਸਥਾਨ ਦਿੱਤਾ। ਡਾ. ਬਲਜਿੰਦਰ ਕੌਰ ਜੋਸ਼ੀ ਇਸ ਸਬੰਧੀ ਇਕ ਘਟਨਾ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ :-

> ਆਪ ਨੇ ਇਸਤ੍ਰੀਆਂ ਨੂੰ ਵੀ ਭਗਤੀ ਦਾ ਅਧਿਕਾਰੀ ਮੰਨਿਆਂ ਅਤੇ ਉਨ੍ਹਾਂ ਨੂੰ ਸਿੱਖਿਆ ਦੇ ਕੇ ਪ੍ਰਭੂ ਭਗਤੀ ਕਰਨ ਲਈ ਪ੍ਰੇਰਨਾ ਅਤੇ ਉਪਦੇਸ਼ ਦਿੱਤਾ। ਇਕ ਦੰਦ ਕਥਾ ਅਨੁਸਾਰ ਪਹਿਲਾਂ ਆਪ ਇਸਤਰੀ ਨਾਲ ਗੱਲ ਕਰਨ ਸਮੇਂ ਪਰਦਾ ਕਰ ਲੈਂਦੇ ਸਨ, ਭਾਵ ਇਸਤਰੀ ਦੇ ਮੱਥੇ ਨਹੀਂ ਲਗਦੇ ਸਨ। ਇਕ ਵਾਰ ਮੀਰਾਂ ਬਾਈ ਆਈ, ਤਾਂ ਆਪ ਪਰਦੇ ਵਿਚ ਬੈਠ ਗਏ। ਮੀਰਾਂ ਨੇ ਆਖਿਆ,''ਕੇਵਲ ਇਕ ਪ੍ਰਭੂ ਹੀ ਮਰਦ ਹੈ। ਇਹ ਦੂਸਰਾ ਮਰਦ ਕਿਥੋਂ ਪੈਦਾ ਹੋ ਗਿਆ ?'' ਇਹ ਸੁਣ ਕੇ ਆਪ ਨੇ ਪਰਦਾ ਪਾੜ ਸੁੱਟਿਆ ਅਤੇ ਮੀਰਾਂ ਨੂੰ ਆਪਣੀ ਸ਼ਾਗਿਰਦ ਬਣਾ ਲਿਆ। ਆਪ ਦੇ

ਪ੍ਰਮੁੱਖ ਸ਼ਿਸ਼ ਹਨ : ਅਨੰਤਾ ਨੰਦ, ਸੁਖਾ ਨੰਦ, ਸੁਰਸੁਰਾ ਨੰਦ, ਨਰਹਰਨੰਦ, ਭਾਵਾਨੰਦ, ਪੀਪਾ, ਕਬੀਰ, ਸੈਨ, ਧੰਨਾ, ਰਵਿਦਾਸ, ਪਦਮਾਵਤੀ ਤੇ ਸੁਰਸੁਰੀ।(*ਖੋਜ ਪੱਤ੍ਰਿਕਾ*, ਬਾਣੀਕਾਰ ਵਿਸ਼ੇਸ਼ ਅੰਕ 189.)

ਗੁਰਮਤਿ ਕਾਵਿ ਧਾਰਾ ਤੋਂ ਪਿੱਛੋਂ ਕਿੱਸਾ ਕਾਵਿ ਵਿਚ ਪੰਜਾਬੀ ਕਿੱਸਾਕਾਰਾਂ ਨੇ ਔਰਤ ਨੂੰ ਭੰਡਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਔਰਤ ਨੂੰ ਬਦਚਲਨ ਤੋਂ ਲੈ ਕੇ ਬੇਵਫ਼ਾਈ ਦੀ ਮੂਰਤ ਤੱਕ ਦੇ ਲਕਬ ਸਭ ਕਿੱਸਾਕਾਰਾਂ ਦੀ ਹੀ ਦੇਣ ਹੈ। ਇਸ ਤੋਂ ਬਾਅਦ ਵੀ ਔਰਤ ਦੀ ਸਥਿਤੀ ਵਿਚ ਕੋਈ ਵਿਸ਼ੇਸ਼ ਸੁਧਾਰ ਨਹੀਂ ਆਇਆ ਅਤੇ ਅੰਗਰੇਜ਼ਾਂ ਨੇ ਆਪਣੇ ਫ਼ਾਇਦੇ ਲਈ ਸਿੱਖਿਆ ਦੇ ਫੈਲਾਓ ਲਈ ਯਤਨ ਕੀਤੇ। ਪਰੰਤੂ ਵਿਧੀਵਤ ਯਤਨ ਭਾਰਤ ਵਿਚ ਸਮਾਜ ਸੁਧਾਰਕਾਂ ਨੇ ਆਰੰਭ ਕੀਤੇ ਜਿਨ੍ਹਾਂ ਵਿਚ ਰਾਜਾ ਰਾਮ ਮੋਹਨ ਰਾਏ, ਦਯਾਨੰਦ ਸਰਸਵਤੀ ਅਤੇ ਈਸ਼ਵਰ ਚੰਦਰ ਵਿੱਦਿਆਸਾਗਰ ਜਿਹੇ ਸੁਧਾਰਵਾਦੀ ਸ਼ਾਮਿਲ ਸਨ। ਪੰਜਾਬ ਵਿਚ ਨਾਮਧਾਰੀ ਲਹਿਰ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਯਤਨ ਕੀਤੇ ਗਏ। ਇਸ ਨਾਲ ਸਮਾਜ ਵਿਚੋਂ ਸਤੀ ਪ੍ਰਥਾ, ਬਾਲ ਵਿਆਹ, ਪਰਦਾ ਪ੍ਰਥਾ ਅਤੇ ਦਹੇਜ ਪ੍ਰਥਾ ਵਰਗੀਆਂ ਸਮੱਸਿਆਵਾਂ ਦੇ ਹੱਲ ਦਾ ਰਸਤਾ ਅਤੇ ਔਰਤਾਂ ਦੀ ਸਿੱਖਿਆ ਪ੍ਰਤੀ ਜਾਗਰੂਕਤਾ ਫੈਲਣ ਲੱਗੀ। ਵਿਮਲਾ ਫਾਰੂਕੀ ਅਤੇ ਰੇਣੂ ਚੱਕਰਵਰਤੀ 'ਕਮਿਊਨਿਜ਼ਮ ਔਰ ਇਸਤ੍ਰੀਆਂ' ਨਾਮੀ ਕਿਤਾਬ ਵਿਚ ਇਸ ਬਾਰੇ ਲਿਖਦੀਆਂ ਹਨ,"ਸਮਾਜ ਸੁਧਾਰਕ ਲਹਿਰ ਅਤੇ ਆਜ਼ਾਦੀ ਦੀ ਸਿਆਸੀ ਲਹਿਰ ਨੇ ਮਿਲ ਕੇ ਭਾਰਤ ਦੀ ਇਸਤਰੀ ਲਹਿਰ ਦਾ ਮੂੰਹ ਮੱਥਾ ਘੜਿਆ।"(38.)ਇਨ੍ਹਾਂ ਯਤਨਾਂ ਦੇ ਤਹਿਤ ਹੀ ਭਾਰਤ ਵਿਚ 1910 ਵਿਚ ਇਸਤ੍ਰੀ ਮਹਾਂਮੰਡਲ, 1917 ਵਿਚ ਵੂਮੈਨਜ਼ ਇੰਡੀਆ ਐਸੋਸੀਏਸ਼ਨ ਅਤੇ 1927 ਵਿਚ ਆਲ ਇੰਡੀਆ ਵੂਮੈਨਜ਼ ਕਾਨਫਰੰਸ ਦੀ ਸਥਾਪਨਾ ਹੋਈ। ਇਸ ਨਾਲ ਮੱਧਵਰਗੀ ਪਰਿਵਾਰ ਦੀਆਂ ਔਰਤਾਂ ਅੱਗੇ ਆ ਕੇ ਸਮਾਜਿਕ ਅਤੇ ਰਾਜਨੀਤਕ ਕੰਮਾਂ ਵਿਚ ਮੋਹਰੀ ਰੋਲ ਅਦਾ ਕਰਨ ਲੱਗੀਆਂ। ਭਾਰਤ ਦੀ ਆਜ਼ਾਦੀ ਤੋਂ ਬਾਅਦ ਔਰਤਾਂ ਲਈ ਸਿੱਖਿਆ ਨੂੰ ਲੈ ਕੇ ਬਹੁਤ ਕਾਨੂੰਨ ਪਾਸ ਹੋਏ ਹਨ। ਇਸ ਨਾਲ ਲੜਕੀਆਂ ਦਾ ਵਿੱਦਿਅਕ ਤੌਰ ਤੇ ਬਹੁਤ ਵਿਕਾਸ ਹੋਇਆ ਹੈ। ਅੱਜ ਜੇਕਰ ਨਜ਼ਰ ਮਾਰੀ ਜਾਵੇ ਤਾਂ ਲੜਕੀਆਂ ਹਰ ਖੇਤਰ ਵਿਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ। ਲੜਕੀਆਂ,

ਲੜਕਿਆਂ ਨਾਲੋਂ ਪੜ੍ਹਨ ਵਿਚ ਅੱਗੇ ਨਿਕਲ ਚੁੱਕੀਆਂ ਹਨ। ਇਸ ਦੇ ਨਾਲ-ਨਾਲ ਔਰਤਾਂ ਹਰ ਤਰ੍ਹਾਂ ਦੇ ਕਾਰਜ ਖੇਤਰਾਂ ਵਿਚ ਕੁਸ਼ਲਤਾ ਨਾਲ ਅੱਗੇ ਵਧ ਰਹੀਆਂ ਹਨ।

ਪਰ ਇਸ ਸਭ ਦੇ ਬਾਵਜੂਦ ਇਹ ਸਭ ਕੁਝ ਹੈਰਾਨ ਕਰ ਦੇਣ ਵਾਲਾ ਹੈ ਕਿ ਔਰਤ ਅੱਜ ਵੀ ਹਾਸ਼ੀਏ ਤੇ ਹੀ ਖੜੀ ਪ੍ਰਤੀਤ ਹੁੰਦੀ ਹੈ। ਜੇਕਰ ਸੰਸਾਰ ਪੱਧਰ ਦੀ ਗੱਲ ਕਰੀਏ ਤਾਂ ਸੰਸਾਰ ਦੇ ਲੱਗਭਗ 195 ਦੇ ਕਰੀਬ ਕੁੱਲ ਦੇਸ਼ਾਂ ਵਿਚੋਂ ਕਿੰਨੇ ਦੇਸ਼ਾਂ ਦੀ ਔਰਤ ਮੁੱਖ ਅਹੁਦਿਆਂ ਤੇ ਪਹੁੰਚੀ ਹੈ? ਸੰਸਾਰ ਭਰ ਦੇ ਦੇਸ਼ਾਂ ਦਾ ਬਿਉਰਾ ਵੇਖ ਸਕਦੇ ਹਾਂ ਕਿ ਕਿੰਨੇ ਕੁ ਦੇਸ਼ ਹਨ ਜਿੱਥੇ ਔਰਤਾਂ ਪ੍ਰਮੁੱਖ ਪਦਵੀਆਂ ਤੇ ਬਿਰਾਜਮਾਨ ਹਨ। ਗਿਣਤੀ ਪੋਟਿਆਂ ਤੇ ਗਿਣੀ ਜਾ ਸਕਦੀ ਹੈ। ਇਸ ਦਾ ਕੀ ਕਾਰਨ ਹੋ ਸਕਦਾ ਹੈ ? ਇਸ ਨੂੰ ਵਿਚਾਰਨ ਦੀ ਲੋੜ ਹੈ। ਇਸੇ ਤਰ੍ਹਾਂ ਭਾਰਤ ਵਿਚ ਹੋਰ ਵੀ ਹਾਸੋਹੀਣੀ ਸਥਿਤੀ ਹੈ। ਅੰਕੜਿਆਂ ਤੇ ਨਜ਼ਰ ਮਾਰੋ ਤਾਂ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਦਿੱਤੇ ਗਏ ਹਨ। ਪਰੰਤੂ ਇਹ ਜੱਗ ਜ਼ਾਹਿਰ ਹੈ ਕਿ ਸਰਪੰਚ ਔਰਤ ਹੁੰਦੀ ਹੈ ਪਰ ਸਰਪੰਚੀ ਉਸ ਦਾ ਪਤੀ ਕਰਦਾ ਹੈ। ਇਸੇ ਪ੍ਰਕਾਰ ਕੰਮਕਾਜੀ ਔਰਤ ਦੀ ਸਥਿਤੀ ਹੈ। ਜਿੱਥੇ ਉਸ ਦੀ ਕਿਰਤ ਦੁਆਰਾ ਪੂੰਜੀਵਾਦ ਨੂੰ ਫ਼ਾਇਦਾ ਹੈ, ਉੱਥੇ ਉਸਦੀ ਉਜਰਤ ਨਾਲ ਉਸਦੇ ਪਤੀ ਨੂੰ ਵੀ ਆਰਥਿਕ ਲਾਭ ਪ੍ਰਾਪਤ ਹੋ ਰਿਹਾ ਹੈ। ਪਰੰਤੂ ਇਸ ਸਭ ਲਈ ਔਰਤ ਜਿਸ ਸਥਾਨ ਦੀ ਉਹ ਹੱਕਦਾਰ ਹੈ, ਉਸ ਪ੍ਰਤੀ ਉਸਦਾ ਆਪਣਾ ਨਕਾਰਾਤਮਿਕ ਰਵੱਈਆ ਵੀ ਜ਼ਿੰਮੇਵਾਰ ਹੈ। ਉੱਚ ਯੋਗਤਾ ਪ੍ਰਾਪਤ ਕਰਨ ਦੇ ਨਾਲ ਔਰਤ ਦੇ ਆਪਣੇ ਮਾਨਸਿਕ ਪੱਧਰ ਨੂੰ ਵੀ ਉੱਚਾ ਚੁੱਕਣ ਦੀ ਲੋੜ ਹੈ। ਅਕਸਰ ਉੱਚ ਸਿੱਖਿਆ ਪ੍ਰਾਪਤ ਔਰਤਾਂ ਹੀ ਆਪਣੀਆਂ ਬੱਚੀਆਂ ਪ੍ਰਤੀ ਅਸੁਰੱਖਿਆ ਦੀ ਭਾਵਨਾ ਨਾਲ ਗ੍ਰਸਿਤ ਰਹਿੰਦੀਆਂ ਹਨ। ਇਹ ਸਾਡੇ ਸਮਾਜ ਵਿਚਲੇ ਤਾਣੇ-ਬਾਣੇ ਵਿਚੋਂ ਪਨਪਿਆ ਹੋਇਆ ਡਰ ਹੈ। ਰੋਜ਼ਾਨਾ ਹੋਣ ਵਾਲੀਆਂ ਘਟਨਾਵਾਂ ਵੀ ਇਸ ਦਾ ਕਾਰਨ ਹੋ ਸਕਦੀਆਂ ਹਨ। ਮੀ-ਟੂ ਵਰਗੇ ਅਭਿਆਨ ਤੋਂ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਦੀ ਕਮੀ ਨਹੀਂ ਜਿਸ ਵਿਚ ਆਪਣਿਆਂ ਵੱਲੋਂ ਹੀ ਬੱਚੀਆਂ ਨਾਲ ਗ਼ਲਤ ਵਿਵਹਾਰ ਦੀਆਂ ਘਟਨਾਵਾਂ ਵੇਖਣ ਵਿਚ ਆਈਆਂ ਹਨ। ਇਸ ਤਰ੍ਹਾਂ ਦੇ ਹਾਲਾਤਾਂ ਵਿਚ ਔਰਤ ਭਾਵੇਂ ਸਿੱਖਿਅਤ ਹੀ ਕਿਉਂ ਨਾ ਹੋਵੇ ਉਸ ਦੀ ਮਾਨਸਿਕਤਾ ਪ੍ਰਭਾਵਿਤ ਜ਼ਰੂਰ ਹੁੰਦੀ ਹੈ। ਅਸਲ ਵਿਚ ਲੜਕੀਆਂ ਦੀ ਮਾਨਸਿਕਤਾ ਵਿਚ ਇਹ ਗੱਲ ਮੁੱਢ ਤੋਂ ਹੀ ਬਿਠਾ ਦਿੱਤੀ ਜਾਂਦੀ ਹੈ ਕਿ ਉਸਨੂੰ ਸੁਰੱਖਿਅਤ ਰਹਿਣ

ਲਈ ਸਦਾ ਹੀ ਯਤਨਸ਼ੀਲ ਰਹਿਣਾ ਪਵੇਗਾ। ਇਸ ਭਾਵਨਾ ਨਾਲ ਗ੍ਰਸੀ ਹੋਈ ਮਾਨਸਿਕਤਾ ਨਾਲ ਔਰਤ ਕਿਸ ਤਰ੍ਹਾਂ ਮਜ਼ਬੂਤ ਹੋ ਸਕਦੀ ਹੈ। ਇੱਥੇ ਹੀ ਬੱਸ ਨਹੀਂ ਸਾਡੇ ਸਮਾਜਿਕ ਸੰਸਕਾਰ ਅਤੇ ਸਿੱਖਿਆ ਪ੍ਰਣਾਲੀ ਵਿਚ ਵੀ ਇਹ ਧਾਰਨਾ ਜ਼ੋਰ-ਸ਼ੋਰ ਨਾਲ ਪ੍ਰਚਾਰੀ ਜਾਂਦੀ ਹੈ ਕਿ ਸ਼ਰਮ ਹੀ ਔਰਤ ਦਾ ਗਹਿਣਾ ਹੈ। ਸਾਡੇ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਪਾਠਕ੍ਰਮਾ ਵਿਚ ਜ਼ਿਆਦਾਤਰ ਪੜਾਈ ਨੈਤਿਕਤਾ ਦੇ ਨਜ਼ਰੀਏ ਤੋਂ ਹੀ ਕਰਵਾਈ ਜਾਂਦੀ ਹੈ। ਜਿਸ ਨਾਲ ਲੜਕੀ ਲਈ ਬਣਾਈਆਂ ਧਾਰਨਾਵਾਂ ਦੀ ਪੇਸ਼ਕਾਰੀ ਇਸ ਤਰ੍ਹਾਂ ਕੀਤੀ ਹੁੰਦੀ ਹੈ ਜਿਸ ਨਾਲ ਉਸ ਨੂੰ ਸਦਾ ਇਹ ਯਾਦ ਰਹੇ ਕਿ ਉਸਨੇ ਹੀ ਨੈਤਿਕਤਾ ਦਾ ਠੇਕਾ ਚੁੱਕਿਆ ਹੋਇਆ ਹੈ। ਇਸ ਤਰ੍ਹਾਂ ਉੱਚ ਸਿੱਖਿਅਤ ਹੋਣ ਦੇ ਬਾਵਜੂਦ ਵੀ ਉਸ ਦੀ ਮਾਨਸਿਕਤਾ ਵਿਚ ਸਦਾ ਦੁਜੈਲੇ ਭਾਵ ਦਾ ਪ੍ਰਭਾਵ ਦਿਖਾਈ ਦਿੰਦਾ ਰਹਿੰਦਾ ਹੈ। ਜਿਸ ਤੋਂ ਉਸਦਾ ਪੈਂਡਾ ਸਾਰੀ ਉਮਰ ਨਹੀਂ ਛੁੱਟਦਾ। ਨੈਨਸੀ ਆਫ਼ ਕੋਟ ਆਪਣੀ ਪੁਸਤਕ *'ਗਰਾਊਡਿੰਗ ਆਫ਼ ਫੈਮੀਨਿਜ਼ਮ'* ਵਿਚ ਲਿਖਦੀ ਹੈ ਕਿ ਔਰਤਾਂ ਦਾ ਦੁਜੈਲਾ ਸਥਾਨ ਕੁਦਰਤ ਵੱਲੋਂ ਨਹੀਂ ਸਗੋਂ ਮਰਦ ਨੇ ਇਸ ਜਗਤ ਬਾਰੇ ਪੈਂਦੇ ਵਾਹ ਕਰਕੇ ਆਪ ਉਸਾਰਿਆ ਹੈ। ਔਰਤਾਂ ਆਪਣੇ ਆਪ ਨੂੰ ਜੀਵ ਵਿਗਿਆਨਕ ਲਿੰਗ ਦੇ ਤੌਰ ਤੇ ਨਹੀਂ ਸਗੋਂ ਮਾਨਵੀ ਜਗਤ ਵਿਚ ਸਮੂਹ ਦੇ ਤੌਰ ਤੇ ਸਵੀਕਾਰੀਆਂ ਜਾਣੀਆਂ ਚਾਹੀਦੀਆਂ ਹਨ। ਇਸੇ ਸੰਦਰਭ ਵਿਚ ਬਹੁਤ ਪਹਿਲਾਂ ਕੁਝ ਵਿਚਾਰ ਪੜੇ, ਉਨ੍ਹਾਂ ਵਿਚ ਪ੍ਰਗਟਾਏ ਵਿਚਾਰ ਇਸ ਵਿਸ਼ੇ ਪ੍ਰਤੀ ਬਹੁਤ ਢੁੱਕਵੇਂ ਹਨ, 'ਇਸਤ੍ਰੀ ਲਈ ਦੇਵੀ ਦਾ ਆਦਰਸ਼ ਬੜਾ ਖੋਟਾ ਹੈ। ਦੇਵੀਆਂ ਅਸਮਾਨ ਉੱਤੇ ਪਈਆਂ ਹੋਣ ਪਰ ਧਰਤੀ ਤੇ ਇਸਤ੍ਰੀ ਦੀ ਹੀ ਥਾਂ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਜ਼ਿੰਦਗੀ ਦੀਆਂ ਕੀਮਤਾਂ ਵਿਚ ਕੋਈ ਬਦਲਾਵ ਲਿਆਉਣ। ਧੀਆਂ ਨੂੰ ਪੁੱਤਰਾਂ ਵਾਂਗ ਪਾਲਣ , ਉਨ੍ਹਾਂ ਦਾ ਚਾਲ-ਚਲਣ ਬਣਾਉਣ ਦੀ ਖ਼ੁਦਮੁਖ਼ਤਾਰੀ ਸਿਖਾਉਣ, ਤੇ ਉਨ੍ਹਾਂ ਲਈ ਵੱਖਰਾ ਇਖ਼ਲਾਕੀ ਮਿਆਰ ਛੱਡ ਦੇਣ।' ਕਦੇ ਵੀ ਕਿਸੇ ਥਾਂ ਮਿਆਰ ਪ੍ਰਚੱਲਿਤ ਨਹੀਂ ਕੀਤੇ ਜਾ ਸਕਦੇ। ਕਿਸੇ ਮੁਲਕ ਦੇ ਮਰਦਾਂ ਨਾਲੋਂ ਉੱਥੋਂ ਦੀਆਂ ਔਰਤਾਂ ਵਧੇਰੇ ਪਵਿੱਤਰ ਨਹੀਂ ਰੱਖੀਆਂ ਜਾ ਸਕਦੀਆਂ। ਆਦਮੀਆਂ ਦੀਆਂ ਅਪਵਿੱਤਰ ਰੁਚੀਆਂ  ਇਸਤ੍ਰੀਆਂ ਨੂੰ ਆਪਣੇ ਆਪ ਨਾਲ ਰਲਾ ਲੈਂਦੀਆਂ ਹਨ। ਇਸੇ ਤਰ੍ਹਾਂ ਹੀ ਇਸਤ੍ਰੀਆਂ ਨੂੰ ਇਹ ਭੁਲੇਖਾ ਹੈ ਕਿ ਕਿਸੇ ਮੁਲਕ ਦੀਆਂ ਇਸਤ੍ਰੀਆਂ ਉੱਥੋਂ ਦੇ ਮਰਦਾਂ ਨਾਲੋਂ ਚੰਗੀਆਂ ਹੋ ਸਕਦੀਆਂ ਹਨ। ਮਾਪੇ ਦਲੇਰ ਹੋ ਕੇ ਪੁੱਤਰਾਂ ਧੀਆਂ ਲਈ ਇੱਕੋ ਜਿਹੇ ਇਖ਼ਲਾਕੀ ਮਿਆਰ ਪ੍ਰਵਾਨ

ਕਰ ਲੈਣ। ਜੇ ਉਹ ਮੁੰਡਿਆਂ ਦੀਆਂ ਕਮਜ਼ੋਰੀਆਂ ਤੇ ਇੰਨੇ ਚਿੰਤਾਤੁਰ ਨਹੀਂ ਹੁੰਦੇ ਤੇ ਕੁੜੀਆਂ ਸਬੰਧੀ ਵੀ ਇੰਨੇ ਚਿੰਤਾਤੁਰ ਹੋਣ ਦੀ ਲੋੜ ਨਹੀਂ। ਖ਼ੁਦਮੁਖ਼ਤਾਰੀ ਮਜ਼ਬੂਤੀ ਪੈਦਾ ਕਰ ਸਕਦੀ ਹੈ। ਸਮੇਂ ਦੀਆਂ ਹਾਣੀ ਬਣਨ ਲਈ ਕੁੜੀਆਂ ਨੂੰ ਦਫ਼ਤਰਾਂ, ਖੇਤਾਂ, ਰੇਲਾਂ, ਫ਼ੌਜਾਂ, ਜਹਾਜ਼ਾਂ ਸਭ ਥਾਈਂ ਕੰਮ ਕਰਨ ਦੀ ਖੁੱਲ ਦਿੱਤੀ ਜਾਏ। ਜੇਕਰ ਅਸੀਂ ਮੁੰਡਿਆਂ ਨੂੰ ਫ਼ੌਜ ਵਿਚ ਜਾ ਕਿਸੇ ਹੋਰ ਥਾਂ ਭੇਜ ਕੇ ਕੋਈ ਖ਼ਾਸ ਚਿੰਤਾ ਉਨ੍ਹਾਂ ਦੇ ਚਾਲ-ਚੱਲਣ ਬਾਰੇ ਨਹੀਂ ਕਰਦੇ ਉਸੇ ਤਰ੍ਹਾਂ ਸਾਨੂੰ ਕੁੜੀਆਂ ਬਾਰੇ ਵੀ ਨਿਸ਼ਚਿੰਤ ਹੋ ਜਾਣਾ ਚਾਹੀਦਾ ਹੈ। ਸਾਡੀ ਚਿੰਤਾ ਅਤੇ ਰਾਖੀ ਉਨ੍ਹਾਂ ਵਿਚ ਲੋੜੀਂਦੀ ਮਜ਼ਬੂਤੀ ਪੈਦਾ ਨਹੀਂ ਹੋਣ ਦਿੰਦੀ। ਸਾਡੀ ਚਿੰਤਾ ਨੇ ਸਾਰੀਆਂ ਇਸਤ੍ਰੀਆਂ ਨੂੰ ਪੁਤਲੀਆਂ ਬਣਾ ਦਿੱਤਾ ਹੈ।

ਭਗਤ ਬਾਣੀ ਵਿਚ ਔਰਤ ਦੀ ਇਤਿਹਾਸਕ ਪਰਿਪੇਖ ਤੋਂ ਨਵੀਂ ਵਿਆਖਿਆ ਪੇਸ਼ ਕੀਤੀ ਗਈ ਹੈ। ਮੱਧਕਾਲੀ ਭਗਤਾਂ ਦੀ ਰਚਨਾ ਦਾ ਮੁੱਖ ਸੁਰ ਪ੍ਰਮਾਤਮਾ ਦੀ ਭਗਤੀ ਰਾਹੀਂ ਮਨੁੱਖ ਜਾਤੀ ਦੇ ਉੱਥਾਨ ਹੈ। ਇਹ ਵਿਅਕਤੀ ਨੂੰ ਮਹਿਜ਼ ਇਕ ਸਮਾਜਿਕ ਔਜ਼ਾਰ ਨਾ ਸਮਝਦੇ ਹੋਏ ਪੂਰਨ ਅਸਤਿਤਵ ਪ੍ਰਦਾਨ ਕਰਦੀ ਹੈ। ਜਿੱਥੇ ਇਨ੍ਹਾਂ ਕਵੀਆਂ ਦੁਆਰਾ ਸਮੁੱਚੀ ਮਾਨਵਤਾ ਲਈ ਆਪਣੀਆਂ ਰਚਨਾਵਾਂ ਵਿਚ ਵਿਚਾਰ ਰੱਖੇ ਹਨ, ਜੋ ਹਰ ਇਕ ਕਾਲ ਵਿਚ ਸਾਰਥਿਕਤਾ ਗ੍ਰਹਿਣ ਕਰਦੇ ਹਨ। ਭਗਤ ਬਾਣੀ ਵਿਚ ਔਰਤ ਲਈ ਭਗਤੀ ਦੇ ਮਾਰਗ ਰਾਹੀਂ ਆਪਣੀ ਹਾਲਤ ਤੋਂ ਪਾਰਗਾਮੀ ਹੋਣ ਦਾ ਸੰਕਲਪ ਬਹੁਤ ਸੁੰਦਰ ਉਦਾਹਰਨ ਦੁਆਰਾ ਹੋਂਦਸ਼ੀਲ ਹੁੰਦਾ ਹੈ। ਇਸ ਰਚਨਾ ਵਿਚ ਭਗਤ ਨਾਮਦੇਵ ਜੀ ਔਰਤ ਦੇ ਜਿਨ੍ਹਾਂ ਰੂਪਾਂ ਨੂੰ ਸਮਾਜ ਵੱਲੋਂ ਹਿਕਾਰਤ ਨਾਲ ਵੇਖਿਆ ਜਾਂਦਾ ਹੈ, ਨੂੰ ਇੱਕ ਸੂਤਰ ਵਿਚ ਪਿਰੋ ਕੇ ਉਨ੍ਹਾਂ ਦੇ ਚੰਗੇ ਪੱਖ ਦਾ ਜ਼ਿਕਰ ਕਰਦੇ ਹਨ। ਗਨਿਕਾ, ਪੂਤਨਾ ਨੂੰ ਦਰੋਪਦੀ ਅਤੇ ਗੌਤਮ ਰਿਸ਼ੀ ਦੀ ਪਤਨੀ ਅਹਿੱਲਿਆ ਦੇ ਨਾਲ ਸਥਾਨ ਦੇ ਕੇ ਭਗਤ ਨਾਮਦੇਵ ਜੀ ਆਪਣੀ ਰਚਨਾ ਵਿਚ ਇਸ ਦਾ ਚਿੱਤਰ ਪ੍ਰਸਤੁਤ ਕਰਦੇ ਹਨ। ਇਸ ਦੁਆਰਾ ਭਗਤ ਬਾਣੀ ਦਾ ਪ੍ਰਵਚਨ ਔਰਤ ਦੀ ਸਥਿਤੀ ਨੂੰ ਪੇਸ਼ ਕਰਦਾ ਹੋਇਆ ਹਰ ਵਰਗ ਦੀ ਔਰਤ ਦੇ ਦਮਨ ਦੀ ਗਾਥਾ ਪੇਸ਼ ਕਰਦਾ ਹੈ। ਉੱਤਰ-ਆਧੁਨਿਕਤਾ ਹਰ ਮਹਾਨਤਾ ਨੂੰ ਆਮ ਬਣਾਉਂਦੀ ਹੈ। ਇਸ ਲਈ ਭਗਤ ਬਾਣੀ ਵਿਚ ਵੀ ਇਸ ਦੀਆਂ ਉਦਾਹਰਨਾਂ ਸਮਕਾਲੀ ਸਮੇਂ ਨੂੰ ਆਤਮਸਾਤ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਸੂਆ ਪੜਾਵਤ ਗਨਿਕਾ ਤਰੀ॥

ਸੋ ਹਰਿ ਨੈਨਹੁ ਕੀ ਪੂਤਰੀ॥

ਹਰਿ ਹਰਿ ਕਰਤ ਪੂਤਨਾ ਤਰੀ॥

ਬਾਲ ਘਾਤਨੀ ਕਪਟਹਿ ਭਰੀ॥

ਸਿਮਰਨ ਦ੍ਰੋਪਦ ਸੁਤ ਉਧਰੀ॥

ਗਊਤਮ ਸਤੀ ਸਿਲਾ ਨਿਸਤਰੀ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 874.)

ਅਰਥਾਤ ਗਣਿਕਾ, ਪੂਤਨਾ, ਦ੍ਰੋਪਦੀ ਅਤੇ ਅਹਿੱਲਿਆ ਨਾਮ ਦੀਆਂ ਔਰਤਾਂ ਆਪਣੇ ਤਪੋਬਲ ਭਾਵ ਇੱਛਾ ਸ਼ਕਤੀ ਦੁਆਰਾ ਆਪਣੀ ਹਾਲਤ ਤੋਂ ਪਾਰਗਾਮੀ ਹੋਈਆਂ। ਬੇਸ਼ੱਕ ਇਨ੍ਹਾਂ ਪ੍ਰਸੰਗਾਂ ਦੇ ਕੇਂਦਰ ਵਿਚ ਪ੍ਰਮਾਤਮਾ ਮਰਦ ਰੂਪ ਵਿਚ ਹੋਂਦਸ਼ੀਲ ਹੈ ਪਰ ਇਨ੍ਹਾਂ ਕਥਾਵਾਂ ਦੀ ਗਹਿਰਾਈ ਦੇ ਪਿਛੋਕੜ ਵਿਚ ਇਨ੍ਹਾਂ ਔਰਤਾਂ ਦਾ ਕਰਮ ਵਿਧਾਨ ਹੈ ਜੋ ਕਿ ਬਹੁਤ ਹੀ ਰੌਚਕ ਹੈ। ਔਰਤ ਦੇ ਹਵਾਲੇ ਥਾਂ ਪੁਰ ਥਾਂ ਮਿਲਦੇ ਹਨ। ਇਸ ਦੁਆਰਾ ਔਰਤ ਨੂੰ ਸਹਿਜੇ ਹੀ ਸਾਰੇ ਭਾਵਾਂ, ਜਿਨ੍ਹਾਂ ਦੁਆਰਾ ਉਹ ਆਪਣੇ ਜੀਵਨ ਵਿਚ ਆਪਣੇ ਪਤੀ ਪ੍ਰਤੀ ਸਮਰਪਣ ਹੈ। ਭਗਤ ਬਾਣੀ ਵਿਚ ਔਰਤ ਦੀ ਜ਼ਿੰਦਗੀ ਨਾਲ ਜੁੜੇ ਅਨੇਕ ਹਵਾਲੇ ਮਿਲਦੇ ਹਨ ਜਿਨ੍ਹਾਂ ਵਿਚ ਔਰਤ ਦੀ ਸਥਿਤੀ ਬਾਰੇ ਵਿਚਾਰ ਪ੍ਰਗਟਾਏ ਗਏ ਹਨ। ਉੱਤਰ-ਆਧੁਨਿਕ ਪਰਿਪੇਖ ਵਿਚ ਵੀ ਇਸ ਸਥਿਤੀ ਦਾ ਪ੍ਰਗਟਾਵਾ ਨਾਰੀਵਾਦ ਅਤੇ ਇਸ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ ਦੇ ਕਾਰਜਾਂ ਅਤੇ ਸਾਹਿਤ ਦੁਆਰਾ ਪ੍ਰਗਟ ਹੁੰਦਾ ਹੈ। ਇਸ ਧਾਰਨਾ ਸਬੰਧੀ ਡਾ. ਗੁਰਭਗਤ ਸਿੰਘ ਜੀ ਦਾ ਕਥਨ ਹੈ,"ਉਤਰ-ਆਧੁਨਿਕਤਾ ਜ਼ਿੰਦਗੀ ਨੂੰ ਦੇਖਣ ਅਤੇ ਵਿਚਾਰ-ਸੰਚਾਲਨ ਦੀ ਇਕ ਵਿਧੀ ਹੈ।"(*ਕਾਵਿ ਸ਼ਾਸਤਰ ਦੇਹ ਅਤੇ ਕ੍ਰਾਂਤੀ* 146.)

ਭਗਤ ਕਵੀਆਂ ਦੁਆਰਾ ਔਰਤ ਰੂਪ ਵਿਚ ਆਪਣੇ ਆਪ ਨੂੰ ਪ੍ਰਗਟ ਕਰਕੇ ਉਸ ਦੇ ਸਮਰਪਣ ਨਾਲ ਸਮਰੂਪਤਾ ਸਥਾਪਿਤ ਕੀਤੀ ਗਈ ਹੈ। ਰਾਮ ਰੂਪੀ ਪਰਮਾਤਮਾ ਦੀ ਉਪਸਥਿਤੀ ਅਤੇ ਔਰਤ ਦਾ ਆਪਣੇ ਪਤੀ ਪ੍ਰਤੀ ਸਮਰਪਣ ਇਨ੍ਹਾਂ ਲਾਈਨਾਂ ਵਿਚ ਵੇਖਿਆ ਜਾ ਸਕਦਾ ਹੈ। ਇਸ ਦੁਆਰਾ ਭਗਤ ਨਾਮਦੇਵ ਜੀ ਹਾਸ਼ੀਏ ਤੇ ਖੜ੍ਹੀ ਔਰਤ ਨੂੰ ਆਪਣੀ ਰਚਨਾ ਦੁਆਰਾ ਕੇਂਦਰੀ ਸਥਾਨ ਦੇ ਰਹੇ ਹਨ :

ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 693.)

ਭਗਤ ਨਾਮਦੇਵ ਜੀ ਆਪਣੇ ਆਪ ਦੇ ਪ੍ਰਮਾਤਮਾ ਪ੍ਰਤੀ ਸਮਰਪਣ ਦੀ ਤੁਲਨਾ ਔਰਤ ਦੇ ਆਪਣੇ ਪਤੀ ਲਈ ਸਮਰਪਣ ਨਾਲ ਕਰਦੇ ਹਨ। ਇਸ ਦੇ ਵੱਡੇ ਵਿਚਾਰਧਾਰਕ ਅਰਥ ਉਜਾਗਰ ਹੁੰਦੇ ਹਨ। ਉੱਤਰ-ਆਧੁਨਿਕਤਾ ਹਾਸ਼ੀਏ ਤੇ ਧੱਕੇ ਲੋਕਾਂ ਨੂੰ ਕੇਂਦਰੀ ਸਥਾਨ ਪ੍ਰਦਾਨ ਕਰਦੀ ਹੈ। ਅਜੋਕੇ ਯੁੱਗ ਵਿਚ ਜਿੱਥੇ ਸੰਸਾਰ ਪੱਧਰ ਤੇ ਧਰਮ ਦੇ ਨਾਮ ਤੇ ਮਨੁੱਖੀ ਜੀਵਨ ਖ਼ਤਮ ਕੀਤਾ ਜਾ ਰਿਹਾ ਹੈ। ਉਸ ਸਮੇਂ ਵਿਚ ਅਜਿਹੇ ਪ੍ਰਵਚਨ ਸਾਰਥਿਕ ਹੋ ਨਿੱਬੜਦੇ ਹਨ। ਡਾ. ਸੁਧੀਸ਼ ਪਚੌਰੀ ਲਿਓਤਾਰਦ ਦੇ ਹਵਾਲੇ ਨਾਲ ਲਿਖਦੇ ਹਨ,"ਉੱਤਰ-ਆਧੁਨਿਕ ਉਹ ਹੈ ਜੋ ਅਪ੍ਰਤਿਨਿਧ ਨੂੰ ਯੋਗ ਪ੍ਰਤੀਨਿਧਤਾ ਦਿੰਦਾ ਹੈ।"(*ਉਤਰ ਆਧੁਨਿਕਤਾ ਕਲਾ ਔਰ ਸਾਹਿਤਯ* 45.) ਕਬੀਰ ਜੀ ਦੀ ਇਸ ਤੁਕ ਵਿਚ ਧਰਮ ਦੇ ਨਾਮ ਤੇ ਸਮਾਜ ਨੂੰ ਵੰਡਣ ਵਾਲੀ ਸੋਚ ਨੂੰ ਬਾਦਲੀਲ ਉੱਤਰ ਦਿੱਤਾ ਗਿਆ ਹੈ। ਖ਼ੂਬਸੂਰਤੀ ਇਹ ਹੈ ਕਿ ਇਸ ਦੁਆਰਾ ਧਰਮ ਦੀ ਨਵੀਂ ਪਰਿਭਾਸ਼ਾ ਦਿੱਤੀ ਹੈ। ਉੱਥੇ ਨਾਲ ਹੀ ਔਰਤ, ਜੋ ਸੰਸਾਰ ਵਿਚ ਅੱਧੀ ਆਬਾਦੀ ਹਨ, ਦਾ ਵੀ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ ਹੈ। ਇਸ ਨੂੰ ਜੇਕਰ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਨਵੀਂ ਦਿਸ਼ਾ ਮਿਲਦੀ ਹੈ। ਜੇਕਰ ਇਸ ਵਿਚਲੇ ਸੰਕਲਪ ਦੀ ਵਿਆਖਿਆ ਕਰੀਏ ਤਾਂ ਸੰਸਾਰ ਦੀ ਅੱਧੀ ਆਬਾਦੀ ਭਾਵ ਔਰਤਾਂ ਦਾ ਧਰਮ ਇਨਸਾਨੀਅਤ ਨਿਰਧਾਰਿਤ ਹੁੰਦਾ ਹੈ। ਅੱਜ ਤੱਕ ਦੇ ਮਰਦ ਪ੍ਰਧਾਨ ਸਮਾਜ ਵੱਲੋਂ ਧਰਮ ਦੇ ਨਾਮ ਤੇ ਕੀਤੇ ਨਰਸੰਹਾਰ ਦੀਆਂ ਭੁਗਤਭੋਗੀ ਬਹੁਗਿਣਤੀ ਵਿਚ ਔਰਤਾਂ ਹੀ ਹੁੰਦੀਆਂ ਆਈਆਂ ਹਨ। ਉਨ੍ਹਾਂ ਦੁਆਰਾ ਦਿੱਤੇ ਮਾਂ, ਪਤਨੀ, ਭੈਣ ਅਤੇ ਧੀ ਦੇ ਰੂਪ ਵਿਚ ਯੋਗਦਾਨ ਨੂੰ ਸਦਾ ਗੌਣ ਕਰਕੇ ਆਂਕਿਆ ਜਾਂਦਾ ਰਿਹਾ ਹੈ। ਉਨ੍ਹਾਂ ਦੇ ਇਸ ਯੋਗਦਾਨ ਦੀ ਸਹੀ ਸਮਝ ਦੁਆਰਾ ਸੰਸਾਰ ਅਮਨ ਸ਼ਾਂਤੀ ਵੱਲ ਅੱਗੇ ਵਧ ਸਕਦਾ ਹੈ, ਉਸੇ ਔਰਤ ਦੇ ਰੂਪਕ ਦੁਆਰਾ ਸਮਾਜ ਨੂੰ ਨਿੱਗਰ ਸੇਧ ਦੇਣ ਦਾ ਭਗਤ ਬਾਣੀ ਯਤਨ ਕਰਦੀ ਹੈ।

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।।

ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 477.)

ਔਰਤ ਦੀ ਮਹਾਨਤਾ ਦਾ ਬਿਆਨ ਇਸ ਕਥਨ ਦੁਆਰਾ ਕੀਤਾ ਗਿਆ ਹੈ। ਬੇਸ਼ੱਕ ਅੱਜ ਕੁੱਝ ਇਸਲਾਮਿਕ ਦੇਸ਼ਾਂ ਅੰਦਰ ਖ਼ਤਨੇ ਦੀ ਕੁਪ੍ਰੱਥਾ ਵੀ ਪਾਈ ਜਾਂਦੀ ਹੈ ਪਰੰਤੂ ਇਸ ਰੂਪਕ ਦੁਆਰਾ ਔਰਤ ਦੇ ਸਮਭਾਵ ਵਾਲੇ ਰੂਪ ਦੀ ਉਸਤਤ ਕੀਤੀ ਗਈ ਹੈ। ਔਰਤ ਦੀ ਸਥਿਤੀ ਬਾਰੇ ਭਗਤ ਕਵੀਆਂ ਨੇ ਆਪਣੀ ਰਚਨਾ ਵਿਚ ਬਹੁਤ ਹੀ ਵਿਹਾਰਕ ਉਦਾਹਰਨ ਪੇਸ਼ ਕੀਤੀ ਹੈ। ਬੇਸ਼ੱਕ ਕਾਲ ਖੰਡ ਕੋਈ ਵੀ ਰਿਹਾ ਹੋਵੇ ਔਰਤ ਦੀ ਸਥਿਤੀ ਵਿਚ ਜ਼ਿਕਰਯੋਗ ਪਰਿਵਰਤਨ ਦੀ ਘਾਟ ਹੀ ਰਹੀ ਹੈ। ਫਰੀਦ ਜੀ ਦੇ ਨਿਮਨਲਿਖਤ ਸ਼ਲੋਕ ਵਿਚ ਔਰਤ ਦੇ ਮਰਮ ਨੂੰ ਬਿਆਨ ਕੀਤਾ ਗਿਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਨਾਰੀ ਦੀ ਹਾਲਤ ਕੁਝ ਇਸ ਪ੍ਰਕਾਰ ਦੀ ਹੀ ਹੈ। ਬਚਪਨ ਤੋਂ ਹੀ ਲੜਕੀਆਂ ਨੂੰ ਵਿਆਹ ਰੂਪੀ ਸੰਸਥਾ ਲਈ ਮਾਨਸਿਕ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ। ਪਰੰਤੂ ਵਿਆਹ ਤੋਂ ਬਾਅਦ ਜੋ ਮਾਮਲੇ ਗਲ ਪੈਂਦੇ ਹਨ, ਵਿਚੋ ਔਰਤ ਦੀ ਆਪਣੀ ਹੋਂਦ ਮਨਫ਼ੀ ਹੋ ਜਾਂਦੀ ਹੈ। ਔਰਤ ਦਾ ਕੰਮ ਜ਼ਿਆਦਾਤਰ ਬੱਚੇ ਪੈਦਾ ਕਰਨ ਤੋਂ ਲੈ ਕੇ ਪਾਲ ਪੋਸ ਕੇ ਵੱਡਾ ਕਰਨ ਤੱਕ ਨਿਰਧਾਰਿਤ ਹੋ ਜਾਂਦਾ ਹੈ। ਬੇਸ਼ੱਕ ਅਜੋਕੇ ਸਮੇਂ ਵਿਚ ਔਰਤ ਪੜ੍ਹ ਲਿਖ ਕੇ ਆਪਣੇ ਪੈਰਾਂ ਤੇ ਖੜੇ ਹੋਣ ਦਾ ਭਰਮ ਪਾਲ ਰਹੀ ਹੈ। ਪਰੰਤੂ ਅਸਲੀਅਤ ਵਿਚ ਅਜਿਹਾ ਨਹੀਂ ਹੈ। ਇਹ ਇਕ ਬਹੁਤ ਵੱਡਾ ਭਰਮ ਜਾਲ ਹੈ ਜਿਸ ਵਿਚ ਇਸ ਨੂੰ ਸਿਰਫ਼ ਸੁਖਦ ਸਥਿਤੀ ਦਾ ਕੇਵਲ ਅਹਿਸਾਸ ਦਿਵਾਇਆ ਜਾਂਦਾ ਹੈ। ਪੜ੍ਹੀ ਲਿਖੀ ਔਰਤ ਦੀ ਸਥਿਤੀ ਦੀ ਉਦਾਹਰਨ ਇਸ ਸ਼ਲੋਕ ਰਾਹੀਂ ਪ੍ਰਗਟ ਹੁੰਦੀ ਹੈ। ਔਰਤ ਸਿਰਫ਼ ਇਸ ਅਹਿਸਾਸ ਰਾਹੀਂ ਹੀ ਮਾਨਸਿਕ ਸੰਤੁਸ਼ਟੀ ਮਹਿਸੂਸ ਕਰ ਲੈਂਦੀ ਹੈ ਕਿ ਉਹ ਪੜ੍ਹੀ ਲਿਖੀ ਹੈ। ਅਸਲ ਵਿਚ ਉਹ ਪੜ੍ਹੀ ਲਿਖੀ ਕਮਾਊ ਪਤਨੀ, ਬੱਚਿਆਂ ਨੂੰ ਪੜ੍ਹਾਉਣ ਵਾਲੀ ਮਾਂ ਦੇ ਰੂਪ ਵਿਚ ਹਾਜ਼ਰ ਰਹਿੰਦੀ ਹੈ। ਪਰਿਵਾਰ ਦੀਆਂ ਮਾਇਕ ਲੋੜਾਂ ਰੂਪੀ ਮਾਮਲਿਆਂ ਨੂੰ ਕਮਾ ਕੇ ਬਿਨਾ ਕਿਸੇ ਪਛਾਣ ਦੇ ਨਜਿੱਠਣ ਵਾਲੀ ਸਾਬਿਤ ਹੁੰਦੀ ਹੈ। ਬੇਸ਼ੱਕ ਔਰਤ ਕਿੱਡੇ-ਵੱਡੇ ਅਹੁਦੇ ਤੇ ਬਿਰਾਜਮਾਨ ਹੋਵੇ ਪਰੰਤੂ ਉਸ ਨੂੰ ਔਰਤਪੁਣੇ ਦੇ ਅਹਿਸਾਸ ਤੋਂ ਮੁਕਤੀ ਨਹੀਂ ਮਿਲਦੀ ਹੈ।

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥

ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥(1381.)

ਔਰਤ ਦੀ ਸਥਿਤੀ ਦਾ ਕੀ ਖ਼ੂਬ ਚਿੱਤਰ ਫਰੀਦ ਜੀ ਨੇ ਖਿੱਚਿਆ ਹੈ। ਉੱਤਰ-ਆਧੁਨਿਕ ਸਥਿਤੀ ਵਿਚ "ਨਾਰੀਵਾਦ ਨੇ ਪਹਿਲੀ ਵਾਰ ਔਰਤਾਂ ਨੂੰ ਦੂਜੈਲੇ ਤੋਂ ਬਰਾਬਰ ਸਥਾਨ ਦੁਆਉਣ ਦੀ ਗੱਲ ਕੀਤੀ"(ਡਾ. ਰਾਜਿੰਦਰ ਪਾਲ ਸਿੰਘ. *ਉਤਰ ਆਧੁਨਿਕਤਾ* 37.) ਇਸੇ ਧਾਰਨਾ ਨੂੰ ਭਗਤ ਬਾਣੀ ਵਿਚ ਵੀ ਪਕੇਰਿਆਂ ਕੀਤਾ ਗਿਆ ਹੈ। ਔਰਤ ਦੇ ਸੁਖ ਦਾ ਆਧਾਰ ਉਸ ਦੇ ਪਤੀ ਨੂੰ ਵੱਸ ਵਿਚ ਕਰਨਾ ਮੰਨਿਆਂ ਗਿਆ ਹੈ। ਫਰੀਦ ਜੀ ਬੇਸ਼ੱਕ ਇੱਥੇ ਕੰਤੁ ਸ਼ਬਦ ਪਰਮਾਤਮਾ ਲਈ ਵਰਤ ਰਹੇ ਹਨ। ਪਰ ਇਸ ਵਿਚ ਸਮਾਜ ਵਿਚਲੀ ਔਰਤ ਦੀ ਸਥਿਤੀ ਦੇ ਰੂਪਕ ਰਾਹੀਂ ਪੇਸ਼ ਕਰਦੇ ਹਨ।

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1384.)

ਇਹ ਸਥਿਤੀ ਹਰ ਕਾਲ ਵਿਚ ਜਿਉਂ ਦੀ ਤਿਉਂ ਬਣੀ ਹੋਈ ਹੈ। ਇਸ ਸਬੰਧੀ ਨਾਰੀਵਾਦੀ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਕਈ ਤਰਕ ਪੇਸ਼ ਕਰਨੇ ਸ਼ੁਰੂ ਕੀਤੇ। ਉਨ੍ਹਾਂ ਨੂੰ ਲੱਗਿਆ ਕਿ ਔਰਤ ਦੀ ਸਥਿਤੀ ਸਮਾਜਵਾਦੀ ਵਿਚਾਰਧਾਰਾ ਦੇ ਉਭਾਰ ਨਾਲ ਠੀਕ ਹੋਣ ਲੱਗ ਪਵੇਗੀ, ਪਰ ਉਨ੍ਹਾਂ ਦਾ ਇਹ ਭਰਮ ਵੀ ਜਲਦੀ ਖ਼ਤਮ ਹੋ ਗਿਆ ਕਿਉਂਕਿ ਇਹ ਸਭ ਨਾਰ੍ਹਿਆਂ ਤੱਕ ਸੀਮਤ ਹੋ ਕੇ ਰਹਿ ਗਿਆ, ਅਸਲ ਹਾਲਤ ਓਵੇਂ ਹੀ ਬਣੇ ਰਹੇ। ਇਸ ਸਬੰਧੀ ਡਾ. ਵਨੀਤਾ ਦੀ ਟਿੱਪਣੀ ਵੇਖਣਯੋਗ ਹੈ,"1973 ਵਿਚ ਆ ਕੇ ਸਿਮੂ ਦਾ ਬਿਵਾਇ ਨੇ ਆਪਣੀ ਸਥਿਤੀ ਬਦਲ ਲਈ। ਉਸਨੂੰ ਜਾਪਿਆ ਕਿ ਸਮਾਜਵਾਦੀ ਸਮਾਜ ਵਿਚ ਵੀ ਨਾਰੀ ਦੀ ਸੁਤੰਤਰ ਹੋਂਦ ਜਾਂ ਬਰਾਬਰੀ ਦਾ ਨਾਅਰਾ ਤਾਂ ਲਗਾਇਆ ਜਾ ਰਿਹਾ ਹੈ, ਪਰ ਅੰਤਰ ਉਵੇਂ ਹੀ ਸਥਾਪਤ ਹਨ।"(*ਉਤਰ-ਆਧੁਨਿਕਤਾ ਅਤੇ ਕਵਿਤਾ* 30.) ਔਰਤ ਦੇ ਪ੍ਰਸੰਗ ਵਿਚ ਖ਼ਾਸ ਕਰਕੇ ਭਾਰਤੀ ਪ੍ਰਸੰਗ ਵਿਚ ਇਹ ਸੱਚਾਈ ਸਦਾ ਤੋਂ ਹੀ ਔਰਤਾਂ ਨੂੰ ਬਚਪਨ ਤੋਂ ਹੀ ਦ੍ਰਿੜ੍ਹ

ਕਰਵਾਈ ਜਾਂਦੀ ਹੈ। ਔਰਤ ਬੇਸ਼ੱਕ ਜਿੰਨੀ ਮਰਜ਼ੀ ਪੜ੍ਹੀ ਲਿਖੀ ਅਤੇ ਆਤਮ-ਨਿਰਭਰ ਹੋਵੇ, ਉਸ ਨੂੰ ਸਮਾਜ ਵਿਚ ਮਰਦ ਤੋਂ ਦੋਇਮ ਸਥਿਤੀ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ। ਪਰਿਵਾਰ ਅਤੇ ਸਮਾਜ ਵਿਚ ਉਸ ਨੂੰ ਸਦਾ ਇਸ ਗੱਲ ਦਾ ਅਹਿਸਾਸ ਕਰਵਾ ਕੇ ਮੰਨਣ ਲਈ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਮਰਦ ਦੀ ਸਰਪ੍ਰਸਤੀ ਤੋਂ ਬਿਨਾ ਅਸੁਰੱਖਿਅਤ ਹੈ। ਕਬੀਰ ਜੀ ਦੀ ਬਾਣੀ ਅੰਦਰ ਹਵਾਲਾ ਮਿਲਦਾ ਹੈ।

ਪੇਵਕੜੇ ਦਿਨ ਚਾਰਿ ਹੈ ਸਾਹੁਰੜੈ ਜਾਣਾ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 333.)

ਔਰਤ ਪ੍ਰਸੰਗ ਵਿਚ ਘੜੇ ਦੀ ਉਦਾਹਰਨ ਦੁਆਰਾ ਉਸ ਅੰਦਰਲੀ ਸ਼ਕਤੀ ਦਾ ਜ਼ਿਕਰ ਕੀਤਾ ਗਿਆ ਹੈ। ਔਰਤ ਪ੍ਰਤੀ ਇਹ ਵਿਹਾਰ ਉਸ ਦੇ ਅਵਚੇਤਨ ਵਿਚ ਬਹੁਤ ਗਹਿਰਾਈ ਨਾਲ ਧਸ ਚੁੱਕਾ ਹੈ ਕਿ ਉਸ ਦਾ ਸਥਾਨ ਸਦਾ ਹੀ ਮਰਦ ਤੋਂ ਨੀਵਾਂ ਹੈ। ਇਹ ਸਭ ਕੁਝ ਬਹੁਗਿਣਤੀ ਔਰਤਾਂ ਦੇ ਵਿਹਾਰ ਵਿਚ ਝਲਕਦਾ ਹੈ। ਇਸ ਸਬੰਧੀ ਡਾ. ਗੁਰਭਗਤ ਸਿੰਘ ਦਾ ਮੱਤ ਹੈ,"ਹਰ ਕੌਮ, ਸਭਿਆਚਾਰ ਜਾਂ ਇਸ ਵਿਚ ਜਿਉਂ ਰਿਹਾ ਕੋਈ ਮੈਂਬਰ "ਹੈਬਿਟਸ" ਨਾਲ ਆਪਣੇ ਕਰਤੱਵ ਨਿਭਾਉਂਦਾ ਹੈ।"(*ਕਾਵਿ ਸ਼ਾਸਤਰ ਦੇਹ ਅਤੇ ਕ੍ਰਾਂਤੀ* 120.)ਇਸੇ ਤਰ੍ਹਾਂ ਸਮਾਜ ਵਿਚ ਔਰਤ ਦੀ ਸਥਿਤੀ ਪ੍ਰਤੀ ਸਿਰਫ਼ ਆਵਾਜ਼ ਤਾਂ ਉਠਾਈ ਜਾਂਦੀ ਹੈ ਪਰ ਵਿਹਾਰਕ ਪੱਧਰ ਤੇ ਕੋਈ ਵੱਡਾ ਪਰਿਵਰਤਨ ਨਜ਼ਰ ਨਹੀਂ ਆਉਂਦਾ। ਭਗਤ ਬਾਣੀ ਵਿਚਲੇ ਹਵਾਲੇ ਔਰਤ ਅੰਦਰਲੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਰਾਹੀਂ ਉਸ ਨੂੰ ਆਪਣੀ ਹੋਂਦ ਪ੍ਰਤੀ ਸੁਚੇਤ ਕਰਦੀ ਹੈ। ਭਗਤ ਬਾਣੀ ਵਿਚ ਔਰਤ ਦੀ ਇਕਾਗਰਤਾ ਦੀ ਬਿਰਤੀ ਦਾ ਵਰਣਨ ਵੀ ਮਿਲਦਾ ਹੈ। ਇਸ ਸ਼ਬਦ ਵਿਚ ਨਾਮਦੇਵ ਜੀ ਇਸ ਬਿਰਤੀ ਦੀ ਉਦਾਹਰਨ ਦਿੰਦੇ ਹਨ।

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ॥

ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 972.)

ਭਗਤ ਕਵੀਆਂ ਦੇ ਸਮੇਂ ਵਿਚ ਔਰਤ ਨੂੰ ਵਸਤੂ ਸਮਝਿਆ ਜਾਂਦਾ ਸੀ। ਇਸ ਨੂੰ ਨਾਮਦੇਵ ਜੀ ਆਪਣੀ ਰਚਨਾ ਦਾ ਹਿੱਸਾ ਬਣਾਉਂਦੇ ਹਨ। ਘੋੜਾ, ਹਾਥੀ ਦੀ ਤਰ੍ਹਾਂ ਔਰਤ ਵੀ ਦਾਨ ਦੀ ਵਸਤੂ ਸਮਝੀ ਜਾਂਦੀ ਸੀ। ਅਜੋਕੇ ਸਮੇਂ ਵੀ ਕੰਨਿਆਂ ਨੂੰ ਦਾਨ ਦੀ ਵਸਤੂ ਸਵੀਕਾਰਿਆ ਜਾਂਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਔਰਤ ਦੇ ਦਰਜੇ ਨੂੰ

ਬਰਾਬਰੀ ਵਿਚ ਲਿਆਉਣ ਲਈ ਇਨ੍ਹਾਂ ਵੇਰਵਿਆਂ ਰਾਹੀਂ ਉਸ ਤੇ ਥੋਪੇ ਜਾਂਦੇ ਅਣਮਨੁੱਖੀ ਵਰਤਾਰੇ ਦਾ ਵਿਰੋਧ ਕਰਨ ਦੀ ਪ੍ਰੇਰਨਾ ਮਿਲਦੀ ਹੈ। ਇਸ ਦਾ ਕਾਰਨ ਇਹ ਹੈ ਕਿ ਔਰਤ ਸਦੀਆਂ ਤੋਂ ਵਸਤੂ ਸਮਝੀ ਜਾਂਦੀ ਹੈ। ਨਾਮਦੇਵ ਜੀ ਇਸ ਦੀ ਉਦਾਹਰਨ ਪੇਸ਼ ਕਰਦੇ ਹਨ।

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ॥ (973.)

ਭਗਤ ਨਾਮਦੇਵ ਜੀ ਦਰੋਪਦੀ ਦੀ ਉਦਾਹਰਨ ਪੇਸ਼ ਕਰਕੇ ਉਸ ਰਾਹੀਂ ਔਰਤ ਦੀ ਸਥਿਤੀ ਦਾ ਚਿੱਤਰ ਪ੍ਰਸਤੁਤ ਕਰਦੇ ਹਨ। ਕਿਸ ਤਰ੍ਹਾਂ ਔਰਤ ਭਾਵੇਂ ਕਿਸੇ ਵੀ ਪੱਧਰ ਦੀ ਹੋਵੇ, ਪਰ ਹੈ ਇਕ ਵਸਤੂ ਹੀ ਜਿਸ ਨੂੰ ਮਰਦ ਜੂਏ ਵਿਚ ਵੀ ਹਾਰ ਸਕਦਾ ਹੈ। ਇਨ੍ਹਾਂ ਹੀ ਨਹੀਂ ਮਰਦ ਉਸ ਜੂਏ ਵਿਚ ਜਿੱਤੀ ਹੋਈ ਔਰਤ ਨੂੰ ਭਰੀ ਸਭਾ ਵਿਚ ਨਗਨ ਕਰਨ ਦਾ ਵੀ ਅਧਿਕਾਰੀ ਹੈ। ਇਸੇ ਤਰ੍ਹਾਂ ਮਰਦ ਔਰਤ ਦੇ ਚਰਿੱਤਰ ਨੂੰ ਲੈ ਕੇ ਉਸ ਦਾ ਪੱਖ ਜਾਣੇ ਬਿਨਾ ਜਿਸ ਤਰ੍ਹਾਂ ਦਾ ਮਰਜ਼ੀ ਫ਼ੈਸਲਾ ਲੈ ਸਕਦਾ ਹੈ। ਇਸ ਵਿਚ ਗੌਤਮ ਰਿਸ਼ੀ ਦੀ ਪਤਨੀ ਅਹਿੱਲਿਆ ਦੀ ਉਦਾਹਰਨ ਪੇਸ਼ ਕੀਤੀ ਹੈ। ਇਸ ਵਿਚ ਔਰਤ ਦੇ ਦਮਨ ਦਾ ਚਿੱਤਰ ਪ੍ਰਸਤੁਤ ਹੋਇਆ ਹੈ। ਇਸ ਦੁਆਰਾ ਭਗਤ ਕਵੀ ਇਸ ਦਮਨ ਪ੍ਰਤੀ ਵਿਰੋਧ ਦਰਜ ਕਰਦੇ ਹਨ। ਰਾਘਵੇਂਦਰ ਪ੍ਰਤਾਪ ਸਿੰਘ 'ਫ਼ਿਲਾਸਫ਼ੀ ਆਫ਼ ਮਾਡਰਨ ਐਂਡ ਪੋਸਟ-ਮਾਡਰਨ' ਵਿਚ ਮਾਰਕਿਊਜ ਦੇ ਹਵਾਲੇ ਨਾਲ ਆਪਣੇ ਵਿਚਾਰ ਦਿੰਦੇ ਹੋਏ ਲਿਖਦੇ ਹਨ,"ਮਾਰਕਿਊਜ ਇਹ ਮਸ਼ਵਰਾ ਦਿੰਦੇ ਹਨ ਕਿ ਦਮਨਕਾਰਤਾ ਰਹਿਤ ਸਭਿਅਤਾ ਸੰਭਵ ਵੀ ਹੈ ਅਤੇ ਇਸ ਦੀ ਸਹਿਜਭਾਵੀ ਉੱਘੜਵੀਂ ਇੱਛਾ ਵੀ ਕੀਤੀ ਜਾਂਦੀ ਹੈ। ਇਹੀ ਉਹ ਵਿਚਾਰ ਹੈ ਜਿਸ ਦੇ ਪਿੱਛੇ ਉੱਤਰ-ਆਧੁਨਿਕ ਚਿੰਤਕ ਲੱਗੇ ਹੋਏ ਹਨ।" (XV.) ਭਗਤ ਨਾਮਦੇਵ ਜੀ ਦੀ ਰਚਨਾ ਇਸ ਦਮਨ ਦੇ ਚਿੱਤਰ ਦੀ ਪੇਸ਼ਕਾਰੀ ਦੇ ਨਾਲ ਇਸ ਸਥਿਤੀ ਵਿਚ ਪ੍ਰਮਾਤਮਾ ਵੱਲੋਂ ਔਰਤ ਦੇ ਸਨਮਾਨ ਨੂੰ ਬਰਕਰਾਰ ਰੱਖਣ ਦਾ ਜ਼ਿਕਰ ਕਰਕੇ ਉਸ ਨੂੰ ਬਰਾਬਰੀ ਤੇ ਲਿਆਉਣ ਦੀ ਵਕਾਲਤ ਕਰਦੇ ਨਜ਼ਰ ਆਉਂਦੇ ਹਨ।

ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥

ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 988.)

ਇਸ ਸ਼ਬਦ ਵਿਚ ਔਰਤ ਪ੍ਰਤੀ ਸਕਾਰਾਤਮਿਕ ਸੋਚ ਰੱਖਣ ਵਾਲਾ ਹੀ ਭਗਵਾਨ ਪਦ ਦਾ ਅਧਿਕਾਰੀ ਹੈ। ਸਤੀ ਪ੍ਰਥਾ ਮੱਧਕਾਲੀ ਸਮਾਜ ਵਿਚ ਪ੍ਰਚੱਲਿਤ ਕੁਪ੍ਰਥਾਵਾਂ ਵਿਚ ਸ਼ਾਮਿਲ ਸੀ। ਕਬੀਰ ਜੀ ਇਸ ਦਾ ਵਿਰੋਧ ਆਪਣੀ

ਰਚਨਾ ਵਿਚ ਕਰਦੇ ਹਨ। ਭਗਤ ਕਵੀ ਆਪਣੇ ਅਨੁਭਵੀ ਗਿਆਨ ਦੁਆਰਾ ਹਰ ਇਕ ਵਰਤਾਰੇ ਦੀ ਗਹਿਰਾਈ ਨਾਲ ਪੇਸ਼ਕਾਰੀ ਕਰਦੇ ਹਨ। ਇਸ ਵਿਚਲਾ ਗਿਆਨ ਸਮਾਜਿਕ ਜੀਵਨ ਵਿਚਲੀਆਂ ਵੱਖ-ਵੱਖ ਉਦਾਹਰਨਾਂ ਦੁਆਰਾ ਆਪਣੀ ਗੱਲ ਦਲੀਲ ਦੁਆਰਾ ਰੱਖਦਾ ਹੈ। ਲਿਓਤਾਰਦ ਇਸ ਤਰ੍ਹਾਂ ਦੇ ਗਿਆਨ ਨੂੰ ਪਰਿਭਾਸ਼ਿਤ ਕਰਦੇ ਹੋਏ ਆਪਣੀ ਪੁਸਤਕ *'ਦ ਪੋਸਟ ਮਾਡਰਨ ਕੰਡੀਸ਼ਨ : ਏ ਰਿਪੋਰਟ ਆਨ ਨਾਲਿਜ਼'* ਵਿਚ ਲਿਖਦੇ ਹਨ,"ਗਿਆਨ ਮਨੁੱਖ ਨੂੰ ਉਪਯੁਕਤ ਆਦੇਸ਼ਾਤਮਕ ਅਤੇ ਮੁੱਲਵਾਨ ਸੰਕੇਤਕ ਉਦਾਹਰਨਾਂ ਵਿਚ ਨਿਪੁੰਨ ਬਣਾਉਂਦਾ ਹੈ।"(Lyotard. *The Post-Modern Condition : A Report on Knowledge* 17.) ਇਹ ਭਗਤ ਬਾਣੀ ਦੀ ਵਿਸ਼ੇਸ਼ਤਾ ਹੈ ਕਿ ਇਸ ਵਿਚਲਾ ਗਿਆਨ ਸਮਾਜ ਵਿਚ ਪ੍ਰਚੱਲਿਤ ਰੀਤੀ ਰਿਵਾਜ਼ਾਂ ਦੇ ਸੰਦਰਭਾਂ ਦੁਆਰਾ ਆਪਣੀ ਗੱਲ ਕਹਿੰਦਾ ਹੈ। ਸਾਰੀਆਂ ਸ਼ਰਤਾਂ ਔਰਤ ਤੇ ਹੀ ਲਾਗੂ ਹੁੰਦੀਆਂ ਹਨ ਕਿ ਉਹ ਆਪਣੇ ਸਤ ਦੀ ਪਰਿਪੱਕ ਹੋਣੀ ਚਾਹੀਦੀ ਹੈ।

ਬਿਨੁ ਸਤ ਸਤੀ ਹੋਇ ਕੈਸੇ ਨਾਰਿ॥
ਪੰਡਿਤ ਦੇਖਹੁ ਰਿਦੈ ਬੀਚਾਰਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 328.)

ਔਰਤ ਦੀ ਦੁੱਖਦ ਸਥਿਤੀ ਪ੍ਰਤੀ ਭਗਤ ਬਾਣੀ ਵਿਚ ਔਰਤ ਦੇ ਦ੍ਰਿਸ਼ਟੀਕੋਣ ਦੁਆਰਾ ਹੀ ਬਿਆਨ ਕੀਤਾ ਗਿਆ ਹੈ। ਫਰੀਦ ਬਾਣੀ ਅੰਦਰ ਅਜਿਹੀ ਸਥਿਤੀ ਵਿਚ ਦੁਖੜੇ ਸਹਿੰਦੀ ਔਰਤ ਦਾ ਵਰਣਨ ਕਰਕੇ ਆਪਣੇ ਜੀਵਨ ਦਾ ਕੌੜਾ ਸੱਚ ਉਸ ਪਰਮਾਤਮਾ ਸਾਹਮਣੇ ਰੱਖਿਆ ਹੈ। ਇਸੇ ਪੰਕਤੀ ਦੇ ਸਿਰਲੇਖ ਹੇਠਲੇ ਨਾਵਲ ਦੁਆਰਾ ਡਾ. ਦਲੀਪ ਕੌਰ ਟਿਵਾਣਾ  ਔਰਤ ਦੀ ਸਥਿਤੀ ਬਿਆਨਦੀ ਹੈ। ਫਰੀਦ ਬਾਣੀ ਵਿਚ ਔਰਤਾਂ ਦੁਆਰਾ ਆਪਣੀ ਤ੍ਰਾਸਦੀ ਜਿਸ ਵਿਚ ਚਿੰਤਾ, ਦੁੱਖ ਅਤੇ ਬਿਰਹਾ ਨੂੰ ਆਪਣੇ ਜੀਵਨ ਦਾ ਸੱਚ ਮੰਨਣ ਦਾ ਬਿਆਨ ਕੀਤਾ ਗਿਆ ਹੈ।

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥(1379.)

ਭਗਤ ਕਬੀਰ ਜੀ ਲਹਿਜ਼ਾ ਬਹੁਤ ਹੀ ਤਿੱਖਾ ਹੈ। ਉੱਤਰ-ਆਧੁਨਿਕ ਸੋਚ ਔਰਤ ਦੇ ਹਰ ਪ੍ਰਕਾਰ ਦੇ ਦਮਨ ਦੇ ਖ਼ਿਲਾਫ਼ ਭੁਗਤਦੀ ਹੈ ਅਤੇ ਸਦੀਆਂ ਤੋਂ ਹਾਸ਼ੀਆਗਤ ਹੋਂਦ ਦੇ ਕਾਰਨ ਅਤੇ ਕਾਰਜ ਪ੍ਰਤੀ ਤਾਰਕਿਕ ਦ੍ਰਿਸ਼ਟੀਕੋਣ

ਅਪਣਾਉਂਦੀ ਹੈ। ਮੌਜੂਦਾ ਸਥਿਤੀਆਂ ਵਿਚ ਵੀ ਨਾਰੀ ਦਾ ਸ਼ੋਸ਼ਣ ਹਰ ਪੱਖ ਤੋਂ ਕੀਤਾ ਜਾਂਦਾ ਹੈ। ਔਰਤ ਨੂੰ ਅਜੋਕੇ ਸਮੇਂ ਵਿਚ ਇਕ ਵਸਤੂ ਅਤੇ ਦਿਖਾਵੇ ਦੀ ਚੀਜ਼ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। ਇਸ ਦਿਖਾਵੇ ਦੇ ਸਾਕਾਰ ਰੂਪ ਫ਼ੈਸ਼ਨ ਦੀ ਉਦਾਹਰਨ ਡਾ. ਸੁਧੀਸ਼ ਪਚੌਰੀ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ :

> ਇਸਦਾ ਸਭ ਤੋਂ ਵਧੀਆ ਉਦਾਹਰਨ ਫ਼ੈਸ਼ਨ ਹੈ। ਫ਼ੈਸ਼ਨ ਇੱਕ ਵਿਚਾਰ ਬਣ ਜਾਂਦਾ ਹੈ ਜੋ ਹਰ ਥਾਂ ਹਰ ਅਨੁਸ਼ਾਸਨ ਵਿਚ ਵਿਚ ਫੈਲਦਾ ਜਾਂਦਾ ਹੈ। ਰਾਜਨੀਤੀ ਫ਼ੈਸ਼ਨ ਬਣ ਜਾਂਦੀ ਹੈ, ਸੈਕਸ ਫ਼ੈਸ਼ਨ ਬਣ ਜਾਂਦਾ ਹੈ, ਕੱਪੜੇ-ਲੱਤੇ ਤਾਂ ਫ਼ੈਸ਼ਨ ਬਣ ਹੀ ਜਾਂਦੇ ਹਨ। ਫ਼ੈਸ਼ਨ ਦੇ ਪ੍ਰਵੇਸ਼ ਨਾਲ ਵਸਤੂ ਪੂਜਾ ਦਾ (ਫੀਟਿਸ਼) ਜਨਮ ਹੋਣ ਲੱਗਦਾ ਹੈ। ਵਸਤੂ ਛਲ ਅਤੇ ਪ੍ਰਪੰਚ ਬਣਨ ਲੱਗਦੀ ਹੈ।(*ਉੱਤਰ-ਆਧੁਨਿਕਤਾ ਔਰ ਉੱਤਰ-ਸੰਰਚਨਾਵਾਦ* 15.)

ਉਸ ਨੂੰ ਘਰ ਦੀ ਮਾਲਕਣ ਰੂਪੀ ਭਰਮ ਦੀ ਕੈਦ ਵਿਚ ਡੱਕਣਾ, ਕਥਿਤ ਆਜ਼ਾਦੀ ਦੇ ਨਾਮ ਤੇ ਉਸ ਨੂੰ ਕਮਾਊ ਜਾਨਵਰ ਬਣਾ ਦੇਣਾ, ਫ਼ੈਸ਼ਨ ਦੇ ਨਾਮ ਤੇ ਇਕ ਦੇਹ ਦੇ ਰੂਪ ਵਿਚ ਇਸਤੇਮਾਲ ਕਰਨ ਦੀ ਵਿਧੀ ਅਤੇ ਹੋਰ ਅਜਿਹੇ ਕਈ ਉਦਾਹਰਨ ਦਿੱਤੇ ਜਾ ਸਕਦੇ ਹਨ। ਭਗਤ ਕਵੀ ਵੀ ਇਸ ਸਭ ਦੇ ਵਿਰੁੱਧ ਪੈਂਤੜਾ ਲੈਂਦੇ ਹਨ। ਇਸ ਤਹਿਤ ਉਹ ਨਾਰੀ ਨਿੰਦਿਆ ਦੇ ਬਰਖ਼ਿਲਾਫ਼ ਸ਼ਕਤੀਸ਼ਾਲੀ ਪ੍ਰਵਚਨ ਉਸਾਰਦੇ ਹਨ।

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥
ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥

(*ਸ੍ਰੀ ਗੁਰੂ ਗ੍ਰੰਥ ਸਾਹਿਬ.* 1373.)

ਸੁਹਾਗਣ ਔਰਤ ਨੂੰ ਧੰਨ ਕਿਹਾ ਗਿਆ ਹੈ। ਇਕੱਲਾ ਧੰਨ ਹੀ ਨਹੀਂ ਪਵਿੱਤਰਤਾ ਵੀ ਮਹਾਨ ਦੱਸੀ ਗਈ ਹੈ। ਪਰ ਅਗਲੀ ਪੰਕਤੀ ਵਿਚ ਤਪ ਕਰਨ ਵਾਲਿਆਂ ਦੇ ਚਿੱਤ ਡੋਲਣ ਦਾ ਵੀ ਜ਼ਿਕਰ ਵੀ ਕਰ ਦਿੱਤਾ ਹੈ। ਇਸ ਪ੍ਰਕਾਰ ਮੱਧਕਾਲੀ ਬੋਧ ਵਿਚ ਇਹ ਵਿਲੱਖਣਤਾ ਹੈ ਕਿ ਉਹ ਆਪਣੇ ਪੂਰਵ-ਕਾਲੀ ਵਰਤਾਰਿਆਂ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਵਿਚੋਂ ਅਜਿਹੀਆਂ ਸਥਿਤੀਮੂਲਕ ਸਥਾਪਨਾਵਾਂ ਪੇਸ਼ ਕਰਦੀ ਹੈ, ਜਿਸ ਅੰਦਰ ਪ੍ਰਾਚੀਨ ਸਮੇਂ ਵਿਚ

ਸੁਹਾਗਣ ਔਰਤਾਂ ਦੇ ਪਵਿੱਤਰ ਆਚਰਨ ਦੀ ਉੱਚਤਾ ਦੁਆਰਾ ਉਨ੍ਹਾਂ ਦਾ ਸਥਾਨ ਨਿਰਧਾਰਨ ਕੀਤਾ ਗਿਆ ਹੈ। ਇਸੇ ਦੈਵੀਅਤਾ ਦਾ ਵਰਣਨ ਡਾ. ਆਤਮ ਰੰਧਾਵਾ ਦੇ ਸ਼ਬਦਾਂ ਵਿਚ ਇਸ ਪ੍ਰਕਾਰ ਹੈ,"ਭਾਰਤ ਸਮੇਤ ਵਿਸ਼ਵ ਭਰ ਦੀ ਮੁੱਢਲੀ ਡੀਬੇਟ ਮੱਧਕਾਲੀਨ ਬੋਧ ਦੀ ਹੈ, ਜਿਸ ਅਨੁਸਾਰ ਮਨੁੱਖ ਤੇ ਉਸਦੇ ਆਲੇ-ਦੁਆਲੇ ਦੇ ਵਰਤਾਰਿਆਂ ਨੂੰ ਉਸ ਗਿਆਨ ਜਾਂ ਸਮਝ ਰਾਹੀਂ ਸਮਝਿਆ ਜਾ ਸਕਦਾ ਹੈ ਜੋ ਇਲਹਾਮ ਅਤੇ ਦੈਵੀਅਤਾ ਰਾਹੀਂ ਪ੍ਰਾਪਤ ਹੁੰਦਾ ਹੈ।"(*ਕਾਵਿ-ਸ਼ਾਸਤਰ* ਅੰਕ 12, ਉਤਰ-ਆਧੁਨਿਕਤਾ : ਸਿਧਾਂਤਕ ਪਰਿਪੇਖ ਅਤੇ ਸਾਹਿਤ ਅਧਿਐਨ ਵਿਧੀ 36.)ਔਰਤ ਦੀ ਤਾਕਤ ਦੇ ਜ਼ਿਕਰ ਦੁਆਰਾ ਮਰਦ ਦੀ ਉਸ ਨੂੰ ਪਾਉਣ ਅਤੇ ਕਬਜ਼ੇ ਦੀ ਹਾਲਤ ਪਿੱਛੇ ਜ਼ਿੰਮੇਵਾਰ ਹਾਲਤ ਦਾ ਬਹੁਤ ਖ਼ੂਬ ਬਖਾਨ ਕੀਤਾ ਗਿਆ ਹੈ।

ਧਨੁ ਸੋਹਾਗਨਿ ਮਹਾ ਪਵੀਤ॥
ਤਪੇ ਤਪੀਸਰ ਡੋਲੈ ਚੀਤ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 872.)

ਔਰਤ ਨੂੰ ਵੱਡੇ-ਵੱਡੇ ਰਾਜੇ ਅਤੇ ਅਵਤਾਰਾਂ ਦੀ ਮਾਂ ਹੋਣ ਕਾਰਨ ਬਹੁਤ ਮਹਾਨਤਾ ਵਾਲਾ ਦਰਜਾ ਭਗਤ ਬਾਣੀ ਵਿਚ ਪੇਸ਼ ਹੋਇਆ ਹੈ। ਭਗਤ ਨਾਮਦੇਵ ਜੀ ਔਰਤ ਦੇ ਮਾਂ ਰੂਪ ਦਾ ਵਰਣਨ ਕਰਦੇ ਹਨ।

ਧਨਿ ਧਨਿ ਤੂ ਮਾਤਾ ਦੇਵਕੀ॥
ਜਿਹ ਗ੍ਰਿਹ ਰਮਈਆ ਕਵਲਾਪਤੀ॥ (988.)

ਮਾਤਾ ਰੂਪ ਵਿਚ ਔਰਤ ਮਮਤਾ ਦੀ ਮੂਰਤ ਹੈ। ਇਸ ਨੂੰ ਆਧਾਰ ਬਣਾ ਕੇ ਆਪਣੀ ਪ੍ਰਭੂ ਪ੍ਰਤੀ ਪ੍ਰੀਤ ਦਾ ਜ਼ਿਕਰ ਭਗਤ ਨਾਮਦੇਵ ਜੀ ਕਰਦੇ ਹਨ। ਇਸ ਮਹਾਨਤਾ ਦੁਆਰਾ ਨਾਰੀ ਸਰੋਕਾਰਾਂ ਦੀ ਗੱਲ ਸਾਹਮਣੇ ਆਉਂਦੀ ਹੈ।

ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ॥
ਐਸਾ ਹਰਿ ਸੇਤੀ ਮਨੁ ਰਾਤਾ॥ (1164.)

ਮਾਂ ਦੇ ਜਜ਼ਬੇ ਨੂੰ ਭਗਤ ਕਬੀਰ ਜੀ ਨੇ ਆਪਣੀ ਮਾਤਾ ਦੀ ਫਿਕਰਮਈ ਤਬੀਅਤ ਰਾਹੀਂ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਔਰਤ ਦਾ ਇਹ ਰੂਪ ਸਭ ਤੋਂ ਮਹੱਤਵ ਵਾਲਾ ਹੈ। ਇਸ ਰੂਪ ਵਿਚ ਔਰਤ ਆਪਣੇ ਬੱਚਿਆਂ ਪ੍ਰਤੀ ਕਿਸੇ ਵੀ

ਮੁਸੀਬਤ ਨਾਲ ਟਕਰਾਉਣ ਲਈ ਤਿਆਰ ਰਹਿੰਦੀ ਹੈ। ਹਮੇਸ਼ਾ ਆਪਣੇ ਬੱਚਿਆਂ ਪ੍ਰਤੀ ਫ਼ਿਕਰਮੰਦੀ ਕਰਕੇ ਉਸ ਦੇ ਮਹੱਤਵ ਦਾ ਚਿੱਤਰ ਖਿੱਚਿਆ ਗਿਆ ਹੈ। ਇਸ ਨਾਲ ਔਰਤ ਦੇ ਸਥਾਨ ਦੀ ਨਿਸ਼ਾਨਦੇਹੀ ਹੁੰਦੀ ਜਾਪਦੀ ਹੈ।

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥

ਏ ਬਾਰਿਕ ਕੈਸੇ ਜੀਵਹਿ ਰਘੁਰਾਈ॥ (524.)

ਭਗਤ ਬਾਣੀ ਵਿਚ ਔਰਤ ਦੇ ਮਮਤਾ ਰੂਪ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਬੇਸ਼ੱਕ ਪੁੱਤਰ ਕਿੰਨੇ ਵੀ ਅਪਰਾਧ ਕਰੇ ਪਰ ਮਾਤਾ ਕਦੇ ਵੀ ਮਨ ਵਿਚ ਮੈਲ ਨਹੀਂ ਲਿਆਉਂਦੀ, ਬਲਕਿ ਸਦਾ ਉਸਦੀ ਭਲਾਈ ਹੀ ਸੋਚਦੀ ਹੈ। ਕਬੀਰ ਜੀ ਇਸ ਮਮਤਾ ਰੂਪ ਦਾ ਚਿੱਤਰ ਪੇਸ਼ ਕਰਦੇ ਹਨ।

ਸੁਤੁ ਅਪਰਾਧ ਕਰਤ ਹੈ ਜੇਤੇ॥

ਜਨਨੀ ਚੀਤਿ ਨ ਰਾਖਸਿ ਤੇਤੇ॥ (478.)

ਇਸ ਜੀਵਨ ਦੀ ਅਟੱਲ ਸੱਚਾਈ ਨੂੰ ਭਗਤ ਬਾਣੀ ਪ੍ਰਮੁੱਖਤਾ ਨਾਲ ਪੇਸ਼ ਕਰਦੀ ਹੈ। ਭਗਤ ਕਬੀਰ ਜੀ ਔਰਤ ਦੀ ਮਮਤਾ ਰੂਪੀ ਖ਼ਾਹਿਸ਼ ਵਿਚ ਆਪਣੇ ਪੁੱਤਰ ਨੂੰ ਵੱਡਾ ਹੁੰਦਾ ਸਮਝਦੀ ਹੈ ਲੇਕਿਨ ਇਸ ਗੱਲੋਂ ਅਣਜਾਣ ਹੈ ਕਿ ਉਹ ਦਿਨ ਪ੍ਰਤੀਦਿਨ ਮੌਤ ਵੱਲ ਵਧ ਰਿਹਾ ਹੈ।

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥(91.)

ਭਗਤ ਬਾਣੀ ਵਿਚਲੀਆਂ ਉਦਾਹਰਨਾਂ ਵਿਚ ਮਾਤਾ ਦਾ ਪੁੱਤਰ ਨਾਲ ਰਿਸ਼ਤੇ ਅਤੇ ਪਤਨੀ ਦੇ ਰਿਸ਼ਤੇ ਦੀਆਂ ਸੱਚਾਈਆਂ ਪੇਸ਼ ਕੀਤੀਆਂ ਹਨ। ਕਬੀਰ ਜੀ ਨੇ ਜੀਵਨ ਦੀ ਸੱਚਾਈ ਦੀਆਂ ਉਦਾਹਰਨਾਂ ਵਿਚ ਔਰਤ ਦੀ ਮਹੱਤਵਪੂਰਨ ਭੂਮਿਕਾ ਦੀ ਤਸਵੀਰ ਖਿੱਚੀ ਹੈ।

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ॥

ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ॥ (478.)

ਔਰਤ ਪ੍ਰੇਮ ਦਾ ਮੁਜੱਸਮਾ ਹੈ। ਮਾਂ, ਭੈਣ, ਪਤਨੀ ਅਤੇ ਬੇਟੀ ਦੇ ਰੂਪ ਵਿਚ ਸਦਾ ਹੀ ਮਰਦ ਦਾ ਸਹਾਰਾ ਬਣ ਕੇ ਖੜੀ ਹੁੰਦੀ ਹੈ। ਇਸ ਗੱਲ ਨੂੰ ਅੰਤਰੀਵੀ ਭਾਵ ਦੇ ਪੱਧਰ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਗੱਲ ਨੂੰ ਤਰਕ ਨਾਲ ਸਮਝਣਾ ਇਕ ਤਰ੍ਹਾਂ ਨਾਲ ਨਾਮੁਮਕਿਨ ਹੈ।

ਮੇਰੀ ਬਹੁਰੀਆ ਕੋ ਧਨੀਆ ਨਾਉ॥

ਲੇ ਰਾਖਿਓ ਰਾਮ ਜਨੀਆ ਨਾਉ॥

ਇਨ੍ ਮੁੰਡੀਅਨ ਮੇਰਾ ਘਰੁ ਧੁੰਧਰਾਵਾ॥

ਬਿਟਵਹਿ ਰਾਮ ਰਮਊਆ ਲਾਵਾ॥(484.)

ਭਗਤ ਬਾਣੀ ਪ੍ਰੇਮ ਭਾਵ ਸਵੀਕਾਰਤਾ ਨੂੰ ਤਰਕ ਨਾਲੋਂ ਜ਼ਿਆਦਾ ਉੱਚਿਤ ਸਮਝਦੀ ਹੈ। ਉੱਤਰ-ਆਧੁਨਿਕਤਾ ਵੀ ਤਰਕਾਂ ਤੋਂ ਪਾਰ ਜਾਣ ਦੀ ਪ੍ਰਕਿਰਿਆ ਦੀ ਹਾਮੀ ਹੈ। ਨਾਮਦੇਵ ਜੀ ਆਪਣੀ ਰਚਨਾ ਵਿਚ ਤਰਕ ਨਾਲੋਂ ਪ੍ਰੇਮ ਦੀ ਉੱਤਮਤਾ ਦਾ ਵਰਣਨ ਕਰਦੇ ਹਨ।

ਨਾਚੰਤੀ ਗੋਪੀ ਜੰਨਾ॥

ਨਈਆ ਤੇ ਬੈਰੇ ਕੰਨਾ॥

ਤਰਕੁ ਨ ਚਾ॥ ਭ੍ਰਮੀਆ ਚਾ॥

ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ॥(693.)

ਜੇਕਰ ਬੇਦ ਪਿਤਾ ਹੈ ਤਾਂ ਸਿੰਮ੍ਰਤੀ ਉਸ ਦੀ ਪੁੱਤਰੀ ਹੈ। ਇਸ ਦੁਆਰਾ ਭਗਤ ਬਾਣੀ ਗਿਆਨ ਦੀ ਨਵੀਂ ਪਰਿਭਾਸ਼ਾ ਪੇਸ਼ ਕਰਦੀ ਹੈ। ਭਗਤ ਕਬੀਰ ਜੀ ਪੁੱਤਰੀ ਭਾਵ ਔਰਤ ਦੀ ਬਰਾਬਰੀ ਦਾ ਹੀ ਸੁਝਾਅ ਹੈ।

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥

ਸਾਂਕਲ ਜੇਵਰੀ ਲੈ ਹੈ ਆਈ॥ (329.)

ਬੇਸ਼ੱਕ ਨਾਰੀ ਨੂੰ ਭਗਤ ਕਬੀਰ ਜੀ ਨੇ ਉਦਾਹਰਨਾਂ ਰਾਹੀਂ ਗਨਿਕਾ ਦੇ ਰੂਪ ਵਿਚ ਵੀ ਪ੍ਰਗਟਾਇਆ ਹੈ। ਪਰ ਇੱਥੇ ਦੇਖਣਯੋਗ ਹੈ ਕਿ ਇਕੱਲੀ ਨਾਰੀ ਹੀ ਨਹੀਂ ਬਲਕਿ ਅਜਾਮਲ ਅਤੇ ਹਾਥੀ ਦੇ ਰੂਪ ਵਿਚ ਬੁਰੇ ਕਰਮ ਕਰਕੇ ਵੀ ਰਾਮ ਨਾਮ ਦੁਆਰਾ ਉਬਰਨ ਦੀ ਉਦਾਹਰਨ ਪੇਸ਼ ਕੀਤੀ ਗਈ ਹੈ। ਇਸ ਦਾ ਭਾਵ ਬੁਰਾ ਕਰਮ ਦਾ ਸਾਰਾ ਦਾਰੋਮਦਾਰ ਕੇਵਲ ਔਰਤ ਨਹੀਂ ਹੈ ਬਲਕਿ ਮਰਦ ਇੱਥੋਂ ਤੱਕ ਕਿ ਹਾਥੀ ਆਦਿਕ ਜਾਨਵਰਾਂ ਰਾਹੀਂ ਸਮੁੱਚੇ ਸੰਸਾਰ ਦੀ ਗੱਲ ਛੋਹੀ ਗਈ ਹੈ।

ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ॥

ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥(692.)

ਭਗਤ ਬਾਣੀ ਵਿਚ ਨਾਰੀ ਦੇ ਪਵਿੱਤਰ ਰੂਪ ਦੀ ਉਸਤਤ ਕੀਤੀ ਗਈ ਹੈ। ਪਤਨੀ ਦੇ ਰੂਪ ਵਿਚ ਔਰਤ ਦਾ ਸਨਮਾਨ ਸਦਾ ਬਰਕਰਾਰ ਰਹਿਣਾ ਚਾਹੀਦਾ ਹੈ। ਪਤਨੀ ਨੂੰ ਤਿਆਗਣ ਵਾਲੇ ਨੂੰ ਅੰਨ੍ਹਾ ਕਿਹਾ ਗਿਆ ਹੈ। ਇਸ ਰਾਹੀਂ ਔਰਤ ਦੇ ਸ਼ੋਸ਼ਣ ਦਾ ਮੁੱਦਾ ਉਠਾਇਆ ਗਿਆ ਹੈ। ਔਰਤ ਦਾ ਤ੍ਰਿਸਕਾਰ ਕਰਨ ਵਿਚ ਮਰਦ ਪ੍ਰਧਾਨ ਸਮਾਜ ਦੀ ਭੂਮਿਕਾ ਅਸੀਂ ਨਾਮਦੇਵ ਜੀ ਦੇ ਇਸ ਸ਼ਬਦ ਰਾਹੀਂ ਦੇਖ ਸਕਦੇ ਹਾਂ।

ਘਰ ਕੀ ਨਾਰਿ ਤਿਆਗੈ ਅੰਧਾ॥ (1164.)

ਔਰਤ ਦੀ ਹਾਲਤ ਦਾ ਬਿਆਨ ਸਮਝਣ ਲਈ ਭਗਤ ਬਾਣੀ ਵਿਚੋਂ ਬਹੁਤ ਵੇਰਵੇ ਮਿਲਦੇ ਹਨ। ਬੇਸ਼ੱਕ ਇਸ ਸ਼ਬਦ ਵਿਚ ਔਰਤ ਦੁਆਰਾ ਕੀਤੇ ਸ਼ਿੰਗਾਰ ਰਾਹੀਂ ਪਰਮਾਤਮਾ ਦੀ ਗੱਲ ਕਹੀ ਗਈ ਹੈ। ਪਰੰਤੂ ਇਸ ਵਿਚਲਾ ਵੇਰਵੇ ਅੰਦਰ ਸਾਨੂੰ ਔਰਤ ਦੀ ਇਸ ਬਿਰਤੀ ਪਿੱਛੇ ਵੀ ਮਰਦ ਨੂੰ ਖ਼ੁਸ਼ ਕਰਨ ਦੇ ਜਜ਼ਬੇ ਦੀ ਪ੍ਰਧਾਨਤਾ ਦਿਖਾਈ ਦਿੰਦੀ ਹੈ। ਨਾਮਦੇਵ ਜੀ ਇਸ ਸਬੰਧੀ ਕਹਿੰਦੇ ਹਨ।

ਮੈ ਬਉਰੀ ਮੇਰਾ ਰਾਮੁ ਭਤਾਰੁ॥

ਰਚਿ ਰਚਿ ਤਾ ਕਉ ਕਰਉ ਸਿੰਗਾਰੁ॥ (1164.)

ਮਰਦ ਨੂੰ ਸਦਾ ਤੋਂ ਹੀ ਆਪਣੀ ਅਰਧਾਂਗਣੀ ਦੇ ਤੌਰ ਤੇ ਸੁੱਘੜ ਔਰਤ ਦੀ ਜ਼ਰੂਰਤ ਦਰਕਾਰ ਹੈ। ਭਗਤ ਧੰਨਾ ਜੀ ਆਪਣੇ ਸ਼ਬਦ ਵਿਚ ਇਸੇ ਮੰਗ ਰਾਹੀਂ ਪਰਮਾਤਮਾ ਨੂੰ ਸੰਬੋਧਿਤ ਹੋ ਰਹੇ ਹਨ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਔਰਤ ਕੀ ਭੂਮਿਕਾ ਦਾ ਕੀ ਮਹੱਤਵ ਹੈ। ਉੱਤਰ-ਆਧੁਨਿਕਤਾ ਵਿਚ ਉਪਭੋਗ ਦੀ ਪ੍ਰਧਾਨਤਾ ਦਾ ਪੱਖ ਛੂਹਿਆ ਜਾਂਦਾ ਹੈ। ਭਗਤ ਬਾਣੀ ਇਸ ਦ੍ਰਿਸ਼ਟੀ ਨੂੰ ਅੰਗੀਕਾਰ ਕਰਦੀ ਪ੍ਰਤੀਤ ਹੁੰਦੀ ਹੈ। ਭਗਤ ਬਾਣੀ ਵਿਚ ਵੀ ਔਰਤ ਨਾਲ ਹੋਣ ਵਾਲੇ ਆਰਥਿਕ, ਸਮਾਜਿਕ, ਮਾਨਸਿਕ ਧੱਕੇ ਪ੍ਰਤੀ ਵਿਚਾਰ ਪੇਸ਼ ਹੁੰਦੇ ਹਨ। ਇਸ ਦੇ ਨਾਲ ਹੀ ਭਗਤ ਕਵੀ ਔਰਤ ਦੇ ਮਹੱਤਵ ਨੂੰ ਵੀ ਪ੍ਰਗਟ ਕਰਦੇ ਹਨ। ਉੱਤਰ-ਆਧੁਨਿਕ ਪਰਿਪੇਖ ਵਿਚ ਔਰਤ ਦੀ ਸਹੀ ਸਥਿਤੀ ਪ੍ਰਤੀ ਸੋਚ ਦਾ ਪ੍ਰਸਾਰ ਹੋਣ ਕਾਰਨ, ਇਸ ਨੂੰ ਸਮਝਣ ਦੇ ਯਤਨ ਹੋ ਰਹੇ ਹਨ। ਇਨ੍ਹਾਂ ਸਾਰੇ ਪ੍ਰਪੰਚਾਂ ਨੂੰ ਭਗਤ ਬਾਣੀ ਆਪਣੀ ਰਚਨਾ ਵਿਚ ਸਥਾਨ ਦਿੰਦੀ ਹੈ ਅਤੇ ਇਸ ਤੋਂ ਪਾਰ ਜਾਣ ਦੇ ਢੰਗ ਵੀ ਸੁਝਾਉਂਦੀ ਹੈ। ਭਗਤ ਧੰਨਾ ਜੀ ਦਾ ਬੰਦ ਹੈ।

ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥ (695.)

ਭਾਰਤੀ ਔਰਤ ਦੀ ਸਥਿਤੀ ਵੱਖੋ-ਵੱਖਰੇ ਕਾਲ ਖੰਡਾਂ ਵਿਚੋਂ ਹੁੰਦੀ ਹੋਈ ਮੌਜੂਦਾ ਦੌਰ ਵਿਚ ਪਹੁੰਚੀ ਹੈ। ਪਰ ਅੱਜ ਵੀ ਉਸ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਦੇ ਸਰੂਪ ਨੂੰ ਘੜਨ ਵਿਚ ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਦੀ ਆੜ ਥੱਲੇ ਦਬਾਉਣ ਵਾਲੀ ਮਾਨਸਿਕਤਾ ਉਸਾਰੀ ਜਾਂਦੀ ਹੈ। ਜਿਸ ਨਾਲ ਸਹਿਜੇ ਹੀ ਔਰਤ ਆਪਣੇ ਆਪ ਨੂੰ ਦੂਜੇ ਦਰਜੇ ਤੇ ਰੱਖਣ ਲਈ ਤਿਆਰ ਹੋ ਜਾਂਦੀ ਹੈ। ਇੱਥੋਂ ਹੀ ਔਰਤ ਦੇ ਵਿਚਾਰੇਪਣ ਦੀ ਹਾਲਤ ਪਨਪਦੀ ਹੈ। ਡਾ. ਤੇਜਵੰਤ ਗਿੱਲ ਕਾਵਿ ਸ਼ਾਸਤਰ ਮੈਗਜ਼ੀਨ ਵਿਚਲੇ ਡਾ. ਮਨਮੋਹਨ ਦੇ ਲੇਖ 'ਉਤਰ-ਆਧੁਨਿਕਤਾ ਤੋਂ ਬਾਅਦ ਦਾ ਚਿੰਤਨ' ਦੇ ਪ੍ਰਤੀਕਰਮ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹਨ ਕਿ "ਕਾਮ ਦਾ ਰਣ-ਖੇਤਰ ਤਾਂ ਔਰਤ ਦੀ ਦੇਹ ਹੈ ਲੇਕਿਨ ਇਸ ਨੂੰ ਪ੍ਰਭੂਸਤਾ ਦਾ ਕਾਰਨ ਜਾਨਣਾ ਮਰਦ ਦੇ ਹਿੱਸੇ ਆਇਆ ਹੈ। ਇਸ ਕਿਰਿਆ-ਪ੍ਰਤੀਕਿਰਿਆ ਦੇ ਫਲਸਰੂਪ ਸਦੀਆਂ ਤੋਂ ਕਾਮ ਨੂੰ ਸੰਤਾਨ ਉਤਪੰਨ ਕਰਨ ਤੇ ਜਾਂ ਆਨੰਦ ਮਾਨਣ ਦੇ ਸਾਧਨ ਵਜੋਂ ਲਿਆ ਗਿਆ ਹੈ। ਜਿੱਥੇ ਪਹਿਲਾਂ ਪ੍ਰਤੀਮਾਨ ਔਰਤ ਦੀ ਦੇਹ ਨੂੰ ਵਸਤੂ-ਪੂਜਨ ਦੇ ਸਪੁਰਦ ਕਰਕੇ

ਆਦਰਸ਼ਕ ਪਤਨੀ ਜਾਂ ਮਾਂ ਦੇ ਬਿੰਬ ਵਜੋਂ ਉਭਾਰਦਾ ਹੈ, ਉੱਥੇ ਦੂਜਾ ਪ੍ਰਤੀਮਾਨ ਉਸਨੂੰ ਲੁਭਾਇਮਾਨ ਬੱਕੀ ਜਾਂ ਖਿਡੌਣੇ ਵਜੋਂ ਹੀ ਪੇਸ਼ ਕਰਦਾ ਹੈ।" ਇਹ ਸਭ ਔਰਤ ਦੀ ਹਾਸ਼ੀਆਗਤ ਸਥਿਤੀ ਦੇ ਕਾਰਨ ਬਣਦੇ ਹਨ। ਆਦਿ ਕਾਲ ਤੋਂ ਲੈ ਕੇ ਔਰਤ ਦੁਆਰਾ ਹਰ ਕਾਲ ਵਿਚ ਆਪਣੀ ਹਾਲਤ ਸੁਧਾਰਨ ਦੇ ਯਤਨ ਕੀਤੇ ਗਏ ਹਨ। ਇਨ੍ਹਾਂ ਯਤਨਾਂ ਤਹਿਤ ਹੀ ਔਰਤਾਂ ਨੇ ਸਿੱਖਿਆ ਦੁਆਰਾ ਮੁਕਤੀ ਸਿਰਜਣ ਦਾ ਯਤਨ ਨਿਰੰਤਰ ਕੀਤਾ ਹੈ। ਪ੍ਰੰਤੂ ਇਹ ਇਕ ਤ੍ਰਾਸਦੀ ਹੈ ਕਿ ਸਮਾਜ ਨੇ ਬੜੀ ਚਲਾਕੀ ਨਾਲ ਸਿੱਖਿਆ ਵਰਗੇ ਖੇਤਰ ਵਿਚ ਵੀ ਔਰਤ ਨੂੰ ਔਰਤਪੁਣੇ ਦੇ ਅਹਿਸਾਸ ਚੋਂ ਬਾਹਰ ਨਹੀਂ ਆਉਣ ਦਿੱਤਾ। ਸ਼ਾਇਦ ਇਸੇ ਕਰਕੇ ਅੱਜ ਦੇ ਉੱਤਰ-ਆਧੁਨਿਕ ਯੁੱਗ ਵਿਚ ਔਰਤ ਪੜ੍ਹ-ਲਿਖ ਕੇ ਵੀ ਇਕ ਦੇਹ ਹੈ। ਉਹ ਇਕ ਵਰਤਣ ਵਾਲੀ ਸ਼ੈਅ ਹੈ ਜਿਸ ਨੂੰ ਬੇਸ਼ੱਕ ਅੱਜ ਸ਼ੋਅ-ਪੀਸ ਬਣਾ ਦਿਓ ਜਾਂ ਜਦੋਂ ਮਰਜ਼ੀ ਉਸ ਦੀ ਇੱਛਾ ਤੋਂ ਬਿਨਾ ਉਸ ਦਾ ਸਰੀਰਕ ਸ਼ੋਸ਼ਣ ਕਰ ਦਿਓ। ਮੀ-ਟੂ ਵਰਗੇ ਅਭਿਆਨ ਸਾਹਮਣੇ ਆਉਣ ਨਾਲ ਪੜ੍ਹੀ- ਲਿਖੀ ਕੰਮਕਾਜੀ ਔਰਤ ਦੀ ਮਜ਼ਬੂਤੀ ਦਾ ਭਰਮ ਢਹਿ-ਢੇਰੀ ਹੁੰਦਾ ਜਾਪਦਾ ਹੈ। ਇਸ ਨੂੰ ਬਚਾਉਣ ਹਿਤ ਅੱਜ ਦੀ ਔਰਤ ਨੂੰ ਆਪਣੀ ਸਿੱਖਿਆ ਵਿਚ ਲੋੜੀਂਦੇ ਬਦਲਾਵਾਂ ਲਈ ਕਮਰ ਕਸਣੀ ਪਵੇਗੀ। ਅੱਜ ਦੀ ਔਰਤ ਬਿਲਕੁਲ ਇਸ ਸਥਿਤੀ ਵਿਚ ਹੈ ਕਿ ਉਹ ਸਾਹਿਤ, ਸੱਭਿਆਚਾਰ ਅਤੇ ਕਲਾ ਦੇ ਵੱਖ-ਵੱਖ ਰੂਪਾਂ ਦੁਆਰਾ ਸਮਾਜ ਅਤੇ ਆਪਣੀ ਮਾਨਸਿਕਤਾ ਨੂੰ ਬਦਲ ਕੇ ਔਰਤ ਜਾਤੀ ਦਾ ਮਨੋਬਲ ਉੱਚਾ ਚੁੱਕ ਸਕਦੀ ਹੈ। ਜਿੰਨੀ ਦੇਰ ਤੱਕ ਔਰਤ ਖ਼ੁਦ ਆਪਣੇ ਆਪ ਨੂੰ ਅਬਲਾ ਜਾਂ ਦੂਜੇ ਦਰਜੇ ਤੇ ਰੱਖੇਗੀ ਤਾਂ ਉਸ ਦੀ ਸਿੱਖਿਆ ਅਤੇ ਤਰੱਕੀ ਬੇਮਾਅਨੀ ਹੈ।

**3.2 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ 'ਦਲਿਤ' ਪ੍ਰਵਚਨ** : ਭਾਰਤੀ ਸਮਾਜ ਵਿਚ ਜਾਤੀ ਪ੍ਰਬੰਧ ਦੇ ਤਾਣੇ-ਬਾਣੇ ਦੀ ਪ੍ਰਮੁੱਖਤਾ ਰਹੀ ਹੈ। ਸਦੀਆਂ ਤੋਂ ਇਸ ਤਹਿਤ ਕੁਝ ਕਥਿਤ ਨੀਵੀਂਆਂ ਜਾਤਾਂ ਨੂੰ ਸਮਾਜ ਦੀ ਮੁੱਖਧਾਰਾ ਤੋਂ ਹਾਸ਼ੀਆਗਤ ਕਰ ਦਿੱਤਾ ਗਿਆ ਹੈ। ਬੇਸ਼ੱਕ ਆਜ਼ਾਦ ਭਾਰਤ ਵਿਚ ਮਾਰਕਸਵਾਦੀ ਸੋਚ ਰੱਖਣ ਵਾਲੀਆਂ ਤਨਜ਼ੀਮਾਂ ਨੇ ਇਸ ਦੇ ਆਧਾਰ ਨੂੰ ਆਰਥਿਕਤਾ ਨਾਲ ਜੋੜ ਕੇ ਇਨਕਲਾਬ ਦੁਆਰਾ ਬਰਾਬਰੀ ਦਾ ਸਮਾਜ ਸਿਰਜਣ ਦਾ ਸੁਪਨਾ ਵੇਖਿਆ, ਪਰ ਇਸ ਦੀਆਂ ਜੜ੍ਹਾਂ ਭਾਰਤੀ ਸਮਾਜ ਅਤੇ ਸੱਭਿਆਚਾਰ ਵਿਚ ਗਹਿਰੀਆਂ ਹੋਣ ਕਾਰਨ ਇਹ ਸੰਭਵ ਨਹੀਂ ਹੋ ਸਕਿਆ। ਆਜ਼ਾਦ ਭਾਰਤ ਦੀਆਂ ਸਰਕਾਰਾਂ ਨੇ ਇਸ ਤੋਂ ਨਿਜਾਤ ਪਾਉਣ ਲਈ

ਰਾਖਵੇਂਕਰਨ ਦਾ ਸੰਕਲਪ ਘੜਿਆ, ਪਰੰਤੂ ਉਸ ਨਾਲ ਜ਼ਿਕਰਯੋਗ ਤਬਦੀਲੀ ਨਹੀਂ ਵਾਪਰੀ ਅਤੇ ਸਮਾਜ ਦੀ ਊਚ-ਨੀਚ ਵਾਲੀ ਸੋਚ ਅੱਜ ਵੀ ਰੂਪ ਬਦਲ ਕੇ ਸਾਹਮਣੇ ਆਉਂਦੀ ਹੈ। ਸਿੱਖਿਆ ਦੇ ਲਾਜ਼ਮੀਕਰਨ ਕਾਰਨ ਇਨ੍ਹਾਂ ਸਮੂਹਾਂ ਵਿਚੋਂ ਲੋਕ ਪੜ੍ਹ ਲਿਖ ਕੇ ਅੱਗੇ ਤਾਂ ਆਏ ਹਨ, ਪਰੰਤੂ ਉਨ੍ਹਾਂ ਵਿਚੋਂ ਬਹੁਤੇ ਇਕ ਨਵੀਂ ਤਰ੍ਹਾਂ ਦੀ ਸਥਿਤੀ ਨਾਲ ਜਕੜੇ ਹੋਏ ਸ਼ਸ਼ੋਪੰਜ ਦੀ ਅਵਸਥਾ ਵਿਚ ਵਿਚਰਦੇ ਹਨ। ਬਹੁਤ ਘੱਟ ਦਲਿਤ ਲੋਕ ਹਨ ਜੋ ਇਸ ਸਥਿਤੀ ਪ੍ਰਤੀ ਖ਼ੁਦ ਸੁਚੇਤ ਹੋ ਕੇ ਬਾਕੀ ਲੋਕਾਂ ਪ੍ਰਤੀ ਯਤਨ ਕਰਦੇ ਹੋਣ। ਜ਼ਿਆਦਾਤਰ ਲੋਕ ਆਪਣੇ ਆਪ ਨੂੰ ਇਨ੍ਹਾਂ ਨਾਲੋਂ ਤੋੜ ਕੇ ਵੇਖਣ ਵਿਚ ਮਾਣ ਮਹਿਸੂਸ ਕਰਦੇ ਹਨ। ਬੇਸ਼ੱਕ ਕੁੱਝ ਨਾਮ ਹਨ ਜੋ ਇਸ ਤ੍ਰਾਸਦਿਕ ਸਥਿਤੀ ਦੇ ਭੁਗਤਭੋਗੀ ਰਹੇ ਹਨ ਅਤੇ ਆਪਣੇ ਜੀਵਨ ਅਨੁਭਵ ਦਾ ਵਰਣਨ ਆਪਣੀਆਂ ਲਿਖਤਾਂ ਅਤੇ ਗਤੀਵਿਧੀਆਂ ਦੁਆਰਾ ਕਰਕੇ ਇਸ ਵਿਚ ਬਦਲਾਓ ਦਾ ਯਤਨ ਕਰ ਰਹੇ ਹਨ। ਭਗਤ ਕਵੀਆਂ ਵਿਚੋਂ ਜ਼ਿਆਦਾਤਰ ਕਥਿਤ ਦਲਿਤ ਕਹੀਆਂ ਜਾਣ ਵਾਲੀਆਂ ਜਾਤਾਂ ਨਾਲ ਸਬੰਧਿਤ ਹਨ। ਇਸ ਲਈ ਉਨ੍ਹਾਂ ਦਾ ਸਮਾਜਿਕ ਅਨੁਭਵ ਦਲਿਤ ਦ੍ਰਿਸ਼ਟੀਕੋਣ ਤੋਂ ਪ੍ਰਮਾਣਿਕਤਾ ਗ੍ਰਹਿਣ ਕਰਦਾ ਹੈ। ਉਨ੍ਹਾਂ ਨੂੰ ਵੀ ਸਮਾਜ ਵਿਚ ਪ੍ਰਚੱਲਿਤ ਊਚ-ਨੀਚ ਦੀ ਪ੍ਰਥਾ ਦੇ ਕਾਰਨ ਆਪਣੇ ਜੀਵਨ ਕਾਲ ਵਿਚ ਸਮਾਜਿਕ ਅਣਦੇਖੀ ਦਾ ਸ਼ਿਕਾਰ ਹੋਣਾ ਪਿਆ ਜਿਸ ਦਾ ਅਸਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਸਬੰਧੀ ਡਾ. ਭੀਮ ਇੰਦਰ ਸਿੰਘ ਦਾ ਕਥਨ ਹੈ:-

> ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤ ਕਵੀਆਂ ਵਿਚੋਂ ਬਹੁਗਿਣਤੀ ਵਿਚ ਤਥਾਕਥਿਤ ਦਲਿਤ ਜਾਂ ਨੀਵੀਂਆਂ ਜਾਤਾਂ ਨਾਲ ਸਬੰਧਿਤ ਹਨ। ਇਨ੍ਹਾਂ ਦੇ ਪ੍ਰਵਚਨਾਂ ਵਿਚੋਂ ਸਮਾਜਿਕ ਨਾ ਬਰਾਬਰੀ ਦੀ ਝਲਕ ਥਾਂ ਪਰ ਥਾਂ ਦਿਖਾਈ ਦਿੰਦੀ ਹੈ। ਉਂਝ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਸਮੁੱਚਾ ਪ੍ਰਵਚਨ ਹਾਸ਼ੀਆਗਤ ਸ਼੍ਰੇਣੀਆਂ ਲਈ ਬਰਾਬਰੀ ਦੀ ਵਕਾਲਤ ਕਰਦਾ ਹੈ।(*ਦਲਿਤ ਚਿੰਤਨ ਮਾਰਕਸੀ ਪਰਿਪੇਖ*. ਪੰਨਾ-32.)

ਅਸਲ ਵਿਚ ਭਾਰਤੀ ਸਮਾਜ ਦੀ ਸੰਰਚਨਾ ਵਿਚ ਅਜਿਹੇ ਸਮੁਦਾਇ ਵੀ ਹਨ ਜਿਨ੍ਹਾਂ ਨੂੰ ਤਥਾ-ਕਥਿਤ ਨੀਵੀਂਆਂ ਜਾਤਾਂ ਦੀ ਸ਼੍ਰੇਣੀ ਵਿਚ ਰੱਖ ਕੇ ਸਮਾਜ ਦੀ ਮੁੱਖ ਧਾਰਾ ਵਿਚੋਂ ਹਾਸ਼ੀਏ ਤੇ ਧੱਕ ਦਿੱਤਾ ਗਿਆ ਹੈ। ਇਹ ਭਾਰਤੀ

ਸਮਾਜ ਦੀ ਤ੍ਰਾਸਦੀ ਰਹੀ ਹੈ ਕਿ ਇਸ ਵਿਚਲੀ ਜਾਤੀ-ਪ੍ਰਥਾ ਨੇ ਬਹੁਤ ਲੰਬੇ ਸਮੇਂ ਤੋਂ ਤਥਾ-ਕਥਿਤ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਨੂੰ ਹੌਲੀ-ਹੌਲੀ ਹਾਸ਼ੀਏ ਤੇ ਧੱਕ ਦਿੱਤਾ। ਇਸ ਦੇ ਇਤਿਹਾਸਿਕ ਪਰਿਪੇਖ ਬਾਰੇ ਰੌਣਕੀ ਰਾਮ ਬਿਆਨ ਕਰਦੇ ਹਨ :

> ਦਲਿਤ ਸ਼ਬਦ ਭਾਵੇਂ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਆਮ ਵਰਤੋਂ ਵਿਚ ਆਇਆ ਪਰੰਤੂ ਇਸ ਸ਼ਬਦ ਦੀਆਂ ਠੋਸ ਇਤਿਹਾਸਕ ਜੜ੍ਹਾਂ ਜੋਤਿਬਾ ਫੂਲੇ ਅਤੇ ਬਾਬਾ ਸਾਹਿਬ ਅੰਬੇਦਕਰ ਦੀਆਂ ਲਿਖਤਾਂ ਵਿਚ ਮੌਜੂਦ ਹਨ। ਦਲਿਤ ਤੋਂ ਭਾਵ ਹੈ ਸਮਾਜ ਦੇ ਦੱਬੇ-ਕੁਚਲੇ ਅਤੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਸਦੀਆਂ ਬੱਧੀ ਅਤੇ ਪੁਸ਼ਤ-ਦਰ-ਪੁਸ਼ਤ ਅਖੌਤੀ ਅਤੀ ਨੀਚ ਜਾਤੀ ਨਾਲ ਸਬੰਧਿਤ ਲੋਕ। ਇਨ੍ਹਾਂ ਨੂੰ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਘਟੀਆ ਨਾਵਾਂ ਨਾਲ ਦੁਰਕਾਰਿਆ ਅਤੇ ਪੁਕਾਰਿਆ ਜਾਂਦਾ ਰਿਹਾ ਹੈ। ਪ੍ਰਾਚੀਨ ਭਾਰਤ ਵਿਚ ਇਹੀ ਲੋਕ ਚੰਡਾਲ, ਪੰਚਮ, ਅਨਆਰੀਆ, ਅਵਰਨਾ, ਦਾਸ, ਦਾਸੂ, ਅਸੁਰ, ਸ਼ੂਦਰ ਇਤਿਆਦਿ ਆਖ ਕੇ ਸਤਾਏ ਜਾਂਦੇ ਸਨ। ਬਾਅਦ ਵਿਚ ਇਨ੍ਹਾਂ ਨੂੰ ਦੱਬੀਆਂ ਕੁਚਲੀਆਂ ਜਾਤਾਂ, ਹਰੀਜਨ ਅਤੇ ਹੁਣ ਅਨੁਸੂਚਿਤ ਜਾਤੀਆਂ ਕਹਿ ਕੇ ਪੁਕਾਰਿਆ ਜਾਂਦਾ ਹੈ। (*ਦਲਿਤ ਪਛਾਣ ਮੁਕਤੀ ਤੇ ਸ਼ਕਤੀਕਰਨ* ਪਬਲੀਕੇਸ਼ਨ ਬਿਊਰੋ 82.)

ਸਦੀਆਂ ਤੋਂ ਹਾਸ਼ੀਏ ਤੇ ਧੱਕਣ ਦਾ ਆਧਾਰ ਜਾਤ-ਪਾਤ ਨੂੰ ਬਣਾ ਕੇ ਇਹ ਅਮਲ ਬੇਰੋਕ-ਟੋਕ ਜਾਰੀ ਹੈ। ਇਸ ਸਭ ਨਾਲ ਅਲੱਗ-ਅਲੱਗ ਢੰਗਾਂ ਦੁਆਰਾ ਆਪਣੇ ਨੀਵੇਂਪਣ ਦੇ ਅਹਿਸਾਸ ਦਿਵਾ ਕੇ ਹਾਸ਼ੀਆਗਤ ਕੀਤਾ ਜਾਂਦਾ ਹੈ।"ਅੱਜ ਦੇ ਵੰਗਾਰਾਂ ਭਰੇ ਸਮੇਂ ਵਿੱਚ ਦਲਿਤ ਸਮੱਸਿਆ, ਦਲਿਤ ਚੇਤਨਾ ਦਾ ਮੁੱਖ ਜੋੜ ਦਲਿਤ ਦ੍ਰਿਸ਼ਟੀ ਨਾਲ ਬਣਦਾ ਹੈ। ਕਿਉਂਕਿ ਅੱਜ ਦੇ ਸਮੇਂ ਜਿੱਥੇ ਦਲਿਤ ਮੁਕਤੀ ਦਾ ਸੁਆਲ ਹੈ, ਉੱਥੇ ਉਨ੍ਹਾਂ ਵੰਗਾਰਵੇਂ ਵਰਤਾਰਿਆਂ ਨੂੰ ਸਮਝਣ ਦਾ ਮਸਲਾ ਵੀ ਹੈ, ਜਿਹੜਾ ਸਮੁੱਚੀ ਦੁਨੀਆਂ ਨੂੰ ਪੂੰਜੀਵਾਦੀ ਪ੍ਰਬੰਧ ਵਿਚ ਹੀ ਆਪਣੀ ਮੁਕਤੀ ਦੀ ਤਲਾਸ਼ ਦਾ ਮਾਡਲ ਪ੍ਰਸਤੁਤ ਕਰਦਾ ਹੈ। ਇਸ ਲਈ ਦਲਿਤ ਦ੍ਰਿਸ਼ਟੀ ਦਾ ਆਧਾਰ ਕ੍ਰਾਂਤੀਕਾਰੀ ਦਰਸ਼ਨ ਨਾਲ ਜੁੜਕੇ ਹੀ ਆਪਣੀ ਮੁਕਤੀ ਦੀ ਤਲਾਸ਼ ਕਰ ਸਕਦਾ ਹੈ।"(ਡਾ. ਸਰਬਜੀਤ ਸਿੰਘ. *ਦਲਿਤ ਦ੍ਰਿਸ਼ਟੀ* 17.) ਦਲਿਤ ਲੋਕਾਂ ਨੂੰ

ਆਪਣੀ ਹਾਲਤ ਵਿਚ ਲੋੜੀਂਦੇ ਸੁਧਾਰਾਂ ਪ੍ਰਤੀ ਜਾਗਰੂਕਤਾ ਹੀ ਇਕ ਹੱਲ ਹੈ। ਇਸ ਨਾਲ ਜਿੱਥੇ ਉਹ ਆਪਣੀ ਇਸ ਹਾਲਤ ਲਈ ਜ਼ਿੰਮੇਵਾਰ ਕਾਰਨਾਂ ਦੀ ਤਲਾਸ਼ ਕਰਨਗੇ, ਉੱਥੇ ਨਾਲ ਹੀ ਉਸ ਨੂੰ ਕੇਂਦਰੀ ਸਥਾਨ ਵੱਲ ਤੋਰਨਗੇ।"ਮੈਂ ਸਮਝਦਾ ਹਾਂ ਕਿ ਕਿਸੇ ਵੀ ਸਾਹਿਤ ਦਾ ਠੀਕ-ਠਾਕ ਵਿਸ਼ਲੇਸ਼ਣ ਤਦ ਤੱਕ ਨਹੀਂ ਹੋ ਸਕਦਾ ਜਦ ਤੱਕ ਅਸੀਂ ਉਸ ਯੁੱਗ ਦੀਆਂ ਮੂਲ ਗਤੀਮਾਨ ਸਮਾਜਿਕ ਸ਼ਕਤੀਆਂ ਰਾਹੀਂ ਬਣਨ ਵਾਲੇ ਸੰਸਕ੍ਰਿਤਕ ਇਤਿਹਾਸ ਨੂੰ ਠੀਕ-ਠਾਕ ਨਾ ਜਾਣ ਲਈਏ।"(*ਮੱਧਯੁਗੀਨ ਭਗਤੀ ਆਂਦੋਲਨ ਕਾ ਏਕ ਪਹਿਲੂ : ਮੁਕਤੀਬੋਧ ਰਚਨਾਵਲੀ* (ਭਾਗ-5) 289.)ਇਸ ਸਭ ਤੋਂ ਮੁਕਤੀ ਦਾ ਆਧਾਰ ਉੱਤਰ-ਆਧੁਨਿਕ ਚਿੰਤਨ ਦੁਆਰਾ ਸਮਝਿਆ ਜਾ ਸਕਦਾ ਹੈ। ਇਸ ਦੁਆਰਾ ਦਲਿਤ ਸਮੁਦਾਇ ਇਸ ਹਾਸ਼ੀਏ ਤੋਂ ਬਾਹਰ ਆਉਣ ਦੇ ਢੰਗ ਤਰੀਕਿਆਂ ਵੱਲ ਵਧ ਸਕਦਾ ਹੈ।"ਦਲਿਤ ਉਹ ਹੈ, ਜੋ ਵਰਣ ਵਿਵਸਥਾ ਅਤੇ ਤਜੀ ਹੋਈ ਮਾਨਸਿਕਤਾ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਹੈ। ਜੋ ਸੰਸਾਰ ਅਤੇ ਜੀਵਨ ਨੂੰ ਨਵੇਂ ਰੂਪ ਵਿਚ ਢਾਲਣਾ ਚਾਹੁੰਦਾ ਹੈ।"(ਬਾਗੁਲ. *ਅਸਮਿਤਾਆਦਰਸ਼* 83.) ਦਲਿਤਾਂ ਵਿਚ ਵੱਖ-ਵੱਖ ਸਮੁਦਾਇ ਸ਼ਾਮਿਲ ਹਨ। ਅਜੋਕੇ ਸਮੇਂ ਇਸ ਦਾ ਆਧਾਰ ਜਾਤ-ਪਾਤ ਤੋਂ ਪਾਰ ਹੁੰਦਾ ਜਾਪਦਾ ਹੈ। "ਅਨੁਸੂਚਿਤ ਜਾਤੀਆਂ, ਬੋਧ, ਮਜ਼ਦੂਰ, ਬੇਜ਼ਮੀਨੇ ਕਿਸਾਨ, ਭਟਕਣ ਵਾਲੀਆਂ ਘੁਮੰਤਰੂ ਜਾਤਾਂ ਤੇ ਆਦਿਵਾਸੀ ਸਾਰੇ ਦਲਿਤ ਹਨ।"(ਢਸਾਲ. *ਅਸਮਿਤਾਆਦਰਸ਼* 83.) ਪਰੰਤੂ ਪਹਿਲੇ ਸਮੇਂ ਵਿਚ ਇਹ ਸਿਰਫ਼ ਤਥਾ-ਕਥਿਤ ਨੀਵੀਂਆਂ ਜਾਤੀਆਂ ਲਈ ਹੀ ਵਰਤਿਆ ਜਾਂਦਾ ਸੀ। ਛੂਤ-ਛਾਤ ਦੀ ਪਰਿਪਾਟੀ ਦੁਆਰਾ ਇਨ੍ਹਾਂ ਨੂੰ ਸਮਾਜ ਦੀ ਮੁੱਖ-ਧਾਰਾ ਤੋਂ ਦੂਰ ਕਰ ਦਿੱਤਾ ਜਾਂਦਾ ਸੀ।"ਦਲਿਤ ਸ਼ਬਦ ਉਨ੍ਹਾਂ ਜਾਤੀਆਂ ਲਈ ਰੂੜ੍ਹ ਹੁੰਦਾ ਜਾ ਰਿਹਾ ਹੈ, ਜਿਨ੍ਹਾਂ ਨੂੰ ਪਹਿਲਾਂ ਅਛੂਤ ਜਾਂ ਹਰੀਜਨ ਕਿਹਾ ਜਾਂਦਾ ਸੀ, ਇਨ੍ਹਾਂ ਲਈ ਕਾਨੂੰਨੀ ਸ਼ਬਦ ਅਨੁਸੂਚਿਤ ਜਾਤੀ ਹੈ।"(*ਅਗਰ ਮੈਂ ਦਲਿਤ ਹੋਤਾ-ਧਰਮਯੁੱਗ* ਮਈ 1994. 22.) ਦਲਿਤ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਅਲੱਗ-ਅਲੱਗ ਵਿਦਵਾਨਾਂ ਦੁਆਰਾ ਦਿੱਤੀਆਂ ਮਿਲਦੀਆਂ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਦਲਿਆ ਹੋਇਆ, ਕੁਚਲਿਆ ਹੋਇਆ, ਹੀਣ ਜਾਤ ਵਾਲਾ ਜੋ ਉਚੀਆਂ ਜਾਤਾਂ ਦੇ ਪੈਰਾਂ ਹੇਠਾਂ ਦਲਿਆ ਗਿਆ ਹੈ।' ਇਸ ਸਭ ਦਾ ਮੁੱਖ ਕਾਰਨ ਭਾਰਤੀ ਸਮਾਜ ਵਿਚਲੀ ਵਰਣ-ਵਿਵਸਥਾ ਦੇ

ਆਧਾਰ ਤੇ ਕੀਤੀ ਵੰਡ ਬਣਦੀ ਹੈ। ਦਲਿਤ ਸ਼੍ਰੇਣੀ ਬਹੁਤ ਤਰ੍ਹਾਂ ਦੇ ਅਪਮਾਨਾਂ ਅਤੇ ਜ਼ਲਾਲਤ ਭਰੇ ਵਾਤਾਵਰਨ ਕਾਰਨ ਮੁੱਖ-ਧਾਰਾ ਤੋਂ ਦੂਰ ਹੁੰਦੀ ਗਈ ਹੈ। ਇਸ ਸਬੰਧੀ ਡਾ. ਟੀ.ਵੀ. ਕੁਟੀਮਣੀ ਲਿਖਦੇ ਹਨ :

> ਵਰਣ ਆਸ਼ਰਮ ਧਰਮ ਤੋਂ ਅਪਮਾਨਤ ਹੋਣ ਕਰਕੇ ਨਿਮਨ ਜਾਤੀਆਂ ਦੇ ਲੋਕ ਵਿਦਰੋਹ ਦੇ ਕਈ ਰਸਤੇ ਅਪਣਾਉਂਦੇ ਰਹੇ ਹਨ। ਮਨੁੱਖ ਦੇ ਮਨ 'ਚ ਕ੍ਰਾਂਤੀ ਦੇ ਸਰੋਤ ਕਿਥੋਂ ਅਤੇ ਕਿਵੇਂ ਪੈਦਾ ਹੁੰਦੇ ਹਨ, ਇਹ ਜਾਣਨਾ ਬੜਾ ਮੁਸ਼ਕਿਲ ਹੈ। ਸਮਾਜਿਕ-ਸਭਿਆਚਾਰਕ, ਆਰਥਿਕ ਅਤੇ ਸੂਖਮ/ਅਧਿਆਤਮਿਕ। ਇਸਦਾ ਭਾਵ ਹੈ ਕਿ ਮਨੁੱਖ ਨੂੰ ਸਿਰਫ਼ ਰੋਟੀ-ਕੱਪੜੇ ਨਾਲ ਸਬੰਧ ਰੱਖਣ ਵਾਲੀਆਂ ਗੱਲਾਂ ਹੀ ਕ੍ਰਾਂਤੀ ਲਈ ਨਹੀਂ ਪ੍ਰੇਰਦੀਆਂ, ਸਗੋਂ ਦੂਸਰੀਆਂ ਵੀ ਅਜਿਹੀਆਂ ਪਰਿਸਥਿਤੀਆਂ ਹਨ, ਜੋ ਕ੍ਰਾਂਤੀ ਦਾ ਪ੍ਰੇਰਨਾ ਸਰੋਤ ਬਣਦੀਆਂ ਹਨ। ਜਿਵੇਂ ਛੋਟੀਆਂ ਜਾਤਾਂ ਦੀ ਗ਼ਰੀਬੀ ਦੇ ਵੱਖ-ਵੱਖ ਹਾਲਾਤ ਉਨ੍ਹਾਂ ਦੇ ਦੁੱਖਾਂ ਨੂੰ ਅਸਹਿ ਬਣਾਉਂਦੇ ਹਨ, ਤਿਵੇਂ ਹੀ ਉੱਚ ਜਾਤਾਂ ਅਤੇ ਰੁਤਬੇ ਵਾਲੇ ਸਾਧਨ-ਸੰਪੰਨ ਅਤੇ ਸਹੂਲਤਾਂ ਮਾਣਦੇ ਲੋਕਾਂ ਦੀ ਅ-ਮਨੁੱਖੀ ਮਾਨਸਿਕਤਾ ਦਾ ਕਹਿਰ ਵੀ ਕ੍ਰਾਂਤੀ ਦੀ ਪੂਰਵ-ਸਥਿਤੀ ਬਣਦਾ ਹੈ। ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਅਮੂਰਤ ਅਧਿਆਤਮਕ ਕਾਰਨਾਂ ਕਰਕੇ ਵੀ ਲੋਕ ਵਿਦਰੋਹੀ ਹੁੰਦੇ ਹਨ।(*ਭਾਰਤੀਯ ਦਲਿਤ ਸਾਹਿਤਯ-ਏਕ ਪਰਿਚਯ* 2.)

ਭਗਤ ਬਾਣੀ ਦੇ ਰਚਣਹਾਰਿਆਂ ਨੇ ਆਪਣੇ ਸਮਕਾਲੀ ਸਮੇਂ ਵਿਚ ਇਸ ਸਭ ਦਾ ਮੁਕਾਬਲਾ ਪ੍ਰਭੂ ਭਗਤੀ ਰਾਹੀਂ ਆਪਣੀ ਉੱਚਤਾ ਸਿੱਧ ਕਰਕੇ ਕੀਤਾ। ਇਸ ਨਾਲ ਉਨ੍ਹਾਂ ਦੇ ਸ਼ਿਸ਼ ਉਸ ਸਮੇਂ ਦੇ ਉੱਚ ਕੁਲ ਦੇ ਵਿਅਕਤੀ ਵੀ ਬਣੇ।"ਗੁਰੂ ਰਵਿਦਾਸ ਜੀ ਨੇ ਇਸ ਦੱਬੇ ਕੁਚਲੇ ਸਮਾਜ ਨੂੰ ਦੱਸਿਆ ਕਿ ਪ੍ਰਭੂ, ਅਕਾਲ-ਪੁਰਖ, ਪਰਮਾਤਮਾ, ਗੋਬਿੰਦ ਹਰਿ ਦੇ ਨਾਮ ਦੀ ਭਗਤੀ ਨੀਵਿਆਂ ਨੂੰ ਉੱਚਾ ਕਰਨ ਦੀ ਅਸੀਮ ਸ਼ਕਤੀ ਰਖਦੀ ਹੈ।" (ਕਲੇਰ.*ਐਸੀ ਦਸਾ ਹਮਾਰੀ* 4.) ਦਲਿਤ ਦਾ ਸੰਕਲਪ ਕੇਵਲ ਕੁਝ ਜਾਤੀਆਂ ਲਈ ਹੀ ਰਾਖਵਾਂ ਕਰ ਦੇਣਾ ਸਹੀ ਨਹੀਂ ਹੈ। ਬਲਕਿ ਇਸ ਸੰਕਲਪ ਅਨੁਸਾਰ ਸਮਾਜ ਦੇ ਕੁਝ ਹੋਰ ਵਰਗਾਂ ਨੂੰ ਵੀ ਦਲਿਤਾਂ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਇਹ ਉਹ ਵਰਗ ਹਨ ਜਿਨ੍ਹਾਂ ਨੂੰ ਸਮਾਜ ਵਿਚ ਬਣਦਾ ਸਥਾਨ ਪ੍ਰਾਪਤ ਨਹੀਂ ਹੈ। ਇਸ ਸਬੰਧੀ ਵੇਰਵੇ ਬਲਵੀਰ ਮਾਧੋਪੁਰੀ ਦੀ

ਸਵੈਜੀਵਨੀ ਅਤੇ ਉਸ ਦੀਆਂ ਕਵਿਤਾਵਾਂ ਵਿਚੋਂ ਉੱਭਰਦੇ ਹਨ। ਆਪਣੀ ਕਿਤਾਬ *'ਮੇਰੀ ਚੋਣਵੀਂ ਕਵਿਤਾ'* ਦੇ ਆਰੰਭ ਵਿਚ ਭਗਤ ਰਵਿਦਾਸ ਜੀ ਦਾ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਦਰਜ ਕਰਨਾ ਬਹੁਤ ਵੱਡੇ ਵਿਚਾਰਧਾਰਕ ਅਰਥਾਂ ਦਾ ਧਾਰਨੀ ਹੈ। ਸਾਡੇ ਮੁਲਕ ਵਿਚ ਦਲਿਤਾਂ ਨੂੰ ਪੈਰ-ਪੈਰ ਤੇ ਸਮਾਜ ਦੀ ਅਣਦੇਖੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਪਿੱਛੇ ਕਈ ਤਰ੍ਹਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਕਾਰਨ ਹਨ।

**ਧਾਰਮਿਕ ਕਾਰਨ** : "ਵਰਣ ਆਸ਼ਰਮ ਵਿਵਸਥਾ ਜਿਸ ਆਦਰਸ਼ ਨਾਲ ਆਰੰਭ ਕੀਤੀ ਗਈ ਸੀ ਉਹ ਵੀ ਵਿਲੀਨ ਹੋਣ ਲੱਗਾ। ਸਮਾਜ ਵਿਚ ਬ੍ਰਾਹਮਣਾਂ ਦਾ ਮਹੱਤਵ ਵਧਦਾ ਗਿਆ ਅਤੇ ਉਸ ਨਾਲ ਸ਼ੂਦਰਾਂ ਦੀ ਸਥਿਤੀ ਦਿਨ-ਬ-ਦਿਨ ਨਿੱਘਰਦੀ ਗਈ। ਉਨ੍ਹਾਂ ਦੇ ਵਿਕਾਸ ਦੇ ਮਾਰਗ ਬੰਦ ਹੋ ਗਏ।" (ਜੋਸ਼ੀ. *ਸੰਤ ਸਾਹਿਤਯ ਮੇਂ ਪਰੋਖ ਸੱਤਾ ਕਾ ਸਵਰੂਪ* 41.) ਭਾਰਤੀ ਸਮਾਜ ਵਿਚ ਸ਼ੂਦਰਾਂ ਨੂੰ ਹਰ ਇਕ ਪੱਖ ਤੋਂ ਸਮਾਜ ਦੀ ਮੁੱਖਧਾਰਾ 'ਚੋਂ ਹਾਸ਼ੀਏ ਤੇ ਧੱਕ ਦਿੱਤਾ ਗਿਆ। ਇਸ ਤਰ੍ਹਾਂ ਸਮਾਜਿਕ ਢਾਂਚੇ ਵਿਚ ਇਨ੍ਹਾਂ ਨੂੰ ਫਿੱਟ ਕਰ ਦਿੱਤਾ ਕਿ ਇਹ ਲੋਕ ਆਪਣੇ ਪਿਛਲੇ ਕੀਤੇ ਕਰਮਾਂ ਨੂੰ ਆਪਣੀ ਇਸ ਹਾਲਤ ਲਈ ਜ਼ਿੰਮੇਵਾਰ ਸਮਝਣ ਲੱਗ ਪਏ।"ਇਸ ਤਰ੍ਹਾਂ ਰਸਮਾਂ-ਰਿਵਾਜਾਂ, ਮੂਰਤੀ ਪੂਜਾ, ਯੱਗਾਂ, ਊਚ-ਨੀਚ ਅਤੇ ਜਾਤ-ਪਾਤ ਤੇ ਵਿਤਕਰੇ, ਕਰਮ ਕਾਂਡਾਂ ਪੂਜਾ, ਅਨੇਕ ਵਹਿਮਾਂ-ਭਰਮਾਂ, ਸ਼ੰਕਿਆਂ ਅੰਧ-ਵਿਸ਼ਵਾਸਾਂ ਅਤੇ ਬਾਹਰੀ ਆਚਾਰਾਂ ਵਿਵਹਾਰਾਂ ਨੇ ਹਿੰਦੂ ਧਰਮ ਨੂੰ ਵਿਕਰਤ ਕਰ ਦਿੱਤਾ।"(ਸਿੰਗਲ. *ਬਾਣੀ ਸ੍ਰੀ ਗੁਰੂ ਰਵਿਦਾਸ ਜੀ* 107.) ਭਗਤੀ ਲਹਿਰ ਦੇ ਉਦੈ ਨੇ ਪਹਿਲੀ ਵਾਰ ਦਲਿਤ ਸ਼੍ਰੇਣੀ ਲਈ ਆਵਾਜ਼ ਬੁਲੰਦ ਕੀਤੀ। ਭਗਤੀ ਮਾਰਗ ਦੇ ਕਈ ਸੰਤ ਇਨ੍ਹਾਂ ਤਥਾਕਥਿਤ ਨੀਵੀਂਆਂ ਜਾਤਾਂ ਨਾਲ ਸਬੰਧਿਤ ਸਨ। ਇਨ੍ਹਾਂ ਨੇ ਆਪਣੇ ਯਤਨਾਂ ਦੁਆਰਾ ਸਮਾਜ ਵਿਚ ਆਪਣਾ ਕੇਂਦਰੀ ਸਥਾਨ ਹਾਸਲ ਕੀਤਾ।"ਬਿਕ੍ਰਮੀ ਦੀ ਨੌਵੀਂ ਸ਼ਤਾਬਦੀ ਦੇ ਲਗਭਗ ਆਰੰਭ ਹੋਣ ਵਾਲਾ ਸਮਾ ਵਸਤੂ-ਸਥਿਤੀ ਦੇ ਵਾਚਣ ਅਤੇ ਮੁੱਲਾਂਕਣ ਦਾ ਯੁੱਗ ਸੀ। ਇਸ ਸਮੇਂ ਵਿਚ ਪਹਿਲੀਆਂ ਪ੍ਰਚੱਲਿਤ ਵਿਚਾਰਧਾਰਾਵਾਂ ਦਾ ਉਦੇਸ਼ ਤੱਤਕਾਲੀਨ ਸਥਿਤੀ ਵਿਚ ਪਰਿਵਰਤਨ ਲਿਆਉਣਾ ਸੀ।"(ਚਤੁਰਵੇਦੀ. *ਉੱਤਰੀ ਭਾਰਤ ਕੀ ਸੰਤ ਪਰੰਪਰਾ* 126.) ਭਗਤੀ ਲਹਿਰ ਨੇ ਸਮਾਜ ਵਿਚ ਧਰਮ, ਲਿੰਗ, ਵਰਣ ਅਤੇ ਜਾਤ ਦੇ ਨਾਮ ਤੇ ਫੈਲੀਆਂ ਕੁਰੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਉੱਤਰੀ ਭਾਰਤ ਦੀ ਭਗਤੀ ਪਰੰਪਰਾ ਵਿਚ ਸਵਾਮੀ ਰਾਮਾਨੰਦ ਦਾ ਬੜਾ ਵੱਡਾ ਸਥਾਨ ਹੈ। ਆਪ ਜੀ

ਦੀ ਸ਼ਿਸ਼ ਪਰੰਪਰਾ ਵਿਚ ਹਾਸ਼ੀਆਗਤ ਸ਼੍ਰੇਣੀਆਂ ਨੂੰ ਵੀ ਸਥਾਨ ਮਿਲਿਆ ਹੈ। ਡਾ. ਬੀ.ਪੀ. ਸ਼ਰਮਾ ਇਸ ਸਬੰਧੀ ਲਿਖਦੇ ਹਨ :

> ਸਵਾਮੀ ਰਾਮਾਨੰਦ ਵੈਸ਼ਨਵ ਭਗਤ ਸਨ ਅਤੇ ਰਾਮਾਨੁਜ ਮਗਰੋਂ ਮੱਧਕਾਲੀ ਤੇ ਵੈਸ਼ਨਵ ਭਗਤੀ ਸੰਪਰਦਾਇ ਦੇ ਸਭ ਤੋ ਵੱਡੇ ਪ੍ਰਭਾਵਸ਼ਾਲੀ ਨੇਤਾ ਸਨ। ਇਨ੍ਹਾਂ ਦੇ ਉਦਾਰ, ਸਰਲ ਅਤੇ ਪ੍ਰਗਤੀਸ਼ੀਲ ਵਿਅਕਤਿਤਵ ਨੇ ਸਾਰੇ ਉੱਤਰੀ ਭਾਰਤ ਵਿਚ ਵੈਸ਼ਨਵ ਭਗਤੀ ਨੂੰ ਲੋਕ ਲਹਿਰ ਦਾ ਰੂਪ ਦਿੱਤਾ ਸੀ। ਮੱਧਕਾਲੀਨ ਅਸ਼ਾਂਤ ਅਤੇ ਬਿਖਮ ਪਰਿਸਥਿਤੀਆਂ ਵਿਚ ਸਵਾਮੀ ਰਾਮਾਨੰਦ ਦੀ ਸੰਤੁਲਿਤ, ਸਮਨਵੈ ਵਾਲੀ ਨਿਸ਼ਕਾਮ ਸਾਧਨਾ ਸਮੇਂ ਦੇ ਯੁੱਗ ਦਾ ਧਰਮ ਬਣ ਗਈ। ਰਾਮਾਨੰਦ ਦੀ ਵਿਸ਼ਿਸ਼ਟ ਅਦਵੈਤਵਾਦੀ ਰਾਗਾਨੁਗਾ ਰਾਮ ਭਗਤੀ ਇਸ ਯੁੱਗ ਦੀਆਂ ਕਠਿਨਾਈਆਂ ਦਾ ਸਮਾਧਾਨ ਕਰਨ ਦੇ ਸਮਰੱਥ ਹੋ ਸਕੀ। ਇਸ ਅੰਦੋਲਨ ਨੂੰ ਅੱਗੇ ਵਧਾਉਣ ਲਈ ਰਾਮਾਨੰਦ ਨੇ ਨੀਵੀਂਆਂ ਜਾਤਾਂ ਵਿਚੋਂ ਆਪਣੇ ਬਾਰ੍ਹਾਂ ਸ਼ਿਸ਼ ਚੁਣੇ।"(*ਸੰਤ ਰਵਿਦਾਸ ਕੀ ਭਗਤੀ-ਸਾਧਨਾ* 51.)

ਇਨ੍ਹਾਂ ਸ਼ਿਸ਼ਾਂ ਨੇ ਭਗਤੀ ਅੰਦੋਲਨ ਦੀ ਅਗਵਾਈ ਕਰਦਿਆਂ ਆਪਣੀਆਂ ਰਚਨਾਵਾਂ ਦੁਆਰਾ ਹਾਸ਼ੀਆਗਤ ਸ਼੍ਰੇਣੀਆਂ ਨੂੰ ਕੇਂਦਰ ਵਿਚ ਜਗ੍ਹਾ ਦੇਣ ਦੇ ਕਾਰਜ ਦੀ ਨੀਂਹ ਰੱਖਣ ਦਾ ਕਾਰਜ ਕੀਤਾ। ਇਸ ਨੂੰ ਆਧਾਰ ਬਣਾ ਕੇ ਹੀ ਭਾਰਤ ਵਿਚ ਅੱਜ ਤੱਕ ਚੱਲੀਆਂ ਦਮਨ ਵਿਰੋਧੀ ਲਹਿਰਾਂ ਅਗਵਾਈ ਹਾਸਲ ਕਰਦੀਆਂ ਰਹੀਆਂ ਹਨ।"ਧਾਰਮਿਕ ਦ੍ਰਿਸ਼ਟੀ ਤੋਂ ਹਿੰਦੂ ਧਰਮ ਦੀਆਂ ਵਿਕ੍ਰਿਤੀਆਂ ਅਤੇ ਤਪ, ਗਿਆਨ, ਵੈਰਾਗ, ਕਰਮ-ਕਾਂਡ, ਵਿਰੋਧੀ ਪ੍ਰਵਿਰਤੀਆਂ, ਰਾਮਾਨੰਦ ਦਾ ਉਦਾਰ ਦ੍ਰਿਸ਼ਟੀਕੋਣ, ਸੱਚ, ਆਸਤਿਕਤਾ, ਵਿਰੋਧੀ ਧਰਮਾਂ ਦੇ ਅੱਤਿਆਚਾਰਾਂ ਨੇ ਮਿਲ ਕੇ ਭਗਤੀ ਨੂੰ ਅੰਦੋਲਨ ਦਾ ਰੂਪ ਗ੍ਰਹਿਣ ਕਰਨ ਲਈ ਮਜਬੂਰ ਕੀਤਾ।"(ਕਲਸੀਆ. *ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ* ੫2.) ਇਹ ਇਕ ਅਜਿਹਾ ਅੰਦੋਲਨ ਸੀ ਜਿਸ ਨੇ ਸਦੀਆਂ ਤੋਂ ਚੱਲੇ ਆ ਰਹੇ ਵਿਤਕਰੇ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕੀਤੀ।

**ਸਮਾਜਿਕ ਕਾਰਨ** : ਧਾਰਮਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਦਾ ਕਾਰਜ ਖੇਤਰ ਸਮਾਜਿਕ ਹੋਣ ਕਰਕੇ ਇਨ੍ਹਾਂ ਦਾ ਪ੍ਰਭਾਵ ਸਮਾਜ ਤੇ ਪੈਂਦਾ ਹੈ। ਮੱਧਕਾਲੀਨ ਭਗਤਾਂ ਦੇ ਸਮੇਂ ਭਾਰਤ ਵਿਚ ਰਾਜਨੀਤਿਕ ਅਤੇ ਧਾਰਮਿਕ ਖੇਤਰ ਵਿਚ ਨਿਘਾਰ ਦੀ ਸਥਿਤੀ ਉਤਪੰਨ ਹੋ ਚੁੱਕੀ ਸੀ। ਇੱਥੋਂ ਦੇ ਵਸਨੀਕਾਂ ਵਿਚ ਮੁਸਲਮਾਨਾ ਦੀ ਹਕੂਮਤ ਹੋਣ ਕਾਰਨ ਨਿਰਾਸ਼ਾ ਤੇ ਬੇਚੈਨੀ ਕਾਰਨ ਹਾਰ ਦੀ ਮਨੋਬਿਰਤੀ ਘਰ ਕਰ ਚੁੱਕੀ ਸੀ। ਦੂਜੇ ਬੰਨੇ ਸ਼ਾਸਕ ਸ਼੍ਰੇਣੀ ਵਿਚ ਸੱਤਾ ਦੇ ਨਸ਼ੇ ਕਰਕੇ ਵਿਲਾਸਤਾ, ਛਲ-ਕਪਟ ਅਤੇ ਵਿਭਚਾਰ ਦੀ ਪ੍ਰਵਿਰਤੀ ਵੱਡੇ ਪੱਧਰ ਤੇ ਫੈਲ ਚੁੱਕੀ ਸੀ। ਇਸ ਬੁਰਾਈ ਦੇ ਫੈਲਾਓ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਇਸਤਰੀਆਂ ਅਤੇ ਬੱਚਿਆਂ ਤੱਕ ਨੂੰ ਵੀ ਗ਼ੁਲਾਮ ਬਣਾ ਲਿਆ ਜਾਂਦਾ ਸੀ। "ਮੁਹੰਮਦ ਤੁਗਲਕ ਦੇ ਸਿਪਾਹਸਾਲਾਰ ਖਾਨਜਹਾਂ ਕੋਲ ਭਿੰਨ-ਭਿੰਨ ਜਾਤਾਂ ਅਤੇ ਦੇਸ਼ਾਂ ਦੀਆਂ ਦੋ ਹਜ਼ਾਰ ਔਰਤਾਂ ਸਨ। ਵੇਸਵਾ ਵਿਰਤੀ ਆਮ ਸੀ ਅਕਬਰ ਦੀ ਰਾਜਧਾਨੀ ਵਿਚ ਏਨੀਆਂ ਵੇਸਵਾਵਾਂ ਸਨ ਕਿ ਉਨ੍ਹਾਂ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ।"(42.) ਅਜਿਹੇ ਹਾਲਾਤਾਂ ਵਿਚ ਸ਼ੂਦਰ ਕਹੇ ਜਾਣ ਵਾਲੇ ਲੋਕਾਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਸਮਾਜ ਵਿਚ ਸ਼ੂਦਰਾਂ ਪ੍ਰਤੀ ਵਿਵਹਾਰ ਬਹੁਤ ਨੀਵੇਂ ਪੱਧਰ ਦਾ ਸੀ।"ਉਸ ਸਮੇਂ ਦੀ ਸ਼ੂਦਰਾਂ ਦੀ ਸਥਿਤੀ ਸਮਾਜਿਕ ਵਿਸ਼ਮਤਾ ਦਾ ਸਹੀ ਚਿੱਤਰ ਪੇਸ਼ ਕਰਦੀ ਹੈ। ਸ਼ੂਦਰ ਨੂੰ ਆਪਣੇ ਕੋਲ ਇਕ ਡੰਕਾ ਰੱਖਣ ਦੀ ਹਦਾਇਤ ਸੀ ਤਾਂ ਕਿ ਉਹ ਉਸ ਦੀ ਆਵਾਜ਼ ਨਾਲ ਦੂਜੇ ਲੋਕਾਂ ਨੂੰ ਆਪਣੇ ਆਉਣ ਬਾਰੇ ਸੁਚੇਤ ਕਰਦਾ ਸੀ।" (ਘੁਰੇ. *ਕਾਸਟ ਐਂਡ ਕਾਸਟ ਇਨ ਇੰਡੀਆ* 99.)ਇਹ ਸਥਿਤੀ ਰਾਜ ਸੱਤਾ ਤੇ ਕਾਬਜ਼ ਸ਼੍ਰੇਣੀ ਤੋਂ ਲੈ ਕੇ ਸਮਾਜ ਦੇ ਹੇਠਲੇ ਹਿੱਸਿਆਂ ਤੱਕ ਫੈਲੀ ਹੋਈ ਸੀ। ਭਗਤ ਕਵੀਆਂ ਵਿਚੋਂ ਬਹੁਤੇ ਕਥਿਤ ਸ਼ੂਦਰ ਕਹੀਆਂ ਜਾਣ ਵਾਲੀਆਂ ਜਾਤਾਂ ਨਾਲ ਸਬੰਧ ਰੱਖਦੇ ਹੋਣ ਕਾਰਨ ਇਸ ਸਥਿਤੀ ਦੇ ਭੁਗਤਭੋਗੀ ਸਨ। ਅਜਿਹੀ ਹਾਲਤ ਵਿਚ ਹਿੰਦੂ ਅਤੇ ਮੁਸਲਮਾਨਾਂ ਵਿਚਲਾ ਅੰਦਰੂਨੀ ਸਿਸਟਮ ਵੀ ਇਸ ਊਚ-ਨੀਚ ਦੀ ਹਾਲਤ ਪੈਦਾ ਕਰਨ ਵਿਚ ਪ੍ਰਮੁੱਖਤਾ ਨਾਲ ਕਾਰਜਸ਼ੀਲ ਸੀ।"ਸਥਿਤੀ ਦੀ ਵਿਡੰਬਨਾ ਇਹ ਸੀ ਕਿ ਬ੍ਰਾਹਮਣਵਾਦੀ ਦਰਜੇ ਬੰਦੀ ਦੇ ਮੁਗ਼ਲ ਰਾਜ ਦੋਵੇਂ ਅਜੇਹੇ ਸਿਸਟਮ ਨੂੰ ਜਨਮ ਦਿੰਦੇ ਸਨ ਜੋ 'ਦੂਜੇ' ਨੂੰ ਹਾਸ਼ੀਆਕ੍ਰਿਤ ਵੀ ਕਰਦਾ ਸੀ ਤੇ ਆਪਣੀ ਹਾਸ਼ੀਆਕ੍ਰਿਤ ਦੁਜੈਲੀ ਹੋਂਦ ਨੂੰ ਸਵੀਕਾਰਨ

ਲਈ ਵੀ ਤਿਆਰ ਕਰਦਾ ਸੀ।" (ਧੀਰ. *ਨਾਨਕ ਪ੍ਰਕਾਸ਼ ਪੱਤ੍ਰਿਕਾ* : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ 13.)

**ਸਾਹਿਤਕ ਕਾਰਨ :** "ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਪਰਿਸਥਿਤੀਆਂ ਮਨੁੱਖ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ, ਉਸੇ ਤਰ੍ਹਾਂ ਲੇਖਕ, ਦਾਰਸ਼ਨਿਕ ਕਵੀ ਆਪਣੇ ਪੂਰਵ ਵਰਤੀ ਸਾਹਿਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੁਝ ਨਾ ਕੁਝ ਜ਼ਰੂਰ ਗ੍ਰਹਿਣ ਕਰਦਾ ਹੈ।" (ਕਲਸੀਆ. *ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ* ੪੪.) ਭਗਤ ਬਾਣੀ ਦੇ ਰਚਣਹਾਰੇ ਕਵੀਆਂ ਨੇ ਵੀ ਨਿਰਸੰਦੇਹ ਆਪਣੇ ਸਮਕਾਲੀ ਸਮੇਂ ਵਿਚ ਵਿਤਕਰੇ ਅਤੇ ਉਸ ਦੇ ਆਧਾਰ ਰੂਪੀ ਸਾਹਿਤ ਨੂੰ ਪੁਨਰ ਪਰਿਭਾਸ਼ਿਤ ਕੀਤਾ ਹੈ।"ਵਿਚਾਰਧਾਰਾਵਾਂ ਅਤੇ ਸਿਧਾਂਤਾਂ ਦੀ ਭਰਮਾਰ , ਹਰ ਧਾਰਮਿਕ ਗ੍ਰੰਥ ਵਿਚ ਪ੍ਰਾਪਤ ਹੁੰਦੀ ਹੈ। ਗੀਤਾ ਵਿਚ ਵੀ ਲਿਖਿਆ ਹੈ ਕਿ ਭਗਤੀ ਦਾ ਦੁਆਰ ਹਰ ਇਸਤਰੀ ਪੁਰਖ, ਸ਼ੂਦਰ ਲਈ ਖੁੱਲ੍ਹਾ ਹੈ ਪਰੰਤੂ ਇਸਨੂੰ ਅਮਲੀ ਰੂਪ ਜੇ ਕਿਸੇ ਨੇ ਦਿੱਤਾ ਤਾਂ ਰਾਮਾਨੰਦ ਅਤੇ ਉਸਦੇ ਸ਼ਿਸ਼ਾਂ ਨੇ, ਇਹ ਇਕ ਕਰਨੀ ਜਾਂ ਸਹੀ ਅਰਥਾਂ ਵਿਚ ਕਰਨੀ ਬਣੀ ਤਾਂ ਸਮਾਜ ਵਿਚ ਸਥਿਰਤਾ ਸੰਤੁਲਨ ਅਤੇ ਸ਼ਾਂਤੀ ਨਜ਼ਰ ਆਈ। ਨਹੀਂ ਤਾਂ ਅੱਗੇ ਪਿੱਛੇ ਸਮਾਜ ਵਿਚ ਤ੍ਰੇੜਾਂ, ਵਿਤਕਰੇ, ਵੰਡੀਆਂ-ਦੀਵਾਰਾਂ ਹੀ ਖੜੀਆਂ ਰਹੀਆਂ।"(45.) ਭਗਤ ਬਾਣੀ ਆਪਣੀ ਵਿਲੱਖਣਤਾ ਭਰਪੂਰ ਸ਼ੈਲੀ ਨਾਲ ਆਪਣੀ ਗੱਲ ਕਹਿਣ ਲਈ ਕਿਸੇ ਪ੍ਰਕਾਰ ਦੇ ਉਚੇਚ ਦੀ ਗੱਲ ਨਹੀਂ ਕਰਦੀ। ਭਗਤ ਕਵੀ ਆਪਣੀਆਂ ਨਿਜਪਰਕ ਉਦਾਹਰਨਾਂ ਦੁਆਰਾ ਆਪਣੀ ਗੱਲ ਸਪੱਸ਼ਟ ਕਰਦੇ ਹਨ। ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸ਼੍ਰੇਣੀਆਂ ਆਪਣੇ ਆਪ ਨੂੰ ਵੱਖ-ਵੱਖ ਢੰਗ ਤਰੀਕਿਆਂ ਦੁਆਰਾ ਮੁੱਖ ਧਾਰਾ ਵਿਚ ਪ੍ਰਗਟਾਉਣ ਹਿਤ ਕਾਰਜਸ਼ੀਲ ਹਨ। ਭਗਤ ਕਵੀ ਆਪਣੀ ਜਾਤ ਸਬੰਧੀ ਕਿਸੇ ਕਿਸਮ ਦਾ ਲੁਕਾਅ ਨਹੀਂ ਰੱਖਦੇ ਬਲਕਿ ਪ੍ਰਮੁੱਖਤਾ ਨਾਲ ਇਸ ਗੱਲ ਨੂੰ ਪ੍ਰਗਟਾਉਂਦੇ ਹਨ। ਇਸ ਸਬੰਧੀ ਡਾ. ਕੁਲਦੀਪ ਸਿੰਘ ਧੀਰ ਦਾ ਕਥਨ ਹੈ :

> ਭਗਤ ਰਵਿਦਾਸ ਚੁਮਾਰ ਸ਼੍ਰੇਣੀ ਨਾਲ ਸਬੰਧਿਤ ਹਨ, ਪਰ ਉਹ ਇਸ ਬਾਰੇ ਕਿਤੇ ਲੁਕ ਲੁਕਾ ਨਹੀਂ ਰਖਦੇ, ਬਾਰ ਬਾਰ ਮਾਣ ਨਾਲ ਇਸ ਤੱਥ ਵੱਲ ਸਪੱਸ਼ਟ ਸੰਕੇਤ ਕਰਦੇ ਹਨ। ਸ੍ਰੀ ਨਿਵਾਸਨ ਦਾ ਸੰਸਕ੍ਰਿਤੀਕਰਨ ਦਾ ਅਜੋਕਾ ਸਮਾਜ ਵਿਗਿਆਨਕ ਸੰਕਲਪ ਕਿ ਨੀਵੀਂ ਜਾਂ ਦਰਮਿਆਨੀ ਸ਼੍ਰੇਣੀ ਦੇ

ਲੋਕ ਸਮਾਜਕ ਦਰਜੇਬੰਦੀ ਵਿਚ ਆਪਣੇ ਆਪ ਨੂੰ ਉਪਰਲੀ ਸ਼੍ਰੇਣੀ ਨਾਲ ਸੰਬੰਧਿਤ ਕਰਨ ਲਈ ਯਤਨਸ਼ੀਲ ਰਹਿੰਦੇ ਹਨ। (*ਨਾਨਕ ਪ੍ਰਕਾਸ਼ ਪੱਤ੍ਰਿਕਾ* : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ 10.)

ਆਪਣੀ ਸਥਿਤੀ ਵੱਸ ਕਥਿਤ ਨੀਵੀਂਆਂ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਵਿਅਕਤੀ ਆਪਣੀ ਜਾਤੀ ਦੇ ਕਾਰਨ ਹੀਣਤਾ ਮਹਿਸੂਸ ਕਰਦੇ ਸਨ। ਇਹ ਵਰਤਾਰਾ ਆਧੁਨਿਕ ਸਮੇਂ ਤੱਕ ਜ਼ਿਆਦਾ ਚਲਦਾ ਰਿਹਾ ਹੈ ਕਿ ਲੋਕ ਆਮ ਤੌਰ ਤੇ ਆਪਣੀ ਕਥਿਤ ਨੀਵੀਂ ਕਹੀ ਜਾਣ ਵਾਲੀ ਬਰਾਦਰੀ ਕਾਰਨ ਹੀਣਤਾ ਮਹਿਸੂਸ ਕਰਦੇ ਸਨ। ਉੱਤਰ-ਆਧੁਨਿਕਤਾ ਇਸ ਵਰਤਾਰੇ ਨੂੰ ਮਾਣ ਨਾਲ ਪੇਸ਼ ਕਰਨ ਵੱਲ ਨੂੰ ਵਧਦੀ ਹੈ। ਭਗਤ ਬਾਣੀ ਦਾ ਪ੍ਰਵਚਨ ਹਾਸ਼ੀਆਗਤ ਸ਼੍ਰੇਣੀਆਂ ਨੂੰ ਆਪਣੀ ਪਛਾਣ ਸਹਿਤ ਸਵੀਕ੍ਰਿਤੀ ਪ੍ਰਦਾਨ ਕਰਦਾ ਹੈ। ਉੱਤਰ-ਆਧੁਨਿਕਤਾ ਵਿਚ ਦਲਿਤ, ਨਾਰੀ, ਆਰਥਿਕ ਤੌਰ ਤੇ ਪਛੜੇ ਲੋਕਾਂ ਨੂੰ ਆਪਣਾ ਆਧਾਰ, ਪਛਾਣ ਦੇ ਰੂਪ ਵਿਚ ਪ੍ਰਦਾਨ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਵਿਚਲੀ ਵਿਚਾਰਧਾਰਾ ਦਾ ਪਹਿਲਾ ਪੱਖ ਜੋ ਕਿ ਉੱਭਰਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ, ਉਹ ਉੱਚੀਆਂ ਜਾਤਾਂ ਦੇ ਘੁਮੰਡ 'ਤੇ ਚੋਟ ਦੇ ਰੂਪ ਵਿਚ ਹੈ। ਕਬੀਰ ਜੀ ਆਪਣੀ ਰਚਨਾ ਵਿਚ ਇਸ ਪੱਖ ਨੂੰ ਉਭਾਰਦੇ ਹਨ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 324.)

ਇੱਥੇ ਇਕ ਗੱਲ ਧਿਆਨ ਮੰਗਦੀ ਹੈ, ਕਿ ਭਗਤ ਬਾਣੀ ਵਿਚ ਦੂਸਰੇ ਦੀ ਹੋਂਦ ਨੂੰ ਰੱਦਿਆ ਨਹੀਂ ਗਿਆ, ਬਲਕਿ ਉਸ ਦੀ ਹੋਂਦ ਨੂੰ ਸਵੀਕਾਰਦੇ ਹੋਏ ਆਪਣਾ ਤਰਕ ਪੇਸ਼ ਕੀਤਾ ਗਿਆ ਹੈ। ਡਾ. ਆਤਮ ਰੰਧਾਵਾ ਲਿਓਤਾਰਦ ਦੇ ਹਵਾਲੇ ਨਾਲ ਉੱਤਰ-ਆਧੁਨਿਕ ਸਥਿਤੀ ਦਾ ਅਨੁਭਵ ਬਿਆਨ ਕਰਦੇ ਹਨ :-

ਲਿਉਤਾਰ ਵੀ ਪਰਮ ਬਿਰਤਾਤਾਂ, ਸਮੁੱਚਤਾ ਤੇ ਕੇਂਦਰੀਕਰਨ ਦਾ ਵਿਰੋਧ ਇਸ ਲਈ ਕਰਦਾ ਹੈ ਕਿ ਸੱਤਾ ਜਾਂ ਪਰਮ-ਬਿਰਤਾਂਤਕਾਰਾਂ ਨੇ ਹਮੇਸ਼ਾ ਹੀ ਆਪਣੇ ਵਰਗਾਂ ਤੋਂ ਕਮਜ਼ੋਰ ਵਰਗਾਂ, ਕੌਮਾਂ ਜਾਂ ਜਾਤਾਂ ਤੇ ਅਨੁਭਵਾਂ ਨੂੰ ਦਬਾ ਕੇ ਰੱਖਿਆ ਹੈ। ਉਹਨਾਂ ਨੂੰ ਮੁੜ ਪੇਸ਼ ਕਰਨ ਦੀ ਲੋੜ ਹੈ। ਉਹਨਾਂ ਘੱਟ ਗਿਣਤੀਆਂ ਜਾਂ ਛੋਟੇ/ਕਮਜ਼ੋਰ ਵਰਗਾਂ ਦੇ ਵੀ ਕੁਝ ਵਿਸ਼ੇਸ਼ ਅਨੁਭਵ ਹੁੰਦੇ ਹਨ, ਜਿਨ੍ਹਾਂ ਨੂੰ ਸਮੁੱਚਤਾ, ਏਕੀਕਰਣ ਤੇ ਸਾਂਝੀਵਾਲਤਾ ਦੇ ਨਾਮ ਉਪਰ ਦਬਾ ਦਿੱਤਾ ਜਾਂਦਾ ਹੈ। ਇਸ ਲਈ ਸਮੁੱਚਤਾ ਜਾਂ ਸਰਬ-ਵਿਆਪਕਤਾ ਦਾ ਉਹ ਭਾਰੀ ਵਿਰੋਧ ਕਰਦਾ ਹੈ। ਇਸੇ ਕਰਕੇ ਹੀ ਉਹ ਇਹਨਾਂ ਕੌਮਾਂ ਅਤੇ ਵਰਗਾਂ ਦੀਆਂ ਵੱਖਰਤਾਵਾਂ (ਵੱਖਰੇ ਅਨੁਭਵ) ਨੂੰ ਹਲੂਣਾ ਦੇਣਾ ਚਾਹੁੰਦਾ ਹੈ ਤਾਂ ਕਿ ਉਹ ਵਰਗ, ਕੌਮ ਜਾਂ ਕਬੀਲਾ ਆਪਣੀ ਹੋਂਦ ਬਚਾ ਕੇ ਰੱਖ ਸਕੇ।(*ਕਾਵਿ-ਸ਼ਾਸਤਰ* ਅੰਕ (12) 48.)

ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸ਼੍ਰੇਣੀਆਂ ਆਪਣੀ ਹੋਂਦ ਬਹੁਤ ਪ੍ਰਚੰਡ ਰੂਪ ਵਿਚ ਪ੍ਰਗਟਾਅ ਰਹੀਆਂ ਹਨ। ਇਸ ਸਥਿਤੀ ਵਿਚ ਹੀਣਤਾ ਦੇ ਅਨੁਭਵ ਦੇ ਉਲਟ ਆਪਣੀ ਹੋਂਦ ਪ੍ਰਤੀ ਸੁਚੇਤ ਰੂਪ ਵਿਚ ਪ੍ਰਗਟਾਵਾ ਹੋ ਰਿਹਾ ਹੈ। ਕਬੀਰ ਬਾਣੀ ਵਿਚ ਆਪਣੀ ਨੀਵੀਂ ਜਾਤ ਪ੍ਰਤੀ ਹੀਣਤਾ ਦਾ ਤਿਆਗ ਕਰਦੇ ਹੋਏ ਉੱਚੀ ਜਾਤੀ ਨਾਲ ਆਢਾ ਲੈਂਦੇ ਹੋਏ ਵਿਵੇਕ ਦੁਆਰਾ ਪ੍ਰਸ਼ਨ ਖੜ੍ਹਾ ਕਰਦੇ ਹਨ।

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥

ਤਉ ਆਨ ਬਾਟ ਕਾਹੇ ਨਹੀ ਆਇਆ॥(*ਸ੍ਰੀ ਗੁਰੂ ਗ੍ਰੰਥ ਸਾਹਿਬ.* 324.)

ਅਸਲੀਅਤ ਨੂੰ ਸਵੀਕਾਰ ਕਰਦੇ ਹੋਏ ਭਗਤ ਬਾਣੀ ਵਿਚ ਜਾਤ-ਪਾਤ ਤੇ ਆਧਾਰਿਤ ਮੁੱਦਿਆਂ ਨੂੰ ਬਹੁਤ ਹੀ ਸੰਵਾਦਮੁੱਖਤਾ ਰਾਹੀਂ ਉਭਾਰਿਆ ਗਿਆ ਹੈ। ਤਥਾਕਥਿਤ ਦਲਿਤ ਸ਼੍ਰੇਣੀ ਨਾਲ ਸਬੰਧਿਤ ਭਗਤ ਕਬੀਰ ਜੀ ਉਸ ਸਮੇਂ ਦੀ ਉੱਚੀ ਜਾਤੀ ਦੇ ਬ੍ਰਾਹਮਣ ਨੂੰ ਪ੍ਰਸ਼ਨ ਕੀਤਾ ਗਿਆ ਹੈ।

ਤੁਮ ਕਤ ਬ੍ਰਾਹਮਣ ਹਮ ਕਤ ਸੂਦ॥

ਹਮ ਕਤ ਲੋਹੂ ਤੁਮ ਕਤ ਦੂਧ॥ (324.)

ਉੱਤਰ-ਆਧੁਨਿਕ ਸਥਿਤੀ ਵਿਚ ਹਾਸ਼ੀਆਗਤ ਸ਼੍ਰੇਣੀਆਂ ਆਪਣੀ ਹੋਂਦ ਪ੍ਰਤੀ ਕੇਵਲ ਸੁਚੇਤ ਹੀ ਨਹੀਂ ਸਗੋਂ ਪ੍ਰਗਟਾਵੇ ਦੇ ਪੱਧਰ ਤੇ ਵੀ ਪ੍ਰਮੁੱਖਤਾ ਨਾਲ ਉਭਾਰਦੀਆਂ ਹਨ। ਇਸੇ ਤਰ੍ਹਾਂ ਭਗਤ ਕਵੀ ਆਪਣੇ ਪ੍ਰਵਚਨ ਰਾਹੀਂ ਆਪਣੀ ਦਲਿਤ ਸ਼੍ਰੇਣੀ ਨੂੰ ਕਿਸੇ ਤੋਂ ਘੱਟ ਕਰਕੇ ਨਹੀਂ ਆਂਕਦੇ, ਬਲਕਿ ਆਪਣੀ ਦਲਿਤ ਸ਼੍ਰੇਣੀ ਦੀ ਮਾਨਸਿਕਤਾ ਤੋਂ ਪਾਰ ਚਲੇ ਜਾਂਦੇ ਹਨ। ਇਹ ਭਗਤ ਬਾਣੀ ਦੀ ਉੱਤਰ-ਆਧੁਨਿਕ ਪਰਿਪੇਖ ਵਿਚ ਸਾਰਥਿਕਤਾ ਦਰਸਾਉਂਦਾ ਹੈ।

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥ (1292.)

ਭਗਤ ਬਾਣੀ ਵਿਚ ਗ਼ਰੀਬ, ਸਮਾਜ ਦੁਆਰਾ ਹਾਸ਼ੀਆਗਤ ਕੀਤੇ ਲੋਕਾਂ ਦੇ ਹੱਕ ਵਿਚ ਪਰਮਾਤਮਾ ਵੱਲੋਂ ਖੜਨ ਦੀਆਂ ਉਦਾਹਰਨਾਂ ਦੁਆਰਾ, ਉਨ੍ਹਾਂ ਨੂੰ ਪ੍ਰਵਚਨ ਦੇ ਕੇਂਦਰ ਵਿਚ ਲਿਆਂਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸਮੂਹ ਆਪਣੀ ਹੋਂਦ ਨੂੰ ਪ੍ਰਮੁੱਖਤਾ ਨਾਲ ਪ੍ਰਗਟਾਅ ਰਹੇ ਹਨ ਇਸ ਸਬੰਧੀ ਸੁਧੀਸ਼ ਪਚੌਰੀ ਦੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ :-

> ਉੱਤਰ-ਆਧੁਨਿਕਤਾ ਸੰਪੂਰਨਤਾਵਾਦੀ ਨਹੀਂ ਹੈ। ਉਹ ਇਹ ਨਹੀਂ ਕਹਿੰਦੀ ਕਿ ਜ਼ਿੰਦਗੀ ਵਿਚ ਕੋਈ ਵਿਵਸਥਾ ਹੋ ਹੀ ਨਹੀਂ ਸਕਦੀ। ਉਸਦਾ ਸਿਰਫ਼ ਇਹ ਕਹਿਣਾ ਹੈ ਕਿ ਜ਼ਿੰਦਗੀ ਵਿਚ ਕੋਈ ਇੱਕ ਕਿਸਮ ਦੀ ਵਿਵਸਥਾ ਇੱਕ ਕਿਸਮ ਦੀ ਸ਼੍ਰੇਣੀਬੱਧਤਾ ਅੰਤਿਮ ਨਹੀਂ ਹੁੰਦੀ ਅਨੇਕ ਤਰ੍ਹਾਂ ਦੀ ਅਤੇ ਅਨੇਕ ਢੰਗ ਨਾਲ ਹੋ ਸਕਦੀ ਹੈ। ਵਿਵਸਥਾਵਾਂ ਮਨੁੱਖ ਦੁਆਰਾ ਨਿਰਮਿਤ ਹੁੰਦੀਆਂ ਹਨ। ਬਣੀ-ਬਣਾਈਆਂ ਅਤੇ ਪਵਿੱਤਰ ਨਹੀਂ ਹੁੰਦੀਆਂ। ਇਹੀ ਇਸਦੀ ਸੀਮਾ ਹੈ। ਉਹ 'ਆਸਮਾਨੀ' ਨਹੀਂ ਹੋ ਸਕਦੀਆਂ। ਉਸਦੇ ਅਨੁਸਾਰ ਉੱਤਰ-ਆਧੁਨਿਕਤਾ ਦੀ ਭਾਸ਼ਾ ਇਕਹਿਰੀ ਨਹੀਂ ਹੈ, ਦੋਹਰੀ ਜਾਂ

ਅਨੇਕਅਰਥੀ ਹੈ। ਦਲਿਤ ਵਿਮਰਸ਼ ਵਿਚ ਇਹ ਦੋਹਰਾਪਣ ਹੈ। (*ਉੱਤਰ-ਆਧੁਨਿਕ ਸਾਹਿਤਿਕ ਵਿਮਰਸ਼* 112.)

ਉੱਤਰ-ਆਧੁਨਿਕ ਚਿੰਤਨ ਵੀ ਹਾਸ਼ੀਆਗਤ ਸਮੂਹਾਂ ਨੂੰ ਕੇਂਦਰੀ ਸਥਾਨ ਪ੍ਰਦਾਨ ਕਰਦਾ ਹੈ। ਦਲਿਤ ਸਮੂਹਾਂ ਦਾ ਜੀਵਨ ਪੱਧਰ ਸਦੀਆਂ ਤੋਂ ਤ੍ਰਿਸਕਾਰੇ ਜਾਣ ਕਾਰਨ ਬਹੁਤ ਤਰਸਯੋਗ ਹਾਲਤਾਂ ਵਿਚ ਪਹੁੰਚ ਗਿਆ ਹੈ। ਭਗਤ ਬਾਣੀ ਵਿਚ ਪ੍ਰਮਾਤਮਾ ਨੂੰ ਕੇਂਦਰੀ ਸਥਾਨ ਵਿਚ ਰੱਖ ਕੇ ਸਮੁੱਚੀ ਮਾਨਵਤਾ ਦੀ ਬਰਾਬਰੀ ਦਾ ਸੰਕਲਪ ਉਸਾਰਿਆ ਗਿਆ ਹੈ। ਇਸ ਵਿਚ ਆਪਣੀ ਅਤੇ ਆਪਣੇ ਪੂਰਵਕਾਲੀ ਅਤੇ ਸਮਕਾਲੀ ਭਗਤਾਂ ਦੀ ਉੱਚਤਾ, ਜਾਤੀ ਦੇ  ਨਹੀਂ ਬਲਕਿ ਸ਼ੁੱਭ ਕਰਮਾਂ ਦੇ ਆਧਾਰ ਤੇ ਸਥਾਪਿਤ ਕੀਤੀ ਗਈ ਹੈ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1106.)

ਤੱਤਕਾਲੀ ਸਮਾਜਿਕ ਵਿਵਸਥਾ ਵਿਚ ਸ਼ੁੱਭ ਅਮਲਾਂ ਦੁਆਰਾ ਭਾਵ ਰਾਮ ਨਾਮ ਦੇ ਜਾਪ ਦੁਆਰਾ ਉੱਭਰਨ ਦੀ ਗਵਾਹੀ ਪੇਸ਼ ਕਰਕੇ ਉੱਚ ਜਾਤੀ ਨਾਲ ਵਰ ਮੇਚਿਆ ਗਿਆ ਹੈ। ਇਸ ਵਿਚ ਇਹ ਵਿਲੱਖਣਤਾ ਹੈ ਕਿ ਆਪਣੀ ਸਥਿਤੀ ਦਾ ਰੋਣਾ ਨਹੀਂ ਰੋਇਆ ਗਿਆ ਬਲਕਿ ਆਪਣੇ ਆਪ ਨੂੰ ਬਰਾਬਰੀ ਦੇ ਖੜ੍ਹਾ ਕੀਤਾ ਗਿਆ ਹੈ।

ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ॥
ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ॥ (970.)

ਵਿਹਾਰਕ ਗਿਆਨ ਹੀ ਇਨਸਾਨ ਨੂੰ ਪਾਰ ਕਰਦਾ ਹੈ। ਕੇਵਲ ਉੱਚ ਕੁਲ ਵਿਚ ਪੈਦਾ ਹੋਣਾ ਹੀ ਕਾਫ਼ੀ ਨਹੀਂ ਹੈ। ਕਬੀਰ ਜੀ ਤਰਕ ਪੇਸ਼ ਕਰਦੇ ਹਨ, ਕਿ ਜਿਸ ਸੂਤ ਦਾ ਤੁਸੀਂ ਜਨੇਊ ਪਹਿਨਕੇ ਉੱਚੇ ਹੋਣ ਦਾ ਦਾਅਵਾ ਕਰਦੇ ਹੋ, ਉਸ ਨੂੰ ਅਸੀਂ ਨਿੱਤ ਬੁਣਦੇ ਹਾਂ। ਇਸੇ ਤਰ੍ਹਾਂ ਤੁਸੀਂ ਜਿਸ ਗੋਬਿੰਦ ਰੂਪੀ ਪ੍ਰਮਾਤਮਾ ਨੂੰ ਮਿਲਣ ਲਈ ਵੇਦ ਪੜ੍ਹਦੇ ਹੋ, ਗਾਇਤ੍ਰੀ ਜਾਪ ਕਰਦੇ ਹੋ, ਉਹ ਤਾਂ ਸਭ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ। ਭਾਵ ਫੋਕੀ ਬਾਹਰਲੀ ਦਿਖਾਵਟ ਨਾਲ ਕੁਝ ਨਹੀਂ ਸੰਵਰਨਾ, ਬਲਕਿ ਅਮਲ ਜ਼ਰੂਰੀ ਹੈ।

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥

ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥ (482.)

ਭਗਤ ਬਾਣੀ ਵਿਚਲੇ ਪ੍ਰਵਚਨ ਕ੍ਰਾਂਤੀਕਾਰੀ ਪ੍ਰਵਿਰਤੀ ਦੇ ਧਾਰਨੀ ਹਨ। ਗਿਆਨ ਨੂੰ ਵਿਹਾਰਕ ਹੋਣਾ ਚਾਹੀਦਾ ਹੈ। ਕਬੀਰ ਜੀ ਦੁਨਿਆਵੀ ਸ਼ਾਸਕਾਂ ਦੀ ਕਨੌੜ ਝੱਲਣ ਨਾਲੋਂ ਰੱਬ ਦੀ ਰਜ਼ਾ ਅਤੇ ਪ੍ਰੇਮ ਨੂੰ ਪ੍ਰਧਾਨਤਾ ਦਿੰਦੇ ਹਨ।

ਤੂੰ ਬਾਮ੍ਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥

ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ॥ (482.)

ਉੱਤਰ-ਆਧੁਨਿਕ ਦ੍ਰਿਸ਼ਟੀ ਬਿੰਦੂ ਤੋਂ ਇਹ ਗੱਲ ਪ੍ਰਮੁੱਖਤਾ ਅਖ਼ਤਿਆਰ ਕਰ ਗਈ ਹੈ। ਇਸ ਤੋਂ ਪਹਿਲਾਂ ਸਦੀਆਂ ਤੋਂ ਚਲੇ ਆ ਰਹੇ ਵਿਤਕਰੇ ਕਾਰਨ ਕਿਤੇ ਨਾ ਕਿਤੇ ਉਕਤ ਸਮੂਹਾਂ ਵਿਚੋਂ ਕਿਸੇ ਵੀ ਕਾਰਨ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪੱਖੋਂ ਉੱਪਰ ਉੱਠੇ ਵਿਅਕਤੀਆਂ ਦਾ ਆਪਣੀ ਕਥਿਤ ਜਾਤ ਪ੍ਰਤੀ ਹੀਣ ਭਾਵਨਾ ਰੱਖਦੇ ਸਨ। ਪਰ ਉੱਤਰ-ਆਧੁਨਿਕ ਸਮੇਂ ਵਿਚ ਇਨ੍ਹਾਂ ਸਮੂਹਾਂ ਦਾ ਕੇਂਦਰ ਬਿੰਦੂ ਆਪਣੀ ਪਹਿਚਾਣ ਪ੍ਰਤੀ ਸਜਗ ਹੈ। ਹੈਰਾਨੀ ਦੀ ਗੱਲ ਹੈ ਕਿ ਭਗਤ ਕਵੀਆਂ ਨੇ ਤੱਤਕਾਲੀ ਸਮੇਂ ਅੰਦਰ ਆਪਣੇ ਆਪ ਨੂੰ ਜਾਤੀ ਸੂਚਕ ਸ਼ਬਦਾਂ ਨਾਲ ਸੰਬੋਧਿਤ ਕੀਤਾ ਹੈ।

ਚਮਰਟਾ ਗਾਂਠਿ ਨ ਜਨਈ॥

ਲੋਗੁ ਗਠਾਵੈ ਪਨਹੀ॥੧॥ਰਹਾਉ॥

ਆਰ ਨਹੀਂ ਜਿਹ ਤੋਪਉ॥

ਨਹੀਂ ਰਾਂਬੀ ਠਾਉ ਰੋਪਉ॥੧॥

ਲੋਗੁ ਗੰਠਿ ਗੰਠਿ ਖਰਾ ਬਿਗੂਚਾ॥

ਹਉ ਬਿਨੁ ਗਾਂਠੇ ਜਾਇ ਪਹੂਚਾ॥੨॥

ਰਵਿਦਾਸ ਜਪੈ ਰਾਮ ਨਾਮਾ॥

ਮੋਹਿ ਜਮ ਸਿਉ ਨਾਹੀ ਕਾਮਾ॥੩॥ (659.)

ਸਮਾਜ ਵਿਚ ਅੱਜ ਵੀ ਜਾਤ ਦੇ ਆਧਾਰ ਤੇ ਸਿਆਣਪ ਪਰਖਣ ਦਾ ਅਮਲ ਵੇਖਣ ਵਿਚ ਮਿਲਦਾ ਹੈ। ਭਗਤ ਬਾਣੀ ਵਿਚ ਭਗਤ ਕਵੀ ਆਪਣੀ ਜਾਤ ਕਾਰਨ ਪਰਖੀ ਜਾਂਦੀ ਅਕਲ ਦਾ ਦੀ ਉੱਲੇਖ ਕਰਦੇ ਹਨ।

ਓਛੀ ਮਤਿ ਮੇਰੀ ਜਾਤ ਜੁਲਾਹਾ॥ (524.)

ਰਵਿਦਾਸ ਜੀ ਹਿਰਦੇ ਰੂਪੀ ਕਮਲ ਵਿਚ ਰਾਮ ਨਾਮ ਦੀ ਜੋਤ ਰਾਹੀਂ ਜਾਤ-ਪਾਤ ਦੇ ਭੇਦ ਦਾ ਖੰਡਨ ਕਰਦੇ ਹਨ। ਇਸ ਵਿਚ ਆਪਣੀ ਜਾਤ ਨੂੰ ਛੁਪਾ ਕੇ ਰੱਖਣ ਨਾਲੋਂ ਆਪਣੇ ਆਪ ਨੂੰ ਖੁੱਲ੍ਹੇ ਰੂਪ ਵਿਚ ਸਵੀਕਾਰਿਆ ਗਿਆ ਹੈ। ਪਰ ਸਭ ਦੇ ਅੰਦਰ ਇੱਕੋ ਜਿਹੇ ਗੁਣਾ ਦੀ ਚਰਚਾ ਦੁਆਰਾ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਹਨ।

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥

ਰਿਦੈ ਰਾਮ ਗੋਬਿੰਦ ਗੁਨ ਸਾਰੰ॥ (1293.)

ਭਗਤ ਬਾਣੀ ਵਿਚਲੇ ਹਵਾਲੇ ਵਿਲੱਖਣ ਸੇਧਾਂ ਵਾਲੇ ਹਨ। ਰਵਿਦਾਸ ਜੀ ਆਪਣੀ ਜਾਤ ਦਾ ਉੱਲੇਖ ਕਰਕੇ ਦੱਸਦੇ ਹਨ ਕਿ ਕਿਸ ਤਰ੍ਹਾਂ ਪ੍ਰਭੂ ਨਾਮ ਕਾਰਨ ਬ੍ਰਾਹਮਣ ਤੱਕ ਡੰਡਾਉਤ ਕਰਦੇ ਹਨ ਭਾਵ ਉਨ੍ਹਾਂ ਅੱਗੇ ਝੁਕਦੇ ਹਨ। ਆਪਣੀ ਪੁਸਤਕ *'ਵਿਸਮਾਦੀ ਪੂੰਜੀ'* ਵਿਚ ਡਾ. ਗੁਰਭਗਤ ਸਿੰਘ ਬਾਣੀਕਾਰਾਂ ਦੀ ਵਿਲੱਖਣ ਚਿੰਤਨ ਦ੍ਰਿਸ਼ਟੀ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ,"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਕੋਈ ਵੀ ਸਤਰ ਲੈ ਲਈ ਜਾਵੇ, ਉਸ

ਵਿਚ ਪੂਰਵਲੇ ਅਤੇ ਸਮਕਾਲੀ ਸੰਕਲਪਾਂ/ਦ੍ਰਿਸ਼ਟੀਆਂ ਨਾਲ ਸੰਵਾਦ ਰਚਿਆ ਗਿਆ ਹੈ। ਇਹ ਸੰਵਾਦ ਅਲੋਚਨਾਤਮਕ ਹੈ ਪਰ ਆਲੋਚਨਾਤਮਕ ਹੋਣ ਦਾ ਭਾਵ ਨਕਾਰਨ ਤੋਂ ਨਹੀਂ ਹੈ। ਗ਼ਲਤ ਨੂੰ ਤਿਆਗ ਕੇ ਅਤੇ ਸਹੀ ਨੂੰ ਗ੍ਰਹਿਣ ਕਰਕੇ ਨਵਾਂ ਉਸਾਰਨ ਤੋਂ ਹੈ।" (*ਵਿਸਮਾਦੀ ਪੂੰਜੀ ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ* 33.) ਆਪਣੇ ਸਮਕਾਲੀ ਸੰਕਲਪਾਂ ਪ੍ਰਤੀ ਸੰਵਾਦਮੁੱਖਤਾ ਨੂੰ ਭਗਤ ਕਵੀ ਆਪਣੀਆਂ ਰਚਨਾਵਾਂ ਦੁਆਰਾ ਉੱਭਰਵੇਂ ਰੂਪ ਵਿਚ ਪੇਸ਼ ਕਰਦੇ ਹਨ। ਇਸ ਦ੍ਰਿਸ਼ਟੀ ਨੂੰ ਰਵਿਦਾਸ ਜੀ ਦੀ ਇਸ ਤੁਕ ਵਿਚੋਂ ਵੇਖਿਆ ਜਾ ਸਕਦਾ ਹੈ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ 1293.)

ਤੱਤਕਾਲੀ ਸਮਾਜਿਕ ਪ੍ਰਸਥਿਤੀਆਂ ਨੂੰ ਭਗਤ ਨਾਮਦੇਵ ਜੀ ਆਪਣੀ ਰਚਨਾ ਵਿਚ ਪੇਸ਼ ਕਰਦੇ ਹਨ। ਉਸ ਸਮੇਂ ਵਿਚ ਕਥਿਤ ਨੀਵੀਂਆਂ ਜਾਤਾਂ ਨਾਲ ਹੁੰਦੇ ਵਿਤਕਰੇ ਦਾ ਮਾਰਮਿਕ ਵਰਣਨ ਕਰਦੇ ਹਨ। ਇਹ ਉਹ ਸਮਾਂ ਸੀ ਜਦੋਂ ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਮੰਦਿਰਾਂ ਵਿਚ ਵੜਨ ਦੀ ਇਜਾਜ਼ਤ ਨਹੀਂ ਸੀ। ਅਜੋਕੇ ਸਮੇਂ ਵਿਚ ਪੰਜਾਬ ਦੇ ਸੰਦਰਭ ਵਿਚ ਜੇਕਰ ਗੱਲ ਕਰੀਏ ਤਾਂ ਦਲਿਤਾਂ ਦੇ ਧਾਰਮਿਕ ਸਥਾਨ ਵੱਖਰੇ, ਇੱਥੇ ਹੀ ਬੱਸ ਨਹੀਂ ਬਲਕਿ ਸਮਸ਼ਾਨ ਭੂਮੀਆਂ ਤੱਕ ਅਲੱਗ ਬਣੀਆਂ ਹੋਈਆਂ ਹਨ।

ਹਸਤ ਖੇਲਤ ਤੇਰੇ ਦੇਹੁਰੇ ਆਇਆ॥

ਭਗਤਿ ਕਰਤ ਨਾਮਾ ਪਕਰਿ ਉਠਾਇਆ॥

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥

ਛੀਪੇ ਕੇ ਜਨਮਿ ਕਾਹੇ ਕਉ ਆਇਆ॥ (1164.)

ਰਵਿਦਾਸ ਜੀ ਆਪਣੀ ਰਚਨਾ ਰਾਹੀਂ ਜਿਹੜਾ ਸੱਚ ਬਿਆਨ ਕਰ ਰਹੇ ਹਨ, ਕੀ ਉਹ ਅੱਜ ਵੀ ਪ੍ਰਾਸੰਗਿਕ ਨਹੀਂ ਹੈ ? ਗ਼ਰੀਬ ਵਿਅਕਤੀ ਪ੍ਰਤੀ ਦ੍ਰਿਸ਼ਟੀਕੋਣ ਅੱਜ ਵੀ ਅਜਿਹਾ ਹੀ ਹੈ। ਉੱਤਰ-ਆਧੁਨਿਕਤਾ ਇਸ ਵਰਤਾਰੇ ਦੇ ਵਿਰੁੱਧ ਭੁਗਤਦੀ ਹੈ।

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥(858.)

ਪਰ ਨਾਲ ਹੀ ਜਵਾਬ ਹਾਜ਼ਰ ਹੈ। ਕਮਾਲ ਦੀ ਗੱਲ ਹੈ ਕਿ ਜਵਾਬ ਵੀ ਅਜਿਹਾ ਕਿ ਹੀਣ ਭਾਵਨਾ ਤੋਂ ਪਾਰਗਾਮੀ ਕਰਨ ਵਾਲਾ ਹੈ। ਪ੍ਰਭੂ ਦਾ ਨਾਮ ਜਪਣ ਨਾਲ ਹੀ ਮਨੁੱਖ ਦੀ ਪਹਿਚਾਣ ਹੈ। ਇਸ ਤੋਂ ਭਾਵ ਕਿ ਸ਼ੁੱਭ ਅਮਲਾਂ ਦੁਆਰਾ ਇਨਸਾਨੀ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਵੀ ਹਾਸ਼ੀਆਗਤ ਨੂੰ ਹੀਣ ਭਾਵਨਾ ਤਿਆਗ ਕੇ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਦੀ ਗੱਲ ਪ੍ਰਮੁੱਖਤਾ ਅਖ਼ਤਿਆਰ ਕਰਦੀ ਜਾ ਰਹੀ ਹੈ।

ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥

ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥ (1364.)

ਭਗਤ ਬਾਣੀ ਵਿਚਲਾ ਪ੍ਰਵਚਨ ਦਲਿਤ ਲੋਕਾਂ ਦੇ ਹੱਕ ਵਿਚ ਖੜ੍ਹਾ ਹੈ। ਰਵਿਦਾਸ ਜੀ ਆਪਣੀ ਰਚਨਾ ਵਿਚ ਉਨ੍ਹਾਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਨੇ ਚੰਗੇ ਅਮਲਾਂ ਦੁਆਰਾ ਜਾਤ-ਪਾਤ ਤੋਂ ਉੱਪਰ ਉੱਠ ਕੇ ਸਨਮਾਨਯੋਗ ਸਥਾਨ ਪ੍ਰਾਪਤ ਕੀਤਾ।

ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ॥

ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ॥੧॥

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥

ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥੨॥

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥

ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥ (1293.)

ਫਰੀਦ ਬਾਣੀ ਵਿਚ ਨੀਵਿਆਂ ਦੀ ਨਿੰਦਿਆ ਜਾਂ ਸ਼ੋਸ਼ਣ ਖ਼ਿਲਾਫ਼ ਉੱਚਿਤ ਜਵਾਬ ਪੇਸ਼ ਕੀਤਾ ਗਿਆ ਹੈ। ਇਸ ਤੱਥ ਨੂੰ ਸਮਝਣ ਲਈ ਭਾਰਤੀ ਸਮਾਜ ਵਿਚ ਸਮਸ਼ਾਨ ਦਾ ਸੰਕਲਪ ਉਚਿੱਤ ਹੈ, ਜਿੱਥੇ ਆ ਕੇ ਜਾਤੀ ਅਭਿਮਾਨ ਰੂਪੀ ਸ਼ਾਨ ਸਮ ਭਾਵ ਬਰਾਬਰ ਹੋ ਜਾਂਦੀ ਹੈ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ (1378.)

ਭਗਤ ਬਾਣੀ ਵਿਚ ਅਮਲਾਂ ਉੱਪਰ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਪ੍ਰਸਤੁਤ ਉਦਾਹਰਨ ਵਿਚ ਬਾਲਮੀਕ ਜੀ ਦੀ ਉਸਤਤ ਦੁਆਰਾ ਸਮਝਾਇਆ ਗਿਆ ਹੈ। ਆਪਣੇ ਆਪ ਨੂੰ ਪ੍ਰਮੁੱਖਤਾ ਨਾਲ ਪ੍ਰਗਟਾਉਣ ਦੀ ਇਹ ਸੋਚ ਉੱਤਰ-ਆਧੁਨਿਕ ਪਰਿਪੇਖ ਵਿਚ ਵੀ ਸਾਰਥਿਕਤਾ ਗ੍ਰਹਿਣ ਕਰਦੀ ਹੈ।

ਰੇ ਚਿਤ ਚੇਤਿ ਚੇਤ ਅਚੇਤ॥

ਕਾਹੇ ਨ ਬਾਲਮੀਕਹਿ ਦੇਖ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥ (1124.)

ਸੁਆਮੀ ਦੇ ਚਿਹਨਕ ਦੁਆਰਾ ਗ਼ਰੀਬਾਂ, ਸੋਸ਼ਿਤਾਂ ਅਤੇ ਸਮੂਹ ਹਾਸ਼ੀਆਗਤ ਸਮੂਹਾਂ ਨੂੰ ਕੇਂਦਰ ਵਿਚ ਲਿਆਉਣ ਸਬੰਧੀ ਸੇਧ ਪ੍ਰਦਾਨ ਕੀਤੀ ਗਈ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਅਜਿਹੀ ਸੋਚ ਨਾਲ ਹਾਸ਼ੀਆਗਤ ਸਮੂਹ ਆਪਣੇ ਆਪ ਨੂੰ ਪ੍ਰਗਟਾਉਣ ਲਈ ਯਤਨਸ਼ੀਲ ਹਨ।

ਕਬੀਰ ਕੋ ਸੁਆਮੀ ਗਰੀਬ ਨਿਵਾਜ॥(331.)

ਵਰਣ ਵਿਵਸਥਾ ਦੀ ਬੜੇ ਸਾਰਥਿਕ ਢੰਗ ਨਾਲ ਆਲੋਚਨਾ ਪੇਸ਼ ਕੀਤੀ ਗਈ ਹੈ।

ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥(858.)

ਭਗਤ ਬਾਣੀ ਬਹੁਤ ਹੀ ਵਿਲੱਖਣ ਉਦਾਹਰਨਾਂ ਦੁਆਰਾ ਆਪਣਾ ਪ੍ਰਵਚਨ ਉਸਾਰਦੀ ਹੈ। ਜਿਸ ਪ੍ਰਕਾਰ ਰੇਤ ਵਿਚ ਡੁੱਲ੍ਹੀ ਹੋਈ ਖੰਡ ਹੱਥਾਂ ਦੁਆਰਾ ਚੁਗੀ ਨਹੀਂ ਜਾ ਸਕਦੀ, ਪਰ ਕੀੜੀਆਂ ਉਸ ਨੂੰ ਚੁਗ ਕੇ ਖਾ ਜਾਂਦੀਆਂ ਹਨ। ਇਸੇ ਤਰ੍ਹਾਂ ਪਰਮਾਤਮਾ ਰੂਪੀ ਖੰਡ ਨੂੰ ਵੀ ਕੀੜੀ ਦੀ ਤਰ੍ਹਾਂ ਇਸ ਸੰਸਾਰ ਰੂਪੀ ਰੇਤ ਦੇ ਕਣ-ਕਣ ਵਿਚੋਂ ਚੁਗਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਸ਼ਰਤ ਇਹ ਹੈ ਕਿ ਜਾਤ-ਪਾਤ ਦਾ ਅਭਿਮਾਨ ਛੱਡਣਾ ਪਵੇਗਾ।

ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸੰਤੀ ਚੁਨਿਓ ਨ ਜਾਈ॥

ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥ (972.)

ਨਾਮਦੇਵ ਜੀ ਵੀ ਉਸ ਨੂੰ ਜਾਤ-ਪਾਤ ਦੇ ਬੰਧਨਾਂ ਤੋ ਆਜ਼ਾਦ ਹਸਤੀ ਸਵੀਕਾਰਦੇ ਹਨ। ਸਿਰਜਣਹਾਰ ਸ਼ਕਤੀ ਜੋ ਘਟ-ਘਟ ਵਿਚ ਵਿਆਪਕ ਹੈ ਉਸ ਦਾ ਕੋਈ ਵੀ ਜਾਤ-ਪਾਤ ਦਾ ਬੰਧਨ ਨਹੀਂ ਹੈ। ਇਸ ਲਈ ਇਹ ਧਾਰਨਾ ਨਿਰਮੂਲ ਹੈ ਕਿ ਜਾਤੀ ਕਰਕੇ ਕਿਸੇ ਨੂੰ ਤ੍ਰਿਸਕਾਰਿਆ ਜਾਵੇ। ਉੱਤਰ-ਆਧੁਨਿਕਤਾ ਵੀ ਇਸ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਵੇਖਦੀ ਹੈ।

ਬਸੈ ਘਟਾ ਘਟ ਲੀਪ ਨ ਛੀਪੈ॥

ਬੰਧਨ ਮੁਕਤਾ ਜਾਤੁ ਨ ਦੀਸੈ॥ (1318.)

ਹਾਸ਼ੀਆਗਤ ਸ਼੍ਰੇਣੀਆਂ ਨੂੰ ਇਸ ਤੋਂ ਬਿਹਤਰ ਸੇਧ ਕੀ ਹੋ ਸਕਦੀ ਹੈ। ਭਗਤ ਬਾਣੀ ਪ੍ਰੀਤ ਉਸ ਨਾਲ ਕਰਨ ਨੂੰ ਤਰਜੀਹ ਦਿੰਦੀ ਹੈ ਜੋ ਸਿਰਫ਼ ਉਸ ਪਰਮਾਤਮਾ ਦੀ ਹਸਤੀ ਨੂੰ ਮੰਨਦਾ ਹੈ। ਦੁਨਿਆਵੀ ਅਮੀਰੀ ਉਸ ਅੱਗੇ ਕਿਸੇ ਵੀ ਕੰਮ ਦੀ ਨਹੀਂ ਹੈ।

ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ॥

ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ॥(1365.)

ਕਾਂਸੀ ਨਾਮਕ ਧਾਤੂ ਦੀ ਉਦਾਹਰਨ ਦੇ ਕੇ ਤਰਕ ਵਿਧਾਨ ਉਸਾਰਿਆ ਗਿਆ ਹੈ। ਭਾਰਤੀ ਪ੍ਰਸੰਗ ਵਿਚ ਕਾਸ਼ੀ ਜਾਂ ਬਨਾਰਸ ਤੀਰਥ ਸਥਾਨ ਦੇ ਤੌਰ ਤੇ ਅੱਜ ਵੀ ਪਵਿੱਤਰ ਮੰਨਿਆਂ ਜਾਂਦਾ ਹੈ। ਭਗਤ ਬਾਣੀ ਇਸ ਤੱਥ ਨੂੰ ਸਾਹਮਣੇ ਲਿਆਉਂਦੀ ਹੈ ਕਿ ਇੱਥੇ ਰਹਿਣ ਵਾਲੇ ਲੋਕ ਵੀ ਬਰਾਬਰ ਹਨ। ਇਸ ਲਈ ਇਸ ਕਥਨ ਦੇ ਵਿਚਾਰਧਾਰਕ ਅਰਥ ਪ੍ਰਸਤੁਤ ਹੁੰਦੇ ਹਨ।

ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ॥

ਕਾਸੀ ਫੂਟੀ ਪੰਡਿਤਾ ਧੁਨਿ ਕਹਾਂ ਸਮਾਈ॥(857.)

ਭਗਤ ਬਾਣੀ ਜਾਤ-ਪਾਤ ਰਹਿਤ ਭਗਤੀ ਦੀ ਹਾਮੀ ਹੈ। ਇਨ੍ਹਾਂ ਚੱਕਰਾਂ ਵਿਚੋਂ ਨਿਕਲਣ ਲਈ ਉਸ ਵੇਲੇ ਦੇ ਪੰਡਿਤਾਂ ਪ੍ਰੋਹਿਤਾਂ ਨੂੰ ਵੀ ਸਿੱਧੇ ਸੰਬੋਧਿਤ ਹੋ ਕੇ ਸੁਮੱਤ ਅਪਣਾਉਣ ਦੀ ਤਾਕੀਦ ਹੈ। ਇਸ ਉਚ-ਨੀਚ ਦੀ ਭਾਵਨਾ ਰੂਪੀ ਕੁਮੱਤ ਨਾਲ ਪਰਿਵਾਰ ਸਹਿਤ ਡੁੱਬਣ ਦਾ ਉੱਲੇਖ ਕੀਤਾ ਗਿਆ ਹੈ। ਇਸ ਰਾਹੀਂ ਆਉਣ ਵਾਲੀਆਂ ਨਸਲਾਂ ਤੱਕ ਇਸ ਛੂਤ-ਛਾਤ ਰੂਪੀ ਜ਼ਹਿਰ ਦੇ ਫੈਲਣ ਪ੍ਰਤੀ ਸੁਚੇਤ ਕੀਤਾ ਗਿਆ ਹੈ।

ਪਡੀਆ ਕਵਨ ਕੁਮਤਿ ਤੁਮ ਲਾਗੇ॥

ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥ (1102.)

ਧਰਮ ਦੇ ਠੇਕੇਦਾਰਾਂ ਦੇ ਚੁੰਗਲ ਵਿਚੋਂ ਨਿਕਲ ਕੇ ਹੀ ਸਮ ਭਾਵ ਵਾਲੇ ਸਮਾਜ ਦੀ ਸਿਰਜਣਾ ਸੰਭਵ ਹੈ। ਭਗਤ ਬਾਣੀ ਦਾ ਇਸ਼ਾਰਾ ਇਸ ਪ੍ਰਕਾਰ ਦੇ ਸਮਾਜ ਨੂੰ ਬਣਾਉਣ ਵੱਲ ਹੈ, ਜਿਸ ਵਿਚ ਸਾਰਿਆਂ ਦੀ ਬਰਾਬਰੀ ਨਿਹਿਤ ਹੋਵੇ। ਜਿਨ੍ਹਾਂ ਚਿਰ ਧਰਮ ਦੇ ਠੇਕੇਦਾਰਾਂ ਦੇ ਚੁੰਗਲ ਵਿਚੋਂ ਆਜ਼ਾਦੀ ਪਾ ਕੇ ਝਗੜਿਆਂ ਨੂੰ ਨਹੀਂ ਨਿਬੇੜਦੇ ਉਨਾਂ ਚਿਰ ਸਮਾਜ ਵਿਚੋਂ ਜਾਤ, ਫ਼ਿਰਕੇ ਦੇ ਨਾਮ ਤੇ ਸ਼ੋਸ਼ਣ ਹੁੰਦਾ ਰਹੇਗਾ।

ਹਮਰਾ ਝਗਰਾ ਰਹਾ ਨ ਕੋਊ॥

ਪੰਡਿਤ ਮੁਲਾਂ ਛਾਡੇ ਦੋਊ॥ (1158.)

ਭਗਤ ਬਾਣੀ ਆਪਣੇ ਪ੍ਰਵਚਨ ਵਿਚ ਦਲਿਤ ਸ਼ੋਸ਼ਣ ਦੇ ਵਿਰੋਧ ਵਿਚ ਸੰਵਾਦਮੁੱਖਤਾ ਦੁਆਰਾ ਸਾਹਮਣੇ ਆਉਂਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਦਲਿਤ ਸ਼ੋਸ਼ਣ ਖ਼ਿਲਾਫ਼ ਲਾਮਬੰਦੀ ਇਸੇ ਕੜੀ ਦਾ ਹਿੱਸਾ ਹੈ। ਇਸ ਬਹੁ-ਧਿਰੀ ਸੰਵਾਦ ਸਬੰਧੀ ਡਾ. ਅਨੂਪ ਸਿੰਘ ਦਾ ਕਥਨ ਧਿਆਨ ਮੰਗਦਾ ਹੈ,"ਕਈ ਪਰਾਂ (ਅਦਰਜ਼) ਨਾਲ ਇੱਕੋ ਵੇਲੇ ਯਾਤਰਾ ਕਰ ਸਕਣ ਵਾਲਾ ਸ਼ਬਦ ਹੀ ਬਹੁ-ਧਿਰੀ ਸੰਵਾਦ ਰਚ ਸਕਦਾ ਹੈ ਅਤੇ ਪਰ (ਅਦਰ) ਨੂੰ ਪਛਾਨਣ ਦੀ ਪੂਰੀ ਜ਼ਿੰਮੇਵਾਰੀ ਨਿਭਾ ਸਕਦਾ ਹੈ।"(*ਗੁਰੂ ਗ੍ਰੰਥ ਸਾਹਿਬ ਸਿਧਾਂਤ ਅਤੇ ਸਿਧਾਂਤਕਾਰ* 1.) ਇਸ ਲਈ ਭਗਤ ਬਾਣੀ ਵਿਚਲੀ ਦਲਿਤ ਦ੍ਰਿਸ਼ਟੀ ਸਵੈਮਾਨ ਦੁਆਰਾ ਆਪਣੀ ਹੋਂਦ ਨੂੰ ਪ੍ਰਗਟਾਉਣ ਦਾ ਮੁਜ਼ਾਹਰਾ ਕਰਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਦੁਆਰਾ ਦਿੱਤੀਆਂ ਅੰਤਰ ਦ੍ਰਿਸ਼ਟੀਆ ਤੋਂ ਸੇਧ ਲੈ ਕੇ ਦਲਿਤ ਸ਼੍ਰੇਣੀ ਸਵੈਮਾਣ ਕਾਇਮ ਰੱਖਦੀ ਹੋਈ ਆਪਣੀ ਹੋਂਦ ਪ੍ਰਤੀ ਨਵੇਂ ਸਿਰੇ ਤੋਂ ਚਿੰਤਨ ਕਰ ਸਕਦੀ ਹੈ। ਇਸ ਲਈ ਲੜਾਈ ਝਗੜੇ ਦੀ ਪ੍ਰਵਿਰਤੀ ਨਹੀਂ ਸਗੋਂ ਸੰਵਾਦ ਦਾ ਰਾਹ ਸੁਖਾਲਾ ਹੈ।

**3.3 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ 'ਕਿੰਨਰਾ ਸੰਵਾਦ** : ਕਿੰਨਰ ਸ਼ਬਦ ਪਹਿਲਾਂ ਕਿਨੌਰ (ਹਿਮਾਚਲ ਪ੍ਰਦੇਸ਼) ਨਿਵਾਸੀਆਂ ਲਈ ਪ੍ਰਯੋਗ ਕੀਤਾ ਜਾਂਦਾ ਸੀ। ਪਰ ਹੁਣ ਇਹ ਹਿਜੜਾ ਸਮੁਦਾਇ ਲਈ ਰੂੜ੍ਹ ਹੋ ਚੁੱਕਿਆ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਅਸੀਂ ਕੁਝ ਸਮੇਂ ਲਈ ਇਨ੍ਹਾਂ ਬਾਰੇ ਸੋਚਦੇ ਹਾਂ ਪਰ ਫਿਰ ਆਪਣੀ ਜ਼ਿੰਦਗੀ ਵਿਚ ਮਸਤ ਹੋ ਜਾਂਦੇ ਹਾਂ। ਕਦੇ ਵੀ ਇਸ ਗੱਲ ਦੀ ਜ਼ਰੂਰਤ ਮਹਿਸੂਸ ਨਹੀਂ ਕਰਦੇ ਕਿ ਇਹ ਲੋਕ ਕਿਸ ਤਰ੍ਹਾਂ ਦਾ ਜੀਵਨ ਜਿਉਂਦੇ ਹਨ। ਇਨ੍ਹਾਂ ਦੀਆਂ ਕੀ ਸਮੱਸਿਆਵਾਂ ਹਨ, ਕੀ ਕਾਰਨ ਹਨ ? ਜਿਨ੍ਹਾਂ ਕਰਕੇ ਇਨ੍ਹਾਂ ਨੂੰ ਇਸ ਤਰ੍ਹਾਂ ਨੱਚ ਗਾ ਕੇ ਮੰਗਣ ਲਈ ਮਜਬੂਰ ਹੋਣਾ ਪੈਂਦਾ ਹੈ।

ਜਿਨ੍ਹਾਂ ਦਾ ਜਣਨ ਅੰਗ ਪੂਰੀ ਤਰ੍ਹਾਂ ਵਿਕਸਤ ਨਹੀਂ ਹੁੰਦਾ ਜਾਂ ਮਰਦ ਹੋ ਕੇ ਵੀ ਆਪਣੀਆਂ ਸਰੀਰਕ ਬਿਖਮਤਾਵਾਂ ਕਾਰਨ ਮਰਦਾਂ ਨਾਲੋਂ ਔਰਤਾਂ ਨਾਲ ਰਹਿਣ ਵਿਚ ਸਹਿਜਤਾ ਮਹਿਸੂਸ ਕਰਨ, ਹਿਜੜੇ ਕਿਹਾ ਜਾਂਦਾ ਹੈ। ਹਿਜੜੇ ਦੋਵਾਂ ਰੂਪਾਂ ਜਾ ਗੁਣਾ ਵਾਲੇ ਹੁੰਦੇ ਹਨ, ਸਰੀਰਕ ਬਣਤਰ ਪੱਖੋਂ ਮਰਦ ਵੀ ਅਤੇ ਔਰਤ ਵੀ, ਪਰੰਤੂ ਦੋਨੋਂ ਪ੍ਰਕਾਰ ਦੇ ਹਿਜੜੇ ਔਰਤ ਰੂਪ ਧਾਰਨ ਵੱਲ ਵੱਧ ਆਕਰਸ਼ਿਤ ਹੁੰਦੇ ਹਨ। ਭਾਰਤ ਵਿਚ ਇਸ ਸਮੁਦਾਇ ਲਈ ਬਹੁਤ

ਸਾਰੀਆਂ ਦੰਦ ਕਥਾਵਾਂ ਪ੍ਰਚੱਲਿਤ ਹਨ। ਰਾਮ ਚੰਦਰ ਜੀ ਵੇਲੇ ਦੀ ਕਥਾ ਪ੍ਰਸਿੱਧ ਹੈ ਕਿ ਜਦੋਂ ਰਾਮ ਚੰਦਰ ਜੀ ਬਣਵਾਸ ਲਈ ਚਿੱਤਰਕੂਟ ਪਹੁੰਚੇ ਤਾਂ ਉਨ੍ਹਾਂ ਨੂੰ ਵਾਪਿਸ ਲਿਜਾਣ ਲਈ ਇਹ ਸਮੁਦਾਇ ਵੀ ਭਰਤ ਦੇ ਨਾਲ ਆਇਆ। ਉਸ ਵੇਲੇ ਰਾਮ ਜੀ ਨੇ ਭਰਤ ਸਮੇਤ ਸਭ ਨਰ ਨਾਰੀਆਂ ਨੂੰ ਵਾਪਿਸ ਜਾਣ ਲਈ ਕਹਿ ਦਿੱਤਾ ਜਿਸ ਤੇ ਸਭ ਅਯੋਧਿਆ ਵਾਪਿਸ ਮੁੜ ਗਏ। ਪਰ ਹਿਜੜਾ ਸਮੁਦਾਇ ਲਈ ਕੋਈ ਵਚਨ ਨਾ ਹੋਣ ਕਰਕੇ ਇਹ ਚੌਦਾਂ ਸਾਲਾਂ ਤੱਕ ਉੱਥੇ ਹੀ ਰੁਕੇ ਰਹੇ। ਜਦੋਂ ਚੌਦਾਂ ਸਾਲਾਂ ਬਾਅਦ ਰਾਮ ਚੰਦਰ ਜੀ ਵਾਪਿਸ ਆਏ ਤਾਂ ਹਿਜੜੇ ਉੱਥੇ ਹੀ ਉਡੀਕ ਕਰ ਰਹੇ ਸਨ। ਕਾਰਨ ਪੁੱਛਣ ਤੇ ਦੱਸਿਆ ਕਿ ਮਹਾਰਾਜ ਤੁਸੀਂ ਸਾਨੂੰ ਤਾਂ ਕੋਈ ਵਾਪਸੀ ਲਈ ਵਚਨ ਹੀ ਨਹੀਂ ਕੀਤਾ। ਇਸ ਲਈ ਅਸੀਂ ਆਪ ਜੀ ਦੀ ਇੱਥੇ ਹੀ ਉਡੀਕ ਕਰਦੇ ਰਹੇ। ਇਸ ਤੋਂ ਖ਼ੁਸ਼ ਹੋ ਕੇ ਰਾਮ ਚੰਦਰ ਜੀ ਨੇ ਵਰਦਾਨ ਦਿੱਤਾ ਕਿ ਤੁਸੀਂ ਜਿਸ ਨੂੰ ਵੀ ਆਪਣਾ ਆਸ਼ੀਰਵਾਦ ਦਿਉਂਗੇ ਉਸ ਦਾ ਕਦੇ ਵੀ ਬੁਰਾ ਨਹੀਂ ਹੋਵੇਗਾ। ਇਸ ਘਟਨਾ ਦਾ ਜ਼ਿਕਰ ਰਾਮ ਚਰਿਤ ਮਾਨਸ ਵਿਚ ਵੀ ਹੈ।

ਇਸ ਤੋਂ ਇਲਾਵਾ ਮਹਾਂਭਾਰਤ ਵਿਚ ਸ਼ਿਖੰਡੀ ਨਾਂ ਦੇ ਹਿਜੜੇ ਦਾ ਜ਼ਿਕਰ ਆਉਂਦਾ ਹੈ, ਜਿਹੜਾ ਭੀਸ਼ਮ ਦੇ ਅੰਤ ਦਾ ਕਾਰਨ ਬਣਦਾ ਹੈ। ਇਸੇ ਪ੍ਰਕਾਰ ਮਹਾਂਭਾਰਤ ਨਾਲ ਜੁੜੀਆਂ ਹੋਰ ਵੀ ਕਥਾਵਾਂ ਪ੍ਰਚੱਲਿਤ ਹਨ। ਅਰਜੁਨ ਨੂੰ ਅਗਿਆਤਵਾਸ ਦੇ ਆਖ਼ਰੀ ਸਾਲ ਹਿਜੜੇ ਦਾ ਰੂਪ ਧਾਰਨ ਕਰਕੇ ਰਹਿਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਅਰਾਵਨ ਨਾਂ ਦਾ ਅਰਜੁਨ ਦੇ ਇਕ ਪੁੱਤਰ ਦਾ ਜ਼ਿਕਰ ਹੈ, ਜੋ ਕਿ ਮਹਾਂਭਾਰਤ ਯੁੱਧ ਦੌਰਾਨ ਆਪਣੇ ਆਪ ਨੂੰ ਮਾਤਾ ਕਾਲੀ ਨੂੰ ਬਲੀ ਦੇਣ ਲਈ ਪੇਸ਼ ਕਰਦਾ ਹੈ। ਉਸਦੀ ਆਖ਼ਰੀ ਸ਼ਰਤ ਅਨੁਸਾਰ ਕ੍ਰਿਸ਼ਨ ਜੀ ਸੁੰਦਰ ਔਰਤ ਦਾ ਭੇਸ ਧਾਰ ਕੇ ਉਸ ਨਾਲ ਇਕ ਰਾਤ ਲਈ ਸ਼ਾਦੀ ਕਰਦੇ ਹਨ। ਇਸ ਪਰੰਪਰਾ ਨੂੰ ਤਾਮਿਲਨਾਡੂ ਵੱਲ ਅੱਜ ਵੀ ਹਿਜੜਾ ਸਮਾਜ ਦੇ ਲੋਕ ਕ੍ਰਿਸ਼ਨ ਜੀ ਦੀ ਤਰ੍ਹਾਂ ਇਕ ਰਾਤ ਦੀ ਸ਼ਾਦੀ ਰਚਾ ਕੇ ਨਿਭਾਉਂਦੇ ਹਨ। ਇਸ ਤਰ੍ਹਾਂ ਦੇ ਵੇਰਵੇ ਵੀ ਪ੍ਰਾਪਤ ਹਨ ਕਿ ਮਹਾਂਭਾਰਤ ਦੇ ਸਮੇਂ ਤੋਂ ਲੈ ਕੇ ਮੁਗ਼ਲ ਕਾਲ ਤੱਕ ਇਸ ਸਮੁਦਾਇ ਦੀ ਰਾਜ ਮਹਿਲਾਂ ਤੱਕ ਰਸਾਈ ਰਹੀ ਹੈ। ਮੁਗ਼ਲਾਂ ਦੇ ਹਰਮਾਂ ਵਿੱਚ ਇਨ੍ਹਾਂ ਦਾ ਵਿਸ਼ੇਸ਼ ਸਥਾਨ ਹੁੰਦਾ ਸੀ। ਪਰੰਤੂ 1871 ਵਿਚ ਅੰਗਰੇਜ਼ੀ ਸਰਕਾਰ ਨੇ ਕ੍ਰਿਮਿਨਲ ਟਰਾਈਬਜ਼ ਐਕਟ ਦੇ ਤਹਿਤ ਇਨ੍ਹਾਂ ਤੇ ਕਈ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਇਸ ਪਿੱਛੋਂ ਇਸ ਐਕਟ ਵਿਚ 1897 ਵਿਚ ਸੋਧ

ਕਰਦੇ ਹੋਏ ਧਾਰਾ 377 ਦੇ ਤਹਿਤ ਇਨ੍ਹਾਂ ਨੂੰ ਅਪਰਾਧੀਆਂ ਦੀ ਸ੍ਰੇਣੀ ਵਿਚ ਸ਼ਾਮਿਲ ਕਰ ਦਿੱਤਾ ਗਿਆ। ਇਨ੍ਹਾਂ ਦੇ ਕੰਮਾਂ ਨੂੰ ਗੈਰ ਜ਼ਮਾਨਤੀ ਅਪਰਾਧੀ ਜਾਤੀਆਂ ਦੀ ਸ੍ਰੇਣੀ ਵਿਚ ਰੱਖ ਦਿੱਤਾ ਗਿਆ। ਆਜ਼ਾਦੀ ਤੋਂ ਬਾਅਦ ਬੇਸ਼ੱਕ ਇਨ੍ਹਾਂ ਨੂੰ ਇਸ ਅਪਰਾਧੀ ਜਾਤੀਆਂ ਵਿਚੋਂ ਤਾਂ ਬਾਹਰ ਕਰ ਦਿੱਤਾ ਗਿਆ, ਪਰ ਧਾਰਾ 377 ਦੀ ਤਲਵਾਰ ਇਨ੍ਹਾਂ ਦੇ ਸਿਰ ਤੇ ਲਟਕਦੀ ਰਹੀ। ਨਵੰਬਰ 2009 ਵਿਚ ਭਾਰਤ ਸਰਕਾਰ ਨੇ ਇਨ੍ਹਾਂ ਨੂੰ ਵੋਟਰ ਸੂਚੀ ਵਿਚ 'ਅਨਯ'' ਦੀ ਸ੍ਰੇਣੀ ਵਿਚ ਰੱਖ ਦਿੱਤਾ ਗਿਆ। ਮਾਨਯੋਗ ਸੁਪਰੀਮ ਕੋਰਟ ਨੇ 2015 ਵਿਚ ਇਸ ਸਮੁਦਾਇ ਨੂੰ ਤੀਸਰੇ ਲਿੰਗ ਦੇ ਤੌਰ ਤੇ ਮਾਨਤਾ ਦੇ ਦਿੱਤੀ ਹੈ। ਇਸ ਤਰ੍ਹਾਂ ਇਨ੍ਹਾਂ ਨੂੰ ਕਾਨੂੰਨੀ ਤੌਰ ਤੇ ਮਾਨਤਾ ਮਿਲ ਗਈ ਹੈ ਕਿ ਇਹ ਵੀ ਇਕ ਆਮ ਨਾਗਰਿਕ ਦੀ ਤਰ੍ਹਾਂ ਹਨ। ਪਰੰਤੂ ਹੁਣ ਤੱਕ ਇਨ੍ਹਾਂ ਨੂੰ ਹਾਸ਼ੀਏ ਤੇ ਹੀ ਰੱਖਿਆ ਜਾਂਦਾ ਸੀ। ਇਨ੍ਹਾਂ ਬਾਰੇ ਸਾਹਿਤ ਦੀ ਅਣਹੋਂਦ ਹੀ ਹੈ। ਕਿੰਨਰਾਂ ਬਾਰੇ *'ਤੀਸਰੀ ਜਿਣਸ'* ਸਿਰਲੇਖ ਹੇਠ ਕਿਤਾਬ ਸੰਗਮ ਪਬਲੀਕੇਸ਼ਨ ਨੇ ਛਾਪੀ ਹੈ। ਇਹ ਕਿਤਾਬ ਦੇ ਮੂਲ ਲੇਖਕ ਅਖ਼ਤਰ ਹੁਸੈਨ ਬਲੋਚ ਹੈ। ਜਿਸ ਦਾ ਗੁਰਮੁਖੀ ਲਿਪੀਅੰਤਰਨ ਹਰਬੰਸ ਸਿੰਘ ਧੀਮਾਨ ਨੇ ਕੀਤਾ ਹੈ। ਇਸੇ ਤਰ੍ਹਾਂ ਇਕ ਆਤਮਕਥਾ *'ਮੈਂ ਲਕਸ਼ਮੀ ਮੈਂ ਹਿਜੜਾ'* ਜੋ ਕਿ ਮੂਲ ਰੂਪ ਵਿਚ ਲਕਸ਼ਮੀ ਨਰਾਇਣ ਤ੍ਰਿਪਾਠੀ ਦੀ ਜ਼ਿੰਦਗੀ ਉੱਪਰ ਆਧਾਰਿਤ ਹੈ। ਇਸ ਦਾ ਪੰਜਾਬੀ ਰੂਪਾਂਤਰਨ ਕੁਲਵਿੰਦਰ ਸਿੰਘ ਮਲੋਟ ਨੇ ਕੀਤਾ ਹੈ ਇਨ੍ਹਾਂ ਪੁਸਤਕਾਂ ਵਿਚ ਪ੍ਰਾਪਤ ਵੇਰਵਿਆਂ ਤੋਂ ਹਿਜੜਿਆਂ ਦੀ ਜ਼ਿੰਦਗੀ ਬਾਰੇ ਬਹੁਤ ਸਾਰੀਆਂ ਗੱਲਾਂ ਬਾਰੇ ਪਤਾ ਲਗਦਾ ਹੈ। ਹਰਪਿੰਦਰ ਰਾਣਾ ਦਾ ਨਵ ਪ੍ਰਕਾਸ਼ਿਤ ਨਾਵਲ *'ਕੀ ਜਾਣਾ ਮੈਂ ਕੌਣ'* ਇਨ੍ਹਾਂ ਦੀ ਜ਼ਿੰਦਗੀ ਤੇ ਹੀ ਆਧਾਰਿਤ ਹੈ। ਇਸ ਵਿਚੋਂ ਵੀ ਕਿੰਨਰਾਂ ਦੀ ਜ਼ਿੰਦਗੀ ਬਾਰੇ ਵੇਰਵੇ ਮਿਲਦੇ ਹਨ ਕਿ ਕਿਸ ਤਰ੍ਹਾਂ ਇਨ੍ਹਾਂ ਨੂੰ ਆਪਣਿਆਂ ਅਤੇ ਬੇਗਾਨਿਆਂ ਹੱਥੋਂ ਜ਼ਲਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਭਗਤ ਬਾਣੀ ਵਿਚ ਪੁਰਖ ਨਾਰੀ ਦੇ ਭੇਦ ਤੱਕ ਨੂੰ ਰੱਦ ਕਰ ਦਿੱਤਾ ਗਿਆ ਹੈ। ਬਹੁਤ ਦਲੀਲ ਪੂਰਨ ਢੰਗ ਨਾਲ ਤੱਤ ਦੀ ਪ੍ਰਧਾਨਤਾ ਸਵੀਕਾਰ ਕੀਤੀ ਗਈ ਹੈ। ਕਿਉਂਕਿ ਇਸ ਸਰੀਰ ਨੂੰ ਬਣਾਉਣ ਵਾਲੇ ਤੱਤ ਇੱਕੋ ਹੀ ਹਨ।

ਕਉਨ ਕੋ ਪੁਰਖੁ ਕਉਨ ਕੀ ਨਾਰੀ॥

ਇਆ ਤਤ ਲੇਹੁ ਸਰੀਰ ਬਿਚਾਰੀ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 331.)

ਔਰਤ ਤੋਂ ਆਦਮੀ ਅਤੇ ਆਦਮੀ ਤੋਂ ਔਰਤ ਬਣਾਉਣ ਵਾਲੇ ਪਰਮਾਤਮਾ ਤੋਂ ਬਲਿਹਾਰ ਜਾਣ ਦੀ ਗੱਲ ਭਗਤ ਬਾਣੀ ਵਿਚ ਪ੍ਰਗਟ ਹੋਈ ਹੈ। ਭਾਵ ਨਾਰੀ ਪੁਰਖ ਦੇ ਭੇਦ ਤੋਂ ਰਹਿਤ ਉਸ ਸਿਰਜਣਹਾਰ ਦੇ ਹੱਥ ਵਿਚ ਸਭ ਦੀ ਸਿਰਜਣਾ ਦੀ ਜ਼ਿੰਮੇਵਾਰੀ ਹੈ। ਸੋ ਇਹ ਕਿੰਨਰ ਵੀ ਉਸ ਦੀ ਹੀ ਰਚਨਾ ਹਨ। ਇਸ ਨੂੰ ਅਸੀਂ ਭਗਤ ਬਾਣੀ ਦੇ ਦਾਰਸ਼ਨਿਕ ਪੱਖ ਤੋਂ ਸਮਝ ਸਕਦੇ ਹਾਂ।

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥

ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥ (1252.)

ਜਿਸ ਤਰ੍ਹਾਂ ਘੁਮਿਆਰ ਇੱਕੋ ਮਿੱਟੀ ਵਿੱਚੋਂ ਵੱਖ-ਵੱਖ ਪ੍ਰਕਾਰ ਅਤੇ ਆਕਾਰ ਦੇ ਭਾਂਡੇ ਤਿਆਰ ਕਰਦਾ ਹੈ, ਠੀਕ ਉਸੇ ਪ੍ਰਕਾਰ ਉਹ ਸਿਰਜਣਹਾਰ ਵੀ ਇੱਕੋ ਤਰਾਂ ਦੇ ਤੱਤਾਂ ਰਾਹੀਂ ਸਭ ਦੀ ਰਚਨਾ ਕਰਦਾ ਹੈ। ਘੁਮਿਆਰ ਦੇ ਭਾਂਡਿਆਂ ਦੀ ਤਰ੍ਹਾਂ ਸਭ ਮਨੁੱਖ ਇੱਕੋ ਹੀ ਮਿੱਟੀ ਦੇ ਬਣੇ ਹੋਏ ਹਨ। ਫਿਰ ਕਿਸੇ ਤਰ੍ਹਾਂ ਦੇ ਭੇਦ-ਭਾਵ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥

ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥ (1350.)

ਬਾਬਾ ਫਰੀਦ ਜੀ ਵੀ ਇਸੇ ਧਾਰਨਾ ਦੀ ਪੁਸ਼ਟੀ ਆਪਣੀ ਰਚਨਾ ਵਿਚ ਕਰਦੇ ਹਨ।

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥

ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ (1381.)

ਭਗਤ ਕਬੀਰ ਜੀ ਵੀ ਅੱਲਾਹ ਦੀ ਕਿਤਾਬ ਭਾਵ ਕੁਰਾਨ ਦਾ ਹਵਾਲਾ ਦੇ ਕੇ ਨਾਰੀ ਪੁਰਖ ਦਾ ਭੇਦ ਸਮਾਪਤ ਕਰਦੇ ਹਨ।

ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਇ॥ (483.)

ਕਿੰਨਰ ਸਮਾਜ ਬਹੁਤ ਸਮੇਂ ਤੋਂ ਅਣਗੌਲਿਆ ਰਿਹਾ ਹੈ। ਸਮਾਜ ਵੱਲੋਂ ਇਨ੍ਹਾਂ ਨੂੰ ਅਪਣਾਇਆ ਨਹੀਂ ਗਿਆ, ਬਲਕਿ ਸਦਾ ਦੁਰਕਾਰਿਆ ਗਿਆ ਹੈ। ਇਨ੍ਹਾਂ ਨੂੰ ਸਦਾ ਨੱਚ ਗਾ ਕੇ ਮੰਗਣ ਵਾਲਾ ਸਮਾਜ ਸਮਝਿਆ ਗਿਆ ਹੈ।

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥ (336.)

ਕਬੀਰ ਜੀ ਤਾਂ ਸਿੱਧੇ-ਸਿੱਧੇ ਹੀ ਖੁਸਰੇ ਦੀ ਉਦਾਹਰਨ ਰਾਹੀਂ ਕਹਿ ਰਹੇ ਹਨ। ਆਪ ਅਨੁਸਾਰ ਜੇਕਰ ਬ੍ਰਹਮਚਾਰੀ ਰਹਿ ਕੇ ਪਰਮਾਤਮਾ ਮਿਲਦਾ ਹੋਏ, ਤੇ ਇਸ ਸੰਸਾਰ ਸਾਗਰ ਵਿਚੋਂ ਮੁਕਤ ਹੋ ਕੇ ਪਰਮਗਤਿ ਮਿਲਦੀ ਹੋਵੇ ਤਾਂ ਖੁਸਰੇ ਤਾਂ ਬ੍ਰਹਮਚਾਰੀ ਹੀ ਹੁੰਦੇ ਹਨ। ਇਸ ਤੋਂ ਭਾਵ ਹੈ ਕਿ ਖੁਸਰੇ ਨੂੰ ਆਪ ਨੇ ਬ੍ਰਹਮਚਰਜ ਅਪਣਾ ਕੇ ਸੰਨਿਆਸ ਧਾਰਨ ਵਾਲਿਆਂ ਦੇ ਸਮਾਨ ਮੰਨਿਆਂ ਹੈ। ਇਹੋ ਭਗਤ ਬਾਣੀ ਦੀ ਵਿਸ਼ੇਸ਼ਤਾ ਹੈ ਕਿ ਇਹ ਹਾਸ਼ੀਏ ਤੇ ਧੱਕੇ ਲੋਕਾਂ ਦੇ ਹੱਕ ਦੀ ਗੱਲ ਕਰਦੀ ਹੈ। ਠੀਕ ਇਸੇ ਤਰ੍ਹਾਂ ਉੱਤਰ-ਆਧੁਨਿਕਤਾ ਵੀ ਇਨ੍ਹਾਂ ਸ਼੍ਰੇਣੀਆਂ ਨੂੰ ਕੇਂਦਰ ਵਿਚ ਲਿਆਉਣ ਦੀ ਹਾਮੀ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਭਗਤ ਬਾਣੀ ਉੱਤਰ-ਆਧੁਨਿਕ ਪਰਿਪੇਖ ਵਿਚ ਨਵੀਆਂ ਧਾਰਨਾਵਾਂ ਦੁਆਰਾ ਪੇਸ਼ ਹੁੰਦੀ ਹੈ। ਇਸ ਲਈ ਇਸ ਦਾ ਉੱਤਰ-ਆਧੁਨਿਕ ਪੱਖ ਤੋਂ ਮੁੱਲਾਂਕਣ ਕਰਨਾ ਸਮੇਂ ਦੇ ਹਿੱਤ ਵਿਚ ਹੈ।

ਬਿੰਦੁ ਰਾਖਿ ਜੌ ਤਰੀਐ ਭਾਈ॥
ਖੁਸਰੈ ਕਿਉ ਨ ਪਰਮ ਗਤਿ ਪਾਈ॥ (324.)

ਭਗਤ ਬਾਣੀ ਵਿਚ ਬੇਸ਼ੱਕ ਕਿੰਨਰਾਂ ਬਾਰੇ ਜ਼ਿਆਦਾ ਵੇਰਵੇ ਨਹੀਂ ਮਿਲਦੇ ਪਰੰਤੂ ਉਪਰੋਕਤ ਉਦਾਹਰਨਾਂ ਦੀ ਰੌਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਗਤ ਕਵੀ ਸਭ ਜੀਵਾਂ ਦੀ ਏਕਤਾ ਸਥਾਪਿਤ ਕਰਦੇ ਹਨ। ਇਹ ਸਭ ਕੁਝ ਬੇਸ਼ੱਕ ਦਾਰਸ਼ਨਿਕ ਪੱਧਰ ਤੇ ਪੇਸ਼ ਹੁੰਦਾ ਹੈ, ਪਰੰਤੂ ਇਸ ਦੁਆਰਾ ਅਸੀਂ ਸਮੁੱਚੀ ਮਾਨਵ ਜਾਤੀ ਜਿਸ ਵਿਚ ਕਿੰਨਰ ਵੀ ਸ਼ਾਮਿਲ ਹਨ, ਦੀ ਸਮਾਜਿਕ ਬਰਾਬਰੀ ਦੀ ਗੱਲ ਛੂਹ ਸਕਦੇ ਹਾਂ। ਉੱਤਰ-ਆਧੁਨਿਕਤਾ ਵੀ ਹਾਸ਼ੀਆਗਤ

ਨੂੰ ਕੇਂਦਰ ਵਿਚ ਲਿਆਉਂਦੀ ਹੈ। ਭਗਤ ਬਾਣੀ ਦਾ ਪ੍ਰਵਚਨ ਉੱਤਰ-ਆਧੁਨਿਕ ਪਰਿਪੇਖ ਵਿਚ ਸੰਤੁਲਿਤ ਸੇਧ ਦੇਣ ਦਾ ਕਾਰਜ ਕਰਦਾ ਹੈ।

**3.4 ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ 'ਪਰਵਾਸੀ' ਵਰਤਾਰਾ** : ਵੀਹਵੀਂ ਸਦੀ ਦੌਰਾਨ ਪਰਵਾਸ ਧਾਰਨ ਕਰਨ ਦੀ ਪ੍ਰਕਿਰਿਆ ਤੇਜ਼ੀ ਨਾਲ ਉੱਭਰੀ ਹੈ। ਇਸ ਪਿੱਛੇ ਖਿੱਚ ਅਤੇ ਦਬਾਅ ਮਹੱਤਵਪੂਰਨ ਕਾਰਕ ਹਨ। ਵਿਕਸਿਤ ਦੇਸ਼ਾਂ ਦੀਆਂ ਸੁੱਖ ਸਹੂਲਤਾਂ, ਪਦਾਰਥਕ ਕਾਰਨ, ਕਾਨੂੰਨ ਵਿਵਸਥਾ, ਨਿੱਜੀ ਆਜ਼ਾਦੀ, ਜਿਨਸੀ ਖੁੱਲ, ਤਰੱਕੀ ਅਤੇ ਪੈਸਾ ਕਮਾਉਣ ਦੇ ਮੌਕੇ ਪਰਵਾਸ ਲਈ ਖਿੱਚ ਦਾ ਕਾਰਨ ਬਣਦੇ ਹਨ। ਭਾਰਤ ਵਰਗੇ ਦੇਸ਼ਾਂ ਵਿਚਲੇ ਰਾਜਨੀਤਿਕ, ਪ੍ਰਸ਼ਾਸਨਿਕ, ਮੁਸ਼ਕਿਲਾਂ ਅਤੇ ਥੁੜਾਂ ਭਰਪੂਰ ਜ਼ਿੰਦਗੀ, ਬੇਰੁਜ਼ਗਾਰੀ, ਭਵਿੱਖ ਪ੍ਰਤੀ ਚਿੰਤਾ ਵਰਗੀਆਂ ਮੰਦੀਆਂ ਹਾਲਤਾਂ ਦਬਾਅ ਦਾ ਕਾਰਨ ਹਨ। ਪਰਵਾਸ ਲਈ ਅੰਗਰੇਜ਼ੀ ਦਾ ਸ਼ਬਦ (Immigration) ਵਰਤੋਂ ਵਿਚ ਆਉਂਦਾ ਹੈ। ਪਰਵਾਸ ਤੋਂ ਭਾਵ ਵਿਅਕਤੀ ਦਾ ਕਿਸੇ ਹੋਰ ਦੇਸ਼ ਵਿਚ ਉੱਥੋਂ ਦੇ ਪੱਕੇ ਨਿਵਾਸੀ ਬਣਨ ਦੀ ਇੱਛਾ ਨਾਲ ਜਾਣ ਤੋਂ ਹੈ। ਇਸ ਤੋਂ ਇਲਾਵਾ ਆਪਣੇ ਦੇਸ਼ ਨੂੰ ਪੱਕੇ ਤੌਰ ਤੇ ਛੱਡਣ ਵਾਸਤੇ ਦੂਸਰੇ ਦੇਸ਼ ਵਿਚ ਜਾਣ ਦਾ ਕਾਰਜ ਪਰਵਾਸ ਕਹਾਉਂਦਾ ਹੈ। ਇਸ ਲਈ ਅੰਗਰੇਜ਼ੀ ਵਿਚ (Emigration) ਸ਼ਬਦ ਵਰਤਿਆ ਜਾਂਦਾ ਹੈ। ਸੋ ਅਸੀਂ ਵੇਖਦੇ ਹਾਂ ਕਿ (Immigration) ਅਤੇ (Emigration) ਦੋਵਾਂ ਸ਼ਬਦਾਂ ਦੇ ਭਾਵਾਂ ਅਤੇ ਕਾਰਜ ਵਿਚ ਫ਼ਰਕ ਹੈ। ਭਾਵ ਪਰਵਾਸ (Emigration) ਦੇ ਕਾਰਜ ਰਾਹੀਂ ਮਨੁੱਖ ਆਪਣੀ ਮਾਤ ਭੂਮੀ ਨੂੰ ਪੱਕੇ ਤੌਰ ਤੇ ਛੱਡ ਕੇ ਦੂਸਰੇ ਦੇਸ਼ ਦੀ ਨਾਗਰਿਕਤਾ ਹਾਸਿਲ ਕਰ ਲੈਂਦਾ ਹੈ। ਦੂਸਰੇ ਕਿਸਮ ਦਾ ਪਰਵਾਸ (Immigration) ਜਿਸ ਵਿਚ ਮਨੁੱਖ ਕਿਸੇ ਦੂਸਰੇ ਦੇਸ਼ ਦਾ ਵਾਸੀ ਤਾਂ ਬਣ ਜਾਂਦਾ ਹੈ, ਪਰੰਤੂ ਉੱਥੋਂ ਦਾ ਨਾਗਰਿਕ ਨਹੀਂ ਬਣਦਾ । ਪੰਜਾਬ ਵਿਚ ਜ਼ਿਆਦਾਤਰ ਪਰਵਾਸ ਇਸ ਦੂਸਰੀ ਕਿਸਮ ਦਾ ਹੈ। ਇਸ ਬਾਰੇ ਸਵਰਨ ਚੰਦਨ ਦੇ ਸ਼ਬਦਾਂ ਵਿਚ :

> ਆਵਾਸੀ (Immigrant) ਵਾਸੀ ਦਾ ਉਲਟ ਹੈ ਵਾਸੀ ਉਹ ਹੈ ਜੋ ਪੁਸ਼ਤਾਂ ਤੋਂ ਸਬੰਧਿਤ ਧਰਤੀ ਤੇ ਵੱਸ ਰਿਹਾ ਹੈ। ਆਵਾਸੀ ਉਹ ਹੈ ਜੋ ਕਿਸੇ ਹੋਰ ਧਰਤੀ ਦਾ ਵਾਸੀ ਹੈ, ਪਰ ਸਬੰਧਿਤ ਧਰਤੀ ਤੇ ਕਿਸੇ ਤਲਾਸ਼ ਵਿਚ ਆਇਆ ਹੈ। ਆਵਾਸੀ ਆਰਜ਼ੀ ਪ੍ਰਕ੍ਰਿਤੀ ਵਾਲਾ ਹੁੰਦੀ ਹੈ। ਬਰਤਾਨੀਆਂ

ਵਿਚ ਵੱਸੇ ਭਾਰਤੀਆਂ ਨੂੰ ਜੇਕਰ ਆਵਾਸੀ ਪ੍ਰਵਰਗ ਰਾਹੀਂ ਪਰਿਭਾਸ਼ਿਤ ਕੀਤਾ ਜਾਵੇ ਤਾਂ ਇਸ ਦਾ ਅਰਥ ਹੈ ਕਿ ਉਹਨਾਂ ਦਾ ਵਾਪਸ ਪਰਤਣਾ ਨਿਸ਼ਚਿਤ ਹੀ ਹੈ। ਮਾਈਗਰੈਂਟ ਵਰਕਰ ਜਾਂ ਪੰਛੀ ਵਾਕੰਸ਼ ਉਹਦੇ ਵਾਪਸ ਜਾਣ ਨੂੰ ਪ੍ਰਸਤੁਤ ਕਰਦੇ ਹਨ। (*ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ* 9.)

ਪਰਵਾਸੀ ਆਪਣੀ ਜਨਮ ਭੋਇੰ ਤੋਂ ਚੰਗੇ ਭਵਿੱਖ ਦੀ ਆਸ ਵਿਚ ਦੂਸਰੇ ਦੇਸ਼ਾਂ ਅੰਦਰ ਜਾ ਕੇ ਪੱਕਾ ਟਿਕਾਣਾ ਕਰਨ ਵਾਲਿਆਂ ਨੂੰ ਕਿਹਾ ਜਾਂਦਾ ਹੈ। ਇਸ ਸਬੰਧੀ ਡਾ. ਕਰਨੈਲ ਸਿੰਘ ਦੀ ਇਹ ਟਿੱਪਣੀ ਵੇਖੀ ਜਾ ਸਕਦੀ ਹੈ,"ਪਰਵਾਸੀ ਉਹ ਵਿਅਕਤੀ ਹੁੰਦਾ ਹੈ ਜਿਹੜਾ ਰੁਜ਼ਗਾਰ ਜਾਂ ਚੰਗੇਰੇ ਜੀਵਨ-ਭਵਿੱਖ ਲਈ ਆਪਣੇ ਮੁਲਕ ਤੋਂ ਕਿਸੇ ਦੂਜੇ ਮੁਲਕ ਵਿਚ ਪੱਕੇ ਤੌਰ ਤੇ ਵੱਸਣ ਦੇ ਇਰਾਦੇ ਨਾਲ ਜਾਂਦਾ ਹੈ।" (*ਖੋਜ ਪੱਤ੍ਰਿਕਾ* :ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ 8.)

ਇਸੇ ਤਰ੍ਹਾਂ ਇਕ ਹੋਰ ਉਦਾਹਰਨ ਨਿਰੰਜਣ ਸਿੰਘ ਨੂਰ ਹੋਰਾਂ ਦੀ ਹੈ,"ਜਿਹੜੇ ਪਰਵਾਸੀ ਦੂਜੇ ਦੇਸ਼ਾਂ ਵਿਚ ਆਬਾਦ ਹੋਣ ਦਾ ਫ਼ੈਸਲਾ ਕਰ ਲੈਂਦੇ ਹਨ ਉਹ ਆਬਾਦਕਾਰ ਕਹਿਲਾਉਂਦੇ ਹਨ। ਪੱਕੇ ਤੌਰ ਤੇ ਦੂਜੇ ਦੇਸ਼ ਦੇ ਆਬਾਦ ਹੋਣ ਵਾਲੇ ਵਿਅਕਤੀ ਪਰਵਾਸੀ ਨਹੀਂ ਰਹਿੰਦੇ ਆਬਾਦਕਾਰ ਬਣ ਜਾਂਦੇ ਹਨ।" (*ਜਲਾਵਤਨ ਪੰਜਾਬ* ਪੰਨਾ 9.)

ਮੁੱਖ ਰੂਪ ਵਿਚ ਪਰਵਾਸ ਧਾਰਨ ਪਿੱਛੇ ਮਨੁੱਖ ਦੀ ਆਰਥਿਕ ਪੱਖੋਂ ਤਰੱਕੀ ਦੀ ਲਾਲਸਾ ਮੁੱਖ ਰੋਲ ਅਦਾ ਕਰਦੀ ਹੈ। ਡਾ. ਐਸ. ਪੀ. ਸਿੰਘ ਪਰਵਾਸੀ ਦੀ ਪਰਿਭਾਸ਼ਾ ਕਰਦੇ ਹਨ :"ਪਰਾਈਆਂ ਧਰਤੀਆਂ ਤੇ ਰੁਜ਼ਗਾਰ ਦੀ ਤਲਾਸ਼ ਜਾਂ ਵਧੇਰੇ ਆਰਥਿਕ ਵਸੀਲਿਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿਚ ਅਸਥਾਈ ਤੌਰ ਤੇ ਵਿਚਰਨ ਵਾਲੇ ਵਿਅਕਤੀਆਂ ਨੂੰ ਪਰਵਾਸੀ ਦਾ ਨਾਂ ਦਿੱਤਾ ਜਾਂਦਾ ਹੈ।" (*ਪਰਵਾਸੀ ਸਾਹਿਤ ਵਿਚਾਰ ਚਰਚਾ* 3.)

ਪੰਜਾਬੀ ਵਿਚ ਪਹਿਲਾਂ ਪ੍ਰਚੱਲਿਤ ਸ਼ਬਦ ਪਰਵਾਸੀ ਹੀ ਹੈ, ਪਰੰਤੂ ਦੇਖਾ ਦੇਖੀ ਅਸੀਂ ਇਸ ਲਈ ਡਾਇਸਪੋਰਾ ਸ਼ਬਦ ਇਸਤੇਮਾਲ ਕਰਨ ਲੱਗ ਪਏ ਹਾਂ। ਪਰੰਤੂ ਇਹ ਬਹੁਤ ਸੀਮਿਤ ਅਰਥਾਂ ਵਾਲਾ ਸ਼ਬਦ

ਹੈ।"ਡਾਇਸਪੋਰਾ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਦੁਆਰਾ ਕਿਸੇ ਵਿਸ਼ੇਸ਼ ਕੌਮ ਦੇ ਲੋਕ ਖਿੰਡ ਕੇ ਦੂਸਰੇ ਦੇਸ਼ ਵਿਚ ਨਿਵਾਸ ਕਰਦੇ ਹਨ। ਯਹੂਦੀ ਇਸ ਪ੍ਰਕਿਰਿਆ ਰਾਹੀਂ ਖਿੰਡਰੇ ਤੇ ਦੂਜੀ ਜਗ੍ਹਾ ਤੇ ਵੱਸ ਗਏ ਸਨ।" (*ਆਕਸਫੋਰਡ ਐਡਵਾਂਸ ਲਰਨਰਜ਼ ਡਿਕਸ਼ਨਰੀ* 9.) ਰੌਬਿਨ ਕੋਹੈਨ ਦੀ ਇਸ ਸਬੰਧੀ ਧਾਰਨਾ ਇਸ ਪ੍ਰਕਾਰ ਹੈ,"The word 'Diaspora' is derived from the Greek verb speiro (to sow) and the preposition dia(over)" ਅਰਥਾਤ,"ਸ਼ਾਬਦਿਕ ਅਰਥ ਪੱਖੋਂ Diaspora ਦੋ ਸ਼ਬਦਾਂ Dia+Speiro ਦੇ ਸੁਮੇਲ ਤੋਂ ਬਣਿਆਂ ਹੈ। Dia ਤੋਂ ਭਾਵ ਅਲੱਗ-ਅਲੱਗ ਜਾਂ ਦੂਰੀ ਤੇ Speiro ਦਾ ਅਰਥ ਖਿਲਾਰਨਾ ਜਾਂ ਬੀਜਣਾਂ ਹੈ।" (Robin Cohen. *Global Diasporas : An Introduction* 9.) "ਡਾਇਸਪੋਰਾ ਦੀ ਪਰਿਭਾਸ਼ਾ ਖੇਤਰ ਅਤੇ ਹੋਂਦ-ਵਿਧੀ ਨੂੰ ਸਮਝਣ ਦੇ ਸਿਧਾਂਤ ਵਿਚ ਪਰਾ-ਰਾਸ਼ਟਰਵਾਦ (transnationalism) ਅਤੇ ਵਿਸ਼ਵੀਕਰਨ (Globalisation) ਦੇ ਵਰਤਾਰਿਆਂ ਨੂੰ ਉਚੇਚੇ ਰੂਪ ਵਿਚ ਜੋੜਿਆ ਜਾਂਦਾ ਹੈ।"(Judith.T.Shuval. *Diaspora Migration* : Definition Ambiguaties and a Theoretical Paradigm in International Migrations 5.) ਇਸ ਵਰਤਾਰੇ ਲਈ ਵਿਸ਼ਾਲ ਅਰਥਾਂ ਦਾ ਧਾਰਨੀ ਸ਼ਬਦ ਪਰਵਾਸੀ ਹੀ ਇਸ ਸੰਕਲਪ ਲਈ ਢੁੱਕਵਾਂ ਪ੍ਰਤੀਤ ਹੁੰਦਾ ਹੈ।

ਜਦੋਂ ਅਸੀਂ ਇਤਿਹਾਸਕ ਪਰਿਪੇਖ ਵਿਚ ਦੇਖਦੇ ਹਾਂ ਤਾਂ ਪਰਵਾਸ 17ਵੀਂ ਸਦੀ ਤੋ 19ਵੀਂ ਸਦੀ ਵਿਚ ਯੂਰਪ ਵਿਚ ਵਾਪਰਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਇਸ ਪਰਵਾਸ ਦੀ ਮੂਲ ਚੂਲ ਬਸਤੀਵਾਦ ਹੈ। ਇਸ ਪ੍ਰਕਿਰਿਆ ਵਿਚ ਲੋਕ ਅਮਰੀਕਾ, ਅਫ਼ਰੀਕਾ, ਆਸਟ੍ਰੇਲੀਆ ਅਤੇ ਏਸ਼ੀਆ ਆਦਿ ਮਹਾਂਦੀਪਾਂ ਵਿਚ ਪਹੁੰਚੇ। ਜਿੱਥੇ ਉਨ੍ਹਾਂ ਦੇ ਦੇਸ਼ਾਂ ਨੇ ਆਪਣੀਆਂ ਬਸਤੀਆਂ ਕਾਇਮ ਕੀਤੀਆਂ ਹੋਈਆਂ ਸਨ। ਇਸ ਪਰਵਾਸ ਪਿੱਛੇ ਉਨ੍ਹਾਂ ਲੋਕਾਂ ਦੀ ਭਾਵਨਾ ਆਪਣੇ ਦੇਸ਼ ਦੀ ਆਰਥਿਕ ਤਰੱਕੀ ਦੀ ਲਾਲਸਾ ਸੀ। ਇਸ ਨਾਲ ਜਿੱਥੇ ਉਨ੍ਹਾਂ ਦੀ ਆਪਣੀ ਤਰੱਕੀ ਦੇ ਸੁਪਨੇ ਪੂਰੇ ਹੁੰਦੇ ਸਨ, ਉੱਥੇ ਨਾਲ ਹੀ ਉਸ ਦੇਸ਼ ਦੇ ਵਸਨੀਕਾਂ ਨਾਲ ਗ਼ੁਲਾਮਾਂ ਵਾਲਾ ਸਲੂਕ ਕਰਨ ਦੀ ਮਨਮਰਜ਼ੀ ਵੀ ਪੂਰੀ ਕਰਦੇ ਸਨ। 20ਵੀਂ ਸਦੀ ਵਿਚ ਪਰਵਾਸ ਰਿਫ਼ਿਊਜੀ ਜਾਂ ਜਲਾਵਤਨ ਹੋ ਕੇ ਦੂਜੇ ਦੇਸ਼ਾਂ ਵਿਚ ਜਾਣ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਜਿੱਥੋਂ ਤੱਕ ਇਸ ਦੇ ਕਾਰਨ ਦਾ ਸਬੰਧ ਹੈ ਤਾਂ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਤੋਂ ਪੈਦਾ ਹੋਈਆਂ ਸਥਿਤੀਆਂ ਹਨ।

ਇਨ੍ਹਾਂ ਯੁੱਧਾਂ ਕਾਰਨ ਕਈ ਦੇਸ਼ਾਂ ਦੀ ਆਰਥਿਕ ਹਾਲਤ ਡਾਵਾਂਡੋਲ ਹੋਣ ਕਰਕੇ ਲੋਕ ਦੂਸਰੇ ਯੂਰਪੀ ਦੇਸ਼ਾਂ ਵਿਚ ਵੱਸਣ ਲਈ ਮਜਬੂਰ ਹੋਏ। ਛੇਵੇਂ ਦਹਾਕੇ ਵਿਚ  ਯੂਰਪ ਅਤੇ ਉੱਤਰੀ ਅਮਰੀਕਾ ਵਿਚ ਉਦਯੋਗਿਕ ਤਰੱਕੀ ਕਾਰਨ ਕਾਮਿਆਂ ਦੀ ਘਾਟ ਦਾ ਦੌਰ ਸ਼ੁਰੂ ਹੋਇਆ। ਇਸ ਸਥਿਤੀ ਦਾ ਸਾਹਮਣਾ ਕਰਨ ਲਈ ਉਸ ਨੇ ਆਪਣੀਆਂ ਬਸਤੀਆਂ ਦੇ ਲੋਕਾਂ ਨੂੰ ਵੱਡੀ ਪੱਧਰ ਤੇ ਉੱਥੇ ਆ ਕੇ ਵੱਸਣ ਦਾ ਮੌਕਾ ਦਿੱਤਾ ਜਿਸ ਨਾਲ ਭਾਰਤ ਸਮੇਤ ਤੀਸਰੀ ਦੁਨੀਆਂ ਦੇ ਲੋਕ ਵਿਕਸਿਤ ਦੇਸ਼ਾਂ ਵੱਲ ਪਰਵਾਸ ਕਰਨ ਲੱਗੇ। ਇਹ ਸਿਲਸਿਲਾ ਕੋਈ ਦੇਸ਼ ਨਿਕਾਲੇ ਦਾ ਨਹੀਂ ਸੀ ਸਗੋਂ ਆਪਣੀ ਇੱਛਾ ਨਾਲ ਲੋਕ ਬਾਹਰਲੇ ਮੁਲਕਾਂ ਨੂੰ ਜਾਣ ਲੱਗੇ। ਪਰਾਈਆਂ ਧਰਤੀਆਂ ਤੇ ਰੁਜ਼ਗਾਰ ਦੀ ਤਲਾਸ਼ ਜਾਂ ਵਧੇਰੇ ਆਰਥਿਕ ਵਸੀਲਿਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿਚ ਅਸਥਾਈ ਤੌਰ ਤੇ ਵਿਚਰਨ ਵਾਲੇ ਵਿਅਕਤੀਆਂ ਨੂੰ ਪਰਵਾਸੀ ਦਾ ਨਾਂ ਦਿੱਤਾ ਜਾਂਦਾ ਹੈ। ਪਰਵਾਸ ਤੋਂ ਭਾਵ ਆਪਣੇ ਨਿੱਜ ਸਥਾਨ ਜਾਂ ਜਨਮ ਸਥਾਨ ਤੋਂ ਬਿਹਤਰ ਜ਼ਿੰਦਗੀ ਜਾਂ ਰੁਜ਼ਗਾਰ ਦੀ ਭਾਲ ਵਿਚ ਕਿਸੇ ਦੂਸਰੇ ਦੇਸ਼ ਜਾਂ ਆਪਣੇ ਹੀ ਦੇਸ਼ ਵਿਚਲੇ ਹੋਰ ਰਾਜ ਵਿਚ ਜਾ ਕੇ ਵਸ ਜਾਣਾ ਜਾ ਰੋਜ਼ੀ ਰੋਟੀ ਕਮਾ ਕੇ ਆਪਣਾ ਅਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ। ਭਾਰਤੀ ਸੰਦਰਭ ਵਿਚ ਇਹ ਦੋਵੇਂ ਪ੍ਰਕਾਰ ਦਾ ਪਰਵਾਸ ਗਤੀਸ਼ੀਲ ਹੈ। ਮਨੁੱਖ ਸਦਾ ਤੋਂ ਹੀ ਬਿਹਤਰ ਜ਼ਿੰਦਗੀ ਜਿਉਣ ਦਾ ਚਾਹਵਾਨ ਰਿਹਾ ਹੈ। ਮਨੁੱਖ ਸਦਾ ਹੀ ਰੁਜ਼ਗਾਰ ਪ੍ਰਾਪਤੀ ਲਈ ਆਪਣੇ ਘਰ ਤੋਂ ਬਾਹਰ ਜਾ ਕੇ ਅੱਛੀ ਕਮਾਈ ਕਰਨਾ ਚਾਹੁੰਦਾ ਹੈ। ਇਸ ਸੰਦਰਭ ਵਿਚ ਜੇਕਰ ਵੇਖਿਆ ਜਾਵੇ ਤਾਂ ਲੋਕ ਪਿੰਡਾਂ ਤੋਂ ਸ਼ਹਿਰ ਵਿਚ ਆ ਕੇ ਆਪਣੀ ਰੋਜ਼ੀ-ਰੋਟੀ ਦਾ ਆਹਰ ਕਰਦੇ ਹਨ। ਇਸ ਯਤਨ ਵਿਚ ਜਿਹੜੇ ਲੋਕ ਪਿੰਡਾਂ ਵਿਚੋਂ ਆ ਕੇ ਸ਼ਹਿਰ ਵਿਚ ਆਪਣੇ ਕਾਰੋਬਾਰ ਜਮਾ ਲੈਂਦੇ ਹਨ, ਉਹ ਫਿਰ ਆਪਣਾ ਰੈਣ-ਬਸੇਰਾ ਵੀ ਸ਼ਹਿਰ ਵਿਚ ਕਰਨ ਦਾ ਯਤਨ ਕਰਦੇ ਹਨ। ਇਹ ਪਰਵਾਸ ਦਾ ਮੁੱਢਲਾ ਰੂਪ ਕਿਹਾ ਜਾ ਸਕਦਾ ਹੈ। ਬੇਸ਼ੱਕ ਆਦਿ ਕਾਲ, ਜਿਸ ਵੇਲੇ ਜਮਾਤੀ ਵੰਡ ਨਹੀਂ ਹੋਈ ਸੀ ਉਸ ਵੇਲੇ ਮਨੁੱਖ ਮੈਦਾਨੀ ਇਲਾਕਿਆਂ ਅਤੇ ਉਪਜਾਊ ਜਲਵਾਯੂ ਵਾਲੇ ਸਥਾਨਾਂ ਤੇ ਪਰਵਾਸ ਕਰਦਾ ਸੀ। ਪਰੰਤੂ ਪਰਵਾਸ ਦਾ ਇਹ ਰੂਪ ਬਹੁਤੇ ਹਾਲਾਤਾਂ ਵਿਚ ਵਤਨ ਵਾਪਸੀ ਦਾ ਰੂਪ ਅਖ਼ਤਿਆਰ ਨਹੀਂ ਸੀ ਕਰਦਾ ਬਲਕਿ ਮਨੁੱਖ ਬਿਹਤਰ ਸਥਾਨ ਤੇ ਜਾ ਕੇ ਰਹਿਣਾ ਸ਼ੁਰੂ ਕਰ ਦਿੰਦਾ ਸੀ। ਪਰ ਜਿਸ ਸਥਾਨ ਤੇ ਮਨੁੱਖ ਆਪਣੇ ਅਤੇ ਆਪਣੇ ਪਰਿਵਾਰ ਲਈ ਬਿਹਤਰ ਸਹੂਲਤਾਂ ਪੈਦਾ ਕਰ ਲੈਂਦਾ, ਉਸੇ

ਸਥਾਨ ਨੂੰ ਉਹ ਆਪਣਾ ਪੱਕਾ ਟਿਕਾਣਾ ਬਣਾ ਲੈਂਦਾ ਸੀ। ਇਸ ਤਰ੍ਹਾਂ ਹੌਲੀ-ਹੌਲੀ ਬਸਤੀਆਂ ਅਤੇ ਫਿਰ ਪਿੰਡ, ਸ਼ਹਿਰ ਅਤੇ ਦੇਸ਼ ਹੋਂਦ ਵਿਚ ਆਏ ਤੇ ਇਸ ਸਭ ਦੇ ਨਾਲ ਹੀ ਜਨਮ ਭੂਮੀ ਦਾ ਸੰਕਲਪ ਹੋਂਦਸ਼ੀਲ ਹੋਇਆ। ਪਰੰਤੂ ਪਰਵਾਸ ਦਾ ਵਿਅਕਤੀਗਤ ਰੂਪ ਅਠਾਰ੍ਹਵੀਂ ਸਦੀ ਤੋਂ ਸਾਹਮਣੇ ਆਇਆ ਜਦੋਂ ਯੂਰਪ ਦੇ ਅਮੀਰ ਦੇਸ਼ਾਂ ਨੇ ਗ਼ਰੀਬ ਦੇਸ਼ਾਂ ਨੂੰ ਆਪਣੇ ਅਧੀਨ ਕਰਕੇ ਆਪਣੀਆਂ ਬਸਤੀਆਂ ਬਣਾਉਣਾ ਸ਼ੁਰੂ ਕੀਤਾ। ਇਸ ਸਾਰੇ ਵਰਤਾਰੇ ਪਿੱਛੇ ਉਨ੍ਹਾਂ ਦੇਸ਼ਾਂ ਦੀ ਆਰਥਿਕ ਤੌਰ ਤੇ ਤਰੱਕੀ ਦੀ ਨੀਯਤ ਸੀ। ਇਸ ਦੇ ਪ੍ਰਭਾਵਾਂ ਅਧੀਨ ਹੀ ਗ਼ਰੀਬ ਦੇਸ਼ਾਂ ਦੇ ਵਸਨੀਕਾਂ ਵਿਚ ਆਪਣੇ ਤੇ ਕਾਬਜ਼ ਅਮੀਰ ਦੇਸ਼ਾਂ ਦੇ ਬਾਸ਼ਿੰਦਿਆਂ ਦੇ ਜੀਵਨ ਪੱਧਰ ਪ੍ਰਤੀ ਖਿੱਚ ਵੀ ਪਰਵਾਸ ਦਾ ਕਾਰਨ ਬਣ ਗਈ। ਜੇਕਰ ਅੱਜ ਨਿਗ੍ਹਾ ਮਾਰੀਏ ਤਾਂ ਦੁਨੀਆਂ ਦਾ ਕੋਈ ਦੇਸ਼ ਅਜਿਹਾ ਨਹੀਂ ਹੋਵੇਗਾ ਜਿੱਥੋਂ ਦੇ ਵਸਨੀਕਾਂ ਵਿਚ ਦੂਸਰੇ ਦੇਸ਼ਾਂ ਵਿਚ ਜਾਣ ਦੀ ਖਿੱਚ ਨਾ ਹੋਵੇ। ਅਮੀਰ ਦੇਸ਼ਾਂ ਦੇ ਲੋਕ ਗ਼ਰੀਬ ਦੇਸ਼ਾਂ ਵਿਚ ਆਪਣੇ ਕਾਰੋਬਾਰ ਲਈ ਪਰਵਾਸ ਕਰਦੇ ਹਨ। ਗ਼ਰੀਬ ਦੇਸ਼ਾਂ ਦੇ ਲੋਕ ਅਮੀਰ ਦੇਸ਼ਾਂ ਵਿਚ ਜਾ ਕੇ ਬਿਹਤਰ ਜ਼ਿੰਦਗੀ ਲਈ ਸੰਘਰਸ਼ ਕਰਦੇ ਹਨ। ਇਸ ਤਰ੍ਹਾਂ ਇਹ ਵਰਤਾਰਾ ਸਦਾ ਗਤੀਸ਼ੀਲ ਰਹਿੰਦਾ ਹੈ। ਮੌਜੂਦਾ ਸਮੇਂ ਵਿਚ ਪੰਜਾਬ ਦਾ ਨੌਜਵਾਨ ਚੰਗੇ ਜੀਵਨ ਪੱਧਰ ਦੀ ਆਸ ਵਿਚ ਪਰਵਾਸ ਧਾਰਨ ਕਰ ਰਿਹਾ ਹੈ। ਅਸਲ ਵਿਚ ਇਹ ਵਰਤਾਰਾ ਪਹਿਲਾਂ-ਪਹਿਲ ਦੁਆਬੇ ਵੱਲ ਜ਼ਿਆਦਾ ਸੀ। ਪਰੰਤੂ ਹੁਣ ਪੰਜਾਬ ਦੇ ਹਰ ਹਿੱਸੇ ਵਿਚੋਂ ਨੌਜਵਾਨਾਂ ਦਾ ਵਿਦੇਸ਼ ਜਾ ਕੇ ਵੱਸਣ ਦਾ ਸੁਪਨਾ ਹੈ। ਇਸ ਪਿੱਛੇ ਕਾਰਨ ਕਈ ਹੋ ਸਕਦੇ ਹਨ, ਪਰ ਇਕ ਗੱਲ ਜੋ ਉੱਭਰਵੇਂ ਰੂਪ ਵਿਚ ਸਾਹਮਣੇ ਆਈ ਹੈ, ਵਿਦੇਸ਼ ਵਿਚ ਜਾ ਕੇ ਪੱਕਿਆਂ ਹੋਣ ਦੀ ਚਾਹਤ, ਜਿਸ ਲਈ ਪੰਜਾਬੀ ਕੋਈ ਵੀ ਹਰਬਾ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਬਹੁਗਿਣਤੀ ਵਿਚ ਲੋਕ ਜਨਮ ਭੋਇੰ ਛੱਡ ਕੇ ਵਿਦੇਸ਼ਾਂ ਵਿਚ ਪੱਕੇ ਤੌਰ ਤੇ ਰਹਿਣ ਲੱਗੇ ਹਨ। ਇਹ ਗੱਲ ਹੋਰ ਵੀ ਮਹੱਤਵਪੂਰਨ ਹੈ ਕਿ ਜਿਹੜੇ ਲੋਕ ਦੂਜੇ ਦੇਸ਼ਾਂ ਵਿਚ ਚਲੇ ਗਏ ਹਨ ਉਹ ਲੋਕ ਉੱਥੋਂ ਦੇ ਵਸਨੀਕਾਂ ਨਾਲ ਰਚ-ਮਿਚ ਗਏ ਹਨ। ਉੱਥੋਂ ਦੇ ਸੱਭਿਆਚਾਰ ਅਤੇ ਸੰਸਕ੍ਰਿਤੀ ਨੂੰ ਅਪਣਾ ਲਿਆ ਹੈ। ਇਸ ਨਾਲ ਪਰਵਾਸ ਦੇ ਸੰਕਲਪ ਦੀ ਘਾੜਤ ਬਦਲ ਗਈ ਹੈ। ਹੁਣ ਭੋਂ-ਹੇਰਵੇ ਦੀ ਥਾਂ ਤੇ ਦੂਸਰੇ ਸੱਭਿਆਚਾਰਾਂ ਪ੍ਰਤੀ ਹਾਂ ਪੱਖੀ ਵਰਤਾਰਾ ਭਾਰੂ ਹੋ ਗਿਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਪਰਵਾਸ ਦੇ ਅਰਥ ਬਦਲ ਗਏ ਹਨ। ਪਰਵਾਸ ਹੁਣ ਕੋਈ ਹੇਰਵੇ ਵਾਲਾ ਜਾਂ ਦੁੱਖਦ ਵਰਤਾਰਾ ਨਾ ਹੋ ਕੇ ਦੇਸ਼ਾਂ ਦੀਆਂ ਹੱਦਬੰਦੀਆਂ

ਤੋੜ ਕੇ ਬਹੁਸੱਭਿਆਚਾਰ ਨੂੰ ਅਪਨਾਉਣ ਦਾ ਕਾਰਕ ਹੈ। ਬੇਸ਼ੱਕ ਕਿਸੇ ਹੋਰ ਸੱਭਿਆਚਾਰ ਨੂੰ ਪੂਰਨ ਰੂਪ ਵਿਚ ਅਪਨਾਉਣਾ ਸਹਿਜ ਕਾਰਜ ਨਹੀਂ। ਪਰ ਅੱਜ ਸਥਿਤੀ ਇਹ ਹੈ ਕਿ ਆਪਣੀ ਮੂਲ ਪਹਿਚਾਣ ਦੇ ਨਾਲ ਦੂਸਰੇ ਪ੍ਰਤੀ ਸੁਹਿਰਦ ਸੋਚ ਰੱਖਣਾ ਇਕ ਆਮ ਵਰਤਾਰਾ ਹੈ। ਇਸ ਨਾਲ ਪਰਵਾਸ ਦੀ ਧਾਰਨਾ ਬਦਲ ਰਹੀ ਹੈ।"ਨਵਾਂ ਸੰਸਾਰਕ ਨਿਜ਼ਾਮ ਦਰਅਸਲ 'ਨਵੀਆਂ ਸੰਸਾਰਕ ਤਰਤੀਬਾਂ' ਦਾ ਹੀ ਸਾਕਾਰ ਰੂਪ ਹੈ। ਇਸ ਵਿਚ ਆਰਥਿਕਤਾ, ਤਕਨੀਕ, ਸਿਆਸਤ, ਸਭਿਆਚਾਰ ਅਤੇ ਪਹਿਚਾਣ ਦੀਆਂ ਸੀਮਾਬੱਧ ਕੋਟੀਆਂ ਵਿਚ ਬਹੁ-ਅਰਥੀ ਅਤੇ ਅੰਤਰ-ਸਬੰਧਿਤ ਤਬਦੀਲੀਆਂ ਦੇ ਫਲਸਰੂਪ ਇਸ ਨੂੰ 'ਕੌਮ ਅਤੇ ਰਾਜ ' ਦੇ ਘੇਰਿਆਂ ਤੋਂ ਬਾਹਰ ਕੱਢ ਕੇ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਲਿਆਂਦਾ ਗਿਆ ਹੈ।"(Chris Barker. *Cultural Studies : Theory and Practice* 385.) ਪਰਵਾਸ ਭਾਵੇਂ ਆਪਣੇ ਦੇਸ਼ ਵਿਚਲੇ ਇੱਕ ਸੂਬੇ ਤੋਂ ਦੂਸਰੇ ਸੂਬੇ ਵਿਚ ਹੋਵੇ ਜਾਂ ਦੂਸਰੇ ਦੇਸ਼ ਵਿਚ, ਪਰਵਾਸੀ ਵਿਅਕਤੀ ਨੂੰ ਦੋਵਾਂ ਹਾਲਤਾਂ ਵਿਚ ਦੋਇਮ ਦਰਜੇ ਦੇ ਅਹਿਸਾਸ ਵਿਚੋਂ ਗੁਜ਼ਰਨਾ ਪੈਂਦਾ ਹੈ। ਇਹ ਅਹਿਸਾਸ ਉਸ ਨੂੰ ਬੇਗਾਨਗੀ ਵੱਲ ਲੈ ਜਾਂਦਾ ਹੈ। ਇਹ ਅਸਮਾਨਤਾ ਦੀ ਸਥਿਤੀ ਹੀ ਉਨ੍ਹਾਂ ਵਿਅਕਤੀਆਂ ਨੂੰ ਹਾਸ਼ੀਆਗਤ ਸਮੂਹਾਂ ਵਿਚ ਸ਼ੁਮਾਰ ਕਰਦੀ ਹੈ।"ਅਸੀਂ ਇਸ ਮਨੁੱਖੀ ਸਮਾਜ ਦੇ ਗੈਰ-ਬਰਾਬਰ ਹਮਸਫ਼ਰ ਹਾਂ। ਵਿਸ਼ਵੀਕਰਨ ਦੀ ਪ੍ਰਕਿਰਿਆ ਵੀ ਅਸਮਾਨਤਾ ਦੇ ਇਸ ਦੋਸ਼ ਤੋਂ ਬਚਣ ਦੇ ਸਮਰੱਥ ਨਹੀਂ ਹੋ ਸਕੀ।" (Young. *Post Colonialism : An Historical Introduction* 106.) ਪਰਵਾਸ ਕੇਵਲ ਦੂਸਰੀ ਜਗ੍ਹਾ ਤੇ ਰਹਿਣ ਦਾ ਹੀ ਵਰਤਾਰਾ ਨਹੀਂ, ਬਲਕਿ ਇਸ ਨਾਲ ਇਸ ਨਾਲ ਮਨੁੱਖ ਦੀ ਸਮੁੱਚੀ ਚੇਤਨਾ ਪ੍ਰਭਾਵਿਤ ਹੁੰਦੀ ਹੈ। ਆਪਣੇ ਮੂਲ ਸਥਾਨ ਤੇ ਪਰਵਾਸੀ ਨੂੰ ਬਾਹਰਲੇ ਵਿਅਕਤੀ ਦੇ ਤੌਰ ਤੇ ਵੇਖਿਆ ਜਾਂਦਾ ਹੈ ਅਤੇ ਦੂਸਰੇ ਦੇਸ਼ ਵਿਚ ਬੇਗਾਨੇ ਦੇ ਰੂਪ ਵਿਚ ਉਸਦੀ ਪਹਿਚਾਣ ਨਿਰਧਾਰਿਤ ਹੁੰਦੀ ਹੈ। ਇਹ ਅਹਿਸਾਸ ਉਸ ਵਿਅਕਤੀ ਨੂੰ ਹਾਸ਼ੀਏ ਤੇ ਧੱਕ ਦਿੰਦਾ ਹੈ। ਪੰਜਾਬ ਵਿਚਲੇ ਪਰਵਾਸੀ ਮਜ਼ਦੂਰਾਂ ਅਤੇ ਵਿਦੇਸ਼ਾਂ ਵਿਚ ਰੋਜ਼ੀ ਰੋਟੀ ਕਮਾਉਣ ਗਏ ਵਿਅਕਤੀਆਂ ਤੇ ਇਹ ਅਹਿਸਾਸ ਭਾਰੂ ਰਹਿੰਦਾ ਹੈ।"ਪਰਵਾਸ ਨੂੰ ਕੇਵਲ ਭੂਗੋਲਿਕ ਸੰਕਲਪ ਮੰਨਣ ਦੀ ਬਜਾਏ ਇਸ ਨੂੰ ਚੇਤਨਤਾ ਨਾਲ ਸਬੰਧਿਤ ਕੀਤਾ ਜਾ ਸਕਦਾ ਹੈ ਜੋ ਇਕ ਅਨੁਭਵ ਦੇ ਸਪੇਸ ਵਿਚੋਂ ਲੰਘ ਕੇ ਪ੍ਰਵਾਹਮਾਨ ਹੁੰਦਾ ਹੋਇਆ ਨਵੇਂ ਸਪੇਸ ਦੀ ਸਿਰਜਣਾ ਕਰਦਾ ਹੈ ਅਤੇ ਆਪਣੇ ਮੂਲ ਸਪੇਸ ਬਾਰੇ ਸੁਚੇਤ

ਵੀ ਰਹਿੰਦਾ ਹੈ।"(106.) ਇਸ ਦੇ ਨਾਲ ਇਕ ਹੋਰ ਵਰਤਾਰਾ ਵੀ ਕਾਰਜਸ਼ੀਲ ਰਹਿੰਦਾ ਹੈ, ਜਿਸ ਨਾਲ ਦੂਸਰੇ ਸਥਾਨ ਤੇ ਰਹਿੰਦਾ ਵਿਅਕਤੀ ਹੌਲੀ-ਹੌਲੀ ਉਸ ਜਗ੍ਹਾ ਦੇ ਸੱਭਿਆਚਾਰ ਵਿਚ ਰਚਣ ਮਿਚਣ ਲੱਗ ਜਾਂਦਾ ਹੈ। ਸੁਰਜੀਤ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਇਸੇ ਵੰਨਗੀ ਦੀ ਹੈ। ਪਰ ਇਸ ਦੇ ਬਾਵਜੂਦ ਉਹ ਆਪਣਾ ਮੂਲ ਸੱਭਿਆਚਾਰ ਵੀ ਵਿਸਾਰਦਾ ਨਹੀਂ ਬਲਕਿ ਉਸ ਪ੍ਰਤੀ ਸੁਚੇਤ ਰਹਿੰਦਾ ਹੈ। ਇਸ ਨਾਲ ਮਿਲਗੋਭਾ ਸੱਭਿਆਚਾਰ ਦਾ ਜਨਮ ਹੁੰਦਾ ਹੈ।"ਜਦੋਂ ਦੋ ਜਾ ਦੋ ਤੋਂ ਵੱਧ ਸੱਭਿਆਚਾਰਾਂ ਦੇ ਤੱਤ ਪਰਸਪਰ ਰੂਪ ਵਿਚ ਮਿਲ ਕੇ ਪਛਾਣ ਦੇ ਨਵੇਂ ਅਰਥ ਸਿਰਜਦੇ ਹਨ ਤਾਂ ਉਸ ਨੂੰ ਹਾਈਬ੍ਰੇਡਿਟੀ ਦਾ ਨਾਮ ਦਿੱਤਾ ਜਾਂਦਾ ਹੈ। ਹਾਈਬ੍ਰੇਡਿਟੀ ਦਾ ਸਿਲਸਿਲਾ ਕਰਿਓਲੀਜ਼ੇਸ਼ਨ ਦੀ ਪ੍ਰਕਿਰਿਆ ਰਾਹੀਂ ਸਥਾਪਤ ਸੱਭਿਆਚਾਰਕ ਸਰਹੱਦਾਂ ਦਾ ਵਿਸਥਾਰ ਕਰਦਾ ਹੈ। ਇਸ ਤਰ੍ਹਾਂ ਜਦੋਂ ਬਹੁ-ਸੱਭਿਆਚਾਰਕ ਸਥਿਤੀ ਵਿਚੋਂ ਇਕ ਸੱਭਿਆਚਾਰ ਦੀ ਸਮਾਨਤਾ ਨੂੰ ਪਰਿਭਾਸ਼ਿਤ ਕਰਨਾ ਹੋਵੇ ਤਾਂ ਹਾਈਬ੍ਰੇਡਿਟੀ ਦੀ ਪ੍ਰਕਿਰਿਆ ਤੋਂ ਬਿਨਾ ਅਜਿਹਾ ਸੰਭਵ ਨਹੀਂ ਹੁੰਦਾ ਇਸੇ ਕਰਕੇ ਹੀ ਸਮਕਾਲੀ ਚਿੰਤਨ ਵਿਚ ਹਾਈਬ੍ਰੇਡਿਟੀ ਇਕ ਵਿਸ਼ੇਸ਼ ਸੰਕਲਪ ਵਜੋਂ ਉਭਰਕੇ ਸਾਹਮਣੇ ਆਇਆ ਹੈ। ਇਕ ਪਾਸੇ ਤਾਂ ਇਸ ਸੰਕਲਪ ਨੂੰ ਨਸਲ, ਕੌਮ, ਪਛਾਣ, ਬਹੁ-ਸੱਭਿਆਚਾਰ, ਕ੍ਰਿਓਲੀਕਰਨ ਅਤੇ ਪਾਰ ਸੱਭਿਆਚਾਰ ਦੇ ਮਿਸ਼ਰਤ ਰੂਪਾਂ ਨਾਲ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ ਉੱਥੇ ਦੂਸਰੇ ਪਾਸੇ ਆਧੁਨਿਕ, ਉਤਰ-ਆਧੁਨਿਕਤਾ, ਸਥਾਨੀਕਰਨ ਅਤੇ ਵਿਸ਼ਵੀਕਰਨ ਦੀਆਂ ਸਿਧਾਂਤਕ ਬਹਿਸਾਂ ਅਤੇ ਸੰਵਾਦਾਂ ਨਾਲ ਘੋਖਿਆ ਅਤੇ ਪਰਖਿਆ ਜਾ ਰਿਹਾ ਹੈ।" (Chris Barker. *Cultural Studies : Theory and Practice* 385.) ਪਰਵਾਸ ਦੇ ਅਰਥ ਹੁਣ ਕੇਵਲ ਭੂ-ਹੇਰਵੇ ਤੱਕ ਹੀ ਸੀਮਿਤ ਨਹੀਂ ਰਹੇ, ਬਲਕਿ ਇਸ ਤੋਂ ਪਾਰ ਜਾ ਕੇ ਮਿਸ਼ਰਤ ਸੱਭਿਆਚਾਰ ਦੀ ਸਿਰਜਣਾ ਕਰਨ ਅਤੇ ਵਿਸ਼ਵੀਕਰਨ ਦੇ ਸੰਕਲਪ ਉਸਾਰਨ ਤੱਕ ਫੈਲ ਜਾਂਦੇ ਹਨ।

ਭਗਤ ਬਾਣੀ ਵਿਚ ਇਸ ਸੰਸਾਰ ਨੂੰ ਇਕ ਮੰਨ ਕੇ ਰਹਿਣ ਦੀ ਧਾਰਨਾ ਪੇਸ਼ ਹੁੰਦੀ ਹੈ। ਫਰੀਦ ਜੀ ਅਨੁਸਾਰ ਰਹਿਣਯੋਗ ਸਥਾਨ ਕੋਈ ਨਹੀਂ ਲੱਭਦਾ।

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥

ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1383.)

ਇਸ ਸੰਸਾਰ ਰੂਪੀ ਖੂਹ ਵਿਚ ਡੱਡੂਆਂ ਦੇ ਰੂਪ ਵਿਚ ਮਨੁੱਖ ਰਹਿ ਰਿਹਾ ਹੈ। ਇਸ ਵਿਚ ਕੋਈ ਦੇਸ਼-ਵਿਦੇਸ਼ ਦੀ ਸੀਮਾ ਨਹੀਂ ਹੈ। ਮੇਰਾ ਮਨ ਇਸ ਦੀ ਜ਼ਹਿਰ ਰੂਪੀ ਸੁੰਦਰਤਾ ਵਿਚ ਗ੍ਰਸਿਆ ਗਿਆ ਹੈ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥ (346.)

ਪਰਮਾਤਮਾ ਨੂੰ ਭਗਤ ਬਾਣੀ ਵਿਚ ਅਜਿਹੇ ਨਾਇਕਤਵ ਦੇ ਬਿੰਬ ਦੁਆਰਾ ਸਿਰਜਿਆ ਗਿਆ ਹੈ, ਜੋ ਸਮੁੱਚੇ ਜਗਤ ਨੂੰ ਬਨਜਾਰੇ ਦੀ ਤਰਾਂ ਵਿਹਾਰ ਕਰਨ ਤੇ ਮਜਬੂਰ ਕਰ ਦਿੰਦਾ ਹੈ। ਜੇਕਰ ਅੱਜ ਦੇ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਸਮੁੱਚੇ ਜਗਤ ਵਿਚ ਧਰਮਾਂ ਦੇ ਨਾਮ ਤੇ ਜਿੱਥੇ ਵੰਡੀਆਂ ਹਨ, ਉੱਥੇ ਹੀ ਪਰਮਾਤਮਾ ਰੂਪੀ ਏਕੱਤਵ ਦੀ ਸ਼ਕਲ ਵਿਚ ਦੁਨੀਆਂ ਵਿਚ ਸ਼ਾਂਤੀ ਦੀਆਂ ਕੋਸ਼ਿਸ਼ਾਂ ਵੀ ਬਰਾਬਰ ਹੁੰਦੀਆਂ ਰਹਿੰਦੀਆਂ ਹਨ।

ਐਸਾ ਨਾਇਕੁ ਰਾਮੁ ਹਮਾਰਾ॥

ਸਗਲ ਸੰਸਾਰੁ ਕੀਓ ਬਨਜਾਰਾ॥ (333.)

ਭਗਤ ਬਾਣੀ ਵਿਚਲਾ ਨਾਇਕ ਸਭ ਦੇਸ਼ਾਂ ਵਿਚ ਭਰਮਣ ਕਰਦਾ ਹੈ। ਇਸ ਨਾਇਕਤਵ ਦੇ ਵਿਲੱਖਣ ਵਿਚਾਰਧਾਰਕ ਅਰਥ ਹਨ। ਪਰਵਾਸੀ ਹੋਵੇ ਜਾਂ ਕਿਸੇ ਦੇਸ਼ ਦਾ ਸਥਾਈ ਨਿਵਾਸੀ ਮਨੁੱਖੀ ਪੱਧਰ ਤੇ ਇੱਕੋ ਜਿਹੀ ਹੋਂਦ ਦਾ ਧਾਰਨੀ ਹੈ ਭਾਵ ਸਭ ਮਨੁੱਖ ਇੱਕੋ ਹੀ ਤਰ੍ਹਾਂ ਦੀ ਸਿਰਜਣਾ ਹਨ।

ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ॥ (1167.)

ਇੱਥੇ ਹੀ ਬੱਸ ਨਹੀਂ, ਭਗਤ ਬਾਣੀ ਇਨ੍ਹਾਂ ਦੇਸ਼ਾਂ ਦੀਆਂ ਸੀਮਾਵਾਂ ਤੋਂ ਪਾਰ ਵੀ ਜਾਂਦੀ ਹੈ। ਇਸ ਸਬੰਧੀ ਉੱਤਰ-ਆਧੁਨਿਕ ਯੁੱਗ ਵਿਚ ਬ੍ਰਹਿਮੰਡ ਨੂੰ ਸਮਝਣ ਲਈ ਕੁਆਂਟਮ ਭੌਤਿਕੀ ਦੇ ਸੰਕਲਪ ਦੁਆਰਾ ਨਵੀਆਂ ਅੰਤਰ ਦ੍ਰਿਸ਼ਟੀਆਂ ਸਾਹਮਣੇ ਆਈਆਂ ਹਨ।"ਕੁਆਂਤਮ ਭੌਤਿਕ ਵਿਗਿਆਨ ਨੇ ਬ੍ਰਹਿਮੰਡ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ।

ਇਸ 'ਚ ਕੋਈ ਰੇਖਕੀ ਪਰੋਗਰਾਮਿੰਗ ਨਹੀਂ ਹੁੰਦੀ। ਇਹ ਅਨਿਸਚਿੱਤਤਾ ਰਾਹੀਂ ਕਾਰਜ ਕਰਦੀ ਹੈ।" (ਮਨਮੋਹਨ. *ਕਾਵਿ-ਸ਼ਾਸਤਰ* (ਅੰਕ 12) 16.) ਭਗਤ ਕਵੀ ਪੂਰੇ ਬ੍ਰਹਿਮੰਡ ਨੂੰ ਇਕਾਈ ਵਿਚ ਬੰਨ੍ਹਦੇ ਹਨ।

ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ 1162.)

ਜਗਿਆਸੂ ਖ਼ੋਜੀ ਹੀ ਐਸੀ ਬਿਰਤੀ ਧਾਰਨ ਕਰ ਸਕਦਾ ਹੈ। ਇਸ ਲਈ ਮਨੁੱਖੀ ਤੱਤਾਂ ਦੀ ਜਾਣਕਾਰੀ ਲਈ ਸਮੁੱਚੇ ਬ੍ਰਹਿਮੰਡ ਨਾਲ ਆਤਮਸਾਤ ਕਰਨ ਦੀ ਜ਼ਰੂਰਤ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਸ ਤੱਥ ਨੂੰ ਸਮਝ ਕੇ ਸਮੁੱਚੀ ਮਨੁੱਖਤਾ ਦੀ ਏਕਤਾ ਦਾ ਸੂਤਰ ਲੱਭਣ ਦਾ ਮਾਰਗ ਮਿਲ ਸਕਦਾ ਹੈ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (695.)

ਜਿੱਥੇ ਮਰਜ਼ੀ ਟਿਕਾਣਾ ਕਰ ਲਵੋ ਆਪਣੀਆਂ ਬੁਰੀਆਂ ਬਿਰਤੀਆਂ ਦਾ ਤਿਆਗ ਕਰਨਾ ਪਵੇਗਾ, ਫੇਰ ਹੀ ਦੇਸ਼ ਵਿਦੇਸ਼ ਇਕ ਸਮਾਨ ਹੋ ਸਕਣਗੇ।

ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ॥
ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ॥ (1103.)

ਭਗਤ ਬਾਣੀ ਆਪਣੀ ਸੰਰਚਨਾ ਵਿਚ ਅਨੇਕ ਅਜਿਹੇ ਵਰਣਨ ਸਮੋਈ ਬੈਠੀ ਹੈ, ਜਿਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਕਬੀਰ ਜੀ ਪਰਵਾਸ ਦੀ ਕਲਪਨਾ ਪਿੱਛੇ ਕਾਰਜਸ਼ੀਲ ਵਰਤਾਰੇ ਦਾ ਬੋਧ ਕਰਵਾਉਂਦੀ ਹੈ। ਆਪਣੇ ਜੀਵਨ ਪੱਧਰ ਪ੍ਰਤੀ ਸੰਜੀਦਾ ਸੋਚ ਉੱਤਰ-ਆਧੁਨਿਕ ਪਰਿਪੇਖ ਵਿਚ ਮਹੱਤਵਪੂਰਨ ਕਾਰਜ ਕਰ ਸਕਦੀ ਹੈ।

ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ॥ (334.)

ਤ੍ਰਿਲੋਚਨ ਜੀ ਦੇ ਇਸ ਸ਼ਬਦ ਰਾਹੀਂ ਪਰਵਾਸੀ ਮਾਨਸਿਕਤਾ ਨੂੰ ਭਲੀ ਭਾਂਤ ਸਮਝਿਆ ਜਾ ਸਕਦਾ ਹੈ। ਜਦੋਂ ਵੀ ਕੋਈ ਆਪਣਾ ਵਤਨ ਛੱਡ ਕੇ ਪਰਵਾਸੀ ਹੁੰਦਾ ਹੈ ਤਾਂ ਸਭ ਤੋਂ ਜ਼ਿਆਦਾ ਭੂ-ਹੇਰਵੇ ਦੀ ਦਲਦਲ ਵਿਚ ਫਸਿਆ

ਮਹਿਸੂਸ ਕਰਦਾ ਹੈ। ਪਰਾਏ ਦੇਸ਼ ਵਿਚ ਅਤੇ ਪਰਾਏ ਲੋਕਾਂ ਵਿਚ ਉਸ ਦਾ ਜੀਣਾ ਮੁਹਾਲ ਹੋ ਜਾਂਦਾ ਹੈ। ਫਿਰ ਉਹ ਕਿਸੇ ਆਪਣੇ ਦੁਆਰਾ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦਾ ਹੈ। ਸੁਰਜੀਤ ਪਾਤਰ ਦੀ ਗ਼ਜ਼ਲ ਵਿਚਲਾ ਸ਼ੇਅਰ 'ਉਹ ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ' ਇਸੇ ਭਾਵਨਾ ਦੀ ਵੰਨਗੀ ਹੈ। ਆਪਣੀ ਮਿੱਟੀ ਅਤੇ ਆਪਣੇ ਲੋਕਾਂ ਦਾ ਮੋਹ ਉਸਦਾ ਪੈਂਡਾ ਨਹੀਂ ਛੱਡਦੇ।

ਦੂੜਾ ਆਇਓਹਿ ਜਮਹਿ ਤਣਾ॥

ਤਿਨ ਆਗਲੜੈ ਮੈ ਰਹਣੁ ਨ ਜਾਇ॥

ਕੋਈ ਕੋਈ ਸਾਜਣੁ ਆਇ ਕਹੈ॥

ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥

ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ॥ (92.)

ਪਰੰਤੂ ਜਿਸ ਤਨ ਲੱਗਦੀ ਹੈ, ਉਹੀ ਮਹਿਸੂਸ ਕਰ ਸਕਦਾ ਹੈ। ਕਿਉਂਕਿ ਪਰਵਾਸੀ ਵਿਅਕਤੀਆਂ ਦੀਆਂ ਆਪਣੀਆਂ ਦੁੱਖ ਤਕਲੀਫ਼ਾਂ ਅਤੇ ਮਜਬੂਰੀਆਂ ਹੁੰਦੀਆਂ ਹਨ। ਇਨ੍ਹਾਂ ਮਜਬੂਰੀਆਂ ਤਹਿਤ ਕੋਈ ਵਿਅਕਤੀ ਪਰਵਾਸ ਧਾਰਨ ਕਰਦਾ ਹੈ।

ਕੋਰੀ ਕੋ ਕਾਹੂ ਮਰਮੁ ਨ ਜਾਨਾਂ॥

ਸਭੁ ਜਗੁ ਆਨਿ ਤਨਾਇਓ ਤਾਨਾਂ॥ (484.)

ਆਪਣਾ ਘਰ ਛੱਡ ਕੇ ਬਾਹਰ ਜਾਣ ਦਾ ਮਰਮ ਉਹੀ ਸਮਝ ਸਕਦਾ ਹੈ ਜੋ ਇਸ ਸਭ ਕਾਸੇ ਨੂੰ ਭੁਗਤਦਾ ਹੈ। ਪਰਵਾਸ ਦੇ ਮਰਮ ਨੂੰ ਭਗਤ ਬਾਣੀ ਆਪਣੇ ਵਿਲੱਖਣ ਅੰਦਾਜ਼ ਦੁਆਰਾ ਬਿਆਨਦੀ ਹੈ।

ਘਰ ਛੋਡੇਂ ਬਾਹਰਿ ਜਿਨਿ ਜਾਇ॥

ਨਾਤਰੁ ਖਰਾ ਰਿਸੈ ਹੈ ਰਾਇ॥ (344.)

ਪਰਵਾਸ ਧਾਰਨ ਕਰਕੇ ਦੂਜੇ ਦੇਸ਼ ਵਿਚ ਰਹਿਣਾ ਕਈ ਵਾਰ ਨਾਖ਼ੁਸ਼ਗਵਾਰ ਗੁਜ਼ਰਦਾ ਹੈ। ਕਈ ਵਾਰ ਮਨ ਵਿਚ ਵਲਵਲਾ ਉੱਠਦਾ ਹੈ ਕਿ ਇਨਸਾਨ ਕਹਿ ਉੱਠਦਾ ਹੈ।

ਬਾਬਾ ਅਬ ਨ ਬਸਉ ਇਹ ਗਾਉ॥

ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥ (1104.)

ਪਰਵਾਸੀ ਮਨੁੱਖ ਦੀ ਚੇਤਨਾ ਵਿਚ ਵੱਸਿਆ ਆਪਣਾ ਦੇਸ਼ ਸਦਾ ਹੀ ਉਸ ਨੂੰ ਸੁੰਦਰ ਲੱਗਦਾ ਹੈ। ਉਸ ਨੂੰ ਜਾਪਦਾ ਹੈ ਕਿ ਆਪਣੇ ਦੇਸ਼ ਵਿਚ ਹੀ ਸਭ ਕੁਝ ਸੰਭਵ ਹੈ। ਪਰਵਾਸ ਦੇ ਦਬਾਵਾਂ ਨੂੰ ਮਹਿਸੂਸ ਕਰਦਿਆਂ ਸਦਾ ਉਸ ਦਾ ਮਨ ਘਰ ਨਾਲ ਜੁੜਿਆ ਰਹਿੰਦਾ ਹੈ।

ਕਤ ਜਾਈਐ ਰੇ ਘਰ ਲਾਗੋ ਰੰਗੁ॥ (1195.)

ਪਰਦੇਸੀ ਦੀ ਹਾਲਤ ਬਾਰੇ ਕਬੀਰ ਜੀ ਦਾ ਕਥਨ ਸਾਰਥਿਕ ਮਹਿਸੂਸ ਹੁੰਦਾ ਹੈ। ਇਸ ਵਿਚ ਪਰਵਾਸੀ ਵਿਅਕਤੀ ਦਾ ਦਰਦ ਮਹਿਸੂਸ ਕੀਤਾ ਜਾ ਸਕਦਾ ਹੈ।

ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗ॥

ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥ (1366.)

ਦੂਸਰੇ ਸਥਾਨ ਤੇ ਜਾ ਕੇ ਸਹਿਜੇ-ਸਹਿਜੇ ਇਨਸਾਨ ਦਾ ਮਨ ਉਸ ਥਾਂ ਨਾਲ ਲੱਗਣ ਲੱਗ ਜਾਂਦਾ ਹੈ। ਇਸ ਪ੍ਰਕਾਰ ਜੋ ਵਿਅਕਤੀ ਦੂਸਰੇ ਵਿਅਕਤੀ ਪ੍ਰਤੀ ਸੰਵੇਦਨਸ਼ੀਲ ਹੋ ਕੇ ਉਸ ਦੇ ਮਹੱਤਵ ਨੂੰ ਸਵੀਕਾਰਦਾ ਹੈ ਉਹ ਸੁਖਮਈ ਜੀਵਨ ਵੱਲ ਅਗ੍ਰਸਰ ਹੋ ਜਾਂਦਾ ਹੈ।

ਜੋ ਜਨ ਪਰਮਿਤਿ ਪਰਮਨੁ ਜਾਨਾ॥

ਬਾਤਨ ਹੀ ਬੈਕੁੰਠ ਸਮਾਨਾ॥ (325.)

ਇਸ ਨਾਲ ਉਸ ਨੂੰ ਇਸ ਸਭ ਨਾਲ ਸਮਝੌਤਾ ਕਰਨਾ ਪੈਂਦਾ ਹੈ। ਇਹ ਭਾਵਨਾ ਉਸ ਲਈ ਦੇਸ਼-ਵਿਦੇਸ਼ ਦਾ ਫ਼ਰਕ ਮਿਟਾਉਣ ਵੱਲ ਵਧਣ ਦੀ ਪ੍ਰੇਰਨਾ ਦਾ ਕੰਮ ਕਰਦੀ ਹੈ।

ਕਾਸੀ ਮਗਹਰ ਸਮ ਬੀਚਾਰੀ॥ (326.)

ਪਰਵਾਸੀ ਵਿਅਕਤੀ ਹੌਲੀ-ਹੌਲੀ ਉੱਥੋਂ ਦੇ ਮਾਹੌਲ ਅਤੇ ਲੋਕਾਂ ਵਿਚ ਰਚਣ ਮਿਚਣ ਲਗਦਾ ਹੈ। ਉਸ ਨੂੰ ਬੇਗਾਨਗੀ ਦਾ ਅਹਿਸਾਸ ਘਟਦਾ ਮਹਿਸੂਸ ਹੁੰਦਾ ਹੈ। ਇਸ ਨਾਲ ਉਸ ਨੂੰ ਸਭ ਵਿਚ ਇਕਸਾਰਤਾ ਦਿਖਾਈ ਦਿੰਦੀ ਹੈ। ਇਸ ਕਥਨ ਤੋਂ ਇਹ ਸੇਧ ਵੀ ਮਿਲਦੀ ਹੈ ਕਿ ਕਿਸੇ ਪਰਵਾਸੀ ਵਿਅਕਤੀ ਪ੍ਰਤੀ ਨਾਕਾਰਾਤਮਕ ਰਵੱਈਏ ਦਾ ਤਿਆਗ ਕਰਨਾ ਹੀ ਇਨਸਾਨੀਅਤ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਪਰਵਾਸੀ ਸਮੂਹਾਂ ਦੁਆਰਾ ਆਪਣੀ ਹੋਂਦ ਪ੍ਰਤੀ ਸਜਗ ਹੋ ਕੇ ਦੂਸਰਿਆਂ ਤੋਂ ਵੀ ਬਰਾਬਰੀ ਦੀ ਤਵੱਕੋ ਰੱਖੀ ਜਾਂਦੀ ਹੈ।

ਕਹੈ ਕਬੀਰੁ ਪੂਰਨ ਜਗ ਸੋਈ॥

ਜਾ ਕੇ ਹਿਰਦੈ ਅਵਰੁ ਨ ਹੋਈ॥ (330.)

ਪਰੰਤੂ ਕਈ ਵਾਰ ਫਿਰ ਵੀ ਮਾਨਸਿਕਤਾ ਤੇ ਇਹ ਗੱਲ ਹਾਵੀ ਹੋ ਜਾਂਦੀ ਹੈ ਕਿ ਹਾਲੇ ਕਿੰਨੀ ਦੇਰ ਤੱਕ ਇਹ ਭਟਕਣ ਰਹੇਗੀ। ਪਰੰਤੂ ਇਸ ਭਟਕਣ ਦਾ ਹੱਲ ਧੀਰਜ ਅਤੇ ਆਪਣੀ ਹੋਂਦ ਪ੍ਰਤੀ ਸਜਗ ਹੋ ਕੇ ਨਿਕਲਦਾ ਪ੍ਰਤੀਤ ਹੁੰਦਾ ਹੈ। ਭਗਤ ਧੰਨਾ ਜੀ ਨੇ ਇਸ ਸਥਿਤੀ ਨੂੰ ਪ੍ਰਗਟਾਇਆ ਹੈ।

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ॥ (487.)

ਪਰਦੇਸ ਵਿਚ ਰਹਿੰਦਿਆਂ-ਰਹਿੰਦਿਆਂ ਇਨਸਾਨ ਫਿਰ ਉੱਥੇ ਦਾ ਹੀ ਹੋ ਕੇ ਰਹਿਣ ਲੱਗ ਜਾਂਦਾ ਹੈ।

ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥(334.)

ਭਗਤ ਬਾਣੀ ਵਿਚਲੇ ਹਵਾਲੇ ਇਸ ਗੱਲ ਦੀ ਪ੍ਰੋੜਤਾ ਕਰਦੇ ਪ੍ਰਤੀਤ ਹੁੰਦੇ ਹਨ, ਕਿ ਪਰਵਾਸ ਇਕ ਕਸ਼ਟਦਾਈ ਵਰਤਾਰਾ ਹੈ। ਪਰ ਇਕ ਸਮਾ ਅਜਿਹਾ ਵੀ ਆ ਜਾਂਦਾ ਹੈ ਜਦੋਂ ਪਰਵਾਸੀ ਵਿਅਕਤੀ ਨੂੰ ਮਹਿਸੂਸ ਹੋਣ ਲੱਗਦਾ ਹੈ ਕਿ ਮੈ ਹੁਣ ਇਸ ਨੂੰ ਨਹੀਂ ਛੱਡ ਸਕਦਾ ਕਿਉਂਕਿ ਸਮੁੰਦਰ ਨੂੰ ਛੱਡ ਕੇ ਨਿੱਕੇ-ਨਿੱਕੇ ਛੱਪੜਾਂ ਵਿਚ ਜਾਣ ਦਾ ਮਨ ਨਹੀਂ ਕਰਦਾ।

ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥

ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ॥ (1367.)

ਅਜੋਕੇ ਉੱਤਰ-ਆਧੁਨਿਕ ਸਮੇਂ ਪਰਵਾਸ ਦੇ ਅਰਥ ਬਦਲ ਰਹੇ ਹਨ। ਪਰਵਾਸ ਦੀ ਧਾਰਨਾ ਹੁਣ ਤਣਾਉ ਨਹੀਂ ਬਲਕਿ ਸਮੁੱਚੀ ਦੁਨੀਆਂ ਨੂੰ ਇਕ ਪਿੰਡ ਦੀ ਤਰ੍ਹਾਂ ਸਮਝਣ ਵੱਲ ਰੁਚਿਤ ਹੋ ਰਹੀ ਹੈ। ਇਸ ਪਿੱਛੇ ਪਰਵਾਸੀ ਸਮੂਹਾਂ ਦੁਆਰਾ ਦੂਸਰੇ ਸੱਭਿਆਚਾਰਾਂ ਪ੍ਰਤੀ ਆਤਮਸਾਤ ਕਰਨ ਦੀ ਰੁਚੀ ਵੱਡੀ ਭੂਮਿਕਾ ਨਿਭਾਉਂਦੀ ਹੈ।

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥

ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥ (1349.)

ਭਰਮ ਭੁਲੇਖਿਆਂ ਨੂੰ ਦੂਰ ਕਰਕੇ ਸਭ ਸੰਸਾਰ ਇੱਕੋ ਹੀ ਹੈ ਤਹਿਤ ਗਲੋਬਲਾਈਜੇਸ਼ਨ ਦਾ ਵਰਤਾਰਾ ਅਗਰਭੂਮਿਤ ਹੁੰਦਾ ਜਾ ਰਿਹਾ ਹੈ। ਭਾਰਤ ਵਿਚੋਂ ਜ਼ਿਆਦਾਤਰ ਪੰਜਾਬੀ ਲੋਕ ਜੋ ਆਪਣੇ ਬਿਹਤਰ ਭਵਿੱਖ ਲਈ ਪਰਵਾਸ ਧਾਰਨ ਕਰਦੇ ਹਨ, ਉਨ੍ਹਾਂ ਦੁਆਰਾ ਆਪਣੀ ਹੋਂਦ ਦੇ ਪ੍ਰਗਟਾਵੇ ਦੇ ਕੀਤੇ ਯਤਨ ਅੱਜ ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਵਿਚ ਨਜ਼ਰ ਆਉਂਦੇ ਹਨ, ਪਰ ਖਾੜੀ ਦੇਸ਼ਾਂ ਵਿਚ ਹਾਲਾਤ ਇਸ ਤੋਂ ਉਲਟ ਹਨ। ਇਸ ਲਈ ਪੰਜਾਬੀ ਪਰਵਾਸੀਆਂ ਨੂੰ ਸੰਸਾਰ ਦੇ ਅਲੱਗ-ਅਲੱਗ ਖ਼ਿੱਤਿਆਂ ਵਿਚ ਵੱਖੋ-ਵੱਖਰੇ ਹਾਲਾਤਾਂ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ। ਇਸੇ ਤਰ੍ਹਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਪਰਵਾਸੀ ਮਜ਼ਦੂਰਾਂ ਦੇ ਰੂਪ ਵਿਚ ਰਹਿ ਰਹੇ ਲੋਕਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਨ੍ਹਾਂ ਸਮੱਸਿਆਵਾਂ ਦਾ ਹੱਲ ਸਭ ਵਿਚ ਇੱਕੋ ਨੂਰ ਦੀ ਹੋਂਦ ਦੀ ਸਮਝ ਵਿਚ ਹੈ। ਉੱਤਰ-ਆਧੁਨਿਕਤਾ ਵੀ ਅਜਿਹੀ ਸੋਚ ਦਾ ਸੰਚਾਰ ਕਰਦੀ ਹੈ।

ਲੋਗਾ ਭਰਮਿ ਨ ਭੂਲਹੁ ਭਾਈ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ (1350.)

ਹੁਣ ਸ਼ੰਕਾਵਾਂ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹੀ ਹੈ ਕਿਉਂਕਿ ਸਭ ਥਾਈਂ ਉਸੇ ਦਾ ਪਸਾਰਾ ਪਸਰਿਆ ਹੋਇਆ ਹੈ। ਇਸ ਕਥਨ ਵਿਚ ਸਮੱਸਿਆਵਾਂ ਦਾ ਹੱਲ ਛੁਪਿਆ ਹੋਇਆ ਹੈ।

ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ (1350.)

ਭਗਤ ਬਾਣੀ ਦੇ ਨਿਮਨਲਿਖਤ ਸ਼ਬਦ ਦੁਆਰਾ ਰਹਿਣਯੋਗ ਥਾਂ ਦਾ ਪੂਰਾ ਵਿਵਰਣ ਸਾਨੂੰ ਮਿਲਦਾ ਹੈ। ਅਸਲ ਵਿਚ ਉੱਤਰ-ਆਧੁਨਿਕਤਾ ਦੀ ਧਾਰਨਾ ਦੀ ਪੁਸ਼ਟੀ ਵੀ ਇਸੇ ਦੁਆਰਾ ਹੁੰਦੀ ਹੈ। ਕਿਸ ਤਰ੍ਹਾਂ ਅਸੀਂ ਦੇਸ਼ਾਂ ਦੀਆਂ ਹੱਦਬੰਦੀਆਂ ਤੋਂ ਮੁਕਤ ਹੋ ਕੇ ਰਹਿਣਯੋਗ ਸਥਾਨ ਦੀ ਰਚਨਾ ਕਰ ਸਕਦੇ ਹਾਂ। ਉੱਤਰ-ਆਧੁਨਿਕ ਚਿੰਤਨ ਵੀ ਇਸੇ ਦੀ ਨਿਸ਼ਾਨਦੇਹੀ ਕਰਦਾ ਹੈ।

ਬੇਗਮ ਪੁਰਾ ਸਹਰ ਕੋ ਨਾਉ॥

ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਨਾਂ ਤਸਵੀਸੁ ਖਿਰਾਜੁ ਨ ਮਾਲੁ॥

ਖਉਫੁ ਨ ਖਤਾ ਨ ਤਰਸੁ ਜਵਾਲੁ॥੧॥

ਅਬ ਮੋਹਿ ਖੂਬ ਵਤਨ ਗਹ ਪਾਈ॥

ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥

ਕਾਇਮੁ ਦਾਇਮੁ ਸਦਾ ਪਾਤਿਸਾਹੀ॥

ਦੋਮ ਨ ਸੇਮ ਏਕ ਸੋ ਆਹੀ॥

ਆਬਾਦਾਨੁ ਸਦਾ ਮਸਹੂਰ॥

ਊਹਾਂ ਗਨੀ ਬਸਹਿ ਮਾਮੂਰ॥੨॥

ਤਿਉ ਤਿਉ ਸੈਲ ਕਰਹਿ ਜਿਉ ਭਾਵੈ॥

ਮਹਰਮ ਮਹਲ ਨ ਕੋ ਅਟਕਾਵੈ॥

ਕਹਿ ਰਵਿਦਾਸ ਖਲਾਸ ਚਮਾਰਾ॥

ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥ (345.)

ਅਜੋਕੇ ਸਮੇਂ ਵਿਚ ਜਦੋਂ ਮਨੁੱਖਤਾ ਆਪਣੀ ਅਖੌਤੀ ਤਰੱਕੀ ਦੇ ਦੰਭ ਵਿਚ ਖ਼ਾਤਮੇ ਦੇ ਕਗਾਰ ਤੇ ਖੜ੍ਹੀ ਹੈ, ਤਾਂ ਭਗਤ ਬਾਣੀ ਵਿਚਲਾ ਪ੍ਰਵਚਨ ਮਨੁੱਖ ਲਈ ਰਾਹ ਦਸੇਰਾ ਹੋ ਨਿੱਬੜਦਾ ਹੈ। ਉਪਰੋਕਤ ਸ਼ਬਦ ਵਿਚ ਅਜਿਹੀ ਦੁਨੀਆਂ ਦਾ ਨਕਸ਼ਾ ਖਿੱਚਿਆ ਗਿਆ ਹੈ ਜਿਸ ਅੰਦਰ ਕਿਸੇ ਪ੍ਰਕਾਰ ਦਾ ਦਵੇਸ਼ ਨਾ ਹੋਵੇ। ਕਮਾਲ ਦੀ ਗੱਲ ਇਹ ਹੈ ਕਿ ਇਸ ਅੰਤਿਮ ਤੁਕ ਵਿਚ ਭਗਤ ਰਵਿਦਾਸ ਜੀ ਆਪਣੇ ਆਪ ਨੂੰ 'ਚਮਾਰ' ਭਾਵ ਅਖੌਤੀ ਨੀਵੀਂ ਜ਼ਾਤ ਨਾਲ ਸਬੰਧਿਤ ਕਰ ਰਹੇ ਹਨ। ਇਸ ਦੇ ਬਹੁਤ ਵੱਡੇ ਦਾਰਸ਼ਨਿਕ ਅਰਥ ਹਨ। ਜੇਕਰ ਮਨੁੱਖ ਆਪਣੀ ਸਰਬ-ਵਿਆਪੀ ਪਛਾਣ ਕਰਕੇ ਆਪ ਨੂੰ ਨਿਮਰ ਕਰ ਲਵੇ ਤਾਂ ਸੰਸਾਰ ਵਿਚ ਵਿਅਕਤੀਗਤ, ਪਰਿਵਾਰਿਕ, ਸਮਾਜਿਕ ਅਤੇ ਬ੍ਰਹਿਮੰਡਕ ਸਾਰੇ ਝਗੜੇ ਖ਼ਤਮ ਹੋ ਸਕਦੇ ਹਨ। ਮਸਲਾ ਤਾਂ ਕੇਵਲ ਆਪਣੀ ਪਹਿਚਾਣ ਦਾ ਹੈ।

ਉਪਰੋਕਤ ਅਧਿਐਨ ਤੋਂ ਉੱਤਰ-ਆਧੁਨਿਕਤਾ ਵਿਚ ਆਪਣੀ ਹੋਂਦ ਲਈ ਯਤਨਸ਼ੀਲ ਹਾਸ਼ੀਆਗਤ ਸਮੂਹਾਂ ਪ੍ਰਤੀ ਭਗਤ ਬਾਣੀ ਵਿਚਲੇ ਪ੍ਰਵਚਨ ਦਾ ਮੁੱਲਾਂਕਣ ਕਰਨ ਤੇ ਪ੍ਰਾਪਤ ਨਤੀਜਿਆਂ ਨੂੰ ਇਸ ਪ੍ਰਕਾਰ ਵੇਖਿਆ ਜਾ ਸਕਦਾ ਹੈ।

ਉੱਤਰ-ਆਧੁਨਿਕਤਾ ਵਿਚ ਨਾਰੀ ਦੀ ਹੋਂਦ ਲਈ ਜੱਦੋਜਹਿਦ ਨੂੰ ਪ੍ਰਮੁੱਖਤਾ ਨਾਲ ਵੇਖਿਆ ਜਾ ਰਿਹਾ ਹੈ। ਭਗਤ ਬਾਣੀ ਦਾ ਇਸ ਪ੍ਰਤੀ ਬਹੁਤ ਸਪੱਸ਼ਟ ਨਜ਼ਰੀਆ ਹੈ। ਨਾਰੀ ਨੂੰ ਮਾਤਾ, ਭੈਣ ਅਤੇ ਧੀ ਦੇ ਰੂਪ ਵਿਚ ਭਗਤ ਬਾਣੀ ਵਿਚ ਪੇਸ਼ ਕੀਤਾ ਗਿਆ ਹੈ। ਭਗਤ ਬਾਣੀ ਨਾਰੀ ਦੇ ਸ਼ੋਸ਼ਣ ਨੂੰ ਆਪਣੇ ਪ੍ਰਵਚਨ ਦੁਆਰਾ ਸਾਹਮਣੇ ਲਿਆਉਂਦੀ ਹੈ। ਇਸ ਵਿਚ ਔਰਤਾਂ ਨਾਲ ਸਬੰਧਿਤ ਇਤਿਹਾਸਕ ਅਤੇ ਮਿਥਿਹਾਸਿਕ ਹਵਾਲਿਆਂ ਦੁਆਰਾ ਇਸ ਦੇ ਸਮਰਪਣ ਭਾਵ ਜਿਹੇ ਗੁਣਾਂ ਦੇ ਬਾਵਜੂਦ ਹਾਸ਼ੀਆਗਤ ਹੋਂਦ ਦਾ ਚਿੱਤਰ ਪੇਸ਼ ਕੀਤਾ ਗਿਆ ਹੈ। ਅਜੋਕੇ ਸਮੇਂ ਵਿਚ ਔਰਤ ਬੇਸ਼ੱਕ ਉੱਚੇ ਅਹੁਦਿਆਂ ਤੱਕ ਜਾ ਪਹੁੰਚੀ ਹੈ, ਪਰ ਉਸਦਾ ਦਰਜਾ ਦੋਇਮ ਹੀ ਰਹਿੰਦਾ ਹੈ। ਉੱਤਰ-ਆਧੁਨਿਕਤਾ ਇਸ ਪਰਪੰਚ ਦੇ ਪਾਜ ਉਧੇੜਦੀ ਹੈ। ਨਾਰੀਵਾਦ ਨੇ ਜਿੱਥੇ ਔਰਤਾਂ ਦੀ ਤਰੱਕੀ ਲਈ ਜੱਦੋਜਹਿਦ ਕੀਤੀ ਹੈ, ਉੱਥੇ ਨਾਲ ਹੀ ਇਹ ਵੀ ਕਿਤੇ ਨਾ ਕਿਤੇ ਮੰਨਿਆਂ ਹੈ ਕਿ ਔਰਤ ਪ੍ਰਤੀ ਮਾਨਸਿਕਤਾ ਵਿਚ ਗੌਲਣਯੋਗ ਪਰਿਵਰਤਨ ਨਹੀਂ ਵਾਪਰਿਆ ਹੈ। ਇਸ ਦੀ ਉਦਾਹਰਨ ਮੀ-ਟੂ ਵਰਗੇ ਅਭਿਆਨ ਹਨ ਜਿਨ੍ਹਾਂ ਰਾਹੀਂ ਔਰਤਾਂ ਪ੍ਰਤੀ ਸੋਚ ਦਾ ਪਾਜ ਉੱਘੜਦਾ ਹੈ।

ਇਸ ਦੇ ਨਾਲ ਹੀ ਸਫਲ ਔਰਤਾਂ ਦੀ ਮਜ਼ਬੂਤੀ ਦਾ ਭਰਮ ਵੀ ਢਹਿ-ਢੇਰੀ ਹੁੰਦਾ ਹੈ। ਭਗਤ ਬਾਣੀ ਔਰਤ ਪ੍ਰਤੀ ਸਮਾਜਿਕ ਸੋਚ ਨੂੰ ਹਲੂਣਾ ਦੇਣ ਦਾ ਕਾਰਜ ਕਰਦੀ ਹੈ। ਜਦੋਂ ਤੱਕ ਸਮੁੱਚੇ ਸਮਾਜ ਦੀ ਸੋਚ ਵਿਚ ਪਰਿਵਰਤਨ ਨਹੀਂ ਵਾਪਰਦਾ ਉਦੋਂ ਤੱਕ ਔਰਤਾਂ ਪ੍ਰਤੀ ਨਜ਼ਰੀਏ ਵਿਚ ਸਾਵਾਂਪਣ ਨਹੀਂ ਆ ਸਕਦਾ। ਭਗਤ ਬਾਣੀ ਵਿਚਲੇ ਹਵਾਲਿਆਂ ਵਿਚ ਔਰਤ ਦੇ ਵੱਖ-ਵੱਖ ਰੂਪਾਂ ਦਾ ਵਰਣਨ ਕਰ ਕੇ ਸਕਾਰਾਤਮਿਕ ਸੋਚ ਬਣਾਉਣ ਦਾ ਕਾਰਜ ਕੀਤਾ ਗਿਆ ਹੈ। ਲੋੜ ਸਿਰਫ਼ ਇਸ ਤੇ ਚੱਲਣ ਦੀ ਹੈ।

ਉੱਤਰ-ਆਧੁਨਿਕਤਾ ਵਿਚ ਦਲਿਤ ਸਾਹਿਤ ਦੇ ਰੂਪ ਵਿਚ ਇਕ ਵੱਖਰਾ ਸੰਕਲਪ ਸਾਹਮਣੇ ਆਇਆ ਹੈ। ਭਗਤ ਬਾਣੀ ਵਿਚਲੇ ਬਹੁਤੇ ਰਚਨਾਕਾਰ ਕਥਿਤ ਦਲਿਤ ਸ਼੍ਰੇਣੀ ਨਾਲ ਸਬੰਧਿਤ ਹਨ। ਪਰੰਤੂ ਭਗਤ ਬਾਣੀ ਜਿੱਥੇ ਦਲਿਤ ਦੇ ਸ਼ੋਸ਼ਣ ਨੂੰ ਸਾਹਮਣੇ ਲਿਆਉਂਦੀ ਹੈ ਉੱਥੇ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਭਗਤ ਕਵੀ ਆਪਣੀ ਜਾਤ ਨੂੰ ਬਹੁਤ ਮਾਣ ਨਾਲ ਬਿਆਨਦੇ ਹਨ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਵਿਚਲੇ ਕਵੀ ਆਪਣੀ ਸਨਮਾਨ ਜਨਕ ਪਛਾਣ ਨਾਲ ਸਾਹਮਣੇ ਆਉਂਦੇ ਹਨ। ਅਜੋਕੇ ਸਮੇਂ ਵਿਚ ਵੀ ਭਾਰਤ ਅੰਦਰ ਕਈ ਰਾਜਾਂ ਵਿਚ ਜਾਤ-ਪਾਤ ਰੂਪੀ ਕੋਹੜ ਫੈਲਿਆ ਹੋਇਆ ਹੈ। ਰਾਜਨੇਤਾ ਵੀ ਜਾਤੀਗਤ ਰਾਜਨੀਤੀ ਕਰਕੇ ਇਸ ਨੂੰ ਦੂਰ ਕਰਨ ਤੋਂ ਟਾਲਾ ਵੱਟਦੇ ਹਨ। ਭਗਤ ਬਾਣੀ ਵਿਚਲਾ ਦਲਿਤ ਆਪਣੇ ਸ਼ੋਸ਼ਣ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ। ਉਹ ਆਪਣੀ ਨੀਵੀਂ ਜਾਤੀ ਤੋ ਹੀਣਤਾ ਨਹੀਂ ਮਹਿਸੂਸ ਕਰਦਾ ਬਲਕਿ ਕਰਮ ਦੀ ਪ੍ਰਧਾਨਤਾ ਦੁਆਰਾ ਆਪਣੇ ਆਪ ਨੂੰ ਉੱਚਾ ਸਿੱਧ ਕਰਦਾ ਹੈ। ਇਸ ਨੂੰ ਡਾ.ਅੰਬੇਦਕਰ ਦੇ ਸੰਘਰਸ਼ ਦੁਆਰਾ ਰੂਪਮਾਨ ਕਰਨਾ ਸਮੇਂ ਦੀ ਲੋੜ ਹੈ।

ਕਿੰਨਰਾਂ ਬਾਰੇ ਭਾਵੇਂ ਭਗਤ ਬਾਣੀ ਵਿਚ ਬਹੁਤ ਥੋੜ੍ਹੇ ਵੇਰਵੇ ਮਿਲਦੇ ਹਨ ਪਰ ਇਸ ਸਮੂਹ ਦੀ ਹੋਂਦ ਦਾ ਵੀ ਪ੍ਰਗਟਾਵਾ ਬਰਾਬਰੀ ਦੇ ਸੰਦਰਭ ਵਿਚ ਮਿਲਦਾ ਹੈ। ਭਗਤ ਬਾਣੀ ਤਾਂ ਇਸ ਤੋਂ ਵੀ ਅੱਗੇ ਦੀ ਗੱਲ ਕਰਦੀ ਹੈ ਜਿਸ ਵਿਚ ਪੁਰਖ ਅਤੇ ਨਾਰੀ ਦੇ ਭੇਦ ਨੂੰ ਹੀ ਖ਼ਤਮ ਕੀਤਾ ਗਿਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਹ ਨਜ਼ਰੀਆ ਹੀ ਸੰਤੁਲਿਤ ਸੋਚ ਦਾ ਨਿਰਮਾਣ ਕਰਨ ਦੇ ਸਮਰੱਥ ਹੈ।

ਉੱਤਰ-ਆਧੁਨਿਕ ਦੌਰ ਵਿਚ ਪਰਵਾਸੀ ਵੀ ਹਾਸ਼ੀਆਗਤ ਹੋਂਦ ਦੇ ਧਾਰਨੀ ਹਨ। ਇਸ ਪਰਵਾਸ ਵਿਚ ਭਾਰਤ ਵਿਚੋਂ ਪਰਵਾਸ ਕਰਕੇ ਬਿਹਤਰ ਜੀਵਨ ਦੀ ਤਲਾਸ਼ ਵਿਚ ਉੱਨਤ ਦੇਸ਼ਾਂ ਵੱਲ ਕੀਤਾ ਗਿਆ ਪਰਵਾਸ ਅਤੇ ਭਾਰਤ ਦੇ ਆਰਥਿਕ ਪੱਖੋਂ ਪਿਛੜੇ ਰਾਜਾਂ ਤੋਂ ਰੋਜ਼ੀ-ਰੋਟੀ ਦੀ ਤਲਾਸ਼ ਲਈ ਪੰਜਾਬ ਅਤੇ ਹੋਰ ਰਾਜਾਂ ਵਿਚ ਜਾਣਾ ਸ਼ਾਮਿਲ ਹੈ। ਭਗਤ ਬਾਣੀ ਦਾ ਸਬੰਧ ਅਧਿਆਤਮਕ ਜਗਤ ਨਾਲ ਹੋਣ ਕਾਰਨ ਭਾਵੇਂ ਇਸ ਵਿਚ ਪਰਵਾਸ ਦਾ ਸਰੂਪ ਅੰਦਰੂਨੀ ਹੈ, ਪਰ ਇਸ ਦੁਆਰਾ ਅਸੀਂ ਇਸ ਸਮੂਹ ਦੀ ਮਾਨਸਿਕ ਸਥਿਤੀ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ। ਭਗਤ ਬਾਣੀ ਵਿਚ ਪਰਵਾਸ ਦੇ ਦੁਖਾਂਤ ਦਾ ਹੱਲ ਸਮੁੱਚੀ ਮਨੁੱਖਤਾ ਨੂੰ ਇਕ ਸਮਝਣ ਵਿਚ ਨਿਹਿਤ ਕਰ ਕੇ 'ਬੇਗਮਪੁਰਾ' ਸਿਰਜਣ ਦੀ ਸੇਧ ਦਿੱਤੀ ਗਈ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਵਿਚ ਉੱਤਰ-ਆਧੁਨਿਕਤਾ ਦੁਆਰਾ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ ਉੱਭਰਵੇਂ ਰੂਪ ਵਿਚ ਪੇਸ਼ ਹੋਇਆ ਹੈ। ਇਸ ਨੂੰ ਸਹੀ ਸੰਦਰਭ ਵਿਚ ਸਮਝ ਕੇ ਆਮ ਜਨਜੀਵਨ ਤੱਕ ਲਿਜਾਣਾ ਸਮੇਂ ਦੀ ਲੋੜ ਹੈ। ਇਸ ਨਾਲ ਹੀ ਭਾਰਤੀ ਸੰਸਕ੍ਰਿਤੀ ਵਿਚਲੇ 'ਵੈਸ਼ਵਯ ਕੁਟੁੰਬਕਮ' ਦਾ ਸੰਕਲਪ 'ਬੇਗਮਪੁਰੇ' ਦੇ ਰੂਪ ਵਿਚ ਸਾਕਾਰ ਹੋ ਸਕਦਾ ਹੈ।

# ਅਧਿਆਇ ਚੌਥਾ

## ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਭਗਤ-ਬਾਣੀ ਦਾ ਗਿਆਨ ਸ਼ਾਸਤਰੀ ਪਰਿਪੇਖ

**4.1 ਸਮਾਜ ਸੱਭਿਆਚਾਰਕ ਸੰਦਰਭ ਵਿਚ ਅੰਤਰ-ਪਰੰਪਰਾਵਾਂ ਦਾ ਸੰਵਾਦ**

**4.2 ਬਹੁਸੱਭਿਆਚਾਰਵਾਦ ਵਿਚ ਅੰਤਰ ਧਰਮ ਸੰਵਾਦ**

**4.3 ਅਧਿਆਤਮਿਕਤਾ ਦੇ ਦੇ ਸਰੋਕਾਰਾਂ ਦੀ ਉੱਤਰ-ਆਧੁਨਿਕ ਦ੍ਰਿਸ਼ਟੀ**

**4.4 ਕੁਦਰਤ (ਵਿਰਾਟਸ਼ੀਲਤਾ ਦਾ ਸੰਕਲਪ)**

**4.5 ਨੈਤਿਕ ਵਿਧਾਨ**

# ਅਧਿਆਇ ਚੌਥਾ

## ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਭਗਤ-ਬਾਣੀ ਦਾ ਗਿਆਨ ਸ਼ਾਸਤਰੀ ਪਰਿਪੇਖ

ਪਿਛਲੇ ਤਿੰਨ ਅਧਿਆਵਾਂ ਵਿਚ ਕ੍ਰਮਵਾਰ ਸਿਧਾਂਤਕ ਚਰਚਾ ਤੋਂ ਲੈ ਕੇ ਉੱਤਰ-ਆਧੁਨਿਕਤਾ ਦੇ ਮੂਲ ਸੰਕਲਪਾਂ ਵਿਚੋਂ ਦੀ ਹੁੰਦੇ ਹੋਏ, ਹਾਸ਼ੀਆਗਤ ਸਮੂਹਾਂ ਦੇ ਪ੍ਰਵਚਨ ਨੂੰ ਅਧਿਐਨ ਦੇ ਕੇਂਦਰ ਵਿਚ ਲਿਆ ਗਿਆ ਹੈ। ਇਸ ਅਧਿਆਇ ਵਿਚ ਭਗਤ ਬਾਣੀ ਵਿਚੱਲੇ ਗਿਆਨ ਸ਼ਾਸਤਰ ਦਾ ਮੁੱਲਾਂਕਣ ਉੱਤਰ-ਆਧੁਨਿਕ ਪਰਿਪੇਖ ਤੋਂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਅਕਸਰ ਕਿਹਾ ਜਾਂਦਾ ਹੈ ਕਿ ਗਿਆਨ ਮਨੁੱਖ ਦੇ ਅੰਦਰ ਨਿਵਾਸ ਕਰਦਾ ਹੈ। ਇਸ ਨੂੰ ਬਾਹਰੋਂ ਲੱਭਣ ਦੀ ਜ਼ਰੂਰਤ ਨਹੀਂ ਹੈ। ਪਰ ਗਿਆਨ ਪ੍ਰਾਪਤੀ ਲਈ ਮਨੁੱਖ ਨੂੰ ਆਪਣੇ ਆਲ਼ੇ ਦੁਆਲ਼ੇ ਦੇ ਵਰਤਾਰਿਆਂ ਨਾਲ ਸੰਵਾਦ ਰਚਾਉਣਾ ਪੈਂਦਾ ਹੈ। ਇਹ ਵਰਤਾਰੇ ਸਮਾਜ ਵਿਚਲੀਆਂ ਇਕਾਈਆਂ ਦੇ ਰੂਪ ਵਿਚ ਸਮੂਹਿਕ ਅਤੇ ਨਿੱਜਪਰਕ ਹੁੰਦੇ ਹਨ। ਮਨੁੱਖ ਬਾਕੀ ਕਾਇਨਾਤ ਨਾਲੋਂ ਆਪਣੀ ਸੰਵਾਦਿਕ ਸਮਰੱਥਾ ਕਰਕੇ ਵੱਖਰਤਾ ਦਾ ਅਧਿਕਾਰੀ ਹੈ। ਪ੍ਰਸ਼ਨ ਹੈ ਕਿ ਸੰਵਾਦ ਕਿਸ ਨਾਲ ਹੋ ਸਕਦਾ ਹੈ ? ਭੌਤਿਕ ਪੱਧਰ ਤੇ ਸੰਵਾਦ ਮਨੁੱਖ ਦਾ ਮਨੁੱਖ ਨਾਲ ਹੁੰਦਾ ਹੈ। ਇਸ ਦਾ ਮਾਧਿਅਮ ਭਾਸ਼ਾ ਬਣਦੀ ਹੈ। ਪਰੰਤੂ ਮਨੁੱਖ ਦਾ ਸੰਵਾਦ ਬੋਲਚਾਲ ਦੀ ਭਾਸ਼ਾ ਤੋਂ ਬਗੈਰ ਵੀ ਇਸ ਕਾਇਨਾਤ ਦੇ ਬਾਕੀ ਜੀਵਾਂ ਅਤੇ ਹੋਰ ਇਕਾਈਆਂ ਨਾਲ ਨਿਰੰਤਰ ਚਲਦਾ ਰਹਿੰਦਾ ਹੈ। ਬਹੁਤੀ ਵਾਰ ਮਨੁੱਖ ਮਾਨਸਿਕ ਪੱਧਰ ਤੇ ਆਪਣੇ ਆਪ ਅਤੇ ਦੂਸਰਿਆਂ ਨਾਲ ਭਾਵਾਂ ਦਾ ਆਦਾਨ ਪ੍ਰਦਾਨ ਕਰਦਾ ਹੈ। ਇਸ ਅਧਿਆਇ ਅੰਦਰ ਸਾਡਾ ਮਨੋਰਥ ਭਗਤ ਬਾਣੀ ਦੇ ਗਿਆਨ ਸ਼ਾਸਤਰੀ ਪਰਿਪੇਖ ਨੂੰ ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਵਾਚਣ ਤੋਂ ਹੈ। ਇਸ ਮਨੋਰਥ ਦੀ ਪੂਰਤੀ ਲਈ ਅਸੀਂ ਸਮਾਜ ਸੱਭਿਆਚਾਰਕ ਸੰਦਰਭ ਵਿਚ ਅੰਤਰ-ਪਰੰਪਰਾਵਾਂ ਦਾ ਸੰਵਾਦ, ਬਹੁਸੱਭਿਆਚਾਰਵਾਦ ਵਿਚ ਅੰਤਰ ਧਰਮ ਸੰਵਾਦ, ਅਧਿਆਤਮਿਕਤਾ ਦੇ ਸੰਦਰਭ (ਕਰਮ, ਰਹੱਸਵਾਦ, ਸ੍ਰਿਸ਼ਟੀ, ਰੱਬ, ਆਤਮਾ), ਕੁਦਰਤ (ਵਿਰਾਟਸ਼ੀਲਤਾ ਦਾ ਸੰਕਲਪ), ਨੈਤਿਕ ਵਿਧਾਨ ਆਦਿ ਸਿਰਲੇਖਾਂ ਤਹਿਤ ਭਗਤ ਬਾਣੀ ਨੂੰ ਵਾਚਣ ਦਾ ਯਤਨ ਕਰਾਂਗੇ। ਇਸ ਦਾ ਮੰਤਵ ਉਪਰੋਕਤ ਪ੍ਰਸੰਗਾਂ ਬਾਬਤ ਭਗਤ ਬਾਣੀ ਵਿਚਲੇ ਗਿਆਨ ਦੁਆਰਾ ਉੱਤਰ-ਆਧੁਨਿਕ

ਸਥਿਤੀ ਵਿਚ ਪ੍ਰਦਾਨ ਕੀਤੀਆਂ ਜਾਂਦੀਆਂ ਦਿਸ਼ਾਵਾਂ ਦਾ ਅਧਿਐਨ ਕਰਨਾ ਹੈ। ਸਮਕਾਲੀ ਸਮੇਂ ਵਿਚ ਬਹੁਸੱਭਿਆਚਾਰ ਦਾ ਸੰਕਲਪ ਭਾਰੂ ਹੈ। ਇਸ ਦੇ ਕਾਰਨ ਸਮੁੱਚਾ ਵਿਸ਼ਵ ਅੱਜ ਇਕ ਗਲੋਬਲ ਪਿੰਡ ਬਣਦਾ ਜਾ ਰਿਹਾ ਹੈ। ਵਿਗਿਆਨ ਤਕਨਾਲੋਜੀ ਨੇ ਹਰ ਇਕ ਮਨੁੱਖ ਨੂੰ ਸੰਸਾਰ ਦੇ ਕੋਨੇ-ਕੋਨੇ ਨਾਲ ਜੋੜ ਦਿੱਤਾ ਹੈ। ਪਰੰਤੂ ਇਸ ਅਖੌਤੀ ਤਰੱਕੀ ਨੇ ਮਨੁੱਖ ਦੀ ਜ਼ਿੰਦਗੀ ਨੂੰ ਦਾਅ ਤੇ ਲਗਾ ਦਿੱਤਾ ਹੈ। ਜਿੱਥੇ ਤਕਨਾਲੋਜੀ ਨੇ ਮਨੁੱਖ ਦੀ ਸਰੀਰਕ ਦੂਰੀ ਨੂੰ ਆਪਣੀਆਂ ਲੱਭਤਾਂ ਦੁਆਰਾ ਮੇਟਣ ਦੀ ਕੋਸ਼ਿਸ਼ ਕੀਤੀ ਹੈ, ਉੱਥੇ ਹੀ ਇਹ ਤਕਨਾਲੋਜੀ ਦਾ ਫੈਲਾਓ ਮਨੁੱਖੀ ਜੀਵਨ ਵਿਚ ਇਕੱਲਤਾ ਭਰਨ ਲਈ ਵੀ ਜ਼ਿੰਮੇਵਾਰ ਹੈ। ਅੱਜ ਦੇ ਸਮੇਂ ਵਿਚ ਸਮਾਜ ਅਤੇ ਸੱਭਿਆਚਾਰ ਦੇ ਬਦਲਦੇ ਸਰੂਪ ਪ੍ਰਤੀ ਭਗਤ ਬਾਣੀ ਦਾ ਕੀ ਨਜ਼ਰੀਆ ਹੈ? ਇਸ ਪ੍ਰਸ਼ਨ ਦੇ ਉੱਤਰ ਲਈ ਅਸੀਂ ਭਗਤ ਕਵੀਆਂ ਦੇ ਤਤਕਾਲੀ ਸਮਾਜ ਅਤੇ ਸੱਭਿਆਚਾਰ ਵਿਚਲੀਆਂ ਪਰੰਪਰਾਵਾਂ ਨਾਲ ਰਚਾਏ ਸੰਵਾਦਾਂ ਦੀ ਰੌਸ਼ਨੀ ਵਿਚ ਸਮਕਾਲੀ ਸਮਾਜ ਵਿਚ ਵਿਦਮਾਨ ਬਹੁਸੱਭਿਆਚਾਰ ਦੇ ਸੰਦਰਭ ਪ੍ਰਤੀ ਦਿਖਾਈਆਂ ਦਿਸ਼ਾਵਾਂ ਸਬੰਧੀ ਵਿਚਾਰ ਪੇਸ਼ ਕਰਨ ਦਾ ਯਤਨ ਕਰਾਂਗੇ। ਇਸੇ ਮੰਤਵ ਲਈ ਅਸੀਂ ਕਰਮ, ਰਹੱਸਵਾਦ, ਸ੍ਰਿਸ਼ਟੀ, ਰੱਬ ਅਤੇ ਆਤਮਾ ਦੇ ਸੰਕਲਪਾਂ ਦੁਆਰਾ ਆਪਣੀ ਗੱਲ ਸਪੱਸ਼ਟ ਕਰਨ ਦਾ ਯਤਨ ਕਰਾਂਗੇ। ਕੁਦਰਤ ਸਦਾ ਹੀ ਵਿਰਾਟ ਰੂਪ ਵਿਚ ਮਨੁੱਖ ਦੇ ਸਨਮੁੱਖ ਹੈ। ਮਨੁੱਖ ਨੇ ਇਸ ਤੇ ਜਿੱਤ ਹਾਸਲ ਕਰਨ ਲਈ ਨਿਰੰਤਰ ਯਤਨ ਕੀਤੇ ਹਨ। ਬੇਹਿਸਾਬ ਤਰੱਕੀ ਕਰਨ ਦੇ ਬਾਵਜੂਦ ਮਨੁੱਖ ਅੱਜ ਵੀ ਕੁਦਰਤ ਅੱਗੇ ਮਜਬੂਰ ਹੋ ਜਾਂਦਾ ਹੈ। ਬੇਸ਼ੱਕ ਕੁਦਰਤ ਦੇ ਕਈ ਰਹੱਸਾਂ ਨੂੰ ਸਮਝ ਕੇ ਮਨੁੱਖ ਨੇ ਉਨ੍ਹਾਂ ਤੇ ਕਾਬੂ ਪਾਉਣ ਦੇ ਯਤਨ ਵੀ ਕੀਤੇ ਹਨ, ਪਰ ਅੱਜ ਵੀ ਇਸ ਦੇ ਬਹੁਤ ਸਾਰੇ ਰਹੱਸ ਮਨੁੱਖ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹਨ। ਇਸੇ ਤਰ੍ਹਾਂ ਨੈਤਿਕਤਾ ਦੇ ਸੰਕਲਪ ਨੂੰ ਸਮਕਾਲੀ ਸਮਾਜ ਵਿਚ ਸਮਝਣ ਹਿਤ ਅਸੀਂ ਭਗਤ ਕਵੀਆਂ ਵੱਲੋਂ ਤੱਤਕਾਲੀ ਸਮੇਂ ਵਿਚ ਅਪਣਾਏ ਪੈਂਤੜੇ ਦੁਆਰਾ ਸਮਝਣ ਦਾ ਯਤਨ ਕਰਾਂਗੇ । ਸਮੁੱਚੇ ਰੂਪ ਵਿਚ ਇਸ ਅਧਿਆਇ ਦਾ ਮੰਤਵ ਉੱਤਰ-ਆਧੁਨਿਕਤਾ ਦੇ ਨਜ਼ਰੀਏ ਦੁਆਰਾ ਭਗਤ ਬਾਣੀ ਵਿਚ ਸੁਝਾਏ ਗਿਆਨ ਮਾਡਲ ਦੀ ਤਲਾਸ਼ ਹੋਵੇਗਾ। ਇਸ ਨਾਲ ਜਿੱਥੇ ਭਗਤ ਬਾਣੀ ਦੀ ਅਜੋਕੀ ਸਾਰਥਿਕਤਾ ਪੇਸ਼ ਹੋ ਸਕੇਗੀ, ਉੱਥੇ ਅਸੀਂ ਇਸ ਸੂਝ ਮਾਡਲ ਦੁਆਰਾ ਮਨੁੱਖਤਾ

ਲਈ ਦਿੱਤੀ ਸੇਧ ਨਾਲ ਵੀ ਆਤਮਸਾਤ ਕਰ ਸਕਾਂਗੇ। ਭਗਤ ਕਬੀਰ ਜੀ ਦੇ ਇਸ ਸ਼ਲੋਕ ਨਾਲ ਅਸੀਂ ਗਿਆਨ ਦਾ ਸਰੂਪ ਨਿਸ਼ਚਤ ਕਰਨ ਵੱਲ ਅਗ੍ਰਸਰ ਹੁੰਦੇ ਹਾਂ।

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥

ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1372.)

ਉੱਤਰ-ਆਧੁਨਿਕ ਦ੍ਰਿਸ਼ਟੀ ਬਿੰਦੂ ਸਮਕਾਲੀ ਗਿਆਨ ਤੇ ਆਧਾਰਿਤ ਹੈ, ਜਿਸ ਅੰਦਰ ਸੱਚ ਦੀ ਪੁਨਰ ਵਿਆਖਿਆ ਪੇਸ਼ ਹੁੰਦੀ ਹੈ। ਇਸ ਵਿਚ ਕਿਸੇ ਵੀ ਸੱਚ ਨੂੰ ਅੰਤਿਮ ਨਹੀਂ ਮੰਨਿਆਂ ਜਾਂਦਾ ਹੈ। ਉੱਤਰ-ਆਧੁਨਿਕਤਾ ਇਸ ਗੱਲ ਪ੍ਰਤੀ ਬਹੁਤ ਹੀ ਸਪੱਸ਼ਟ ਹੈ ਕਿ ਅਸੀਂ ਜੋ ਵੀ ਸੱਚ ਸਮਝਦੇ ਹਾਂ ਉਹ ਕਿਸੇ ਵੀ ਸਮਾਜਿਕ ਸਥਿਤੀ ਅਨੁਸਾਰ ਇਕ ਸਮੂਹਿਕ ਸੋਚ ਤੇ ਆਧਾਰਿਤ ਹੁੰਦਾ ਹੈ। ਇਸ ਲਈ ਸਮੂਹ ਦਾ ਸੱਚ ਹੀ ਕਿਸੇ ਵਿਅਕਤੀ ਦਾ ਸੱਚ ਹੈ। ਉੱਤਰ-ਆਧੁਨਿਕਤਾ ਇਸ ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਸਟੇਨਲੇ ਜੇ. ਗਰੇਨਜ਼ 'ਏ ਪ੍ਰੀਮੀਅਰ ਆਨ ਪੋਸਟਮਾਡਰਨਿਜ਼ਮ' ਵਿਚ ਲਿਖਦੇ ਹਨ:

> ਸਮਕਾਲੀ ਗਿਆਨ ਇਕ ਅਜਿਹਾ ਅੰਤਰ-ਅਨੁਸ਼ਾਸਨੀ ਵਰਤਾਰਾ ਹੈ ਜੋ ਮਨੁੱਖ ਨੂੰ ਮਹਾਂ ਨਾਇਕ, ਮਹਾਂਕ੍ਰਾਂਤੀ ਅਤੇ ਮਹਾਂਬ੍ਰਿਤਾਂਤ, ਮਹਾਨ ਵਿਗਿਆਨ ਦੇ ਅਸਲੀ ਮੁਹਾਂਦਰੇ ਦੇ ਦਰਸ਼ਨ ਕਰਵਾਉਂਦਾ ਹੈ। ਸਮਕਾਲੀ ਗਿਆਨ-ਦ੍ਰਿਸ਼ਟੀ ਇਸ ਸਮਝ ਉੱਪਰ ਬਲ ਦਿੰਦੀ ਹੈ ਕਿ ਸੱਚ ਦੇ ਤੌਰ 'ਤੇ ਅਸੀਂ ਜੋ ਵੀ ਮੰਨ ਲੈਂਦੇ ਹਾਂ ਅਤੇ ਜਿਸ ਢੰਗ ਨਾਲ ਉਸਨੂੰ ਦੇਖਦੇ ਹਾਂ ਉਹ ਸਮੂਹਿਕ ਆਧਾਰਿਤ ਹੁੰਦਾ ਹੈ। ਭਾਵ ਕੋਈ ਅੰਤਿਮ ਸੱਚ ਨਹੀਂ ਹੁੰਦਾ ਸਗੋਂ ਸੱਚ ਉਹ ਸਮੁਦਾਇ-ਸਾਪੇਖਿਕ ਹੁੰਦਾ ਹੈ ਜਿਸ ਵਿਚ ਅਸੀਂ ਭਾਗ ਲੈਂਦੇ ਹਾਂ। (14.)

ਉੱਤਰ-ਆਧੁਨਿਕ ਦ੍ਰਿਸ਼ਟੀ ਅਨੁਸਾਰ ਇਸ ਸੰਸਾਰ ਬਾਰੇ ਮਨੁੱਖ ਦੇ ਮਨ ਵਿਚੋਂ ਪੈਦਾ ਹੋਈਆਂ ਸਿਰਜਣਾਵਾਂ ਹੂਬਹੂ ਇਸ ਦੀ ਪੇਸ਼ਕਾਰੀ ਨਹੀਂ ਕਰਦੀਆਂ ਬਲਕਿ ਇਹ ਸਾਪੇਖਕ ਅਤੇ ਵਿਅਕਤੀਗਤ ਹਨ। ਇਨ੍ਹਾਂ ਹਾਲਾਤਾਂ ਨੂੰ

ਜਦੋਂ ਅਸੀਂ ਵਿਚਾਰਦੇ ਹਾਂ, ਤਾਂ ਭਗਤ ਬਾਣੀ ਵਿਚਲਾ ਸਮੁੱਚਾ ਗਿਆਨ ਸ਼ਾਸਤਰੀ ਪਰਿਪੇਖ ਇਕ ਹੱਲ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਵਿਚਲਾ ਗਿਆਨ ਅਨੁਭਵ ਪੰਜ ਸਦੀਆਂ ਅੰਦਰ ਵੱਖ-ਵੱਖ ਸਮਾਜਿਕ ਵਿਵੱਸਥਾਵਾਂ ਅਤੇ ਸੱਭਿਆਚਾਰਕ ਹਾਲਾਤਾਂ ਵਿਚ ਵਿਚਰੇ ਭਗਤ ਕਵੀਆਂ ਦੇ ਕਾਵਿ ਰੂਪੀ ਗਿਆਨ ਭੰਡਾਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਮੰਤਵ ਲਈ ਅਸੀਂ ਇਸ ਰਚਨਾ ਨੂੰ ਅਲੱਗ-ਅਲੱਗ ਸੰਦਰਭਾਂ ਦੁਆਰਾ ਪੜਚੋਲ ਕੇ ਭਗਤ ਬਾਣੀ ਦੇ ਗਿਆਨ ਸ਼ਾਸਤਰੀ ਪਰਿਪੇਖ ਦੀ ਚਰਚਾ ਪ੍ਰਸਤੁਤ ਕਰਨ ਦਾ ਯਤਨ ਕਰਾਂਗੇ।

### 4.1 ਸਮਾਜ ਸੱਭਿਆਚਾਰਕ ਸੰਦਰਭ ਵਿਚ ਅੰਤਰ-ਪਰੰਪਰਾਵਾਂ ਦਾ ਸੰਵਾਦ

ਭਾਰਤੀ ਸਮਾਜਿਕ ਵਿਵਸਥਾ ਬਹੁਤ ਪ੍ਰਾਚੀਨ ਅਤੇ ਵੱਖੋ-ਵੱਖ ਪੜਾਵਾਂ ਵਿਚੋਂ ਦੀ ਹੁੰਦੀ ਹੋਈ ਮੌਜੂਦਾ ਰੂਪ ਅਖ਼ਤਿਆਰ ਕਰਦੀ ਹੈ। ਇਸ ਦੀ ਸੰਰਚਨਾ ਸੰਸਾਰ ਦੇ ਬਾਕੀ ਸੱਭਿਆਚਾਰਾਂ ਨਾਲੋਂ ਕਈ ਗੱਲਾਂ ਤੋਂ ਭਿੰਨ ਹੈ। ਇਸ ਦਾ ਖੇਤਰ ਬਹੁਤ ਪ੍ਰਕਾਰ ਦੀਆਂ ਗਿਆਨ ਪਰੰਪਰਾਵਾਂ ਕਰਕੇ ਵਿਸ਼ਾਲਤਾ ਦਾ ਧਾਰਨੀ ਹੈ। ਸੱਭਿਆਚਾਰ ਕਿਸੇ ਵੀ ਸਮਾਜ ਦੀ ਮੂਲ-ਚੂਲ ਹੈ। ਇਸ ਲਈ ਸਮਾਜ ਦੀ ਸਥਿਰਤਾ ਉਸ ਵਿਚਲੇ ਸੱਭਿਆਚਾਰ ਉੱਤੇ ਟਿਕੀ ਹੁੰਦੀ ਹੈ। ਸੱਭਿਆਚਾਰ ਦੇ ਵੱਖ-ਵੱਖ ਦਿਸ਼ਾ ਬਿੰਦੂਆਂ ਨੂੰ ਡਾ. ਪ੍ਰੇਮ ਪ੍ਰਕਾਸ਼ ਸਿੰਘ ਇਸ ਤਰ੍ਹਾਂ ਉਭਾਰਦੇ ਹਨ :-

> ਇਹ ਸਭਿਆਚਾਰ ਹੀ ਹੈ ਜਿਸਦੇ ਰਾਹੀਂ ਸਾਨੂੰ ਉਨ੍ਹਾਂ ਸਾਰਿਆਂ ਸੰਸਕਾਰਾਂ ਦਾ ਗਿਆਨ ਹੁੰਦਾ ਹੈ ਜਿਸ ਦੇ ਆਧਾਰ ਉੱਤੇ ਕੋਈ ਦੇਸ਼ ਜਾਂ ਕੌਮ ਆਪਣੇ ਉੱਚੇ ਆਦਰਸ਼ਾਂ ਦੀ ਸਥਾਪਨਾ ਕਰਦੀ ਹੈ। ਸਭਿਆਚਾਰ ਦਾ ਪ੍ਰਭਾਵ ਸਾਡੀਆਂ ਨਿੱਜੀ ਤੇ ਸਮੂਹਿਕ ਜ਼ਿੰਮੇਵਾਰੀਆਂ ਵਿਚ ਅਤੇ ਸਾਡੇ ਆਪਸੀ ਭਾਈਚਾਰਕ ਸ਼ਿਸ਼ਟਾਚਾਰ ਵਿਚ ਝਲਕਦਾ ਰਹਿੰਦਾ ਹੈ। ਜੇਕਰ ਕਿਸੇ ਦੇਸ਼ ਦੀ ਦਿਮਾਗ਼ੀ ਉੱਚਤਾ, ਮਨੋਵਿਗਿਆਨਕ ਸੂਝ-ਬੂਝ ਅਤੇ ਆਚਰਣਕ ਉੱਤਮਤਾ ਵੇਖਣੀ ਹੋਵੇ ਤਾਂ ਉਸਦੀ ਸੰਸਕ੍ਰਿਤੀ ਜਾਂ ਸਭਿਆਚਾਰ ਨੂੰ ਵੇਖਿਆ ਜਾਵੇ।"(ਪੰਜਾਬ ਦੀ ਭਾਰਤ ਨੂੰ ਦੇਣ (ਪੰਜਾਬੀ ਵਿਕਾਸ ਕਾਨਫਰੰਸ 1989). ਪੰਜਾਬੀ ਯੂਨੀਵਰਸਿਟੀ ਪਟਿਆਲਾ 3.)

ਸਾਹਿਤ ਦਾ ਸਬੰਧ ਸਮਾਜ ਵਿਚਲੇ ਸਾਰੇ ਪ੍ਰਪੰਚਾਂ ਨਾਲ ਹੈ। ਇਸ ਲਈ ਸਾਹਿਤ ਸਮਾਜ ਵਿਚਲੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਆਪਣੀ ਪ੍ਰਤੀਬੱਧਤਾ ਦੇ ਆਧਾਰ ਤੇ ਪੇਸ਼ ਕਰਦਾ ਹੈ।"ਸਾਹਿਤ ਭਾਵੇਂ ਕਿਸੇ ਵੀ ਮੰਤਵ ਨੂੰ ਮੁੱਖ ਰੱਖਕੇ ਲਿਖਿਆ ਗਿਆ ਹੋਵੇ, ਇਹ ਗੱਲ ਸਵੀਕਾਰ ਕਰਨੀ ਪਵੇਗੀ ਕਿ ਇਹ ਪੁਰਾਣੀਆਂ ਸਭਿਆਚਾਰਕ ਕੀਮਤਾਂ ਨੂੰ ਜਿਉਂ ਦਾ ਤਿਉਂ ਪੇਸ਼ ਨਹੀਂ ਕਰਦਾ। ਇਹ ਬਦਲਦੇ ਪਰਿਪੇਖ ਵਿਚ ਵੇਲਾ ਵਿਹਾਜ ਚੁੱਕੀਆਂ ਕੀਮਤਾਂ ਨੂੰ ਨਕਾਰਦਾ ਤੇ ਸਿਹਤਮੰਦ ਕੀਮਤਾਂ ਪ੍ਰਤੀ ਰੁਚਿਤ ਹੁੰਦਾ ਹੈ। ਸਾਹਿਤ ਰੂੜ੍ਹੀਵਾਦੀ ਸਭਿਆਚਾਰਕ ਕੀਮਤਾਂ ਦੀ ਭੰਨ-ਤੋੜ ਕਰਦਾ ਹੈ ਅਤੇ ਗ਼ਲਤ ਕੀਮਤਾਂ ਵਿਰੁੱਧ ਪ੍ਰਤੀਕਿਰਿਆ ਪ੍ਰਗਟਾਉਂਦਾ ਹੈ।" (ਬੇਦੀ. *ਗੁਰੂ ਨਾਨਕ ਬਾਣੀ ਅਤੇ ਭਾਰਤੀ ਸੰਸਕ੍ਰਿਤੀ* 72.) ਜਿੱਥੋਂ ਤੱਕ ਭਾਰਤੀ ਸਮਾਜ ਦਾ ਸਵਾਲ ਹੈ ਤਾਂ ਇਸ ਅੰਦਰ ਮੁੱਢ ਤੋਂ ਲੈ ਕੇ ਧਰਮ ਦਾ ਸਥਾਨ ਕੇਂਦਰੀ ਰਿਹਾ ਹੈ। ਅੱਜ ਅਸੀਂ ਇੱਕੀਵੀਂ ਸਦੀ ਵਿਚ ਜੀ ਰਹੇ ਹਾਂ, ਜਿਸ ਨੂੰ ਵਿਗਿਆਨ, ਤਕਨਾਲੋਜੀ ਅਤੇ ਕੰਪਿਊਟਰ ਦਾ ਯੁੱਗ ਕਿਹਾ ਜਾਂਦਾ ਹੈ। ਇਸਦੇ ਸੁਭਾਅ ਦੀ ਤਾਸੀਰ ਕਾਰਨ ਇਸ ਨੂੰ ਉੱਤਰ-ਆਧੁਨਿਕ ਯੁੱਗ ਵੀ ਕਿਹਾ ਜਾਂਦਾ ਹੈ। ਪਰੰਤੂ ਅਜੋਕੇ ਭਾਰਤੀ ਸਮਾਜ ਵਿਚ ਜਦੋਂ ਅਸੀਂ ਧਰਮ ਦਾ ਸਥਾਨ ਵੇਖਦੇ ਹਾਂ ਤਾਂ ਧਰਮ ਅੱਜ ਵੀ ਇਕ ਪ੍ਰਮੁੱਖ ਵਰਤਾਰੇ ਦੇ ਰੂਪ ਵਿਚ ਪ੍ਰਭਾਵਸ਼ਾਲੀ ਦਿਖਾਈ ਦਿੰਦਾ ਹੈ। ਇਹ ਇਕੱਲਾ ਭਾਰਤੀ ਸਮਾਜ ਦਾ ਮਸਲਾ ਨਹੀਂ ਹੈ, ਬਲਕਿ ਸੰਸਾਰ ਪੱਧਰ ਤੇ ਆਪਣਾ ਪ੍ਰਭਾਵ ਸਿਰਜਦਾ ਦਿਖਾਈ ਦਿੰਦਾ ਹੈ। ਸੰਸਾਰ ਪੱਧਰ ਤੇ ਹੋਣ ਵਾਲੇ ਮਨੁੱਖੀ ਕਤਲੇਆਮ ਦੇ ਪਿਛੋਕੜ ਵਿਚ ਧਰਮ ਦੀ ਭੂਮਿਕਾ ਲੁਕੀ ਨਹੀਂ ਹੈ। ਇਕੱਲਾ ਧਰਮ ਬੇਸ਼ੱਕ ਸਿਰਫ਼ ਸੰਸਾਰ ਵਿਚ ਅਸ਼ਾਂਤੀ ਲਈ ਹੀ ਜ਼ਿੰਮੇਵਾਰ ਨਹੀਂ ਹੈ, ਇਸ ਪਿੱਛੇ ਛੁਪੇ ਕਾਰਨ ਹੋਰ ਵੀ ਹਨ। ਪਰੰਤੂ ਜ਼ਿਆਦਾਤਰ ਅਸ਼ਾਂਤੀ ਲਈ ਧਰਮ ਨੂੰ ਹੀ ਮੁੱਖ ਭੂਮਿਕਾ ਵਿਚ ਦਿਖਾਇਆ ਜਾਂਦਾ ਹੈ। ਇਸ ਬਾਰੇ ਪੱਛਮੀ ਵਿਦਵਾਨ ਮੈਰੇਡਿਥ ਬੀ.ਮੈਗੁਇਰ ਦਾ ਮੱਤ ਹੈ :-

> ਮਨੁੱਖੀ ਸਮਾਜ ਨੂੰ ਗੰਭੀਰ ਅਨੁਭਵ ਅਤੇ ਬਲਪੂਰਵਕਤਾ ਸਹਿਤ ਪ੍ਰਭਾਵਿਤ ਕਰਨ ਵਾਲਾ 'ਧਰਮ' ਸਭ ਤੋਂ ਅਧਿਕ ਸ਼ਕਤੀਸ਼ਾਲੀ ਹੈ। ਇਹ ਲੋਕਾਂ ਦੇ ਆਪਸੀ ਰਿਸ਼ਤਿਆਂ, ਪਰਿਵਾਰ, ਭਾਈਚਾਰਕ ਸਾਂਝ, ਆਰਥਿਕ ਅਤੇ ਰਾਜਨੀਤਕ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਧਾਰਮਿਕ ਵਿਸ਼ਵਾਸ ਅਤੇ

ਧਾਰਮਿਕ ਪ੍ਰਗਟਾਉ ਹੀ ਇਨ੍ਹਾਂ ਨੂੰ ਸਮੂਹਿਕ ਏਕਤਾ ਵਿਚ ਜਥੇਬੰਦ ਕਰਦਾ ਹੈ। ਇਸ ਲਈ ਧਰਮ, ਸਮਾਜ ਦਾ ਇਕ ਮਹੱਤਵਪੂਰਨ ਅੰਗ ਹੈ ਅਤੇ ਸਮਾਜ, ਧਰਮ ਦਾ ਇਕ ਵਿਸਥਾਰਮਈ ਅਤੇ ਮਹੱਤਵਪੂਰਨ ਭਾਗ ਹੈ।(*ਰਿਲੀਜਨ : ਦ ਸੋਸ਼ਲ ਕਾਨਟੈਕਸਟ* 1.)

ਮੱਧਕਾਲ ਵਿਚ ਧਰਮ ਕੇਂਦਰੀ ਸਥਾਨ ਤੇ ਹੋਣ ਕਾਰਨ ਉਸ ਸਮੇਂ ਦੇ ਸਮਾਜ ਵਿਚਲਾ ਸੱਭਿਆਚਾਰ, ਧਾਰਮਿਕ ਮੁਹਾਵਰੇ ਦੁਆਰਾ ਹੀ ਪ੍ਰਗਟਾਓ ਮਾਧਿਅਮ ਚੁਣਨ ਵੱਲ ਰੁਚਿਤ ਸੀ। ਜਦੋਂ ਅਸੀਂ ਮੱਧਕਾਲੀ ਸਾਹਿਤ ਦਾ ਜ਼ਿਕਰ ਕਰਦੇ ਹਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਟੈਕਸਟ ਇਕ ਮੀਲ ਪੱਥਰ ਦੇ ਤੌਰ ਤੇ ਸਾਹਮਣੇ ਆਉਂਦੀ ਹੈ। ਡਾ. ਮਨਮੋਹਨ ਸਹਿਗਲ ਮੱਧਕਾਲੀ ਅਧਿਆਤਮਕ ਪਰੰਪਰਾ ਦੇ ਵਿਦਰੋਹ ਪੂਰਨ ਅਤੇ ਸੁਧਾਰਕ ਰੂਪ ਬਾਰੇ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

ਮੱਧਕਾਲੀ ਸੰਤ-ਮਹਾਤਮਾ ਅਤੇ ਪੰਜਾਬ ਦੀ ਗੁਰੂ ਪਰੰਪਰਾ ਵਿਚਾਰਧਾਰਾ ਦੇ ਖੇਤਰ ਵਿਚ ਇੱਕੋ ਸਮੇਂ ਇਨਕਲਾਬੀ ਵੀ ਸੀ, ਅਤੇ ਸਮਨਵੈਵਾਦੀ ਵੀ, ਉਹ ਵਿਦਰੋਹੀ ਵੀ ਸਨ ਅਤੇ ਸੁਧਾਰਕ ਵੀ। ਇਸ ਲਈ ਇਨ੍ਹਾਂ ਸਾਰਿਆਂ ਦੀਆਂ ਵਿਚਾਰ ਪਰੰਪਰਾਵਾਂ ਤੋਂ ਉਗਮਣ ਵਾਲੇ ਵੱਖੋ-ਵੱਖਰੇ ਮਤ-ਮਤਾਂਤਰਾਂ ਨੂੰ ਗੁਰੂ ਗ੍ਰੰਥ ਸਾਹਿਬ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਇੱਕੋ ਸਟੇਜ 'ਤੇ ਲਿਆ ਖੜਾ ਕੀਤਾ।(*ਗੁਰੂ ਗ੍ਰੰਥ ਸਾਹਿਬ :ਇਕ ਸਭਿਆਚਾਰਕ ਸਰਵੇਖਣ* 407.)

ਭਗਤ ਬਾਣੀ ਦਾ ਸਮਾ 12ਵੀਂ ਤੋਂ 17ਵੀਂ ਸਦੀ ਤੱਕ ਦਾ ਹੈ। ਇਸ ਦਾ ਸੰਵਾਦ ਹਰ ਪੱਧਰ ਤੇ ਤੱਤਕਾਲੀ ਸਮੇਂ ਦੀਆਂ ਪਰੰਪਰਾਵਾਂ ਨਾਲ ਚੱਲਦਾ ਰਿਹਾ ਹੈ। ਉਸੇ ਸੰਵਾਦ ਵਿਚੋਂ ਭਗਤ ਬਾਣੀ ਦੇ ਵਿਭਿੰਨ ਪਰਿਪੇਖ ਉਜਾਗਰ ਹੁੰਦੇ ਹਨ। ਜੇਕਰ ਇੰਨ੍ਹਾ ਪਰੰਪਰਾਵਾਂ ਦੇ ਪਿਛੋਕੜ ਉੱਪਰ ਨਜ਼ਰ ਮਾਰੀਏ ਤਾਂ ਇਹ ਇਕ ਲੰਬੀ ਪਰੰਪਰਾ ਵਿਚੋਂ ਨਿਕਲ ਕੇ ਹੋਂਦ ਸ਼ੀਲ ਹੁੰਦੀਆਂ ਹਨ। ਵੇਦਾਂ ਤੋਂ ਸ਼ੁਰੂਆਤ ਕਰਕੇ ਮਨੁੱਖ ਅਤੇ ਸ੍ਰਿਸ਼ਟੀ ਵਿਚਲੇ ਸਬੰਧਾਂ ਨੂੰ ਪਰਿਭਾਸ਼ਿਤ ਕਰਨ ਲਈ ਭਾਗਵਤ ਗੀਤਾ, ਬ੍ਰਹਮ ਸੂਤਰ, ਨਿਆਇ , ਵੈਸ਼ੇਸ਼ਿਕ, ਸਾਂਖ, ਯੋਗ, ਮੀਮਾਂਸਾ, ਸ਼ੈਵ, ਜੈਨ, ਬੁੱਧ, ਚਾਰਵਾਕ ਤੋਂ ਲੈ ਕੇ ਭਗਤੀ ਕਾਲ ਤੱਕ ਦਾ ਲੰਬਾ ਸਫ਼ਰ ਤੈਅ ਕੀਤਾ ਹੈ। ਭਗਤੀ ਕਾਲ ਤੱਕ ਇਹ ਪਰੰਪਰਾਵਾਂ ਆਪਣੇ ਥੋੜ੍ਹੇ-ਬਹੁਤ

ਰੂਪ ਪਰਿਵਰਤਨ ਨਾਲ ਸਮਾਜ ਵਿਚ ਫੈਲੀਆਂ ਹੋਈਆਂ ਸਨ। ਭਗਤ ਬਾਣੀ ਇਨ੍ਹਾਂ ਪਰੰਪਰਾਵਾਂ ਨਾਲ ਸੰਵਾਦ ਰਚਾ ਕੇ ਇਨ੍ਹਾਂ ਵਿਚ ਪੇਸ਼ ਪਰਿਭਾਸ਼ਾਵਾਂ ਨੂੰ ਪੁਨਰ ਪੜਤਾਲ ਅਧੀਨ ਲਿਆਉਂਦੀ ਹੈ। ਇਸ ਅਧਿਐਨ ਨਾਲ ਹੀ ਸਾਡਾ ਮਨੋਰਥ ਭਗਤ ਬਾਣੀ ਤੋਂ ਲੈ ਕੇ ਸਮਕਾਲੀ ਸਮੇਂ ਵਿਚ ਉਕਤ ਪਰੰਪਰਾਵਾਂ ਵਿਚ ਆਏ ਬਦਲਾਵਾਂ ਦੀ ਨਿਸ਼ਾਨਦੇਹੀ ਕਰਨ ਦਾ ਵੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਦੁਆਰਾ ਸੁਝਾਏ ਮਾਡਲਾਂ ਦੀ ਰੌਸ਼ਨੀ ਵਿਚ ਇਨ੍ਹਾਂ ਵਿਚਲੇ ਸੰਵਾਦ ਰਾਹੀਂ ਪੇਸ਼ ਪ੍ਰਵਚਨ ਦਾ ਮੁੱਲਾਂਕਣ ਕਰਕੇ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ।

ਭਾਰਤੀ ਗਿਆਨ ਪਰੰਪਰਾ ਸੰਸਾਰ ਦੀਆਂ ਸਭ ਤੋਂ ਪੁਰਾਣੀਆ ਪਰੰਪਰਾਵਾਂ ਵਿਚੋਂ ਹੈ। ਵੇਦਾਂ ਨੂੰ ਸੰਸਾਰ ਦੇ ਪੁਰਾਤਨ ਗ੍ਰੰਥ ਮੰਨਿਆਂ ਜਾਂਦਾ ਹੈ।"ਪ੍ਰਾਚੀਨ ਹਿੰਦੂ ਰਿਸ਼ੀਆਂ ਨੇ ਮਨੁੱਖਾ ਜਨਮ ਦਾ ਮੂਲ ਉਦੇਸ਼, ਪਰਮੇਸ਼ਰ ਪ੍ਰਾਪਤੀ ਨੂੰ ਹੀ ਮੰਨਿਆਂ ਹੈ। ਉਪਨਿਸ਼ਦਾਂ ਵਿਚ ਆਉਂਦਾ ਹੈ ਕਿ ਮਨੁੱਖਾ ਦੇਹੀ ਵਿਚ ਪਰਮਾਤਮਾ ਪਰਿਪੂਰਨ ਹੈ ਅਤੇ ਕੇਵਲ ਇਹੋ ਉਸਦੇ ਗਿਆਨ ਦਾ ਅਧਿਕਾਰੀ ਹੈ। ਭਗਤ ਬਾਣੀ ਦੇ ਰਚੇਤਾ ਕਵੀਆਂ ਨੇ ਮੱਧਕਾਲ ਵਿਚ ਆਪਣੀਆਂ ਰਚਨਾਵਾਂ ਅੰਦਰ ਪੁਰਾਣੀਆਂ ਗਿਆਨ ਪਰੰਪਰਾਵਾਂ ਵਿਚ ਪੇਸ਼ ਗਿਆਨ ਨੂੰ ਉਸ ਸਮੇਂ ਦੇ ਪ੍ਰਚੱਲਿਤ ਮੁਹਾਵਰੇ ਦੁਆਰਾ ਪੁਨਰ-ਪਰਿਭਾਸ਼ਿਤ ਕੀਤਾ। ਭਾਰਤੀ ਉਪ ਮਹਾਂਦੀਪ ਉੱਤੇ ਦਸਵੀਂ-ਗਿਆਰ੍ਹਵੀਂ ਸਦੀ ਤੱਕ ਭਾਰੂ ਦਾਰਸ਼ਨਿਕ ਤੇ ਸਾਹਿਤਕ ਪਰੰਪਰਾ ਵੈਦਿਕ ਪਰੰਪਰਾ ਸੀ, ਜੋ ਉਨ੍ਹਾਂ ਸਾਹਮਣੇ ਵਿਰਸੇ ਵਿਚ ਪ੍ਰਾਪਤ ਹੋਏ ਮਹਾਬਿਰਤਾਂਤ ਵਾਂਗ ਪਈ ਸੀ। ਦਾਰਸ਼ਨਿਕ ਪੱਖੋਂ ਵੇਦ ਉਪਨਿਸ਼ਦ ਆਰੱਨਯਕ ਤੇ ਬ੍ਰਹਮ ਸੂਤਰ ਅਤੇ ਸਾਹਿਤਕ ਪੱਖੋਂ ਕਾਲੀਦਾਸ ਤੁਲਸੀਦਾਸ ਇਸ ਦੇ ਪ੍ਰਤੀਨਿਧ ਹਨ। ਇਹ ਪਰੰਪਰਾ ਕਹਿੰਦੀ ਹੈ ਕਿ ਬ੍ਰਹਮ ਹੀ ਸਤਿ ਹੈ। ਜੀਵ ਜਾਂ ਨਿਰਜੀਵ ਦੇ ਰੂਪ ਵਿਚ ਪ੍ਰਾਪਤ ਬਾਕੀ ਸਭ ਵਖਰੇਵੇਂ ਅਸਤਿ ਹਨ। ਬੁੱਧ ਨੇ ਇਸ ਪੱਖੋਂ ਰਤਾ ਬਹੁ ਵਚਨੀ ਸੁਰ ਅਲਾਪੀ ਪਰ ਅੰਤ ਉਸਨੇ ਵੀ ਸਭ ਕੁਝ ਨੂੰ ਸੁੰਨ ਤੇ ਜਾ ਮੁਕਾਇਆ ਜਿਸ ਕਾਰਨ ਉਸਦੇ ਯਤਨ ਕੋਈ ਅਜਿਹੀ ਨਿੱਗਰ ਪਰੰਪਰਾ ਨਾ ਸਥਾਪਤ ਕਰ ਸਕੇ ਜਿਸ ਵਿਚ ਵਖਰੇਵੇਂ ਦੀਆਂ ਸੁਰਾਂ ਨੂੰ ਆਦਰ ਮਿਲਦਾ। ਇਸ ਪ੍ਰਕਾਰ ਗੁਰੂ ਨਾਨਕ ਨੂੰ ਅਜੇਹਾ ਸਿਸਟਮ ਪਰੰਪਰਾ ਵਿਚ ਪ੍ਰਾਪਤ ਹੋਇਆ ਜੋ ਵਖਰੇਵੇਂ ਲਈ ਥਾਂ ਨਹੀਂ ਛੱਡਦਾ। ਇਹ ਵਖਰੇਵਿਆਂ ਤੋਂ ਮੁਕਤ ਯਥਾਰਥ ਦੇ ਇਕਹਿਰੇਪਨ ਉੱਤੇ ਬਲ ਦਿੰਦਾ ਹੈ।"(ਧੀਰ. *ਨਾਨਕ ਪ੍ਰਕਾਸ਼ ਪੱਤ੍ਰਿਕਾ* : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ

13.) ਅਲੱਗ-ਅਲੱਗ ਵੱਖਰੇਵਿਆਂ ਦੇ ਬਾਵਜੂਦ ਵੀ ਸਮਾਜ ਅੰਦਰ ਕਈ ਆਧਾਰ ਅਜਿਹੇ ਪਾਏ ਜਾਂਦੇ ਹਨ ਜਿਨ੍ਹਾਂ ਕਾਰਨ ਸਮਾਜ ਇਕ ਇਕਾਈ ਦੇ ਰੂਪ ਵਿਚ ਪੇਸ਼ ਹੁੰਦਾ ਹੈ।"ਕਿਸੇ ਇਕ ਸਮਾਜ ਦੇ ਲੋਕਾਂ ਵਿਚ ਪਰੰਪਰਾਵਾਂ, ਰਿਵਾਜ਼ਾਂ ਅਤੇ ਰੂੜ੍ਹੀਆਂ ਆਦਿ ਵਿਚ ਸਮਾਨਤਾ ਦੇ ਕਾਰਨ ਬੜੇ ਦ੍ਰਿੜ੍ਹ ਸਮਾਜਕ ਸਬੰਧ ਪਾਏ ਜਾਂਦੇ ਹਨ। ਇਸ ਤਰ੍ਹਾਂ ਮਨੁੱਖੀ ਸਮਾਜ ਦੀ ਨੀਂਹ ਸਮਾਨਤਾ ਤੇ ਆਧਾਰਿਤ ਹੈ।"(ਸਾਵਿੰਦਰਜੀਤ ਕੋਰ. *ਸਮਾਜ ਵਿਗਿਆਨ ਨਾਲ ਜਾਣ-ਪਛਾਣ* 53.) ਪਰੰਤੂ ਇਸ ਸਮਾਨਤਾ ਦੇ ਬਾਵਜੂਦ ਕੁਝ ਵੀ ਸਮਾਜਿਕ ਤਾਣੇ-ਬਾਣੇ ਵਿਚ ਵਿਸੰਗਤੀਆਂ ਆ ਜਾਂਦੀਆਂ ਹਨ। ਇਹ ਵਿਸੰਗਤੀਆਂ ਵੱਖ-ਵੱਖ ਸਮਾਜਿਕ ਬੁਰਾਈਆਂ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਸਮਾਜਿਕ ਬੁਰਾਈਆਂ ਨੂੰ ਸਮਾਜ ਵਿਚੋਂ ਦੂਰ ਕਰਨ ਲਈ ਸਮਾਜ ਵਿਚਲੇ ਬਾਸ਼ਿੰਦਿਆਂ ਦੀ ਸੋਚ ਨੂੰ ਬਦਲਣਾ ਜ਼ਰੂਰੀ ਹੋ ਜਾਂਦਾ ਹੈ। ਮਨੁੱਖੀ ਸੁਭਾਅ ਦੁਆਰਾ ਸਮਾਜ ਵਿਚ ਹੋਣ ਵਾਲੀ ਤਬਦੀਲੀ ਸਬੰਧੀ *ਸੁਸਾਇਟੀ : ਐਨ ਇਨਟਰੋਡੱਕਟਰੀ ਅਨੈਲਸਿਜ਼* ਵਿਚ ਕੁਝ ਇਸ ਤਰ੍ਹਾਂ ਦਾ ਵਰਣਨ ਮਿਲਦਾ ਹੈ :-

> Social conflict, man against man or group, reveals itself wherever these in society. But unless co-operation penetrated deeper than conflict, society could not endure. (R.M. Maciiver. C.H. page *Society : An Introductory Analysis* 64.)

ਅਰਥਾਤ,"ਮਨੁੱਖੀ ਸੁਭਾਅ ਅਤੇ ਮਨੁੱਖੀ ਸਮਾਜ ਵਿਚ ਤਬਦੀਲੀ ਲਿਆਉਣ ਦਾ ਸਭ ਤੋਂ ਵੱਡਾ ਸੰਭਵ ਸਾਧਨ ਸਮਾਜੀਕਰਨ ਦਾ ਸੁਧਾਰ ਹੈ।" ਇਸ ਸਭ ਦਾ ਕਾਰਨ ਸ਼ਾਇਦ ਹਰ ਕਾਲਖੰਡ ਵਿਚ ਸੱਭਿਆਚਾਰ ਅਤੇ ਮਨੁੱਖ ਦੀ ਸੋਚ ਵਿਚ ਵਾਪਰਦੀ ਤਬਦੀਲੀ ਹੈ। "ਮਨੁੱਖ ਅਤੇ ਮਨੁੱਖੀ ਸਭਿਆਚਾਰ ਸਮੇਤ ਇਸ ਬ੍ਰਹਿਮੰਡ ਵਿਚ ਕੋਈ ਹੋਂਦ ਸਥਿਰ ਅਤੇ ਅਬਦਲ ਨਹੀਂ ਸਗੋਂ ਹਰੇਕ ਵਿਤਕਰੇ, ਵਸਤ, ਵਿਹਾਰ, ਵਿਚਾਰ ਵਿਚ ਇਹ ਰੂਪਾਂਤਰਨ ਪ੍ਰਕਿਰਿਆ ਆਂਤਰਿਕ ਬਾਹਰੀ, ਤੇਜ਼-ਮੱਧਮ, ਪ੍ਰਤੱਖ-ਅਪ੍ਰਤੱਖ, ਸੂਖਮ-ਸਥੂਲ, ਹਰੇਕ ਪੱਧਰ, ਪਾਸਾਰ ਅਤੇ ਪਹਿਲੂ ਵਿਚ ਨਿਰੰਤਰ ਗਤੀਸ਼ੀਲ ਰਹਿੰਦੀ ਹੈ ਅਤੇ ਸਭਿਆਚਾਰ ਵਿਚ ਇਹ ਸਮੁੱਚੇ ਯੁੱਗ-ਖ਼ਾਸੇ ਅਨੁਕੂਲ ਵਿਸ਼ੇਸ਼ ਸਭਿਆਚਾਰ ਦੇ

ਨਿਵੇਕਲੇ ਚਰਿੱਤਰ ਅਤੇ ਸਮਾਨਯ ਨਿਯਮ-ਪ੍ਰਬੰਧ ਦੇ ਅਤਿਅੰਤ ਗੁੰਝਲਦਾਰ ਅਮਲ ਰਾਹੀਂ ਅਟੰਕ ਵਾਪਰਦੀ ਰਹਿੰਦੀ ਹੈ।"(ਡਾ. ਜਸਵਿੰਦਰ ਸਿੰਘ. *ਪੰਜਾਬੀ ਸਭਿਆਚਾਰ ਪਛਾਣ ਚਿੰਨ* 93.) ਭਾਰਤੀ ਸੱਭਿਆਚਾਰ ਦੀ ਵੰਨ-ਸੁਵੰਨਤਾ ਇੱਥੇ ਵੱਖ-ਵੱਖ ਕਬੀਲਿਆਂ ਦੇ ਆ ਕੇ ਵੱਸਣ ਕਾਰਨ ਹੈ। ਇਸ ਵੰਨ-ਸੁਵੰਨਤਾ ਨਾਲ ਭਰਪੂਰ ਸਮਾਜ ਦੇ ਨਿਰਮਾਣ ਪਿੱਛੇ ਕਾਰਜਸ਼ੀਲ ਤੱਤਾਂ ਬਾਰੇ ਰਾਮਧਾਰੀ ਸਿੰਘ ਦਿਨਕਰ ਦੇ ਵਿਚਾਰ ਵਿਚਾਰਯੋਗ ਹਨ,"ਨੀਗਰੋ, ਆਸਟ੍ਰਿਕ, ਦ੍ਰਾਵਿੜ, ਆਰੀਆ, ਯੂਨਾਨੀ, ਯੂਚੀ, ਸ਼ੱਕ, ਆਭੀਰ, ਹੂਣ, ਮੰਗੋਲ ਅਤੇ ਮੁਸਲਿਮ ਹਮਲੇ ਤੋਂ ਪਹਿਲਾਂ ਆਉਣ ਵਾਲੇ ਤੁਰਕ ਇਨ੍ਹਾਂ ਸਾਰੀਆਂ ਜਾਤੀਆਂ ਦੇ ਲੋਕ ਕਈ ਝੁੰਡਾਂ ਵਿਚ ਇਸ ਦੇਸ਼ ਵਿਚ ਆਏ ਅਤੇ ਹਿੰਦ ਸਮਾਜ ਵਿਚ ਦਾਖਲ ਹੋ ਕੇ ਸਾਰੇ ਦੇ ਸਾਰੇ ਉਸ ਦੇ ਅੰਗ ਬਣ ਗਏ।" (ਦਿਨਕਰ. *ਸਭਿਆਚਾਰ ਕੇ ਚਾਰ ਅਧਿਆਇ* 5.) ਇਨ੍ਹਾਂ ਕਬੀਲਿਆਂ ਦੇ ਇੱਥੇ ਆਉਣ ਨਾਲ ਸੁੱਤੇ-ਸਿੱਧ ਹੀ ਇਨ੍ਹਾਂ ਦੇ ਰੀਤੀ ਰਿਵਾਜ ਅਤੇ ਚਿੰਤਨ ਵੀ ਭਾਰਤੀ ਸਮਾਜ ਦਾ ਹਿੱਸਾ ਬਣ ਗਿਆ। ਅਲੱਗ-ਅਲੱਗ ਰਿਸ਼ੀਆਂ ਅਤੇ ਵਿਦਵਾਨ ਚਿੰਤਕਾਂ ਨੇ ਭਾਰਤ ਅੰਦਰ ਵੱਖ-ਵੱਖ ਪਰੰਪਰਾਵਾਂ ਦਾ ਸੰਚਾਲਨ ਕੀਤਾ ਹੈ। ਇਨ੍ਹਾਂ ਪਰੰਪਰਾਵਾਂ ਦਾ ਸਰੂਪ ਭਾਵੇਂ ਕੋਈ ਵੀ ਰਿਹਾ ਹੋਵੇ ਪ੍ਰੰਤੂ ਇਹ ਸਭ ਮਨੁੱਖ ਦੇ ਸ੍ਰਿਸ਼ਟੀ ਨਾਲ ਸਬੰਧਾਂ ਦੀ ਹੀ ਚਰਚਾ ਨੂੰ ਕੇਂਦਰ ਵਿਚ ਰੱਖ ਕੇ ਚਲਦੀਆਂ ਰਹੀਆਂ ਹਨ। ਵੇਦਾਂ ਅੰਦਰ ਰਿਸ਼ੀਆਂ ਨੇ ਮਨੁੱਖ ਦੇ ਕੁਦਰਤ ਨਾਲ ਸਬੰਧਾਂ ਨੂੰ ਮਾਨਵੀ ਕ੍ਰਿਤ ਕਰਨ ਲਈ ਦੇਵਤਿਆਂ ਦੀ ਕਲਪਨਾ ਕੀਤੀ। ਪਰ ਇਨ੍ਹਾਂ ਦੇਵਤਿਆਂ ਦੇ ਨਾਲ ਹੀ ਪ੍ਰਮਾਤਮਾ ਵਿਚ ਵੀ ਪੂਰਨ ਵਿਸ਼ਵਾਸ ਰੱਖਿਆ। ਇਹ ਹੀ ਅੱਗੇ ਚੱਲ ਕੇ ਬਹੁਦੇਵਵਾਦ ਅਤੇ ਇਨ੍ਹਾਂ ਤੋਂ ਪ੍ਰਭਾਵਿਤ ਪਰੰਪਰਾਵਾਂ ਦਾ ਆਧਾਰ ਬਣੀਆਂ। ਭਾਰਤੀ ਗਿਆਨ ਪਰੰਪਰਾਵਾਂ ਨੂੰ ਆਸਤਿਕ ਅਤੇ ਨਾਸਤਿਕ ਦੇ ਤੌਰ ਤੇ ਵਰਗੀਕ੍ਰਿਤ ਕੀਤਾ ਜਾਂਦਾ ਹੈ। ਇਸ ਵਿਚ ਛੇ ਆਸਤਿਕ ਸਕੂਲ ਨਿਆਇ, ਵੈਸ਼ੇਸ਼ਿਕ, ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ ਹਨ ਅਤੇ ਤਿੰਨ ਨਾਸਤਿਕ ਦਰਸ਼ਨ ਜੈਨ, ਬੋਧੀ ਅਤੇ ਚਾਰਵਾਕ ਆ ਜਾਂਦੇ ਹਨ। ਆਸਤਿਕ ਅਤੇ ਨਾਸਤਿਕ ਸੰਪਰਦਾਵਾਂ ਦੇ ਆਧਾਰ ਬਾਰੇ ਚਰਚਾ ਕਰਦੇ ਹੋਏ ਡਾ. ਜਗਬੀਰ ਸਿੰਘ ਲਿਖਦੇ ਹਨ,"ਇਨ੍ਹਾਂ ਦੋਹਾਂ ਵਰਗਾਂ ਦੀ ਵੰਡ ਦਾ ਇਕ ਆਧਾਰ ਇਹ ਵੀ ਹੈ ਕਿ ਜਿੱਥੇ ਆਸਤਿਕ ਸੰਪਰਦਾਵਾਂ ਕਿਸੇ ਨਾ ਕਿਸੇ ਰੂਪ ਵਿਚ ਅਧਿਆਤਮਵਾਦੀ ਹਨ ਓਥੇ ਨਾਸਤਿਕ ਸੰਪਰਦਾਵਾਂ ਦਾ ਸਮੁੱਚਾ ਵਿਸ਼ਵ-ਦ੍ਰਿਸ਼ਟੀਕੋਣ ਭੌਤਿਕਵਾਦ ਜਾਂ ਪਦਾਰਥਵਾਦ ਦੇ ਦੁਆਲੇ ਘੁੰਮਦਾ ਹੈ।"(*ਸ੍ਰੀ ਗੁਰੂ ਗ੍ਰੰਥ ਸਾਹਿਬ ਦੀ*

*ਸਮਕਾਲੀਨ ਪ੍ਰਾਸੰਗਿਕਤਾ* 53.) ਇਨ੍ਹਾਂ ਸੰਪਰਦਾਵਾਂ ਵਿਚੋਂ ਹੀ ਭਾਰਤੀ ਗਿਆਨ ਪਰੰਪਰਾਵਾਂ ਆਕਾਰ ਗ੍ਰਹਿਣ ਕਰਦੀਆਂ ਹਨ। ਇਸ ਬਾਰੇ ਚਰਚਾ ਕਰਕੇ ਅਸੀਂ ਇਨ੍ਹਾਂ ਪਰੰਪਰਾਵਾਂ ਬਾਰੇ ਆਪਣੀ ਪਹੁੰਚ ਬਣਾਉਣ ਦਾ ਯਤਨ ਕਰਦੇ ਹਾਂ।

**ਯੋਗ ਪਰੰਪਰਾ** : ਇਹ ਸਭ ਤੋਂ ਪ੍ਰਾਚੀਨ ਪਰੰਪਰਾ ਮੰਨੀ ਜਾਂਦੀ ਹੈ। ਰਿਗਵੇਦ ਤੋਂ ਵੀ ਪਹਿਲਾਂ ਦੀ ਸੱਭਿਅਤਾ ਵਿਚੋਂ ਯੋਗ ਦੇ ਤੱਤ ਮਿਲਦੇ ਹਨ। ਜੋ ਮੋਹਰਾਂ ਹੜੱਪਾ ਅਤੇ ਮੋਹਿੰਜੋਦੜੋ ਦੀ ਖ਼ੁਦਾਈ ਤੋਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਉੱਪਰ ਵੀ ਯੋਗ ਮੁਦਰਾ ਵਿਚ ਬੈਠੇ ਵਿਅਕਤੀ ਦੇ ਆਕਾਰ ਹਨ। ਪਤੰਜਲੀ ਰਿਸ਼ੀ ਦਾ ਯੋਗ ਸੂਤਰ ਨਾਮਕ ਗ੍ਰੰਥ ਇਸ ਦੀ ਪ੍ਰਤੀਨਿਧ ਰਚਨਾ ਹੈ। ਇਸ ਵਿਚ ਅਸ਼ਟਾਂਗ ਯੋਗ ਦਾ ਵਰਣਨ ਹੈ। ਅਸ਼ਟਾਂਗ ਯੋਗ ਤੋਂ ਭਾਵ ਯਮ, ਨਿਯਮ, ਪ੍ਰਾਣਾਯਾਮ ਆਦਿ ਅੰਗ ਹਨ। ਇਸ ਦਾ ਹੀ ਅੱਗੋਂ ਪਰਿਵਰਤਿਤ ਰੂਪ ਬੁੱਧ ਅਤੇ ਜੈਨ ਮਾਰਗਾਂ ਤੱਕ ਚੱਲਿਆ ਜਾਂਦਾ ਹੈ।

**ਅਦਵੈਤਵਾਦ** : ਅਦਵੈਤਵਾਦ ਜਾਂ ਮਾਇਆਵਾਦ ਦੀ ਪਰੰਪਰਾ ਦੇ ਮੋਢੀ ਸ਼ੰਕਰਾਚਾਰੀਆ ਹਨ। ਇਸ ਅਨੁਸਾਰ ਇਨਸਾਨ ਦਾ ਇੱਕੋ-ਇੱਕ ਮਨੋਰਥ, ਜੋ ਸਭ ਤੋਂ ਉੱਤਮ ਹੈ, ਉਹ ਮੁਕਤੀ ਦਾ ਹੈ। ਮੁਕਤੀ ਦਾ ਸਰੂਪ ਬ੍ਰਹਮ ਨਾਲ ਇਕਮਿਕਤਾ ਦਾ ਹੈ। ਇਸ ਅਵਸਥਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਦਾ ਕਾਰਨ ਮਨੁੱਖੀ ਗਿਆਨ ਹੈ, ਜੋ ਦੇਸ਼, ਕਾਲ, ਕਾਰਣ, ਕਾਰਜ, ਵਿਅਕਤੀਆਂ, ਵਸਤੂਆਂ, ਕਰਮਾਂ ਅਤੇ ਹੋਰ ਅਨੇਕ ਭੇਦਾਂ ਦਾ ਪ੍ਰਤੀਪਾਦਨ ਕਰਦਾ ਹੈ।"ਸ਼ੰਕਰ ਅਰਸਤੂ ਦੇ ਇਸ ਵਿਚਾਰ ਨਾਲ ਸਹਿਮਤ ਹੈ ਕਿ ਅਨੰਤ ਕਾਲ ਦੀ ਅਵਧੀ ਨਾ ਤਾਂ ਉੱਤਮ ਨੂੰ ਸਰਵੋਤਮ ਬਣਾ ਸਕਦੀ ਹੈ ਅਤੇ ਨਾ ਹੀ ਸਫ਼ੈਦ ਨੂੰ ਅਧਿਕ ਸਫ਼ੈਦ ਬਣਾ ਸਕਦੀ ਹੈ। ਮੁਕਤੀ ਨੂੰ ਨਿਰੰਤਰ ਕਿਰਿਆਸ਼ੀਲਤਾ ਵੀ ਨਹੀਂ ਮੰਨਿਆਂ ਜਾ ਸਕਦਾ। ਇਹ ਸਰਵਉੱਚ ਅਨੁਭਵ ਹੈ ਜੋ ਸਭ ਪ੍ਰਕਾਰ ਦੀ ਕਿਰਿਆਸ਼ੀਲਤਾ ਤੋਂ ਅਤੀਤ ਹੈ। ਜਿਸ ਵਿਚ ਆਤਮਾ ਸੰਸਾਰ ਚੱਕਰ ਤੋਂ ਉੱਪਰ ਉੱਠ ਜਾਂਦੀ ਹੈ।" (ਡਾ. ਰਾਧਾਕ੍ਰਿਸ਼ਨਨ. *ਭਾਰਤੀਯ ਦਰਸ਼ਨ* 640.) ਸ਼ੰਕਰ ਤਿੰਨ ਪ੍ਰਮਾਣ ਸ਼ਬਦ, ਅਨੁਮਾਨ ਅਤੇ ਪ੍ਰਤੱਖ ਨੂੰ ਮੰਨਦਾ ਹੈ।

**ਵਿਸ਼ਿਸ਼ਟ ਅਦਵੈਤ** : ਇਸ ਪਰੰਪਰਾ ਦੇ ਪ੍ਰਵਰਤਕ ਸ੍ਰੀ ਸੰਪਰਦਾਇ ਦੇ ਮੋਢੀ ਰਾਮਾਨੁਜ ਹਨ। ਇਨ੍ਹਾਂ ਅਨੁਸਾਰ ਚਿੱਤ, ਅਚਿੱਤ ਅਤੇ ਪਰੰਪਰਾ ਤਿੰਨ ਮੂਲ ਤੱਤ ਹਨ। ਇਸ ਵਿਚ ਈਸ਼ਵਰ ਪ੍ਰਧਾਨ ਹੈ। ਚਿੱਤ ਅਤੇ ਅਚਿੱਤ ਇਸ ਦੇ ਦੋ ਅੰਗ ਹਨ। ਇਸੇ ਕਾਰਨ ਇਸ ਪਰੰਪਰਾ ਦਾ ਨਾਮ ਵਿਸ਼ਿਸ਼ਟ ਅਦਵੈਤ ਪਿਆ ਹੈ। ਗਿਆਨ ਨੂੰ ਭਗਤੀ ਦੁਆਰਾ ਮੁਕਤੀ ਪ੍ਰਦਾਨ ਕਰਨ ਲਈ ਮਨ ਦਾ ਸਹਾਇਕ ਹੈ। ਇਨ੍ਹਾਂ ਦੇ ਭਗਤੀ ਮਾਰਗ ਜਿਸ ਨੂੰ ਨਵਧਾ ਭਗਤੀ ਕਿਹਾ ਜਾਂਦਾ ਹੈ, ਵਿਚ ਯਾਤਨਾ, ਸ੍ਰਵਣ, ਕੀਰਤਨ, ਅਰਚਨਾ, ਮਹਿਮਾ, ਵਚਨ, ਬੰਦਨਾ, ਸਿਮਰਨ ਅਤੇ ਧਿਆਨ ਆਦਿ ਹਨ। ਰਾਮਾਨੁਜ ਅਨੁਸਾਰ  ਈਸ਼ਵਰ, ਜੀਵ ਅਤੇ ਅਚਿੱਤ ਤਿੰਨ ਸੁਤੰਤਰ ਪਦਾਰਥ ਹਨ। ਇਸ ਵਿਚ ਪਰਮਾਤਮਾ ਸਰਗੁਣ ਰੂਪ ਵਿਚ ਹੈ।

**ਦਵੈਤ** : ਇਸ ਪਰੰਪਰਾ ਦੇ ਮੋਢੀ ਮਾਧਵਾਚਾਰੀਆ ਹਨ। ਇਨ੍ਹਾਂ ਨੇ ਵਿਹਿਤ ਕਰਮ, ਨਿਸ਼ਿਧ ਕਰਮ ਅਤੇ ਉਦਾਸੀਨ ਕਰਮਾਂ ਦਾ ਸਿਧਾਂਤ ਦਿੱਤਾ ਅਤੇ ਗਿਆਨ ਦੇ ਤਿੰਨ ਸਾਧਨਾ ਪ੍ਰਤੱਖ, ਅਨੁਮਾਨ ਅਤੇ ਸ਼ਬਦ ਪ੍ਰਮਾਣ ਦੁਆਰਾ ਸੱਚ ਨੂੰ ਪਰਖਣ ਦਾ ਸਿਧਾਂਤ ਪੇਸ਼ ਕੀਤਾ। ਇਸ ਅਨੁਸਾਰ ਮੁਕਤੀ-ਯੋਗ, ਤਮੋ-ਯੋਗ, ਜੀਵ ਅਤੇ ਨਿੱਤ ਸੰਸਾਰੀ ਜੀਵ, ਜੀਵ ਦੇ ਤਿੰਨ ਹੋਂਦ ਹਨ।

**ਦਵੈਤਾਦਵੈਤ** : ਨਿੰਬਾਰਕ ਦੁਆਰਾ ਚਲਾਈ ਪਰੰਪਰਾ ਸੀ। ਇਨ੍ਹਾਂ ਦੁਆਰਾ ਚਿੱਤ, ਅਚਿੱਤ ਅਤੇ ਈਸ਼ਵਰ ਨੂੰ ਤੱਤ ਮੰਨਿਆਂ ਗਿਆ ਹੈ। ਇਨ੍ਹਾਂ ਵਿਚ ਜੀਵ ਅਤੇ ਜਗਤ ਹਮੇਸ਼ਾ ਈਸ਼ਵਰ ਤੇ ਆਧਾਰਿਤ ਹੁੰਦੇ ਹਨ। ਇਸ ਲਈ ਇਹ ਪ੍ਰਮਾਤਮਾ ਤੋਂ ਭਿੰਨ ਹੋਣ ਕਰਕੇ ਦੋਵਾਂ ਵਿਚ ਦਵੈਤ ਹੈ। ਇਸ ਅਨੁਸਾਰ ਜੀਵ ਦੇ ਦੋ ਭੇਦ ਬੰਧ ਅਤੇ ਮੁਕਤ ਅਤੇ ਤਿੰਨ ਤੱਤ ਜੀਵ, ਜੜ੍ਹ ਅਤੇ ਪ੍ਰਕਿਰਤੀ ਹਨ। ਵਿਸ਼ਨੂੰ ਸੁਆਮੀ ਅਨੁਸਾਰ ਪ੍ਰਮਾਤਮਾ ਦੇ ਸਰੂਪ ਨੂੰ ਸੱਚਿਦਾਨੰਦ ਮੰਨਿਆਂ ਹੈ। ਇਹ ਬ੍ਰਹਮ ਦੇ ਦੋਵਾਂ ਰੂਪਾਂ ਨਿਰਗੁਣ ਅਤੇ ਸਗੁਣ ਨੂੰ ਮਾਨਤਾ ਦਿੰਦੇ ਹਨ।

**ਨਾਥ ਸੰਪਰਦਾਇ** : ਇਹ ਗੋਰਖ ਨਾਥ ਦੁਆਰਾ ਚਲਾਈ ਗਈ ਪਰੰਪਰਾ ਹੈ। ਅੱਠਵੀਂ-ਨੌਵੀਂ ਸਦੀ ਵਿਚ ਪੰਜਾਬ ਵਿਚ ਇਨ੍ਹਾਂ  ਦਾ ਪੂਰਾ ਪ੍ਰਭਾਵ ਰਿਹਾ ਹੈ। ਇਸ ਪਰੰਪਰਾ ਦਾ ਸਬੰਧ ਜੈਨ ਪਰੰਪਰਾ ਦੇ ਸਿੱਧਾਂ ਨਾਲ ਜੋੜਿਆ ਜਾਂਦਾ ਹੈ।

ਉੱਤਰੀ ਭਾਰਤ ਵਿਚ ਇਸ ਪਰੰਪਰਾ ਦਾ ਬਹੁਤ ਪ੍ਰਭਾਵ ਸੀ। ਉਸ ਸਮੇਂ ਵਿਚ ਜੋਗ ਇਕ ਪ੍ਰਕਾਰ ਦਾ ਧੰਦਾ ਬਣ ਚੁੱਕਿਆ ਸੀ। ਇਸੇ ਕਾਰਨ ਇਸ ਅੰਦਰ ਗਿਰਾਵਟ ਆਉਣੀ ਸ਼ੁਰੂ ਹੋ ਗਈ। ਭਗਤ ਬਾਣੀ ਵਿਚ ਇਨ੍ਹਾਂ ਨਾਲ ਸੰਵਾਦ ਪ੍ਰਾਪਤ ਹੁੰਦਾ ਹੈ। ਇਸ ਪਰੰਪਰਾ ਵਿਚ ਪੈਦਾ ਹੋਏ ਵਿਕਾਰਾਂ ਦਾ ਗੁਰਬਾਣੀ ਵਿਚ ਸਿਧਾਂਤਕ ਵਿਰੋਧ ਕੀਤਾ ਗਿਆ ਹੈ।

**ਸੂਫ਼ੀ ਪਰੰਪਰਾ** : ਸੂਫ਼ੀ ਪਰੰਪਰਾ ਬਾਹਰਵੀਂ ਸਦੀ ਵਿਚ ਉਪਜੀ ਇਸ ਦਾ ਭਾਰਤ ਵਿਚ ਖ਼ੁਆਜਾ ਮੋਇਨੁਦੀਨ ਚਿਸ਼ਤੀ ਨੇ ਪ੍ਰਚਾਰ ਸ਼ੁਰੂ ਕੀਤਾ। ਇਸ ਸਿਲਸਿਲੇ ਨੇ ਭਾਰਤ ਵਿਚ ਇਸਲਾਮ ਵਿਚਲੇ ਕੱਟੜ ਵਿਚਾਰਧਾਰਕ ਤਾਣੇ-ਬਾਣੇ ਦੇ ਉਲਟ ਪ੍ਰੇਮ ਮਾਰਗ ਦੁਆਰਾ ਰੱਬ ਨਾਲ ਇਕਮਿਕਤਾ ਦਾ ਸਿਧਾਂਤ ਅੱਗੇ ਰੱਖਿਆ। ਕਈ ਵਿਦਵਾਨ ਇਸ ਉੱਪਰ ਵੇਦਾਂਤ ਦਾ ਪ੍ਰਭਾਵ ਮੰਨਦੇ ਹਨ। ਕੁੱਲ ਮਿਲਾ ਕੇ ਇਹ ਇਸਲਾਮੀ ਕੱਟੜ ਜਕੜਬੰਦੀ ਤੋਂ ਰਹਿਤ ਪਰੰਪਰਾ ਹੈ। ਸੂਫ਼ੀ ਪਰੰਪਰਾ ਵਿਚ ਰੱਬ ਨੂੰ ਪ੍ਰੇਮੀ ਅਤੇ ਖ਼ੁਦ ਨੂੰ ਪ੍ਰੇਮਿਕਾ ਦਾ ਦਰਜਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਕ ਦੂਸਰੇ ਵਿਚ ਅਭੇਦ ਹੋਣਾ ਭਾਵ ਰੱਬ ਵਿਚ ਅਭੇਦ ਹੋਣ ਦੀ ਲਾਲਸਾ ਸੂਫ਼ੀ ਪਰੰਪਰਾ ਦਾ ਮੂਲ ਹੈ। ਇਸ ਤਰ੍ਹਾਂ ਰੱਬ ਨਾਲ ਅਭੇਦ ਹੋ ਕੇ ਸੂਫ਼ੀ ਆਪਣੇ ਆਪ ਨੂੰ ਉਸਦਾ ਹੀ ਰੂਪ ਐਲਾਨ ਦਿੰਦਾ ਹੈ। ਇਸ ਹੰਕਾਰ ਦੀ ਭਾਵਨਾ ਦਾ ਗੁਰਬਾਣੀ ਅੰਦਰ ਵਿਰੋਧ ਕੀਤਾ ਗਿਆ ਹੈ।

**ਜੈਨ ਪਰੰਪਰਾ** : ਇਸ ਅਨੁਸਾਰ ਕਰਮ ਹੀ ਬੰਧਨ ਦਾ ਕਾਰਨ ਹਨ। ਜੋ ਵੀ ਮਨੁੱਖੀ ਸੰਪਰਕ ਵਿਚ ਆਉਣ ਵਾਲੀਆਂ ਸਭ ਵਸਤੂਆਂ ਨਾਲ ਉਸ ਦੇ ਕਾਰਨਾਂ ਦਾ ਸਬੰਧ ਰਹਿੰਦਾ ਹੈ। ਜੈਨ ਮਾਰਗ ਵਿਚ ਕਰਮਾਂ ਦੀ ਸ਼ੁੱਧੀ ਉੱਤੇ ਬਲ ਦਿੱਤਾ ਜਾਂਦਾ ਹੈ।

**ਬੋਧ ਪਰੰਪਰਾ** : ਇਹ ਸਿਰਫ਼ ਵਰਤਮਾਨ ਵਿਚ ਵਿਸ਼ਵਾਸ ਰੱਖਦੇ ਹਨ। ਇਹ ਅਹਿੰਸਾ ਤੇ ਜ਼ੋਰ ਦਿੰਦੇ ਹਨ। ਇਸ ਦੀ ਦ੍ਰਿਸ਼ਟੀ ਪਦਾਰਥਵਾਦੀ ਹੋਣ ਕਾਰਨ ਇਸ ਦਾ ਧਿਆਨ ਸੰਸਾਰ ਵਿਚ ਨੈਤਿਕਤਾ ਵੱਲ ਰਿਹਾ ਹੈ। ਸਮੇਂ ਦੇ ਬਦਲਾਓ ਨਾਲ ਇਸ ਵਿਚ ਦੋ ਫ਼ਿਰਕੇ 'ਹੀਨਯਾਨ' ਅਤੇ 'ਮਹਾਯਾਨ' ਪੈਦਾ ਹੋਏ । ਮਹਾਯਾਨ ਅੰਦਰ ਲੋਕ ਮੱਤ ਦੀ ਪੇਸ਼ਕਾਰੀ ਕਰਕੇ ਕਰੁਣਾ ਨੂੰ ਮੁੱਖ ਥਾਂ ਦਿੱਤੀ ਗਈ ਹੈ।

ਜਦੋਂ ਅਸੀਂ ਭਗਤ ਬਾਣੀ ਦੇ ਸਮਾਜ ਸੱਭਿਆਚਾਰਕ ਪਰਿਪੇਖ ਨੂੰ ਅਧਿਐਨ ਦੇ ਘੇਰੇ ਵਿਚ ਲਿਆਉਂਦੇ ਹਾਂ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਭਗਤ ਕਵੀਆਂ ਨੇ ਆਪਣੇ ਸਮਕਾਲੀ ਸਮਾਜ ਅਤੇ ਸੱਭਿਆਚਾਰ ਨਾਲ ਸੰਵਾਦ ਰਚਾਇਆ ਹੈ। ਜੇਕਰ ਇਸ ਸਮੇਂ ਦੀ ਗੱਲ ਕਰੀਏ ਤਾਂ ਇਹ ਸਮਾ ਰਾਜਨੀਤਕ ਉਥਲ-ਪੁਥਲ ਦਾ ਸਮਾਂ ਸੀ, ਜਿਸ ਵਿਚ ਸਮਾਜ ਧਾਰਮਿਕ ਕੱਟੜਤਾ, ਕਰਮ ਕਾਂਡਾਂ ਅਤੇ ਸੱਭਿਆਚਾਰਕ ਤੌਰ ਤੇ ਗਿਰਾਵਟ ਵੱਲ ਵਧ ਰਿਹਾ ਸੀ। ਅਜਿਹੇ ਸਮੇਂ ਵਿਚ ਭਗਤ ਕਵੀਆਂ ਨੇ ਭਾਂਜਵਾਦੀ ਰੁਚੀ ਅਖ਼ਤਿਆਰ ਨਹੀਂ ਕੀਤੀ ਬਲਕਿ ਸਮਾਜ ਵਿਚ ਰਹਿ ਕੇ ਇਸ ਵਿਚਲੇ ਹਾਲਾਤਾਂ ਨਾਲ ਦੋ-ਚਾਰ ਹੁੰਦਿਆਂ, ਇਨ੍ਹਾਂ ਕੁਰੀਤੀਆਂ ਖ਼ਿਲਾਫ਼ ਸੁਰ ਅਲਾਪੀ। ਉਨ੍ਹਾਂ ਕੁਰੀਤੀਆਂ ਦੀ ਪਛਾਣ ਤੱਕ ਸੀਮਿਤ ਨਾਂ ਹੋ ਕੇ ਇਨ੍ਹਾਂ ਪ੍ਰਤੀ ਇੱਕ ਕ੍ਰਾਂਤੀਕਾਰੀ ਪਹੁੰਚ ਦਾ ਸਬੂਤ ਪੇਸ਼ ਕੀਤਾ। ਧਾਰਮਿਕ ਕੁਰੀਤੀਆਂ ਵਿਚ ਇਸ ਸਮੇਂ ਦੇ ਦੋ ਪ੍ਰਮੁੱਖ ਧਰਮਾਂ ਸਨਾਤਨ ਅਤੇ ਇਸਲਾਮ ਅੰਦਰ ਤਰ੍ਹਾਂ-ਤਰ੍ਹਾਂ ਦੇ ਪਖੰਡਾਂ ਅਤੇ ਪ੍ਰਪੰਚਾਂ ਦਾ ਬੋਲਬਾਲਾ ਸੀ। ਇਨ੍ਹਾਂ ਤੋਂ ਇਲਾਵਾ ਨਾਥ-ਜੋਗੀਆਂ ਦੀ ਮਜ਼ਬੂਤ ਪਰੰਪਰਾ ਵੀ ਕਾਰਜਸ਼ੀਲ ਸੀ। ਬੇਸ਼ੱਕ ਇਨ੍ਹਾਂ ਧਰਮਾਂ ਜਾ ਸੰਪਰਦਾਵਾਂ ਦਾ ਮੁੱਖ ਕਾਰਜ ਸਮਾਜ ਨੂੰ ਸੇਧ ਦੇਣ ਦਾ ਸੀ, ਪਰੰਤੂ ਇਹ ਖ਼ੁਦ ਇਤਨੀ ਗਿਰਾਵਟ ਦਾ ਸ਼ਿਕਾਰ ਹੋ ਚੁੱਕੇ ਸਨ ਕਿ ਆਪਣੇ ਨਿੱਜੀ ਮੁਫਾਦਾਂ ਖ਼ਾਤਰ ਧਾਰਮਿਕ ਵਾਤਾਵਰਨ ਨੂੰ ਗੰਧਲਾ ਕਰ ਰਹੇ ਸਨ। ਜਿੰਨੀਆਂ ਵੀ ਸਮਾਜ ਅੰਦਰ ਕੁਰੀਤੀਆਂ ਸਨ, ਸਭ ਇਨ੍ਹਾਂ ਕਥਿਤ ਧਾਰਮਿਕ ਆਗੂਆਂ ਦੁਆਰਾ ਪੇਸ਼ ਕੀਤੀਆਂ ਗਈਆਂ ਸਨ। ਇਸ ਸਮੇਂ ਦਾ ਸਭ ਤੋਂ ਜ਼ਿਆਦਾ ਪ੍ਰਚੱਲਿਤ ਧਰਮ ਸਨਾਤਨ ਧਰਮ ਸੀ। ਇਸ ਵਿਚ ਮੂਰਤੀ ਪੂਜਾ, ਵਰਤ, ਸਰਾਧ ਆਦਿ ਕਰਮ-ਕਾਂਡਾਂ ਦੀ ਪ੍ਰਧਾਨਤਾ ਹੋ ਚੁੱਕੀ ਸੀ। ਇਸ ਸਾਰੇ ਵਰਤਾਰੇ ਕਾਰਨ ਇਨ੍ਹਾਂ ਦੀ ਮੂਲ ਭਾਵਨਾ ਨਸ਼ਟ ਹੋ ਚੁੱਕੀ ਸੀ। ਪੁਜਾਰੀ ਵਰਗ ਆਪਣੇ ਨਿੱਜੀ ਫ਼ਾਇਦੇ ਲਈ ਆਮ ਜਨਤਾ ਦਾ ਸੋਸ਼ਣ ਕਰ ਰਹੇ ਸਨ। ਡਾ. ਮਨਮੋਹਨ ਸਹਿਗਲ ਇਸ ਪ੍ਰਪੰਚ ਬਾਰੇ ਆਪਣੇ ਵਿਚਾਰ ਦਿੰਦੇ ਹਨ :

> ਬ੍ਰਾਹਮਣ ਵਰਗ ਨੇ ਆਪਣੇ ਮਹੱਤਵ ਨੂੰ ਇਸ ਪ੍ਰਕਾਰ ਸਥਾਪਿਤ ਕਰ ਦਿੱਤਾ ਸੀ ਕਿ ਵਸਤੂ ਸਥਿਤੀ ਹਮੇਸ਼ਾ ਉਸ ਦੇ ਪੱਖ ਵਿਚ ਰਹਿੰਦੀ ਸੀ। ਬ੍ਰਾਹਮਣ ਨੂੰ ਦਾਨ ਕਰਨ ਅਤੇ ਪੁੰਨ ਕਰਨ ਦੀ ਭਾਵਨਾ ਇੰਨੀ ਪ੍ਰਬਲ ਹੋ ਚੁੱਕੀ ਸੀ ਕਿ ਦਾਣੇ-ਦਾਣੇ ਨੂੰ ਤਰਸਦੇ ਮੌਤ ਨੂੰ ਪ੍ਰਾਪਤ ਕਰਨ ਵਾਲੇ ਲਈ

> ਮੁਕਤੀ ਮਾਰਗ ਕਿਸੇ ਬ੍ਰਾਹਮਣ ਨੂੰ ਗਊ ਦਾਨ ਕਰਨ ਤੇ ਹੀ ਉਪਲਬਧ ਹੋ ਸਕਦਾ ਸੀ।(*ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਕਸ਼ਣ* 551.)

ਇਸੇ ਤਰ੍ਹਾਂ ਇਸਲਾਮ ਦਾ ਹਾਲ ਵੀ ਮਾੜਾ ਸੀ। ਇਸ ਵਿਚ ਹਿੰਦੂ ਧਰਮ ਵਿਚਲਾ ਮੂਰਤੀ ਪੂਜਾ ਦਾ ਕਰਮਕਾਂਡ ਨਹੀਂ ਸੀ। ਪਰ ਇਹ ਇਕ ਕੱਟੜ ਵਿਚਾਰਧਾਰਾ ਦੇ ਰੂਪ ਵਿਚ ਫੈਲ ਚੁੱਕਿਆ ਸੀ। ਇਸਲਾਮ ਰਾਜ ਧਰਮ ਹੋਣ ਕਾਰਨ ਹਾਕਮ ਸ਼੍ਰੇਣੀ ਇਸ ਨੂੰ ਫੈਲਾਉਣ ਖ਼ਾਤਰ ਹਿੰਦੂ ਪਰਜਾ ਤੇ ਜ਼ੁਲਮ ਕਰ ਰਹੇ ਸਨ। ਇਸਲਾਮ ਅੰਦਰ ਮੂਰਤੀ ਪੂਜਾ ਵਰਜਿਤ ਸੀ। ਮੂਰਤੀ ਪੂਜਕ ਹੋਣ ਕਰਕੇ ਉਹ ਹਿੰਦੂਆਂ ਨੂੰ ਕਾਫਿਰ ਦੀ ਸੰਗਿਆ ਦਿੰਦੇ ਸਨ। ਮੁਸਲਮਾਨਾ ਦੇ ਹਮਲਿਆਂ ਦੁਆਰਾ ਹਿੰਦੂ ਧਾਰਮਿਕ ਸਥਾਨਾਂ ਦੀ ਭੰਨ-ਤੋੜ ਦਾ ਸਿਲਸਿਲਾ ਆਮ ਸੀ। ਇਸਲਾਮ ਦੇ ਧਾਰਮਿਕ ਆਗੂ ਆਪਣੇ ਨਿੱਜੀ ਮੁਫਾਦਾਂ ਕਾਰਨ ਆਪਣੇ ਧਰਮ ਦੇ ਮੂਲ ਸਿਧਾਂਤਾਂ ਰੋਜ਼ਾ, ਜ਼ਕਾਤ, ਨਮਾਜ਼ ਅਤੇ ਹੱਜ ਆਦਿ ਦੀ ਮੂਲ ਭਾਵਨਾ ਨੂੰ ਬਦਲ ਰਹੇ ਸਨ। ਇਸ ਪ੍ਰਕਾਰ ਇਹ ਸਾਰੇ ਕਰਮ ਦਿਖਾਵੇ ਦੇ ਅਧੀਨ ਆ ਚੁੱਕੇ ਸਨ। ਕਾਜ਼ੀ ਰਾਜ ਵਿਚ ਨਿਆਇਧੀਸ਼ ਦਾ ਦਰਜਾ ਰੱਖਦਾ ਸੀ। ਪਰੰਤੂ ਉਹ ਵੀ ਰਿਸ਼ਵਤ ਲੈ ਕੇ ਆਪਣੀ ਲੋੜ ਅਨੁਸਾਰ ਫ਼ੈਸਲੇ ਸੁਣਾ ਦਿੰਦੇ ਸਨ। ਇਸ ਸਭ ਕਾਰਨ ਇਸਲਾਮ ਅੰਦਰ ਵੀ ਗਿਰਾਵਟ ਆ ਚੁੱਕੀ ਸੀ। ਇਨ੍ਹਾਂ ਤੋਂ ਇਲਾਵਾ ਨਾਥ, ਜੋਗੀ ਅਤੇ ਸੰਨਿਆਸੀ ਵੀ ਸਮਾਜ ਵਿਚ ਅਸਰ ਰੱਖਦੇ ਸਨ। ਘਰ ਬਾਰ ਤਿਆਗ ਕੇ ਸੰਨਿਆਸੀ ਹੋਏ ਨਾਥ ਜੋਗੀਆਂ ਦੀ ਸਮਾਜ ਵਿਚ ਬਹੁਤ ਮਾਨਤਾ ਸੀ। ਪਰ ਲਾਲਚ ਦੀ ਆੜ ਵਿਚ ਇਹ ਵੀ ਆਪਣਾ ਮੂਲ ਮਕਸਦ ਭੁੱਲ ਚੁੱਕੇ ਸਨ। ਇਸ ਸਥਿਤੀ ਦਾ ਚਿੱਤਰ ਡਾ. ਰਤਨ ਸਿੰਘ ਜੱਗੀ ਇਸ ਤਰ੍ਹਾਂ ਖਿੱਚਦੇ ਹਨ :-

> ਵੈਰਾਗ ਦੀ ਮਾਮੂਲੀ ਜਿਹੀ ਲਹਿਰ ਉਠਣ ਨਾਲ ਘਰ-ਬਾਰ ਛੱਡ ਜਾਂਦੇ ਸਨ ਅਤੇ ਪੇਟ ਭਰਨ ਲਈ ਫਿਰ ਗ੍ਰਿਹਿਸਤੀਆਂ ਦੇ ਘਰਾਂ ਵੱਲ ਝਾਕਦੇ ਰਹਿੰਦੇ ਸਨ । ਨਾ ਉਹ ਗ੍ਰਿਹਿਸਥ ਧਰਮ ਦੀ ਪਾਲਣਾ ਕਰ ਸਕਦੇ ਸਨ ਅਤੇ ਨਾ ਹੀ ਅਧਿਆਤਮਕ ਧਰਮ ਵਿਚ ਉਚੇ ਉਠ ਸਕਦੇ ਸਨ। ਬੱਸ ਸਰੀਰ ਉੱਤੇ ਸੁਆਹ ਮਲ ਕੇ ਗੇਰੂਏ ਰੰਗ ਵਿਚ ਕੱਪੜੇ ਰੰਗ ਕੇ ਸਾਧੂ ਹੋਣ ਦਾ ਆਡੰਬਰ ਰਚਦੇ ਸਨ। (*ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਦੂਜਾ) 405.)

ਸਮਾਜ ਸੱਭਿਆਚਾਰਕ ਸੰਦਰਭ ਵਿਚ ਇਨ੍ਹਾਂ ਕੁਰੀਤੀਆਂ ਨੂੰ ਇਹ ਭਗਤ ਕਵੀ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਉਂਦੇ ਹਨ। ਇਹ ਧਾਰਮਿਕ ਇਕ ਤਰਫਾ ਅਮਲ ਨੂੰ ਨਹੀਂ ਅਪਣਾਉਂਦੇ ਬਲਕਿ ਉਪਰੋਕਤ ਸਾਰੇ ਧਰਮਾਂ ਵਿਚਲੇ ਪ੍ਰਪੰਚਾਂ ਪ੍ਰਤੀ ਆਪਣੀ ਸੰਤੁਲਿਤ ਪਹੁੰਚ ਅਪਣਾਉਂਦੇ ਹਨ। ਇਸ ਦੁਆਰਾ ਉਹ ਇਨ੍ਹਾਂ ਵਿਚਲੇ ਪਾਖੰਡਾਂ ਦਾ ਖੰਡਨ ਕਰਦੇ ਹਨ। ਭਾਰਤ ਵਿਚ ਇਸਲਾਮ ਦੇ ਆਉਣ ਨਾਲ ਜਾਤੀ ਪ੍ਰਥਾ ਨੂੰ ਢਾਹ ਲੱਗੀ ਕਿਉਂਕਿ ਇਸਲਾਮ ਵਿਚ ਜਾਤ-ਪਾਤ ਦਾ ਤਾਣਾ-ਬਾਣਾ ਮੁਕਾਬਲਤਨ ਘੱਟ ਹੋਣ ਕਾਰਨ ਇਹ ਆਪਣੀ ਵੱਖਰਤਾ ਹਿੰਦੂ ਧਰਮ ਨਾਲੋਂ ਅਖ਼ਤਿਆਰ ਕਰਦਾ ਸੀ। ਜਾਤੀ ਪ੍ਰਥਾ ਰੂਪੀ ਆਡੰਬਰ ਤੋਂ ਮੁਕਤੀ ਲਈ ਧਰਮ ਤਬਦੀਲੀ ਸੌਖਾ ਰਸਤਾ ਸੀ। ਇਹ ਰਸਤਾ ਕਥਿਤ ਸ਼ੂਦਰਾਂ ਨੂੰ ਇਸਲਾਮੀ ਵਿਸ਼ਵਾਸ ਵੱਲ ਜਾਣ ਲਈ ਮਜਬੂਰ ਕਰਦਾ ਸੀ। ਪਰ ਭਗਤ ਕਵੀਆਂ ਦੇ ਪ੍ਰਵਚਨ ਆਪਣੇ ਧਰਮ ਵਿਚ ਰਹਿ ਕੇ ਹੀ ਜਾਤ-ਪਾਤ ਦੀਆਂ ਵਲਗਣਾਂ ਤੋੜਨ ਵੱਲ ਵਧਦੇ ਹਨ। ਇਹ ਜਿੱਥੇ ਰੂਹਾਨੀ ਜਾਂ ਅਧਿਆਤਮਕ ਪੱਧਰ ਤੇ ਬਰਾਬਰੀ ਸਥਾਪਿਤ ਕਰਨ ਦੀ ਚੇਸ਼ਟਾ ਕਰਦੇ ਹਨ, ਉੱਥੇ ਨਾਲ ਹੀ ਸਮਾਜਕ ਪੱਧਰ ਤੇ ਇਸ ਬੁਰਾਈ ਦੇ ਖ਼ਾਤਮੇ ਵੱਲ ਕਦਮ ਵਧਾਉਂਦੇ ਹਨ। ਇਸੇ ਤਰ੍ਹਾਂ ਔਰਤ ਦੀ ਸਥਿਤੀ ਵੀ ਮੱਧਕਾਲੀ ਸਮਾਜ ਵਿਚ ਤਰਸਯੋਗ ਸੀ। ਹਿੰਦੂ ਧਰਮ ਵਿਚ ਲੜਕੀਆਂ ਦੀ ਹੱਤਿਆ, ਬਾਲ ਵਿਆਹ ਅਤੇ ਸਤੀ ਪ੍ਰਥਾ ਵਰਗੀਆਂ ਕੁਰੀਤੀਆਂ ਪ੍ਰਚੱਲਿਤ ਸਨ। ਇਸਲਾਮ ਦੇ ਆਉਣ ਇਸ ਸਥਿਤੀ ਵਿਚ ਹੋਰ ਨਿਘਾਰ ਵਾਪਰਨਾ ਸ਼ੁਰੂ ਹੋ ਗਿਆ ਕਿਉਂਕਿ ਇਸ ਵਿਚ ਪਰਦਾ ਪ੍ਰਥਾ ਪ੍ਰਚੱਲਿਤ ਸੀ। ਇਸ ਲਈ ਵੀ ਭਗਤ ਬਾਣੀ ਦਾ ਪ੍ਰਵਚਨ ਔਰਤ ਨੂੰ ਕੇਂਦਰੀ ਸਥਾਨ ਦੇ ਕੇ ਉਸਦੀ ਮਹੱਤਤਾ ਸਵੀਕਾਰਨ ਵੱਲ ਵਧਦਾ ਹੈ। ਭਗਤ ਕਵੀ ਸਮਾਜ ਅੰਦਰ ਪ੍ਰਚੱਲਿਤ ਰੀਤੀ-ਰਿਵਾਜਾਂ ਪ੍ਰਤੀ ਵੀ ਆਲੋਚਨਾਤਮਿਕ ਰਵੱਈਆ ਅਪਣਾਉਂਦੇ ਹਨ। ਇਨ੍ਹਾਂ ਵਿਚ ਭਿੱਟ-ਸੁੱਚ ਦਾ ਵੀ ਬੋਲਬਾਲਾ ਸੀ। ਭੂਤ ਪ੍ਰੇਤ ਆਦਿਕ ਸ਼ਕਤੀਆਂ ਪ੍ਰਤੀ ਵੀ ਵਿਸ਼ਵਾਸ ਫੈਲਾਏ ਗਏ ਸਨ।"ਅਜਿਹੀਆਂ ਅਦ੍ਰਿਸ਼ਟ ਆਤਮਾਵਾਂ ਜਿਹੜੀਆਂ ਮਨੁੱਖ ਦੀ ਸ਼ਾਂਤੀ ਖ਼ੁਸ਼ਹਾਲੀ ਵਿਚ ਵਿਘਨ ਪਾ ਕੇ ਘਾਤਕ ਹੀ ਸਿੱਧ ਨਹੀਂ ਸਨ ਹੁੰਦੀਆਂ ਸਗੋਂ ਜਾਨਲੇਵਾ ਵੀ ਬਣ ਜਾਂਦੀਆਂ ਸਨ, ਦੀ ਕਦਰਾਂ-ਕੀਮਤਾਂ ਦੀ ਬਹਾਲੀ ਹਿਤ ਉਪਾਸਨਾ ਕਰਨ ਦਾ ਵਿਧਾਨ ਵੀ ਪ੍ਰਚੱਲਿਤ ਸੀ। ਤਾਂਤਰਿਕਾਂ ਵਿਚ ਇਹਨਾਂ ਨੂੰ ਤੰਤਰਾਂ-ਮੰਤਰਾਂ ਆਦਿ ਦੁਆਰਾ ਵੱਸ ਕਰਨ ਦਾ ਵਿਧਾਨ ਦੀ ਪ੍ਰਚੱਲਿਤ ਸੀ। ਇਹਨਾਂ ਤੋਂ ਛੁਟਕਾਰੇ ਲਈ ਇਹ ਟੂਣੇ-

ਟਾਮਣ ਅਤੇ ਧਾਗੇ-ਤਵੀਤ ਆਦਿ ਕਿਰਿਆਵਾਂ ਦਾ ਪਾਲਣ ਵੀ ਕਰਦੇ ਸਨ।"(ਕਰਮ ਸਿੰਘ. *ਮੱਧਕਾਲੀਨ ਪੰਜਾਬ ਦੀ ਧਰਮ ਚੇਤਨਾ* 102.) ਇਸ ਤਰ੍ਹਾਂ ਦੇ ਹਾਲਾਤਾਂ ਵਿਚ ਗਿਆਨ ਦੀਆਂ ਵੱਖ-ਵੱਖ ਪਰੰਪਰਾਵਾਂ ਵਿਚ ਕੁਰੀਤੀਆਂ ਦਾ ਪ੍ਰਚੱਲਨ ਵੱਡੇ ਪੱਧਰ ਤੇ ਫੈਲ ਚੁੱਕਾ ਸੀ।

ਭਗਤ ਬਾਣੀ ਉਪਰੋਕਤ ਸਾਰੀਆਂ ਪਰੰਪਰਾਵਾਂ ਵਿਚ ਪੇਸ਼ ਹੋਏ ਸੰਕਲਪਾਂ ਦੀ ਨਵੀਂ ਵਿਆਖਿਆ ਪੇਸ਼ ਕਰਦੀ ਹੈ। ਸਾਰੇ ਭਗਤਾਂ ਕਵੀਆਂ ਨੇ ਸਮਕਾਲੀਨ ਪਰੰਪਰਾਵਾਂ ਵਿਚਲੀਆਂ ਵਿਸੰਗਤੀਆਂ ਨਾਲ ਆਢਾ ਲਿਆ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਭਗਤ ਕਬੀਰ ਜੀ ਦੇ ਹਵਾਲੇ ਨਾਲ ਤੱਤਕਾਲੀ ਸਮੇਂ ਵਿਚ ਪੱਥ-ਭ੍ਰਿਸ਼ਟ ਹੋ ਚੁੱਕੀਆਂ ਪਰੰਪਰਾਵਾਂ ਵਿਚਲੇ ਪਾਖੰਡੀ ਤੱਤਾਂ ਦੀ ਸਹੀ ਪਰਿਭਾਸ਼ਾ ਕਰਨ ਦੇ ਯਤਨਾਂ ਦਾ ਖ਼ਾਕਾ ਖਿੱਚਦੇ ਹਨ :-

> ਉਸ ਨੂੰ ਬਹੁ-ਦ੍ਰਿਸ਼ਟੀਆਂ ਦਾ ਅਵਲੋਕਨ ਕਰਨਾ ਪਿਆ। ਅਨੇਕ ਭਾਂਤ ਦੀਆਂ ਵਿਰੋਧੀ ਪਰਿਸਥਿਤੀਆਂ ਦੇ ਮਿਲਨ-ਬਿੰਦੂ ਤੇ ਪੈਦਾ ਹੋਣ ਕਾਰਨ ਅਜਿਹਾ ਅਵਸਰ ਮਿਲਿਆ। ਇਕ ਪਾਸੇ ਹਿੰਦੂ ਮਤ ਅਤੇ ਦੂਜੇ ਪਾਸੇ ਇਸਲਾਮ। ਇਕ ਪਾਸੇ ਗਿਆਨ ਦੂਜੇ ਪਾਸੇ ਅਸਿਖਸ਼ਿਤਾ। ਇਕ ਪਾਸੇ ਯੋਗ-ਮਾਰਗ ਤਾਂ ਦੂਜੇ ਪਾਸੇ ਭਗਤੀ ਮਾਰਗ। ਜਿੱਥੇ ਇਕ ਪਾਸੇ ਨਿਰਗੁਣ ਭਾਵਨਾ ਨਿਕਲ ਤੁਰਦੀ ਹੈ ਤਾਂ ਦੂਜੇ ਪਾਸੇ ਸਰਗੁਣ ਸਾਧਨਾ। ਕਬੀਰ ਇਕ ਚੌਰਾਹੇ 'ਤੇ ਖੜੇ ਹਨ। ਉਨ੍ਹਾਂ ਨੂੰ ਸੁਭਾਗ ਪ੍ਰਾਪਤ ਸੀ ਕਿ ਉਹ ਚਾਰੇ ਪਾਸੇ ਨਜ਼ਰ ਮਾਰ ਕੇ ਆਪਸੀ ਵਿਰੋਧੀ ਰਸਤਿਆਂ ਦੇ ਗੁਣ ਅਵਗੁਣਾਂ ਦਾ ਨਿਖੇੜਾ ਕਰ ਸਕਦੇ ਸਨ। (*ਮੱਧਯਕਾਲੀਨ ਧਰਮ ਸਾਧਨਾ* 107.)

ਉਪਰੋਕਤ ਪਰੰਪਰਾਵਾਂ ਭਗਤ ਕਵੀਆਂ ਦੇ ਵਿਰਸੇ ਵਿਚ ਹੁੰਦੀਆਂ ਹੋਈਆਂ ਸਮਕਾਲੀ ਸਮਾਜ ਦਾ ਹਿੱਸਾ ਸਨ। ਉਨ੍ਹਾਂ ਨਾਲ ਭਗਤ ਕਵੀਆਂ ਨੇ ਸੰਵਾਦ ਰਚਾਇਆ। ਇਹ ਸੰਵਾਦ ਭਗਤਾਂ ਦੀ ਰਚਨਾ ਵਿਚਲੇ ਸੰਵਾਦ ਦੇ ਰੂਪ ਵਿਚ ਸਾਨੂੰ ਪ੍ਰਾਪਤ ਹੈ। ਇੱਥੇ ਅਸੀਂ ਇਸ ਸਾਰੇ ਸੰਵਾਦ ਨੂੰ ਉੱਤਰ-ਆਧੁਨਿਕ ਦ੍ਰਿਸ਼ਟੀਕੋਣ ਤੋ ਦੇਖਣ ਦਾ ਯਤਨ ਕਰਾਂਗੇ। ਇਸ ਮੰਤਵ ਦੀ ਪੂਰਤੀ ਲਈ ਸਾਨੂੰ ਸਮਕਾਲੀਨ ਸਮਾਜ ਵਿਚਲੀਆਂ ਪਰੰਪਰਾਵਾਂ ਜੋ ਕਿ ਸਮੇਂ ਦੇ ਨਾਲ ਨਵੇਂ

ਰੂਪਾਂ ਵਿਚ ਕਾਰਜਸ਼ੀਲ ਹਨ, ਦਾ ਭਗਤ ਬਾਣੀ ਵਿਚਲੇ ਪ੍ਰਵਚਨਾਂ ਦੀ ਰੌਸ਼ਨੀ ਵਿਚ ਮੁੱਲਾਂਕਣ ਕਰਨਾ ਪਵੇਗਾ। ਇਸ ਨਾਲ ਅਸੀਂ ਭਗਤ ਬਾਣੀ ਦੀ ਸਮਕਾਲੀ ਪ੍ਰਾਸੰਗਿਕਤਾ ਵੀ ਨਿਰਧਾਰਿਤ ਕਰ ਸਕਾਂਗੇ।

ਇੱਥੇ ਅਸੀਂ ਭਗਤ ਬਾਣੀ ਦੇ ਪਿਛੋਕੜ ਵਿਚ ਕਾਰਜਸ਼ੀਲ ਪਰੰਪਰਾਵਾਂ ਬਾਰੇ ਸੰਖੇਪ ਵਿਚ ਚਰਚਾ ਕੀਤੀ ਹੈ। ਇਸ ਚਰਚਾ ਵਿਚ ਅਸੀਂ ਵੇਖਦੇ ਹਾਂ ਕਿ ਭਾਰਤੀ ਗਿਆਨ ਸ਼ਾਸਤਰ ਨੂੰ ਅਜੋਕੇ ਸਮੇਂ ਤੱਕ ਪ੍ਰਭਾਵਿਤ ਕਰਨ ਵਿਚ ਉਪਰੋਕਤ ਗਿਆਨ ਪਰੰਪਰਾਵਾਂ ਦਾ ਵੱਡਾ ਯੋਗਦਾਨ ਹੈ। ਭਗਤ ਬਾਣੀ ਅੰਦਰਲੇ ਪ੍ਰਵਚਨ ਨੇ ਇਨ੍ਹਾਂ ਪਰੰਪਰਾਵਾਂ ਨਾਲ ਸੰਵਾਦੀ ਸੁਰ ਉਚਾਰਨ ਕੀਤੀ। ਜਿੰਨੇ ਵੀ ਮੱਤ-ਮਤਾਂਤਰ ਅਤੇ ਪੰਥ ਭਾਰਤੀ ਪ੍ਰਸੰਗ ਵਿਚ ਚਲਾਇਮਾਨ ਹੋਏ ਹਨ, ਸਾਰਿਆਂ ਬਾਰੇ ਭਗਤ ਬਾਣੀ ਵਿਚੋਂ ਵਿਆਖਿਆਵਾਂ ਪ੍ਰਾਪਤ ਹੁੰਦੀਆਂ ਹਨ। ਇਕ ਪ੍ਰਮੁੱਖ ਪ੍ਰਵਿਰਤੀ ਜਿਹੜੀ ਇਨ੍ਹਾਂ ਤਮਾਮ ਪਰੰਪਰਾਵਾਂ ਅੰਦਰ ਵੱਡੇ ਰੂਪ ਵਿਚ ਪਾਈ ਜਾਂਦੀ ਹੈ, ਉਹ ਤਿਆਗ ਦੀ ਪ੍ਰਵਿਰਤੀ ਹੈ। ਭਗਤ ਕਵੀ ਤਿਆਗ ਨੂੰ ਵਡੇਰੇ ਅਰਥਾਂ ਵਿਚ ਪ੍ਰਗਟ ਕਰਦੇ ਹਨ ਕਿ ਜਦੋਂ ਪ੍ਰਾਣੀ ਸੰਸਾਰ ਵਿਚੋਂ ਚਲਾ ਜਾਂਦਾ ਹੈ ਤਾਂ ਇਹ ਸਾਰੇ ਮੋਹ ਆਪਣੇ ਆਪ ਖ਼ਤਮ ਹੋ ਜਾਂਦੇ ਹਨ। ਇਸ ਲਈ ਇਹ ਤਿਆਗ ਦੀ ਪ੍ਰਵਿਰਤੀ ਸੰਸਾਰ ਅੰਦਰ ਰਹਿੰਦੇ ਹੋਏ ਇਸ ਨੂੰ ਤਿਆਗਣ ਨਾਲ ਪੂਰਨ ਨਹੀਂ ਹੁੰਦੀ ਕਿਉਂਕਿ ਸਿਰਫ਼ ਘਰ-ਬਾਰ ਦਾ ਤਿਆਗ ਕਰਨਾ ਹੀ ਕਾਫ਼ੀ ਨਹੀਂ ਹੈ। ਜਿਹੜਾ ਵਿਅਕਤੀ ਘਰ ਦਾ ਤਿਆਗ ਕਰਦਾ ਹੈ, ਉਹ ਪ੍ਰਕਿਰਤੀ ਦੀਆਂ ਬਾਕੀ ਵਸਤੂਆਂ ਦਾ ਭੋਗ ਤਾਂ ਨਿਰੰਤਰ ਕਰਦਾ ਰਹਿੰਦਾ ਹੈ। ਸੂਰਜ ਚੰਦਰਮਾ ਦੀ ਰੌਸ਼ਨੀ ਦਾ ਤਿਆਗ ਕਿਸ ਤਰ੍ਹਾਂ ਹੋਵੇਗਾ, ਭਾਵ ਕੁਦਰਤ ਦੀਆਂ ਬਾਕੀ ਚੀਜ਼ਾਂ ਦੀ ਵਰਤੋਂ ਤਾਂ ਤਿਆਗਣੀ ਸੰਭਵ ਨਹੀਂ ਹੈ। ਇਹ ਕਿਸ ਤਰ੍ਹਾਂ ਦਾ ਤਿਆਗ ਹੈ। ਜ਼ਿੰਮੇਵਾਰੀਆਂ ਤੋ ਭਾਂਜਵਾਦੀ ਰੁਚੀ ਨੂੰ ਅਖ਼ਤਿਆਰ ਕਰ ਲੈਣਾ ਹੀ ਤਿਆਗ ਨਹੀਂ ਕਿਹਾ ਜਾ ਸਕਦਾ। ਇਸ ਲਈ ਹਰ ਪ੍ਰਾਣੀ ਤਿਆਗੀ ਹੈ ਜੋ ਇਸ ਸੰਸਾਰਕ ਯਾਤਰਾ ਪੂਰਨ ਕਰਕੇ ਚਲਿਆ ਜਾਂਦਾ ਹੈ। ਪਰੰਪਰਾ ਦੇ ਗਿਆਨ ਪ੍ਰਬੰਧਾਂ ਦੀ ਜਗ੍ਹਾ ਭਗਤ ਬਾਣੀ ਨੇ ਨਵਾਂ ਪ੍ਰਬੰਧ ਸਿਰਜਿਆ ਜਿਸ ਵਿਚ ਇਨ੍ਹਾਂ ਪਰੰਪਰਾਵਾਂ ਨਾਲ ਸੰਵਾਦ ਰਚਾ ਕੇ ਇਨ੍ਹਾਂ ਵਿਚਲੇ ਸੰਕਲਪਾਂ ਦੀ ਪੁਨਰ ਵਿਆਖਿਆ ਪੇਸ਼ ਕੀਤੀ ਗਈ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਇਸ ਸੁਭਾਅ ਕਾਰਨ ਸਮਾਜ ਨੂੰ ਇੱਕ ਸੰਤੁਲਿਤ ਸੇਧ ਦੇਣ ਦੀ ਸਮਰੱਥਾ ਰੱਖਦੀ ਹੈ। ਭਗਤ ਬਾਣੀ ਦੇ ਇਸ ਵਿਚਾਰਧਾਰਕ ਸੰਦਰਭ ਨੂੰ ਉੱਤਰ-ਆਧੁਨਿਕ ਪਰਿਪੇਖ ਦੀ ਪ੍ਰਵਿਰਤੀ

ਸਬੰਧੀ ਡਾ. ਸੁਤਿੰਦਰ ਸਿੰਘ ਨੂਰ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਅਨੁਸਾਰ,"ਇਸ ਨਾਲ ਸੁਤੰਤਰ ਵਿਚਾਰਧਾਰਾ ਬਣ ਕੇ ਕੇਂਦ੍ਰਿਤ ਹੁੰਦੀ ਗਈ। ਇਸ ਸਮਾਨੰਤਰਤਾ ਤੇ ਸੁਤੰਤਰਤਾ ਨੇ ਇਸ ਵਿਚ ਉੱਤਰ-ਆਧੁਨਿਕਤਾ ਦੀ ਇਕ ਪ੍ਰਵਿਰਤੀ, ਮਾਨਸਿਕਤਾ ਜਾਂ ਅਵਚੇਤਨ ਨੂੰ ਵੀ ਪੈਦਾ ਕੀਤਾ।" (*ਉੱਤਰ-ਆਧੁਨਿਕਤਾ ਕਲਾ ਅਤੇ ਸਾਹਿਤ* (ਸੰਪਾਦਕੀ) 3) ਭਗਤ ਬਾਣੀ ਵਿਚਲੀ ਵਿਚਾਰਧਾਰਾ ਸਮਾਜ ਸਭਿਆਚਾਰਕ ਸੰਦਰਭ ਵਿਚ ਇਕ ਅਜਿਹਾ ਗਿਆਨ ਸ਼ਾਸਤਰ ਉਸਾਰਦੀ ਹੈ ਜਿਸ ਨਾਲ ਇਕ ਅਜਿਹਾ ਵਰਤਾਰਾ ਹੋਂਦ ਸ਼ੀਲ ਹੁੰਦਾ ਹੈ ਜਿਸ ਵਿਚ ਕੇਵਲ ਮਨੁੱਖਤਾ ਦੇ ਸਰੋਕਾਰਾਂ ਦੀ ਹੀ ਪ੍ਰਧਾਨਤਾ ਹੁੰਦੀ ਹੈ। ਭਗਤ ਤ੍ਰਿਲੋਚਨ ਜੀ ਇਸ ਸਥਿਤੀ ਬਾਰੇ ਬਿਆਨ ਕਰਦੇ ਹਨ।

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ॥

ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 92.)

ਸਮਾਜ ਵਿਚ ਸਮਭਾਵ ਲਈ ਏਕੱਤਵ ਦੀ ਭਾਵਨਾ ਤਹਿਤ ਕਬੀਰ ਜੀ ਵੀ ਉਸ ਪਰਮ ਸ਼ਕਤੀ ਦਾ ਹੀ ਗੁਣਗਾਨ ਕਰਦੇ ਹੋਏ ਪੰਡਿਤ ਨੂੰ ਸੰਬੋਧਿਤ ਹੁੰਦੇ ਹਨ।

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ॥

ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ॥ (92.)

ਭਗਤ ਬੇਣੀ ਜੀ ਵੀ ਇਸੇ ਸੰਦਰਭ ਵਿਚ ਆਪਣੀ ਰਚਨਾ ਅੰਦਰ ਸਿਰਫ਼ ਬਾਹਰ ਦੇ ਤਿਆਗ ਦੀ ਪ੍ਰਵਿਰਤੀ ਉੱਪਰ ਕਾਮ ਦੇ ਪ੍ਰਭਾਵ ਦਾ ਕੀ ਸੁੰਦਰ ਵਰਣਨ ਪੇਸ਼ ਕਰ ਰਹੇ ਹਨ।

ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥

ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥ (93.)

ਭਗਤ ਕਬੀਰ ਜੀ ਦਾ ਸੁਰ ਵਿਅੰਗ ਭਰਪੂਰ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਸਥਾਨਕਤਾਵਾਂ ਦੇ ਸੰਕਲਪ ਨੂੰ ਆਪਣੇ ਨਿੱਜੀ ਮੁਫਾਦਾਂ ਲਈ ਨਫ਼ਰਤ ਦੀ ਧਰਾਤਲ ਤੇ ਪੇਸ਼ ਕਰਨਾ ਕਾਬਜ਼ ਸ਼੍ਰੇਣੀ ਦੀ ਘਾਤਕ

ਪੈਂਤੜੇਬਾਜ਼ੀ ਦਾ ਹਿੱਸਾ ਹੈ। ਇਸ ਲਈ ਉਹ ਸਮਾਜ ਅੰਦਰ ਇਸ ਭਾਵਨਾ ਦੇ ਸੰਚਾਰ ਲਈ ਪੁਜਾਰੀ ਸ਼੍ਰੇਣੀ ਦੀ ਵਰਤੋਂ ਕਰਦੇ ਹਨ। ਪੁਜਾਰੀ ਸ਼੍ਰੇਣੀ ਅਕਸਰ ਆਪਣੇ ਨਿੱਜੀ ਹਿੱਤਾਂ ਲਈ ਆਮ ਲੋਕਾਂ ਵਿਚ ਧਰਮ ਬਾਰੇ ਦੰਭ ਫੈਲਾਉਣ ਦਾ ਕਾਰਜ ਕਰਦੀ ਹੈ। ਇਸ ਸਬੰਧੀ ਡਾ. ਗੁਰਭਗਤ ਸਿੰਘ ਲਿਖਦੇ ਹਨ,"ਪੁਜਾਰੀ ਵਰਗ ਦਾ ਮਨੁੱਖ ਦੀ 'ਬਿਹਤਰੀ' ਬਾਰੇ ਉਸਾਰਿਆ ਵਿਚਾਰ ਆਪਣੇ ਆਪ ਤੋਂ ਹੀ ਪ੍ਰੇਰਿਤ ਹੈ। ਆਪਣੇ ਆਪ ਨੂੰ ਸਥਾਪਿਤ ਕਰਨ ਅਤੇ ਸ਼ਕਤੀ ਹਾਸਲ ਕਰਨ ਲਈ ਅਜਿਹਾ 'ਸੱਚ' ਵਿਕਸਿਤ ਕੀਤਾ ਜੋ ਇਕ ਪਵਿੱਤਰ 'ਝੂਠ' ਹੈ।"(*ਉੱਤਰ-ਆਧੁਨਿਕਤਾਵਾਦ* 22.) ਭਗਤ ਬਾਣੀ ਦਾ ਪ੍ਰਵਚਨ ਉੱਤਰ-ਆਧੁਨਿਕ ਸਥਿਤੀ ਵਿਚ ਵੀ ਸਾਰਥਿਕਤਾ ਗ੍ਰਹਿਣ ਕਰਦਾ ਹੈ, ਕਿਉਂਕਿ ਇਸ ਅੰਦਰ ਨਵੇਂ ਢੰਗ ਤਰੀਕਿਆਂ ਨਾਲ ਮਨੁੱਖ ਨੂੰ ਵਹਿਮ-ਭਰਮ ਵਿਚ ਪਾਉਣ ਦੇ ਸਾਧਨ ਮੌਜੂਦ ਹਨ। ਧਰਮ ਦੇ ਨਾਮ ਤੇ ਲੋਕਾਂ ਦੀ ਲੁੱਟ ਦਾ ਸਿਲਸਿਲਾ ਅੱਜ ਵੀ ਕਾਰਜਸ਼ੀਲ ਹੈ। ਭਗਤ ਕਬੀਰ ਜੀ ਆਪਣੇ ਵੇਲੇ ਪ੍ਰਚੱਲਿਤ ਪਖੰਡਾਂ ਦਾ ਵਿਰੋਧ ਕਰਦੇ ਹਨ। ਇਹ ਵਿਰੋਧੀ ਸੁਰ ਹਰ ਕਾਲ ਦੇ ਮਨੁੱਖ ਲਈ ਸੇਧ ਦੇਣ ਦੇ ਸਮਰੱਥ ਹੈ। ਆਪ ਜੀ ਨੇ ਆਪਣੀ ਤਾਰਕਿਕ ਸ਼ੈਲੀ ਦੁਆਰਾ ਸਾਰੇ ਪੰਥਾਂ ਵਿਚ ਪ੍ਰਚੱਲਿਤ ਗ਼ਲਤ ਧਾਰਨਾਵਾਂ ਦਾ ਖੰਡਨ ਪੇਸ਼ ਕੀਤਾ ਹੈ।

ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥
ਕਿਆ ਨਾਗੇ ਕਿਆ ਬਾਧੇ ਚਾਮ॥
ਜਬ ਨਹੀ ਚੀਨਸਿ ਆਤਮ ਰਾਮ॥
ਮੂਡ ਮੁੰਡਾਏ ਜੌ ਸਿਧਿ ਪਾਈ॥
ਮੁਕਤੀ ਭੇਡ ਨ ਗਈਆ ਕਾਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 324.)

ਇਕ ਪ੍ਰਚੱਲਿਤ ਵਿਸ਼ਵਾਸ ਹੈ ਕਿ ਜੋ ਕਾਸ਼ੀ ਵਿਚ ਪ੍ਰਾਣ ਤਿਆਗਦਾ ਹੈ ਉਹ ਮੁਕਤ ਹੋ ਜਾਂਦਾ ਹੈ ਅਤੇ ਜੋ ਮਗਹਰ ਵਿਚ ਮਰਦਾ ਹੈ ਉਹ ਖੋਤੇ ਦੀ ਜੂਨ ਵਿਚ ਪੈਂਦਾ ਹੈ। ਕਬੀਰ ਜੀ ਇਸ ਪ੍ਰਤੀ ਆਪਣਾ ਕੇਵਲ ਦ੍ਰਿਸ਼ਟੀਕੋਣ ਹੀ ਪੇਸ਼ ਨਹੀਂ ਕਰਦੇ ਬਲਕਿ ਉਸ ਤੋਂ ਵੀ ਅੱਗੇ ਨਿਕਲ ਜਾਂਦੇ ਹਨ। ਕਬੀਰ ਜੀ ਦੇ ਜੀਵਨ ਵੇਰਵਿਆਂ ਵਿਚ ਉਨ੍ਹਾਂ

ਦੁਆਰਾ ਆਪਣੇ ਪ੍ਰਾਣ ਮਗਹਰ ਵਿਚ ਤਿਆਗਣ ਦਾ ਵਿਵਰਣ ਮਿਲਦਾ ਹੈ। ਇਸ ਤਰ੍ਹਾਂ ਭਗਤ ਕਵੀ ਕਥਨੀ ਕਰਨੀ ਦੀ ਏਕਤਾ ਵੀ ਸਥਾਪਤ ਕਰਦੇ ਹਨ।

ਕਾਸੀ ਮਗਹਰ ਸਮ ਬੀਚਾਰੀ॥

ਓਛੀ ਭਗਤਿ ਕੈਸੇ ਉਤਰਸਿ ਪਾਰੀ॥ (326.)

ਕਬੀਰ ਬਾਣੀ ਅੰਦਰ ਵਿਅੰਗਾਤਮਿਕ ਉਦਾਹਰਨਾਂ ਦੁਆਰਾ ਪਰੰਪਰਾਵਾਂ ਵਿਚ ਪਈਆਂ ਪਖੰਡ ਵਾਦੀ ਰੁਚੀਆਂ ਦੇ ਤਿਆਗ ਦੀ ਗੱਲ ਨੂੰ ਅਗਰਭੂਮਿਤ ਕੀਤਾ ਗਿਆ ਹੈ।"ਉੱਤਰ-ਆਧੁਨਿਕਤਾ ਨਾ ਪੇਸ਼ ਕਰਨ ਯੋਗ ਨੂੰ ਪੇਸ਼ ਕਰਨ ਯੋਗ ਬਣਾਉਂਦੀ ਹੈ। ਉਹ ਚੰਗੇ ਰੂਪਾਂ ਦੀ ਦਿਲਜੋਈ ਨੂੰ ਨਿਕਾਰਦੀ ਹੈ, ਭਾਵਨਾ ਦੀ ਇਕਸੁਰਤਾ, ਜਿਹੜੀ ਅਣ-ਪ੍ਰਾਪਤੀ ਦੇ ਉਦਰੇਵੇਂ ਨੂੰ ਸਮੂਹਕ ਤੌਰ ਤੇ ਵੰਡਾਉਣਯੋਗ ਬਣਾਉਂਦੀ ਹੈ, ਉਹ ਨਵੀਂ ਪੇਸ਼ਕਾਰੀ ਲਈ ਖੋਜ ਕਰਦੀ ਹੈ, ਉਸ ਦਾ ਲੁਤਫ਼ ਲੈਣ ਲਈ ਨਹੀਂ ਸਗੋਂ ਅਣਪ੍ਰਦਰਸ਼ਨਤਾ ਨੂੰ ਜ਼ੋਰਦਾਰ ਭਾਵਨਾ ਪ੍ਰਦਾਨ ਕਰਾਉਣ ਲਈ।"(Mark.C.Taylor (Ed.). *Saints and Postmodernism* XIII.) ਭਗਤ ਬਾਣੀ ਵਿਚ ਆਪਣੇ ਅਨੁਭਵ ਨੂੰ ਪ੍ਰਗਟ ਕਰਨ ਲਈ ਵਿਅੰਗਾਤਮਿਕ ਰੂਪ ਵਿਚ ਅਜਿਹੀਆਂ ਉਦਾਹਰਨਾਂ ਰਾਹੀਂ ਪੇਸ਼ ਕਰਦੀ ਹੈ, ਜਿਸ ਵਿਚ ਅਧਿਆਤਮਕ ਅਨੁਭਵ ਪਰੰਪਰਾਗਤ ਮੁਹਾਵਰੇ ਨਾਲੋਂ ਵੱਖਰਤਾ ਅਖ਼ਤਿਆਰ ਕਰਦਾ ਹੈ। ਭਗਤ ਕਬੀਰ ਜੀ ਦੀ ਨਿਮਨਲਿਖਤ ਰਚਨਾ ਇਸ ਸੰਦਰਭ ਵਿਚ ਵੇਖੀ ਜਾ ਸਕਦੀ ਹੈ:

ਉਲਟੀ ਗੰਗਾ ਜਮੁਨ ਮਿਲਾਵਉ॥

ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 327.)

ਭਾਰਤੀ ਪਰੰਪਰਾਵਾਂ ਅੰਦਰ ਇਲਾਹਾਬਾਦ ਜਿਸ ਨੂੰ ਕਿ ਪ੍ਰਯਾਗਰਾਜ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ, ਵਿਚ ਨਹਾਉਣ ਦਾ ਵੱਡਾ ਮਹਾਤਮ ਸਮਝਿਆ ਜਾਂਦਾ ਹੈ। ਬੇਣੀ ਜੀ ਇਸ ਪ੍ਰਤੀ ਨਵੀਨ ਧਾਰਨਾ ਪੇਸ਼ ਕਰਦੇ ਹਨ। ਆਪ ਅਨੁਸਾਰ ਮਨੁੱਖੀ ਸਰੀਰ ਅੰਦਰ ਤਿੰਨ ਨਾੜੀਆਂ ਇੜਾ, ਪਿੰਗੁਲਾ ਅਤੇ ਸੁਖਮਨਾ ਹਨ। ਇਨ੍ਹਾਂ ਤਿੰਨਾਂ ਵਿਚ ਮਨ ਦੀ ਇਕਾਗਰਤਾ ਦੁਆਰਾ ਇਨਸਾਨ ਸੰਗਮ ਦਾ ਇਸ਼ਨਾਨ ਕਰ ਸਕਦਾ ਹੈ। ਇਸ ਦਾ ਭਾਵ ਹੈ ਕਿ ਮਨ ਦੀ ਸ਼ੁੱਧੀ

ਵਾਸਤੇ ਆਦਮੀ ਲਈ ਬਾਹਰ ਦੇ ਇਸ਼ਨਾਨ ਸਿਰਫ਼ ਦਿਖਾਵਾ ਹਨ। ਕਮਾਲ ਦੀ ਗੱਲ ਹੈ ਕਿ ਅਜੋਕੇ ਸਮੇਂ ਵਿਚ ਸਾਡੇ ਦੇਸ਼ ਅੰਦਰ ਤੀਰਥ ਸਥਾਨਾਂ ਤੇ ਜਾ ਕੇ ਇਸ਼ਨਾਨ ਕਰਨ ਦਾ ਰਿਵਾਜ ਦੁਬਾਰਾ ਜ਼ੋਰ ਪਕੜ ਗਿਆ ਹੈ। ਇਸ ਵਰਤਾਰੇ ਨੂੰ ਕੁਝ ਲੋਕ ਸੈਰ-ਸਪਾਟੇ ਦੇ ਬਦਲ ਵਜੋਂ ਵੇਖਦੇ ਹਨ। ਪਿਛਲੀ ਸਦੀ ਦੇ ਪਿਛਲੇ ਦਹਾਕੇ ਦੇ ਅੱਧ ਤੋਂ ਬਾਅਦ ਇਹ ਸਿਲਸਿਲਾ ਉੱਭਰਵੇਂ ਰੂਪ ਵਿਚ ਸਾਹਮਣੇ ਆਇਆ ਹੈ। ਇਸ ਲਈ ਉੱਤਰ-ਆਧੁਨਿਕ ਪ੍ਰਸੰਗਾਂ ਵਿਚ ਇਸ ਦੇ ਵਿਲੱਖਣ ਅਰਥ ਸਾਹਮਣੇ ਆਉਂਦੇ ਹਨ। ਭਗਤ ਬੇਣੀ ਜੀ ਦੇ ਨਿਮਨਲਿਖਤ ਕਥਨ ਨੂੰ ਅਜੋਕੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ।

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥ (974.)

ਭਗਤ ਬੇਣੀ ਜੀ ਭਾਰਤੀ ਪਰੰਪਰਾਵਾਂ ਦੁਆਰਾ ਸਿਰਜੇ ਦਸਮ ਦੁਆਰੇ ਦੇ ਸੰਕਲਪ ਦੀ ਵਿਆਖਿਆ ਪੇਸ਼ ਕਰਦੇ ਹਨ। ਇਸ ਵਿਆਖਿਆ ਦੀ ਪ੍ਰਾਸੰਗਿਕਤਾ ਅਜੋਕੇ ਸਮੇਂ ਵਿਚ ਵੀ ਵੇਖੀ ਜਾ ਸਕਦੀ ਹੈ। ਇਸ ਸੰਕਲਪ ਨੂੰ ਆਧਾਰ ਬਣਾ ਕੇ ਅਜੋਕੇ ਸਮਾਜ ਵਿਚ ਪ੍ਰਚੱਲਿਤ ਡੇਰੇਦਾਰਾਂ ਨੇ ਭੋਲੇ-ਭਾਲੇ ਲੋਕਾਂ ਨੂੰ ਠੱਗਣ ਦਾ ਸਾਧਨ ਬਣਾ ਰੱਖਿਆ ਹੈ।

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥ (974.)

ਪਰਮਾਤਮਾ ਦੇ ਸਰਗੁਣ ਸਰੂਪ ਨੂੰ ਮੂਰਤੀ ਪੂਜਾ ਦੇ ਰੂਪ ਵਿਚ ਸਥਾਪਿਤ ਕਰਨ ਦਾ ਕੰਮ ਭਾਰਤੀ ਪਰੰਪਰਾਵਾਂ ਦੀ ਦੇਣ ਹੈ।"ਸੰਤਾਂ ਦਾ ਜੀਵਨ ਕੇਵਲ ਸਧਾਰਨ ਕਾਰਜਾਂ ਦਾ ਜੀਵਨ ਨਹੀਂ ਸਗੋਂ ਪ੍ਰਵਾਨਿਤ ਕਾਰਜਾਂ ਦਾ ਜੀਵਨ ਹੈ। ਉੱਤਰ-ਆਧੁਨਿਕ ਸੰਦਰਭਾਂ ਵਿਚ ਸਦਾਚਾਰਕ ਕਾਰਜਾਂ ਦਾ ਅਧਿਕਾਰਤ ਹੱਕ, ਜਿਸ ਵਿਚ ਅਧਿਕਾਰਤ ਵਿਖਿਆਨ ਲਈ, ਪੂਰਵ-ਨਿਸ਼ਚਿਤ ਸਧਾਰਨ ਧਾਰਨਾਵਾਂ, ਜਿਹੜੀ ਆਲੋਚਨਾ ਤਹਿਤ ਆਉਂਦੀਆਂ ਹਨ, ਉਹਨਾ ਪ੍ਰਤੀ ਸ਼ਕਤੀ ਤਿਆਗਣ ਦੀ ਲੋੜ ਹੁੰਦੀ ਹੈ।"(Wyshogrod. *Saints and Postmodernism* 60.) ਅਜੋਕੇ ਸਮੇਂ

ਅੰਦਰ ਵੀ ਦੇਵੀ ਦੇਵਤਾਵਾਂ ਦੀਆਂ ਮੂਰਤੀਆਂ ਨੂੰ ਸੁਲਾਉਣ ਅਤੇ ਜਗਾਉਣ ਦੀਆਂ ਪ੍ਰਥਾਵਾਂ ਪ੍ਰਚੱਲਿਤ ਹਨ। ਪਰ ਬੇਣੀ ਜੀ ਦਾ ਨਿਰਗੁਣ ਪਰਮਾਤਮਾ ਜਾਗਣ ਸੌਣ ਦੇ ਬੰਧਨ ਤੋਂ ਆਜ਼ਾਦ ਹੈ।

ਜਾਗਤੁ ਰਹੈ ਸੁ ਕਬਹੁ ਨ ਸੋਵੈ॥

ਤੀਨਿ ਤਿਲੋਕ ਸਮਾਧਿ ਪਲੋਵੈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 974.)

ਉਸ ਨੂੰ ਪਾਉਣ ਲਈ ਮਨ ਨੂੰ ਪਾਕ ਸਾਫ਼ ਕਰਨ ਦੀ ਜ਼ਰੂਰਤ ਹੈ। ਭਗਤ ਕਵੀ ਇਸੇ ਸੰਕਲਪ ਨੂੰ ਅਗਰਭੂਮਿਤ ਕਰਦੇ ਹਨ। ਬੇਣੀ ਜੀ ਨਾਥ ਪਰੰਪਰਾ ਦੀ ਸੁੰਨ ਅਵਸਥਾ ਨੂੰ ਪੁਨਰ ਪਰਿਭਾਸ਼ਿਤ ਕਰ ਰਹੇ ਹਨ।

ਬੀਜ ਮੰਤ੍ਰ ਲੈ ਹਿਰਦੈ ਰਹੈ॥

ਮਨੂਆ ਉਲਟਿ ਸੁੰਨ ਮਹਿ ਗਹੈ॥ (974.)

ਪੰਜ ਇੰਦਰੀਆਂ ਨੂੰ ਵੱਸ ਕਰਨ ਨਾਲ ਹੀ ਆਦਮੀ ਜਾਗ੍ਰਿਤ ਅਵਸਥਾ ਵਿਚ ਗਿਣਿਆਂ ਜਾ ਸਕਦਾ ਹੈ। ਅਜੋਕੇ ਸਮੇਂ ਵਿਚ ਵੀ ਇਹ ਕਥਨ ਸਾਰਥਿਕ ਪ੍ਰਤੀਤ ਹੁੰਦੇ ਹਨ। ਉੱਤਰ-ਆਧੁਨਿਕ ਸਥਿਤੀ ਵਿਚ ਵੀ ਇਨ੍ਹਾਂ ਸੰਕਲਪਾਂ ਦੁਆਰਾ ਸੇਧਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਜਾਗਤੁ ਰਹੈ ਨ ਅਲੀਆ ਭਾਖੈ॥

ਪਾਚਉ ਇੰਦ੍ਰੀ ਬਸਿ ਕਰਿ ਰਾਖੈ॥ (974.)

ਜਗਨਨਾਥ ਭਾਵ ਪਰਮਾਤਮਾ ਨਾਲ ਗੋਸ਼ਟੀ ਜਾਂ ਮਿਲਾਪ ਦੀ ਅਵਸਥਾ ਲਈ ਸਹਿਜ ਅਵਸਥਾ ਦੀ ਪ੍ਰਾਪਤੀ ਵੱਲ ਵਧਣਾ ਪਵੇਗਾ ਨਾ ਕਿ ਆਡੰਬਰ ਵਿਚ, ਇਸੇ ਦਾ ਵਰਣਨ ਭਗਤ ਬੇਣੀ ਜੀ ਕਰਦੇ ਹਨ।

ਅਜਰੁ ਜਰੈ ਸੁ ਨਿਝਰੁ ਝਰੈ॥

ਜਗੰਨਾਥ ਸਿਉ ਗੋਸਟਿ ਕਰੈ॥ (974.)

ਭਾਰਤੀ ਪਰੰਪਰਾਵਾਂ ਅੰਦਰ ਪੰਚ ਸ਼ਬਦ ਦਾ ਸੰਕਲਪ ਪਾਇਆ ਜਾਂਦਾ ਹੈ। ਇਨ੍ਹਾਂ ਨੂੰ ਆਧਾਰ ਬਣਾ ਕੇ ਅੱਜ ਵੀ ਵੱਖ-ਵੱਖ ਮੱਤ ਪ੍ਰਚੱਲਿਤ ਹਨ। ਕਈ ਪਰੰਪਰਾਵਾਂ ਅੰਦਰ ਸੰਖ, ਚੱਕਰ, ਚਵਰ ਆਦਿ ਦਾ ਵੀ ਜ਼ਿਕਰ ਹੈ। ਉੱਤਰ-

ਆਧੁਨਿਕ ਪਰਿਪੇਖ ਵਿਚ ਮਨੁੱਖੀ ਮਨ ਦੀਆਂ ਦਿਸ਼ਾਵਾਂ ਵਾਸਤੇ ਭਗਤੀ ਲਈ ਵਰਤੇ ਜਾਂਦੇ ਚਿੰਨ੍ਹ ਵੀ ਪਰੰਪਰਾਵਾਂ ਦਾ ਹਿੱਸਾ ਰਹੇ ਹਨ। ਪੰਜਾਬ ਦਾ ਦਰਸ਼ਨ ਸਮੁੱਚੇ ਭਾਰਤ ਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਇਸ ਦਾ ਪ੍ਰਮੁੱਖ ਕਾਰਨ ਇਸ ਵਿਚਲੀ ਵਿਸ਼ਵ ਦ੍ਰਿਸ਼ਟੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਇਸੇ ਦ੍ਰਿਸ਼ਟੀ ਦੀ ਉੱਤਮ ਉਦਾਹਰਨ ਦੇ ਤੌਰ ਤੇ ਸਾਹਮਣੇ ਆਉਂਦੀ ਹੈ। ਇਸ ਸਬੰਧੀ ਡਾ. ਗੁਰਭਗਤ ਸਿੰਘ  ਦਾ ਕਥਨ ਹੈ :-

> ਦੈਰਿਦਾ ਦੀਆਂ ਪ੍ਰਤੀਨਿਧ ਰਚਨਾਵਾਂ ਤੋਂ ਜੋ ਸਿਧਾਂਤ ਉੱਭਰਦਾ ਹੈ, ਜਿਸ ਨੂੰ ਡੀਕੰਸਟਰਕਸ਼ਨ ਜਾਂ ਪ੍ਰਤਿਸਿਰਜਨਾ ਆਖਿਆ ਗਿਆ ਹੈ, ਉਸ ਦਾ ਪੰਜਾਬੀ ਪਰਿਪੇਖ ਨਾਲ ਮੇਲ ਜਾਂ ਇਸ ਨਾਲੋਂ ਵਿਲੱਖਣਤਾ ਜਾਨਣੀ ਜ਼ਰੂਰੀ ਹੈ ਤਾਂ ਹੀ ਉਸ ਨੂੰ ਪੰਜਾਬੀ ਦੀ ਚੇਤਨਤਾ ਅਤੇ ਅਭਿਆਸ ਦਾ ਮਹੱਤਵਪੂਰਣ ਹਿੱਸਾ ਬਣਾਇਆ ਜਾ ਸਕਦਾ ਹੈ। "ਪੰਜਾਬੀ ਪਰਿਪੇਖ" ਤੋਂ ਇੱਥੇ ਭਾਵ ਉਹ ਵਿਸ਼ਵ-ਦ੍ਰਿਸ਼ਟੀ ਅਤੇ ਉਸ ਦੇ ਪ੍ਰਗਟਾਓ-ਮਾਧਿਅਮ ਹਨ ਜੋ ਪੰਜਾਬ ਦੇ ਦਰਸ਼ਨ ਅਤੇ ਸਾਹਿਤ ਵਿਚੋਂ ਅਭਿਵਿਅਕਤ ਹੁੰਦੇ ਹਨ। ਇਹ ਅਭਿਵਿਅਕਤੀ ਮੁੱਖ ਤੌਰ ਤੇ ਗੁਰਬਾਣੀ, ਸੂਫ਼ੀ ਅਤੇ ਕਿੱਸਾ ਸਾਹਿਤ ਦੇ ਪਾਠਾਂ ਵਿਚ ਹੋਈ ਹੈ।(*ਵਿਸ਼ਵਚਿੰਤਕ ਯੱਕ ਦੈਰਿਦਾ ਅਤੇ ਪੰਜਾਬੀ ਪਰਿਪੇਖ* 76.)

ਪੰਜਾਬੀ ਪਰਿਪੇਖ ਵਿਚ ਭਗਤ ਬਾਣੀ ਵਿਚਲੇ ਸੰਕਲਪਾਂ ਨੂੰ ਨਵੀਨ ਪਰਿਭਾਸ਼ਾ ਪ੍ਰਾਪਤ ਹੁੰਦੀ ਹੈ। ਭਗਤ ਬੇਣੀ ਜੀ ਇਸ ਵਰਤਾਰੇ ਦੀ ਨਵੀਨ ਵਿਆਖਿਆ ਪ੍ਰਸਤੁਤ ਕਰਦੇ ਹਨ।

ਪੰਚ ਸਬਦ ਨਿਰਮਾਇਲ ਬਾਜੇ॥
ਢੁਲਕੇ ਚਵਰ ਸੰਖ ਘਨ ਗਾਜੇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 974.)

ਕਈ ਪਰੰਪਰਾਵਾਂ ਅੰਦਰ ਪਰਮਾਤਮਾ ਦੇ ਦਰਸ਼ਨ ਕਰਵਾਉਣ ਸਬੰਧੀ ਦਾਅਵੇ ਪੇਸ਼ ਕੀਤੇ ਜਾਂਦੇ ਸਨ। ਇਹ ਪਰਪੰਚ ਅਜੋਕੇ ਸਮਾਜ ਅੰਦਰ  ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚੱਲਿਤ ਹਨ। ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਅੱਜ ਵੀ ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰਦੇ ਹੋਏ ਉਸ ਨੂੰ ਘਟ-ਘਟ ਅੰਦਰ ਵਿੱਦਮਾਨ ਸਵੀਕਾਰਦੇ ਹਨ। ਇਸ ਪ੍ਰਕਾਰ ਉਹ ਸਾਰੇ ਭੇਦਾਂ ਨੂੰ ਤੋੜਨ ਦੀ ਰੁਚੀ ਦਾ ਪ੍ਰਗਟਾਵਾ ਕਰਦੇ ਹਨ।

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ॥

ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ॥ (1351.)

ਉੱਤਰ-ਆਧੁਨਿਕਤਾ ਇਕਾਰਥੀ ਵਰਤਾਰਿਆਂ ਦੀ ਵਕਾਲਤ ਕਰਦੀ ਹੈ। ਇਸ ਸੰਕਲਪ ਨੂੰ ਭਗਤ ਕਵੀਆਂ ਨੇ ਅਕਾਲ ਪੁਰਖ ਦੇ ਨਾਮ ਨਾਲ ਵੀ ਪ੍ਰਗਟਾਇਆ ਹੈ। ਭਗਤ ਬਾਣੀ ਵਿਚ ਕੇਵਲ ਇਕ ਅਕਾਲ ਪੁਰਖ ਦਾ ਹੀ ਕਮਾਲ ਮੰਨਿਆਂ ਗਿਆ ਹੈ, ਜਿਸ ਨੇ ਘਟ-ਘਟ ਅੰਦਰ ਬ੍ਰਹਮ ਨੂੰ ਛੁਪਾ ਰੱਖਿਆ ਹੈ।

ਅਕੁਲ ਪੁਰਖ ਇਕੁ ਚਲਿਤੁ ਉਪਾਇਆ॥

ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥ (1351.)

ਭਗਤ ਬੇਣੀ ਜੀ ਦੁਆਰਾ ਭਾਰਤੀ ਸਨਾਤਨੀ ਪਰੰਪਰਾਵਾਂ ਵਿਚਲੇ ਪਾਖੰਡਾਂ ਨੂੰ ਆਪਣੀ ਰਚਨਾ ਦੁਆਰਾ ਬੇਪਰਦ ਕੀਤਾ ਹੈ। ਇਸ ਪਾਖੰਡ ਮਈ ਵਰਤਾਰੇ ਦੇ ਉਗਮਣ ਨਾਲ ਭਗਤੀ ਜਾਂ ਧਾਰਮਿਕ ਪਰਪੰਚ ਹੰਕਾਰ ਦਾ ਕਾਰਨ ਬਣਦੇ ਜਾ ਰਹੇ ਹਨ। ਇਸੇ ਹੰਕਾਰ ਕਰਕੇ ਦੂਜੇ ਦੀ ਹੋਂਦ ਪ੍ਰਤੀ ਅਸਹਿਣਸ਼ੀਲਤਾ ਦਾ ਬੋਲਬਾਲਾ ਹੈ। ਇਸ ਵਿਚਾਰ ਨੂੰ ਪੋਸਟ-ਮਾਡਰਨ ਰੀਡਰ ਦੇ ਹਵਾਲੇ ਨਾਲ ਪ੍ਰਾਚੀਨ ਅਤੇ ਨਵੀਨ ਸੰਦਰਭਾਂ ਵਿਚ ਸਾਰਥਿਕਤਾ ਪ੍ਰਦਾਨ ਕਰਨ ਦੀ ਉੱਤਰ-ਆਧੁਨਿਕ ਦ੍ਰਿਸ਼ਟੀਕੋਣ ਨੂੰ ਵਿਚ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ :-

> ਉੱਤਰ-ਆਧੁਨਿਕ ਸੋਚ ਦਾ ਮੂਲ ਵਿਚਾਰ ਕੋਈ ਨਵਾਂ ਨਹੀਂ, ਫ਼ਿਲਾਸਫ਼ਰ ਸਦੀਆਂ ਤੋਂ ਨਿੱਜੀ ਤੌਰ ਤੇ ਇਕ ਚਿਹਨਕੀ ਵਾਤਾਵਰਣ ਦੀ ਖੋਜ ਕਰ ਰਹੇ ਹਨ ਅਤੇ ਅਧਿਆਤਮਿਕ ਆਗੂ ਆਪਣੇ ਵਿੱਦਿਆਰਥੀਆਂ ਨੂੰ ਹਉਮੈਂ ਤੋਂ ਆਜ਼ਾਦੀ ਪ੍ਰਾਪਤ ਕਰਨ ਦਾ ਰਸਤਾ ਦਿਖਾ ਰਹੇ ਹਨ। ਉਨ੍ਹਾਂ ਨੂੰ ਦੁਬਾਰਾ ਤੋਂ ਆਪਣੀ ਪਛਾਣ ਬਨਾਉਣ ਲਈ ਉਤਸਾਹਿਤ ਕਰ ਰਹੇ ਹਨ। (Waltor Truett Anderson. *The Fortana Post Modernism Reader* 218.)

ਆਪਣੀ ਰਚਨਾ ਵਿਚ ਭਗਤ ਬੇਣੀ ਜੀ ਮਨੁੱਖ ਨੂੰ ਪਾਖੰਡ ਛੱਡ ਕੇ ਆਪਣੀ ਅਸਲ ਪਛਾਣ ਪ੍ਰਤੀ ਸੁਚੇਤ ਹੋਣ ਲਈ ਸੋਧਤ ਕਰਦੇ ਹਨ। ਅਜੋਕੇ ਸਮੇਂ ਵਿਚ ਵੀ ਪਾਖੰਡਾਂ ਅਤੇ ਦੰਭ ਦਾ ਬੋਲਬਾਲਾ ਹੈ। ਇਨ੍ਹਾਂ ਵਿਚ ਭਗਤੀ ਜਾਂ

ਅਧਿਆਤਮਕ ਜਗਤ ਵਿਚ ਵਿੱਦਮਾਨ ਹੰਕਾਰ ਦੀ ਪ੍ਰਵਿਰਤੀ ਪ੍ਰਤੀ ਉੱਤਰ-ਆਧੁਨਿਕਤਾ ਨੀਰਸਤਾ ਦਾ ਪ੍ਰਗਟਾਵਾ ਕਰਦੀ ਹੈ। ਭਗਤ ਬਾਣੀ ਵਿਚਲਾ ਪ੍ਰਵਚਨ ਇਸ ਤਰ੍ਹਾਂ ਦੇ ਪ੍ਰਪੰਚਾਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ। ਇਸ ਲਈ ਨਿਮਨਲਿਖਤ ਸ਼ਬਦਾਂ ਵਿਚਲੀ ਦ੍ਰਿਸ਼ਟੀ ਉੱਤਰ-ਆਧੁਨਿਕ ਪਰਿਪੇਖ ਵਿਚ ਸਾਰਥਿਕਤਾ ਗ੍ਰਹਿਣ ਕਰਦੀ ਪ੍ਰਤੀਤ ਹੁੰਦੀ ਹੈ।

ਤਨਿ ਚੰਦਨੁ ਮਸਤਕਿ ਪਾਤੀ॥
ਰਿਦ ਅੰਤਰਿ ਕਰ ਤਲ ਕਾਤੀ॥
ਠਗ ਦਿਸਟਿ ਬਗਾ ਲਿਵ ਲਾਗਾ॥
ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥੧॥
ਕਲਿ ਭਗਵਤ ਬੰਦ ਚਿਰਾਂਮੰ॥
ਕਰ ਦਿਸਟਿ ਰਤਾ ਨਿਸਿ ਬਾਦੰ॥੧॥ਰਹਾਉ॥
ਨਿਤਪ੍ਰਤਿ ਇਸਨਾਨੁ ਸਰੀਰੰ॥
ਦੁਇ ਧੋਤੀ ਕਰਮ ਮੁਖਿ ਖੀਰੰ॥
ਸਿਲ ਪੂਜਸਿ ਚਕ੍ਰ ਗਣੇਸੰ॥
ਨਿਸਿ ਜਾਗਸਿ ਭਗਤਿ ਪ੍ਰਵੇਸੰ॥
ਮ੍ਰਿਗ ਆਸਣੁ ਤੁਲਸੀ ਮਾਲਾ॥
ਕਰ ਊਜਲ ਤਿਲਕੁ ਕਪਾਲਾ॥
ਰਿਦੈ ਕੂੜੁ ਕੰਠਿ ਰੁਦ੍ਰਾਖੰ॥
ਰੇ ਲੰਪਟ ਕ੍ਰਿਸਨੁ ਅਭਾਖੰ॥੪॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1351.)

ਵੇਦ ਪੁਰਾਣਾਂ ਅੰਦਰਲੀ ਸਿੱਖਿਆ ਅਮਲ ਵਿਚ ਲਿਆਉਣ ਤੇ ਹੀ ਸਾਰਥਿਕ ਹੁੰਦੀ ਹੈ। ਇਸ ਲਈ ਸਿਰਫ਼ ਸੁਣਨ ਨਾਲ ਹੀ ਆਦਮੀ ਮੁਕਤ ਨਹੀਂ ਹੁੰਦਾ। ਜੇਕਰ ਉਸ ਅੰਦਰ ਸੰਸਾਰ ਵਿਚਲੇ ਦੀਨ ਦੁਖੀਆਂ ਪ੍ਰਤੀ ਦਇਆ ਨਹੀਂ ਉਪਜਦੀ ਤਾਂ ਇਹੋ ਜਿਹੇ ਪਾਠ ਸੁਣਨ ਦਾ ਕੋਈ ਲਾਭ ਨਹੀਂ ਹੈ। ਭਗਤ ਪਰਮਾਨੰਦ ਜੀ ਇਸ ਅਮਲ ਨੂੰ ਅਪਨਾਉਣ ਦਾ ਹੋਕਾ ਦਿੰਦੇ ਹਨ। ਇਹ ਦ੍ਰਿਸ਼ਟੀ ਉੱਤਰ-ਆਧੁਨਿਕ ਪਰਿਪੇਖ ਵਿਚ ਵੀ ਸਾਰਥਿਕ ਹੈ।

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥

ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥ (1253.)

ਭਗਤ ਸੂਰਦਾਸ ਜੀ ਆਪਣੇ ਸ਼ਬਦ ਅੰਦਰ ਆਪਣੇ ਮਨ ਨੂੰ ਹਰੀ ਭਾਵ ਪਰਮਾਤਮਾ ਤੋਂ ਬਿਮੁਖ ਲੋਕਾਂ ਦਾ ਸਾਥ ਛੱਡਣ ਲਈ ਆਖਦੇ ਹਨ। ਇੱਥੇ ਇਸ ਦਾ ਅਰਥ ਚੰਗੇ ਆਚਰਨ ਵਾਲੇ ਲੋਕਾਂ ਦੀ ਸੰਗਤ ਅਪਨਾਉਂਣ ਦਾ ਸੰਦੇਸ਼ ਸੰਚਾਰਿਤ ਹੋ ਰਿਹਾ ਹੈ। ਅਜੋਕਾ ਮਨੁੱਖ ਆਪਣੇ ਛੋਟੇ-ਛੋਟੇ ਲਾਲਚਾਂ ਦੇ ਕਾਰਨ ਬੁਰਾਈਆਂ ਦੀ ਦਲਦਲ ਵਿਚ ਫਸਦਾ ਜਾ ਰਿਹਾ ਹੈ। ਇਸ ਕਾਰਨ ਉਹ ਆਪਣੇ ਭਲਾਈ ਰੂਪੀ ਅਸਲੀ ਮਕਸਦ ਤੋਂ ਦੂਰ ਜਾ ਰਿਹਾ ਹੈ। ਭਗਤ ਬਾਣੀ ਇਸ ਤੋਂ ਸਾਵਧਾਨ ਕਰਦੀ ਹੈ।

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥ (1253.)

ਡਾ. ਗੁਰਭਗਤ ਸਿੰਘ ਨੀਤਸ਼ੇ ਦੀ ਪੁਸਤਕ 'ਵਿਲ ਟੂ ਪਾਵਰ' ਦੇ ਹਵਾਲੇ ਕਿ ਮਨੁੱਖ ਨੇ ਧਰਮ, ਸ਼ਕਤੀ ਦੀ ਅਨੁਭੂਤੀ ਵਿਚੋਂ ਸਿਰਜਿਆ ਹੈ, ਬਾਰੇ ਵਿਚਾਰ ਕਰਦੇ ਹਨ ਕਿ "ਇਹੋ ਪ੍ਰੇਰਨਾ ਮਨੂੰ ਦੇ ਗ੍ਰੰਥ ਵਿਚ ਕੰਮ ਕਰਦੀ ਹੈ। ਪੁਜਾਰੀ ਵਰਗ ਦਾ ਮਨੁੱਖ ਦੀ 'ਬਿਹਤਰੀ' ਬਾਰੇ ਉਸਾਰਿਆ ਵਿਚਾਰ ਆਪਣੇ ਆਪ ਤੋਂ ਹੀ ਪ੍ਰੇਰਿਤ ਹੈ। ਆਪਣੇ ਆਪ ਨੂੰ ਸਥਾਪਿਤ ਕਰਨ ਅਤੇ ਸ਼ਕਤੀ ਹਾਸਲ ਕਰਨ ਲਈ ਅਜਿਹਾ 'ਸੱਚ' ਵਿਕਸਿਤ ਕੀਤਾ ਜੋ ਇਕ ਪਵਿੱਤਰ 'ਝੂਠ' ਹੈ।"(*ਉੱਤਰ-ਆਧੁਨਿਕਤਾਵਾਦ* 22.) ਕਰਮਾਂ ਦੇ ਭੁਗਤਾਨ ਵਿਚ ਕਿਸੇ ਨੂੰ ਵੀ ਢਿੱਲ ਨਹੀਂ ਦਿੱਤੀ ਜਾਂਦੀ, ਬੇਸ਼ੱਕ ਉਹ ਕੋਈ ਦੇਵੀ ਦੇਵਤਾ ਹੋਵੇ ਜਾਂ ਆਮ ਇਨਸਾਨ, ਇਸ ਲਈ ਮਨੁੱਖ ਦੇ ਚੰਗੇ ਕਰਮ ਹੀ ਉਸ ਦਾ ਜੀਵਨ ਸੁਖਮਈ ਬਨਾਉਣ ਵਿਚ ਕਾਰਗਰ ਹਨ। ਭਗਤ ਤ੍ਰਿਲੋਚਨ ਜੀ ਦੀ ਇਹ ਰਚਨਾ ਆਪਣੇ ਪ੍ਰਵਚਨ ਵਿਚ ਕਰਮ ਫ਼ਿਲਾਸਫ਼ੀ

ਦੀਆਂ ਗੂੜ੍ਹ ਪਰਤਾਂ ਖੋਲ੍ਹਦੀ ਹੈ। ਇਸ ਵਿਚ ਕਰਮਾਂ ਨੂੰ ਕਰਮ-ਕਾਂਡ ਬਣਾ ਕੇ ਪੇਸ਼ ਕਰਦੀਆਂ ਭਾਰਤੀ ਪਰੰਪਰਾਵਾਂ ਲਈ ਕਰਮ ਦੀ ਨਵੀਂ ਪਰਿਭਾਸ਼ਾ ਨਿਸ਼ਚਿਤ ਕੀਤੀ ਗਈ ਹੈ :

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥

ਕੁਲ ਜਨ ਮਧੇ ਮਿਲ੍ਹਿਓ ਸਾਰਗ ਪਾਨ ਰੇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 695.)

ਭਗਤ ਬਾਣੀ ਨਿਰਗੁਣ ਬ੍ਰਹਮ ਦੇ ਸਰੂਪ ਦਾ ਚਿੰਤਨ ਕਰਦੀ ਹੈ।"ਨਿਰਗੁਣ ਭਗਤੀ ਨੇ ਅਦਵੈਤ ਵੇਦਾਂਤ ਦੇ ਦਾਰਸ਼ਨਿਕ ਸੰਕਲਪਾਂ ਦੀ ਵਰਤੋਂ ਵੀ ਕੀਤੀ ਹੈ ਜੋ ਇਸਦੀ ਵੈਦਿਕ ਪਰੰਪਰਾ ਨਾਲ ਸਾਂਝ ਦੀ ਲਖਾਇਕ ਹੈ। ਬ੍ਰਹਮ, ਪਾਰਬ੍ਰਹਮ, ਮਾਇਆ, ਮੋਖ-ਮੁਕਤ, ਜੀਵ, ਜਗਤ, ਇਸੇ ਦਾਰਸ਼ਨਿਕ ਪਰੰਪਰਾ ਦੇ ਲਖਾਇਕ ਹਨ ਜਿਨ੍ਹਾਂ ਦੀ ਵਿਆਪਕ ਵਰਤੋਂ ਰਾਹੀਂ ਬਾਣੀਕਾਰਾਂ ਨੇ ਆਪਣੇ ਪ੍ਰਵਚਨ ਦੀ ਉਸਾਰੀ ਕੀਤੀ ਹੈ। ਇਉਂ ਗੁਰਮਤਿ ਕਾਵਿ-ਪਰੰਪਰਾ ਵਿਚਲਾ ਇਹ ਤੱਤ ਉਸਨੂੰ ਵੈਦਿਕ ਪਰੰਪਰਾ ਦੇ ਨੇੜੇ ਵੀ ਲੈ ਜਾਂਦਾ ਹੈ ਅਤੇ ਚਿੰਤਨ ਦੇ ਖੇਤਰ ਵਿਚ ਉੱਭਰ ਰਹੀ ਸੁਮੇਲ ਅਤੇ ਸੰਵਾਦ ਦੀ ਭਾਵਨਾ ਦਾ ਪ੍ਰਮਾਣ ਪੇਸ਼ ਕਰਦਾ ਹੈ।"(ਜਗਬੀਰ ਸਿੰਘ. *ਪੰਜਾਬੀ ਸਾਹਿੱਤ ਦਾ ਇਤਿਹਾਸ* (ਆਦਿ ਕਾਲ-ਭਗਤੀ ਕਾਲ) 55.) ਭਗਤ ਕਵੀ ਆਪਣੇ ਪੂਰਵ-ਕਾਲੀ ਅਤੇ ਸਮਕਾਲੀ ਸਮੇਂ ਵਿਚ ਪ੍ਰਚੱਲਿਤ ਗਿਆਨ ਪਰੰਪਰਾਵਾਂ ਨਾਲ ਆਤਮਸਾਤ ਕਰਦੇ ਹੋਏ ਉਸ ਵਿਚਲੇ ਉੱਤਮ ਗਿਆਨ ਨੂੰ ਆਪਣੀ ਰਚਨਾ ਦੁਆਰਾ ਪਰਿਭਾਸ਼ਿਤ ਕਰਦੇ ਹਨ।"ਪੰਜਾਬ ਅਤੇ ਭਾਰਤ ਵਿਚ ਇਸਲਾਮ ਦੇ ਨਾਲ-ਨਾਲ ਇਕ ਵੱਖਰੇ ਸੱਭਿਆਚਾਰ ਨੇ ਪ੍ਰਵੇਸ਼ ਕੀਤਾ। ਇਸ ਨੂੰ ਸਾਮੀ ਸੱਭਿਆਚਾਰ ਦਾ ਨਾਮ ਦਿੱਤਾ ਜਾਂਦਾ ਹੈ ਜਿਸ ਵਿਚ ਤਿੰਨ ਸੰਸਾਰ-ਪ੍ਰਸਿੱਧ ਧਰਮਾਂ ਦਾ ਵਿਰਸਾ ਛੁਪਿਆ ਹੋਇਆ ਹੈ-ਯਹੂਦੀ ਧਰਮ, ਈਸਾਈ ਧਰਮ ਅਤੇ ਇਸਲਾਮ।"(39.) ਸਮੁੱਚੇ ਸੰਸਾਰ ਦੀਆਂ ਧਾਰਮਿਕ ਪਰੰਪਰਾਵਾਂ ਨਾਲ ਸੰਵਾਦ ਰਚਾਉਣ ਦਾ ਉੱਤਮ ਢੰਗ ਭਗਤ ਬਾਣੀ ਅੰਦਰ ਪੇਸ਼ ਹੁੰਦਾ ਹੈ। ਇਸ ਸਭ ਦਾ ਪ੍ਰਗਟਾਵਾ ਭਗਤ ਕਵੀਆਂ ਦੁਆਰਾ ਵਰਤੀ ਗਈ ਸ਼ਬਦਾਵਲੀ ਵਿਚ ਵੇਖਿਆ ਜਾ ਸਕਦਾ ਹੈ ਕਿ ਕਿਸ ਪ੍ਰਕਾਰ ਇਨ੍ਹਾਂ ਪਰੰਪਰਾਵਾਂ ਵਿਚਲੀ ਸ਼ਬਦਾਵਲੀ ਦੇ ਪੱਧਰ ਤੇ ਆਪਣਾ ਤਰਕ ਪੇਸ਼ ਕੀਤਾ ਗਿਆ ਹੈ। ਡਾ. ਜਗਬੀਰ ਸਿੰਘ ਅਨੁਸਾਰ ਇਸ ਤਰ੍ਹਾਂ ਦੀ ਸਾਂਝੀ ਮਿੱਸੀ ਸੰਕਲਪੀ ਸ਼ਬਦਾਵਲੀ ਭਿੰਨ-ਭਿੰਨ ਪਰੰਪਰਾਵਾਂ ਵਿਚਕਾਰ ਸੰਵਾਦ ਅਤੇ ਸੁਮੇਲ ਦੇ ਮਾਹੌਲ ਵਿਚ ਹੀ

ਵਰਤੀ ਜਾ ਸਕਦੀ ਹੈ।ਭਗਤ ਬਾਣੀ ਵਿਚ ਉੱਤਰ-ਆਧੁਨਿਕ ਸੋਚ ਦਾ ਪ੍ਰਗਟਾਵਾ ਅਲੱਗ-ਅਲੱਗ ਪਰੰਪਰਾਵਾਂ ਦੁਆਰਾ ਵਰਤੇ ਜਾਣ ਵਾਲੇ ਮੁਹਾਵਰੇ ਦੇ ਪੱਧਰ ਤੇ ਰਚਾਏ ਸੰਵਾਦ ਰੂਪੀ ਤੱਥ ਤੋਂ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਭਾਵੇਂ ਗੁਰਬਾਣੀ ਦਾ ਪਾਠ ਅਤੇ ਪ੍ਰਵਚਨ ਆਪਣੇ ਵਿਸ਼ੇਸ਼ ਸਮਾਜਿਕ-ਇਤਿਹਾਸਕ ਪਰਿਪੇਖ ਨਾਲ ਸਬੰਧਿਤ ਹੋਣ ਕਾਰਨ ਮੌਲਿਕ ਚਰਿੱਤਰ ਦਾ ਧਾਰਨੀ ਹੈ, ਪਰ ਇਸ ਦੀ ਕਾਵਿ ਸ਼ੈਲੀ ਅਤੇ ਇਸਦੀਆਂ ਰਚਨਾ ਰੂੜ੍ਹੀਆਂ ਪ੍ਰਤੱਖ ਜਾਂ ਪਰੋਖ ਰੂਪ ਵਿਚ ਸਮਕਾਲੀ ਅਤੇ ਪੂਰਬ ਕਾਲੀ ਕਾਵਿ-ਪਰੰਪਰਾਵਾਂ ਤੋਂ ਪ੍ਰਭਾਵਿਤ ਹਨ। ਭਗਤ ਬਾਣੀ ਦੀ ਸੰਵਾਦ ਮੁਖੀ ਵਿਲੱਖਣਤਾ ਕਾਰਨ ਇਸ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰਕੇ ਇਸ ਦੀ ਮਹਾਨਤਾ ਨੂੰ ਦਰਜੇਬੰਦ ਕੀਤਾ ਗਿਆ ਹੈ। ਇਸ ਸਬੰਧੀ ਡਾ. ਗੁਰਭਗਤ ਸਿੰਘ ਦੇ ਵਿਚਾਰ ਹਨ :

> ਗੁਰੂ ਗ੍ਰੰਥ ਸਾਹਿਬ ਵਿੱਚੋਂ ਸੰਵਾਦ ਦੇ ਮਹੱਤਵ ਨੂੰ ਦਰਸਾਉਂਦੀਆਂ ਨਿਮਨ ਲਿਖਤ ਵਿਸ਼ੇਸ਼ਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ; ਦੂਜੇ ਧਰਮਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਵਿਅਕਤੀਆਂ ਦੀ ਹੋਂਦ ਨੂੰ ਪ੍ਰਵਾਨ ਕਰਨਾ। ਹਉਮੈ ਤੇ ਕਾਬੂ ਅਤੇ ਮਨ ਵਿਚ ਸਹਿਜ ਭਾਵਨਾਵਾਂ ਦਾ ਵਿਕਾਸ ਕਰਨਾ। ਕਿਛੁ ਸੁਣੀਐ ਕਿਛੁ ਕਹੀਐ ਦੀ ਭਾਵਨਾ ਅਨੁਸਾਰ ਦੂਜਿਆਂ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਪ੍ਰਦਾਨ ਕਰਨਾ। ਵਾਦ-ਵਿਵਾਦ ਅਤੇ ਵੈਰ-ਵਿਰੋਧ ਦੀ ਭਾਵਨਾ ਘੱਟ ਕਰਨਾ। ਦੂਜੇ ਧਰਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਉਜਾਗਰ ਕਰਨਾ। ਪ੍ਰੇਮ ਅਤੇ ਭਾਈਚਾਰੇ ਨਾਲ ਸੰਬੰਧਿਤ ਸਦਗੁਣਾ ਦਾ ਵਿਕਾਸ ਕਰਨਾ। ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ਦੀ ਭਾਵਨਾ ਅਨੁਸਾਰ ਸ਼ੁੱਭ ਗੁਣ ਗ੍ਰਹਿਣ ਕਰਨ ਦੀ ਰੁਚੀ ਪੈਦਾ ਕਰਨਾ। ਖ਼ੋਜੀ ਉਪਜੈ ਬਾਦੀ ਬਿਨਸੈ ਅਨੁਸਾਰ ਗਿਆਨ ਦਾ ਪ੍ਰਗਟਾਵਾ ਅਤੇ ਅਗਿਆਨਤਾ ਦਾ ਨਾਸ ਕਰਨ ਦਾ ਯਤਨ ਕਰਨਾ। ਗਿਆਨ ਹਾਸਲ ਕਰਨ ਦੀ ਪ੍ਰਵਿਰਤੀ ਉਜਾਗਰ ਕਰਨਾ। (*ਵਿਸਮਾਦੀ ਪੂੰਜੀ ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ* 11.)

ਇਨ੍ਹਾਂ ਸਾਰੇ ਤੱਥਾਂ ਦੀ ਰੌਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਪਰੰਪਰਾਵਾਂ ਪ੍ਰਤੀ ਸੰਵਾਦਮੁੱਖਤਾ ਅਖ਼ਤਿਆਰ ਕਰਦੀ ਹੈ। ਜੋ ਇਸ ਨੂੰ ਉੱਤਰ-ਆਧੁਨਿਕ ਸਥਿਤੀ ਵਿਚ ਮਹੱਤਵਪੂਰਨ ਰਚਨਾ ਸਿੱਧ ਕਰਦੀ ਹੈ।

**4.2 ਬਹੁਸੱਭਿਆਚਾਰਵਾਦ ਵਿਚ ਅੰਤਰ ਧਰਮ ਸੰਵਾਦ** : ਬਹੁਸੱਭਿਆਚਾਰਵਾਦ ਦਾ ਸੰਕਲਪ ਵੱਖੋ-ਵੱਖਰੇ ਸਮਾਜਾਂ ਵਿਚਲੇ ਸੱਭਿਆਚਾਰਾਂ ਦੇ ਆਪਸੀ ਸਬੰਧਾਂ ਅਤੇ ਵੱਖਰੇਵਿਆਂ ਨੂੰ ਸਮਝਣ ਲਈ ਹੋਂਦਸ਼ੀਲ ਹੋਇਆ ਹੈ। ਇਸ ਸੰਕਲਪ ਤਹਿਤ ਅਜਿਹੇ ਦੇਸ਼ਾਂ ਜਿਨ੍ਹਾਂ ਵਿਚ ਬਹੁਤ ਸਾਰੇ ਸੱਭਿਆਚਾਰਾਂ ਨੂੰ ਮੰਨਣ ਵਾਲੇ ਸਮੂਹ ਨਿਵਾਸ ਕਰਦੇ ਹਨ, ਦੇ ਆਪਸੀ ਆਦਾਨ-ਪ੍ਰਦਾਨ ਨੂੰ ਸਮਝਿਆ ਜਾਂਦਾ ਹੈ। ਭਾਰਤੀ ਪ੍ਰਸੰਗ ਵਿਚ ਇਸ ਸੰਕਲਪ ਤਹਿਤ ਭਾਰਤ ਅੰਦਰ ਅਲੱਗ-ਅਲੱਗ ਸੱਭਿਆਚਾਰਾਂ ਦੇ ਲੋਕਾਂ ਦਾ ਆਪਣੀ ਸਰਬ ਸਾਂਝੀ ਪਹਿਚਾਣ ਅਤੇ ਇਕ ਦੂਸਰੇ ਦੀਆਂ ਮਾਨਤਾਵਾਂ ਦਾ ਆਦਰ ਕਰਨ ਦੀ ਸਮਝ ਪੈਦਾ ਕਰਨ ਤੋਂ ਲਿਆ ਜਾ ਸਕਦਾ ਹੈ। ਇਸੇ ਪ੍ਰਕਾਰ ਇਹ ਸੰਸਾਰ ਅੰਦਰ ਲੱਗਭਗ ਇੱਕ ਸੌ ਪਚਾਨਵੇਂ ਦੇ ਕਰੀਬ ਦੇਸ਼ਾਂ ਦੇ ਵਿਚਕਾਰ ਇਕ ਦੂਸਰੇ ਦੇ ਸੱਭਿਆਚਾਰ ਪ੍ਰਤੀ ਸਮਝ ਦੁਆਰਾ ਸਮਝਿਆ ਜਾ ਸਕਦਾ ਹੈ। ਅਜੋਕੇ ਸੂਚਨਾ ਤਕਨਾਲੋਜੀ ਦੇ ਯੁੱਗ ਵਿਚ ਸੰਸਾਰ ਭਰ ਦੇ ਲੋਕਾਂ ਵਿਚ ਇਸ ਪ੍ਰਵਿਰਤੀ ਦਾ ਉਭਾਰ ਵੇਖਣ ਵਿਚ ਮਿਲਦਾ ਹੈ। ਇਸ ਨਾਲ ਘੱਟ ਗਿਣਤੀ ਸਮੂਹਾਂ ਨੇ ਆਪਣੀ ਸੱਭਿਆਚਾਰਕ ਪਛਾਣ ਪ੍ਰਤੀ ਸੰਵੇਦਨਸ਼ੀਲਤਾ ਅਖ਼ਤਿਆਰ ਕੀਤੀ ਹੈ। ਇਸ ਸੰਕਲਪ ਦੁਆਰਾ ਰਾਏ ਜੇਕਿੰਨਸ ਨੇ 1966 ਵਿਚ ਸਮੁੱਚੇ ਵਿਸ਼ਵ ਨੂੰ ਇਕਸੁਰੀ ਹੋਣ ਤੋਂ ਰੋਕਣ ਲਈ ਵੱਖੋ-ਵੱਖਰੇ ਸੱਭਿਆਚਾਰਾਂ ਦੀ ਪਛਾਣ ਬਰਕਰਾਰ ਰੱਖਦੇ ਹੋਏ ਉਨ੍ਹਾਂ ਦੀ ਸਕਾਰਾਤਮਿਕ ਸਵੀਕ੍ਰਿਤੀ ਸਬੰਧੀ ਨੀਤੀ ਦਾ ਸੁਝਾਅ ਪੇਸ਼ ਕੀਤਾ ਗਿਆ। ਕਿਸੇ ਵੀ ਸਮਾਜ ਵਿਚ ਅਲੱਗ-ਅਲੱਗ ਸਮਾਜਿਕ ਸਮੂਹ ਹਨ। ਅਲੱਗ-ਅਲੱਗ ਦ੍ਰਿਸ਼ਟੀਕੋਣ, ਮੁੱਲਾਂ, ਵਿਸ਼ਵਾਸਾਂ ਵਾਲੇ ਸਮਾਜ ਬਹੁਸੱਭਿਆਚਾਰਕ ਸਮਾਜ ਕਹਿੰਦੇ ਹਨ। ਬਹੁਸੱਭਿਆਚਾਰਵਾਦ ਦੇ ਪਿੱਛੇ ਦੂਸਰੇ ਵਿਸ਼ਵ-ਯੁੱਧ ਤੋਂ ਬਾਅਦ ਲੋਕਤੰਤਰੀ ਸਮਾਜਾਂ ਦੀ ਸਥਾਪਨਾ ਹੈ। ਅਲੱਗ-ਅਲੱਗ ਖ਼ਿੱਤਿਆਂ ਦੇ ਲੋਕ ਇਕ ਦੂਜੇ ਦੇਸ਼ਾਂ ਵਿਚ ਜਾ ਕੇ ਵੱਸ ਗਏ। ਇਹ ਲੋਕ ਵਿਭਿੰਨ ਜਾਤੀ, ਧਰਮ, ਵਿਸ਼ਵਾਸਾਂ ਨੂੰ ਮੰਨਣ ਵਾਲੇ ਸਨ। ਇਸ ਤਰ੍ਹਾਂ ਬਹੁਤ ਸਾਰੇ ਸਮਾਜਾਂ ਅੰਦਰ ਵਿਵਿਧਤਾਵਾਂ ਪੈਦਾ ਹੋ ਗਈਆਂ। ਸਮੱਸਿਆ ਇਹ ਹੋਈ

ਕਿ ਡੈਮੋਕਰੇਸੀ ਦੇ ਆਉਣ ਨਾਲ ਬਹੁ ਵਾਦ ਦੇ ਕਾਰਨ ਅਲਪ ਸੰਖਿਅਕਾਂ ਦੇ ਹੱਕਾਂ ਦੀ ਗੱਲ ਸ਼ੁਰੂ ਹੋਣ ਲੱਗੀ। ਬਹੁਸੱਭਿਆਚਾਰਵਾਦ ਇਕ ਅਜਿਹਾ ਚਿੰਤਨ ਹੈ ਜੋ ਅਲਪਸੰਖਿਅਕਾਂ ਦੇ ਹੱਕਾਂ ਦੀ ਗੱਲ ਕਰਦਾ ਹੈ। ਇਸ ਸਬੰਧ ਵਿਚ ਦੋ ਚਿੰਤਕਾਂ ਵਿਲ ਕਿਮਲਿਕਾ (Multicultural Citizenship : A Librel Theory of Monority Rights, 1995. Multicultural Odysseys 2007.) ਅਤੇ ਭੀਖੂ ਪਾਰਿਖ (Rethinking Multiculturalism : Cultural Diversity and Political Theory, 2017.) ਦੇ ਨਾਮ ਪ੍ਰਮੁੱਖਤਾ ਨਾਲ ਲਏ ਜਾ ਸਕਦੇ ਹਨ। ਅਜੋਕੇ ਵਿਸ਼ਵ ਵਿਚ ਦੂਜੇ ਦੀ ਹੋਂਦ ਨੂੰ ਸਮਝਣ ਲਈ ਭਾਰੂ ਸੱਭਿਆਚਾਰ ਵਿਚ ਅਲਪ ਸੱਭਿਆਚਾਰ ਦੀ ਹੋਂਦ ਪ੍ਰਤੀ ਸੰਵੇਦਨਸ਼ੀਲਤਾ ਭਰੀ ਸਵੀਕ੍ਰਿਤੀ ਦੀ ਭਾਵਨਾ ਨੂੰ ਬਹੁਸੱਭਿਆਚਾਰ ਦਾ ਨਾਮ ਦਿੱਤਾ ਜਾਂਦਾ ਹੈ। ਬਹੁਸੱਭਿਆਚਾਰ ਅੰਗਰੇਜ਼ੀ ਸ਼ਬਦ 'ਮਲਟੀਕਲਚਰਿਜ਼ਮ' ਦਾ ਪੰਜਾਬੀ ਅਨੁਵਾਦ ਹੈ। ਇਸ ਸਬੰਧੀ ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਇਸ ਪ੍ਰਕਾਰ ਬਿਆਨ ਕਰਦੇ ਹਨ :-

"ਪੰਜਾਬੀ ਵਿਚ ਇਹ ਸ਼ਬਦ ਤਿੰਨ ਸ਼ਬਦਾਂ ਦੇ ਸੁਮੇਲ ਤੋਂ ਬਣਿਆਂ ਹੈ, ਜਿਵੇਂ ਬਹੁ+ਸਭਿਆਚਾਰ+ਵਾਦ, ਜੋ ਨਿਮਨ-ਲਿਖਿਤ ਅਨੁਸਾਰ ਅਰਥ ਦਿੰਦੇ ਹਨ :

ਬਹੁ ਦਾ ਅਰਥ - ਵੱਖ-ਵੱਖ, ਅਨੇਕਾਂ

ਸਭਿਆਚਾਰ - ਕਿਸੇ ਖੇਤਰ ਦੇ ਲੋਕਾਂ ਦੀ ਜੀਵਨ-ਜਾਂਚ

ਵਾਦ - ਬਹਿਸ, ਚਰਚਾ ਜਾਂ ਕਿਸੇ ਦਰਸ਼ਨ (ਸਾਸ਼ਤ੍ਰ) ਦਾ ਨਿਸ਼ਚਿਤ ਕੀਤਾ ਸਿਧਾਂਤ"

(*ਮਹਾਨ ਕੋਸ਼* 1090.)

ਇਸ ਲਈ ਵੇਖਿਆ ਜਾ ਸਕਦਾ ਹੈ ਕਿ ਜੋ ਵੱਖ-ਵੱਖ ਸੱਭਿਆਚਾਰਾਂ ਦੇ ਵੱਖਰੇਵੇਂ ਨੂੰ ਅਤੇ ਸਹਿਹੋਂਦ ਨੂੰ ਆਪਣੇ ਅਧਿਐਨ ਦੇ ਅਧੀਨ ਲਿਆਉਂਦਾ ਹੈ ਉਸ ਨੂੰ ਬਹੁਸੱਭਿਆਚਾਰਵਾਦ ਕਿਹਾ ਜਾਂਦਾ ਹੈ। ਇਸ ਸਬੰਧੀ ਗੁਰਪ੍ਰੀਤ ਮਹਾਜਨ ਦਾ ਮੱਤ ਹੈ ਕਿ "ਬਹੁਸਭਿਆਚਾਰ ਦਾ ਸਬੰਧ ਸਮਾਨਤਾ ਦੇ ਮੁੱਦੇ ਨਾਲ ਹੈ। ਇਸ ਦੀ ਮੰਗ ਹੈ ਕਿ ਵਿਭਿੰਨ ਕੌਮਾਂ, ਸਮੁਦਾਇ ਤੇ ਫ਼ਿਰਕੇ ਸ਼ਾਂਤੀ ਨਾਲ ਇਕੱਠੇ ਰਹਿਣ। ਇਹ ਅੰਦਰੂਨੀ ਅਤੇ ਬਾਹਰੀ ਤੌਰ ਤੇ ਸਮਾਜਿਕ ਖੇਤਰਾਂ

ਅੰਦਰ ਇਕ ਦੂਸਰੇ ਨੂੰ ਸਹਿਯੋਗ ਦੇਣ।"(Mahajan. *The Multicultural Path : Issues of Diversity and Discrimination in Democracy* 11.) ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਸੰਸਾਰ ਪੱਧਰ ਤੇ ਪੈਦਾ ਹੋਈ ਚੇਤਨਾ ਨੇ ਸਥਾਨਕ ਲੋਕਾਂ ਅਤੇ ਘੱਟ ਗਿਣਤੀ ਸੱਭਿਆਚਾਰਾਂ ਦੇ ਲੋਕਾਂ ਨੂੰ ਬਰਾਬਰੀ ਦਾ ਅਧਿਕਾਰ ਦੇਣ ਨਾਲ ਸਬੰਧਿਤ ਸੀ। ਵਿਕਸਿਤ ਪੂੰਜੀਵਾਦੀ ਦੇਸ਼ਾਂ ਨੇ ਦੂਸਰੇ ਦੇਸ਼ਾਂ ਦੇ ਸਮਾਜਾਂ ਦੀ ਸਿਰਜਣਾ ਨੂੰ ਤਰਜੀਹ ਦੇਣੀ ਸ਼ੁਰੂ ਕੀਤੀ। ਭਾਰਤੀ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਇਸ ਦੇ ਬੀਜ ਭਾਰਤੀ ਸੱਭਿਅਤਾ ਵਿਚ ਬਹੁਤ ਪਹਿਲਾਂ ਤੋਂ ਹੀ ਪਏ ਸਨ। ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਅੰਦਰ 'ਸਭੈ ਸਾਂਝੀਵਾਲ ਸਦਾਇਨ' ਦਾ ਸੰਕਲਪ ਸਿਰਜਿਆ ਹੋਇਆ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਭ ਤੋਂ ਵੱਡੀ ਬਹੁਸੱਭਿਆਚਾਰ ਦੀ ਮਿਸਾਲ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ।"ਉਤਰਆਧੁਨਿਕਤਾ ਦਾ ਸਰੋਕਾਰ ਬਹੁ-ਭਾਸ਼ਾਈ, ਬਹੁ-ਨਸਲੀ, ਬਹੁ-ਧਰਮੀ, ਬਹੁ-ਜਾਤੀ, ਭਾਸ਼ਾਈ, ਧਾਰਮਿਕ, ਸਭਿਆਚਾਰਕ ਘੱਟ-ਗਿਣਤੀਆਂ ਨੂੰ ਬੜਾ ਰਾਸ ਆਇਆ।"(ਰਾਜਿੰਦਰਪਾਲ ਸਿੰਘ. *ਉਤਰਆਧੁਨਿਕਤਾ* 89.) ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਉੱਤਰ-ਆਧੁਨਿਕਤਾ ਹਾਸ਼ੀਆਗਤ ਸ਼੍ਰੇਣੀਆਂ ਨੂੰ ਕੇਂਦਰ ਵਿਚ ਲਿਆਉਂਦੀ ਹੈ। ਇਸ ਤਰ੍ਹਾਂ ਧਰਮ ਕੇਂਦਰਿਤ ਟੈਕਸਟ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤ ਦੀਆਂ ਵੱਖ-ਵੱਖ ਜਾਤੀਆਂ, ਮਾਨਤਾਵਾਂ ਅਤੇ ਧਰਮਾਂ ਨਾਲ ਸਬੰਧਿਤ ਕਵੀਆਂ ਦੀਆਂ ਰਚਨਾਵਾਂ ਨੂੰ ਸਥਾਨ ਦੇ ਕੇ ਬਰਾਬਰੀ ਤੇ ਸਥਾਪਿਤ ਕੀਤਾ। ਧਰਮ ਨੂੰ ਵਿਆਪਕ ਅਰਥਾਂ ਵਿਚ ਸਮਝਣ ਲਈ ਇਸ ਰਚਨਾ ਨੂੰ ਬਹੁਸੱਭਿਆਚਾਰਕ ਸੰਦਰਭ ਵਿਚ ਦੇਖਣਾ ਪਵੇਗਾ। ਵਿਦਵਾਨਾਂ ਨੇ ਸੰਸਕ੍ਰਿਤ ਦੀ 'ਧ੍ਰਿ' ਧਾਤੂ ਤੋਂ ਧਰਮ ਸ਼ਬਦ ਦੀ ਵਿਉਤਪਤੀ ਹੋਈ ਮੰਨੀ ਹੈ। ਧਰਮ ਦਾ ਅਰਥ ਧਾਰਨ ਕਰਨਾ ਮੰਨਿਆਂ ਜਾਂਦਾ ਹੈ ਕਿਉਂਕਿ ਇਹ ਮਨੁੱਖੀ ਜੀਵਨ, ਵਿਹਾਰ ਅਤੇ ਸਮਾਜ ਨੂੰ ਧਾਰਨ ਕਰਦਾ ਹੈ। ਇਸ ਦੇ ਆਧਾਰ ਤੇ ਧਰਮ ਨੂੰ ਪੂਰੇ ਸੰਸਾਰ ਦਾ ਪ੍ਰਾਣ ਅਤੇ ਇਸ ਨੂੰ ਚਲਾਉਣ ਵਾਲੇ ਸਿਧਾਂਤ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਜਦੋਂ ਤੱਕ ਸੰਸਾਰ ਹੈ ਤਦ ਤੱਕ ਧਰਮ ਰਹੇਗਾ ਜਾ ਇਉਂ ਕਹਿ ਲਈਏ ਕਿ ਜਿਹੜੇ ਸਿਧਾਂਤ ਮਨੁੱਖੀ ਜੀਵਨ ਦਾ ਆਧਾਰ ਹਨ ਉਸ ਨੂੰ ਧਰਮ ਕਿਹਾ ਜਾ ਸਕਦਾ ਹੈ। ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ :

ਪੱਛਮ ਦੇ ਸਾਮੀ ਪੈਗੰਬਰਾਂ ਅਤੇ ਧਰਮ ਸ਼ਾਸਤਰੀਆਂ ਨੇ ਜਿਸ ਰਿਲੀਜਨ ਸ਼ਬਦ ਦਾ ਤਸੱਵਰ ਕੀਤਾ ਹੈ ਉਸ ਤਹਿਤ ਜ਼ਿਆਦਾਤਰ ਅਕੀਦੇ ਜਾਂ ਵਿਸ਼ਵਾਸ, ਅਮਲ ਜਾਂ ਤੌਰ ਤਰੀਕੇ, ਪੂਜਾ ਅਤੇ ਸਦਾਚਾਰਕ ਪੱਖ ਤੋਂ ਮਨੁੱਖ ਦਾ ਆਚਰਣ ਆਉਂਦਾ ਹੈ ਜਦੋਂ ਕਿ ਭਾਰਤੀ ਰਿਸ਼ੀਆਂ ਅਤੇ ਗੁਰੂਆਂ ਦੁਆਰਾ ਕਲਪੇ ਧਰਮ ਦੇ ਸੰਕਲਪ ਵਿਚ ਅਧਿਆਤਮਕ ਤੇ ਰਹੱਸਵਾਦੀ ਅਨੁਭਵ, ਤੱਤ-ਮੀਮਾਂਸਾ ਤੇ ਦਰਸ਼ਨ, ਮਨੁੱਖਾਂ ਦੇ ਵਿਅਕਤੀਗਤ ਫਰਜ਼, ਸੰਸਾਰਕ ਤੇ ਬ੍ਰਹਿਮੰਡਕ ਵਿਵਸਥਾ ਦੇ ਕਾਨੂੰਨਾ ਦਾ ਨਿਰੀਖਣ ਆਦਿ ਅਰਥ ਸ਼ਾਮਿਲ ਹਨ। (*ਟੀਚਿੰਗਜ਼ ਆਫ ਗੁਰੂ ਨਾਨਕ ਦੇਵ* 11.)

ਕੋਸ਼ਗਤ ਅਰਥ : ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਧਰਮ ਦੇ  ਅਰਥ ਦੱਸੇ ਹਨ "1.ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦਾ ਆਧਾਰ ਵਿਸ਼ਵ ਹੈ, ਉਹ ਪਵਿੱਤਰ ਨਿਯਮ ; 2.ਸ਼ੁੱਭ ਕਰਮ, ਸਾਧੂ ਕੇ ਸੰਗ ਤੋਂ ਜੋ ਦ੍ਰਿੜ੍ਹ ਕਰਦਾ ਹੈ, ਉਹ ਸਭ ਧਰਮ ਹੈ ; 3.ਮਜ਼ਹਬ, ਦੀਨ ; 4.ਪੁਨਯ ਰੂਪ ; 5. ਰਿਵਾਜ, ਰਸਮ ਕੁਲ ਅਥਵਾ ਦੇਸ਼ ਦੀ ਰੀਤਿ ; 6. ਫਰਜ਼ ; 7. ਨਿਆਂ, ਇਨਸਾਫ ; 8. ਪ੍ਰਕ੍ਰਿਤਿ ਸੁਭਾਵਸ; 9. ਧਰਮ ਰਾਜ ; 10. ਧਨੁਸ਼, ਕਮਾਣ, ਚਾਪ ;11. ਤੱਤਾਂ ਦੇ ਸਪਰਸ਼ ਆਦਿ ਗੁਣ ; 12. ਧਰਮ ਅੰਗ ; 13. ਉਪਮਾ ਆਦਿ।" (ਮਹਾਨ ਕੋਸ਼ 662.) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਜਾਤ, ਧਰਮ, ਭਾਸ਼ਾ ਆਦਿ ਦੀਆਂ ਹੱਦਬੰਦੀਆਂ ਨੂੰ ਉਲੰਘਦੀ ਹੋਈ ਸਭ ਪ੍ਰਕਾਰ ਦੀਆਂ ਜਕੜਬੰਦੀਆਂ ਨੂੰ ਤੋੜਨ ਦਾ ਮਾਰਗ ਰੌਸ਼ਨ ਕਰਦੀ ਹੈ। ਭਗਤ ਬਾਣੀ ਵਿਚ ਧਰਮ ਦੇ ਉਪਰੋਕਤ ਅਰਥਾਂ ਦੇ ਲੱਗਭਗ ਸਾਰੇ ਰੂਪ ਮਿਲਦੇ ਹਨ। ਇਹ ਵੀ ਇਕ ਵਿਚਿੱਤਰ ਗੱਲ ਹੈ ਕਿ ਸਮੁੱਚੀ ਭਗਤ ਬਾਣੀਕਾਰਾਂ ਵਿਚ ਧਰਮ ਦੇ ਆਧਾਰ ਬੇਸ਼ੱਕ ਵੱਖਰਤਾ ਵਾਲੇ ਦਿੱਸਦੇ ਹੋਣ ਪਰੰਤੂ ਵਿਹਾਰਕ ਪੱਧਰ ਤੇ ਕਾਰਜ ਰੂਪ ਵਿਚ ਇੱਕੋ ਜਿਹੇ ਅਰਥਾਂ ਦੇ ਧਾਰਨੀ ਹਨ। ਇਸੇ ਵਿਲੱਖਣਤਾ ਬਾਰੇ ਡਾ. ਕੁਲਦੀਪ ਸਿੰਘ ਧੀਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕਥਨ ਵਿਚੋਂ ਵੇਖਿਆ ਜਾ ਸਕਦਾ ਹੈ ਕਿ "ਪ੍ਰਭੂ ਬਾਰੇ ਹਰ ਇਲਹਾਮ ਆਪੋ ਆਪਣੇ ਦੇਸ਼ ਕਾਰਨ ਇੱਕੋ ਜਿੰਨਾ ਪ੍ਰਮਾਣਿਕ ਹੈ। ਇਸ ਲਈ ਧਾਰਮਿਕ ਤਾਨਾਸ਼ਾਹੀ ਲਈ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਥਾਂ ਨਹੀਂ, ਮੁਕਤੀ ਜਾਂ ਜਗਤ ਦੇ ਉਧਾਰ ਦੀ ਹਰ

ਵਿਧੀ ਗੁਰਬਾਣੀ ਵਿਚ ਸਵੀਕ੍ਰਿਤ ਹੈ।" (*ਨਾਨਕ ਪ੍ਰਕਾਸ਼ ਪੱਤ੍ਰਿਕਾ* : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ 15.)

ਭਗਤ ਬਾਣੀ ਧਾਰਮਿਕ ਮੁਹਾਵਰੇ ਦੀ ਧਾਰਨੀ ਹੈ। ਭਗਤ ਕਵੀ ਮੱਧਕਾਲ ਵਿਚ ਵਿਚਰੇ ਹਨ। ਮੱਧਕਾਲ ਵਿਚ ਧਰਮ ਇਕ ਪ੍ਰਮੁੱਖ ਸ਼ਕਤੀ ਵਜੋਂ ਕਾਰਜਸ਼ੀਲ ਸੀ। ਧਰਮ ਦੇ ਨਾਮ ਤੇ ਆਮ ਜਨਤਾ ਦਾ ਸੋਸ਼ਣ ਕੀਤਾ ਜਾਂਦਾ ਸੀ। ਇਸ ਸਮੇਂ ਭਾਰਤੀ ਸਮਾਜ ਵਿਚ ਇਸਲਾਮ ਰਾਜ ਧਰਮ ਹੋਣ ਕਾਰਨ ਇੱਥੋਂ ਦੇ ਲੋਕਾਂ ਨੂੰ ਆਪਣਾ ਮੂਲ ਧਰਮ ਤਬਦੀਲ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਇਸ ਦੇ ਉੱਭਰਵੇਂ ਕਾਰਨਾਂ ਵਿਚ ਹਿੰਦੂ ਧਰਮ ਵਿਚ ਪ੍ਰਚੱਲਿਤ ਪਾਖੰਡਾਂ ਦਾ ਵੀ ਹੱਥ ਸੀ। ਆਮ ਲੋਕ ਪੁਜਾਰੀ ਸ਼੍ਰੇਣੀ ਵੱਲੋਂ ਧਰਮ ਦੇ ਨਾਮ ਉੱਤੇ ਲਗਾਈਆਂ ਬੰਦਿਸ਼ਾਂ ਦੀ ਜਕੜਬੰਦੀ ਵਿਚ ਅਸਹਿਜ ਮਹਿਸੂਸ ਕਰਦੇ ਸਨ। ਇਸ ਸਮੇਂ ਵਿਚ ਹਿੰਦੂ ਧਰਮ ਅੰਦਰ ਹੋਣ ਵਾਲੇ ਪਖੰਡਾਂ ਤੋਂ ਲੋਕ ਦੁਖੀ ਸਨ। ਦੂਜੇ ਬੰਨੇ ਇਸਲਾਮ ਰਾਜ ਧਰਮ ਹੋਣ ਕਾਰਨ ਕਾਫੀ ਲੋਕ ਇਸ ਵੱਲ ਆਕਰਸ਼ਿਤ ਹੋਣ ਲੱਗ ਪਏ, ਕਿਉਂਕਿ ਧਰਮ ਤਬਦੀਲ ਕਰਨ ਨਾਲ ਉਨ੍ਹਾਂ ਨੂੰ ਘੱਟੋ-ਘੱਟ ਪਰੇਸ਼ਾਨੀਆਂ ਤੋਂ ਤਾਂ ਕੁਝ ਰਾਹਤ ਮਿਲਦੀ ਸੀ। ਇਸਲਾਮ ਧਰਮ ਵਿਚ ਵੀ ਪਾਖੰਡਾਂ ਦਾ ਬੋਲਬਾਲਾ ਸੀ। ਇਸ ਦਾ ਕਾਰਨ ਜੇਕਰ ਭਾਰਤੀ ਪ੍ਰਸੰਗ ਵਿਚ ਵੇਖੀਏ ਤਾਂ ਇੱਥੋਂ ਦੇ ਨਿਵਾਸੀਆਂ ਦੀ ਮਾਨਸਿਕਤਾ ਵਿਚ ਤਾਂ ਤਬਦੀਲੀ ਨਹੀਂ ਵਾਪਰਦੀ ਸੀ। ਕਿਉਂਕਿ ਆਡੰਬਰ ਅਤੇ ਪਾਖੰਡ ਇੱਥੋਂ ਦੇ ਸਮਾਜ ਅੰਦਰ ਘਰ ਕਰ ਚੁੱਕੇ ਸਨ। ਅਜੋਕੇ ਸਮੇਂ ਵਿਚ ਜਦੋਂ ਪੂਰੇ ਸੰਸਾਰ ਵਿਚ ਸੂਚਨਾ ਤਕਨਾਲੋਜੀ ਦੇ ਫੈਲਾਓ ਦੁਆਰਾ ਸਮੂਹ ਵਿਸ਼ਵੀ ਸਮੂਹਾਂ ਅਤੇ ਧਾਰਮਿਕ ਵਿਸ਼ਵਾਸਾਂ ਦਾ ਫੈਲਾਓ ਕਰਨ ਹਿਤ ਵੱਖੋ-ਵੱਖ ਢੰਗਾਂ ਦੁਆਰਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਸ਼ਵਾਸਾਂ ਨੂੰ ਫੈਲਾਉਣ ਲਈ ਸ਼ਾਂਤਮਈ ਅਤੇ ਹਿੰਸਕ ਦੋਵਾਂ ਤਰੀਕਿਆਂ ਦਾ ਇਸਤੇਮਾਲ ਹੋ ਰਿਹਾ ਹੈ। ਆਪਣੇ ਧਰਮ ਨੂੰ ਉੱਤਮ ਸਾਬਤ ਕਰਨ ਲਈ ਕਿਸੇ ਵੀ ਪੱਧਰ ਤੱਕ ਜਾਣ ਦਾ ਰੁਝਾਨ ਵਿਚ ਅਜੋਕੀ ਬਹੁਸਭਿਆਚਾਰਕ ਸਥਿਤੀ ਵਿਚ ਖ਼ਤਰਨਾਕ ਰੁਝਾਨ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਅਜਿਹੀ ਸਥਿਤੀ ਵਿਚ ਅੰਤਰ ਧਰਮ ਸੰਵਾਦ ਦੀ ਬਹੁਤ ਜ਼ਰੂਰਤ ਹੈ। ਇੱਥੇ ਧਿਆਨ ਯੋਗ ਨੁਕਤਾ 'ਸੰਵਾਦ' ਦਾ ਹੈ ਜੋ ਅਜੋਕੇ ਸਮੇਂ ਖ਼ਤਮ ਹੁੰਦਾ ਜਾ ਰਿਹਾ ਹੈ। ਉਪਰੋਕਤ ਦੋਵਾਂ ਸੰਕਲਪਾਂ ਦੀ ਚਰਚਾ ਤੋਂ ਬਾਅਦ ਭਗਤ ਬਾਣੀ ਅੰਦਰ ਬਹੁਸੱਭਿਆਚਾਰਵਾਦ ਵਿਚ ਅੰਤਰ

ਧਰਮ ਸੰਵਾਦ ਦੀ ਪੇਸ਼ਕਾਰੀ ਦਾ ਅਧਿਐਨ ਕਰਨ ਦਾ ਯਤਨ ਕਰਦੇ ਹਾਂ। ਇਸ ਮੰਤਵ ਲਈ ਅਸੀਂ ਉਨ੍ਹਾਂ ਧਰਮਾਂ ਦੀਆਂ ਉੱਭਰਵੀਆਂ ਮਾਨਤਾਵਾਂ ਦਾ ਬਿਉਰਾ ਦੇ ਕੇ ਭਗਤ ਬਾਣੀ ਵਿਚਲੇ ਪ੍ਰਵਚਨ ਦੁਆਰਾ ਉੱਤਰ-ਆਧੁਨਿਕ ਪਰਿਪੇਖ ਵਿਚਲੀ ਸਾਰਥਿਕਤਾ ਦਾ ਮੁੱਲਾਂਕਣ ਪੇਸ਼ ਕਰਨ ਦਾ ਯਤਨ ਕਰਾਂਗੇ ਕਿਉਂਕਿ "ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਦੀ ਬਾਣੀ ਦਾ ਪ੍ਰਤੀਨਿਧ ਪਾਠ ਸੰਗ੍ਰਹਿ ਹੈ ਜਿਨ੍ਹਾਂ ਨੇ ਆਪਣੇ ਪ੍ਰਵਚਨ ਰਾਹੀਂ ਮਨੁੱਖ-ਮਾਤਰ ਨੂੰ ਆਪੇ ਅਤੇ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਜਿਊਣ ਦਾ ਸੰਦੇਸ਼ ਦਿੱਤਾ। ਜਨਮ, ਜਾਤ, ਧਰਮ, ਸੰਪ੍ਰਦਾਇ ਅਤੇ ਊਚ-ਨੀਚ ਦੇ ਵਿਤਕਰਿਆਂ ਵਿਚ ਵੰਡੀ ਲੋਕਾਈ ਨੂੰ ਰੂਹਾਨੀ ਏਕਤਾ ਦੇ ਸੂਤਰ ਵਿੱਚ ਪਰੋਣ ਵਾਲਾ ਇਹ ਸੰਦੇਸ਼ ਗਿਆਨ-ਜਾਗ੍ਰਿਤੀ ਦਾ ਪ੍ਰਤੀਕ ਬਣ ਕੇ ਉਜਾਗਰ ਹੁੰਦਾ ਹੈ।"(ਡਾ. ਜਗਬੀਰ ਸਿੰਘ. *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ* 42.) ਇਸ ਪ੍ਰਵਚਨ ਵਿਚਲੇ ਸੰਵਾਦ ਨੂੰ ਸਮਝਣ ਲਈ ਪ੍ਰਮੁੱਖ ਧਰਮਾਂ ਦੇ ਸੰਕਲਪਾਂ ਦੇ ਦਾਇਰੇ ਵਿਚ ਭਗਤ ਬਾਣੀ ਦੇ ਪ੍ਰਵਚਨ ਰੂਪੀ ਸੰਵਾਦ ਦੁਆਰਾ ਪੇਸ਼ ਧਾਰਨਾਵਾਂ ਦੀ ਵਿਆਖਿਆ ਪੇਸ਼ ਕਰਾਂਗੇ।

ਇਸਲਾਮ ਵਿਚ ਸੁੰਨਤ ਦਾ ਬਹੁਤ ਵੱਡਾ ਸਥਾਨ ਹੈ। ਪਰੰਤੂ ਭਗਤ ਬਾਣੀ ਵਿਚ ਇਸ ਦੀ ਵਿਆਖਿਆ ਬਿਲਕੁਲ ਨਵੇਂ ਅੰਦਾਜ਼ ਵਿਚ ਮਿਲਦੀ ਹੈ। ਕਬੀਰ ਜੀ ਆਪਣੀ ਤਰਕਪੂਰਨ ਸ਼ੈਲੀ ਦੁਆਰਾ ਸੁੰਨਤ ਦੀ ਵਿਆਖਿਆ ਕਰਦੇ ਹਨ।

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 477.)

ਹਿੰਦੂ ਧਰਮ ਵਿਚਲੀਆਂ ਮਾਨਤਾਵਾਂ ਦਾ ਵੀ ਲੇਖਾ-ਜੋਖਾ ਭਗਤ ਬਾਣੀ ਪੇਸ਼ ਕਰਦੀ ਹੈ। ਹਿੰਦੂ ਧਰਮ ਵਿਚ ਮੰਨਿਆਂ ਜਾਂਦਾ ਹੈ ਕਿ ਕਾਸ਼ੀ ਜੋ ਸ਼ਿਵਜੀ ਦੀ ਨਗਰੀ ਸਮਝੀ ਜਾਂਦੀ ਹੈ, ਵਿਚ ਪ੍ਰਾਣ ਤਿਆਗਣ ਨਾਲ ਮੁਕਤੀ ਮਿਲਦੀ ਹੈ। ਇਸ ਦਾ ਜਵਾਬ ਭਗਤ ਕਬੀਰ ਜੀ ਦੁਆਰਾ ਦਿੱਤਾ ਗਿਆ ਹੈ। ਕੇਵਲ ਆਪਣੀ ਰਚਨਾ ਦੁਆਰਾ ਹੀ ਨਹੀਂ, ਕਬੀਰ ਜੀ ਦੁਆਰਾ ਖੁਦ ਆਪਣੇ ਅੰਤਿਮ ਸਮੇਂ ਨੂੰ ਕਾਸ਼ੀ ਤੋ ਬਾਹਰ ਮਗਹਰ ਨਾਂ ਦੀ ਜਗ੍ਹਾ, ਜਿਸ ਬਾਰੇ ਪ੍ਰਚੱਲਿਤ ਹੈ ਕਿ ਉੱਥੇ ਪ੍ਰਾਣ ਤਿਆਗਣ ਵਾਲਾ ਖੋਤੇ ਦੀ ਜੂਨ ਵਿਚ ਪੈਂਦਾ ਹੈ, ਤੇ ਬਿਤਾ ਕੇ ਸੰਦੇਸ਼ ਦਿੱਤਾ ਗਿਆ ਹੈ। ਇਹੋ ਚੇਤਨਾ ਉੱਤਰ-ਆਧੁਨਿਕਤਾ ਵਿਚ ਪ੍ਰਮੁੱਖਤਾ ਨਾਲ ਪ੍ਰਗਟ ਹੋ ਰਹੀ ਹੈ।"ਉੱਤਰ-ਆਧੁਨਿਕਤਾ ਨਵੀਂ ਚੇਤਨਾ ਨਾਲ ਸੰਬੰਧਿਤ ਇੱਕੋ ਸਮੇਂ ਹੀ ਇਕ ਸਿਧਾਂਤ ਤੇ ਸਥਿਤੀ ਵੀ ਹੈ ਅਤੇ ਵਿਧੀ ਵੀ। ਸਿਧਾਂਤ ਅਤੇ ਸਥਿਤੀ ਇਸ ਲਈ ਕਿਉਂਕਿ ਇਹ ਆਧੁਨਿਕਵਾਦ ਦੀਆਂ ਪੈਦਾ ਹੁੰਦੀਆਂ ਜਾਂਦੀਆਂ ਸਥਿਤੀਆਂ ਤੋਂ ਵੀ ਬਾਅਦ ਦਾ ਵਿਕਾਸ ਹੈ। ਆਧੁਨਿਕਤਾਵਾਦ ਨੇ ਆਪਣੇ ਆਪ ਨੂੰ ਇਕਹਿਰੇ ਸੰਕਲਪ ਨਾਲ ਜਿਸਦੀਆਂ ਜੜ੍ਹਾਂ ਵਧੇਰੇ ਪੂੰਜੀਵਾਦ ਵਿਚ ਸਨ, ਨਿਰੰਕੁਸ਼ਤਾ ਵਿਚ ਸਨ, ਉਸ ਨਾਲ ਸੰਬੰਧਿਤ ਕਰ ਲਿਆ ਪਰ ਉੱਤਰ-ਆਧੁਨਿਕਤਾ ਇਸ ਇਕਹਿਰੇਪਨ ਤੋਂ ਵਿਰੋਧ ਦਾ ਐਲਾਨਨਾਮਾ ਹੈ। ਇਸ ਵਿਚ ਇਕ ਵਿਚਾਰਧਾਰਾ, ਇਕ ਚਿੰਤਨ, ਕੱਟੜਤਾ ਵਾਦੀ ਸਰਦਾਰੀ ਨਹੀਂ ਰਹਿੰਦੀ। ਇਸ ਦਾ ਕੇਂਦਰੀ ਸ਼ਬਦ ਸਮਾਨੰਤਰਤਾ ਹੈ। ਵੱਧ ਵਿਚਾਰਧਾਰਾਵਾਂ, ਸਭਿਆਚਾਰ, ਚਿੰਤਨ ਬਰਾਬਰ ਵਿਚਰਦੇ ਹਨ । ਉੱਤਰ-ਆਧੁਨਿਕਤਾ ਕੇਂਦਰੀਕਰਣ ਨਾਲ ਨਹੀਂ ਵਿਕੇਂਦਰੀਕਰਣ ਨਾਲ ਸੰਬੰਧਿਤ ਹੁੰਦੀ ਹੈ।" (ਨੂਰ. *ਸਮਦਰਸ਼ੀ* ਉੱਤਰ-ਆਧੁਨਿਕਤਾ ਵਿਸ਼ੇਸ਼ ਅੰਕ ੫.) ਸੰਦੇਸ਼ ਇਹ ਹੈ ਕਿ ਸਵਰਗ ਨਰਕ ਦੀ ਧਾਰਨਾ ਨੂੰ ਕਿਸੇ ਸਥਾਨ ਨਾਲ ਨਹੀਂ ਜੋੜਿਆ ਜਾ ਸਕਦਾ, ਇਹ ਤਾਂ ਇਨਸਾਨ ਦੇ ਕਰਮਾਂ ਦੁਆਰਾ ਨਿਰਧਾਰਿਤ ਹੁੰਦੀ ਹੈ।

ਸਗਲ ਜਨਮੁ ਸਿਵ ਪੁਰੀ ਗਵਾਇਆ॥
ਮਰਤੀ ਬਾਰ ਮਗਹਰਿ ਉਠਿ ਆਇਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 326.)

ਕਬੀਰ ਜੀ ਅਨੁਭਵ ਦੀ ਪ੍ਰਧਾਨਤਾ ਸਵੀਕਾਰਦੇ ਹਨ। ਹਿੰਦੂ ਧਰਮ ਵਿਚਲੇ ਵੇਦਾਂ ਅਤੇ ਸਿਮ੍ਰਿਤੀਆਂ ਦੀ ਵਿਆਖਿਆ ਨੂੰ ਆਪ ਜੀ ਬੰਧਨ ਦਾ ਕਾਰਨ ਭਾਵ ਸੰਗਲ਼ ਕਹਿੰਦੇ ਹਨ। ਇਸ ਦਾ ਕਾਰਨ ਇਸ ਗਿਆਨ ਦੀ ਵਿਆਖਿਆ ਕਾਰਨ ਹਿੰਦੂ ਧਰਮ ਤਰ੍ਹਾਂ-ਤਰ੍ਹਾਂ ਦੇ ਬੰਧਨਾਂ ਵਿਚ ਫਸਦਾ ਜਾ ਰਿਹਾ ਸੀ।

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥

ਸਾਂਕਲ ਜੇਵਰੀ ਲੈ ਹੈ ਆਈ॥ (329.)

ਹਿੰਦੂ ਸਮਾਜ ਅੰਦਰ ਪ੍ਰਚੱਲਿਤ ਹੋ ਚੁੱਕੀਆਂ ਕੁਰੀਤੀਆਂ ਰੂਪੀ ਕਰਮ-ਕਾਂਡ ਨੇ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਉਲਝਾ ਰੱਖਿਆ ਸੀ। ਭਗਤ ਬੇਣੀ ਜੀ ਅਨੁਸਾਰ ਇਹ ਸੰਸਾਰ ਮ੍ਰਿਤ ਮੰਡਲ ਹੈ। ਇੱਥੇ ਆ ਕੇ ਮਨ ਵਿਚੋਂ ਪਰਮਾਤਮਾ ਨਹੀਂ ਵਿਸਾਰਨਾ ਚਾਹੀਦਾ, ਬਲਕਿ ਹਰ ਇਕ ਨੂੰ ਸਮਭਾਵ ਦੀ ਦ੍ਰਿਸ਼ਟੀ ਦੁਆਰਾ ਵੇਖਣਾ ਚਾਹੀਦਾ ਹੈ, ਕਿਉਂਕਿ ਸਭ ਲੋਕ ਸਮਾਨ ਹਨ ਅਤੇ ਇੱਕੋ ਪਰਮਾਤਮਾ ਨਾਲ ਜੁੜੇ ਹੋਏ ਹਨ।

ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ॥ (93.)

ਸੰਸਾਰ ਵਿਚਲੇ ਸੰਤਾਪ ਪ੍ਰਤੀ ਬੇਣੀ ਜੀ ਆਪਣੇ ਅਨੁਭਵ ਦਾ ਪ੍ਰਗਟਾਵਾ ਕਰਦੇ ਹਨ।"ਭਾਰਤ ਦੇ ਸੰਦਰਭ ਵਿਚ ਜੇਕਰ ਉਤਰਆਧੁਨਿਕ ਦ੍ਰਿਸ਼ਟੀਕੋਣ ਦੀ ਗੱਲ ਕਰੀਏ ਤਾਂ ਇਸ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਦੇ ਸਾਡੇ ਸੂਤਰ ਸਾਡੇ ਪੁਰਾਤਨ ਅਤੇ ਮੱਧਕਾਲ ਦੇ ਗਿਆਨ ਚਿੰਤਨ ਦੀ ਨਿਰੰਤਰਤਾ ਵਿਚੋਂ ਲੱਭੇ ਜਾ ਸਕਦੇ ਹਨ। ਕਿਉਂਕਿ ਸੰਸਾਰ ਅਤੇ ਮਾਨਵ ਜੀਵਨ ਦੇ ਸਦੀਵੀ ਸਰੋਕਾਰਾਂ ਜਾਂ ਜੀਵਨ ਦੇ ਜਟਿਲ ਸਵਾਲਾਂ ਨੂੰ ਅਸਰ-ਅੰਦਾਜ਼ ਕਰਦਾ ਹੈ ਉਨ੍ਹਾਂ ਮੁੱਦਿਆਂ ਬਾਰੇ ਭਾਰਤੀ ਗਿਆਨ ਪਰੰਪਰਾ ਸਦੀਆਂ ਤੋਂ ਚਿੰਤਨ ਕਰਦੀ ਆ ਰਹੀ ਹੈ।"(ਡਾ. ਰਵਿੰਦਰ ਸਿੰਘ. *ਕਾਵਿ-ਸ਼ਾਸਤਰ* ਅੰਕ-11 ,113.) ਅਜੋਕੇ ਮਨੁੱਖ ਦੀਆਂ ਚੇਸ਼ਟਾਵਾਂ ਦਾ ਦਵੰਦ ਉਸ ਲਈ ਅੰਦਰੂਨੀ ਅਸ਼ਾਂਤੀ ਪੈਦਾ ਕਰਦਾ ਹੈ। ਆਮ ਜਨ ਸਧਾਰਨ ਵਿਚ ਇਸ ਸਬੰਧੀ ਰੋਸ ਸੰਤਾਪ ਦੇ ਰੂਪ ਉਪਜਦਾ ਹੈ।

ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 93.)

ਬੇਣੀ ਜੀ ਧਾਰਮਿਕ ਜਗਤ ਵੱਲੋਂ ਪ੍ਰਚਾਰਿਤ ਜਪ, ਤਪ ਅਤੇ ਸੰਜਮ ਦਾ ਦਿਖਾਵੇ ਰੂਪ ਤੋਂ ਨਿਜਾਤ ਪਾ ਕੇ ਸਹੀ ਮੱਤ ਦੁਆਰਾ ਜੀਵਨ ਬਸਰ ਕਰਨ ਦੀ ਸਲਾਹ ਦਿੱਤੀ ਗਈ ਹੈ।

ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮ ਨ ਅਰਾਧਿਆ॥ (93.)

ਧਰਮਾਂ ਦੁਆਰਾ ਦਿੱਤੇ ਮੁਕਤੀ ਦੇ ਸੰਕਲਪ ਦਾ ਬੇਣੀ ਜੀ ਖੰਡਨ ਕਰਦੇ ਹਨ। ਜੀਵਨ ਮੁਕਤ ਦਾ ਸੰਕਲਪ ਪੇਸ਼ ਕਰਕੇ ਨਰੋਏ ਸਮਾਜ ਪ੍ਰਤੀ ਸੇਧ ਦਿੰਦੇ ਹਨ।"ਹੈਨਰੀ ਜੇਮਜ਼ ਦੁਆਰਾ ਲਿਖੀ ਪੁਸਤਕ '*ਦ ਵਿੰਗਜ਼ ਆਫ ਡਵ* ਇਹ ਦਰਸਾਉਂਦੀ ਹੈ ਕਿ ਕਿਵੇਂ ਉਦਾਰਤਾ ਭਰੇ ਸੰਤ ਸੁਭਾਵੀ ਮਨੁੱਖਾਂ ਤੇ ਕਾਰਜ ਅਤੇ ਪ੍ਰਵਚਨ, ਦੁਨਿਆਵੀ ਸਵਾਰਥੀ ਲੋਕਾਂ ਵਿਚ, ਫਿਰ ਤੋਂ ਓਹਨਾਂ ਵਿਚ ਆਤਮ ਵਿਸ਼ਵਾਸ ਅਤੇ ਨੈਤਿਕ-ਸੰਤੁਲਨ ਕਾਇਮ ਕਰ ਦਿੰਦੇ ਹਨ।"(Editha Wyshogrod. *Saints and Postmodernism* 59.) ਇਸ ਸੰਤੁਲਨ ਦੁਆਰਾ ਹੀ ਸੰਸਾਰ ਚਲਾਇਮਾਨ ਹੁੰਦਾ ਹੈ।

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ॥

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 93.)

ਧਾਰਮਿਕ ਸੰਸਥਾਵਾਂ ਦੁਆਰਾ ਪੇਸ਼ ਹੰਕਾਰੀ ਭਾਵਨਾ ਕਿ ਮੈਂ ਉੱਚੀ ਜਾਤ ਦਾ ਹਾਂ, ਮੈ ਵਿਦਵਾਨ ਪੰਡਿਤ ਹਾਂ, ਮੈਂ ਜੋਗੀ ਸੰਨਿਆਸੀ ਹਾਂ। ਰਵਿਦਾਸ ਜੀ ਆਪਣੇ ਜੀਵਨ ਵਿਚ ਇਹ ਭਾਵ ਨਾ ਪੈਦਾ ਹੋਣ ਲਈ ਪ੍ਰਾਰਥਨਾ ਕਰਦੇ ਹਨ। ਭਾਰਤੀ ਧਾਰਮਿਕ ਤਾਣੇ-ਬਾਣੇ ਵਿਚਲੇ ਊਚ-ਨੀਚ ਦੇ ਖੁਦ ਵੀ ਸ਼ਿਕਾਰ ਰਹੇ ਭਗਤ ਰਵਿਦਾਸ ਜੀ ਨੇ ਆਪਣੇ ਉੱਚੇਪਣ ਦੇ ਹੰਕਾਰ ਦੀ ਭਾਵਨਾ ਤੋਂ ਬਚਣ ਲਈ ਬੇਨਤੀ ਕੀਤੀ ਹੈ।

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥ (974.)

ਕਬੀਰ ਜੀ ਆਪਣੀ ਰਚਨਾ ਵਿਚ ਆਪਣੇ ਸਮੇਂ ਦੇ ਪ੍ਰਮੁੱਖ ਧਰਮ ਸਨਾਤਨ ਅਤੇ ਇਸਲਾਮ ਬਾਰੇ ਆਪਣੀ ਬੇਬਾਕ ਸ਼ੈਲੀ ਵਿਚ ਸੰਵਾਦ ਰਚਾਉਂਦੇ ਹਨ। ਪ੍ਰੋ. ਕਿਸ਼ਨ ਸਿੰਘ ਲਿਖਦੇ ਹਨ ਕਿ "ਇਨਕਲਾਬੀ ਚੇਤਨਤਾ ਵਾਸਤੇ

ਲਾਜ਼ਮੀ ਹੈ ਕਿ ਉਹ ਕਾਬਜ਼ ਜਮਾਤ ਦੇ ਹਿੱਤੀ ਖ਼ਿਆਲਾਂ, ਜਜ਼ਬਿਆਂ, ਨੀਅਤਾਂ ਅਮਲੀ ਤੌਰ ਤੇ ਕੰਮ ਕਰਦੀਆਂ ਮਜ਼ਬੀ, ਕਲਚਰਲ, ਸਮਾਜਿਕ, ਸਿਆਸੀ ਹਰ ਕਿਸਮ ਦੀਆਂ ਸੰਸਥਾਵਾਂ ਦਾ ਖੰਡਨ ਕਰੇ, ਅਤੇ ਉਹਨਾਂ ਦੇ ਮੁਕਾਬਲੇ ਉੱਤੇ, ਆਪਣੇ ਹਿੱਤ ਉਸਾਰੇ ਅਤੇ ਉਨ੍ਹਾਂ ਦੀ ਸੱਚ ਅਤੇ ਸਦਾਚਾਰ ਦੀ ਬਿਨਾਅ ਉੱਤੇ ਵਕਾਲਤ ਕਰੇ।"(*ਸਿੱਖ ਲਹਿਰ* 14.) ਅਜੋਕੇ ਸਮੇਂ ਭਾਰਤ ਵਿਚ ਰਾਸ਼ਟਰਵਾਦ ਦੇ ਨਾ ਹੇਠ ਉੱਸਰਨ ਵਾਲਾ ਵਰਤਾਰਾ ਹਿੰਸਕ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ। ਇਸ ਨਾਲ ਸਮਾਜ ਵਿਚ ਅਸੁਰੱਖਿਆ ਦੀ ਭਾਵਨਾ ਪ੍ਰਬਲ ਹੁੰਦੀ ਜਾ ਰਹੀ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਧਰਮ ਦੇ ਨਾਮ ਤੇ ਹੋਣ ਵਾਲੇ ਦੰਗਿਆਂ ਵਿਚ ਹਜ਼ਾਰਾਂ ਬੇਦੋਸ਼ੇ ਲੋਕ ਆਪਣੀ ਜਾਨ ਗਵਾਉਂਦੇ ਹਨ। ਇਸ ਦਾ ਕਾਰਨ ਸਮਾਜ ਸੱਭਿਆਚਾਰ ਦੀ ਪ੍ਰਮੁੱਖ ਪਰੰਪਰਾ 'ਸੰਵਾਦ' ਦਾ ਖ਼ਤਮ ਹੋਣਾ ਕਿਹਾ ਜਾ ਸਕਦਾ ਹੈ। ਪਰੰਤੂ ਭਗਤ ਬਾਣੀ ਵਿਚਲਾ ਸੰਵਾਦ ਇਸ ਸਭ ਨਾਲ ਨਜਿੱਠਣ ਲਈ ਜ਼ਮੀਨ ਤਿਆਰ ਕਰਦਾ ਹੈ।

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 654.)

ਉੱਤਰ-ਆਧੁਨਿਕ ਪਰਿਪੇਖ ਵਿਚ ਅੰਤਰ ਧਰਮ ਸੰਵਾਦ ਦੀ ਜ਼ਰੂਰਤ ਬਹੁਤ ਪ੍ਰਮੁੱਖਤਾ ਨਾਲ ਮਹਿਸੂਸ ਹੋ ਰਹੀ ਹੈ। ਭਗਤ ਬਾਣੀ ਦਾ ਪ੍ਰਵਚਨ ਇਸ ਸੰਕਲਪ ਲਈ ਉਸਾਰੂ ਕਾਰਜ ਕਰਨ ਦੇ ਸਮਰੱਥ ਹੈ। ਇਸ ਲਈ ਬਹੁਸੱਭਿਆਚਾਰਵਾਦ ਵਿਚ ਅੰਤਰ ਧਰਮ ਸੰਵਾਦ ਦੁਆਰਾ ਚੰਗੇ ਸਮਾਜ ਦੀ ਸਿਰਜਣਾ ਲਈ ਭਗਤ ਬਾਣੀ ਇਕ ਮਜ਼ਬੂਤ ਆਧਾਰ ਤਿਆਰ ਕਰ ਰਹੀ ਪ੍ਰਤੀਤ ਹੁੰਦੀ ਹੈ।

### 4.3 ਅਧਿਆਤਮਿਕਤਾ ਦੇ ਸਰੋਕਾਰਾਂ ਦੀ ਉੱਤਰ-ਆਧੁਨਿਕ ਦ੍ਰਿਸ਼ਟੀ :

ਭਾਰਤੀ ਸਮਾਜਿਕ ਪ੍ਰਸੰਗ ਵਿਚ ਅਧਿਆਤਮਿਕਤਾ ਇਕ ਪ੍ਰਮੁੱਖ ਵਰਤਾਰੇ ਦੇ ਰੂਪ ਵਿਚ ਕਾਰਜਸ਼ੀਲ ਰਹੀ ਹੈ। ਸੰਸਾਰ ਦੀਆਂ ਪ੍ਰਾਚੀਨ ਅਧਿਆਤਮਿਕ ਪ੍ਰਣਾਲੀਆਂ ਵਿਚ ਭਾਰਤੀ ਅਧਿਆਤਮਕ ਪਰੰਪਰਾਵਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਇਸ ਪ੍ਰਸੰਗ ਵਿਚ ਮਿਲ ਜਾਂਦੀਆਂ ਹਨ, ਜਿਨ੍ਹਾਂ ਦੁਆਰਾ

ਅਧਿਆਤਮਕ ਪੱਧਰ ਤੇ ਭਾਰਤੀ ਚਿੰਤਨ ਦੁਆਰਾ ਵਿਅਕਤੀਆਂ ਨੂੰ ਪ੍ਰਭਾਵਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਗਿਆਨ ਪ੍ਰਬੰਧ ਅਧਿਆਤਮਕ ਜਗਤ ਵਿਚ ਇਕ ਨਵੀਂ ਦਿਸ਼ਾ ਦੇਣ ਵਾਲਾ ਹੈ। ਸਮੁੱਚੀ ਭਾਰਤੀ ਗਿਆਨ ਪਰੰਪਰਾ ਦੇ ਸਰੋਕਾਰਾਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਦਾ ਮਾਨਵਤਾਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਇਸ ਵਿਚ ਮਿਲਦਾ ਹੈ। ਭਗਤ ਬਾਣੀ ਇਸ ਗ੍ਰੰਥ ਦਾ ਭਾਗ ਬਣਕੇ ਅਧਿਆਤਮਕ ਜਗਤ ਦੇ ਵੱਖ-ਵੱਖ ਸਰੋਕਾਰਾਂ ਨਾਲ ਆਪਣਾ ਸੰਵਾਦ ਰਚਾਉਂਦੀ ਹੈ। ਇਨ੍ਹਾਂ ਸਰੋਕਾਰਾਂ ਵਿਚ ਕਰਮ, ਰਹੱਸਵਾਦ, ਸ੍ਰਿਸ਼ਟੀ, ਰੱਬ ਅਤੇ ਆਤਮਾ ਆਦਿ ਦੀ ਪ੍ਰਮੁੱਖਤਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਨ੍ਹਾਂ ਸਰੋਕਾਰਾਂ ਦੇ ਮਹੱਤਵ ਨੂੰ ਸਮਝਣ ਲਈ ਸਾਨੂੰ ਅਜੋਕੇ ਸਮੇਂ ਵਿਚ ਇਨ੍ਹਾਂ ਦੇ ਮਹੱਤਵ ਨਾਲ ਆਤਮਸਾਤ ਕਰਨਾ ਪਵੇਗਾ। ਇਹ ਵੇਖਣ ਵਿਚ ਆਉਂਦਾ ਹੈ ਕਿ ਅਜੋਕੇ ਸਮੇਂ ਵਿਚ ਇਹ ਸਭ ਬੇਸ਼ੱਕ ਵਿਗਿਆਨ ਤਕਨਾਲੋਜੀ ਦੇ ਪਸਾਰੇ ਕਾਰਨ ਉੱਪਰੀ ਰੂਪ ਵਿਚ ਮਹੱਤਵਹੀਣ ਲੱਗਦਾ ਹੋਵੇ ਪਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਸੋਸ਼ਲ ਮੀਡੀਆ ਦੇ ਯੁੱਗ ਵਿਚ ਵੀ ਬਹੁਤ ਵੱਡੇ ਪੱਧਰ ਤੇ ਇਸ ਦਾ ਪਸਾਰਾ ਵੇਖਣ ਨੂੰ ਮਿਲ ਜਾਂਦਾ ਹੈ। ਸਾਡੇ ਦੇਸ਼ ਵਿਚ ਇਸ ਦਾ ਪ੍ਰਚਾਰ ਪ੍ਰਸਾਰ ਕਈ ਢੰਗਾਂ ਨਾਲ ਹੁੰਦਾ ਹੈ। ਵਿਸ਼ਵੀ ਪ੍ਰਸੰਗ ਵਿਚ ਵੀ ਇਨ੍ਹਾਂ ਸਰੋਕਾਰਾਂ ਨੇ ਆਪਣਾ ਪ੍ਰਭਾਵ ਵੱਡੇ ਪੱਧਰ ਤੇ ਦਿਖਾਇਆ ਹੈ। ਇਸ ਮੰਤਵ ਲਈ ਅਸੀਂ ਇਨ੍ਹਾਂ ਸਰੋਕਾਰਾਂ ਨੂੰ ਉੱਤਰ-ਆਧੁਨਿਕ ਦ੍ਰਿਸ਼ਟੀ ਬਿੰਦੂ ਤੋਂ ਭਗਤ ਬਾਣੀ ਦੇ ਹਵਾਲੇ ਨਾਲ ਵੇਖਣ ਦਾ ਯਤਨ ਕਰਦੇ ਹਾਂ।

**ਕਰਮ** : ਭਾਰਤੀ ਚਿੰਤਨ ਵਿਚ ਇਹ ਕਿਹਾ ਜਾਂਦਾ ਹੈ ਕਿ ਜਦੋਂ ਧਰਤੀ ਤੇ ਪਰਲੋ ਆਈ ਤਾਂ ਇਸ ਦੀ ਸਮੁੱਚੀ ਵਿਵਸਥਾ ਤਹਿਸ ਨਹਿਸ ਹੋ ਗਈ। ਉਸ ਸਮੇਂ ਮਨੂ ਨੇ ਇਕ ਅਜਿਹੀ ਸੰਰਚਨਾ ਦਿੱਤੀ ਜਿਸ ਵਿਚ ਉਸ ਨੇ ਸਮਾਜ ਨੂੰ ਚਾਰ ਵਰਣਾ ਦੀ ਵਿਵਸਥਾ ਕੰਮ ਦੇ ਆਧਾਰ ਤੇ ਵੰਡਣ ਦਾ ਕਾਰਜ ਕੀਤਾ। ਇਸ ਵਿਚ ਚਿੰਤਨ ਅਧਿਐਨ ਲਈ ਬ੍ਰਾਹਮਣ, ਦੇਸ਼ ਸਮਾਜ ਦੀ ਸੁਰੱਖਿਆ ਲਈ ਕਸ਼ੱਤਰੀ, ਵਣਜ ਵਿਉਪਾਰ ਲਈ ਵੈਸ਼ ਅਤੇ ਸੇਵਾ ਲਈ ਸ਼ੂਦਰ ਨਾ ਦੇ ਵਰਣ ਦੀ ਗੱਲ ਕੀਤੀ ਗਈ। ਇਸ ਵੰਡ ਦੇ ਆਧਾਰ ਤੇ ਅੱਗੇ ਹੋਰ ਉਪ-ਜਾਤੀਆਂ ਪੈਦਾ ਹੁੰਦੀਆਂ ਗਈਆਂ। ਮਨੁੱਖੀ ਸੁਭਾਅ ਵਿਚ ਆਪਣੇ ਆਪ ਨੂੰ ਆਰਥਿਕ ਅਤੇ ਸਮਾਜਿਕ ਰੂਪ ਵਿਚ ਸਥਾਪਤ ਕਰਨ ਦੀ ਲਾਲਸਾ ਸਦਾ ਹੀ ਰਹਿੰਦੀ ਹੈ। ਇਸ ਲਾਲਸਾ ਨੇ ਸਮਾਜ ਅੰਦਰ ਸੰਘਰਸ਼ ਪੈਦਾ ਕੀਤਾ, ਜਿਸ ਨਾਲ ਸਮਾਜ ਦੇ ਚੰਗੇ ਬੁਰੇ ਦੋਨਾਂ ਤਰ੍ਹਾਂ ਦੇ ਪੱਖ

ਹੋਏ। ਇਸ ਦੇ ਨਾਲ ਹੀ ਮੱਤ-ਮਤਾਂਤਰਾਂ ਅਤੇ ਵੇਦਾਂ ਸ਼ਾਸਤਰਾਂ ਦੁਆਰਾ ਧਰਮ, ਦਰਸ਼ਨ, ਚਿਕਿਤਸਾ, ਸਮਾਜ ਸ਼ਾਸਤਰ, ਯੁੱਧ ਵਿੱਦਿਆ ਆਦਿ ਦੇ ਖੇਤਰ ਵਿਚ ਰਿਸ਼ੀ ਮੁਨੀਆਂ ਨੇ ਆਪਣਾ ਚਿੰਤਨ ਪੇਸ਼ ਕੀਤਾ। ਇਹ ਸਮਾਜ ਦਾ ਸਰੂਪ ਭਾਰਤ ਵਿਚ ਆਰੀਆ ਲੋਕਾਂ ਦੇ ਆਗਮਨ ਨਾਲ ਹੋਂਦ ਵਿਚ ਆਇਆ। ਦ੍ਰਾਵਿੜਾਂ ਅਤੇ ਨਾਂਗਾ ਲੋਕਾਂ ਦੇ ਮੇਲਜੋਲ ਨਾਲ ਇਕ ਨਵੀਂ ਸੰਸਕ੍ਰਿਤੀ ਹੋਂਦਸ਼ੀਲ ਹੁੰਦੀ ਹੈ। ਸ਼ੱਕ, ਹੂਣ ਅਤੇ ਮੰਗੋਲ ਲੋਕਾਂ ਦਾ ਆਗਮਨ ਭਾਰਤ ਵਿਚ ਹੋਣ ਕਰਕੇ ਦੇਸ਼ ਦੀ ਸਭਿਆਚਾਰਕ ਧਾਰਾ ਵਿਚ ਬਦਲਾਓ ਆ ਗਏ। ਰਹਿਣ-ਸਹਿਣ ਅਤੇ ਹੋਰਨਾ ਤਰੀਕਿਆਂ ਨਾਲ ਧਾਰਮਿਕ ਦੇਵਤੇ ਅਤੇ ਉਨ੍ਹਾਂ ਦੇ ਪ੍ਰਤੀਕ ਪ੍ਰਬੰਧ ਵਿਚ ਬਦਲਾਓ ਆ ਗਿਆ। ਹੌਲੀ-ਹੌਲੀ ਵਰਣ ਵਿਵਸਥਾ ਅੰਦਰ ਸਭ ਤੋਂ ਉੱਪਰ ਬੈਠੇ ਬ੍ਰਾਹਮਣਾਂ ਨੂੰ ਵੀ ਚੁਨੌਤੀ ਮਿਲਣ ਲੱਗ ਪਈ। ਇਸ ਦਾ ਕਾਰਣ ਉਨ੍ਹਾਂ ਦੀ ਲਾਲਚੀ ਪ੍ਰਵਿਰਤੀ ਕਰਕੇ ਆਪਣੇ ਮੁੱਖ ਕਾਰਜ ਤੋਂ ਭਟਕ ਕੇ ਮਨੂ ਸਮ੍ਰਿਤੀ ਵਿਚ ਛੇੜਛਾੜ ਕਰਨਾ ਸੀ। ਅਜਿਹਾ ਇਸ ਲਈ ਕੀਤਾ ਗਿਆ ਕਿਉਂਕਿ ਉਹ ਨਹੀਂ ਚਾਹੁੰਦੇ ਸੀ ਕਿ ਉਨ੍ਹਾਂ ਦੀ ਸਥਿਤੀ ਡਾਵਾਂਡੋਲ ਹੋਵੇ। ਅਜਿਹੇ ਕਾਰਨਾਂ ਕਰਕੇ ਹੌਲੀ-ਹੌਲੀ ਸਮਾਜ ਹੋਰ ਉਪ-ਜਾਤੀਆਂ ਵਿਚ ਵੰਡਿਆ ਗਿਆ। ਫਿਰ ਇਸਲਾਮ ਅਤੇ ਈਸਾਈਅਤ ਦੇ ਆਉਣ ਨਾਲ ਭਾਰਤੀ ਸਮਾਜ ਵਿਚ ਤਬਦੀਲੀ ਵਾਪਰੀ, ਪਰੰਤੂ ਬ੍ਰਾਹਮਣਾਂ ਦੀ ਸਰਵਉੱਚਤਾ ਕਾਇਮ ਰਹੀ। ਸਮੱਸਿਆ ਇਥੋਂ ਤੱਕ ਵਧ ਗਈ ਕਿ ਬ੍ਰਾਹਮਣ ਜਾਤੀ ਵਿਚ ਜਨਮ ਲੈਣ ਨਾਲ ਹੀ ਉੱਚ ਪਦਵੀ ਦਾ ਅਧਿਕਾਰ ਪ੍ਰਾਪਤ ਹੋਣ ਲੱਗ ਪਿਆ, ਹਾਲਾਂਕਿ ਉਸ ਵਿਚ ਯੋਗਤਾ ਸੀ ਭਾਵੇਂ ਨਹੀਂ ਸੀ। ਜੇਕਰ ਭਾਰਤੀ ਸ਼ਾਸਤਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਅਨੁਸਾਰ ਜਨਮ ਤੋਂ ਸਾਰੇ ਸ਼ੂਦਰ ਹਨ, ਕਰਮ ਨਾਲ ਹੀ ਕੋਈ ਵਿਅਕਤੀ ਬ੍ਰਾਹਮਣ ਜਾਂ ਕਸ਼ੱਤਰੀ ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਪਰ ਇਸ ਵਿਵਸਥਾ ਦਾ ਪ੍ਰਚੱਲਨ ਪੂਰਨ ਰੂਪ ਵਿਚ ਲਾਗੂ ਨਹੀਂ ਹੋਣ ਦਿੱਤਾ ਗਿਆ। ਅੱਜ ਵੀ ਭਾਰਤੀ ਸਮਾਜ ਅੰਦਰ ਜਾਤੀ ਜਨਮ ਤੋਂ ਹੀ ਨਿਰਧਾਰਿਤ ਕੀਤੀ ਜਾਂਦੀ ਹੈ। ਭਗਤ ਬਾਣੀ ਇਸ ਦੇ ਵਿਰੁੱਧ ਪੈਂਤੜਾ ਲੈਂਦੀ ਹੈ। ਇਸ ਵਿਚ ਤਾਂ ਔਰਤ ਮਰਦ ਦੇ ਭੇਦ ਨੂੰ ਵੀ ਸਿਰਫ਼ ਸਰੀਰਕ ਮੰਨਿਆਂ ਜਾਂਦਾ ਹੈ। ਤੱਤ ਪੱਧਰ ਤੇ ਇਸ ਭੇਦ ਨੂੰ ਨਹੀਂ ਮੰਨਿਆਂ ਜਾਂਦਾ। ਭਗਤ ਕਵੀ ਹਿੰਦੂ, ਮੁਸਲਿਮ, ਸਿੱਖ, ਈਸਾਈ ਜਾਂ ਕੋਈ ਵੀ ਜਾਤ ਅਤੇ ਲਿੰਗ ਦੇ ਆਧਾਰ ਤੇ ਭੇਦ ਨਹੀਂ ਸਮਝਦੇ ਹਨ। ਇਸ ਦਾ ਕਾਰਨ ਉਨ੍ਹਾਂ ਦੁਆਰਾ ਸਭ ਜੀਵਾਂ ਨੂੰ ਇੱਕੋ ਤਰ੍ਹਾਂ ਦੇ ਹੱਡ, ਮਾਸ ਅਤੇ ਖ਼ੂਨ ਤੋਂ ਬਣੇ ਹੋਏ ਮੰਨਣਾ ਹੈ।

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥

ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥ (659.)

ਭਗਤ ਤ੍ਰਿਲੋਚਨ ਜੀ ਦੀ ਰਚਨਾ ਵਿਚਲੇ ਵੇਰਵੇ ਕਰਮ ਦੀ ਪ੍ਰਧਾਨਤਾ ਦਾ ਜ਼ਿਕਰ ਪੇਸ਼ ਕਰਦੇ ਹਨ। ਲਿਉਤਾਰਦ ਅਨੁਸਾਰ ਬਿਰਤਾਂਤ ਅਤੇ ਵਿਗਿਆਨ ਦਾ ਵਿਰੋਧ ਤਰਕਹੀਣ ਹੈ ਕਿਉਂਕਿ ਵਿਗਿਆਨ ਆਪਣੇ ਆਪ ਵਿਚ ਇਕ ਤਰਾਂ ਦਾ ਬਿਰਤਾਂਤ ਹੈ। ਵਿਗਿਆਨ ਉੱਨਤੀ ਦਾ ਰਸਤਾ ਦਿਖਾਉਂਦਾ ਹੈ। ਉਦਯੋਗ ਅਤੇ ਵਪਾਰ ਵਿਚ ਸਹਾਇਤਾ ਕਰਦਾ ਹੋਇਆ ਸੋਸ਼ਣ ਅਤੇ ਕਿਰਤ ਤੋਂ ਮਨੁੱਖ ਨੂੰ ਮੁਕਤ ਕਰਦਾ ਹੈ। ਕਰਮ ਦਾ ਸਿਧਾਂਤ ਅਜੋਕੇ ਸਮੇਂ ਅੰਦਰ ਵੀ ਪ੍ਰਸੰਗਿਕ ਹੈ। ਜੇਕਰ ਸਮਾਜ ਵਿਚ ਇਸ ਤੇ ਆਧਾਰਿਤ ਸੰਰਚਨਾ ਬਣਦੀ ਹੈ ਤਾਂ ਸਹਿਜੇ ਹੀ ਸੰਸਾਰ ਵਿਚਲੇ ਦਵੰਦਾਂ ਤੋ ਕੁਝ ਹੱਦ ਤੱਕ ਬਚਿਆ ਜਾ ਸਕਦਾ ਹੈ।

ਕਰਮ ਕਰਿ ਕਲੰਕੁ ਮਫੀਟਸਿ ਰੀ॥

ਜਾਂ ਕਰਮ ਕਰਿ ਅਰੁਣ ਪਿੰਗੁਲਾ ਰੀ॥

ਜਾਂ ਕਰਮ ਕਰਿ ਕਪਾਲੁ ਮਫੀਟਸਿ ਰੀ॥ (695.)

ਇਸ ਰਚਨਾ ਵਿਚ ਪੂਰਬਲੇ ਕਰਮਾਂ ਦਾ ਵੀ ਜ਼ਿਕਰ ਕਰਕੇ ਮਨੁੱਖ ਲਈ ਅਜੋਕੇ ਸਮੇਂ ਪ੍ਰਤੀ ਸੰਤੁਲਿਤ ਸੋਚ ਦਾ ਸੰਕਲਪ ਦਿੱਤਾ ਗਿਆ ਹੈ।"ਇਕ ਸੰਤ ਦੇ ਜੀਵਨ ਦਾ ਬੋਧ, ਉਸ ਸੰਤ-ਸਾਖੀ ਜੀਵਨ ਵਿਚੋਂ ਸਮਝਿਆ ਜਾ ਸਕਦਾ ਹੈ, ਇਹ ਇਕ ਅਭਿਆਸ ਹੈ ਜਿਸ ਰਾਹੀਂ ਸਰੋਤਾ ਜਾਂ ਪ੍ਰਾਪਤ ਕਰਤਾ ਉਸ ਬਿਰਤਾਂਤ ਵਿਚ ਰੁੜ੍ਹ ਜਾਂਦਾ ਹੈ ਤਾਂ ਕਿ ਉਹ ਆਪਣੇ ਜੀਵਨ ਨੂੰ ਇਸ ਨਾਲ ਮੇਲ ਕੇ ਚੱਲ ਸਕੇ।"(Wyschgrod. *Saints and Postmodernism* XXIII.)

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਿਣ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 695.)

ਦੂਸਰਿਆਂ ਪ੍ਰਤੀ ਸੰਕੀਰਣ ਸੋਚ ਦਾ ਤਿਆਗ ਹੀ ਆਦਮੀ ਲਈ ਅੱਗੇ ਵਧਣ ਦਾ ਮਾਰਗ ਰੌਸ਼ਨ ਕਰਦਾ ਹੈ। ਜਿਹੜਾ ਦੂਸਰਿਆਂ ਪ੍ਰਤੀ ਨਜ਼ਰੀਆ ਖੁੱਲ੍ਹਾ ਰੱਖਦਾ ਹੈ, ਉਹ ਸਦਾ ਸਮਾਜਿਕ ਬਰਾਬਰੀ ਲਈ ਕਰਮ ਕਰਕੇ ਚੰਗੀ ਮਿਸਾਲ ਪੇਸ਼ ਕਰਦਾ ਹੈ।

ਜੋ ਜਨ ਪਰਮਿਤਿ ਪਰਮਨੁ ਜਾਨਾ॥

ਬਾਤਨ ਹੀ ਬੈਕੁੰਠ ਸਮਾਨਾ॥ (325.)

ਇਸ ਸੰਸਾਰ ਨਿੱਤ ਬਦਲਦੇ ਸਰੂਪ ਦਾ ਜ਼ਿਕਰ ਭਗਤ ਕਬੀਰ ਜੀ ਨੇ ਪੇਸ਼ ਕੀਤਾ ਹੈ। ਬਦਲਾਓ ਸੰਸਾਰ ਦਾ ਨਿਯਮ ਹੈ। ਇਸ ਸਬੰਧੀ ਸੁਕਰਾਤ ਅਤੇ ਉਸਦੇ ਪ੍ਰਤੀਉੱਤਰ ਵਜੋਂ  ਕਾਪਰਨੀਕਸ ਦੁਆਰਾ ਉਧਰਿਤ ਕਥਨਾਂ ਵਿਚੋਂ ਵੇਖੀ ਜਾ ਸਕਦੀ ਹੈ। ਸੁਕਰਾਤ ਕਹਿੰਦਾ ਹੈ ਕਿ ਜਦੋਂ ਮੈ ਪਾਣੀ ਵਿਚ ਪਹਿਲਾ ਪੈਰ ਰੱਖਣ ਤੋਂ ਬਾਅਦ ਦੂਜਾ ਪੈਰ ਰੱਖਿਆ ਤਾਂ ਪਾਣੀ ਬਦਲ ਚੁੱਕਾ ਸੀ। ਕਾਪਰਨੀਕਸ ਨੇ ਇਸ ਦੇ ਪ੍ਰਤੀਉੱਤਰ ਵਿਚ ਕਿਹਾ, ਹੇ ਸੁਕਰਾਤ ਜਦੋਂ ਤੂੰ ਦੂਸਰਾ ਪੈਰ ਪਾਣੀ ਵਿਚ ਰੱਖਿਆ ਤਾਂ ਕੇਵਲ ਪਾਣੀ ਹੀ ਨਹੀਂ ਤੂੰ ਵੀ ਬਦਲ ਚੁੱਕਿਆ ਸੀ। ਇਸ ਨਾਲ ਅਸੀਂ ਇਸ ਦਿੱਸਦੇ ਸੰਸਾਰ ਦੀ ਬਦਲਣਸ਼ੀਲਤਾ ਦਾ ਅੰਦਾਜ਼ਾ ਲਗਾ ਸਕਦੇ ਹਾਂ।

ਉਪਜੈ ਨਿਪਜੈ ਨਿਪਜਿ ਸਮਾਈ॥

ਨੈਨਹ ਦੇਖਤ ਇਹੁ ਜਗੁ ਜਾਈ॥ (325.)

ਇਸ ਸੰਸਾਰ ਵਿਚਲੇ ਦਿਖਾਵੇ ਰੂਪੀ ਪ੍ਰਪੰਚਾਂ ਦਾ ਵਿਰੋਧ ਕਬੀਰ ਬਾਣੀ ਦਾ ਖਾਸਾ ਹੈ। ਕਬੀਰ ਦੀਆਂ ਉਲਟ ਬਾਸੀਆਂ ਵਿਚ ਇਸ ਸੰਸਾਰ ਵਿਚਲੇ ਦਿਖਾਵੇ ਦੀ ਖ਼ੂਬ ਪੋਲ ਖੋਲੀ ਗਈ ਹੈ। ਮਾਰਕ ਸੀ. ਟੇਲਰ ਅਨੁਸਾਰ,"ਉੱਤਰ-ਆਧੁਨਿਕਤਾ ਨਾ ਪੇਸ਼ ਕਰਨ ਯੋਗ ਨੂੰ ਪੇਸ਼ ਕਰਨ ਯੋਗ ਬਣਾਉਂਦੀ ਹੈ। ਉਹ ਚੰਗੇ ਰੂਪਾਂ ਦੀ ਦਿਲਜੋਈ ਨੂੰ ਨਿਕਾਰਦੀ ਹੈ, ਭਾਵਨਾ ਦੀ ਇਕਸੁਰਤਾ, ਜਿਹੜੀ ਅਣ-ਪ੍ਰਾਪਤੀ ਦੇ ਉਦਰੇਵੇਂ ਨੂੰ ਸਮੂਹਕ ਤੌਰ ਤੇ ਵੰਡਣਯੋਗ ਬਣਾਉਂਦੀ ਹੈ, ਉਹ ਨਵੀਂ ਪੇਸ਼ਕਾਰੀ ਲਈ ਖੋਜ ਕਰਦੀ ਹੈ, ਉਸਦਾ ਲੁਤਫ ਲੈਣ ਲਈ ਨਹੀਂ ਸਗੋਂ ਅਣਪ੍ਰਦਰਸ਼ਨਤਾ ਨੂੰ ਜ਼ੋਰਦਾਰ ਭਾਵਨਾ ਨਾਲ ਪ੍ਰਦਾਨ ਕਰਾਉਣ ਲਈ।"(Mark.C.Taylor (Ed.). *Saints and Postodernism* XIII.) ਭਗਤ ਬਾਣੀ

ਵਿਚ ਇਹ ਅਮਲ ਦਿਖਾਈ ਦਿੰਦਾ ਹੈ, ਜਿਸ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਸਮਝਿਆ ਜਾ ਸਕਦਾ ਹੈ। ਇਸ ਨਾਲ ਉੱਤਰ-ਆਧੁਨਿਕ ਸਥਿਤੀ ਦਾ ਸਹੀ ਚਿਹਰਾ ਸਾਹਮਣੇ ਆਉਂਦਾ ਹੈ ਜਿਸ ਦੁਆਰਾ ਅਸੀਂ ਅਜੋਕੇ ਮਨੁੱਖ ਦੀ ਸਥਿਤੀ ਦਾ ਗਿਆਨ ਪ੍ਰਾਪਤ ਕਰ ਸਕਦੇ ਹਾਂ ਅਤੇ ਇਸ ਦੁਆਰਾ ਅਜੋਕੇ ਸਮਾਜ ਲਈ ਭਗਤ ਬਾਣੀ ਦੁਆਰਾ ਪੇਸ਼ ਮਾਡਲ ਦੁਆਰਾ ਚੰਗੀ ਸੇਧ ਲੈ ਸਕਦੇ ਹਾਂ।

ਐਸੋ ਅਚਰਜੁ ਦੇਖਿਓ ਕਬੀਰ॥
ਦਧਿ ਕੈ ਭੋਲੈ ਬਿਰੋਲੈ ਨੀਰੁ॥੧॥ਰਹਾਉ॥
ਹਰੀ ਅੰਗੂਰੀ ਗਦਹਾ ਚਰੈ॥
ਨਿਤ ਉਠਿ ਹਾਸੈ ਹੀਗੈ ਮਰੈ॥੧॥
ਮਾਤਾ ਭੈਸਾ ਅੰਮੁਹਾ ਜਾਇ॥
ਕੁਦਿ ਕੁਦਿ ਚਰੈ ਰਸਾਤਲਿ ਪਾਇ॥੨॥
ਕਹੁ ਕਬੀਰ ਪਰਗਟੁ ਭਈ ਖੇਡ॥
ਲੇਲੇ ਕਉ ਚੂਘੈ ਨਿਤ ਭੇਡ॥੩॥
ਰਾਮ ਰਮਤ ਮਤਿ ਪਰਗਟੀ ਆਈ॥
ਕਹੁ ਕਬੀਰ ਗੁਰਿ ਸੋਝੀ ਪਾਈ॥੪॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 326.)

**ਰਹੱਸਵਾਦ** : "ਰਹੱਸਵਾਦ ਇਕ ਯੂਨਾਨੀ ਸ਼ਬਦ 'ਮਸਟੇਇਨ ' (mustein) ਤੋਂ ਲਿਆ ਗਿਆ ਹੈ। ਇਸ ਦਾ ਅਰਥ ਆਪਣੇ ਬੁੱਲ੍ਹਾਂ ਨੂੰ ਬੰਦ ਕਰਨਾ। ਇਸ ਵਾਸਤੇ ਸੱਚ ਦੇ ਰਾਜ਼ ਨੂੰ ਸਮਝ ਕੇ ਰਹੱਸਵਾਦੀ ਚੁੱਪ ਹੋ ਕੇ ਅਨੁਭਵ ਦਾ ਆਨੰਦ ਮਾਣਦਾ ਹੈ। ਇਹ ਅਨੁਭਵ ਭਾਵੇਂ ਕਬੀਰ, ਰਵਿਦਾਸ ਜਾਂ ਹੋਰ ਕਿਸੇ ਵੀ ਭਗਤ-ਬਾਣੀ ਵਿਚ ਵਿਦਮਾਨ ਹੋਵੇ, ਉਸ ਪਰਮ ਸਚਾਈ ਨਾਲ ਆਨੰਦ ਮਾਨਣ ਦੇ ਸੰਕੇਤ ਮਿਲਦੇ ਹਨ। ਇਸ ਲਈ ਭਗਤਾਂ ਦੇ ਰਹੱਸਵਾਦ ਨੂੰ ਉੱਚੀ ਅਵਸਥਾ 'ਚ 'ਚੁੱਪ ਦਾ ਫ਼ਲਸਫ਼ਾ' ਕਹਿਣਾ ਵਧੇਰੇ ਢੁੱਕਵਾਂ ਹੋਵੇਗਾ।" (ਨਿਰਭੈ ਸਿੰਘ. *ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ*

*'ਚ ਯੋਗਦਾਨ* 30.) ਭਗਤ ਕਵੀ ਆਪਣੇ ਰਹੱਸਮਈ ਅਨੁਭਵਾਂ ਨੂੰ ਸਹਿਜ ਰੂਪ ਵਿਚ ਲੋਕਾਈ ਲਈ ਪੇਸ਼ ਕਰਦੇ ਹਨ। ਇਸ ਸਬੰਧੀ ਨਿਰਭੈ ਸਿੰਘ ਦੇ ਵਿਚਾਰ ਧਿਆਨ ਮੰਗਦੇ ਹਨ ਕਿ "ਭਾਵੇਂ ਭਗਤ ਆਪ ਸਧਾਰਨ ਭਾਸ਼ਾ, ਬਿੰਬ, ਚਿੰਨ੍ਹ ਜਾਂ ਅਲੰਕਾਰ ਤੇ ਉਦਾਹਰਨਾਂ ਵਰਤਦੇ ਹਨ ਪਰ ਇਨ੍ਹਾਂ ਦੇ ਅਰਥਾਂ ਦਾ ਰਹੱਸ ਡੂੰਘਾ ਹੁੰਦਾ ਹੈ।" (32.)

ਭਗਤ ਕਵੀਆਂ ਨੇ ਆਪਣੇ ਅਧਿਆਤਮਕ ਅਨੁਭਵ ਦੁਆਰਾ 'ਸਦਾ ਵਿਗਾਸ' ਦੀ ਸਥਿਤੀ ਵਿਚ ਵਿਚਰਨ ਦੀ ਜੁਗਤ ਦੱਸੀ ਹੈ। ਇਸ ਸਥਿਤੀ ਵਿਚ ਸਰੀਰਕ ਅਨੁਭਵ ਦੀ ਥਾਂ ਆਂਤਰਿਕ ਅਨੁਭਵ ਭਾਵ ਅੰਦਰੂਨੀ ਖ਼ੁਸ਼ੀ ਸੰਕਲਪ ਸਿਰਜ ਦਿੱਤਾ। ਇਸ ਰਹੱਸ ਤੇ ਆਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਜਗਿਆਸੂ ਬਣ ਕੇ ਸਦੀਵੀ ਖੇੜਾ ਜਾਂ ਖ਼ੁਸ਼ੀ ਦੀ ਅਵਸਥਾ ਵਿਚ ਵਿਚਰਨ ਦਾ ਮਾਰਗ ਭਗਤ ਬਾਣੀ ਦਿਖਾਉਂਦੀ ਹੈ। ਅਜੋਕੇ ਸਮੇਂ ਵਿਚ ਜਿੱਥੇ ਹਰ ਮਨੁੱਖ ਨਿੱਕੀਆਂ ਵੱਡੀਆਂ ਪਰੇਸ਼ਾਨੀਆਂ ਵਿਚ ਘਿਰ ਕੇ ਆਪਣੀ ਅੰਦਰੂਨੀ ਸ਼ਾਂਤੀ ਗਵਾ ਰਿਹਾ ਹੈ ਅਤੇ ਕਈ ਵਾਰ ਤਾਂ ਗੱਲ ਖ਼ੁਦਕੁਸ਼ੀ ਤੱਕ ਜਾ ਪਹੁੰਚਦੀ ਹੈ। ਇਸ ਸਥਿਤੀ 'ਚੋਂ ਨਿਕਲ ਕੇ ਇਸ ਭਰਪੂਰ ਜ਼ਿੰਦਗੀ ਨੂੰ ਮਾਨਣ ਦੀ ਇੱਛਾ ਜਗਾਉਣ ਵੱਲ ਭਗਤ ਬਾਣੀ ਦਾ ਪ੍ਰਵਚਨ ਯਤਨਸ਼ੀਲ ਹੈ। ਇਹ ਮਨੁੱਖ ਲਈ ਜਟਿਲ ਸਮੱਸਿਆਵਾਂ ਦਾ ਨਿਪਟਾਰਾ ਚਿੰਤਨ ਅਤੇ ਵਿਵੇਕ ਰਾਹੀਂ ਕਰਨ ਦਾ ਮਾਰਗ ਦਿਖਾਉਣ ਦਾ ਕਾਰਜ ਕਰਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਘੋਰ ਯਥਾਰਥਵਾਦ ਨੂੰ ਉੱਭਰਵੇਂ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਭਗਤ ਬਾਣੀ ਵੀ ਨਰਕ ਸਵਰਗ ਦੇ ਦਾਇਰੇ 'ਚੋਂ ਨਿਕਲਕੇ ਵਰਤਮਾਨ ਯਥਾਰਥ ਨਾਲ ਨਿੱਡਰਤਾ ਭਰਪੂਰ ਜੀਵਨ ਜੀਣ ਲਈ ਪ੍ਰੇਰਦੀ ਹੈ। ਭਗਤ ਬਾਣੀ ਵਿਚਲੇ ਸ਼ਬਦ ਸਥਾਨਕਤਾ ਨੂੰ ਉਭਾਰਦੇ ਹਨ। ਜਿਸ ਤਰ੍ਹਾਂ ਪ੍ਰਭੂ ਦਾ ਸਰੂਪ ਭਗਤਾਂ ਦੀ ਆਪਣੀ ਬਿਰਤੀ ਅਨੁਸਾਰ ਆਪੋ ਆਪਣਾ ਹੈ, ਉਹ ਧੰਨੇ ਦਾ 'ਗੋਪਾਲ' ਹੈ ਅਤੇ ਨਾਮਦੇਵ ਦਾ 'ਬੀਠਲ' ਹੈ। ਸਿੱਧ, ਨਾਥ-ਜੋਗੀ ਮੱਧਕਾਲ ਵਿਚ ਇੰਦਰਿਆਵੀ ਦਮਨ ਤੇ ਜ਼ੋਰ ਦਿੰਦੇ ਸਨ ਭਾਵ ਦੇਹੀ ਨੂੰ ਦੋਇਮ ਦਰਜੇਬੰਦੀ ਵਿਚ ਰੱਖਦੇ ਸਨ। ਪਰ ਭਗਤ ਬਾਣੀ ਵਿਚਲਾ ਰਹੱਸਵਾਦ ਇਸ ਦੇਹੀ ਨੂੰ ਪ੍ਰਮੁੱਖਤਾ ਨਾਲ ਅੱਗੇ ਲਿਆ ਕੇ ਇਸ ਨੂੰ ਸੋਧ ਕੇ ਸੰਜਮ ਧਾਰਨ ਕਰਨ ਦੀ ਗੱਲ ਕਰਦਾ ਹੈ। ਰਹੱਸ ਬਾਰੇ ਭਗਤ ਭੀਖਨ ਜੀ ਦੀ ਨਿਮਨਲਿਖਤ ਟੂਕ ਢੁੱਕਦੀ ਹੈ, ਰਹੱਸ ਬਾਰੇ ਦੱਸਣਾ ਗੂੰਗੇ ਦੁਆਰਾ ਮਠਿਆਈ ਦਾ ਸਵਾਦ ਦੱਸਣ ਸਮਾਨ ਹੈ।

ਹਰਿ ਗੁਨ ਕਹਤੇ ਕਹਨੁ ਨ ਜਾਈ॥

ਜੈਸੇ ਗੂੰਗੇ ਕੀ ਮਿਠਿਆਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 659.)

**ਸ੍ਰਿਸ਼ਟੀ** : ਮਨੁੱਖ ਜਦੋਂ ਪਹਿਲੇ ਪਹਿਲ ਇਸ ਸੰਸਾਰ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਸਭ ਤੋਂ ਪਹਿਲਾਂ ਉਸ ਨੇ ਆਪਣੇ ਆਲ਼ੇ ਦੁਆਲੇ ਬਾਰੇ ਗਿਆਨ ਹਾਸਲ ਕਰਨ ਦੇ ਯਤਨ ਆਰੰਭ ਕੀਤੇ। ਉਸ ਨੂੰ ਲਗਦਾ ਸੀ ਕਿ ਜਿਸ ਤਰ੍ਹਾਂ ਉਹ ਆਪਣੇ ਨਿੱਤ ਦੇ ਜੀਵਨ ਵਿਚ ਆਪਣੀ ਸੁਵਿਧਾ ਲਈ ਵਸਤੂਆਂ ਦਾ ਨਿਰਮਾਣ ਕਰਦਾ ਹੈ, ਇਸ ਤਰ੍ਹਾਂ ਇਹ ਸ੍ਰਿਸ਼ਟੀ ਵੀ ਕਿਸੇ ਨੇ ਬਣਾਈ ਹੋਵੇਗੀ। ਇਸ ਲਈ ਮਨੁੱਖ ਆਪਣੀ ਬੁੱਧੀ ਅਨੁਸਾਰ ਅੰਦਾਜ਼ੇ ਲਗਾਉਣੇ ਸ਼ੁਰੂ ਕੀਤੇ ਜਿਨ੍ਹਾਂ ਵਿਚ ਕਦੇ ਆਪਣੀ ਕਲਪਨਾ ਦੁਆਰਾ ਇਸ ਦੀ ਰਚਨਾ ਦਾ ਖ਼ਿਆਲ ਕੀਤਾ।"ਇਸ ਪ੍ਰਸ਼ਨ ਦਾ ਕੋਈ ਤਸੱਲੀਬਖ਼ਸ਼ ਉਤਰ ਉਸਦੀ ਸੀਮਤ ਬੁੱਧੀ ਪਾਸ ਨਹੀਂ ਸੀ। ਕਦੇ ਉਸਨੇ ਇਸ ਨੂੰ ਮਹੱਲ ਵਾਗ ਥੰਮ੍ਹਾਂ ਤੇ ਖੜੀ ਮੰਨਿਆਂ, ਕਦੇ ਅਦਿਤੀ ਤੇ ਕਕਸ਼ ਨੂੰ ਧਰਤੀ ਦੇ ਮਾਂ-ਬਾਪ ਮੰਨਿਆਂ, ਕਦੇ ਕਿਸੇ ਵਿਸ਼ਾਲ ਵਿਅਕਤੀ ਤੋਂ ਸ੍ਰਿਸ਼ਟੀ ਦੀ ਸਾਜਨਾ ਮੰਨੀ ਗਈ ਸੀ।"(ਰਾਜਿੰਦਰ ਪਾਲ ਸਿੰਘ. *ਭਾਰਤੀ ਦਰਸ਼ਨ ਵਿਗਿਆਨਕ ਅਧਿਐਨ* 38.) ਸ੍ਰਿਸ਼ਟੀ ਦੀ ਉਤਪਤੀ ਬਾਰੇ ਵੇਦਾਂ ਵਿਚ ਵੀ ਆਉਂਦਾ ਹੈ। ਰਿਗਵੇਦ ਦੇ ਨਾਸਦੀਯ ਸੂਤਕ ਵਿਚ ਸ੍ਰਿਸ਼ਟੀ ਦੇ ਆਰੰਭ ਵਿਚ ਅਵਿਅਕਤ ਚੇਤਨ ਦਾ ਜ਼ਿਕਰ ਹੈ ਜਿਸ ਤੋਂ ਬਾਅਦ ਵਿਚ ਸ੍ਰਿਸ਼ਟੀ ਦੀ ਰਚਨਾ ਹੋਈ ।"ਉਸ ਅਵਿਅਕਤ ਚੇਤਨ ਨੂੰ 'ਤਪਸ' ਕਿਹਾ ਗਿਆ ਹੈ। ਅਸਲ ਵਿਚ ਇਹ ਸ਼ਕਤੀ ਸਰਵਵਿਆਪੀ ਹੈ। ਇਸ ਤੋਂ ਹੀ ਗਿਆਨ ਸ਼ਕਤੀ, ਇੱਛਾ ਸ਼ਕਤੀ ਅਤੇ ਕ੍ਰਿਆ ਸ਼ਕਤੀ ਦੀ ਅਭਿਵਿਅਕਤੀ ਹੁੰਦੀ ਹੈ।" (ਮਿਸ਼ਰ. *ਭਾਰਤੀਯ ਦਰਸ਼ਨ* 46.) ਵੇਦਾਂ ਅਨੁਸਾਰ ਇਸ ਅਵਿਅਕਤ ਚੇਤਨ ਰੂਪੀ ਸ਼ਕਤੀ ਨੂੰ ਹੀ ਸ੍ਰਿਸ਼ਟੀ ਦੀ ਸੰਚਾਲਕ ਮੰਨਿਆਂ ਹੈ।

ਉਪਨਿਸ਼ਦਾਂ ਮੁਤਾਬਿਕ ਸ੍ਰਿਸ਼ਟੀ ਤੋਂ ਪਹਿਲਾਂ ਕੁਝ ਵੀ ਨਹੀਂ ਸੀ। ਸਿਰਫ਼ ਮੌਤ ਸੀ। ਪਿੱਛੋਂ ਜਾ ਕੇ ਮਨ, ਜਲ, ਪ੍ਰਕਾਸ਼ ਦੀ ਅਤੇ ਅਖੀਰ ਵਿਚ ਪਰਜਾਪਤੀ ਦੀ ਸ੍ਰਿਸ਼ਟੀ ਹੋਈ।"ਬ੍ਰਿਹਦਾਰਣਯਕ ਅਨੁਸਾਰ ਸਭ ਤੋਂ ਪਹਿਲਾਂ ਪੁਰਸ਼ ਅਤੇ ਬਾਅਦ ਵਿਚ ਇਸਤਰੀ ਦਾ ਸਰੂਪ ਉਤਪੰਨ ਹੋਇਆ ਅਤੇ ਦੋਨਾਂ ਤੋਂ ਵਿਸ਼ਵ ਦੀ ਸ੍ਰਿਸ਼ਟੀ ਹੋਈ।" (ਕਲਸੀਆ. *ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ* 288.) ਗੀਤਾ ਵਿਚ ਸ੍ਰਿਸ਼ਟੀ ਦੀ ਉਤਪਤੀ ਭਗਵਾਨ ਤੋਂ ਹੋਈ ਮੰਨੀ ਗਈ ਹੈ।

ਜੈਨ ਮੱਤ ਵਿਚ ਵੱਖ-ਵੱਖ ਤਰ੍ਹਾਂ ਦੇ ਦ੍ਰਵਾਂ ਦੇ ਮਿਲਣ ਨਾਲ ਸੰਸਾਰ ਦੀ ਸ੍ਰਿਸ਼ਟੀ ਹੁੰਦੀ ਹੈ। ਉਨ੍ਹਾਂ ਅਨੁਸਾਰ ਇਹ ਅਬਦਲ ਵੀ ਹੈ ਅਤੇ ਬਦਲਣਸ਼ੀਲ ਵੀ ਹੈ। ਬੋਧੀ ਜਗਤ ਨੂੰ ਸੁਤੰਤਰ ਸੱਤਾ ਮੰਨਦੇ ਹਨ। ਇਸ ਦੇ ਨਾਲ ਹੀ ਇਸ ਵਿਚ ਪਰਿਵਰਤਨ ਵਾਪਰਦਾ ਰਹਿੰਦਾ ਹੈ। ਚਾਰਵਾਕ ਦਰਸ਼ਨ ਵਿਚ ਪ੍ਰਿਥਵੀ, ਜਲ, ਵਾਯੂ ਅਤੇ ਪ੍ਰਕਾਸ਼ ਇਨ੍ਹਾਂ ਤੋਂ ਹੀ ਸੰਸਾਰ ਦੀ ਹਰ ਇਕ ਵਸਤੂ ਬਣਦੀ ਹੈ। ਇਸ ਲਈ ਇਹ ਆਪਣੇ ਆਪ ਮਾਤਾ ਪਿਤਾ ਦੁਆਰਾ ਪੈਦਾ ਹੋ ਜਾਂਦੀ ਹੈ। ਨਿਆਇ ਦਰਸ਼ਨ ਮੁਤਾਬਿਕ ਈਸ਼ਵਰ ਇਸ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਇਹ ਇਸ ਦਾ ਨਿਰਮਾਣ ਪਰਮਾਣੂਆਂ, ਕਾਲ, ਮਨ, ਆਤਮਾ ਤੋਂ ਕਰਦਾ ਹੈ। ਲਗਭਗ ਇਹੋ ਜਿਹੇ ਵਿਚਾਰ ਵੈਸ਼ੇਸ਼ਿਕ ਦਰਸ਼ਨ ਅੰਦਰ ਮਿਲਦੇ ਹਨ। ਸਾਂਖ ਦਰਸ਼ਨ ਅਨੁਸਾਰ ਰਜ, ਸਤ ਅਤੇ ਤਮ ਇਹ ਪ੍ਰਕਿਰਤੀ ਦੇ ਗੁਣ ਹਨ ਅਤੇ ਪੁਰਸ਼ ਅਤੇ ਪ੍ਰਕਿਰਤੀ ਦੇ ਸੰਯੋਗ ਤੋਂ ਸ੍ਰਿਸ਼ਟੀ ਉਤਪੰਨ ਹੁੰਦੀ ਹੈ। ਯੋਗ ਮੱਤ ਵੀ ਇਸੇ ਧਾਰਨਾ ਨੂੰ ਮੰਨਦਾ ਹੈ। ਮੀਮਾਂਸਾ ਦਰਸ਼ਨ ਵਿਚ ਕਰਮ ਦੀ ਪ੍ਰਧਾਨਤਾ ਹੈ। ਇਹ ਈਸ਼ਵਰ ਨੂੰ ਨਹੀਂ ਮੰਨਦੇ। ਇਸ ਲਈ ਇਹ ਆਤਮਾ ਦੇ ਪੂਰਵ ਜਨਮ ਦੇ ਕਰਮਾਂ ਨੂੰ ਇਸ ਸ੍ਰਿਸ਼ਟੀ ਦਾ ਕਾਰਨ ਮੰਨਦੇ ਹਨ। ਅਦਵੈਤ ਵੇਦਾਂਤ ਅਨੁਸਾਰ ਬ੍ਰਹਮ ਹੀ ਚੇਤਨ ਸਤਾ ਹੈ ਨਿਰਾਕਾਰ ਅਤੇ ਸੱਚਿਦਾਨੰਦ ਹੈ ਅਤੇ ਈਸ਼ਵਰ ਲੀਲ੍ਹਾ ਲਈ ਸ੍ਰਿਸ਼ਟੀ ਰਚਦਾ ਹੈ। ਭੇਦਾਭੇਦ ਅਨੁਸਾਰ ਬ੍ਰਹਮ ਹੀ ਇਕ ਮਾਤਰ ਤੱਤ ਹੈ ਜੋ ਜਗਤ ਦੀ ਰਚਨਾ ਦਾ ਕਾਰਕ ਹੈ। ਵਿਸ਼ਿਸ਼ਟ ਅਦਵੈਤ ਅਨੁਸਾਰ ਈਸ਼ਵਰ ਹੀ ਆਪਣੀ ਇੱਛਾ ਦੁਆਰਾ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਦਵੈਤਾਦਵੈਤ ਪਰਮਾਤਮਾ ਦੁਆਰਾ ਆਪਣੇ ਆਪ ਨੂੰ ਜਗਤ ਦੇ ਆਕਾਰ ਵਿਚ ਪਰਣਿਤ ਕਰਦਾ ਹੈ। ਦਵੈਤ ਅਨੁਸਾਰ ਵੀ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ, ਸਥਿਤੀ ਅਤੇ ਸੰਹਾਰ ਕਰਦਾ ਹੈ। ਸ਼ੁੱਧ ਅਦਵੈਤ ਅਨੁਸਾਰ ਈਸ਼ਵਰ ਦੇ ਅੰਸ਼ ਤੋਂ ਹੀ ਪੈਦਾ ਹੋਣ ਵਾਲਾ ਪਦਾਰਥ ਜਗਤ ਹੈ। ਸੋ ਅਸੀਂ ਵੇਖ ਸਕਦੇ ਹਾਂ ਕਿ ਭਾਰਤੀ ਪਰੰਪਰਾਵਾਂ ਵਿਚ ਸ੍ਰਿਸ਼ਟੀ ਦੀ ਉਤਪਤੀ ਦੇ ਨਿਮਨਲਿਖਤ ਕਾਰਨ ਮੰਨੇ ਗਏ ਹਨ :

13. ਬ੍ਰਹਮ ਜਾਂ ਆਤਮਾ

14. ਜਲ

15. ਹਵਾ

16. ਅਗਨੀ

17. ਪ੍ਰਿਥਵੀ

18. ਪ੍ਰਕਾਸ਼

19. ਆਕਾਸ਼

20.ਦ੍ਰਵਾਂ ਦਾ ਸੰਯੋਗ

21. ਸਤੋ, ਰਮੋ ਅਤੇ ਤਮੋ ਗੁਣ

22. ਪ੍ਰਕਿਰਤੀ ਅਤੇ ਪੁਰਸ਼ ਦਾ ਸੰਯੋਗ

"ਦਾਰਸ਼ਨਿਕ ਪਰੰਪਰਾ ਵਿਚ ਯੂਨਾਨੀ ਫ਼ਿਲਾਸਫ਼ਰ ਪਲੈਟੋ ਅਨੁਸਾਰ ਇਹ ਬ੍ਰਹਿਮੰਡ ਬਿਲਕੁਲ ਬੇਜਾਨ ਅਤੇ ਨਿਰਜੀਵ ਤੱਤਾਂ ਵਿਚੋਂ ਪੈਦਾ ਹੋਇਆ ਜਿਸ ਤਰ੍ਹਾਂ ਅੱਗ, ਹਵਾ, ਮਿੱਟੀ ਅਤੇ ਪਾਣੀ। ਇਹ ਕਿਸੇ ਖ਼ਿਆਲ ਜਾਂ ਦੇਵਤੇ ਦੀ ਕਿਰਤ ਨਹੀਂ। ਕੁਦਰਤੀ ਚੀਜ਼ਾਂ ਵਿਚ ਖਿੱਚ ਹੋਣ ਕਾਰਨ ਇਹ ਰਚਨਾ ਪੈਦਾ ਹੋਈ ਹੈ। ਜਿਸ ਤਰ੍ਹਾਂ ਗਰਮੀ ਅਤੇ ਠੰਢ, ਖ਼ੁਸ਼ਕੀ ਅਤੇ ਨਮੀ ਆਦਿ।" (ਪ੍ਰੋ. ਪ੍ਰੀਤਮ ਸਿੰਘ. *ਸਿੱਖ ਵਿਚਾਰਧਾਰਾ* 31.) ਪਲੈਟੋ ਦੀ ਇਸ ਧਾਰਨਾ ਨੂੰ ਜੇਕਰ ਸਹੀ ਵੀ ਮੰਨ ਲਿਆ ਜਾਵੇ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਬੇਜਾਨ ਅਤੇ ਨਿਰਜੀਵ ਤੱਤ ਕਿਥੋਂ ਆਏ ਅਤੇ ਕੁਦਰਤੀ ਚੀਜ਼ਾਂ, ਜਿਨ੍ਹਾਂ ਦੀ ਖਿੱਚ ਦੁਆਰਾ ਇਸ ਦੀ ਰਚਨਾ ਹੋਈ ਮੰਨਿਆਂ ਹੈ ਉਹ ਕਿਥੋਂ ਆਈਆਂ ਜਾ ਕਿਵੇਂ ਪੈਦਾ ਹੋਈਆਂ ? ਇਸ ਲਈ ਇਹ ਧਾਰਨਾ ਸਹੀ ਨਹੀਂ ਮੰਨੀ ਜਾ ਸਕਦੀ ਹੈ। ਪਰੰਤੂ ਭਗਤ ਬਾਣੀ ਵਿਚ ਪਰਮਾਤਮਾ ਦੀ ਖੇਡ ਦੁਆਰਾ ਸ੍ਰਿਸ਼ਟੀ ਦੀ ਰਚਨਾ ਹੋਈ ਮੰਨੀ ਗਈ ਹੈ।

ਸ੍ਰਿਸ਼ਟੀ ਦੀ ਰਚਨਾ ਬਾਰੇ ਘੜੇ ਗਏ ਸਿਧਾਂਤਾਂ ਵਿਚ ਅਨੁਮਾਨ ਦਾ ਦਖ਼ਲ ਜ਼ਿਆਦਾ ਹੈ। ਕੋਈ ਇਸ ਨੂੰ ਸਮੇਂ ਨਾਲ ਸਬੰਧਿਤ ਮੰਨਦੇ ਹਨ ਪਰ ਸਮੇਂ ਬਾਰੇ ਵੀ ਗਿਆਨ ਦੀ ਸੀਮਾ ਕੋਈ ਤਸੱਲੀਬਖ਼ਸ਼ ਉੱਤਰ ਤੱਕ ਨਹੀਂ

ਪਹੁੰਚਦੀ ਹੈ। ਭਗਤ ਬਾਣੀ ਵੀ ਇਸ ਨੂੰ ਤਸਲੀਮ ਕਰਦੀ ਹੋਈ ਇਕ ਨਜ਼ਰੀਆ ਹੀ ਮੰਨਦੀ ਹੈ। ਕਿਉਂਕਿ ਹਰ ਧਰਮ ਵਿਚ ਅਤੇ ਹਰੇਕ ਮੱਤ ਦੇ ਪ੍ਰਵਰਤਕਾਂ ਨੇ ਸ੍ਰਿਸ਼ਟੀ ਬਾਰੇ ਅੰਦਾਜ਼ੇ ਜਾਂ ਆਪੋ ਆਪਣੇ ਤਰਕ ਦੇ ਆਧਾਰ ਤੇ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਭਗਤ ਬਾਣੀ ਵਿਚਲਾ ਸੰਕਲਪ ਸਾਰਥਿਕਤਾ ਦੇ ਨੇੜੇ ਹੈ ਕਿਉਂਕਿ ਇਸ ਨੂੰ ਸਮੇਂ ਅਤੇ ਸਥਾਨ ਦੀ ਦ੍ਰਿਸ਼ਟੀ ਤੋਂ ਨਹੀਂ ਜਾਣ ਸਕਦੇ  ਇਸ ਲਈ ਇਹ ਆਪੋ ਆਪਣੇ ਗਿਆਨ ਦਾ ਅਨੁਭਵ ਹੈ।

ਭਗਤ ਬਾਣੀ ਵਿਚ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਦੇ ਪੰਜ ਤੱਤਾਂ ਪ੍ਰਿਥਵੀ, ਜਲ, ਵਾਯੂ, ਅਗਨੀ ਅਤੇ ਆਕਾਸ਼ ਤੋਂ ਮੰਨੀ ਗਈ ਹੈ। ਪ੍ਰਸ਼ਨ ਦੁਆਰਾ ਭਗਤ ਪੀਪਾ ਜੀ ਇਸ ਸ੍ਰਿਸ਼ਟੀ ਵਿਚਲੇ ਵਰਤਾਰੇ ਬਾਰੇ ਜਗਿਆਸਾ ਜ਼ਾਹਿਰ ਕੀਤੀ ਹੈ।

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 695.)

ਭਗਤ ਬਾਣੀ ਵਿਚ ਪ੍ਰਸ਼ਨਾਂ ਦੇ ਨਾਲ ਉੱਤਰ ਵੀ ਮਿਲਦੇ ਹਨ। ਸ੍ਰਿਸ਼ਟੀ ਬਾਰੇ ਭਗਤ ਪੀਪਾ ਜੀ ਦੀ ਧਾਰਨਾ ਹੈ ਕਿ ਜੋ ਵੀ ਇਸ ਦੇਹ ਵਿਚ ਹੈ ਉਹੀ ਤੱਤ ਇਸ ਬ੍ਰਹਿਮੰਡ ਭਾਵ ਸ੍ਰਿਸ਼ਟੀ ਦੇ ਕਾਰਕ ਹਨ। ਪਰ ਇਸ ਗੱਲ ਦਾ ਪਤਾ ਕਿਸੇ ਖੋਜੀ ਜਗਿਆਸੂ ਨੂੰ ਹੀ ਹੈ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (695.)

ਇਸ ਰਚਨਾ ਵਿਚਲਾ ਗਿਆਨ ਭੰਡਾਰ ਇਸ ਸ੍ਰਿਸ਼ਟੀ ਦੇ ਜ਼ਰੂਰੀ ਅੰਸ਼ਾਂ ਨੂੰ ਪੇਸ਼ ਕਰਦਾ ਹੈ। ਜੀਵ ਦਾ ਇਸ ਸੰਸਾਰ ਵਿਚ ਆ ਕੇ ਖਾਣ-ਪੀਣ ਤੋਂ ਲੈ ਕੇ ਮਾਇਆ ਇਕੱਠੀ ਕਰਨ ਦਾ ਕੰਮ ਬੇਕਾਰ ਹੈ। ਇਸ ਲਈ ਸ੍ਰਿਸ਼ਟੀ ਦੀ

ਸਾਜਨਾ ਵਿਚਲਾ ਸੰਕਲਪ ਤ੍ਰਿਲੋਚਨ ਜੀ ਦੱਸਦੇ ਹਨ। ਇਸ ਲਈ ਆਪ ਦੀਆਂ ਨਿਮਨਲਿਖਤ ਉਦਾਹਰਨਾਂ ਨੂੰ ਵੇਖਿਆ ਜਾ ਸਕਦਾ ਹੈ।

ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥

ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥ (526.)

ਆਪ ਅਨੁਸਾਰ ਭਰਮ ਵਿਚ ਫਿਰਨ ਨਾਲੋਂ ਸ੍ਰਿਸ਼ਟੀ ਦੇ ਪਰਮ-ਤੱਤ ਨੂੰ ਪਹਿਚਾਨਣਾ ਜ਼ਰੂਰੀ ਹੈ।

ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥

ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥ (526.)

ਇਕ ਇਹ ਦਿਸ਼ਾ ਵੀ ਹੈ ਕਿ ਅੰਤ ਸਮੇਂ ਜਿਸ ਪਾਸੇ ਧਿਆਨ ਹੋਵੇਗਾ ਉਸੇ ਜੂਨੀ ਵਿਚ ਦੋਬਾਰਾ ਜਨਮ ਹੋਣਾ ਤੈਅ ਹੈ। ਇਸ ਵਿਚ ਇਸ ਸਮੁੱਚੀ ਸ੍ਰਿਸ਼ਟੀ ਦੇ ਚੱਕਰ ਦਾ ਪ੍ਰਗਟਾਵਾ ਹੋਇਆ ਹੈ।

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

ਬੇਸਵਾ ਜੋਨਿ ਵਲਿ ਵਲਿ ਅਉਤਰੈ॥ (526.)

ਭਗਤ ਰਾਮਾਨੰਦ ਜੀ ਸਾਰੇ ਬੇਦ ਪੁਰਾਣਾ ਦੇ ਸਾਰ ਤੋਂ ਇਹ ਨਤੀਜਾ ਪੇਸ਼ ਕਰਦੇ ਹਨ ਕਿ ਪ੍ਰਮਾਤਮਾ ਆਪਣੀ ਸ੍ਰਿਸ਼ਟੀ ਵਿਚ ਵਿੱਦਮਾਨ ਹੈ। ਸੋ ਉਸ ਨੂੰ ਹੋਰ ਕਿਤਿਓਂ ਲੱਭਣ ਦੀ ਜ਼ਰੂਰਤ ਨਹੀਂ ਹੈ।

ਬੇਦ ਪੁਰਾਨ ਸਭ ਦੇਖੇ ਜੋਇ॥

ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥ (1195.)

ਬੇਣੀ ਜੀ ਆਪਣੇ ਇਸ ਸ਼ਬਦ ਵਿਚ ਵੇਰਵਿਆਂ ਨਾਲ ਇਹ ਸਥਾਪਨਾ ਕਰਦੇ ਹਨ ਕਿ ਮਨੁੱਖ ਆਪਣੇ ਅਗਿਆਨ ਕਾਰਨ ਇਸ ਸ੍ਰਿਸ਼ਟੀ ਵਿਚ ਆਪਣੇ ਆਪ ਦੇ ਹੰਕਾਰ ਵਿਚ ਮਸਤ ਹੋਇਆ ਫਿਰਦਾ ਹੈ। ਅਸਲ ਵਿਚ ਇਸ ਸ੍ਰਿਸ਼ਟੀ ਵਿਚਲਾ ਜਨਮ-ਮਰਨ ਦਾ ਵਰਤਾਰਾ ਸਦਾ ਹੀ ਕਾਰਜਸ਼ੀਲ ਹੈ।

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ॥

ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ॥ (93.)

ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ॥ (93.)

ਕਬੀਰ ਜੀ ਪਰਮਾਤਮਾ ਨੂੰ ਜਲ ਦੀ ਸੰਗਿਆ ਦਿੰਦੇ ਹਨ। ਇਸ ਤਰ੍ਹਾਂ ਸ੍ਰਿਸ਼ਟੀ ਦੀ ਹਰ ਵਸਤੂ ਭਗਤ ਬਾਣੀ ਵਿਚ ਪੇਸ਼ ਹੁੰਦੀ ਹੈ।

ਅਬ ਮੋਹਿ ਜਲਤ ਰਾਮ ਜਲੁ ਪਾਇਆ॥

ਰਾਮ ਉਦਕਿ ਤਨੁ ਜਲਤ ਬੁਝਾਇਆ॥(323.)

ਇਸ ਸ੍ਰਿਸ਼ਟੀ ਦੀ ਰਚਨਾ ਇਕ ਹੀ ਪ੍ਰਕਾਰ ਦੇ ਬ੍ਰਹਮ ਬਿੰਦ ਤੋਂ ਹੋਈ ਹੈ। ਇਸ ਲਈ ਸਭ ਸਮਾਨ ਹਨ। ਇਸ ਟੂਕ ਦੁਆਰਾ ਜਾਤੀ ਵਿਵਸਥਾ ਤੇ ਵੀ ਚੋਟ ਕੀਤੀ ਗਈ ਹੈ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥

ਬ੍ਰਹਮ ਬਿੰਦੁ ਤੇ ਸਭ ਉਤਪਾਤੀ॥

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥

ਬਾਮਨ ਕਹਿ ਕਹਿ ਜਨਮੁ ਮਤ ਖੋਏ॥ (324.)

ਭਗਤ ਕਬੀਰ ਜੀ ਦੀ ਰਚਨਾ ਵਿਚ ਸ੍ਰਿਸ਼ਟੀ ਵਿਚਲੇ ਸਾਰੇ ਹੀ ਜੀਵ ਇੱਕੋ ਨੂਰ ਤੋਂ ਬਣੇ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (1349.)

**ਰੱਬ** : ਰੱਬ ਦਾ ਸੰਕਲਪ ਭਾਰਤੀ ਪ੍ਰਸੰਗ ਵਿਚ ਦੇਵਤਿਆਂ ਦੇ ਸੰਕਲਪ ਤੋਂ ਬਾਅਦ ਆਉਂਦਾ ਹੈ। ਦੇਵਤੇ ਵੇਦਾਂ ਅੰਦਰ ਪ੍ਰਮੁੱਖ ਰੂਪ ਵਿਚ ਪੂਜੇ ਜਾਂਦੇ ਹਨ। ਉਪਨਿਸ਼ਦ ਕਾਲ ਵਿਚ ਇਹ ਦੇਵਤੇ ਬ੍ਰਹਮ ਦੇ ਅਧੀਨ ਆ ਜਾਂਦੇ ਹਨ। ਇਸ ਦਾ ਭਾਵ ਕਿ ਦੇਵਤੇ ਸਾਜਣ ਦੀ ਪ੍ਰਕਿਰਿਆ ਬ੍ਰਹਮ ਦੇ ਅਧੀਨ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਬ੍ਰਹਮ ਇਕ ਨਿਰਗੁਣ ਸੱਤਾ ਦੇ ਰੂਪ ਵਿਚ ਵਿਦਮਾਨ ਹੁੰਦਾ ਹੈ। ਬ੍ਰਹਮ ਗੀਤਾ ਵਿਚ ਆ ਕੇ ਦੋ ਸਰੂਪਾਂ ਨਿਰਗੁਣ ਅਤੇ ਸਰਗੁਣ ਵਿਚ

ਤਬਦੀਲ ਹੋ ਜਾਂਦਾ ਹੈ। ਇਸ ਸੰਕਲਪ ਨੂੰ ਸ਼ੰਕਰਾਚਾਰੀਆ ਨੇ ਹੋਰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਬ੍ਰਹਮ ਅਤੇ ਰੱਬ ਨੂੰ ਨਿਖੇੜ ਦਿੱਤਾ। ਉਸ ਨੇ ਰੱਬ ਨੂੰ ਬ੍ਰਹਮ ਅਤੇ ਸੰਸਾਰ ਵਿਚ ਇਕ ਕੜੀ ਦੇ ਰੂਪ ਵਿਚ ਕਲਪਿਆ ਹੈ। ਭਗਤ ਕਵੀਆਂ ਦੁਆਰਾ ਨਿਰਗੁਣ ਬ੍ਰਹਮ ਦੇ ਸਰੂਪ ਲਈ ਵਰਤੇ ਸ਼ਬਦ ਰਾਮ ਨੂੰ ਰਾਮਧਾਰੀ ਸਿੰਘ ਦਿਨਕਰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ :

> ਕਬੀਰ ਦੇ ਰਾਮ ਦਸ਼ਰਥ ਦੇ ਪੁੱਤਰ ਨਹੀਂ ਹਨ, ਨਾ ਹੀ ਉਹ ਚਤਰਭੁਜ ਵਿਸ਼ਨੂੰ ਦੇ ਅਵਤਾਰ ਹਨ, ਉਹ ਤਾਂ ਅਕਾਲ, ਅਜਨਮਾ, ਅਨਾਮ ਅਤੇ ਅਰੂਪ ਹਨ। ਜਿਨ੍ਹਾਂ ਨੂੰ ਰਾਮ ਆਸ੍ਰਿਤ ਵੈਸ਼ਨਵ 'ਰਾਮ' ਅਤੇ ਮੁਸਲਮਾਨ 'ਰਹੀਮ' ਕਹਿੰਦੇ ਹਨ ਅਤੇ ਜਿਨ੍ਹਾਂ ਨੂੰ ਕਬੀਰਦਾਸ ਨੇ ਆਪਣੇ ਵੱਲੋਂ ਇਕ ਬਹੁਤ ਪਿਆਰਾ ਨਾ 'ਸਾਹਿਬ' ਦਿੱਤਾ ਹੈ। (*ਸਭਿਆਚਾਰ ਕੇ ਚਾਰ ਅਧਿਆਇ* 437.)

ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਇਸ ਦੇ ਬਹੁਤ ਵੱਡੇ ਅਰਥ ਹਨ। ਇਸਲਾਮ ਵਿਚਲੇ ਸੰਕਲਪ ਰਹੀਮ ਤੋਂ ਸਾਹਿਬ ਦਾ ਸੰਕਲਪ ਅਰਥ ਪੱਧਰ ਤੇ ਵਿਆਪਕਤਾ ਅਖ਼ਤਿਆਰ ਕਰਦਾ ਹੈ ਕਿਉਂਕਿ ਇਸ ਦਾ ਦਾਇਰਾ ਵਿਸ਼ਾਲ ਹੈ।"ਪ੍ਰਭੂ ਬਾਰੇ ਹਰ ਇਲਹਾਮ ਆਪੋ ਆਪਣੇ ਦੇਸ਼ ਕਾਰਨ ਇੱਕੋ ਜਿੰਨਾ ਪ੍ਰਮਾਣਿਕ ਹੈ। ਇਸ ਲਈ ਧਾਰਮਿਕ ਤਾਨਾਸ਼ਾਹੀ ਲਈ ਗੁਰੂ ਸਾਹਿਬ ਵਿਚ ਕੋਈ ਥਾਂ ਨਹੀਂ, ਮੁਕਤੀ ਜਾਂ ਜਗਤ ਦੇ ਉਧਾਰ ਦੀ ਹਰ ਵਿਧੀ ਗੁਰਬਾਣੀ ਵਿਚ ਸਵੀਕ੍ਰਿਤ ਹੈ।"(ਧੀਰ. *ਨਾਨਕ ਪ੍ਰਕਾਸ਼ ਪੱਤ੍ਰਿਕਾ* : ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ 15.) ਰੱਬ ਦੇ ਸੰਕਲਪ ਨੂੰ ਰੂੜ੍ਹ ਅਰਥਾਂ ਵਿਚ ਬੰਨ੍ਹਣ ਦੀ ਥਾਂ ਇਸ ਦਾ ਸਰਵਪੱਖੀ ਗਿਆਨ ਸਰੂਪ ਭਗਤ ਬਾਣੀ ਦੀ ਮੂਲ ਚੂਲ ਹੈ। ਇਹ ਗਿਆਨ ਮਨੁੱਖ ਨੂੰ ਆਪਣੇ ਆਲ਼ੇ ਦੁਆਲੇ ਦੇ ਸਮੂਹ ਵਰਤਾਰਿਆਂ ਵਿਚ ਪਰਮ ਸ਼ਕਤੀ ਦੀ ਹੋਂਦ ਦਾ ਅਹਿਸਾਸ ਰੱਖਣ ਲਈ ਸਦਾ ਚੇਤੰਨ ਰੱਖਦਾ ਹੈ।"ਰੱਬੀ ਗਿਆਨ ਨਾ ਕੇਵਲ ਇਨਸਾਨੀ ਨਸਲਾਂ ਤੇ ਕੌਮਾਂ ਰਾਹੀਂ ਸਨੇ-ਸਨੇ ਤਰੱਕੀ ਕਰਦਾ ਹੈ, ਸਗੋਂ ਹਰ ਇਕ ਆਦਮੀ ਦੇ ਆਪਣੇ ਦਿਮਾਗ ਵਿਚ ਵੀ ਅਕਾਲ ਪੁਰਖ ਦਾ ਨਿਸ਼ਚਾ ਕਈਆਂ ਅਵਸਥਾਵਾਂ ਵਿਚੋਂ ਲੰਘਦਾ ਹੈ। ਇਸ ਨਿਸ਼ਚੇ ਉੱਤੇ ਮਨੁੱਖ ਦੇ ਚੁਗਿਰਦੇ ਦਾ ਭੀ ਬਹੁਤ ਅਸਰ ਹੈ। ਰਾਜਸੀ, ਸਮਾਜੀ ਤੇ ਮਾਫਿਕ ਹਾਲਾਤ ਬੜਾ ਪ੍ਰਭਾਵ ਰੱਖਦੇ ਹਨ। ਧਾਰਮਿਕ, ਸਦਾਚਾਰਕ ਤੇ ਵਿਗਿਆਨਕ ਦ੍ਰਿਸ਼ਟੀਕੋਣ ਵੀ ਇਸ

ਨਿਸ਼ਚੇ ਨੂੰ ਸੁਆਰਦੇ-ਵਿਗਾੜਦੇ ਹਨ। ਸਾਰੇ ਕਾਰਨਾਂ ਕਰਕੇ ਮਨੁੱਖ ਰੱਬ ਨੂੰ ਭਿੰਨ-ਭਿੰਨ ਹਾਲਾਤਾਂ ਵਿਚ ਅਤੇ ਭਿੰਨ-ਭਿੰਨ ਗੁਣਾ ਨਾਲ ਯਾਦ ਕਰਦਾ ਹੈ।" (ਪ੍ਰੋ. ਸ਼ੇਰ ਸਿੰਘ. *ਗੁਰਮਤਿ ਦਰਸ਼ਨ* 315-316.)ਭਗਤ ਕਵੀਆਂ ਨੇ ਰੱਬ ਬਾਰੇ ਹਿੰਦੂ-ਮੱਤ ਰੂਪੀ ਮਹਾਂਬਿਰਤਾਂਤ ਦੇ ਸਿਧਾਂਤ ਬਹੁਦੇਵਵਾਦ ਰੂਪੀ ਪ੍ਰਚੱਲਿਤ ਧਾਰਨਾ ਦੇ ਪ੍ਰਤੀਕੂਲ ਰੱਬ ਦਾ ਅੰਦਰੂਨੀ ਅਨੁਭਵ ਰੂਪੀ ਸੰਕਲਪ ਸਿਰਜਿਆ ਹੈ। ਇਸ ਲਈ ਕਬੀਰ ਜੀ ਆਪਣੀ ਬਾਣੀ ਅੰਦਰ ਰੱਬ ਦੀ ਪਹਿਚਾਣ ਕਰਨ ਲਈ ਅਨੁਭਵ ਦੀ ਪ੍ਰਧਾਨਤਾ ਸਵੀਕਾਰਦੇ ਹਨ। ਉੱਤਰ-ਆਧੁਨਿਕ ਪਰਿਪੇਖ ਤੋਂ ਇਹ ਮਹੱਤਵਪੂਰਨ ਵਿਚਾਰ ਮੰਨਿਆਂ ਜਾ ਸਕਦਾ ਹੈ।

ਚੀਨਤ ਚੀਤੁ ਨਿਰੰਜਨ ਲਾਇਆ॥

ਕਹੁ ਕਬੀਰ ਤੌ ਅਨਭਉ ਪਾਇਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 328.)

ਜਦੋਂ ਅਨੁਭਵ ਦੁਆਰਾ ਰੱਬ ਦੀ ਪਹਿਚਾਣ ਹੋ ਜਾਂਦੀ ਹੈ ਤਾਂ ਸਭ ਜਗ੍ਹਾ ਉੱਪਰ ਉਸੇ ਦੀ ਹੀ ਕਾਇਨਾਤ ਦਿਖਾਈ ਦਿੰਦੀ ਹੈ। ਇਸ ਇਕਾਰਥੀ ਰੱਬ ਰੂਪੀ ਸੰਕਲਪ ਨਾਲ ਉੱਤਰ-ਆਧੁਨਿਕ ਚਿੰਤਨ ਵਿਚਲੇ ਇਕਾਰਥੀ ਸੰਕਲਪਾਂ ਨੂੰ ਛੂਹਿਆ ਜਾ ਸਕਦਾ ਹੈ।

ਸੂਰਜ ਚੰਦੁ ਕਰਹਿ ਉਜੀਆਰਾ॥

ਸਭ ਮਹਿ ਪਸਰਿਆ ਬ੍ਰਹਮ ਪਸਾਰਾ॥ (329.)

ਰੱਬ ਸਦਾ ਹੀ ਤੱਤ ਰੂਪ ਵਿਚ ਆਦਮੀ ਦੇ ਸੰਗ ਹੈ। ਇਸ ਦਾ ਭਾਵ ਰੱਬ ਕਦੇ ਵੀ ਵੱਖ ਹਸਤੀ ਨਹੀਂ ਧਾਰਨ ਕਰਦਾ ਸੋ ਸਾਰੇ ਹੀ ਸੰਸਾਰ ਦੇ ਜੀਵ ਉਸੇ ਦਾ ਹੀ ਰੂਪ ਹਨ। ਇਸ ਦੁਆਰਾ ਕਬੀਰ ਜੀ ਇਸਲਾਮ ਰੂਪੀ ਮਹਾਂਬਿਰਤਾਂਤ ਵਿਚ ਦਿੱਤੀ ਰੱਬ ਦੇ ਸੰਕਲਪ ਨੂੰ ਨਵੇਂ ਰੂਪ ਵਿਚ ਪੇਸ਼ ਕਰਦੇ ਹਨ। ਇਸਲਾਮ ਵਿਚ ਰੱਬ ਆਪਣੇ ਸੰਦੇਸ਼ ਨੂੰ ਪੈਗ਼ੰਬਰ ਦੁਆਰਾ ਆਮ ਮਨੁੱਖ ਤੱਕ ਪਹੁੰਚਾਉਂਦਾ ਹੈ ਪਰ ਕਬੀਰ ਜੀ ਉਸ ਨੂੰ ਸਦਾ ਹੀ ਅੰਗਸੰਗ ਰਹਿਣ ਵਾਲਾ ਮੰਨ ਰਹੇ ਹਨ।

ਸੋ ਸਾਹਿਬੁ ਰਹਿਆ ਭਰਪੂਰਿ॥

ਸਦਾ ਸੰਗਿ ਨਾਹੀ ਹਰਿ ਦੂਰਿ॥(330)

ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ॥

ਜਤ ਪੇਖਉ ਤਤ ਅੰਤਰਜਾਮੀ॥ (331.)

ਭਗਤ ਕਬੀਰ ਜੀ ਓਅੰਕਾਰ ਦੁਆਰਾ ਰੱਬ ਦੀ ਏਕਤਾ ਨੂੰ ਸਥਾਪਿਤ ਕਰਦੇ ਹਨ। ਬੇਸ਼ੱਕ ਉਸ ਦੀ ਪ੍ਰਾਪਤੀ ਦੇ ਢੰਗ ਵੱਖਰੇ ਹੋ ਸਕਦੇ ਹਨ । ਰੱਬ ਦੇ ਸਰਵਵਿਆਪੀ ਦੁਆਰਾ ਭਗਤ ਬਾਣੀ ਉੱਤਰ-ਆਧੁਨਿਕਤਾ ਦੇ ਬਹੁਵਚਨੀ ਸੁਰ ਨੂੰ ਸਥਾਪਿਤ ਕਰਦੀ ਹੈ।

ਓਅੰਕਾਰ ਆਦਿ ਮੈ ਜਾਨਾ॥

ਲਿਖਿ ਅਰੁ ਮੇਟੈ ਤਾਹਿ ਨ ਮਾਨਾ॥

ਓਅੰਕਾਰ ਲਖੈ ਜਉ ਕੋਈ॥

ਸੋਈ ਲਖਿ ਮੇਟਣਾ ਨ ਹੋਈ॥ (340.)

**ਆਤਮਾ** : ਮਨੁੱਖ ਅੰਦਰ ਚੇਤਨਾ ਦੇ ਵਿਕਾਸ ਨਾਲ ਹੀ ਉਸਨੇ ਆਪਣੇ ਆਲ਼ੇ ਦੁਆਲੇ ਦੇ ਵਰਤਾਰਿਆਂ ਬਾਰੇ ਸੋਚਣਾ ਸ਼ੁਰੂ ਕੀਤਾ । ਮਨੁੱਖ ਨੇ ਜਨਮ ਅਤੇ ਮਰਨ ਦੀ ਪ੍ਰਕਿਰਿਆ ਨੂੰ ਸਮਝਣ ਦੇ ਯਤਨ ਆਰੰਭ ਕੀਤੇ ਤਾਂ ਅਨੁਭਵ ਕੀਤਾ ਕਿ ਜ਼ਿੰਦਾ ਅਤੇ ਮੁਰਦਾ ਜੀਵ ਵਿਚ ਮੂਲ ਫ਼ਰਕ ਕਿਸ ਗੱਲ  ਦਾ ਹੈ। ਇਸ ਗੱਲ ਨੂੰ ਘੋਖਣ ਦੇ ਨਤੀਜੇ ਵਜੋਂ ਆਤਮਾ ਦਾ ਸੰਕਲਪ ਸਾਹਮਣੇ ਆਇਆ। ਭਾਰਤੀ ਚਿੰਤਨ ਵਿਚ ਆਤਮਾ ਦਾ ਸੰਕਲਪ ਵੇਦਾਂ ਵਿਚ ਵੀ ਨਿਰੂਪਿਤ ਹੋਇਆ ਹੈ। ਰਿਗਵੇਦ ਅੰਦਰ ਆਤਮਾ ਅਤੇ ਪਰਮਾਤਮਾ ਨੂੰ ਪੰਛੀਆਂ ਦੇ ਰੂਪ ਵਿਚ ਚਿਤਵਿਆ ਹੋਇਆ ਹੈ। ਜੀਵ ਆਤਮਾ ਭੋਗਤਾ ਹੈ ਅਤੇ ਪਰਮਾਤਮਾ ਇਸ ਸ੍ਰਿਸ਼ਟੀ ਦੇ ਕਾਰਜ ਨੂੰ ਵੇਖਦਾ ਹੈ। ਉਪਨਿਸ਼ਦਾਂ ਵਿਚ ਬ੍ਰਹਮ ਅਤੇ ਆਤਮਾ ਨੂੰ ਇਕ ਕਿਹਾ ਗਿਆ ਹੈ। ਗੀਤਾ ਅਨੁਸਾਰ ਆਤਮਾ ਅਮਰ ਹੈ। ਨਿਆਇ ਅਤੇ ਵੈਸ਼ੇਸ਼ਿਕ ਦਰਸ਼ਨਾਂ ਵਿਚ ਆਤਮਾ ਨੂੰ ਸਰਵਵਿਆਪਕ ਮੰਨਿਆਂ ਗਿਆ ਹੈ। ਮੀਮਾਂਸਾ ਵਿਚ ਆਤਮਾ ਗਿਆਨ ਸ਼ਕਤੀ ਹੈ। ਜੈਨ ਮੱਤ ਵਿਚ ਇਸ ਨੂੰ ਅਵਸਥਾ ਮੰਨਿਆ ਗਿਆ ਹੈ। ਬੁੱਧ ਦਰਸ਼ਨ ਵਿਚ ਆਤਮਾ ਨਾਮ ਦੀ ਕੋਈ ਵਸਤੂ ਨਹੀਂ ਹੈ। ਯੋਗ ਦਰਸ਼ਨ ਮੁਤਾਬਿਕ ਆਤਮਾ ਸ਼ੁੱਧ ਮੁਕਤ ਤੱਤ

ਹੈ। ਅਦਵੈਤ ਵੇਦਾਂਤ ਅਨੁਸਾਰ ਆਤਮਾ ਸਭ ਜੀਵਾਂ ਅੰਦਰ ਹੈ। ਵਿਸ਼ਿਸ਼ਟ ਅਦਵੈਤ ਅਨੁਸਾਰ ਆਤਮਾ ਈਸ਼ਵਰ ਦਾ ਅੰਸ਼ ਹੈ। ਦਵੈਤਵਾਦ ਵਿਚ ਬ੍ਰਹਮ ਅਤੇ ਆਤਮਾ ਵੱਖ-ਵੱਖ ਹਨ। ਦਵੈਤਾਦਵੈਤ ਜੀਵ ਗਿਆਨ ਸਰੂਪ ਹੈ। ਸੂਫ਼ੀ ਪਰੰਪਰਾ ਅੰਦਰ ਨਫ਼ਸ ਅਤੇ ਰੂਹ, ਦੋ ਭੇਦ ਦੱਸੇ ਗਏ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਰਤੀ ਪਰੰਪਰਾਵਾਂ ਵਿਚ ਆਤਮਾ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਭਗਤ ਬਾਣੀ ਵਿਚ ਆਤਮਾ ਅਤੇ ਪਰਮਾਤਮਾ ਨੂੰ ਇਕ ਰੂਪ ਮੰਨਿਆਂ ਗਿਆ ਹੈ। ਇਸ ਨੂੰ ਜੋਤਿ ਦੀ ਸੰਗਿਆ ਦਿੱਤੀ ਗਈ ਹੈ। ਭਾਵੇਂ ਤੱਤ ਦੀ ਦ੍ਰਿਸ਼ਟੀ ਤੋਂ ਆਤਮਾ ਅਤੇ ਪ੍ਰਮਾਤਮਾ ਇਕ ਹਨ ਪਰ ਇਨ੍ਹਾਂ ਵਿਚਲਾ ਭੇਦ ਅਗਿਆਨਤਾ ਕਾਰਨ ਹੈ।"ਦੇਵਤੇ ਕੁਦਰਤੀ ਸ਼ਕਤੀ ਦਾ ਪ੍ਰਤੀਕ ਸਨ ਤਾਂ ਆਤਮਾ ਮਨੁੱਖੀ ਜੀਵਨ ਦਾ ਪ੍ਰਤੀਕ ਸੀ।". (ਰਾਜਿੰਦਰ ਪਾਲ ਸਿੰਘ. *ਭਾਰਤੀ ਦਰਸ਼ਨ ਵਿਗਿਆਨਕ ਅਧਿਐਨ* 38.) ਗੀਤਾ ਅੰਦਰ ਆਤਮਾ ਨੂੰ ਅਮਰ ਕਿਹਾ ਗਿਆ ਹੈ। ਇਸ ਸਰੀਰ ਨੂੰ ਕੱਪੜੇ ਦੀ ਸੰਗਿਆ ਦੇ ਕੇ ਬਦਲਣਯੋਗ ਬਣਾ ਦਿੱਤਾ ਗਿਆ ਹੈ।"ਇਸ ਪ੍ਰਕਾਰ ਭਾਰਤੀ ਦਰਸ਼ਨ ਵਿਚ ਪਹਿਲੀ ਵਾਰ ਸਿਧਾਂਤ ਅਤੇ ਵਿਵਹਾਰ ਦੋਹਾਂ ਪੱਧਰਾਂ ਤੇ ਸਰੀਰ ਅਤੇ ਆਤਮਾ ਨੂੰ ਨਿਖੇੜਿਆ ਗਿਆ।" (47.)ਭਗਤ ਬਾਣੀ ਵਿਚ ਆਤਮਾ ਨੂੰ ਤੱਤ ਰੂਪ ਵਿਚ ਸਮਝਣ ਦਾ ਸੰਦੇਸ਼ ਮਿਲਦਾ ਹੈ। ਇਸ ਨਾਲ ਸਮੂਹ ਮਾਨਵਤਾ ਦੇ ਬਹੁਲਤਾ ਵਾਲੇ ਰੂਪ ਨੂੰ ਤੱਤ ਰੂਪ ਵਿਚ ਇਕ ਸਮਝਣ ਦੀ ਰੁਚੀ ਸਾਹਮਣੇ ਆਉਂਦੀ ਹੈ। ਭਗਤ ਬੇਣੀ ਜੀ ਦਾ ਕਥਨ ਇਸ ਸੰਦਰਭ ਵਿਚ ਇਕ ਉੱਤਮ ਮਿਸਾਲ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਜਿਨਿ ਆਤਮ ਤਤੁ ਨ ਚੀਨ੍ਹਿਆ॥
ਸਭ ਫੋਕਟ ਧਰਮ ਅਬੀਨਿਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1351.)

ਆਤਮਾ ਨੂੰ ਤੱਤ ਰੂਪ ਵਿਚ ਪਰਿਭਾਸ਼ਿਤ ਕਰ ਕੇ ਭਗਤ ਬਾਣੀ ਵਿਚ ਇਸ ਨੂੰ ਸਮੁੱਚੀ ਬ੍ਰਹਿਮੰਡਕ ਰਚਨਾ ਨਾਲ ਜੋੜਿਆ ਗਿਆ ਹੈ। ਇਸ ਸੰਕਲਪ ਨੂੰ ਸਮਝ ਕੇ ਹੀ ਉੱਤਰ-ਆਧੁਨਿਕ ਪਰਿਪੇਖ ਵਿਚ ਇਕ ਸੰਤੁਲਿਤ ਵਿਚਾਰਧਾਰਾ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਵਰਤਮਾਨ ਪ੍ਰਸੰਗਾਂ ਵਿਚ ਕਰਮ ਨੂੰ ਵਿਗਿਆਨਕ ਢੰਗ ਨਾਲ ਸਮਝਿਆ ਜਾ ਸਕਦਾ ਹੈ। ਵਿਗਿਆਨ ਤਕਨਾਲੋਜੀ ਦੀ ਸਹੀ ਵਰਤੋਂ ਦੁਆਰਾ ਹੀ ਚੰਗੇ ਜਾਂ ਸ਼ੁੱਭ ਕਰਮਾਂ ਦੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਜਿਸ ਨਾਲ ਸਮੁੱਚੇ ਸੰਸਾਰ ਅੰਦਰ ਸ਼ਾਂਤੀ ਦਾ ਵਾਤਾਵਰਣ ਕਾਇਮ ਕੀਤਾ ਜਾ ਸਕਦਾ ਹੈ। ਭਗਤ ਬਾਣੀ ਵੀ ਦੂਸਰਿਆਂ ਪ੍ਰਤੀ ਖੁੱਲ੍ਹਾ ਨਜ਼ਰੀਆ ਰੱਖ ਕੇ ਚੰਗੇ ਕਰਮ ਕਰਨ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਸੰਸਾਰ ਨਿੱਤ ਬਦਲਣਸ਼ੀਲ ਹੋਣ ਕਾਰਨ ਤੇਜ਼ੀ ਨਾਲ ਪਰਿਵਰਤਿਤ ਹੋ ਰਿਹਾ ਹੈ। ਇਸ ਲਈ ਇਸ ਅਵਸਥਾ ਵਿਚ ਸੰਤੁਲਿਤ ਸੋਚ ਦਾ ਪੱਲਾ ਫੜ ਕੇ ਇਸ ਸੰਸਾਰ ਵਿਚ ਚੰਗੇ ਕਰਮਾਂ ਦੁਆਰਾ ਪ੍ਰੇਮ ਅਤੇ ਭਾਈਚਾਰਕ ਸਾਂਝ ਦੇ ਆਧਾਰ ਤੇ ਸ਼ਾਂਤਮਈ ਜੀਵਨ ਜਾਂਚ ਦਾ ਪ੍ਰਸਾਰ ਕੀਤਾ ਜਾ ਸਕਦਾ ਹੈ। ਰਹੱਸਵਾਦ ਦੇ ਸੰਕਲਪ ਨੂੰ ਭਗਤ ਬਾਣੀ ਵਿਚਲੇ ਕਵੀ ਆਪਣੇ ਅੰਦਰੂਨੀ ਖ਼ੁਸ਼ੀ ਦੇ ਅਨੁਭਵ ਦੁਆਰਾ ਪ੍ਰਗਟਾਉਂਦੇ ਹਨ। ਇਸ ਦੁਆਰਾ ਸੰਜਮ ਵਿਚ ਰਹਿ ਕੇ ਆਪਣੇ ਅਨੁਭਵਾਂ ਦਾ ਪ੍ਰਗਟਾਵਾ ਕਰਨ ਦੀ ਜਾਂਚ ਦਿਖਾਈ ਦਿੰਦੀ ਹੈ। ਅਜੋਕੇ ਸਮੇਂ ਕਥਿਤ ਰਹੱਸਵਾਦ ਦੇ ਨਾਮ ਹੇਠ ਠੱਗੀਆਂ ਦਾ ਵਣਜ ਚੱਲ ਰਿਹਾ ਹੈ ਅਤੇ ਜਨਤਾ ਨੂੰ ਇਸ ਦੀ ਆੜ ਵਿਚ ਮੂਰਖ ਬਣਾ ਕੇ ਖਿਲਵਾੜ ਕੀਤਾ ਜਾ ਰਿਹਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਸ ਤਰ੍ਹਾਂ ਦੇ ਪਰਪੰਚ ਸਾਹਮਣੇ ਆਉਣ ਨਾਲ ਸਮਾਜ ਵਿਚ ਅਧਿਆਤਮਕ ਸੰਸਾਰ ਪ੍ਰਤੀ ਨੀਰਸਤਾ ਪੈਦਾ ਹੋ ਚੁੱਕੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਘੋਰ ਯਥਾਰਥਵਾਦੀ ਧਾਰਨਾ ਦਾ ਵਿਕਾਸ ਇਸ ਦਾ ਸੂਚਕ ਹੈ। ਭਗਤ ਬਾਣੀ ਵਿਚੋਂ ਅਸੀਂ ਰਹੱਸਵਾਦ ਦੁਆਰਾ ਇਸ ਸਮੁੱਚੇ ਬ੍ਰਹਿਮੰਡਕ ਵਰਤਾਰਿਆਂ ਪ੍ਰਤੀ ਵਿਸਮਾਦਿਤ ਅਵਸਥਾ ਨੂੰ ਪਹੁੰਚ ਕੇ ਇਨ੍ਹਾਂ ਨੂੰ ਸਹੀ ਪ੍ਰਸੰਗਾਂ ਵਿਚ ਸਮਝਣ ਦਾ ਉਪਰਾਲਾ ਕਰ ਸਕਦੇ ਹਾਂ। ਸ੍ਰਿਸ਼ਟੀ ਬਾਰੇ ਉੱਤਰ-ਆਧੁਨਿਕ ਪਰਿਪੇਖ ਵਿਚ ਅਜੀਬ ਸਥਿਤੀ ਮਹਿਸੂਸ ਕੀਤੀ ਜਾਂਦੀ ਹੈ। ਮਨੁੱਖ ਨੇ ਅਖੌਤੀ ਤਰੱਕੀ ਦੇ ਨਾਮ ਤੇ ਸ੍ਰਿਸ਼ਟੀ ਨੂੰ ਹਰ ਢੰਗ ਨਾਲ ਨੁਕਸਾਨ ਪਹੁੰਚਾਇਆ ਹੈ ਜਿਸ ਦਾ ਖ਼ਮਿਆਜ਼ਾ ਉਸਨੂੰ ਅਤੇ ਆਉਣ ਵਾਲੀਆਂ ਨਸਲਾਂ ਨੂੰ ਭੁਗਤਣ ਲਈ ਤਿਆਰ ਰਹਿਣਾ ਪਵੇਗਾ। ਧਰਤੀ ਦੇ ਕੁਦਰਤੀ ਸਰੋਤ ਆਪਣੀ ਬੇਤਹਾਸ਼ਾ ਵਰਤੋਂ ਕਾਰਨ ਅੱਜ ਖ਼ਾਤਮੇ ਦੇ ਕੰਢੇ ਜਾ ਖੜ੍ਹੇ ਹੋਏ ਹਨ। ਭਗਤ ਬਾਣੀ ਦੀ ਸੋਚ ਇਸ ਵਰਤਾਰੇ ਪ੍ਰਤੀ ਵਿਲੱਖਣਤਾ ਨਾਲ ਸੰਦੇਸ਼ ਦਿੰਦੀ ਹੈ ਜਿਸ ਦੁਆਰਾ ਸ੍ਰਿਸ਼ਟੀ ਅਤੇ ਮਨੁੱਖ ਦੇ ਸਬੰਧਾਂ ਦਾ ਜ਼ਿਕਰ ਇੱਕੋ ਜਿਹੇ ਤੱਤਾਂ ਦੇ ਰੂਪ ਵਿਚ ਕੀਤਾ ਗਿਆ ਹੈ। ਇਸ ਸੰਕਲਪ

ਨੂੰ ਸਮਝ ਕੇ ਮਨੁੱਖ ਨੂੰ ਆਪਣੀ ਹੋਂਦ ਨੂੰ ਬਚਾਉਣ ਲਈ ਸ੍ਰਿਸ਼ਟੀ ਦੀ ਸੰਭਾਲ ਦਾ ਹੰਭਲਾ ਮਾਰਨ ਦੀ ਲੋੜ ਦਾ ਪਤਾ ਲੱਗਦਾ ਹੈ। ਰੱਬ ਦੇ ਸੰਕਲਪ ਨੂੰ ਅਜੋਕੇ ਯੁੱਗ ਵਿਚ ਏਕਤਾ ਦੀ ਥਾਂ ਵੱਖਰਤਾ ਨਾਲ ਸਮਝਿਆ ਜਾਂਦਾ ਹੈ। ਇਸ ਕਾਰਨ ਅੱਜ ਰੱਬ ਦੇ ਨਾਮ ਹੇਠ ਹੋਣ ਵਾਲਾ ਨਰਸੰਹਾਰ ਵਿਕਰਾਲ ਰੂਪ ਧਾਰਨ ਕਰ ਚੁੱਕਿਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਸ ਕਾਰਨ ਸਥਾਨਕਤਾਵਾਂ ਦੇ ਉਭਾਰ ਕਾਰਨ ਪਛਾਣ ਦਾ ਮਸਲਾ ਹੈ। ਭਗਤ ਬਾਣੀ ਵਿਚ ਇਸ ਨੂੰ 'ਰਹੀਮ' ਭਾਵ ਰਹਿਮ ਵਾਲਾ ਤੋਂ ਲੈ ਕੇ 'ਸਾਹਿਬ' ਭਾਵ ਸਭ ਦਾ ਮਾਲਿਕ ਤੱਕ ਦੇ ਦਾਇਰੇ ਵਿਚ ਸਮਝਿਆ ਗਿਆ ਹੈ। ਭਗਤ ਬਾਣੀ ਦੀ ਰੌਸ਼ਨੀ ਵਿਚ ਇਸ ਦੁਆਰਾ ਮਨੁੱਖੀ ਏਕਤਾ ਦਾ ਸੂਤਰ ਬੁਣਿਆਂ ਜਾ ਸਕਦਾ ਹੈ। ਜਿਸ ਨਾਲ ਇਸ ਸੰਸਾਰ ਦੇ ਵਾਸੀ ਸਹਿਹੋਂਦ ਦਾ ਸਿਧਾਂਤ ਅਪਣਾਉਂਦੇ ਹੋਏ ਸ਼ਾਂਤੀ ਦੇ ਮਾਰਗ ਦੇ ਪਾਂਧੀ ਬਣਨ ਵੱਲ ਵਧਣ ਦੇ ਸਮਰੱਥ ਹੋ ਜਾਣਗੇ। ਇਸੇ ਨਾਲ ਜੁੜਿਆ ਸੰਕਲਪ ਆਤਮਾ ਦਾ ਹੈ ਜਿਸ ਦੁਆਰਾ ਮਨੁੱਖੀ ਚੇਤਨਾ ਵਿਚਲੀ ਏਕਤਾ ਦੇ ਤੱਤ ਨੂੰ ਸਮਝਿਆ ਜਾ ਸਕਦਾ ਹੈ। ਇਸ ਲਈ ਅਧਿਆਤਮਿਕਤਾ ਦੇ ਸਰੋਕਾਰਾਂ ਨੂੰ ਭਗਤ ਬਾਣੀ ਦੀ ਰੌਸ਼ਨੀ ਵਿਚ ਸਮਝ ਕੇ ਉੱਤਰ-ਆਧੁਨਿਕ ਪਰਿਪੇਖ ਵਿਚ ਅਜਿਹੀ ਸਮਝ ਪੈਦਾ ਕਰਨ ਦਾ ਉਪਰਾਲਾ ਕਰਨ ਦੀ ਲੋੜ ਹੈ ਜਿਸ ਨਾਲ ਵਿਸ਼ਵ ਸ਼ਾਂਤੀ ਦੀ ਬਾਤ ਪਾਈ ਜਾ ਸਕੇ।

**4.4 ਕੁਦਰਤ (ਵਿਰਾਟਸ਼ੀਲਤਾ ਦਾ ਸੰਕਲਪ):** ਕੁਦਰਤ ਨੂੰ ਸਮਝਣ ਹਿਤ ਹਰ ਯੁੱਗ ਅੰਦਰ ਵਿਚਾਰਕਾਂ ਨੇ ਕੋਸ਼ਿਸ਼ਾਂ ਕੀਤੀਆਂ ਹਨ। ਮਨੁੱਖ ਜਦੋਂ ਸ਼ੁਰੂ ਵਿਚ ਕੁਦਰਤੀ ਵਰਤਾਰਿਆਂ ਨੂੰ ਵੇਖਦਾ ਸੀ ਤਾਂ ਉਸਦੀ ਮਾਨਸਿਕਤਾ ਇਨ੍ਹਾਂ ਪ੍ਰਤੀ ਡਰ ਨਾਲ ਗ੍ਰਸਿਤ ਸੀ। ਜਦੋਂ ਜੰਗਲਾਂ ਵਿਚੋਂ ਨਿਕਲ ਕੇ ਮਨੁੱਖ ਨੇ ਸਮੁਦਾਇਕ ਰੂਪ ਵਿਚ ਵਿਚਰਣ ਕਰਨਾ ਆਰੰਭ ਕੀਤਾ ਤਾਂ ਕੁਦਰਤ ਦੇ ਪ੍ਰਤੀ ਡਰ ਦਾ ਸਰੂਪ ਬਦਲਣ ਲੱਗ ਪਿਆ। ਉਸ ਡਰ ਦਾ ਪ੍ਰਗਟਾਵਾ ਉਸ ਦੁਆਰਾ ਵੱਖੋ-ਵੱਖਰੀਆਂ ਕੁਦਰਤੀ ਸ਼ਕਤੀਆਂ ਦੇ ਮਾਨਵੀਕਰਨ ਦੁਆਰਾ ਪ੍ਰਤੀਬਿੰਬਤ ਹੋਣ ਲੱਗਿਆ। ਕਬੀਲਾ ਯੁੱਗ ਤੋਂ ਬਾਅਦ ਇਸ ਮਾਨਸਿਕਤਾ ਵਿਚ ਲਗਾਤਾਰ ਪਰਿਵਰਤਨ ਵਾਪਰਦੇ ਰਹੇ ਹਨ। ਪਰ ਉਸ ਸਮੇਂ ਤੋਂ ਲੈ ਕੇ ਅਜੋਕੇ ਵਿਗਿਆਨ ਤਕਨਾਲੋਜੀ ਦੇ ਯੁੱਗ ਤੱਕ ਵੀ ਤਕਰੀਬਨ ਕੁਦਰਤ ਦੀ ਤਾਕਤ ਅੱਗੇ ਮਨੁੱਖ ਬੇਬਸ ਪ੍ਰਤੀਤ ਹੁੰਦਾ ਹੈ। ਜਿਉਂ-ਜਿਉਂ ਮਨੁੱਖ ਨਵੀਆਂ-ਨਵੀਆਂ ਵਿਗਿਆਨਕ ਖੋਜਾਂ ਦੁਆਰਾ ਕੁਦਰਤ ਦੀ ਵਿਰਾਟਸ਼ੀਲਤਾ ਪ੍ਰਤੀ ਆਪਣੀ ਜਿਗਿਆਸਾ ਸ਼ਾਂਤ

ਕਰਨ ਵੱਲ ਵਧ ਰਿਹਾ ਹੈ, ਤਿਉਂ-ਤਿਉਂ ਉਹ ਹੋਰ ਪ੍ਰਸ਼ਨਾਂ ਨਾਲ ਦੋ ਚਾਰ ਹੁੰਦਾ ਜਾਂਦਾ ਹੈ। ਕੁਦਰਤ ਦੀ ਵਿਰਾਟਸ਼ੀਲਤਾ ਦੇ ਇਸ ਵਰਤਾਰੇ ਪ੍ਰਤੀ ਮਨੁੱਖ ਦੀ ਪਹੁੰਚ ਸਦਾ ਬਦਲਣਸ਼ੀਲ ਰਹੀ ਹੈ। ਡਰ ਤੋਂ ਲੈ ਕੇ ਕੁਦਰਤ ਨਾਲ ਵਰ-ਮੇਚਣ ਤੱਕ ਇਨਸਾਨ ਪਹੁੰਚ ਚੁੱਕਾ ਹੈ। ਪਰੰਤੂ ਇਸ ਸਾਰੇ ਵਰਤਾਰੇ ਲਈ ਕੁਦਰਤੀ ਸਾਧਨਾ ਦੀ ਕੀਤੀ ਬਰਬਾਦੀ ਦੀ ਭਰਪਾਈ ਕਦੇ ਪੂਰੀ ਨਹੀਂ ਹੋ ਸਕਦੀ। ਮਨੁੱਖ ਲਈ ਵਿਗਿਆਨ ਇਕ ਸੌਖੀ ਜ਼ਿੰਦਗੀ ਲਈ ਰਸਤਾ ਖੋਜਣ ਵਿਚ ਸਹਾਈ ਹੋਈ ਹੈ। ਪਰ ਇਸ ਲਈ ਕੁਦਰਤੀ ਸਾਧਨਾ ਦੀ ਜਾਣੇ ਅਨਜਾਣੇ ਵਿਚ ਕੀਤੀ ਬਰਬਾਦੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਈ ਜਾ ਸਕਦੀ। ਭਗਤ ਤ੍ਰਿਲੋਚਨ ਜੀ ਉਸ ਪਰਮਾਤਮਾ ਨੂੰ ਹਰ ਥਾਂ ਕੁਦਰਤ ਵਿਚ ਵਿਆਪਤ ਵੇਖਦੇ ਹਨ।

ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ॥ (92.)

ਇਸ ਕੁਦਰਤੀ ਵਰਤਾਰੇ ਵਿਚ ਮਨੁੱਖ ਦੀ ਸ਼ਮੂਲੀਅਤ ਸਮੁੰਦਰ ਵਿਚ ਲਹਿਰ ਵਾਲੀ ਹੈ। ਉੱਤਰ-ਆਧੁਨਿਕਤਾ ਵਿਕੇਂਦਰਤਾ ਦੀ ਮੁੱਦਈ ਹੈ। ਭਗਤ ਬਾਣੀ ਵਿਚ ਸਮੁੰਦਰ ਦੇ ਚਿਹਨ ਦੁਆਰਾ ਪਰਮਾਤਮਾ ਨੂੰ ਕੇਂਦਰ ਵਿਚ ਰੱਖ ਕੇ ਆਪਣੇ ਆਪ ਨੂੰ ਲਹਿਰ ਦੇ ਰੂਪ ਵਿਚ ਵਿਕੇਂਦਰੀਕਰਨ ਵੱਲ ਲਿਜਾਇਆ ਗਿਆ ਹੈ। ਇਨ੍ਹਾਂ ਹੀ ਨਹੀਂ ਬਲਕਿ ਇਸ ਤੋਂ ਵੀ ਅੱਗੇ ਦਾ ਫ਼ਲਸਫ਼ੇ ਨੂੰ ਛੂਹਿਆ ਗਿਆ ਹੈ। ਇਸ ਤਰ੍ਹਾਂ ਸਮੁੰਦਰ ਦੀ ਲਹਿਰ ਦੀ ਉਦਾਹਰਨ ਦੁਆਰਾ ਰਵਿਦਾਸ ਜੀ ਕੁਦਰਤ ਦੇ ਤੱਤਾਂ ਦੀ ਵਿਰਾਟਸ਼ੀਲਤਾ ਦਾ ਜ਼ਿਕਰ ਕਰਦੇ ਹਨ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥

ਕਨਕ ਕਟਿਕ ਜਲ ਤਰੰਗ ਜੈਸਾ॥ (93.)

ਕੁਦਰਤ ਦੀ ਵਿਰਾਟਸ਼ੀਲਤਾ ਬਾਰੇ ਭਗਤ ਬਾਣੀ ਵਿਚਲੇ ਹਵਾਲੇ ਹਰ ਯੁੱਗ ਵਿਚ ਪ੍ਰਾਸੰਗਿਕ ਹਨ। ਅਜੋਕੇ ਸਮੇਂ ਵਿਚ ਜਿਸ ਪ੍ਰਕਾਰ ਮਨੁੱਖ ਕੁਦਰਤ ਨਾਲ ਛੇੜਛਾੜ ਕਰਨ ਲੱਗਾ ਹੋਇਆ ਹੈ ਉਸ ਦਾ ਖਮਿਆਜ਼ਾ ਆਉਣ ਵਾਲੀਆਂ ਨਸਲਾਂ ਨੂੰ ਭੁਗਤਣਾ ਪਵੇਗਾ। ਰੂਸੀ ਲੋਕਾਂ ਵੱਲੋਂ ਉਜ਼ਬੇਕਿਸਤਾਨ ਅਤੇ ਕਜ਼ਾਕਿਸਤਾਨ ਵਿਚ ਵਹਿੰਦੇ 'ਅਰਲ

ਸਾਗਰ' ਨਾਲ ਛੇੜਛਾੜ ਦੇ ਰੂਪ ਵਿਚ ਇਸ ਦਾ ਮਾਰੂਥਲ ਬਣ ਜਾਣ ਦੀ ਕਹਾਣੀ ਇਸ ਭਿਆਨਕਤਾ ਦਾ ਨਕਸ਼ਾ ਦਰਸਾਉਂਦੀ ਹੈ। ਪੰਜਾਬ ਦੇ ਪ੍ਰਸੰਗ ਵਿਚ ਇਹ ਉਦਾਹਰਨ ਇਕ ਚੇਤਾਵਨੀ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਇਸ ਤੇ ਵਿਚਾਰ ਕਰਨਾ ਸਮੇਂ ਦੀ ਜ਼ਰੂਰਤ ਹੈ, ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਵਿਚਲੀਆਂ ਸੇਧਾਂ ਇਸ ਲਈ ਇਕ ਸੂਝ ਮਾਡਲ ਪ੍ਰਦਾਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

### 4.5 ਨੈਤਿਕ ਵਿਧਾਨ

ਸ਼ਕਤੀ ਦੇ ਮੁੱਢਲੇ ਸਰੋਤਾਂ ਆਦਰਸ਼ ਅਤੇ ਪਦਾਰਥ ਤੋਂ ਹੀ ਕਿਸੇ ਸੱਭਿਅਤਾ ਦੀ ਮੂਲ ਪਛਾਣ ਦਾ ਜਾਇਜ਼ਾ ਲਿਆ ਜਾ ਸਕਦਾ ਹੈ। ਇਸ ਸੰਦਰਭ ਵਿਚ ਜਦੋਂ ਅਸੀਂ ਭਾਰਤੀ ਸੱਭਿਅਤਾ ਦੀ ਗੱਲ ਕਰਦੇ ਹਾਂ ਤਾਂ ਇਸ ਵਿਚ ਗਿਆਨ, ਕਰਮ ਅਤੇ ਭਗਤੀ ਦੇ ਮਿਸ਼ਰਣ ਨੂੰ ਆਦਰਸ਼ ਮੰਨਿਆਂ ਗਿਆ ਹੈ।"ਗਿਆਨ, ਕਰਮ ਅਤੇ ਭਗਤੀ ਜਾਂ ਪ੍ਰੇਮ ਦੇ ਮਾਰਗ ਮਨੁੱਖ ਦੇ ਬੌਧਿਕ, ਕ੍ਰਿਆਤਮਕ ਅਤੇ ਭਾਵੁਕ ਪੱਖਾਂ ਦੇ ਅਨੁਸਾਰੀ ਹਨ।"(ਵਜ਼ੀਰ ਸਿੰਘ. *ਨੈਤਿਕ ਨਿਯਮ* 121.) ਜੇਕਰ ਭਾਰਤੀ ਗਿਆਨ ਪਰੰਪਰਾ ਨੂੰ ਵਾਚੀਏ ਤਾਂ ਇਹ ਤਿੰਨੇ ਪੱਖ ਮਨੁੱਖੀ ਜੀਵਨ ਦੇ ਤਿੰਨ ਬਿੰਬ ਪ੍ਰਸਤੁਤ ਕਰਦੇ ਹਨ। ਇਨ੍ਹਾਂ ਦੀ ਸਾਂਝੀ ਟੇਕ ਨੈਤਿਕਤਾ ਉੱਪਰ ਨਿਰਭਰ ਹੈ। ਇਸ ਸਬੰਧੀ ਭਾਰਤੀ ਅਧਿਆਤਮਕ ਸਾਹਿਤ ਦੇ ਸੰਦਰਭ ਵਿਚ ਨੀਤੀ ਸ਼ਾਸਤਰ ਵਿਚਲਾ ਕਥਨ ਵਿਚਾਰਨਯੋਗ ਹੈ :-

> ਭਾਰਤੀ ਅਧਿਆਤਮਕ ਸਾਹਿਤ ਦਾ ਮੀਰੀ ਗੁਣ ਇਹ ਹੈ ਕਿ ਇਹ ਨੈਤਿਕਤਾ ਦੇ ਮਹੱਤਵ ਪੂਰਣ ਵਿਸ਼ੇ ਨੂੰ ਵਿਕੋਲਿਤਰੇ ਨੈਤਿਕ ਸੰਕਲਪਾਂ ਦਾ ਵਰਣਨ ਮਾਤਰ ਕਰਕੇ ਸੰਤੋਖ ਨਹੀਂ ਕਰਦਾ, ਸਗੋਂ ਸਮੂਹ ਨੈਤਿਕ ਵਿਚਾਰਾਂ, ਸੰਕਲਪਾਂ, ਆਦਰਸ਼ਾਂ ਆਦਿ ਨੂੰ ਇਕ ਕੇਂਦਰੀ ਕੀਮਤ ਪ੍ਰਬੰਧ ਦੇ ਅਧੀਨ ਇਕ ਸਜੀਵ ਇਕਾਈ ਵਿਚ ਸਮਝਣ ਦਾ ਉਪਰਾਲਾ ਕਰਦਾ ਹੈ। (ਸਿਨਹਾ. *ਨੀਤੀ ਸ਼ਾਸਤਰ* 6.)

ਭਾਰਤੀ ਅਧਿਆਤਮਕ ਸਾਹਿਤ ਵਿਚ ਭਗਤ ਬਾਣੀ ਵਿਲੱਖਣ ਸਥਾਨ ਦੀ ਧਾਰਨੀ ਹੈ। ਭਗਤ ਕਵੀਆਂ ਦਾ ਜੀਵਨ ਅਨੁਭਵ ਉਨ੍ਹਾਂ ਦੀ ਰਚਨਾ ਰਾਹੀਂ ਪ੍ਰਤੱਖ ਰੂਪ ਵਿਚ ਨੈਤਿਕ-ਸਾਰਥਿਕਤਾ ਨਾਲ ਓਤ-ਪੋਤ ਦਿਖਾਈ ਦਿੰਦਾ ਹੈ। ਇਸ ਦੀ ਪ੍ਰਸਤੁਤੀ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਸਮਕਾਲੀ ਸਮਾਜ ਦਾ ਬਹੁ-ਪਸਾਰੀ ਵਿਸ਼ਲੇਸ਼ਣ ਪੇਸ਼

ਕਰਕੇ ਉਸਦੇ ਨੈਤਿਕ ਪਤਨ ਦੀ ਆਲੋਚਨਾ ਵੀ ਪੇਸ਼ ਕੀਤੀ ਹੈ। ਇਸ ਦੀ ਆਲੋਚਨਾ ਤੱਕ ਹੀ ਆਪਣੇ ਆਪ ਨੂੰ ਸੀਮਿਤ ਨਹੀਂ ਰੱਖਿਆ ਬਲਕਿ ਉਸਦਾ ਹੱਲ ਵੀ ਪ੍ਰਸਤੁਤ ਕੀਤਾ ਹੈ।

ਨੈਤਿਕਤਾ ਦੇ ਸਮਾਜਿਕ, ਆਰਥਿਕ, ਰਾਜਨੀਤਕ, ਮਨੋਵਿਗਿਆਨਕ ਅਤੇ ਅਧਿਆਤਮਕ ਆਧਾਰ ਨਿਮਨਲਿਖਤ ਅਨੁਸਾਰ ਵੇਖੇ ਜਾ ਸਕਦੇ ਹਨ :

**ਸਮਾਜਿਕ ਆਧਾਰ**: ਜਦੋਂ ਅਸੀਂ ਭਗਤ ਬਾਣੀ ਅਨੁਸਾਰ ਸਮਾਜਿਕ ਤਾਣੇ-ਬਾਣੇ ਦੀ ਗੱਲ ਕਰਦੇ ਹਾਂ, ਤਾਂ ਸਮਾਜਿਕ ਆਧਾਰਾਂ ਉੱਤੇ ਆਧਾਰਿਤ ਪ੍ਰਵਚਨਾਂ ਦੇ ਵਿਸ਼ਲੇਸ਼ਣ ਦੀ ਕਸੌਟੀ ਦੇ ਪਰਖ ਕੇ ਨੈਤਿਕਤਾ ਪ੍ਰਤੀ ਪਹੁੰਚ ਨੂੰ ਅਗਰ ਭੂਮੀ ਵਿਚ ਲਿਆ ਸਕਦੇ ਹਾਂ। ਭਾਰਤੀ ਪ੍ਰਸੰਗ ਵਿਚ ਸਮਾਜ ਅਤੇ ਧਰਮ ਇੱਕੋ ਸਿੱਕੇ ਦੇ ਦੋ ਪਹਿਲੂਆਂ ਦੀ ਤਰ੍ਹਾਂ ਪੇਸ਼ ਹੁੰਦੇ ਹਨ। ਸਮਾਜ ਦਾ ਆਧਾਰ ਧਰਮ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇਸ ਦਾ ਕਾਰਨ ਇੱਥੇ ਪ੍ਰਚੱਲਿਤ ਬਹੁ ਧਰਮੀ ਵਿਵਸਥਾ ਦਾ ਹੋਣਾ ਹੈ। ਅਜੋਕੀ ਸਥਿਤੀ ਵਿਚ ਧਰਮ ਦੇ ਆਧਾਰ ਤੇ ਇਸ ਦੇਸ਼ ਵਿਚ ਬਹੁਤੀਆਂ ਸਮਾਜਿਕ ਸਮੱਸਿਆਵਾਂ ਧਾਰਮਿਕ ਤੰਗ ਨਜ਼ਰੀ ਦੀ ਦੇਣ ਹਨ। ਪਰੰਤੂ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਮਾਜ ਵਿਚ ਨੈਤਿਕਤਾ ਦੀ ਗੂੰਜ ਧਾਰਮਿਕ ਸੰਸਥਾਵਾਂ ਦੁਆਰਾ ਹੀ ਪੈਦਾ ਹੁੰਦੀ ਹੈ। ਇਸ ਸੰਕਲਪ ਨੂੰ ਵੇਖਣ ਲਈ ਅਸੀਂ ਕੁਝ ਕਸੌਟੀਆਂ ਦੁਆਰਾ ਇਸ ਧਾਰਨਾ ਦੀ ਪੁਸ਼ਟੀ ਕਰਨ ਦਾ ਯਤਨ ਕਰਾਂਗੇ ਜਿਨ੍ਹਾਂ ਦੁਆਰਾ ਸਮਾਜ ਵਿਚ ਨੈਤਿਕਤਾ ਦਾ ਸੰਚਾਰ ਹੁੰਦਾ ਹੈ।

**ਸੱਚ ਦੇ ਧਾਰਨੀ ਹੋਣਾ** : ਸੱਚ ਇਕ ਅਜਿਹਾ ਗੁਣ ਹੈ ਜਿਸ ਨੂੰ ਅਨੁਭਵ ਵਿਚ ਲਿਆਉਣ ਨਾਲ ਇਨਸਾਨ ਦੇ ਆਚਾਰ ਅਤੇ ਵਿਵਹਾਰ ਵਿਚ ਸਾਰਥਿਕ ਪਰਿਵਰਤਨ ਵਾਪਰਦਾ ਹੈ। ਇਸ ਨੂੰ ਧਾਰਨ ਕਰਨ ਨਾਲ ਬਾਹਰਲੇ ਕਰਮ-ਕਾਂਡ ਫੋਕਟ ਮਹਿਸੂਸ ਹੋਣ ਲਗਦੇ ਹਨ। ਉੱਤਰ-ਆਧੁਨਿਕਤਾ ਨਿੱਜੀ ਸੱਚ ਨੂੰ ਮੰਨ ਕੇ ਚਲਦੀ ਹੈ। ਹਰ ਇਕ ਮਨੁੱਖ ਦੀ ਆਪੋ ਆਪਣੀ ਬੁੱਧੀ ਅਨੁਸਾਰ ਸੱਚ ਦੀ ਆਪਣੀ ਪਰਿਭਾਸ਼ਾ ਹੋ ਸਕਦੀ ਹੈ। ਭਗਤ ਬਾਣੀ ਅਜਿਹੇ ਵਿਵਹਾਰਿਕ ਸੱਚ ਬਾਰੇ ਆਪਣਾ ਪੱਖ ਰੱਖਦੀ ਹੈ। ਸੱਚ ਬਾਰੇ ਭਗਤ ਕਬੀਰ ਜੀ ਆਪਣੀ ਧਾਰਨਾ ਪੇਸ਼ ਕਰਦੇ ਹਨ ਕਿ ਗਿਆਨਵਾਨ ਹੋਣ ਦਾ ਦਾਅਵਾ ਕਰਦੇ ਮਨੁੱਖ ਨੇ ਬੇਸ਼ੱਕ ਬਵੰਜਾ ਅੱਖਰਾਂ ਨੂੰ ਜੋੜਨ ਵਿਚ ਮੁਹਾਰਤ ਹਾਸਲ ਕਰ ਲਈ ਹੈ ਪਰ ਇਕ

ਅੱਖਰ ਜਿਸ ਅੰਦਰ ਸੱਚ ਭਾਵ ਪ੍ਰਮਾਤਮਾ ਹੈ ਉਸਨੂੰ ਪਹਿਚਾਣ ਨਹੀਂ ਸਕਿਆ। ਵਿਦਵਾਨ ਪੰਡਿਤ ਉਹੀ ਹੈ ਜੋ ਭੈ ਰਹਿਤ ਹੈ। ਨਿਰਭੈ ਜਾਂ ਭੈ ਰਹਿਤ ਉਹੀ ਹੋ ਸਕਦਾ ਹੈ ਜੋ ਸੱਚ ਦਾ ਧਾਰਨੀ ਹੋਵੇ। ਉੱਤਰ-ਆਧੁਨਿਕ ਪਰਿਪੇਖ ਵਿਚ ਸੱਚ ਦੀ ਵਿਆਖਿਆ ਮਨੁੱਖ ਦੀ ਆਪਣੀ ਸਮਝ ਤੇ ਆਧਾਰਿਤ ਮੰਨੀ ਜਾਂਦੀ ਹੈ। ਭਗਤ ਬਾਣੀ ਵੀ ਵਿਵੇਕ ਦੁਆਰਾ ਸੱਚ ਦੀ ਪਹਿਚਾਣ ਲਈ ਪ੍ਰੇਰਨਾ ਮਿਲਦੀ ਹੈ।

ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥

ਸਤ ਕਾ ਸਬਦੁ ਕਬੀਰਾ ਕਹੈ॥ ਪੰਡਿਤ ਹੋਇ ਸੁ ਅਨਭੈ ਰਹੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 343.)

ਫਰੀਦ ਜੀ ਵੀ ਗੁਰੂ ਦੁਆਰਾ ਦੱਸੀ ਵਾਟ ਤੇ ਚਲਦਿਆਂ ਧਰਮ ਭਾਵ ਸੱਚ ਦੇ ਰਸਤੇ ਤੇ ਚੱਲਣਾ ਚਾਹੀਦਾ ਹੈ। ਫਰੀਦ ਜੀ ਧਰਮ ਨੂੰ ਸੱਚ ਵਿਚ ਨਿਹਿਤ ਕਰਦੇ ਹਨ। ਮਨੁੱਖੀ ਵਿਵੇਕ ਦੁਆਰਾ ਸਥਾਪਿਤ ਸੱਚ ਹੀ ਧਰਮ ਦਾ ਵਾਹਕ ਹੈ। ਇਸ ਵਿਵੇਕ ਦੀ ਪ੍ਰਾਪਤੀ ਲਈ ਮਨੁੱਖ ਨੂੰ ਗੁਰੂ ਰੂਪੀ ਰਹਿਬਰ ਦੀ ਜ਼ਰੂਰਤ ਹੈ ਜਿਸ ਦੁਆਰਾ ਦਰਸਾਏ ਮਾਰਗ ਤੇ ਚੱਲ ਕੇ ਉਹ ਸੱਚ ਦਾ ਧਾਰਨੀ ਹੋ ਸਕੇ।

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥ (488.)

ਸੱਚ ਵਿਵਹਾਰ ਵਿਚ ਝਲਕਣਾ ਚਾਹੀਦਾ ਹੈ ਤਾਂ ਉਹ ਅਮਲੀ ਜੀਵਨ ਅੰਦਰ ਪ੍ਰਗਟ ਹੋ ਕੇ ਸਮਾਜ ਲਈ ਵਰਦਾਨ ਬਣ ਜਾਂਦਾ ਹੈ।

ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ॥

ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ॥ (1123.)

ਪਰਮਾਤਮਾ ਦੀ ਕਸੌਟੀ ਤੇ ਝੂਠਾ ਨਹੀਂ ਟਿਕ ਸਕਦਾ ਜੋ ਮਨੁੱਖ ਇਸ ਕਸੌਟੀ ਤੇ ਪੂਰਾ ਉੱਤਰਨ ਲਈ ਮਰਜੀਵੜਾ ਬਣਨਾ ਪੈਂਦਾ ਹੈ।

ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥

ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥ (1366.)

ਕਬੀਰ ਜੀ ਸੱਚ ਨੂੰ ਗਿਆਨ ਦੀ ਸੰਗਿਆ ਦਿੰਦੇ ਹਨ। ਇਸ ਸ਼ਬਦ ਵਿਚ ਗਿਆਨ/ਝੂਠ, ਲੋਭ/ਕਾਲ ਦੇ ਜੁੱਟਾਂ ਦੁਆਰਾ ਸੱਚ ਨੂੰ ਗਿਆਨ ਦੇ ਰੂਪ ਵਿਚ ਸਥਾਪਿਤ ਕਰਦਾ ਹੈ।

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥

ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (1372.)

**ਨੇਕੀ ਅਤੇ ਪਰਉਪਕਾਰ** : ਨੇਕੀ ਅਤੇ ਪਰਉਪਕਾਰ ਅਜਿਹਾ ਗੁਣ ਹੈ ਜਿਸ ਨਾਲ ਮਨੁੱਖੀ ਹੋਂਦ ਜੁੜੀ ਹੋਈ ਹੈ। ਜੇਕਰ ਮਨੁੱਖੀ ਸੱਭਿਅਤਾ ਅੱਜ ਦੇ ਪਰਮਾਣੂ ਯੁੱਗ ਵਿਚ ਜ਼ਿੰਦਾ ਹੈ ਤਾਂ ਉਸ ਪਿੱਛੇ ਨੇਕੀ ਅਤੇ ਪਰਉਪਕਾਰ ਦੀ ਭਾਵਨਾ ਦਾ ਹੱਥ ਹੈ। ਭਗਤ ਬਾਣੀ ਵਿਚ ਸਦਾ ਹੀ ਭਲਾ ਕਰਨ ਦੀ ਗੱਲ ਨੂੰ ਪ੍ਰਚਾਰਿਆ ਗਿਆ ਹੈ। ਸਭ ਤੋਂ ਕਮਾਲ ਦੀ ਗੱਲ ਤਾਂ ਇਹ ਹੈ ਕਿ ਬੁਰੇ ਦਾ ਭਲਾ ਕਰਨ ਦੀ ਰੁਚੀ ਦਾ ਪ੍ਰਗਟਾਵਾ ਭਗਤ ਬਾਣੀ ਅੰਦਰ ਮਿਲਦਾ ਹੈ। ਇਸ ਨਾਲ ਗੁੱਸੇ ਦੀ ਭਾਵਨਾ ਖ਼ਤਮ ਹੋ ਕੇ ਮਨੁੱਖ ਨੇਕੀ ਦੇ ਰਸਤੇ ਦਾ ਪਾਂਧੀ ਬਣਦਾ ਹੈ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ (1381.)

ਫਰੀਦ ਜੀ ਆਪਣੀ ਰਚਨਾ ਵਿਚ ਸਦਾ ਭਲਾਈ ਕਰਨ ਵਲ ਪ੍ਰੇਰਨਾ ਦਿੰਦੇ ਹਨ। ਮਨੁੱਖ ਨੂੰ ਸਦਾ ਚੰਗੇ ਕਰਮ ਕਰਨ ਦੀ ਤਾਕੀਦ ਕੀਤੀ ਹੈ। ਇਸ ਕੰਮ ਲਈ ਉਸਨੂੰ ਰੋਜ਼ ਆਪਣੇ ਆਪ ਵੱਲ ਵੇਖਣਾ ਪਵੇਗਾ ਕਿਉਂਕਿ ਦੂਸਰਿਆਂ ਨੂੰ ਬੁਰਾ ਕਹਿਣਾ ਬਹੁਤ ਆਸਾਨ ਹੈ ਪਰ ਮਨੁੱਖ ਨੂੰ ਆਪਣੇ ਔਗੁਣਾਂ ਦੀ ਸਮੀਖਿਆ ਵੀ ਕਰਦੇ ਰਹਿਣਾ ਚਾਹੀਦਾ ਹੈ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥ (1378.)

**ਨਿਮਰਤਾ** : ਭਗਤ ਬਾਣੀ ਵਿਚ ਨਿਮਰਤਾ ਦੁਆਰਾ ਸਮਾਜ ਵਿਚ ਵਿਚਰਨ ਦਾ ਸੰਕਲਪ ਪੇਸ਼ ਹੁੰਦਾ ਹੈ। ਨਿਮਰਤਾ ਅਜਿਹਾ ਗੁਣ ਹੈ ਜਿਸ ਦੁਆਰਾ ਸਾਰੀ ਸ੍ਰਿਸ਼ਟੀ ਨਾਲ ਮਨੁੱਖੀ ਸਬੰਧ ਸਥਾਪਿਤ ਹੁੰਦਾ ਹੈ। ਨਿਮਰ ਵਿਅਕਤੀ ਆਪਣੇ ਇਸ ਗੁਣ ਦੁਆਰਾ ਆਪਣੇ ਕੱਟੜ ਵਿਰੋਧੀ ਨੂੰ ਵੀ ਆਪਣਾ ਬਣਾ ਸਕਦਾ ਹੈ। ਭਗਤ ਬਾਣੀ ਅੰਦਰ ਮਨੁੱਖ ਨੂੰ ਘਾਹ ਦੀ ਤਰ੍ਹਾਂ ਬਣਨ ਦੀ ਸੇਧ ਦਿੱਤੀ ਗਈ ਹੈ। ਜਿਸ ਤਰ੍ਹਾਂ ਘਾਹ ਆਪਣੀ ਲਚਕਦਾਰ ਪ੍ਰਵਿਰਤੀ ਕਾਰਨ ਹਮੇਸ਼ਾ ਝੱਖੜ ਤੂਫਾਨਾ ਤੋਂ ਸੁਰੱਖਿਅਤ ਰਹਿੰਦਾ ਹੈ ਇਸੇ ਤਰ੍ਹਾਂ ਮਨੁੱਖ ਵੀ ਸਮਾਜ ਅੰਦਰ ਆਪਣੀ ਨਿਮਰ ਪ੍ਰਵਿਰਤੀ ਨਾਲ ਆਪਣੀ ਅਤੇ ਸਮਾਜ ਦੀ ਸੁਰੱਖਿਆ ਕਰ ਸਕਦਾ ਹੈ। ਕਬੀਰ ਜੀ ਮਨੁੱਖ ਨੂੰ ਨਿਮਰ ਵਤੀਰਾ ਧਾਰਨ ਕਰਨ ਲਈ ਕਹਿੰਦੇ ਹਨ।

ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ॥
ਕਹੈ ਕਬੀਰ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ॥ (1253.)

ਜੋ ਮਨੁੱਖ ਸਭ ਨੂੰ ਚੰਗਾ ਸਮਝਦਾ ਹੈ, ਆਪਣੇ ਆਪ ਨੂੰ ਸਭ ਤੋਂ ਬੁਰਾ ਕਹਿੰਦਾ ਹੈ ਉਸ ਅੰਦਰ ਨਿਮਰਤਾ ਦਾ ਭਾਵ ਪ੍ਰਬਲ ਹੋ ਜਾਂਦਾ ਹੈ। ਕਬੀਰ ਜੀ ਅਨੁਸਾਰ ਉਹ ਮਨੁੱਖ ਹੀ ਸਭ ਦਾ ਮਿੱਤਰ ਹੈ।

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥ (1364.)

ਰੋੜੇ ਦੀ ਤਰ੍ਹਾਂ ਸਖ਼ਤ ਰਵੱਈਆ ਧਾਰਨ ਕਰਨ ਨਾਲ ਮਨੁੱਖ ਸਭ ਨੂੰ ਦੁੱਖ ਪਹੁੰਚਾਉਂਦਾ ਹੈ। ਕਿਉਂਕਿ ਰੋੜਾ ਪੈਦਲ ਯਾਤਰੀਆਂ ਦੇ ਪੈਰਾਂ ਵਿਚ ਚੁੱਭਣ ਕਾਰਨ ਉਨ੍ਹਾਂ ਨੂੰ ਦੁੱਖ ਪਹੁੰਚਾਉਣ ਦਾ ਕਾਰਨ ਬਣਦਾ ਹੈ। ਸੋ ਮਨੁੱਖ ਨੂੰ ਨਰਮ ਮਿੱਟੀ ਦੀ ਤਰ੍ਹਾਂ ਬਣਨਾ ਚਾਹੀਦਾ ਹੈ, ਭਾਵ ਨਿਮਰ ਹੋਣਾ ਚਾਹੀਦਾ ਹੈ।

ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥
ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥(1372.)

ਫਰੀਦ ਜੀ ਮਨੁੱਖ ਨੂੰ ਪਹੇ ਦੀ ਦੱਭ ਦੀ ਤਰ੍ਹਾਂ ਨਿਮਰ ਬਣ ਜਾ ਜਿਸ ਦੇ ਬੂਟਿਆਂ ਨੂੰ ਲੋਕ ਤੋੜ ਵੀ ਦਿੰਦੇ ਹਨ ਅਤੇ ਲਤਾੜ ਵੀ ਦਿੰਦੇ ਹਨ। ਅਜਿਹਾ ਸੁਭਾਅ ਧਾਰਨ ਕਰਨ ਨਾਲ ਮਨੁੱਖ ਉਸ ਪਰਮਾਤਮਾ ਦੇ ਦਰ ਤੇ ਪ੍ਰਵਾਨ ਹੋਣ ਦੇ ਕਾਬਿਲ ਬਣ ਜਾਂਦਾ ਹੈ।

ਫਰੀਦਾ ਥੀਉ ਪਵਾਹੀ ਦਭੁ॥

ਜੇ ਸਾਂਈ ਲੋੜਹਿ ਸਭੁ॥

ਇਕੁ ਛਿਜਹਿ ਬਿਆ ਲਤਾੜੀਅਹਿ॥

ਤਾਂ ਸਾਈ ਦੈ ਦਰਿ ਵਾੜੀਅਹਿ॥ (1378.)

ਫਰੀਦ ਜੀ ਨਿਮਰਤਾ ਦੀ ਨਵੀਂ ਵਿਆਖਿਆ ਪੇਸ਼ ਕਰਦੇ ਹਨ। ਜੇਕਰ ਕੋਈ ਤੁਹਾਡੇ ਮੁੱਕੀਆਂ ਮਾਰਦਾ ਹੈ ਤਾਂ ਤੁਹਾਨੂੰ ਉਸ ਦੇ ਜੁਆਬ ਵਿਚ ਮੁੱਕੀਆਂ ਮਾਰਨ ਦੀ ਥਾਂ ਉਸਦੇ ਪੈਰ ਚੁੰਮਣੇ ਚਾਹੀਦੇ ਹਨ ਭਾਵ ਉਸ ਨਾਲ ਨਿਮਰਤਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਹ ਨਿਮਰਤਾ ਦਾ ਸਿਖਰ ਹੈ। ਭਾਰਤੀ ਪ੍ਰਸੰਗ ਵਿਚ ਮਹਾਤਮਾ ਗਾਂਧੀ ਇਸ ਥਿਊਰੀ ਨੂੰ ਆਧਾਰ ਬਣਾ ਕੇ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਲਈ ਨਿਮਰਤਾ ਨੂੰ ਹਥਿਆਰ ਬਣਾਉਂਦਾ ਹੈ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ॥

ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ॥ (1378.)

**ਸਹਿਨਸ਼ੀਲਤਾ ਅਤੇ ਸਬਰ-ਸੰਤੋਖ** : ਅਜੋਕੇ ਦੌਰ ਵਿਚ ਮਨੁੱਖ ਅੰਦਰ ਸਹਿਨ ਸ਼ਕਤੀ ਦੀ ਘਾਟ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ। ਪੈਸਾ ਕਮਾਉਣ ਅਤੇ ਅੱਗੇ ਵਧਣ ਦੀ ਅੰਨ੍ਹੀ ਦੌੜ ਵਿਚ ਮਨੁੱਖ ਦਾ ਸਬਰ ਸੰਤੋਖ ਖ਼ਤਮ ਹੋ ਰਿਹਾ ਹੈ। ਇਸ ਸਭ ਦੀ ਪ੍ਰਾਪਤੀ ਲਈ ਮਨੁੱਖ ਕਿਸੇ ਵੀ ਤਰ੍ਹਾਂ ਦੇ ਹੱਥਕੰਡੇ ਅਪਣਾ ਰਿਹਾ ਹੈ। ਇਸ ਨਾਲ ਸਮਾਜ ਅੰਦਰ ਘੁੱਟਣ ਦਾ ਮਾਹੌਲ ਪੈਦਾ ਹੋ ਰਿਹਾ ਹੈ। ਇਸ ਸਭ ਕਾਰਨ ਸ਼ਾਇਦ ਮਨੁੱਖ ਅੰਦਰੂਨੀ ਤੌਰ ਤੇ ਸੰਤਾਪ ਹੰਢਾ ਰਿਹਾ ਹੈ। ਭਗਤ ਬਾਣੀ ਵਿਚ ਇਸ ਗੁਣ ਦੁਆਰਾ ਮਾਨਸਿਕ ਸੰਤੁਸ਼ਟੀ ਦਾ ਮਾਰਗ ਦਿਖਾਇਆ ਗਿਆ ਹੈ।

ਸਬਰ ਸੰਤੋਖ ਦੇ ਗੁਣਾ ਨਾਲ ਪਰਮਾਤਮਾ ਵੱਸ ਵਿਚ ਆ ਜਾਂਦਾ ਹੈ। ਫਰੀਦ ਜੀ ਇਨ੍ਹਾਂ ਗੁਣਾ ਦੁਆਰਾ ਸਬਰ ਸੰਤੋਖ ਅਤੇ ਸਹਿਨਸ਼ੀਲਤਾ ਦਾ ਹੀ ਪਾਠ ਪੜ੍ਹਾ ਰਹੇ ਹਨ।

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (1384.)

ਕਬੀਰ ਜੀ ਚੌਦਾਂ ਲੋਕਾਂ ਵਿਚ ਰੋਮ-ਰੋਮ ਵਿਚ ਵਸਣ ਵਾਲੇ ਪਰਮਾਤਮਾ ਦਾ ਜ਼ਿਕਰ ਕਰਦੇ ਹੋਏ ਉਸ ਦੀ ਪ੍ਰਾਪਤੀ ਬ੍ਰਹਮ ਗਿਆਨ ਰੂਪੀ ਵਿਚਾਰਾਂ ਦੁਆਰਾ ਕਰਨ ਲਈ ਕਹਿੰਦੇ ਹਨ। ਪਰ ਇਸ ਲਈ ਸੰਤੋਖ ਨੂੰ ਧਾਰਨ ਕਰਨਾ ਪਵੇਗਾ।

ਚਉਦਸਿ ਚਉਦਹ ਲੋਕ ਮਝਾਰਿ॥

ਰੋਮ ਰੋਮ ਮਹਿ ਬਸਹਿ ਮੁਰਾਰਿ॥

ਸਤ ਸੰਤੋਖ ਕਾ ਧਰਹੁ ਧਿਆਨ॥

ਕਥਨੀ ਕਥੀਐ ਬ੍ਰਹਮ ਗਿਆਨ॥ (344.)

ਮਨ ਨੂੰ ਰਾਜੇ ਦੀ ਸੰਗਿਆ ਦੇ ਕੇ ਸਤ ਸੰਤੋਖ ਦੇ ਹਥਿਆਰਾਂ ਦੁਆਰਾ ਲੜ ਕੇ ਉਸ ਦੇ ਕਿਲੇ ਦੇ ਦਰਵਾਜ਼ੇ ਤੋੜ ਕੇ ਮਨ ਨੂੰ ਪਕੜਨ ਦੀ ਉਦਾਹਰਨ ਪੇਸ਼ ਕੀਤੀ ਗਈ ਹੈ। ਇਸ ਨਾਲ ਸਤ ਅਤੇ ਸੰਤੋਖ ਹਥਿਆਰ ਦੇ ਰੂਪ ਵਿਚ ਪੇਸ਼ ਕੀਤੇ ਹਨ।

ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥ (1161.)

ਫਰੀਦ ਜੀ ਸਬਰ ਸੰਤੋਖ ਭਰੀ ਜ਼ਿੰਦਗੀ ਜੀਣ ਦਾ ਹੋਕਾ ਦਿੰਦੇ ਹਨ। ਇਸ ਨਾਲ ਹਦਾਇਤ ਵੀ ਹੈ ਕਿ ਦੂਸਰੇ ਨੂੰ ਤਰੱਕੀ ਕਰਦਿਆਂ ਦੇਖ ਕੇ ਨਹੀਂ ਝੁਰਨਾ ਚਾਹੀਦਾ। ਇਸ ਦੁਆਰਾ ਜਿੱਥੇ ਸਮਾਜਿਕ ਤੌਰ ਤੇ ਦੂਈ ਦਵੈਤ ਦੀ ਭਾਵਨਾ ਤਿਆਗਣ ਦੀ ਗੱਲ ਹੈ ਉੱਥੇ ਹੀ ਸਬਰ ਸੰਤੋਖ ਭਰਿਆ ਜੀਵਨ ਜੀਣ ਵੱਲ ਵੀ ਇਸ਼ਾਰਾ ਹੈ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥

ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ॥ (1379.)

ਸਬਰ ਸੰਤੋਖ ਤੋਂ ਰਹਿਤ ਮਨੁੱਖ ਦੀ ਜਿੰਦਗੀ ਤੇ ਤਨਜ਼ ਕੀਤਾ ਹੈ। ਫਰੀਦ ਜੀ ਕਹਿੰਦੇ ਹਨ ਕਿ ਮੈ ਉਨ੍ਹਾਂ ਪੰਛੀਆਂ ਦੇ ਬਲਿਹਾਰ ਜਾਂਦਾ ਹਾਂ, ਜੋ ਜੰਗਲ ਵਿਚ ਰਹਿੰਦੇ ਹਨ, ਕੰਕਰ ਚੁਗਦੇ ਹਨ ਅਤੇ ਜ਼ਮੀਨ ਤੇ ਰਹਿੰਦੇ ਹਨ। ਇਸ ਤਰ੍ਹਾਂ ਦਾ ਜੀਵਨ ਜਿਉਂਦੇ ਹੋਏ ਵੀ ਪਰਮਾਤਮਾ ਨੂੰ ਸਦਾ ਯਾਦ ਰੱਖਦੇ ਹਨ। ਇਨ੍ਹਾਂ ਪੰਛੀਆਂ ਦੇ ਸਬਰ ਦੁਆਰਾ ਫਰੀਦ ਜੀ ਮਨੁੱਖ ਲਈ ਵੀ ਸਬਰ ਸੰਤੋਖ ਦਾ ਰਸਤਾ ਸੁਝਾਉਂਦੇ ਹਨ।

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥

ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ (1383.)

ਉੱਤਰ-ਆਧੁਨਿਕਤਾ ਵਿਚ ਦੂਜੇ ਦੀ ਹੋਂਦ ਨੂੰ ਸਵੀਕਾਰਤਾ ਦਿੱਤੀ ਜਾਂਦੀ ਹੈ। ਜੋ ਕੁਝ ਮਨੁੱਖ ਦੇ ਪਾਸ ਹੈ ਉਸੇ ਵਿਚ ਹੀ ਖ਼ੁਸ਼ ਰਹਿਣਾ ਚਾਹੀਦਾ ਹੈ। ਪਰਾਇਆ ਧਨ, ਤਨ ਅਤੇ ਪਰਾਈ ਨਿੰਦਾ ਸਿਰਫ਼ ਇਸੇ ਕਰਕੇ ਕਰਨੀ ਕਿ ਦੂਸਰੇ ਵਿਅਕਤੀ ਕੋਲ ਇਹ ਕਿਉਂ ਹੈ, ਇਹ ਉਚਿੱਤ ਨਹੀਂ ਹੈ। ਫਰੀਦ ਜੀ ਅਨੁਸਾਰ ਇਸ ਤੋਂ ਕੁਝ ਵੀ ਹਾਸਲ ਨਹੀਂ ਹੁੰਦਾ ਕਿਉਂਕਿ ਇਹ ਕਦੇ ਨਾ ਮੁੱਕਣ ਵਾਲੀ ਚਰਚਾ ਹੈ। ਇਸ ਲਈ ਜੋ ਆਪਣੇ ਕੋਲ ਹੈ ਉਸੇ ਵਿਚ ਸਬਰ ਸੰਤੋਖ ਕਰਨਾ ਚਾਹੀਦਾ ਹੈ।

ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ॥

ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ॥ (971.)

ਭਗਤ ਨਾਮਦੇਵ ਜੀ ਅਨੁਸਾਰ ਪਰਾਏ ਧਨ ਅਤੇ ਪਰਾਈ ਇਸਤ੍ਰੀ ਤੇ ਨਜ਼ਰ ਰੱਖਣ ਵਾਲੇ ਨੂੰ ਪਰਮਾਤਮਾ ਦੀ ਕਿਰਪਾ ਨਹੀਂ ਪ੍ਰਾਪਤ ਹੋ ਸਕਦੀ। ਇਸ ਲਈ ਆਪਣੇ ਕੋਲ ਜੋ ਕੁਝ ਹੈ ਉਸੇ ਵਿਚ ਖ਼ੁਸ਼ ਰਹਿਣਾ ਚਾਹੀਦਾ ਹੈ।

ਪਰ ਧਨ ਪਰ ਦਾਰਾ ਪਰਹਰੀ॥

ਤਾ ਕੈ ਨਿਕਟਿ ਬਸੈ ਨਰਹਰੀ॥ (1163.)

ਭਗਤ ਪਰਮਾਨੰਦ ਜੀ ਅਜਿਹੇ ਇਨਸਾਨ ਦੀ ਉਦਾਹਰਨ ਦਿੰਦੇ ਹਨ ਜੋ ਸਾਰੀ ਉਮਰ ਦੂਸਰਿਆਂ ਦੀ ਕਮਾਈ ਉੱਪਰ ਡਾਕੇ ਮਾਰਦਾ ਰਿਹਾ। ਅਜਿਹੇ ਵਿਅਕਤੀ ਨੂੰ ਇਸ ਜਨਮ ਵਿਚ ਵੀ ਬਦਨਾਮੀ ਮਿਲਦੀ ਹੈ ਅਤੇ ਅਗਲੇ ਜਹਾਨ ਵਿਚ ਵੀ ਕਲੰਕ ਦਾ ਟਿੱਕਾ ਮਿਲਦਾ ਹੈ। ਸੋ ਸਬਰ ਸੰਤੋਖ ਨਾਲ ਜੀਵਨ ਜੀਣਾ ਚਾਹੀਦਾ ਹੈ।

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥ (1253.)

ਭਗਤ ਬੇਣੀ ਜੀ ਤਾਂ ਪਾਖੰਡਾਂ ਤੇ ਸਿੱਧੀ ਚੋਟ ਕਰਦੇ ਹਨ। ਬਾਹਰੀ ਭੇਖ ਤਾਂ ਬਹੁਤ ਹੀ ਸ਼ਰਾਫ਼ਤ ਵਾਲਾ ਧਾਰਦਾ ਹੈ ਪਰੰਤੂ ਮਨ ਵਿਚ ਖੋਟ ਰੱਖਦਾ ਹੈ। ਅਜਿਹਾ ਮਨੁੱਖ ਇਸ ਸਮਾਜ ਲਈ ਖ਼ਤਰਨਾਕ ਹੋ ਨਿੱਬੜਦਾ ਹੈ। ਅਜੋਕੇ ਸਮੇਂ ਵਿਚ ਅਜਿਹੇ ਲੋਕਾਂ ਦੀ ਭਰਮਾਰ ਹੈ। ਕਈ ਘਟਨਾਵਾਂ ਪ੍ਰਕਾਸ਼ ਵਿਚ ਆਈਆਂ ਹਨ ਜਿਨ੍ਹਾਂ ਵਿਚ ਚੰਗੇ ਚੰਗੇ ਲੋਕਾਂ ਦੇ ਬਨਾਵਟੀ ਸ਼ਰਾਫ਼ਤ ਦੇ ਨਕਾਬ ਉੱਤਰ ਚੁੱਕੇ ਹਨ।

ਨਿਤਪ੍ਰਤਿ ਇਸਨਾਨੁ ਸਰੀਰੰ।। ਦੁਇ ਧੋਤੀ ਕਰਮ ਮੁਖਿ ਖੀਰੰ॥

ਰਿਦੈ ਛੁਰੀ ਸੰਧਿਆਨੀ।। ਪਰ ਦਰਬੁ ਹਿਰਨ ਕੀ ਬਾਨੀ॥ (1351.)

ਕਬੀਰ ਜੀ ਅਨੁਸਾਰ ਠੱਗੀਆਂ ਮਾਰ ਕੇ ਲਿਆਂਦਾ ਧਨ ਜਿਸ ਪਰਿਵਾਰ ਤੇ ਲੁਟਾ ਰਿਹਾ ਹੈ, ਉਹ ਵੀ ਅੰਤ ਸਮੇਂ ਤੇਰਾ ਸਾਥ ਨਹੀਂ ਦੇਣਗੇ। ਅੰਤ ਸਮੇਂ ਇਸ ਸਾਰੇ ਪਰਪੰਚਾਂ ਦਾ ਹਿਸਾਬ ਮਨੁੱਖ ਨੂੰ ਖੁਦ ਹੀ ਦੇਣਾ ਪੈਂਦਾ ਹੈ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥

ਸੁਤ ਦਾਰਾ ਪਹਿ ਆਨਿ ਲੁਟਾਵੈ॥

ਮਨ ਮੇਰੇ ਭੂਲੇ ਕਪਟੁ ਨ ਕੀਜੈ॥

ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ (656.)

ਫਰੀਦ ਜੀ ਮਨੁੱਖ ਨੂੰ ਸਾਦਾ ਜੀਵਨ ਜੀਣ ਦਾ ਮਾਰਗ ਦੱਸਦੇ ਹਨ। ਜੋ ਵਿਅਕਤੀ ਕਿਸੇ ਦਾ ਹੱਕ ਮਾਰਕੇ ਖ਼ੁਸ਼ ਹੁੰਦਾ ਹੈ ਉਹ ਬਹੁਤਾ ਸਮਾ ਸੁਖੀ ਨਹੀਂ ਰਹਿ ਸਕਦਾ। ਇਸ ਲਈ ਮਨੁੱਖ ਨੂੰ ਸਬਰ ਸੰਤੋਖ ਦਾ ਪੱਲਾ ਨਹੀਂ ਛੱਡਣਾ ਚਾਹੀਦਾ।

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥ (1379.)

**ਦੀਨ ਦੁਖੀਆਂ ਦੀ ਸਹਾਇਤਾ** : ਦੀਨ ਦੁਖੀਆਂ ਦੀ ਸਹਾਇਤਾ ਦਇਆਵਾਨ ਮਨੁੱਖ ਹੀ ਕਰ ਸਕਦਾ ਹੈ। ਗੁਰਬਾਣੀ ਵਿਚ ਧਰਮ ਨੂੰ ਦਇਆ ਦਾ ਪੁੱਤਰ ਮੰਨਿਆਂ ਗਿਆ ਹੈ। ਇਸ ਤੋਂ ਭਾਵ ਦਇਆਵਾਨ ਮਨੁੱਖ ਹੀ ਧਰਮੀ ਹੋ ਸਕਦਾ ਹੈ। ਦਇਆਵਾਨ ਮਨੁੱਖ ਧਰਮੀ ਹੋਣ ਕਾਰਨ ਬੁਰੇ ਕਰਮ ਨਹੀਂ ਕਰਦਾ ਇਸ ਲਈ ਨਿਰਭੈ ਹੁੰਦਾ ਹੈ। ਜਦੋਂ ਮਨੁੱਖ ਨਿਰਭੈ ਹੋ ਜਾਂਦਾ ਹੈ ਤਾਂ ਸਮਾਜ ਵਿਚ ਸਦਭਾਵਨਾ ਪ੍ਰਬਲਤਾ ਅਖ਼ਤਿਆਰ ਕਰ ਜਾਂਦੀ ਹੈ। ਭਗਤ ਬਾਣੀ ਵਿਚ ਦੀਨ ਦੁਖੀਆਂ ਦੀ ਸਹਾਇਤਾ ਦੁਆਰਾ ਚੰਗੇ ਸਮਾਜ ਦੀ ਸਿਰਜਣਾ ਦਾ ਸੰਕਲਪ ਪੇਸ਼ ਹੁੰਦਾ ਹੈ। ਕਬੀਰ ਜੀ ਇਸ ਸੰਸਾਰ ਦੀ ਕੌੜੀ ਸੱਚਾਈ ਆਪਣੇ ਇਸ ਸ਼ਬਦ ਵਿਚ ਪੇਸ਼ ਕਰਦੇ ਹਨ। ਗ਼ਰੀਬ ਆਦਮੀ ਦੀ ਜ਼ਿੰਦਗੀ ਸਮਾਜ ਵਿਚ ਬਹੁਤ ਹੀ ਖ਼ਰਾਬ ਹੈ। ਉਸ ਨੂੰ ਕੋਈ ਸਤਿਕਾਰ ਨਹੀਂ ਦਿੰਦਾ ਹੈ। ਇਹ ਸੱਚਾਈ ਹੈ ਕਿ ਜੇਕਰ ਅਮੀਰ ਵਿਅਕਤੀ ਗ਼ਰੀਬ ਦੇ ਘਰ ਜਾਵੇ ਤਾਂ ਉਹ ਉਸਦੀ ਬਹੁਤ ਆਓ ਭਗਤ ਕਰਦਾ ਹੈ। ਪਰੰਤੂ ਜਦੋਂ ਗ਼ਰੀਬ ਵਿਅਕਤੀ ਕਿਸੇ ਅਮੀਰ ਦੇ ਘਰ ਜਾਵੇ ਤਾਂ ਉਹ ਉਸ ਵੱਲ ਪਿੱਠ ਕਰਕੇ ਬੈਠ ਜਾਂਦਾ ਹੈ ਭਾਵ ਉਸਦਾ ਆਦਰ ਨਹੀਂ ਅਪਮਾਨ ਕਰਦਾ ਹੈ। ਕਬੀਰ ਜੀ ਅਮੀਰੀ ਗ਼ਰੀਬੀ ਦੋਨੋਂ ਪਰਮਾਤਮਾ ਦੀ ਦਾਤ ਮੰਨਦੇ ਹਨ। ਇਸ ਲਈ ਧਨਵਾਨ ਉਹੀ ਹੈ ਜਿਸਦੇ ਹਿਰਦੇ ਵਿਚ ਪਰਮਾਤਮਾ ਵੱਸਿਆ ਹੋਇਆ ਹੈ।

ਨਿਰਧਨ ਆਦਰੁ ਕੋਈ ਨ ਦੇਇ॥

ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ॥੧॥ਰਹਾਉ॥

ਜਉ ਨਿਰਧਨੁ ਸਰਧਨ ਕੈ ਜਾਇ॥

ਆਗੇ ਬੈਠਾ ਪੀਠਿ ਫਿਰਾਇ॥੧॥

ਜਉ ਸਰਧਨੁ ਨਿਰਧਨ ਕੈ ਜਾਇ॥

ਦੀਆ ਆਦਰੁ ਲੀਆ ਬੁਲਾਇ॥੨॥

ਨਿਰਧਨੁ ਸਰਧਨੁ ਦੋਨਉ ਭਾਈ॥

ਪ੍ਰਭ ਕੀ ਕਲਾ ਨ ਮੇਟੀ ਜਾਈ॥੩॥

ਕਹਿ ਕਬੀਰ ਨਿਰਧਨੁ ਹੈ ਸੋਈ॥

ਜਾ ਕੇ ਹਿਰਦੈ ਨਾਮੁ ਨ ਹੋਈ॥੪॥ (1159.)

ਕਬੀਰ ਜੀ ਬਹੁਤ ਖ਼ੂਬਸੂਰਤ ਉਦਾਹਰਨ ਦੁਆਰਾ ਸਮਝਾਉਂਦੇ ਹਨ। ਮਨੁੱਖ ਨੂੰ ਆਪਣੀ ਅਮੀਰੀ ਦਾ ਘੁਮੰਡ ਕਰਕੇ ਗ਼ਰੀਬਾਂ ਦੀ ਹਾਲਤ ਉੱਪਰ ਹੱਸਣਾ ਨਹੀਂ ਚਾਹੀਦਾ ਕਿਉਂਕਿ ਹਾਲੇ ਤਾਂ ਜੀਵਨ ਰੂਪੀ ਕਿਸ਼ਤੀ ਸੰਸਾਰ ਰੂਪੀ ਸਮੁੰਦਰ ਅੰਦਰ ਤੈਰ ਰਹੀ ਹੈ। ਇਸ ਲਈ ਕੋਈ ਪਤਾ ਨਹੀਂ ਕਿ ਕਦੋਂ ਕੀ ਹੋ ਜਾਵੇ।

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥

ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ (1366.)

ਘਰ ਆਏ ਮਹਿਮਾਨ ਦੀ ਸੇਵਾ ਬਿਨਾ ਕਿਸੇ ਭੇਦ ਭਾਵ ਤੋਂ ਕਰਨ ਦੀ ਗੱਲ ਫਰੀਦ ਜੀ ਕਰਦੇ ਹਨ। ਆਪ ਉਦਾਹਰਨ ਦਿੰਦੇ ਹਨ ਕਿ ਜੇਕਰ ਮੈ ਆਏ ਸੱਜਣਾ ਤੋਂ ਕੁਝ ਲੁਕਾ ਕੇ ਰੱਖਾਂ ਤਾਂ ਮੇਰਾ ਸਰੀਰ ਅੰਗਾਰਿਆਂ ਦੀ ਤਰ੍ਹਾਂ ਸੜਦਾ ਹੈ। ਇਸ ਤੋਂ ਭਾਵ ਕਿ ਸਾਨੂੰ ਦਰ ਆਏ ਦੀ ਬਾਂਹ ਬਿਨਾ ਕਿਸੇ ਭੇਦਭਾਵ ਦੇ ਫੜਨੀ ਚਾਹੀਦੀ ਹੈ।

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥ (1379.)

ਭਗਤ ਪਰਮਾਨੰਦ ਦੀ ਅਨੁਸਾਰ ਅਜਿਹੇ ਮਨੁੱਖ ਦੀ ਸਮਾਜ ਵਿਚ ਕੀ ਦੇਣ ਹੈ ਜਿਸ ਦੇ ਮਨ ਵਿਚ ਦਇਆ ਦਾ ਭਾਵ ਨਹੀਂ ਹੈ।

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥ (1253.)

ਨਾਮਦੇਵ ਜੀ ਅਨੁਸਾਰ ਬੁਰਾ ਭਲਾ ਸਭ ਇਕ ਹੀ ਨਜ਼ਰ ਆਉਂਦਾ ਹੈ। ਇਸ ਦਾ ਭਾਵ ਇਹ ਹੈ ਕਿ ਅਮੀਰ ਤੇ ਗ਼ਰੀਬ ਸਭ ਨਜ਼ਰ ਦਾ ਧੋਖਾ ਹੈ ਅਸਲ ਵਿਚ ਸਾਰੇ ਹੀ ਉਸ ਪਰਮਾਤਮਾ ਦੀ ਨਜ਼ਰ ਵਿਚ ਬਰਾਬਰ ਹਨ।

ਜਉ ਗੁਰਦੇਉ ਬੁਰਾ ਭਲਾ ਏਕ॥ (1167.)

ਕਬੀਰ ਜੀ ਵੀ ਤੱਤ ਰੂਪ ਵਿਚ ਮਨੁੱਖਾਂ ਨੂੰ ਵੇਖਦੇ ਹਨ। ਇਸ ਲਈ ਸਭ ਮਨੁੱਖ ਬਰਾਬਰ ਹਨ ਅਤੇ ਹਮੇਸ਼ਾ ਇਸ ਗੱਲ ਨੂੰ ਯਾਦ ਰੱਖਦੇ ਹੋਏ ਦੀਨ ਦੁਖੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਲੋਚਾ ਸਮਸਰਿ ਇਹੁ ਬਿਉਹਾਰਾ॥

ਤਤੁ ਬੀਚਾਰਿ ਕਿਆ ਅਵਰਿ ਬੀਚਾਰਾ॥ (327.)

**ਦਇਆ ਅਤੇ ਖਿਮਾ** : ਗੁਰਬਾਣੀ ਵਿਚ ਧਰਮ ਨੂੰ ਦਇਆ ਦਾ ਪੁੱਤਰ ਮੰਨਿਆਂ ਗਿਆ ਹੈ। ਇਸ ਤੋਂ ਭਾਵ ਦਇਆਵਾਨ ਮਨੁੱਖ ਹੀ ਧਰਮੀ ਹੋ ਸਕਦਾ ਹੈ। ਦਇਆਵਾਨ ਮਨੁੱਖ ਆਪਣੇ ਵਿਰੋਧੀ ਨੂੰ ਵੀ ਮੁਆਫ਼ ਕਰ ਦਿੰਦਾ ਹੈ ਜਿਸ ਨਾਲ ਸਮਾਜ ਵਿਚੋਂ ਵਿਰੋਧ ਖ਼ਤਮ ਹੁੰਦਾ ਹੈ। ਜੇਕਰ ਸਮਾਜ ਵਿਚੋਂ ਵੈਰ ਵਿਰੋਧ ਖ਼ਤਮ ਹੋ ਜਾਣ ਤਾਂ ਇਹ ਸੰਸਾਰ ਰਹਿਣ ਲਈ ਯੋਗ ਥਾਂ ਬਣ ਜਾਂਦਾ ਹੈ। ਅਜਿਹੇ ਸਮਾਜ ਦੀ ਕਲਪਨਾ ਭਗਤ ਬਾਣੀ ਅੰਦਰ ਪੇਸ਼ ਹੁੰਦੀ ਹੈ। ਕਬੀਰ ਜੀ ਜੋਗੀ ਨੂੰ ਦਇਆ ਰੂਪੀ ਫਹੁੜੀ ਬਣਾ ਕੇ ਆਪਣੀ ਕਾਇਆ ਨੂੰ ਜਾਲਣ ਦੀ ਗੱਲ ਕਰਦੇ ਹਨ।

ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ॥

ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ॥ (477.)

ਭਗਤ ਬਾਣੀ ਸਿਰਫ਼ ਆਪਣੇ ਬਾਰੇ ਸੋਚਣ ਵਾਲੇ ਸਵਾਰਥੀ ਵਿਅਕਤੀ ਨੂੰ ਦਇਆ ਵਿਹੂਣਾ ਕਹਿ ਕੇ ਸੰਬੋਧਿਤ ਹੁੰਦੀ ਹੈ।

ਕਾਇਆ ਰਤਿ ਬਹੁ ਰੂਪ ਰਚਾਹੀ॥

ਤਿਨ ਕਉ ਦਇਆ ਸੁਪਨੈ ਭੀ ਨਾਹੀ॥ (324.)

ਭਗਤ ਬਾਣੀ ਅੰਦਰ ਦਇਆ ਨੂੰ ਹੀ ਧਰਮ ਦੀ ਸੰਗਿਆ ਦਿੱਤੀ ਗਈ ਹੈ।

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ॥ (970.)

ਭਗਤ ਕਬੀਰ ਜੀ ਕਾਜ਼ੀ ਨੂੰ ਸੰਬੋਧਨ ਕਰਦੇ ਹਨ ਕਿ ਅੱਲ੍ਹਾ ਹਰ ਇਕ ਦੇ ਅੰਦਰ ਹੈ। ਇਸ ਲਈ ਹਰ ਇਕ ਜੀਵ ਉੱਪਰ ਦਇਆ ਕਰ ਅਤੇ ਹਰ ਇਕ ਨੂੰ ਇਹ ਜਾਣਕਾਰੀ ਪ੍ਰਦਾਨ ਕਰ ਤਾਂ ਹੀ ਦਰਗਾਹ ਵਿਚ ਤੇਰਾ ਵਾਸਾ ਹੋਵੇਗਾ।

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ॥

ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ॥ (480.)

ਭਗਤ ਪਰਮਾਨੰਦ ਜੀ ਅਨੁਸਾਰ ਜੇਕਰ ਇਨਸਾਨ ਦੇ ਮਨ ਵਿਚੋਂ ਹਿੰਸਾ ਦਾ ਭਾਵ ਦੂਰ ਹੋ ਕੇ ਦਇਆ ਦਾ ਭਾਵ ਉਜਾਗਰ ਨਹੀਂ ਹੋਇਆ ਤਾਂ ਸਤਿਸੰਗਤ ਦਾ ਕੋਈ ਲਾਭ ਨਹੀਂ ਹੈ।

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥

ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥ (1253.)

ਕਬੀਰ ਜੀ ਜ਼ੁਲਮ ਨਾ ਕਰਨ ਸਬੰਧੀ ਮਨੁੱਖ ਨੂੰ ਸਾਵਧਾਨ ਕਰਦੇ ਹਨ। ਘੜਿਆਲ ਦੀ ਉਦਾਹਰਨ ਪੇਸ਼ ਕਰਕੇ ਮਨੁੱਖ ਨੂੰ ਸਮਝਾਉਣ ਦਾ ਯਤਨ ਹੈ ਕਿ ਜੇਕਰ ਬਿਨਾਂ ਦੋਸ਼ ਤੋਂ ਘੜਿਆਲ ਨੂੰ ਇਹ ਸਜ਼ਾ ਮਿਲੀ ਹੋਈ ਹੈ ਤਾਂ ਸਾਡਾ ਦੋਸ਼ੀਆਂ ਦਾ ਕੀ ਹਾਲ ਹੋਵੇਗਾ। ਇਸ ਤਰ੍ਹਾਂ ਕਿਸੇ ਵੀ ਪ੍ਰਕਾਰ ਦਾ ਜ਼ੁਲਮ ਨਹੀਂ ਕਰਨਾ ਚਾਹੀਦਾ ਬਲਕਿ ਦਇਆ ਦਾ ਭਾਵ ਰੱਖਣਾ ਚਾਹੀਦਾ ਹੈ।

ਫਰੀਦ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥

ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥ (1379.)

ਭਗਤ ਬਾਣੀ ਵਿਚ ਉਦਾਹਰਣਾਂ ਦੁਆਰਾ ਸੇਧ ਦੇਣ ਦਾ ਯਤਨ ਕੀਤਾ ਗਿਆ ਹੈ। ਕਬੀਰ ਜੀ ਕਹਿੰਦੇ ਹਨ ਕਿ ਵਿਅਕਤੀ ਕਿਸੇ ਜੀਵ ਨੂੰ ਮਾਰਦਾ ਹੈ ਅਤੇ ਉਸ ਨੂੰ ਹਲਾਲ ਕਹਿ ਕੇ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ। ਪਰੰਤੂ ਜਦੋਂ ਪ੍ਰਮਾਤਮਾ ਦਾ ਦਫਤਰ ਖੁਲ੍ਹੇਗਾ ਭਾਵ ਹਿਸਾਬ ਕਿਤਾਬ ਹੋਵੇਗਾ ਤਾਂ ਉਸ ਸਮੇਂ ਤੇਰਾ ਕੀ ਹਾਲ ਹੋਵੇਗਾ।

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥

ਦਫਤਰੁ ਦਈ ਜਬ ਕਾਢਿ ਹੈ ਜੋ ਹੋਇਗਾ ਕਉਨੁ ਹਵਾਲੁ॥ (1375.)

ਕਬੀਰ ਜੀ ਦੀ ਭਾਸ਼ਾ ਸਖਤ ਹੈ। ਆਪ ਅਨੁਸਾਰ ਬੇਦ ਅਤੇ ਕੁਰਾਨ ਝੂਠੇ ਨਹੀਂ ਹਨ। ਜੋ ਇਨ੍ਹਾਂ ਦੁਆਰਾ ਸੁਝਾਏ ਮਾਰਗ ਤੇ ਨਹੀਂ ਚਲਦਾ ਉਹ ਵਿਅਕਤੀ ਝੂਠਾ ਹੈ। ਇਕ ਪਾਸੇ ਤਾਂ ਸਭ ਅੰਦਰ ਖੁਦਾ ਦਾ ਵਾਸਾ ਦਸਦੇ ਹੋ ਅਤੇ ਫਿਰ ਮੁਰਗੀ ਨੂੰ ਕਿਉਂ ਮਾਰਦੇ ਹੋ। ਸੋ ਆਪ ਨੇ ਕਹਿਣੀ ਅਤੇ ਕਰਨੀ ਇਕ ਕਰਨ ਉੱਤੇ ਜ਼ੋਰ ਦਿੱਤਾ ਹੈ।

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥ (1350.)

ਜ਼ੁਲਮ ਕਰਕੇ ਜੀਵਾਂ ਨੂੰ ਹਲਾਲ ਦੇ ਨਾਂ ਤੇ ਮਾਰ ਕੇ ਖ਼ੁਸ਼ ਨਾ ਹੋ, ਅੰਤ ਸਮੇਂ ਜਦੋਂ ਲੇਖਾ ਮੰਗਿਆ ਜਾਵੇਗਾ ਤਾਂ ਤੇਰਾ ਕੀ ਹਾਲ ਹੋਣਾ ਹੈ ਉਸ ਦਾ ਖ਼ਿਆਲ ਕਰ। ਇਸ ਤਰ੍ਹਾਂ ਕਬੀਰ ਜੀ ਦਇਆ ਦਾ ਮਹੱਤਵ ਸਥਾਪਿਤ ਕਰਨ ਵੱਲ ਵਧਦੇ ਹਨ।

ਕਬੀਰ ਜੋਰੀ ਕੀਏ ਜੁਲਮੁ ਹੈ ਕਰਤਾ ਨਾਉ ਹਲਾਲ॥

ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥ (1374.)

**ਉੱਚਾ ਆਚਰਣ** : ਆਚਰਣ ਦੀ ਉੱਚਤਾ ਨਾਲ ਮਨੁੱਖ ਕਿਸੇ ਵੀ ਸਮਾਜ ਵਿਚ ਆਪਣਾ ਸਨਮਾਨਯੋਗ ਸਥਾਨ ਪ੍ਰਾਪਤ ਕਰ ਸਕਦਾ ਹੈ। ਸਮਾਜ ਸੁਖਮਈ ਤਾਂ ਹੀ ਬਣ ਸਕਦਾ ਹੈ ਜਦੋਂ ਉਸ ਸਮਾਜ ਵਿਚ ਸਦਾਚਾਰ ਦਾ ਬੋਲਬਾਲਾ ਹੋਵੇ। ਅਜੋਕੇ ਸਮੇਂ ਵਿਚ ਆਚਰਣ ਤੋਂ ਗਿਰ ਕੇ ਮਨੁੱਖ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੀਆਂ ਖ਼ਬਰਾਂ ਵਿਚ ਨਿੱਤ ਆਉਂਦੀਆਂ ਰਹਿੰਦੀਆਂ ਹਨ ਜਦੋਂ ਸਮਾਜ ਵਿਚ ਉੱਚੇ ਅਹੁਦਿਆਂ ਤੇ ਬੈਠੇ ਲੋਕ

ਆਪਣੀ ਕਾਮ ਵਾਸ਼ਨਾ ਕਾਰਨ ਬਦਨਾਮ ਹੋ ਜਾਂਦੇ ਹਨ। ਭਗਤ ਬਾਣੀ ਅਜਿਹੀ ਬਿਰਤੀ ਨੂੰ ਤਿਆਗਣ ਦਾ ਹੋਕਾ ਦਿੰਦੀ ਹੈ। ਨਾਮਦੇਵ ਜੀ ਪਰਾਈ ਔਰਤ ਦੇ ਸੰਗ ਨੂੰ ਜ਼ਹਿਰ ਦੀ ਸੰਗਿਆ ਦਿੰਦੇ ਹਨ।

ਜੈਸੇ ਬਿਖੇ ਹੇਤ ਪਰ ਨਾਰੀ॥ ਐਸੈ ਨਾਮੇ ਪ੍ਰੀਤਿ ਮੁਰਾਰੀ॥ (874.)

ਜੋ ਵਿਅਕਤੀ ਆਪਣੀ ਪਤਨੀ ਨੂੰ ਤਿਆਗ ਕੇ ਦੂਸਰੀ ਔਰਤ ਨਾਲ ਸੰਗ ਕਰਦਾ ਹੈ ਉਹ ਅੰਨ੍ਹਾਂ ਹੈ। ਆਚਰਣ ਦੀ ਉੱਚਤਾ ਹੀ ਇਨਸਾਨ ਨੂੰ ਸਮਾਜ ਵਿਚ ਉੱਚਾ ਸਥਾਨ ਦਿਵਾਉਂਦੀ ਹੈ।

ਘਰਿ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥ (1164.)

ਭਗਤ ਬੇਣੀ ਜੀ ਜਵਾਨੀ ਦੇ ਜੋਸ਼ ਵਿਚ ਪਰਾਈਆਂ ਔਰਤਾਂ ਦੇ ਪਿੱਛੇ ਘੁੰਮਣ ਨੂੰ ਕਾਮ ਦੀ ਪ੍ਰਵਿਰਤੀ ਅਧੀਨ ਪਾਪ ਕਰਮ ਮੰਨਦੇ ਹਨ।

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥

ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥ (93.)

ਭਗਤ ਸਧਨਾ ਜੀ ਵੀ ਪਰ ਇਸਤ੍ਰੀ ਸਬੰਧਾਂ ਨੂੰ ਪਾਪ ਦੀ ਸੰਗਿਆ ਦਿੰਦੇ ਹਨ। ਇਸ ਸ਼ਬਦ ਵਿਚ ਆਪ ਰਾਜੇ ਦੀ ਲੜਕੀ ਕਾਰਨ ਭੇਖ ਧਾਰਨ ਵਾਲੇ ਵਿਅਕਤੀ ਨੂੰ ਕਾਮ ਵਾਸ਼ਨਾ ਵਿਚ ਡਿੱਗਣ ਤੋਂ ਬਚਾਉਣ ਦੀ ਉਦਾਹਰਨ ਦਿੰਦੇ ਹਨ। ਇਸ ਵਿਚੋ ਅਸੀਂ ਵੇਖ ਸਕਦੇ ਹਾਂ ਕਿ ਨਜਾਇਜ਼ ਸਬੰਧਾਂ ਨੂੰ ਪਾਪ ਮੰਨਿਆਂ ਗਿਆ ਹੈ।

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥ (858.)

ਕਬੀਰ ਜੀ ਆਪਣੇ ਮਨ ਅੰਦਰ ਕਾਮਦੇਵ ਨੂੰ ਚੋਰ ਕਿਹਾ ਹੈ। ਇਸ ਚੋਰ ਨੇ ਮੇਰਾ ਗਿਆਨ ਰੂਪੀ ਹੀਰਾ ਚੁਰਾ ਲਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਆਚਰਣ ਦੀ ਉੱਚਤਾ ਜ਼ਰੂਰੀ ਹੈ। ਇਸ ਨਾਲ ਹੀ ਮਨੁੱਖ ਸਮਾਜ ਵਿਚ ਆਪਣਾ ਯੋਗਦਾਨ ਦੇ ਸਕਦਾ ਹੈ।

ਇਸੁ ਤਨ ਮਨ ਮਧੇ ਮਦਨ ਚੋਰ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ॥ (1194.)

ਵਿਕਾਰਾਂ ਨਾਲ ਭਰੇ ਮਨ ਨੂੰ ਸ਼ੁੱਧ ਕਰਨ ਲਈ ਮਨ ਦੀ ਸ਼ੁੱਧਤਾ ਜ਼ਰੂਰੀ ਹੈ। ਪਰੰਤੂ ਮਨੁੱਖ ਬਾਹਰੋਂ ਸਰੀਰ ਨੂੰ ਧੋ ਕੇ ਆਪਣੇ ਆਪ ਨੂੰ ਸ਼ੁੱਧ ਮੰਨੀ ਬੈਠਾ ਹੈ। ਭਗਤ ਬਾਣੀ ਅੰਦਰੋਂ ਬਾਹਰੋਂ ਪਵਿੱਤਰ ਹੋਣ ਦਾ ਸੰਕਲਪ ਪੇਸ਼ ਕਰਦੀ ਹੈ। ਕੇਵਲ ਬਾਹਰੀ ਸ਼ੁੱਧਤਾ ਹੀ ਕੰਮ ਨਹੀਂ ਆਉਂਦੀ ਇਸ ਲਈ ਆਚਰਣ ਦੀ ਸੁੱਚਮਤਾ ਇਕ ਪ੍ਰਮੁੱਖ ਨੈਤਿਕ ਗੁਣ ਦੇ ਤੌਰ ਤੇ ਸਾਹਮਣੇ ਆਉਂਦਾ ਹੈ।

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ॥

ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥ (346.)

ਫਰੀਦ ਜੀ ਬਾਹਰੀ ਆਡੰਬਰ ਦੁਆਰਾ ਮਿੱਠਾ ਵਿਵਹਾਰ ਦਿਖਾਉਣ ਵਾਲੇ ਲੋਕਾਂ ਦੀ ਉਦਾਹਰਨ ਦੁਆਰਾ ਅੰਦਰ ਬਾਹਰ ਤੋਂ ਇੱਕ ਹੋਣ ਦੀ ਗੱਲ ਆਪਣੀ ਰਚਨਾ ਵਿਚ ਪੇਸ਼ ਕਰਦੇ ਹਨ। ਇਸ ਤਰ੍ਹਾਂ ਮਨ, ਕਰਮ ਅਤੇ ਬਚਨ ਦੀ ਇਕਸੁਰਤਾ ਤੇ ਬਲ ਦਿੱਤਾ ਗਿਆ ਹੈ।

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ (1380.)

ਭਗਤ ਬਾਣੀ ਅੰਦਰ ਬਾਹਰੀ ਆਡੰਬਰਾਂ ਦੀ ਖ਼ੂਬ ਵਿਰੋਧਤਾ ਕੀਤੀ ਗਈ ਹੈ। ਜੋ ਮਨੁੱਖ ਬਾਹਰੋਂ ਤਾਂ ਧਾਰਮਿਕ ਹੋਣ ਦਾ ਆਡੰਬਰ ਰਚਦਾ ਹੈ ਪਰ ਅੰਦਰ ਤੋਂ ਕਾਮ ਵਾਸ਼ਨਾ ਨਾਲ ਭਰਿਆ ਹੈ, ਅਜਿਹੇ ਮਨੁੱਖ ਦੇ ਸਾਰੇ ਕਰਮ ਬੇਕਾਰ ਹਨ। ਅਜੋਕੇ ਸਮੇਂ ਵਿਚ ਇਸ ਤਰ੍ਹਾਂ ਦੀਆਂ ਬੇਅੰਤ ਉਦਾਹਰਨਾਂ ਸਮਾਜ ਅੰਦਰ ਮਿਲਦੀਆਂ ਹਨ।

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥

ਜਾ ਕੈ ਰਿਦੈ ਭਾਉ ਹੈ ਦੂਜਾ॥(324.)

ਇਹ ਕੇਵਲ ਮਰਦ ਤੇ ਹੀ ਨਹੀਂ ਬਲਕਿ ਔਰਤ ਤੇ ਵੀ ਲਾਗੂ ਹੁੰਦਾ ਹੈ। ਕਬੀਰ ਜੀ ਅਨੁਸਾਰ ਔਰਤ ਲਈ ਵੀ ਆਚਰਣ ਦੀ ਸੁੱਚਮਤਾ ਜ਼ਰੂਰੀ ਹੈ।

ਬਿਨੁ ਸਤ ਸਤੀ ਹੋਇ ਕੈਸੇ ਨਾਰਿ॥ (328.)

**ਸਤਿ ਸੰਗਤ** : ਸਤਿ ਸੰਗਤ ਤੋਂ ਭਾਵ ਭਲੇ ਲੋਕਾਂ ਦੀ ਸੰਗਤ ਤੋਂ ਹੈ। ਅਜੋਕੇ ਸਮੇਂ ਵਿਚ ਪਾਖੰਡਾਂ ਦਾ ਬੋਲ ਬਾਲਾ ਹੋਣ ਕਰਕੇ ਕਈ ਪ੍ਰਕਾਰ ਦੇ ਦੰਭੀ ਲੋਕ ਸਮਾਜ ਅੰਦਰ ਇਸ ਸੰਕਲਪ ਦੇ ਨਾ ਤੇ ਆਪਣੀ ਦੁਕਾਨਦਾਰੀ ਚਲਾ ਰਹੇ ਹਨ। ਪਰੰਤੂ ਭਗਤ ਬਾਣੀ ਵਿਚ ਸਤਿਸੰਗਤ ਬਾਰੇ ਬਹੁਤ ਹੀ ਵਿਆਖਿਆਤਮਕ ਢੰਗ ਨਾਲ ਦੱਸਿਆ ਗਿਆ ਹੈ। ਇੱਥੇ ਸਤਿਸੰਗਤ ਤੋਂ ਭਾਵ ਨੇਕ ਮਨੁੱਖਾਂ ਵਿਚ ਬੈਠ ਕੇ ਨੇਕੀ ਰੂਪੀ ਗੁਣਾ ਨੂੰ ਧਾਰਨ ਕਰਨ ਤੋਂ ਲਿਆ ਜਾ ਸਕਦਾ ਹੈ। ਕਬੀਰ ਜੀ ਅਨੁਸਾਰ ਇਸ ਤੋਂ ਬਿਨਾ ਪਰਮਾਤਮਾ ਦੇ ਪ੍ਰਤੀ ਪ੍ਰੇਮ ਦਾ ਭਾਵ ਨਹੀਂ ਉਪਜਦਾ ਅਤੇ ਭਗਤੀ ਨਹੀਂ ਹੋ ਸਕਦੀ।

ਸਾਧਿਸੰਗਤਿ ਬਿਨਾ ਭਾਉ ਨਹੀ ਉਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥ (694.)

ਭਲੇ ਲੋਕਾਂ ਦੀ ਸੰਗਤ ਵਿਚ ਬੁੱਧੀ ਨਿਰਮਲ ਹੁੰਦੀ ਹੈ। ਇਸ ਨਾਲ ਮਨੁੱਖ ਵਿਵੇਕਸ਼ੀਲ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਦਾ ਜੀਵਨ ਤਬਦੀਲ ਹੋ ਜਾਂਦਾ ਹੈ ਜਿਸ ਤਰ੍ਹਾਂ ਪਾਰਸ ਨਾਲ ਛੂਹਣ ਤੇ ਲੋਹਾ ਸੋਨਾ ਹੋ ਜਾਂਦਾ ਹੈ।

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ॥

ਪਾਰਸੁ ਪਰਸਿ ਲੋਹਾ ਕੰਚਨੁ ਸੋਈ॥ (481.)

ਗਿਆਨ ਰੂਪੀ ਬੂੰਦ ਜੇਕਰ ਸਹੀ ਸਥਾਨ ਤੇ ਨਾ ਗਿਰੇ ਤਾਂ ਉਸ ਦੀ ਕੋਈ ਮਹੱਤਵ ਨਹੀਂ ਹੈ। ਇਸ ਤਰ੍ਹਾਂ ਬਿਨਾ ਸਤਿਸੰਗਤ ਤੋਂ ਮਨੁੱਖੀ ਜੀਵਨ ਬੇਕਾਰ ਹੈ।

ਕਬੀਰ ਨਿਰਮਲ ਬੂੰਦ ਆਕਾਸ ਕੀ ਪਰਿ ਗਈ ਭੂਮਿ ਬਿਕਾਰ॥

ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥ (1374.)

**ਪਰਮਾਤਮਾ ਦੇ ਹੁਕਮ ਅੰਦਰ ਰਹਿਣਾ** : ਇਸ ਨਾਲ ਮਨੁੱਖ ਸਹਿਜ ਅਵਸਥਾ ਵਿਚ ਜਾ ਪਹੁੰਚਦਾ ਹੈ। ਇਸ ਸੰਸਾਰ ਵਿਚ ਸਬਰ ਸੰਤੋਖ ਭਰਿਆ ਜੀਵਨ ਜੀਣ ਲਈ ਪ੍ਰਮਾਤਮਾ ਦੇ ਭਾਣੇ ਅੰਦਰ ਰਹਿਣ ਦੀ ਹਦਾਇਤ ਕੀਤੀ ਗਈ ਹੈ।

ਭਗਤ ਬਾਣੀ ਦੀ ਕੇਂਦਰੀ ਸੁਰ ਪ੍ਰਮਾਤਮਾ ਅਤੇ ਉਸਦੀ ਭਗਤੀ ਹੈ ਇਸ ਲਈ ਮਨੁੱਖ ਲਈ ਪ੍ਰਮਾਤਮਾ ਦੀ ਰਜ਼ਾ ਹੀ ਇੱਕੋ-ਇਕ ਜ਼ਰੀਆ ਹੈ, ਜਿਸ ਨਾਲ ਉਸ ਦੇ ਸੰਤਾਪ ਮਿਟ ਸਕਦੇ ਹਨ। ਫਰੀਦ ਜੀ ਅਨੁਸਾਰ ਜੇਕਰ ਪ੍ਰਮਾਤਮਾ ਮਿਲਦਾ ਹੋਵੇ ਤਾਂ ਮੈਂ ਆਪਣੇ ਸੁੰਦਰ ਕੱਪੜੇ ਪਾੜ ਕੇ ਜਿਸ ਤਰ੍ਹਾਂ ਦਾ ਵੇਸ ਉਸ ਨੂੰ ਭਾਵੇ ਉਹੀ ਧਾਰਨ ਕਰਨ ਨੂੰ ਤਿਆਰ ਹਾਂ।

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥

ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥ (1383.)

ਭਗਤ ਕਬੀਰ ਜੀ ਵੀ ਪਰਮਾਤਮਾ ਦੇ ਭਾਣੇ ਵਿਚ ਰਹਿਣ ਦੀ ਗੱਲ ਕਰਦੇ ਹਨ। ਜੋ ਮਨੁੱਖ ਸਦਾ ਇਹ ਸਮਝਦਾ ਹੈ ਕਿ ਜੋ ਵੀ ਚੰਗਾ ਮੰਦਾ ਹੋ ਰਿਹਾ ਹੈ ਸਭ ਪਰਮਾਤਮਾ ਦੇ ਭਾਣੇ ਅੰਦਰ ਹੈ, ਉਹ ਸਦਾ ਸਹਿਜ ਦੀ ਅਵਸਥਾ ਵਿਚ ਵਿਚਰਦਾ ਹੈ।

ਜੋ ਕਿਛੁ ਹੋਆ ਸੁ ਤੇਰਾ ਭਾਣਾ॥

ਜੋ ਇਵ ਬੂਝੈ ਸੁ ਸਹਜਿ ਸਮਾਣਾ॥ (1349.)

**ਔਰਤ ਦਾ ਸਤਿਕਾਰ** : ਸੰਸਾਰ ਦੀ ਰਚਨਾ ਔਰਤ ਤੋਂ ਬਿਨਾ ਅਸੰਭਵ ਹੈ। ਇਹ ਮਾਂ, ਭੈਣ, ਪਤਨੀ ਅਤੇ ਬੇਟੀ ਦੇ ਰੂਪ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਸੰਸਾਰ ਅੰਦਰ ਔਰਤ ਦਾ ਸਥਾਨ ਮਰਦ ਦੇ ਬਰਾਬਰ ਦਾ ਹੈ। ਅਜੋਕੇ ਸਮੇਂ ਵਿਚ ਔਰਤ ਮਰਦ ਦੇ ਮੋਢੇ ਨਾਲ ਮੋਢਾ ਲਾ ਕੇ ਸੰਸਾਰ ਦੇ ਹਰ ਇਕ ਕਾਰਜ ਵਿਚ ਆਪਣਾ ਯੋਗਦਾਨ ਦੇ ਰਹੀ ਹੈ। ਇਸ ਲਈ ਜੇਕਰ ਸਮਾਜ ਅੰਦਰ ਔਰਤ ਦਾ ਸਤਿਕਾਰ ਕਾਇਮ ਹੋਵੇਗਾ ਤਾਂ ਹੀ ਸਮਾਜ ਵਿਚ ਸੰਤੁਲਨ ਕਾਇਮ ਹੋ ਸਕਦਾ ਹੈ। ਜੋ ਮਨੁੱਖ ਆਪਣੀ ਜਵਾਨੀ ਦੇ ਜੋਸ਼ ਵਿਚ ਔਰਤਾਂ ਨੂੰ ਬੁਰੀ ਨਿਗਾਹ ਨਾਲ ਵੇਖਦਾ ਹੈ, ਉਸ ਦਾ ਕੋਈ ਵੀ ਵਿਸਾਹ ਨਹੀਂ ਕਰਦਾ। ਇਸ ਲਈ ਔਰਤਾਂ ਦਾ ਸਤਿਕਾਰ ਕਰਨ ਦਾ ਸੁਨੇਹਾ ਭਗਤ ਬਾਣੀ ਦੁਆਰਾ ਦਿੱਤਾ ਜਾਂਦਾ ਹੈ। ਬੇਣੀ ਜੀ ਅਨੁਸਾਰ ਇਕ ਚੰਗੇਰੇ ਸਮਾਜ ਦੀ ਪਹਿਚਾਣ ਉਸ ਵਿਚਲੀਆਂ ਔਰਤਾਂ ਦੀ ਸਥਿਤੀ ਤੋਂ ਹੁੰਦੀ ਹੈ।

ਤਰੁਣ ਤੇਜ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥

ਉਨਮਤਿ ਕਾਮਿ ਮਹਾ ਬਿਖੁ ਭੂਲੈ ਪਾਪੁ ਪੁਨੁੰ ਨ ਪਛਾਨਿਆ॥ (93.)

ਨਾਮਦੇਵ ਜੀ ਨੇ ਤਾਂ ਆਪਣੀ ਪਤਨੀ ਦਾ ਤਿਆਗ ਜਾਂ ਤ੍ਰਿਸਕਾਰ ਕਰਨ ਵਾਲੇ ਨੂੰ ਅੰਨ੍ਹੇ ਦੀ ਸੰਗਿਆ ਦਿੱਤੀ ਹੈ। ਇਸ ਲਈ ਔਰਤ ਦਾ ਸਤਿਕਾਰ ਇਕ ਚੰਗੇਰੇ ਸਮਾਜ ਦੀ ਨਿਸ਼ਾਨੀ ਹੈ।

ਘਰਿ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥ (1164.)

**ਆਰਥਿਕ ਆਧਾਰ** : ਭਾਰਤੀ ਸੰਸਕ੍ਰਿਤੀ ਵਿਚ ਚਾਰ ਪੁਰਸ਼ਾਰਥਾਂ ਧਰਮ, ਅਰਥ, ਕਾਮ ਅਤੇ ਮੋਕਸ਼ ਵਿਚ ਅਰਥ ਨੂੰ ਇਕ ਪੁਰਸ਼ਾਰਥ ਦੀ ਸੰਗਿਆ ਦਿੱਤੀ ਗਈ ਹੈ। ਸਾਡੇ ਧਰਮ ਗ੍ਰੰਥਾਂ ਵਿਚ ਅਰਥ ਨੂੰ ਲੈਣ-ਦੇਣ ਭਾਵ ਵਸਤੂਆਂ ਦੀ ਪ੍ਰਾਪਤੀ ਦਾ ਸਾਧਨ ਸਮਝਿਆ ਗਿਆ ਹੈ। ਜੇਕਰ ਪਰਿਵਾਰ ਤੋਂ ਲੈ ਕੇ ਸਮਾਜ ਵਿਚਲੀ ਕਿਸੇ ਵੀ ਇਕਾਈ ਦੀ ਗੱਲ ਕਰੀਏ ਤਾਂ ਆਰਥਿਕ ਆਧਾਰ ਤੋਂ ਬਿਨਾ ਉਸ ਦੀ ਹੋਂਦ ਸੰਭਵ ਨਹੀਂ ਹੋ ਸਕਦੀ। 'ਜੀਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ', ਇਸ ਪੰਜਾਬੀ ਕਹਾਵਤ ਦੇ ਪਿੱਛੇ ਵੀ ਆਰਥਿਕ ਆਧਾਰਾਂ ਦੀ ਸੋਚ ਕੰਮ ਕਰ ਰਹੀ ਹੈ। ਮਨੁੱਖ ਦਾ ਕੋਈ ਵੀ ਦੁਨਿਆਵੀ ਕਾਰ ਵਿਹਾਰ ਆਰਥਿਕਤਾ ਤੋਂ ਬਿਨਾ ਸੰਭਵ ਨਹੀਂ ਹੈ। ਭਗਤ ਬਾਣੀ ਵਿਚ ਆਰਥਿਕ ਨੈਤਿਕਤਾ ਦਾ ਵਰਣਨ ਮਿਲਦਾ ਹੈ। ਇਸ ਦੁਆਰਾ ਮਨੁੱਖ ਨੂੰ ਆਪਣੀ ਇਸ ਜ਼ਰੂਰਤ ਲਈ ਕੁਝ ਦਿਸ਼ਾਵਾਂ ਦਿਖਾਈਆਂ ਗਈਆਂ ਹਨ ਜਿਨ੍ਹਾਂ ਦੁਆਰਾ ਮਨੁੱਖ ਆਪਣੀ ਆਰਥਿਕ ਸਥਿਤੀ ਨੈਤਿਕਤਾ ਦੇ ਦਾਇਰੇ ਵਿਚ ਰਹਿ ਕੇ ਮਜ਼ਬੂਤ ਕਰ ਸਕਦਾ ਹੈ। ਇਸ ਲਈ ਮਨੁੱਖ ਲਈ ਹੱਕ ਹਲਾਲ ਦੀ ਕਮਾਈ ਕਰਨੀ ਹੀ ਜ਼ਰੂਰੀ ਸਮਝੀ ਗਈ ਹੈ।

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥ (1379.)

ਭਗਤ ਬਾਣੀ ਵਿਚ ਪਰਾਏ ਧਨ ਦੀ ਝਾਕ ਨਾ ਰੱਖਣ ਦੀ ਤਾਕੀਦ ਕੀਤੀ ਗਈ ਹੈ। ਆਪਣੇ ਦਸ ਨਹੁੰਆਂ ਦੀ ਕਮਾਈ ਵਿਚ ਹੀ ਸਭ ਪ੍ਰਕਾਰ ਦੀਆਂ ਬਰਕਤਾਂ ਹਨ। ਭਗਤ ਨਾਮਦੇਵ ਜੀ ਉਸ ਮਨੁੱਖ ਦਾ ਜ਼ਿਕਰ ਕਰਦੇ ਹਨ ਜਿਸ

ਦੇ ਅੰਗ-ਸੰਗ ਸਦਾ ਪਰਮਾਤਮਾ ਰਹਿੰਦਾ ਹੈ। ਉਹ ਮਨੁੱਖ ਅਜਿਹਾ ਹੋਣਾ ਚਾਹੀਦਾ ਹੈ ਜਿਸਨੇ ਪਰਾਇਆ ਧਨ, ਇਸਤਰੀ ਦਾ ਲਾਲਚ ਤਿਆਗ ਦਿੱਤਾ ਹੈ।

ਪਰ ਧਨ ਪਰ ਦਾਰਾ ਪਰਹਰੀ॥

ਤਾ ਕੈ ਨਿਕਟਿ ਬਸੈ ਨਰਹਰੀ॥(1163.)

ਭਗਤ ਬੇਣੀ ਜੀ ਨੇ ਅਜੋਕੇ ਦੰਭਾਂ ਦਾ ਪਰਦਾਫਾਸ਼ ਕੀਤਾ ਹੈ। ਬਾਹਰਲੇ ਆਡੰਬਰ ਦੁਆਰਾ ਚੰਗਾ ਦਿਖਣ ਦਾ ਯਤਨ ਕੀਤਾ ਜਾ ਰਿਹਾ ਹੈ, ਪਰੰਤੂ ਮਨ ਵਿਚ ਚੱਲ ਰਹੇ ਦੂਸਰਿਆਂ ਦੇ ਹੱਕ ਨੂੰ ਹਥਿਆਉਣ ਦੇ ਵਿਚਾਰ ਤੇਰੇ ਇਸ ਦੰਭ ਨੂੰ ਦਿਖਾ ਰਹੇ ਹਨ। ਇਸ ਸ਼ਬਦ ਦੁਆਰਾ ਦੱਸਿਆ ਗਿਆ ਹੈ ਕਿ ਅੰਦਰੋਂ ਬਾਹਰੋਂ ਇੱਕ ਹੋਣ ਨਾਲ ਹੀ ਮਨੁੱਖ ਸਹਿਜ ਅਵਸਥਾ ਵਿਚ ਰਹਿ ਸਕਦਾ ਹੈ।

ਨਿਤਪ੍ਰਤਿ ਇਸਨਾਨੁ ਸਰੀਰੰ॥

ਦੁਇ ਧੋਤੀ ਕਰਮ ਮੁਖਿ ਖੀਰੰ॥

ਰਿਦੈ ਛੁਰੀ ਸੰਧਿਆਨੀ॥

ਪਰ ਦਰਬੁ ਹਿਰਨ ਕੀ ਬਾਨੀ॥ (1351.)

ਭਗਤ ਪਰਮਾਨੰਦ ਜੀ ਅਨੁਸਾਰ ਰੋਜ਼ਾਨਾ ਪੁਰਾਣਾਂ ਦਾ ਪਾਠ ਸੁਣਨ ਦੇ ਬਾਦ ਵੀ ਡਾਕੇ ਮਾਰ ਕੇ ਧਨ ਇਕੱਠਾ ਕਰਨ ਵਾਲੇ ਨੂੰ ਪਰਲੋਕ ਵਿਚ ਢੋਈ ਨਹੀਂ ਮਿਲਦੀ ਹੈ।

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥ (1253.)

ਭਗਤ ਨਾਮਦੇਵ ਜੀ ਅਨੁਸਾਰ ਜੋ ਮਨੁੱਖ ਬਾਹਰੋਂ ਚੰਗਾ ਬਣਕੇ, ਅੰਦਰਖਾਤੇ ਗਰੀਬਾਂ ਤੇ ਜ਼ੁਲਮ ਕਰਕੇ ਧਨ ਜੋੜਦਾ ਹੈ, ਉਸ ਤੋਂ ਵੱਡਾ ਠੱਗ ਕੋਈ ਨਹੀਂ ਹੈ। ਅਜੋਕੇ ਸਮੇਂ ਵਿਚ ਵੀ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਹੈ ਜੋ

ਬਾਹਰੋਂ ਸਮਾਜ ਸੇਵਕ ਬਣਦੇ ਹਨ ਪਰੰਤੂ ਆਪਣੇ ਅਧੀਨ ਕੰਮ ਕਰਨ ਵਾਲਿਆਂ ਦਾ ਹੱਕ ਮਾਰਦੇ ਹਨ ਅਤੇ ਉਨ੍ਹਾਂ ਤੇ ਜ਼ੁਲਮ ਕਰਦੇ ਹਨ ਅਤੇ ਸ਼ੋਸ਼ਣ ਕਰਦੇ ਹਨ।

ਸਿੰਘਚ ਭੋਜਨੁ ਜੋ ਨਰੁ ਜਾਨੈ॥

ਐਸੇ ਹੀ ਠਗਦੇਉ ਬਖਾਨੈ॥ (485.)

ਅਜਿਹੇ ਲੋਕਾਂ ਲਈ ਕਬੀਰ ਜੀ ਨੇ ਜੋਗੀ ਦੀ ਉਦਾਹਰਨ ਪੇਸ਼ ਕੀਤੀ ਹੈ। ਜੋਗੀ ਨੂੰ ਸੰਬੋਧਿਤ ਹੋ ਕੇ ਕਿਹਾ ਹੈ ਕਿ ਇਹ ਸਾਰੇ ਬਾਹਰਲੇ ਭੇਖਾਂ ਵਿਚ ਕੁਝ ਨਹੀਂ ਹੈ ਅੰਦਰੂਨੀ ਸੁੱਚ ਨਾਲ ਹੀ ਮਨੁੱਖ ਪਾਰ ਉਤਰ ਸਕਦਾ ਹੈ।

ਡੰਡਾ ਮੁੰਦ੍ਰਾ ਖਿੰਥਾ ਆਧਾਰੀ॥ ਭ੍ਰਮ ਕੈ ਭਾਇ ਭਵੈ ਭੇਖਧਾਰੀ॥ (856.)

ਮਨੁੱਖ ਕਿਸ ਗੱਲ ਦੀ ਆਕੜ ਕਰਦਾ ਹੈ। ਜੇਕਰ ਚਾਰ ਪੈਸੇ ਕੋਲ ਆ ਗਏ ਹਨ ਜਾਂ ਜਾਇਦਾਦ ਬਣਾ ਲਈ ਹੈ। ਇਹ ਚਾਰ ਦਿਨ ਦੀ ਸਰਦਾਰੀ ਹੈ ਕਿਉਂਕਿ ਇਨ੍ਹਾਂ ਪਦਾਰਥਾਂ ਨੇ ਤੇਰਾ ਸਾਥ ਨਹੀਂ ਦੇਣਾ ਸਭ ਇੱਥੇ ਹੀ ਰਹਿ ਜਾਵੇਗਾ। ਇਹ ਧਨ ਨਾ ਤਾਂ ਕੋਈ ਨਾਲ ਲੈ ਕੇ ਆਇਆ ਹੈ ਅਤੇ ਨਾ ਹੀ ਇਹ ਕਿਸੇ ਨਾਲ ਜਾਂਦਾ ਹੈ। ਇਸ ਲਈ ਕਿਸ ਚੀਜ਼ ਦਾ ਹੰਕਾਰ ਕਰ ਰਿਹਾ ਹੈ। ਇੱਥੇ ਰਾਵਣ ਵਰਗੇ ਛੱਤ੍ਰਪਤੀ ਰਾਜੇ ਖ਼ਾਲੀ ਹੱਥ ਚਲੇ ਗਏ ਹਨ।

ਕਹਾ ਨਰ ਗਰਬਸਿ ਥੋਰੀ ਬਾਤ॥

ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ॥੧॥ਰਹਾਉ॥

ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਾਰਾਤ॥

ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ॥੧॥

ਨਾ ਕੋਉ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ॥

ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ॥੨॥ (1251.)

ਧਨ ਦੇ ਮੋਹ ਬਾਰੇ ਕਬੀਰ ਜੀ ਨੇ ਕਿਹਾ ਹੈ ਕਿ ਮਰਨ ਕਿਨਾਰੇ ਪਹੁੰਚ ਕੇ ਵੀ ਮਨੁੱਖ ਆਪਣੇ ਪਰਿਵਾਰ ਨੂੰ ਸੈਨਤਾਂ ਨਾਲ ਛੁਪਾਏ ਹੋਏ ਧਨ ਬਾਰੇ ਦੱਸਣ ਲਈ ਯਤਨਸ਼ੀਲ ਰਹਿੰਦਾ ਹੈ।

ਕਬੀਰ ਹੰਸ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ॥

ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ॥ (1370.)

ਭਗਤ ਬਾਣੀ ਵਿਚ ਮਨੁੱਖ ਨੂੰ ਮਿੱਟੀ ਦਾ ਪੁਤਲਾ ਦੱਸਿਆ ਗਿਆ ਹੈ। ਇਹ ਸਾਰਾ ਜੀਵਨ ਕਿਸ ਤਰ੍ਹਾਂ ਲਾਲਚ ਵਿਚ ਦੌੜਦਾ ਫਿਰਦਾ ਹੈ। ਜੇਕਰ ਕੋਲ ਚਾਰ ਪੈਸੇ ਆ ਜਾਂਦੇ ਹਨ ਤਾਂ ਹੰਕਾਰ ਵਿਚ ਆ ਜਾਂਦਾ ਹੈ ਅਤੇ ਜਦੋਂ ਕੁਝ ਖੁੱਸ ਜਾਂਦਾ ਹੈ ਤਾਂ ਰੋਣ ਲੱਗਦਾ ਹੈ।

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥

ਮਾਇਆ ਗਈ ਤਬ ਰੋਵਨ ਲਗਤੁ ਹੈ॥ (487.)

ਅਜਿਹੇ ਜੀਵ ਦੀ ਹਾਲਤ ਬਾਰੇ ਭਗਤ ਤ੍ਰਿਲੋਚਨ ਜੀ ਦਾ ਕਥਨ ਹੈ। ਜੋ ਮਨੁੱਖ ਮਰਨ ਸਮੇਂ ਧਨ ਨੂੰ ਚਿਤਵਦਾ ਹੈ ਉਹ ਸੱਪ ਦੀ ਜੂਨ ਵਿਚ ਪੈਂਦਾ ਹੈ। ਇਸ ਦੁਆਰਾ ਆਪ ਜੀ ਧਨ ਦਾ ਮੋਹ ਤਿਆਗ ਕੇ ਸਬਰ ਸੰਤੋਖ ਭਰਿਆ ਜੀਵਨ ਜੀਣ ਦਾ ਸੰਦੇਸ਼ ਦਿੰਦੇ ਹਨ।

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

ਸਰਪ ਜੋਨਿ ਵਲਿ ਵਲਿ ਅਉਤਰੈ॥ (526.)

ਭਗਤ ਬਾਣੀ ਦੇ ਗਿਆਨ ਸ਼ਾਸਤਰੀ ਪਰਿਪੇਖ ਨੂੰ ਸਮਝਣ ਲਈ ਇਸ ਨੂੰ ਵੱਖ-ਵੱਖ ਕਸੌਟੀਆਂ ਦੁਆਰਾ ਪਰਖ ਪੜਚੋਲ ਦੇ ਦਾਇਰੇ ਵਿਚ ਲਿਆਂਦਾ ਗਿਆ ਹੈ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਸਮਾਜ ਸਭਿਆਚਾਰਕ ਸੰਦਰਭ ਵਿਚ ਅੰਤਰ-ਪਰੰਪਰਾਵਾਂ ਦੇ ਸੰਵਾਦ ਦੁਆਰਾ ਭਗਤ ਬਾਣੀ ਦਾ ਪੈਂਤੜਾ ਸਮਾਜ ਵਿਚ ਰਹਿੰਦਿਆਂ ਹੋਇਆਂ ਸਮਾਜ

ਅਤੇ ਸਭਿਆਚਾਰ ਪ੍ਰਤੀ ਜ਼ਿੰਮੇਵਾਰੀਆਂ ਦੀ ਪੂਰਤੀ ਕਰਨ ਦਾ ਅਹਿਦ ਕਰਨ ਦਾ ਹੈ। ਭਾਰਤੀ ਪਰੰਪਰਾਵਾਂ ਵਿਚ ਆਸਤਿਕ ਅਤੇ ਨਾਸਤਿਕ ਦੇ ਨਾਲ-ਨਾਲ ਅੰਤਿਮ ਸੱਚ ਦੀ ਪ੍ਰਾਪਤੀ ਲਈ ਤਿਆਗ ਕਰਨ ਦੀ ਰੁਚੀ ਵੀ ਭਾਰੂ ਸੀ ਅਤੇ ਪ੍ਰਮਾਤਮਾ ਦੀ ਹੋਂਦ ਅਤੇ ਪਦਾਰਥਵਾਦੀ ਰੁਚੀ ਵਾਲੀਆਂ ਪਰੰਪਰਾਵਾਂ ਕਾਰਜਸ਼ੀਲ ਰਹੀਆਂ ਹਨ। ਭਗਤ ਬਾਣੀ ਇਸ ਗੱਲ ਤੋਂ ਵਿਲੱਖਣ ਹੈ ਕਿ ਇਹ ਦੋਨੋ ਤਰ੍ਹਾਂ ਦੀਆਂ ਪਰੰਪਰਾਵਾਂ ਵਿਚਲੇ ਸੰਕਲਪਾਂ ਪ੍ਰਤੀ ਸੰਤੁਲਿਤ ਪਹੁੰਚ ਦੀ ਧਾਰਨੀ ਹੈ। ਜਿਸ ਦੁਆਰਾ ਸਹਿਹੋਂਦ, ਪਰਸਪਰ ਸਹਿਯੋਗ, ਸਹਿਚਾਰ ਦੀਆਂ ਭਾਵਨਾਵਾਂ ਦਾ ਸੰਚਾਰ ਕਰ ਕੇ ਮਨੁੱਖਤਾ ਆਪਣੀ ਹੋਂਦ ਬਚਾ ਸਕਦੀ ਹੈ। ਦੂਸਰੀ ਬਹੁਸੱਭਿਆਚਾਰ ਵਿਚ ਅੰਤਰ-ਧਰਮ ਸੰਵਾਦ ਦੀ ਰੁਚੀ ਉੱਤਰ-ਆਧੁਨਿਕਤਾ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਇਸ ਦੁਆਰਾ ਆਪਸੀ ਭਾਈਚਾਰਾ ਅਤੇ ਆਪਣੇ ਛੋਟੇ ਸਵਾਰਥਾਂ ਦੀ ਪੂਰਤੀ ਲਈ ਬੁਰਾਈ ਦੇ ਰਸਤਿਆਂ ਤੇ ਚੱਲਣ ਦੀ ਭਾਵਨਾ ਦਾ ਤਿਆਗ ਕਰ ਕੇ ਇਕ ਸਮਭਾਵ ਵਾਲਾ ਮਾਹੌਲ ਤਿਆਰ ਕੀਤਾ ਜਾ ਸਕਦਾ ਹੈ। ਭਗਤ ਬਾਣੀ ਇਸੇ ਸੰਵਾਦ ਦੇ ਮਾਧਿਅਮ ਨੂੰ ਅਪਣਾ ਕੇ ਆਪਣਾ ਗਿਆਨ ਪ੍ਰਬੰਧ ਸਿਰਜਦੀ ਹੈ। ਸੰਵਾਦ ਦੀ ਸਭ ਤੋਂ ਵੱਡੀ ਉਦਾਹਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਪ੍ਰਵਚਨ ਹੈ। ਡਾ. ਸਰਬਜਿੰਦਰ ਸਿੰਘ ਜੀ ਨੇ ਇਕ ਮੁਲਾਕਾਤ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਇਸ ਹਵਾਲੇ ਨਾਲ ਸਾਹਮਣੇ ਆਉਂਦੀ ਹੈ ਕਿ ਪੱਛਮ ਤੋਂ ਬਾਬਾ ਫਰੀਦ ਜੀ ਦੀ ਰਚਨਾ ਇਸ ਦਾ ਹਿੱਸਾ ਹੈ ਅਤੇ ਪੂਰਬ ਤੋਂ ਭਗਤ ਜੈ ਦੇਵ ਜੀ ਦੀ ਰਚਨਾ ਵੀ ਇਸ ਵਿਚ ਸ਼ਾਮਿਲ ਹੈ। ਹੁਣ ਵੇਖਣ ਵਾਲੀ ਗੱਲ ਹੈ ਕਿ ਬਾਬਾ ਫਰੀਦ ਜੀ ਮੁਸਲਮਾਨ ਹਨ ਅਤੇ ਜੈ ਦੇਵ ਜੀ ਉਨ੍ਹਾਂ ਲਈ ਕਾਫਿਰ ਹਨ ਅਤੇ ਜੈ ਦੇਵ ਜੀ ਹਿੰਦੂ ਬ੍ਰਾਹਮਣ ਹਨ ਇਸ ਲਈ ਬਾਬਾ ਫਰੀਦ ਉਨ੍ਹਾਂ ਲਈ ਮਲੇਛ ਹਨ। ਪਰ ਕਮਾਲ ਦੀ ਗੱਲ ਇਹ ਹੈ ਕਿ ਦੋਵਾਂ ਦੇ ਵਿਚਾਰ ਇੱਕੋ ਗ੍ਰੰਥ ਵਿਚ ਇਕ ਦੂਜੇ ਦੇ ਸਮਵਿੱਥ ਦਰਜ ਹਨ। ਇਹ ਸਭ ਤੋ ਵਿਲੱਖਣ ਗੱਲ ਹੈ ਅਤੇ ਇਸ ਤੋਂ ਵੱਡੀ ਸੰਵਾਦ ਦੀ ਮਿਸਾਲ ਮਿਲਣੀ ਦੁਰਲੱਭ ਹੈ। ਤੀਸਰਾ ਅਧਿਆਤਮਿਕਤਾ ਦੇ ਸੰਦਰਭ ਜਿਸ ਵਿਚ ਕਰਮ, ਰਹੱਸਵਾਦ, ਸ੍ਰਿਸ਼ਟੀ, ਰੱਬ ਅਤੇ ਆਤਮਾ ਦਾ ਸੰਕਲਪ ਆ ਜਾਂਦੇ ਹਨ। ਇਸ ਸਬੰਧੀ ਭਗਤ ਬਾਣੀ ਵਿਲੱਖਣ ਢੰਗ ਨਾਲ ਸੰਵਾਦ ਰਚਾਉਂਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਨ੍ਹਾਂ ਸਾਰੇ ਸੰਕਲਪਾਂ ਨੂੰ ਸਮਝਣ ਲਈ ਭਗਤ ਬਾਣੀ ਮਾਡਲ ਪ੍ਰਸਤੁਤ ਕਰਦੀ ਹੈ। ਜਿਸ

ਦੁਆਰਾ ਮਨੁੱਖ ਕੀ ਹੈ? ਇਸ ਦਾ ਸਮੁੱਚੀ ਸ੍ਰਿਸ਼ਟੀ ਅਤੇ ਇਸ ਦੇ ਵਰਤਾਰਿਆਂ ਨਾਲ ਕੀ ਸਬੰਧ ਹੈ? ਅਜਿਹੇ ਪ੍ਰਸ਼ਨਾਂ ਦਾ ਉੱਤਰ ਭਗਤ ਬਾਣੀ ਦੇ ਪ੍ਰਵਚਨ ਵਿਚੋਂ ਪ੍ਰਾਪਤ ਹੁੰਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਕੁਦਰਤ ਨਾਲ ਮਨੁੱਖੀ ਛੇੜਛਾੜ ਦਾ ਮਸਲਾ ਸਭ ਤੋਂ ਪ੍ਰਮੁੱਖਤਾ ਨਾਲ ਪੇਸ਼ ਹੋ ਰਿਹਾ ਹੈ। ਮਨੁੱਖ ਦੀ ਲਾਲਚੀ ਪ੍ਰਵਿਰਤੀ ਕਾਰਨ ਕੁਦਰਤੀ ਸਾਧਨਾ ਦੀ ਦੁਰਵਰਤੋਂ ਨਾਲ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਜਿਸ ਦਾ ਖ਼ਮਿਆਜ਼ਾ ਭੁਗਤਣਾ ਬਹੁਤ ਭਾਰੀ ਪਵੇਗਾ। ਅਖੀਰ ਵਿਚ ਨੈਤਿਕ ਵਿਧਾਨ ਦੀ ਚਰਚਾ ਭਗਤ ਬਾਣੀ ਵਿਚਲੇ ਪ੍ਰਸੰਗ ਤੋਂ ਕਰਕੇ ਇਹ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਮਨੁੱਖ ਲਈ ਸੁਝਾਏ ਮਾਡਲ ਦੀ ਉਪਯੋਗਤਾ ਉਪਰੋਕਤ ਸਾਰੇ ਸੰਕਲਪਾਂ ਦੀ ਪ੍ਰਾਪਤੀ ਲਈ ਕਿਸ ਪ੍ਰਕਾਰ ਸਾਰਥਿਕ ਹੋ ਸਕਦੀ ਹੈ। ਇਸ ਮਾਡਲ ਦੁਆਰਾ ਪੈਦਾ ਹੋਇਆ ਸਦਾਚਾਰ ਦਾ ਆਦਰਸ਼ ਵਿਭਿੰਨ ਇਕਾਈਆਂ ਵਿਚਲੀ ਏਕਤਾ ਦੇ ਸੂਤਰ ਦੁਆਰਾ ਇਕ ਅਜਿਹੇ ਸਮਾਜ ਦੇ ਨਿਰਮਾਣ ਵਿਚ ਸਹਾਈ ਹੋ ਸਕਦਾ ਹੈ ਜਿਸ ਨਾਲ ਸਮੁੱਚੀ ਮਨੁੱਖਤਾ ਦਾ ਭਲਾ ਹੋਣਾ ਨਿਸ਼ਚਿਤ ਹੈ। ਇਸ ਸਭ ਦੁਆਰਾ ਅਸੀਂ ਇਨ੍ਹਾਂ ਨਤੀਜਿਆਂ ਤੇ ਪੁੱਜਦੇ ਹਾਂ ਕਿ ਭਗਤ ਬਾਣੀ ਆਪਣੇ ਤੋਂ ਪੂਰਵ-ਕਾਲੀ ਅਤੇ ਸਮਕਾਲੀ ਸਥਿਤੀਆਂ ਪ੍ਰਤੀ ਸੰਵਾਦਮੁਖੱਤਾ ਦਾ ਰਸਤਾ ਅਪਣਾਉਂਦੀ ਹੈ। ਇਹ ਰਚਨਾ ਕੇਵਲ ਇਸ ਵਿਚਲੀਆਂ ਗ਼ਲਤ ਧਾਰਨਾਵਾਂ ਨੂੰ ਰੱਦਣ ਦਾ ਕਾਰਜ ਨਹੀਂ ਕਰਦੀ ਬਲਕਿ ਇਨ੍ਹਾਂ ਧਾਰਨਾਵਾਂ ਨੂੰ ਸਹੀ ਸੰਦਰਭ ਵਿਚ ਪੇਸ਼ ਕਰਨ ਦਾ ਕਾਰਜ ਕਰਦੀ ਹੈ। ਅੱਜ ਦਾ ਸਮਾਂ ਵਿਸ਼ਵੀਕਰਨ ਦਾ ਯੁੱਗ ਹੈ। ਇਸ ਵਿਚਲੇ ਬਹੁਸੱਭਿਆਚਾਰ ਨਾਲ ਵਿਗਿਆਨ ਤਕਨਾਲੋਜੀ ਦੁਆਰਾ ਹਰ ਇਕ ਵਿਅਕਤੀ ਜੁੜਦਾ ਹੈ। ਇਸ ਕਾਰਨ ਅੱਜ ਬਹੁ ਸੱਭਿਆਚਾਰਕ ਸਮਾਜ ਵਿਚ ਧਰਮਾਂ ਦੇ ਨਾਮ ਤੇ ਪੂਰੀ ਦੁਨੀਆਂ ਵਿਚ ਆਤੰਕ ਫੈਲਾਉਣ ਦਾ ਕਾਰਜ ਕੀਤਾ ਜਾ ਰਿਹਾ ਹੈ। ਪੂਰੀ ਦੁਨੀਆਂ ਅੰਦਰ ਇਕ ਦੂਜੇ ਦੇ ਧਰਮ ਪ੍ਰਤੀ ਅਸਹਿਣਸ਼ੀਲਤਾ ਵਾਲਾ ਮਾਹੌਲ ਬਣਿਆ ਹੋਇਆ ਹੈ। ਭਗਤ ਬਾਣੀ ਇਸ ਸਭ ਨੂੰ ਸਹੀ ਪਰਿਪੇਖ ਵਿਚ ਸਮਝਣ ਵਿਚ ਇਕ ਮਹੱਤਵਪੂਰਨ ਰਚਨਾ ਹੋ ਸਕਦੀ ਹੈ। ਇਸ ਰਚਨਾ ਵਿਚਲੇ 15 ਕਵੀ ਵੱਖ-ਵੱਖ ਇਲਾਕਿਆਂ ਅਤੇ ਵਿਸ਼ਵਾਸਾਂ ਕਰਕੇ ਅਲੱਗ ਹਨ ਪਰੰਤੂ ਇਸ ਵਿਚਲੇ ਸੰਦੇਸ਼ ਸਾਰੀ ਮਨੁੱਖਤਾ ਲਈ ਉਪਯੋਗੀ ਹਨ। ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਇਨ੍ਹਾਂ ਸਾਰੇ ਕਵੀਆਂ

ਦੀ ਰਚਨਾ ਨੂੰ ਸਮਾਨ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ ਗਿਆ ਹੈ। ਡਾ. ਗੁਰਭਗਤ ਸਿੰਘ ਦੇ ਸ਼ਬਦਾਂ ਵਿਚ :-

> ਗੁਰੂ ਗ੍ਰੰਥ ਸਾਹਿਬ ਵਿੱਚੋਂ ਸੰਵਾਦ ਦੇ ਮਹੱਤਵ ਨੂੰ ਦਰਸਾਉਂਦੀਆਂ ਨਿਮਨ ਲਿਖਤ ਵਿਸ਼ੇਸ਼ਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ; ਦੂਜੇ ਧਰਮਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਵਿਅਕਤੀਆਂ ਦੀ ਹੋਂਦ ਨੂੰ ਪ੍ਰਵਾਨ ਕਰਨਾ। ਹਉਮੈ ਤੇ ਕਾਬੂ ਅਤੇ ਮਨ ਵਿਚ ਸਹਿਜ ਭਾਵਨਾਵਾਂ ਦਾ ਵਿਕਾਸ ਕਰਨਾ। ਕਿਛੁ ਸੁਣੀਐ ਕਿਛੁ ਕਹੀਐ ਦੀ ਭਾਵਨਾ ਅਨੁਸਾਰ ਦੂਜਿਆਂ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਪ੍ਰਦਾਨ ਕਰਨਾ। ਵਾਦ-ਵਿਵਾਦ ਅਤੇ ਵੈਰ-ਵਿਰੋਧ ਦੀ ਭਾਵਨਾ ਘੱਟ ਕਰਨਾ। ਦੂਜੇ ਧਰਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਉਜਾਗਰ ਕਰਨਾ। ਪ੍ਰੇਮ ਅਤੇ ਭਾਈਚਾਰੇ ਨਾਲ ਸੰਬੰਧਿਤ ਸਦਗੁਣਾ ਦਾ ਵਿਕਾਸ ਕਰਨਾ। ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ਦੀ ਭਾਵਨਾ ਅਨੁਸਾਰ ਸ਼ੁੱਭ ਗੁਣ ਗ੍ਰਹਿਣ ਕਰਨ ਦੀ ਰੁਚੀ ਪੈਦਾ ਕਰਨਾ। ਖੋਜੀ ਉਪਜੈ ਬਾਦੀ ਬਿਨਸੈ ਅਨੁਸਾਰ ਗਿਆਨ ਦਾ ਪ੍ਰਗਟਾਵਾ ਅਤੇ ਅਗਿਆਨਤਾ ਦਾ ਨਾਸ ਕਰਨ ਦਾ ਯਤਨ ਕਰਨਾ। ਗਿਆਨ ਹਾਸਲ ਕਰਨ ਦੀ ਪ੍ਰਵਿਰਤੀ ਉਜਾਗਰ ਕਰਨਾ। (*ਵਿਸਮਾਦੀ ਪੂੰਜੀ ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ* 11.)

ਇਸ ਵਿਚਲੇ ਸੰਕਲਪ ਅੰਤਰ ਧਰਮ ਸੰਵਾਦ ਲਈ ਇਕ ਮਜ਼ਬੂਤ ਆਧਾਰ ਸੁਝਾਉਂਦੇ ਹਨ। ਇਸ ਰਚਨਾ ਵਿਚ ਪ੍ਰਸਤੁਤ ਕਰਮ, ਰਹੱਸਵਾਦ, ਸ੍ਰਿਸਟੀ, ਰੱਬ ਅਤੇ ਆਤਮਾ ਦੇ ਸੰਕਲਪ ਸਮੁੱਚੀ ਮਨੁੱਖਤਾ ਨੂੰ ਇਕ ਸੂਤਰ ਵਿਚ ਬੰਨ੍ਹਣ ਦਾ ਕਾਰਜ ਕਰਦੇ ਹਨ। ਕਰਮ ਦਾ ਸਿਧਾਂਤ ਨਿਰਲੇਪਤਾ ਦੇ ਆਧਾਰ ਦੀ ਗੱਲ ਕਰਦਾ ਹੈ। ਰਹੱਸਵਾਦ ਅੱਜ ਦੇ ਸਮੇਂ ਵਿਚ ਕੁਆਂਤਮ ਫਿਜ਼ਿਕਸ ਦੀਆਂ ਧਾਰਨਾਵਾਂ ਦੇ ਆਧਾਰ ਤੇ ਭਗਤ ਬਾਣੀ ਵਿਚਲੇ ਵੇਰਵਿਆਂ ਦੁਆਰਾ ਸਹੀ ਸੇਧ ਦੇ ਸਕਦਾ ਹੈ। ਇਸ ਵਿਚਲਾ ਸ੍ਰਿਸਟੀ ਦਾ ਸੰਕਲਪ ਸਭ ਦੀ ਏਕਤਾ ਸਥਾਪਿਤ ਕਰਦਾ ਹੈ। ਰੱਬ ਬਹੁਵਚਨੀ ਸੁਰ ਦਾ ਧਾਰਨੀ ਹੋਣ ਅਤੇ ਆਤਮਾ ਨੂੰ ਤੱਤ ਰੂਪ ਵਿਚ ਸਮਝਿਆ ਗਿਆ ਹੈ। ਇਸੇ ਤਰ੍ਹਾਂ ਕੁਦਰਤ ਦੀ ਵਿਰਾਟਸ਼ੀਲਤਾ ਨੂੰ ਸਥਾਪਿਤ ਕਰਦਿਆਂ ਨੈਤਿਕਤਾ ਦੇ ਸੰਕਲਪ ਦੁਆਰਾ ਅਜੋਕੇ ਸੰਸਾਰ ਦੇ ਸਨਮੁੱਖ ਸਮੱਸਿਆਵਾਂ ਦੇ

ਹੱਲ ਸਬੰਧੀ ਸੇਧ ਦਿੱਤੀ ਗਈ ਹੈ ਜਿਸ ਨਾਲ ਮਨੁੱਖਤਾ, ਸਮਾਜ ਅਤੇ ਸੰਸਾਰ ਪ੍ਰਤੀ ਨਿਵੇਕਲੀ ਪਹੁੰਚ ਅਪਨਾਉਣ ਦਾ ਮਾਰਗ ਸਹਿਜੇ ਹੀ ਭਗਤ ਬਾਣੀ ਦੇ ਪ੍ਰਵਚਨ ਵਿਚੋਂ ਸਮਝਿਆ ਜਾ ਸਕਦਾ ਹੈ। ਉੱਤਰ-ਆਧੁਨਿਕ ਪ੍ਰਸੰਗ ਵਿਚ ਇਸ ਰਚਨਾ ਵਿਚੋਂ ਪੂਰੇ ਸੰਸਾਰ ਪ੍ਰਤੀ ਸੰਤੁਲਿਤ ਸੇਧ ਪ੍ਰਾਪਤ ਕੀਤੀ ਜਾ ਸਕਦੀ ਹੈ।

# ਅਧਿਆਇ ਪੰਜਵਾਂ

## ਭਗਤ ਬਾਣੀ ਵਿਚ ਪ੍ਰਸਤੁਤ ਸਾਹਿਤਿਕਤਾ

**5.1. ਉੱਤਰ-ਆਧੁਨਿਕ ਪਰਿਪੇਖ ਵਿਚ ਕਲਾ ਸਾਹਿਤ ਦੀ ਸਾਰਥਕਤਾ**

**5.2. ਭਗਤ ਬਾਣੀ ਦੀ ਬਹੁਅਰਥੀ ਭਾਸ਼ਾਈ ਸਮਰੱਥਾ**

**5.3. ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਦੀ ਬਹੁਰੂਪੀ ਸਾਹਿਤਿਕ ਸਮਰੱਥਾ**

# ਅਧਿਆਇ ਪੰਜਵਾਂ

## ਭਗਤ ਬਾਣੀ ਵਿਚ ਪ੍ਰਸਤੁਤ ਸਾਹਿਤਿਕਤਾ

ਪਿਛਲੇ ਅਧਿਆਵਾਂ ਵਿਚ ਅਸੀਂ ਭਗਤ ਬਾਣੀ ਦੇ ਉੱਤਰ-ਆਧੁਨਿਕ ਪਰਿਪੇਖ ਨੂੰ ਸਮਝਣ ਹਿਤ ਕ੍ਰਮਵਾਰ ਸਿਧਾਂਤਕ ਪਿੱਠ-ਭੂਮੀ ਤੋ ਲੈ ਕੇ ਉੱਤਰ-ਆਧੁਨਿਕਤਾ ਦੇ ਪ੍ਰਮੁੱਖ ਸੰਕਲਪਾਂ ਦੀ ਭਗਤ ਬਾਣੀ ਵਿਚਲੇ ਸੰਦਰਭਾਂ ਵਿਚ ਵਿਆਖਿਆ ਕਰਕੇ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ ਤੋਂ ਲੈ ਕੇ ਭਗਤ ਬਾਣੀ ਦੇ ਗਿਆਨ ਸ਼ਾਸਤਰੀ ਪਰਿਪੇਖ ਨੂੰ ਅਧਿਐਨ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਹੁਣ ਤੱਕ ਦੀ ਚਰਚਾ ਵਿਚ ਭਗਤ ਬਾਣੀ ਦੀ ਬਹੁਪਰਤੀ ਵਿਲੱਖਣਤਾ ਉੱਭਰਵੇਂ ਰੂਪ ਵਿਚ ਸਾਹਮਣੇ ਆਈ ਹੈ। ਭਗਤ ਬਾਣੀ ਦੀ ਇਹੋ ਵਿਲੱਖਣਤਾ ਇਸ ਨੂੰ ਉੱਤਰ-ਆਧੁਨਿਕ ਸਥਿਤੀ ਦੀ ਮਹੱਤਵਪੂਰਨ ਟੈਕਸਟ ਬਣਾਉਂਦੀ ਹੈ। ਭਗਤ ਬਾਣੀ ਵਿਚਲਾ ਭਾਸ਼ਾ ਸੰਸਾਰ ਆਪਣੇ ਆਪ ਵਿਚ ਵਿਲੱਖਣ ਅਤੇ ਬਹੁਰੂਪੀ ਅਰਥ ਸੰਸਾਰ ਸਿਰਜਦਾ ਹੈ। ਇਹ ਭਾਸ਼ਾਈ ਵਿਭਿੰਨਤਾ ਦੇ ਨਜ਼ਰੀਏ ਤੋਂ ਅਜਿਹੀ ਰਚਨਾ ਹੈ, ਜਿਸ ਅੰਦਰ ਭਾਰਤ ਦੇ ਵਿਭਿੰਨ ਇਲਾਕਿਆਂ ਦੀਆਂ ਭਾਸ਼ਾਵਾਂ ਦਾ ਗੁਲਦਸਤਾ ਹੈ।"ਵੱਖੋ-ਵੱਖ ਪ੍ਰਾਂਤਾਂ ਵਿਚ ਰਹਿਣ ਵਾਲੇ ਸੰਤ-ਭਗਤ ਇਕੋ ਹੀ ਰਾਸ਼ਟਰ ਦੀ ਉਪਜ ਸਨ। ਉਹ ਸਾਰੇ ਹੀ ਇਕ ਸੁਰ ਇਕੋ ਰੱਬ ਦੇ ਸੋਹਲੇ ਗਾਉਂਦੇ ਸਨ। ਸਾਰਿਆਂ ਦੀ ਮੂਲ ਟੇਕ ਇਕੋ ਹੀ ਸੀ। ਕੋਈ ਉਸ ਨੂੰ ਖ਼ੁਦਾ ਕਹਿ ਰਿਹਾ ਸੀ, ਕੋਈ ਗੁਸਾਂਈ, ਕੋਈ ਰਾਮ, ਕੋਈ ਕ੍ਰਿਸ਼ਨ, ਕੋਈ ਰਹੀਮ ਤੇ ਕੋਈ ਦਿਆਲੂ ਕਹਿ ਰਿਹਾ ਸੀ। ਉਨ੍ਹਾਂ ਦੀ ਮੂਲ ਭਾਵਨਾ ਦੀ ਕਦਰ ਕਰਦੇ ਹੋਏ ਹੀ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਤਰ੍ਹਾਂ ਸਾਰੇ ਖੁਦਾ-ਪ੍ਰਸਤ ਇਕੋ ਗ੍ਰੰਥ ਵਿਚ ਇਕੱਠੇ ਹੋ ਗਏ। ਭਾਰਤੀ ਧਰਮਾਂ ਵਿਚ ਇਕ ਅਜੇਹਾ ਧਰਮ ਉਦੈ ਹੋਇਆ ਜਿਸ ਵਿਚ ਸਰਬ ਸਮਾਨਤਾ ਅਤੇ ਸਰਬ ਸਮਰੂਪਤਾ ਦਾ ਸਥਾਨ ਸਭ ਤੋਂ ਉੱਚਾ ਸੀ।"(ਗਿੱਲ. *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਪੱਖੀ ਚਿੰਤਨ* 43.) ਪ੍ਰਸਤੁਤ ਅਧਿਆਇ ਵਿਚ ਭਾਸ਼ਾਈ ਵਿਭਿੰਨਤਾ ਦੀ ਖ਼ੂਬਸੂਰਤੀ ਅਤੇ ਸਾਹਿਤਿਕ ਗੁਣਾਂ ਦੁਆਰਾ ਸਾਕਾਰ ਅਰਥ ਸੰਚਾਰ ਦੀ ਦ੍ਰਿਸ਼ਟੀ ਤੋਂ ਭਗਤ ਬਾਣੀ ਦੀ ਸਾਹਿਤਿਕਤਾ ਦਾ ਮੁੱਲਾਕਣ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ।

## 5.1. ਉੱਤਰ-ਆਧੁਨਿਕ ਪਰਿਪੇਖ ਵਿਚ ਕਲਾ ਅਤੇ ਸਾਹਿਤ ਦੀ ਸਾਰਥਿਕਤਾ

ਕਲਾ ਵਿਚ ਸਿਨੇਮਾ, ਸੰਗੀਤ, ਚਿੱਤਰਕਲਾ ਆਦਿ ਕਲਾ ਦੇ ਵਿਭਿੰਨ ਰੂਪ ਆ ਜਾਂਦੇ ਹਨ। ਬਾਹਰੋਂ ਵੇਖਣ ਨੂੰ ਭਾਵੇਂ ਇਹ ਵੱਖ-ਵੱਖ ਵਿਧਾਵਾਂ ਦੀ ਸ਼੍ਰੇਣੀ ਵਿਚ ਆ ਜਾਂਦੇ ਹਨ, ਪਰੰਤੂ ਗਹਿਰਾਈ ਨਾਲ ਵਾਚਣ ਤੇ ਪਤਾ ਚੱਲਦਾ ਹੈ ਕਿ ਇਨ੍ਹਾਂ ਕਲਾ-ਰੂਪਾਂ ਦੇ ਕੇਂਦਰ ਵਿਚ ਸੁਹਜ ਹੋਣ ਕਾਰਨ ਸਾਹਿਤ ਇਸ ਦਾ ਮੂਲ ਹੈ। ਡਾ. ਰਾਜਿੰਦਰ ਪਾਲ ਸਿੰਘ ਆਪਣੀ ਪੁਸਤਕ *ਉਤਰ-ਆਧੁਨਿਕਤਾ* ਵਿਚ ਕਲਾ ਅਤੇ ਸਾਹਿਤ ਬਾਰੇ ਵਿਚਾਰ ਦਿੰਦੇ ਹਨ :

> ਉਤਰ-ਆਧੁਨਿਕ ਦੌਰ ਵਿਚ ਸਾਰੇ ਕਲਾ-ਰੂਪ ਹੀ ਬਦਲ ਗਏ ਹਨ ਅਤੇ ਸਾਹਿਤ ਵੀ ਕੋਈ ਅੱਪਵਾਦ ਨਹੀਂ ਹੈ ਅਤੇ ਇਹ ਤਬਦੀਲੀ ਕੇਵਲ ਵਿਸ਼ੇ ਦੀ ਹੀ ਨਹੀਂ ਹੈ ਸਗੋਂ ਰੂਪ ਦੀ ਵੀ ਹੈ। ਕੋਮਲ ਕਲਾਵਾਂ ਦੀ ਗਿਣਤੀ ਤਿੰਨ ਤੋਂ ਪੰਜ, ਪੰਜਾਂ ਤੋਂ ਚੌਹਟ ਅਤੇ ਹੁਣ ਉਤਰ-ਆਧੁਨਿਕ ਦੌਰ ਵਿਚ ਚੌਂਹਟਾਂ ਤੋਂ ਅਣਗਿਣਤ ਹੋ ਗਈ ਹੈ। ਉਤਰ-ਆਧੁਨਿਕ ਕਲਾਵਾਂ ਕਿਸੇ ਇਕ ਇੰਦਰੀ ਦੀ ਥਾਂ ਤੇ ਬਹੁ-ਇੰਦਰਿਆਵੀ ਅਤੇ ਬਹੁ-ਪਾਸਾਰੀ ਹਨ ਅਤੇ ਆਪਣੇ ਹੋਂਦ ਵਿਚ ਆਉਣ ਲਈ ਇਕ ਤੋਂ ਵਧੀਕ ਮਾਧਿਅਮਾਂ ਦਾ ਆਸਰਾ ਲੈਂਦੀਆਂ ਹਨ। ਇਨ੍ਹਾਂ ਕਲਾਵਾਂ ਵਿਚੋਂ ਬਹੁਤੀਆਂ ਦਾ ਆਧਾਰ ਸਾਹਿਤ ਹੀ ਹੈ ਜਿਵੇਂ ਫਿਲਮਾਂ, ਟੀ.ਵੀ.-ਸੀਰੀਅਲ, ਰੇਡੀਓ-ਨਾਟਕ, ਸੰਗੀਤਕ-ਵੀਡੀਓ, ਕੋਰੀਓਗਾਫੀ ਆਦਿ ਦਾ ਮੂਲ ਆਧਾਰ ਸਾਹਿਤ ਹੀ ਹੈ। (97)

ਹਿੰਦੀ ਦੇ ਆਲੋਚਕ ਦੇਵੇਂਦਰ ਇੱਸਰ ਆਪਣੀ ਪੁਸਤਕ '*ਉੱਤਰ-ਆਧੁਨਿਕਤਾ : ਸਾਹਿਤਯ ਔਰ ਸੰਸਕ੍ਰਿਤੀ ਕੀ ਨਈ ਸੋਚ*' ਦੀ ਭੂਮਿਕਾ ਵਿਚ ਇਸ ਤੱਥ ਦਾ ਪ੍ਰਗਟਾਵਾ ਕਰਦੇ ਹੋਏ ਲਿਖਦੇ ਹਨ ਕਿ "ਮਨੁੱਖ ਕਲਾ, ਸਾਹਿਤ ਅਤੇ ਚਿੰਤਨ ਦੇ ਨਵੇਂ ਧਰਾਤਲ ਤਲਾਸ਼ ਕਰੇਗਾ। ਜੇਕਰ ਇਕ ਪਾਸੇ ਰੈਟ੍ਰੋ-ਰਿਵਾਈਵਲ ਅਤੇ ਅਤੀਤ ਦੀਆਂ ਨਵੀਆਂ ਵਿਆਖਿਆਵਾਂ ਹੋਣਗੀਆਂ ਉੱਥੇ ਦੂਸਰੇ ਪਾਸੇ ਭਵਿੱਖ ਦੀ ਪੁਨਰ-ਕਲਪਨਾ ਵੀ ਹੋਵੇਗੀ। ਸਿਰਜਣਾ ਦੇ ਖੇਤਰ ਸੀਮਿਤ ਨਹੀਂ ਵਿਸਤਰਿਤ ਹੋਣਗੇ।"(3) ਇਹ ਤੱਥ ਸਰਵ ਸੰਮਤ ਹੈ ਕਿ ਸਾਹਿਤ ਮਨੁੱਖੀ ਮਨ ਅੰਦਰ ਉੱਠੀਆਂ ਭਾਵਨਾਵਾਂ ਜਾ ਖ਼ਿਆਲਾਂ ਰੂਪੀ ਸੰਵੇਗਾਂ ਨੂੰ ਭਾਸ਼ਾ ਦੇ ਮਾਧਿਅਮ ਰਾਹੀਂ ਦੂਸਰੇ ਵਿਅਕਤੀ ਤੱਕ ਪਹੁੰਚਾਉਣ ਨੂੰ ਕਿਹਾ ਜਾਂਦਾ ਹੈ। ਇਸ

ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਸਾਹਿਤ ਦਾ ਮਾਧਿਅਮ ਸੰਚਾਰ ਹੈ। ਜਦੋਂ ਕੋਈ ਵੀ ਵਿਚਾਰ ਜਾਂ ਖ਼ਿਆਲ ਤਰੰਗ ਰੂਪ ਵਿਚ ਕਿਸੇ ਮਨੁੱਖ ਦੇ ਮਨ ਵਿਚ ਉੱਠਦਾ ਹੈ, ਤਾਂ ਉਹ ਸ਼ਬਦਾਂ ਦਾ ਰੂਪ ਧਾਰਨ ਕਰਦਾ ਹੋਇਆ ਸੁਹਜਮਈ ਢੰਗ ਨਾਲ ਦੂਸਰੇ ਮਨੁੱਖਾਂ ਤੱਕ ਪਹੁੰਚਦਾ ਹੈ। ਇਸ ਦਾ ਮਾਧਿਅਮ ਸ਼ਬਦ ਹਨ। ਸ਼ਬਦਾਂ ਨੂੰ ਸੁਹਜਾਤਮਿਕ ਢੰਗ ਨਾਲ ਪਿਰੋ ਕੇ ਰਚਨਾ ਕਰਨੀ ਸਾਹਿਤਕਾਰ ਦਾ ਕਾਰਜ ਹੈ। ਉਸ ਰਚਨਾ ਨਾਲ ਆਤਮਸਾਤ ਕਰਕੇ ਉਨ੍ਹਾਂ ਸ਼ਬਦ ਰੂਪੀ ਵਲਵਲਿਆਂ ਜਾਂ ਵਿਚਾਰਾਂ ਪ੍ਰਤੀ ਆਕਰਸ਼ਿਤ ਹੋਣਾ, ਇਹ ਪਾਠਕ ਦਾ ਕਾਰਜ ਹੈ।

ਕਲਾ ਦੇ ਵੱਖ-ਵੱਖ ਰੂਪਾਂ ਨੂੰ ਸ਼ੈਲੀ, ਵਿਆਕਰਣ ਅਤੇ ਸੰਚਾਰ ਦਾ ਮਾਧਿਅਮ ਰਾਹੀਂ ਵੱਖ-ਵੱਖ ਕਰਕੇ ਪ੍ਰਗਟਾਇਆ ਜਾਂਦਾ ਹੈ। ਜੇਕਰ ਅਸੀਂ ਵੰਡਣਾ ਚਾਹੀਏ ਤਾਂ ਕਲਾ ਦੇ ਮਾਧਿਅਮ ਨੂੰ ਤਿੰਨ ਆਧਾਰਾਂ ਤੇ ਵੰਡ ਸਕਦੇ ਹਾਂ; ਲੈਅ-ਤਾਲ, ਨ੍ਰਿਤ ਅਤੇ ਉਚਾਰ। ਜੇ ਕਲਾ ਦੇ ਪ੍ਰਗਟਾਵੇ ਦੇ ਕੇਂਦਰ ਵਿਚ ਲੈਅ-ਤਾਲ ਹੈ, ਤਾਂ ਉਹ ਸੰਗੀਤ ਹੈ। ਜੇਕਰ ਉਸਦਾ ਆਧਾਰ ਅਭਿਨੈ ਹੈ, ਤਾਂ ਉਸ ਨੂੰ ਨਾਟਕ ਦੀ ਸ਼੍ਰੇਣੀ ਵਿਚ ਰੱਖਿਆ ਜਾਵੇਗਾ। ਪਰੰਤੂ ਜੇਕਰ ਇਹ ਉਚਾਰ ਆਧਾਰਿਤ ਹੈ, ਤੇ ਇਸ ਦਾ ਮਾਧਿਅਮ ਸ਼ਬਦ ਹੈ, ਤਾਂ ਉਹ ਸਾਹਿਤ ਰੂਪ ਹੈ। ਭਗਤ ਬਾਣੀ ਬ੍ਰਹਿਮੰਡੀ ਅਨੁਭਵ ਹੈ ਜੋ ਸ਼ਬਦ ਦੇ ਮਾਧਿਅਮ ਨਾਲ ਬਹੁਤ ਸਾਰੀਆਂ ਤਹਿਆਂ ਹੇਠਲੇ ਵਿਰੋਧਾਂ ਨੂੰ ਪ੍ਰਗਟ ਕਰਦਾ ਹੋਇਆ ਅਨੇਕਾਂ ਅਰਥ ਸੰਭਾਵਨਾਵਾਂ ਵੱਲ ਨੂੰ ਵਧਦਾ ਹੈ। ਸਾਹਿਤ ਜਿੱਥੇ ਜੀਵਨ ਨਾਲ ਸਬੰਧ ਹੈ, ਉੱਥੇ ਹੀ ਇਹ ਯੁੱਗ ਦੇ ਪਰਿਵਰਤਨ ਨਾਲ ਬਦਲਣਸ਼ੀਲ ਹੋਣ ਦੇ ਬਾਵਜੂਦ ਸੱਭਿਅਤਾ ਦੀ ਅੰਦਰੂਨੀ ਪੇਸ਼ਕਾਰੀ ਕਰਨ ਦੇ ਸਮਰੱਥ ਹੁੰਦਾ ਹੈ। ਇਸ ਤੋਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਉੱਤਮ ਸਾਹਿਤ ਦੀ ਪਛਾਣ, ਇਸ ਦੀ ਹਰ ਯੁੱਗ ਸਥਿਤੀ ਅਨੁਸਾਰ ਸੰਦੇਸ਼ ਸੰਚਾਰਨ ਸਮਰੱਥਾ ਵਿਚ ਹੁੰਦੀ ਹੈ।

ਸਾਹਿਤ ਇਕ ਅਜਿਹਾ ਮਾਧਿਅਮ ਹੈ ਜੋ ਵਿਅਕਤੀ ਦੇ ਜੀਵਨ ਤੋਂ ਲੈ ਕੇ ਯੁੱਗ ਪਰਿਵਰਤਨ ਵਿਚ ਦੀ ਹੁੰਦਾ ਹੋਇਆ, ਸੱਭਿਅਤਾ ਅਤੇ ਸੱਭਿਆਚਾਰ ਦੀਆਂ ਅੰਦਰੂਨੀ ਸੰਰਚਨਾਵਾਂ ਤੱਕ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਸਮਰੱਥਾ ਰੱਖਦਾ ਹੈ। ਪ੍ਰਗਟਾਅ ਜਾਂ ਉਚਾਰ ਸਾਹਿਤ ਦਾ ਕੇਂਦਰੀ ਨੁਕਤਾ ਹੈ। ਜਿਸ ਵਿਚ ਮਨੁੱਖੀ ਮਨ ਦੀ ਅੰਦਰੂਨੀ ਭਾਵਨਾ ਦੀ ਸੁਹਜ ਭਰਪੂਰ ਵਿਆਖਿਆ ਪੇਸ਼ ਕੀਤੀ ਜਾਵੇ ਉਸ ਨੂੰ ਸਾਹਿਤ ਕਹਿ ਸਕਦੇ ਹਾਂ। ਭਾਵਨਾ ਭਰਪੂਰ ਅਜਿਹੇ ਸ਼ਬਦ

ਜੋ ਅਰਥਾਂ ਦੁਆਰਾ ਮਨੁੱਖ ਨੂੰ ਵਾਰ-ਵਾਰ ਆਨੰਦ ਦੇਣ, ਸੁਹਜ ਪੈਦਾ ਕਰਨ ਅਜਿਹੇ ਸ਼ਬਦ ਰੂਪੀ ਵਿਚਾਰਾਂ ਨੂੰ ਸਾਹਿਤ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਹ ਵਿਚਾਰਨ ਵਾਲੀ ਗੱਲ ਹੈ, ਕਿ ਸਿਰਫ਼ ਸ਼ਬਦਾਂ ਦੁਆਰਾ ਪੇਸ਼ ਚਿੱਤਰ ਹੀ ਸਾਹਿਤ ਨਹੀਂ ਹੁੰਦਾ, ਬਲਕਿ ਇਸ ਵਿਚ ਦ੍ਰਿਸ਼ਟੀਕੋਣ ਅਤੇ ਖ਼ਿਆਲ ਵੀ ਮਹੱਤਵਪੂਰਨ ਹੁੰਦੇ ਹਨ। ਸਾਹਿਤ ਸ਼ਬਦ ਆਮ ਤੌਰ ਤੇ ਕਿਸੇ ਵੀ ਲਿਖਿਤ ਸਮੱਗਰੀ ਲਈ ਵਰਤਿਆ ਜਾਂਦਾ ਹੈ। ਸੰਸਕ੍ਰਿਤ ਵਿਚ ਸਾਹਿਤ ਨੂੰ 'ਸਾਹਿਤਯਮ' ਕਿਹਾ ਗਿਆ ਹੈ। ਜਿਸ ਦਾ ਅਰਥ ਹੈ ਸੰਜੋਗ, ਮੇਲ ਜਾਂ ਸਾਥ। ਅੰਗਰੇਜ਼ੀ ਵਿਚ ਲਿਟਰੇਚਰ ਸ਼ਬਦ ਦਾ ਮੂਲ ਲੈਟਰਜ਼ ਤੋਂ ਮੰਨਿਆਂ ਗਿਆ ਹੈ। ਇਸ ਦਾ ਮਤਲਬ ਹੈ ਕਿ ਜੋ ਵੀ ਰਚਨਾ ਅੱਖਰਾਂ ਦੁਆਰਾ ਪੇਸ਼ ਹੁੰਦੀ ਹੈ, ਉਹ ਸਾਹਿਤ ਹੈ। ਜੇਕਰ ਸਾਹਿਤ ਨੂੰ ਵਿਸ਼ੇਸ਼ ਰੂਪ ਵਿਚ ਪਰਿਭਾਸ਼ਿਤ ਕਰੀਏ ਤਾਂ ਜਿਸ ਮਨੁੱਖੀ ਕਲਪਨਾ ਨੂੰ ਖ਼ੂਬਸੂਰਤ ਸ਼ੈਲੀ ਦੁਆਰਾ ਪਾਤਰਾਂ ਰਾਹੀਂ ਪੇਸ਼ ਕੀਤਾ ਜਾਵੇ ਉਸਨੂੰ ਸਾਹਿਤ ਕਿਹਾ ਜਾਂਦਾ ਹੈ। ਬਾਕੀ ਰਚਨਾਵਾਂ ਜਿਵੇਂ ਕਿਸੇ ਵਿਸ਼ੇਸ਼ ਲੋਕਾਂ ਜਾ ਸੱਭਿਆਚਾਰ ਲਈ ਲਿਖੀ ਰਚਨਾ ਨੂੰ ਵੀ ਸਾਹਿਤ ਕਹਿ ਲਿਆ ਜਾਂਦਾ ਹੈ, ਜਿਵੇਂ ਕੰਪਿਊਟਰ ਦਾ ਸਾਹਿਤ, ਵਪਾਰ ਦਾ ਸਾਹਿਤ ਅਤੇ ਵਿਗਿਆਨ ਦਾ ਸਾਹਿਤ ਆਦਿ। ਇਹ ਤੱਥ ਸਰਵ ਸੰਮਤ ਹੈ ਕਿ ਸਾਹਿਤ ਵਿਚ ਭਾਸ਼ਾ ਦਾ ਮਹੱਤਵਪੂਰਨ ਸਥਾਨ ਹੈ। ਭਾਸ਼ਾਈ ਸਮਰੱਥਾ ਹੀ ਕਿਸੇ ਰਚਨਾ ਨੂੰ ਕਲਾਸਿਕ ਕਿਰਤ ਵਜੋਂ ਸਥਾਪਿਤ ਕਰਨ ਵਿਚ ਸਹਾਈ ਹੁੰਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਸਾਹਿਤ ਦੀ ਭੂਮਿਕਾ ਉਸ ਵਿਚਲੀ ਵਿਲੱਖਣਤਾ ਤੇ ਨਿਰਭਰ ਕਰਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਵਿਚਲੀਆਂ ਦਲਿਤ, ਨਾਰੀ, ਆਰਥਿਕ ਪੱਖਾਂ ਦੀ ਪੇਸ਼ਕਾਰੀ ਕਰਦੀਆਂ ਭਾਸ਼ਾਈ ਸੰਰਚਨਾਵਾਂ ਇਸ ਦੇ ਬਹੁਪਰਤੀ ਚਰਿੱਤਰ ਦੀਆਂ ਪ੍ਰਮਾਣ ਹਨ। ਭਾਸ਼ਾ ਸਮਾਜ ਦੀ ਸੰਰਚਨਾ ਦਾ ਹਿੱਸਾ ਹੋਣ ਕਰਕੇ ਇਹ ਖੁਦ ਇਕ ਵਿਚਾਰਧਾਰਾ ਬਣ ਜਾਂਦੀ ਹੈ। ਭਾਸ਼ਾ ਸਾਹਿਤ ਦਾ ਮਾਧਿਅਮ ਹੋਣ ਕਰਕੇ ਇਸ ਵਿਚ ਵਿਚਾਰਧਾਰਾ ਛੁਪੀ ਹੋਈ ਹੁੰਦੀ ਹੈ। ਵਿਚਾਰਧਾਰਾਵਾਂ ਮਾਨਸਿਕ ਪ੍ਰਵਿਰਤੀਆਂ ਹਨ, ਨੇਮਾਂ ਅਤੇ ਸਿਧਾਤਾਂ ਦਾ ਸਮੁੱਚ ਨਹੀਂ। ਇਨ੍ਹਾਂ ਦੁਆਰਾ ਮਨੁੱਖ ਸਮਾਜ ਵਿਚਲੀਆਂ ਵੱਖ-ਵੱਖ ਪ੍ਰਸਥਿਤੀਆਂ ਵਿਚ ਆਪਣਾ ਨਿਰਬਾਹ ਕਰਦਾ ਹੈ। ਮਨੁੱਖ ਦੀਆਂ ਮੂਲਭੂਤ ਲੋੜਾਂ ਦੀ ਪੇਸ਼ਕਾਰੀ ਭਗਤ ਧੰਨਾ ਜੀ ਦੇ ਸ਼ਬਦ ਵਿਚ ਸਾਹਮਣੇ ਆਉਂਦੀ ਹੈ।

ਦਾਲਿ ਸੀਧਾ ਮਾਗਉ ਘੀਉ॥

ਹਮਰਾ ਖੁਸੀ ਕਰੈ ਨਿਤ ਜੀਉ॥

ਪਨੑੀਆ ਛਾਦਨੁ ਨੀਕਾ॥

ਅਨਾਜੁ ਮਗਉ ਸਤ ਸੀ ਕਾ॥

ਗਊ ਭੈਸ ਮਗਉ ਲਾਵੇਰੀ॥

ਇਕ ਤਾਜਨਿ ਤੁਰੀ ਚੰਗੇਰੀ॥

ਘਰ ਕੀ ਗੀਹਨਿ ਚੰਗੀ॥

ਜਨੁ ਧੰਨਾ ਲੇਵੈ ਮੰਗੀ॥ (695.)

ਸਾਹਿਤ ਇਕ ਅਜਿਹਾ ਵਰਤਾਰਾ ਹੈ ਜੋ ਲਿਖਤੀ ਰੂਪ ਵਿਚ ਖ਼ੂਬਸੂਰਤੀ ਦੇ ਧਰਾਤਲ ਤੇ ਭਾਵਾਂ ਦੀ ਸੁਹਜਮਈ ਪੇਸ਼ਕਾਰੀ ਕਿਹਾ ਜਾ ਸਕਦਾ ਹੈ। ਸੁਹਜ ਹੀ ਸਾਹਿਤ ਨੂੰ ਬਾਕੀ ਸਾਰੇ ਪ੍ਰਕਾਰ ਦੀਆਂ ਲਿਖਤਾਂ ਤੋਂ ਵੱਖਰਿਆਉਂਦਾ ਹੈ। ਸੁੰਦਰਤਾ ਦਾ ਸਿਧਾਂਤ ਨਿਰਧਾਰਿਤ ਕਰਨ ਲਈ ਦਰਸ਼ਨ ਵਿਚ ਸੁਹਜ ਇਕ ਸ਼ਾਖਾ ਹੈ। ਇਸ ਨਾਲ ਹੀ ਕਿਸੇ ਵੀ ਕਲਾ ਦੇ ਖੇਤਰ ਵਿਚ ਸੁੰਦਰਤਾ ਦੇ ਮਾਨਕ ਨਿਯਤ ਕੀਤੇ ਜਾਂਦੇ ਹਨ। ਪਲੈਟੋ ਅਤੇ ਅਰਸਤੂ ਦਾ ਮੰਨਣਾ ਹੈ ਕਿ ਸੁੰਦਰਤਾ ਹਰ ਕਲਾ ਦੇ ਅੰਦਰ ਨਿਵਾਸ ਕਰਦੀ ਹੈ। ਪਰੰਤੂ ਕੁੱਝ ਵਿਦਵਾਨਾਂ ਦੁਆਰਾ ਸੁੰਦਰਤਾ ਨੂੰ ਵੇਖਣ ਵਾਲੇ ਦੀਆਂ ਅੱਖਾਂ ਵਿਚ ਦੱਸਿਆ ਗਿਆ ਹੈ। ਸਾਹਿਤ ਨੂੰ ਸਮਝਣ ਲਈ ਤਿੰਨ ਆਧਾਰਾਂ ਤੇ ਵੰਡਿਆ ਜਾ ਸਕਦਾ ਹੈ, ਪਹਿਲਾ ਸਾਹਿਤ ਕੀ ਹੈ? ਦੂਸਰਾ ਇਸ ਦੇ ਸਿਧਾਂਤ ਕਿਹੜੇ ਹਨ? ਅਤੇ ਤੀਸਰਾ ਸਾਹਿਤ ਦੇ ਆਲੋਚਕਾਂ ਦੁਆਰਾ ਦਿੱਤੇ ਆਧਾਰ। ਸਾਹਿਤ ਲਈ ਕਿਸੇ ਵੀ ਘਟਨਾ ਦੀ ਪੇਸ਼ਕਾਰੀ ਜ਼ਰੂਰੀ ਹੈ। ਸ਼ਰਤ ਹੈ ਕਿ ਸਾਹਿਤਕਾਰ ਦੁਆਰਾ ਵਸਤੂ ਜਗਤ ਜਾਂ ਸੰਸਾਰ ਦੀ ਪੇਸ਼ਕਾਰੀ ਵਿਚ ਸਾਹਿਤਕ ਤੱਥਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਇਨ੍ਹਾਂ ਵਿਚ ਕਥਾਨਕ, ਪਾਤਰ, ਸਵਰ, ਚਿੰਨ੍ਹ ਅਤੇ ਵਿਰੋਧਾਭਾਸ ਵਰਗੇ ਤੱਤਾਂ ਦੀ ਮਿਕਦਾਰ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਆਪਣੇ ਸਮੇਂ ਦੀ ਕਿਸੇ ਵੀ ਘਟਨਾ ਨੂੰ ਸਾਹਿਤ ਦਾ ਹਿੱਸਾ ਬਣਾਉਣ ਲਈ ਸਾਹਿਤਕਾਰ ਸਾਹਿਤ ਦੇ ਕਿਸੇ ਵੀ ਰੂਪ ਨੂੰ

ਚੁਣ ਸਕਦਾ ਹੈ ਅਤੇ ਇਸ ਦਾ ਮਾਧਿਅਮ ਭਾਸ਼ਾ ਹੈ। ਪਰ ਇਸ ਲਈ ਉਸਦੀ ਸਮਰੱਥਾ ਦੀ ਭੂਮਿਕਾ ਅਹਿਮ ਹੁੰਦੀ ਹੈ। ਭਾਵ ਕੋਈ ਕਵਿਤਾ ਵਿਚ ਸਾਰਥਿਕਤਾ ਨਾਲ ਗੱਲ ਕਹਿ ਸਕਦਾ ਹੈ, ਕੋਈ ਕਹਾਣੀ ਜਾਂ ਵਾਰਤਕ ਰੂਪ ਨਾਲ ਆਪਣੇ ਵਿਚਾਰ ਪੇਸ਼ ਕਰਦਾ ਹੈ। ਭਗਤ ਬਾਣੀ ਪੰਜ ਸੌ ਸਾਲ ਦੇ ਸਮੇਂ ਵਿਚ ਕਾਵਿ ਰੂਪ ਵਿਚ ਰਚਿਆ ਸਾਹਿਤ ਹੈ। ਇਸ ਸਾਹਿਤ ਦੇ ਨਿਯਮਾਂ ਪਿੱਛੇ ਅਮੀਰ ਭਾਰਤੀ ਚਿੰਤਨ ਪਰੰਪਰਾ ਰੂਪੀ ਵਿਰਾਸਤ ਕਾਰਜਸ਼ੀਲ ਹੈ। ਡਾ. ਗੋਪੀ ਚੰਦ ਨਾਰੰਗ ਦੀ ਪੁਸਤਕ '*ਸੰਰਚਨਾਵਾਦ, ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ*' ਵਿਚਲੀ ਟੂਕ ਤੋਂ ਇਸ ਪਰੰਪਰਾ ਦੇ ਅਜੋਕੇ ਪ੍ਰਸੰਗ ਵਿਚ ਮਹੱਤਵ ਸਬੰਧੀ ਸਮਝਿਆ ਜਾ ਸਕਦਾ ਹੈ :

> ਸੋਸਿਊਰ ਦੇ ਭਾਸ਼ਾ-ਦਰਸ਼ਨ, ਉੱਤਰ-ਸੰਰਚਨਾਵਾਦ ਅਤੇ ਵਿਰਚਨਾਵਾਦ ਦੇ ਸ਼ਬਦਾਰਥ ਦਰਸ਼ਨ ਦੇ ਪਰਿਪੇਖ ਵਿਚ ਇਹ ਦੇਖਿਆ ਜਾਵੇ ਕਿ ਇਸ ਵਿਸ਼ੇ ਬਾਰੇ ਭਾਰਤੀ ਪਰੰਪਰਾ ਵਿਚ ਕਿਹੜੀਆਂ ਬਹਿਸਾਂ ਛੇੜੀਆਂ ਗਈਆਂ ਹਨ ਅਤੇ ਭਾਰਤੀ ਮਨ ਦਾ ਦ੍ਰਿਸ਼ਟੀਕੋਣ ਕੀ ਰਿਹਾ ਹੈ। ਇਸ ਦ੍ਰਿਸ਼ਟੀ ਤੋਂ ਭਾਰਤੀ ਚਿੰਤਨ-ਪਰੰਪਰਾ ਅਤੇ ਕਾਵਿ ਸ਼ਾਸਤਰ ਦਾ ਵਿਸ਼ਲੇਸ਼ਣ ਕਰਨ ਤੇ ਕੁਝ ਹੈਰਾਨੀ ਜਨਕ ਸਿੱਟੇ ਸਾਮ੍ਹਣੇ ਆਉਂਦੇ ਹਨ। ਅਰਥਾਤ ਪੱਛਮ ਵਿਚ ਜਿਹੜੀਆਂ ਅੰਤਰ-ਦ੍ਰਿਸ਼ਟੀਆਂ ਹੁਣ ਸੰਰਚਨਾਵਾਦੀ ਅਤੇ ਵਿਰਚਨਾਵਾਦੀ ਚਿੰਤਨ ਰਾਹੀਂ ਸਾਹਮਣੇ ਆ ਰਹੀਆਂ ਹਨ ਉਨ੍ਹਾਂ ਨਾਲ ਮਿਲਦੀਆਂ ਜੁਲਦੀਆਂ ਅੰਤਰ-ਦ੍ਰਿਸ਼ਟੀਆਂ ਭਾਰਤੀ ਚਿੰਤਨ ਅਤੇ ਦਰਸ਼ਨ, ਖ਼ਾਸ ਤੌਰ 'ਤੇ ਬੋਧ-ਦਰਸ਼ਨ ਵਿਚ ਸਦੀਆਂ ਪਹਿਲਾਂ ਤੋਂ ਪ੍ਰਵਚਨ ਦਾ ਵਿਸ਼ਾ ਰਹੀਆਂ ਹਨ। (306.)

ਭਗਤ ਬਾਣੀ ਨੂੰ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਿਤ ਕਰ ਕੇ ਇਸ ਦਾ ਸਥਾਨ ਗੁਰਬਾਣੀ ਦਾ ਕਰ ਦਿੱਤਾ। ਵੱਖ-ਵੱਖ ਵਿਦਵਾਨਾਂ ਨੇ ਗੁਰਬਾਣੀ ਨੂੰ ਸ਼ਾਹਕਾਰ ਸਾਹਿਤ ਦੀ ਸੰਗਿਆ ਦਿੱਤੀ ਹੈ। ਇਸ ਰਚਨਾ ਵਿਚਲੇ ਸਾਹਿਤ ਦੇ ਪੱਧਰ ਸਬੰਧੀ ਡਾ. ਮਹਿੰਦਰ ਕੌਰ ਗਿੱਲ ਦੇ ਵਿਚਾਰ ਹਨ :-

> ਭਾਰਤੀ ਕਾਵਿ-ਸ਼ਾਸਤ੍ਰੀਆਂ ਨੇ ਉਚੇਰੇ ਸਾਹਿਤ ਨੂੰ ਆਤਮਸਾਤ ਕਰਨ ਲਈ ਛੇ ਪ੍ਰਣਾਲੀਆਂ ਪ੍ਰਵਾਨ ਕਰ ਰੱਖੀਆਂ ਸਨ। ਜਿਨ੍ਹਾਂ ਵਿਚੋਂ ਤਿੰਨਾਂ ਦਾ ਸੰਬੰਧ ਕਾਵਿ-ਆਤਮਾ ਨਾਲ ਸੀ ਤੇ ਤਿੰਨਾਂ ਦਾ ਕਾਵਿ-

> ਸ਼ਿਲਪ ਨਾਲ, ਕਾਵਿ ਆਤਮਾ ਦੇ ਅਧੀਨ ਧਵਨੀ, ਰਸ, ਔਚਿਤਯ ਤੇ ਕਾਵਿ ਸ਼ਿਲਪ ਦੇ ਅੰਤਰਗਤ ਰੀਤੀ, ਅਲੰਕਾਰ ਤੇ ਵਕ੍ਰੋਕਤੀ ਪ੍ਰਣਾਲੀਆਂ ਦੀ ਗਣਨਾ ਕੀਤੀ ਜਾਂਦੀ ਸੀ। ਕਮਾਲ ਤਾਂ ਇਹ ਹੈ ਇਨ੍ਹਾਂ ਪ੍ਰਣਾਲੀਆਂ ਦੇ ਗੁਣ-ਲੱਛਣ ਸਹਿਵਨ ਹੀ ਗੁਰਬਾਣੀ ਰਚਨਾ ਵਿਚ ਸਮਾਏ ਹੋਏ ਹਨ। (*ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਪੱਖੀ ਚਿੰਤਨ* 53.)

ਇਸ ਲਈ ਭਗਤ ਬਾਣੀ ਵਿਚਲੇ ਕਾਵਿ ਦੀ ਆਤਮਾ ਅਤੇ ਸ਼ਿਲਪ ਨੂੰ ਉੱਤਰ-ਆਧੁਨਿਕ ਪਰਿਪੇਖ ਅੰਦਰ ਸਮਝਣ ਲਈ ਇਸ ਨੂੰ ਭਾਸ਼ਾਈ ਨਜ਼ਰੀਏ ਤੋਂ ਅਰਥਾਂ ਦੀ ਵਿਭਿੰਨਤਾ, ਵਿਕੇਂਦਰੀਕਰਨ ਅਤੇ ਅਨੇਕਤਾ ਦੇ ਅਧਿਐਨ ਦੇ ਨਾਲ-ਨਾਲ ਇਸ ਦੇ ਪ੍ਰਗਟਾਓ ਸਾਧਨਾਂ ਅਤੇ ਜੁਗਤਾਂ ਨੂੰ ਆਧਾਰ ਬਣਾਉਣ ਦਾ ਯਤਨ ਕਰਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉੱਤਰ-ਆਧੁਨਿਕ ਟੈਕਸਟ ਦੇ ਤੌਰ ਤੇ ਸਮਝਣ ਲਈ ਆਪਣੇ ਗਹਿਨ ਚਿੰਤਨ ਤਜਰਬੇ ਨੂੰ ਡਾ. ਗੁਰਭਗਤ ਸਿੰਘ ਆਪਣੀ ਪੁਸਤਕ *ਉਤਰਆਧੁਨਿਕਤਾਵਾਦ* ਵਿਚ ਆਪਣੇ ਵਿਚਾਰਾਂ ਨੂੰ ਬਹੁਤ ਸਪੱਸ਼ਟਤਾ ਨਾਲ ਪ੍ਰਗਟ ਕਰਦੇ ਹੋਏ ਲਿਖਦੇ ਹਨ :-

> ਸਮਝਣ ਵਾਲੀ ਗੱਲ ਇਹ ਹੈ ਕਿ ਵਿਲੱਖਣਤਾ ਨੂੰ ਮੁਕਤ ਕਰਾਉਣ ਵਾਲਾ ਮੁੱਦਾ ਹੀ ਜਿਵੇਂ ਤੀਜੇ ਜਗਤ ਦੇ ਸਾਹਿੱਤਾਂ ਵਿਚ ਪੇਸ਼ ਕੀਤਾ ਗਿਆ ਹੈ, ਇਨ੍ਹਾਂ ਸਾਹਿੱਤਾਂ ਦੇ ਉਤਰਆਧੁਨਿਕਵਾਦ ਨੂੰ ਪੱਛਮੀ ਉਤਰਆਧੁਨਿਕਵਾਦ ਨਾਲੋਂ ਵਖਰਿਆਉਂਦਾ ਹੈ। ਇਸ ਮੁਕਤੀ ਭਾਵ ਦਾ ਜਨਮ ਸ਼ਾਸਤਰ, ਪੂਰਵਕਾਲੀਨ ਦੌਰ ਦੀਆਂ ਸਥਿਤੀਆਂ ਅਤੇ ਮਜਬੂਰੀਆਂ ਵੱਲ ਪਿੱਛੇ ਤੱਕ ਜਾਂਦਾ ਹੈ। ਮਿਸਾਲ ਦੇ ਤੌਰ ਤੇ ਵਿਲੱਖਣ ਸਮੂਹਾਂ ਨੂੰ ਮੁਕਤੀਮੁਖੀ ਸਵੈ-ਚੇਤਨਤਾ ਵੱਲ ਧੱਕ ਦਿੱਤਾ। ਭਾਸ਼ਾਈ ਵਿਚਿੱਤਰਤਾ ਨਾਲ ਮਧਿਅਸਥ, ਇਹ ਚੇਤਨਤਾ ਵੱਖ ਵੱਖ ਖੇਤਰਾਂ ਵਿੱਚ ਸੈਂਕੜੇ ਸਾਲਾਂ ਦੇ ਅੰਦਰਲੇ ਵਿਕਾਸ ਕਾਰਣ ਸੁਤੰਤਰ ਸੱਭਿਆਚਾਰਕ ਹਸਤੀਆਂ ਬਣਨ ਨਾਲ , ਵਧ ਫੁੱਲ ਗਈ। ਬਾਹਰਵੀਂ ਸਦੀ ਵਿੱਚ ਧਮਾਕੇ ਦੀ ਹੱਦ ਤੱਕ ਪਹੁੰਚ ਗਈ। ਇਸ ਵਿੱਚੋਂ ਪੈਦਾ ਹੋਈਆਂ ਮੁਕਤੀ ਲਹਿਰਾਂ ਨੇ ਭਗਤੀ ਦਾ ਰੂਪ ਧਾਰਿਆ। ਪੰਜਾਬ ਵਿੱਚ ਇਸ ਮੁਕਤੀਭਾਵੀ ਚੇਤਨਤਾ ਨੇ ਰਾਜਨੀਤਕ ਲਹਿਰ ਦਾ ਰੂਪ ਲਿਆ

> ਜਿਸ ਨਾਲ ਸਿੱਖ ਹੋਂਦ ਵਿਚ ਆਏ ਜਿਨ੍ਹਾਂ ਨੇ ਬਾਹਰਲੇ ਮੁਗਲ ਸਾਮਰਾਜ ਅਤੇ ਅੰਦਰਲੇ ਬ੍ਾਮਣਵਾਦ ਦੀ ਪ੍ਰਭੁਤਾ ਨਾਲ ਆਢਾ ਲਿਆ ਅਤੇ ਅਠਾਰ੍ਹਵੀਂ ਸਦੀ ਦੇ ਅੰਤ ਉਤੇ ਪ੍ਰਭੁਸੱਤਾਸੰਪੰਨ ਪੰਜਾਬ ਰਾਜ ਕਾਇਮ ਕੀਤਾ ਜੋ ਅੰਗਰੇਜ਼ਾਂ ਦੇ ਹਮਲੇ ਨਾਲ ਬਿਖਰਨ ਤੱਕ, ਕਾਇਮ ਰਿਹਾ। ਇਸ ਕਾਲ ਦਾ ਪ੍ਰਤੀਨਿਧ ਮੁਕਤੀਭਾਵੀ ਸਾਹਿੱਤ, ਜੋ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ (1604) ਵਿਚ ਸ਼ਾਮਿਲ ਹੈ। ਅੱਜ ਇਸ ਨੂੰ ਸਿੱਖਾਂ ਦੇ ਧਾਰਮਿਕ ਗ੍ਰੰਥ ਦੇ ਤੌਰ ਤੇ ਜਾਣਿਆਂ ਜਾਂਦਾ ਹੈ। ਪਰ ਇਸ ਤੋਂ ਵੀ ਵੱਧ ਇਹ ਗ੍ਰੰਥ ਸੱਭਿਆਚਾਰ ਅਤੇ ਰਾਜਨੀਤਕ ਵਿਦਰੋਹ ਦਾ ਗ੍ਰੰਥ ਹੈ। (104-5.)

ਹੁਣ ਤੱਕ ਦੇ ਅਧਿਐਨ ਤੋਂ ਪ੍ਰਾਪਤ ਨਤੀਜਿਆਂ ਦੀ ਰੌਸ਼ਨੀ ਵਿਚ ਅਸੀਂ ਇਸ ਤੱਥ ਨੂੰ ਦ੍ਰਿੜ੍ਹਤਾ ਨਾਲ ਸਵੀਕਾਰ ਕਰ ਸਕਦੇ ਹਾਂ ਕਿ ਭਗਤ ਬਾਣੀ ਵਿਚਲੇ ਸੰਕਲਪ ਵਿਲੱਖਣ, ਸਰਬ ਕਾਲੀ ਅਤੇ ਸਰਬ-ਵਿਆਪੀ ਰੁਚੀ ਦੇ ਲਖਾਇਕ ਹਨ। ਇਨ੍ਹਾਂ ਦੀ ਖ਼ੂਬਸੂਰਤ ਪੇਸ਼ਕਾਰੀ ਹੀ ਮਨੁੱਖੀ ਭਾਵਾਂ ਨੂੰ ਆਪਣੇ ਨਾਲ ਜੋੜਨ ਦਾ ਕਾਰਜ ਕਰਦੀ ਹੈ। ਇਸ ਸਭ ਦਾ ਮਾਧਿਅਮ ਭਾਸ਼ਾ ਬਣਦੀ ਹੈ। ਇਸ ਲਈ ਪਹਿਲਾਂ ਇਸ ਰਚਨਾ ਦਾ ਭਾਸ਼ਾਈ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਉਪਰੰਤ ਹੀ ਇਸ ਨਤੀਜੇ ਤੱਕ ਪਹੁੰਚ ਸਕਾਂਗੇ ਕਿ, ਕੀ ਇਹ ਰਚਨਾ ਹਰ ਕਾਲ ਦੀਆਂ ਸਾਹਿਤਿਕ ਕਸੌਟੀਆਂ ਦੀ ਅਨੁਸਾਰੀ ਹੈ?

### 5.2. ਭਗਤ ਬਾਣੀ ਦੀ ਬਹੁਅਰਥੀ ਭਾਸ਼ਾਈ ਸਮਰੱਥਾ

ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਧਿਆਤਮਕ ਰਚਨਾ ਦੇ ਨਾਲ ਮੱਧਕਾਲੀ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਧਰੋਹਰ ਹਨ। ਇਸ ਵਿਚਲੀਆਂ ਰਚਨਾਵਾਂ ਭਾਸ਼ਾ ਦੀ ਅਮੀਰੀ ਸਦਕਾ ਇਸ ਨੂੰ ਉੱਤਮ ਸਾਹਿਤ ਦੀ ਕੋਟੀ ਵਿਚ ਲਿਜਾਣ ਦੇ ਸਮਰੱਥ ਹਨ। ਆਪਣੇ ਅਨੁਭਵ ਨੂੰ ਸੁਹਜਾਤਮਿਕ ਢੰਗ ਨਾਲ ਆਪਣੀ ਸਿਰਜਣਾ ਵਿਚ ਢਾਲ ਕੇ ਸਾਹਿਤਿਕ ਨਿਯਮਾਂ ਨਾਲ ਸਰਸ਼ਾਰ ਕਰਕੇ ਬਾਣੀਕਾਰਾਂ ਨੇ ਇਸ ਨੂੰ ਇੱਕ ਅਜਿਹੀ ਰਚਨਾ ਦੇ ਰੂਪ ਵਿਚ ਸਨਮੁੱਖ ਕੀਤਾ ਹੈ ਕਿ ਇਸ ਵਿਚਲੇ ਸੰਕਲਪਾਂ ਨੂੰ ਮਨੁੱਖਤਾ ਲਈ ਸੰਚਿਤ ਕਰ ਦਿੱਤਾ ਹੈ। ਇਸ ਖ਼ਜ਼ਾਨੇ ਤੋਂ ਹਰ ਇਕ ਕਾਲ ਵਿਚ ਸੇਧਾਂ ਅਤੇ

ਅਗਵਾਈ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਰਚਨਾ ਦੇ  ਇਨ੍ਹਾਂ ਗੁਣਾਂ ਨੂੰ ਡਾ. ਮਹਿੰਦਰ ਕੌਰ ਗਿੱਲ ਆਪਣੇ ਸ਼ਬਦਾਂ ਵਿਚ ਇਸ ਪ੍ਰਕਾਰ ਬਿਆਨਦੇ ਹਨ :-

> ਗੁਰੂ ਗ੍ਰੰਥ ਸਾਹਿਬ ਜੀ ਗਿਆਨਮੁਖ ਹੋਂਦ ਦੇ ਬਾਵਜੂਦ ਸਾਹਿਤਕ ਸਿਰਜਣਾਤਮਕ ਨੇਮਾਂ ਦੇ ਧਾਰਣੀ ਹਨ। ਆਪਣੇ ਮੂਲ ਵਿਚ ਬਾਣੀ ਸੰਯੁਕਤੀ ਮੂਲਕ ਹੈ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਹੈ, ਭਾਸ਼ਾ ਹੈ, ਕਾਵਿ-ਕੌਸ਼ਲ ਦੀਆਂ ਜੁਗਤਾਂ ਹਨ। ਲੋਕ ਕਾਵਿ-ਰੂਪ ਦੀਆਂ ਵਿਧੀਆਂ ਹਨ। ਅਨੁਭਵ ਅਤੇ ਥੀਮ ਹੈ। ਗੁਰਬਾਣੀ ਇਨ੍ਹਾਂ ਸਾਰਿਆਂ ਦੇ ਸੰਮਿਸ਼੍ਰਣ ਨਾਲ ਵਜੂਦ ਵਿਚ ਆਉਂਦੀ ਹੈ। (*ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਪੱਖੀ ਚਿੰਤਨ* ੨੫.)

ਉੱਤਰ-ਆਧੁਨਿਕ ਕਲਾਕਾਰ ਦਾਰਸ਼ਨਿਕ ਦੀ ਤਰ੍ਹਾਂ ਹੈ। ਉਹ ਜੋ ਲਿਖਦਾ ਹੈ, ਜੋ ਫ਼ੈਸਲੇ ਲੈਂਦਾ ਹੈ, ਉਸ ਉੱਪਰ ਕੋਈ ਪਹਿਲਾਂ ਤੋਂ ਨਿਰਧਾਰਿਤ ਨਿਯਮ ਲਾਗੂ ਨਹੀਂ ਹੁੰਦੇ। ਉਸ ਦੀ ਕੋਈ ਪਰੰਪਰਾ ਨਹੀਂ ਹੈ। ਉਹ ਪੂਰਨ ਨਿਰਨਿਆਂ ਨਾਲ ਪਰਖਿਆ ਨਹੀਂ ਜਾ ਸਕਦਾ। ਹਰ ਕਿਰਤ ਆਪਣੇ ਨਿਯਮ ਲੱਭਦੀ ਹੈ। ਉੱਤਰ-ਆਧੁਨਿਕ ਲੇਖਕ ਬਿਨਾ ਨਿਯਮਾਂ ਤੋਂ ਖੇਡ ਖੇਡਦੇ ਹਨ। ਇਸੇ ਲਈ ਸਾਹਿਤ ਸਿਰਫ ਸੰਭਾਵਨਾ ਹੁੰਦਾ ਹੈ, ਸੰਭਵ ਨਹੀਂ ਹੁੰਦਾ। ਉੱਤਰ-ਆਧੁਨਿਕ ਪਰਿਪੇਖ ਵਿਚ ਸਾਹਿਤ ਦੀ ਭੂਮਿਕਾ ਸਬੰਧੀ ਡਾ. ਰਾਜਿੰਦਰ ਪਾਲ ਸਿੰਘ ਦੇ ਵਿਚਾਰ ਵੇਖਣਯੋਗ ਹਨ :

> ਉਤਰ-ਆਧੁਨਿਕਤਾ ਨੇ ਆਧੁਨਿਕਤਾ ਦੇ ਮੁਕਾਬਲੇ ਕਿਸੇ ਇੱਕੋ ਕਿਸਮ ਦੇ ਵਿਸ਼ਵ-ਵਿਆਪੀ ਸਰਬ ਸਾਂਝੇ ਕਲਿਆਣਕਾਰੀ ਮੁਕਤੀ ਵੱਲ ਲੈ ਜਾਣ ਵਾਲੇ ਸਦਾ ਸਦਾ ਸਥਿਰ, ਸਦਾ ਮੰਗਲਮਈ ਉਤਕ੍ਰਿਸ਼ਟ, ਉਚ ਸ਼੍ਰੇਣੀਆਂ ਦੇ ਵਿਸ਼ੇਸ਼ੀਕ੍ਰਿਤ ਸਾਹਿਤ ਦੀ ਥਾਂ ਵੰਨ-ਸੁਵੰਨੇ ਸਥਾਨਕ ਸਰੋਕਾਰਾਂ ਨਾਲ ਲਬਰੇਜ਼ ਜਾਤੀ/ਜਮਾਤੀ/ਸਮਾਜਿਕ ਸਮੂਹ ਦੇ ਹਿਤ ਵਾਲੇ ਪਲ ਪਲ ਬਦਲਣ ਵਾਲੇ ਆਮ ਲੋਕਾਂ ਦੇ ਸਧਾਰਨ ਸਮਝੇ ਜਾਂਦੇ ਸਾਹਿਤ ਨੂੰ ਸਾਹਿਤ ਮੰਨਿਆਂ। (*ਉਤਰ-ਆਧੁਨਿਕਤਾ* 70.)

ਭਗਤ ਬਾਣੀ ਸਾਹਿਤ ਦੀ ਅਜਿਹੀ ਵੰਨ-ਸੁਵੰਨੀ ਪੇਸ਼ਕਾਰੀ ਵਾਲੀ ਰਚਨਾ ਹੈ ਜਿਸ ਵਿਚ ਵੱਖ-ਵੱਖ ਇਲਾਕਿਆਂ ਦੀਆਂ ਭਾਸ਼ਾਵਾਂ, ਸੰਸਕ੍ਰਿਤੀਆਂ, ਸੱਭਿਆਚਾਰ ਆਦਿ ਨੂੰ ਸੰਗੀਤ ਅਤੇ ਤਾਲ ਦੇ ਲੈਅ ਬੱਧ ਸਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹੋ ਵਿਲੱਖਣਤਾ ਇਸ ਵਿਚਲੇ ਸਾਹਿਤ ਨੂੰ ਮਨੁੱਖਤਾ ਲਈ ਸਦੀਵੀ ਕਲਿਆਣਕਾਰੀ ਬਣਾਉਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਉੱਤਰ-ਆਧੁਨਿਕ ਦ੍ਰਿਸ਼ਟੀ ਸਮੁੱਚੇ ਵਿਸ਼ਵੀ ਪਰਿਵੇਸ਼ ਦਾ ਵਰਤਾਰਾ ਹੈ।"ਇਸ ਗੱਲ 'ਤੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਭਾਰਤੀ ਅਤੇ ਪੂਰਬੀ-ਕਾਵਿ ਸ਼ਾਸਤਰ ਦੀਆਂ ਉਹ ਧਾਰਨਾਵਾਂ ਅਤੇ ਸੂਖਮ ਬਿੰਦੂ ਜੋ ਆਧੁਨਿਕ ਭਾਸ਼ਾਵਾਂ ਵਿਚ ਵਿਲੀਨ ਹੋ ਕੇ ਖ਼ੁਦ ਆਪਣੀ ਧਰਤੀ ਉੱਪਰ ਭੁੱਲੀ ਵਿੱਸਰੀ ਯਾਦ ਬਣ ਗਏ, ਨਵੇਂ ਸਾਹਿਤ ਸਿਧਾਂਤ ਨਾਲ ਕੁਝ ਵਿਚਾਰਪਰਕ ਸਮਰੂਪਤਾਵਾਂ ਕਾਰਨ ਨਵੇਂ ਸਿਰਿਓਂ ਬਹਿਸ ਦਾ ਕੇਂਦਰ ਬਣ ਜਾਣ ਅਤੇ ਸਾਹਿਤਕ ਉਮੀਦਾਂ ਦੇ ਆਕਾਸ਼ ਉੱਪਰ ਨਵੀਨ ਅਰਥ ਦੇ ਵਾਹਕ ਨਜ਼ਰ ਆਉਣ ਲੱਗ ਪੈਣ। ਯਾਦ ਰਹੇ, ਸਿਰਫ ਪਾਠਕ ਹੀ ਪਾਠ ਨੂੰ ਨਹੀਂ ਪੜ੍ਹਦਾ, ਪਾਠ ਵੀ ਪਾਠਕ ਨੂੰ ਪੜ੍ਹਦਾ ਹੈ ਅਤੇ ਇਹ ਗਤੀਸ਼ੀਲ ਪ੍ਰਕਿਰਿਆ ਜਾਰੀ ਰਹਿੰਦੀ ਹੈ।"(ਨਾਰੰਗ. *ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ* 340.) ਉੱਤਰ-ਸੰਰਚਨਾਵਾਦ ਦਾ ਪ੍ਰਮੁੱਖ ਚਿੰਤਕ ਰੋਲਾਂ ਬਾਰਥ ਇਸ ਨੂੰ ਚਿਹਨਕ ਅਤੇ ਚਿਹਨਿਤ ਦੇ ਸਹਿਯੋਗ ਦੇ ਰੂਪ ਵਿਚ ਪਾਠ ਦੇ ਨਿਰਵਿਰੋਧ ਅਰਥਾਂ ਦੁਆਰਾ ਵੇਖਦਾ ਹੈ। ਉਸ ਅਨੁਸਾਰ ਸਾਹਿਤਿਕ ਪਾਠ ਦਾ ਕੁਦਰਤੀ ਅਰਥ, ਬਹੁਅਰਥੀ ਸੰਭਾਵਨਾਵਾਂ ਨਾਲ ਲਬਰੇਜ਼ ਹੁੰਦਾ ਹੈ। ਕੋਈ ਵੀ ਪਾਠ ਇਕਹਿਰੇ ਅਰਥਾਂ ਵਿਚ ਕਾਰਜਸ਼ੀਲ ਹੋਣ ਦੇ ਨਾਲ ਹੀ ਬਹੁਅਰਥੀ ਆਯਾਮਾਂ ਦਾ ਧਾਰਨੀ ਵੀ ਹੁੰਦਾ ਹੈ। ਉਸ ਅਨੁਸਾਰ ਯਥਾਰਥਵਾਦੀ ਪਾਠ ਨੂੰ ਵੀ ਬਹੁਅਰਥੀ ਦਿਸ਼ਾਵਾਂ ਤੋਂ ਵੇਖਿਆ ਜਾ ਸਕਦਾ ਹੈ। ਗੋਪੀ ਚੰਦ ਨਾਰੰਗ ਆਪਣੀ ਪੁਸਤਕ *ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ* ਵਿਚ ਲਿਖਦੇ ਹਨ:

> ਇਹ ਪ੍ਰਸ਼ਨ ਬਹੁਤ ਵਾਰੀ ਉਠਾਇਆ ਗਿਆ ਹੈ ਕਿ ਬਾਰਥ ਨੇ ਇਸ ਵਿਸ਼ਲੇਸ਼ਣ ਲਈ ਯਥਾਰਥਵਾਦੀ ਪਾਠ ਦੀ ਚੋਣ ਹੀ ਕਿਉਂ ਕੀਤੀ। ਅਸਲ ਵਿਚ ਪਾਠ ਦੇ ਅੰਗਾਂ ਨੂੰ ਖੰਡ-ਖੰਡ ਕਰਨ, ਉਨ੍ਹਾਂ ਦੇ ਅਰਥਾਂ ਨੂੰ ਬਿਖੇਰਨ ਅਤੇ ਫਿਰ ਕੋਡ ਦੇ ਮਾਧਿਅਮ ਰਾਹੀਂ ਕ੍ਰਮਵਾਰ ਦਰਸਾਉਣ ਤੋਂ

> ਬਾਰਥ ਦਾ ਉਦੇਸ਼ ਇਕ ਯਥਾਰਥਕ ਪਾਠ ਦੀ ਕਲਾਸੀਕਲ ਏਕਤਾ ਨੂੰ ਤੋੜਨਾ-ਭੰਨਣਾ ਸੀ, ਤਾਂ ਜੋ ਯਥਾਰਥਵਾਦ ਦੀ ਅਸਲੀਅਤ ਨੂੰ ਨੰਗਿਆਂ ਕੀਤਾ ਜਾ ਸਕੇ। (460.)

ਰੋਲਾਂ ਬਾਰਥ ਅਨੁਸਾਰ ਪੜ੍ਹਨ ਦੀ ਪ੍ਰਕਿਰਿਆ ਬਹੁ-ਪੱਧਰੀ ਅਤੇ ਜਟਿਲ ਸੁਭਾਅ ਦੀ ਹੈ। ਪਾਠ ਦੇ ਪੂਰਵ ਨਿਰਧਾਰਿਤ ਅਰਥ ਕੋਈ ਹੋਂਦ ਨਹੀਂ ਰੱਖਦੇ ਹਨ। ਜੂਲੀਆ ਕ੍ਰਿਸਤੇਵਾ ਮਨੋਂ-ਵਿਸ਼ਲੇਸ਼ਣ ਦੁਆਰਾ ਚਿੰਨ੍ਹ ਭਰਪੂਰਤਾ ਵਿਚੋਂ ਸੰਵਾਦ ਸਿਰਜ ਕੇ ਪ੍ਰਤੀਕ ਤੋਂ ਚਿੰਨ੍ਹ ਵੱਲ ਦੀ ਯਾਤਰਾ ਦਾ ਬਿਉਰਾ ਦਿੰਦੀ ਹੈ। ਉਹ ਸਾਹਿਤਿਕ ਕਿਰਤਾਂ ਦਾ ਮਨੋਵਿਸ਼ਲੇਸ਼ਣੀ ਨਜ਼ਰੀਏ ਤੋਂ ਅਧਿਐਨ ਕਰਦੀ ਹੋਈ ਇਨ੍ਹਾਂ ਵਿਚਲੀ ਬਹੁਅਰਥਕਤਾ ਨੂੰ ਸਵੀਕਾਰਦੀ ਹੈ। ਦੈਰਿਦਾ ਅਨੁਸਾਰ ਬੋਲਣ ਵਾਲੇ ਜਾਂ ਲਿਖਣ ਵਾਲੇ ਦੇ ਅੰਦਰ ਲਿਖਤ ਦੀ ਹੋਂਦ ਪਹਿਲਾਂ ਹੀ ਮੌਜੂਦ ਹੁੰਦੀ ਹੈ ਅਤੇ ਅਰਥ ਦਾ ਕੋਈ ਵੀ ਕੇਂਦਰ ਨਹੀਂ ਹੁੰਦਾ ਹੈ। ਰੋਲਾਂ ਬਾਰਥ ਅਨੁਸਾਰ ਸਾਹਿਤ ਵਸਤੂਆਂ ਦੀ ਅਰਥ ਉਤਪਤੀ ਦਾ ਸੰਦੇਸ਼ ਹੈ ਕੇਵਲ ਅਰਥ ਨਹੀਂ ਹੈ। ਇਸ ਪ੍ਰਕਿਰਿਆ ਅਧੀਨ ਨਿਰਧਾਰਿਤ ਅਰਥਾਂ ਦੀ ਥਾਂ ਵਿਭਿੰਨ ਪ੍ਰਕਾਰ ਦੇ ਅਰਥ ਉਤਪੰਨ ਹੁੰਦੇ ਹਨ। ਚਿਹਨਕ ਅਤੇ ਚਿਹਨਿਤ ਗੰਭੀਰ ਸਹਿਯੋਗੀ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਪਾਠ ਵਿਚੋਂ ਨਿਰਵਿਰੋਧ ਅਰਥ ਪੈਦਾ ਹੋ ਸਕਦਾ ਹੈ। ਪਹਿਲਾਂ ਤੋਂ ਨਿਰਧਾਰਿਤ ਅਰਥ ਪਾਠਕ ਨੂੰ ਬੰਧਕ ਬਣਾ ਲੈਂਦੇ ਹਨ ਜਿਸ ਨਾਲ ਅਰਥ ਦੀ ਸਾਰਥਿਕਤਾ ਸੀਮਿਤ ਹੋ ਜਾਂਦੀ ਹੈ। ਉਹ ਬਹੁਵਚਨੀ ਅਤੇ ਵਿਕੇਂਦਰਤ ਵਸਤੂਆਂ ਦਾ ਸਮਰਥਕ ਹੈ ਅਤੇ ਇਕਾਂਗੀ ਵਿਰੋਧੀ। ਇਸ ਸਬੰਧੀ ਡਾ. ਗੋਪੀਚੰਦ ਨਾਰੰਗ ਦਾ ਕਥਨ ਹੈ :

> ਬਾਰਥ ਨੇ ਰਚਨਾਕਾਰ ਤੋਂ ਉਸਦਾ ਪਰਾ-ਭੌਤਿਕ ਪਰਦਾ ਲਾਹ ਕੇ ਇਕ ਪਾਸੇ ਰੱਖ ਦਿੱਤਾ ਅਤੇ ਉਸਨੂੰ ਇਕ ਅਜਿਹੇ ਦੋਰਾਹੇ ਉਪਰ ਖੜ੍ਹਾ ਕਰ ਦਿੱਤਾ, ਜਿਥੇ ਭਾਸ਼ਾ ਦੇ ਅਤੇ ਪ੍ਰਗਟਾਵੇ ਦੇ ਅਸੰਖਾਂ ਸੁਰ, ਉਨ੍ਹਾਂ ਦਾ ਸ਼ੋਰ ਅਤੇ ਉਨ੍ਹਾਂ ਦੀ ਗੂੰਜ ਲਹਿਰ-ਦਰ-ਲਹਿਰ ਇਕ ਦੂਸਰੇ ਨੂੰ ਭਰਪੂਰ ਕਰਦੇ ਹੋਏ ਅਰਥ ਦੀ ਸਤਰੰਗੀ ਪੀਂਘ ਦਾ ਨਜ਼ਾਰਾ ਬੰਨ੍ਹਦੇ ਹਨ। ਇਸ ਲਈ ਪਾਠਕ ਜਿਧਰੋਂ ਵੀ ਚਾਹੇ ਪਾਠ ਵਿਚ ਪ੍ਰਵੇਸ਼ ਕਰ ਸਕਦਾ ਹੈ, ਕੋਈ ਇਕ ਰਸਤਾ ਕੋਈ ਇਕ ਦਰਵਾਜ਼ਾ ਜਾਂ ਖਾਸ ਦਰਵਾਜ਼ਾ ਨਹੀਂ ਹੈ। ਬਾਰਥ ਦਾ ਜ਼ੋਰ ਇਸ ਤੇ ਸੀ ਕਿ ਪਾਠਕ ਪਾਠ ਦੀ ਅਰਥ-ਉਤਪੱਤੀ ਦੀ ਪ੍ਰਕਿਰਿਆ

> ਵਿਚ ਬਰਾਬਰ ਦੀ ਹਿੱਸੇਦਾਰੀ ਲਈ ਆਜ਼ਾਦ ਹੈ, ਬਿਨਾ 'ਚਿਹਨਕ' ਦਾ ਨਿਰੰਕੁਸ਼ ਪ੍ਰਤਿਬੰਧ ਅਨੁਭਵ ਕੀਤੇ। ਪਾਠਕ ਭਾਸ਼ਾ ਦੇ ਸਾਮਰਾਜੀ ਧਰਾਤਲਾਂ ਦਾ ਵਿਅੰਜਕ ਹੈ ਅਤੇ ਉਹ ਅਰਥ ਦੇ ਕਿਸੇ ਵੀ ਪ੍ਰਬੰਧ ਨਾਲ ਪਾਠ ਨੂੰ ਸਬੰਧਿਤ ਕਰਨ ਅਤੇ ਰਚਨਾਕਾਰ ਦੇ ਮਨੋਰਥ ਦਾ ਵਿਰੋਧ ਕਰਨ ਵਿਚ ਪੂਰੀ ਤਰ੍ਹਾਂ ਆਜ਼ਾਦ ਹੈ। (163.)

ਬਾਰਥ ਅਨੁਸਾਰ ਪਾਠ ਦੀਆਂ ਦੋ ਪੜ੍ਹਤਾਂ ਇਕ ਦੂਸਰੇ ਵਿਚ ਪਾਠਾਂ ਵਿਚ ਘੁਲੀਆਂ ਮਿਲੀਆਂ ਹੋਣ ਕਾਰਨ ਇੱਕੋ ਜਿਹੀਆਂ ਨਹੀਂ ਹੁੰਦੀਆਂ ਹਨ। ਇਸ ਸਬੰਧੀ '*ਏ ਪ੍ਰੀਮੀਅਰ ਆਫ਼ ਪੋਸਟਮਾਡਰਨਿਜ਼ਮ*' ਵਿਚ ਕਥਨ ਹੈ :

> ਸੰਰਚਨਾਵਾਦੀਆਂ ਦੀ ਮੂਲ ਧਾਰਣਾ ਹੈ ਕਿ ਅਰਥ (meaning) ਪਾਠ ਅੰਦਰ ਹੀ ਪਿਆ ਹੁੰਦਾ ਹੈ। ਅਸੀਂ ਸੰਰਚਨਾ ਵਿਚੋਂ ਇਸ ਦੀ ਭਾਲ ਕਰ ਸਕਦੇ ਹਾਂ। ਉੱਤਰ-ਸੰਰਚਨਾਵਾਦੀ ਇਸ ਗੱਲ ਤੋਂ ਇਨਕਾਰ ਕਰਦੇ ਹੋਏ ਕਹਿੰਦੇ ਹਨ ਕਿ ਕੋਈ ਵੀ ਅਰਥ ਕਿਸੇ ਪਾਠ ਵਿਚ ਨਿਹਿਤ ਨਹੀਂ ਹੁੰਦੇ ਸਗੋਂ ਜਦੋਂ ਕੋਈ ਪਾਠਕ ਉਸ ਨਾਲ ਸੰਵਾਦ ਰਚਾਉਂਦਾ ਹੈ ਤਾਂ ਹੀ ਅਰਥ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਕਿਸੇ ਪਾਠ ਨਾਲ ਸਬੰਧਿਤ ਵੱਖ-ਵੱਖ ਪਾਠਕਾਂ ਦੀ ਦ੍ਰਿਸ਼ਟੀ ਤੋਂ ਅਰਥ ਵੀ ਵੱਖ-ਵੱਖ ਹੋ ਸਕਦੇ ਹਨ।(ਸਟੇਨਲੇ ਜੇ. ਗਰੇਨਜ਼. *ਏ ਪ੍ਰੀਮੀਅਰ ਆਫ਼ ਪੋਸਟਮਾਡਰਨਿਜ਼ਮ* 5-6.)

ਉੱਤਰ-ਸੰਰਚਨਾਵਾਦ ਅਰਥ ਪ੍ਰਕਿਰਿਆ ਨੂੰ ਹੋਰ ਯਥਾਰਥ ਦੀ ਪੇਸ਼ਕਾਰੀ ਨਾਲ ਸਬੰਧਿਤ ਕਰ ਦਿੰਦੇ ਹਨ। ਭਗਤ ਬਾਣੀ ਵਿਚਲੀ ਭਾਸ਼ਾ ਸਮਰੱਥਾ ਬੇਮਿਸਾਲ ਹੈ। ਇਸ ਬਹੁਰੰਗੀ ਭਾਸ਼ਾ ਦੁਆਰਾ ਭਗਤ ਕਵੀ ਆਪਣੀ ਗੱਲ ਵਿਲੱਖਣ ਢੰਗ ਨਾਲ ਸੰਚਾਰਿਤ ਕਰਦੇ ਹਨ। ਇਸ ਦੀ ਭਾਸ਼ਾ ਸਮਰੱਥਾ ਨਾਲ ਵਿਭਿੰਨ ਪਰਿਪੇਖਾਂ ਵਿਚ ਵਿਲੱਖਣ ਅਰਥ ਸੰਸਾਰ ਸਿਰਜਿਆ ਜਾਂਦਾ ਹੈ ਜਿਸ ਵਿਚ ਪਾਠਕ ਨੂੰ ਸੰਤੁਲਿਤ ਅਰਥ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਭਗਤ ਬਾਣੀ ਉੱਤਰ-ਆਧੁਨਿਕ ਪਰਿਪੇਖ ਵਿਚ ਭਾਸ਼ਾਈ ਸਮਰੱਥਾ ਦੁਆਰਾ ਬਹੁਪਰਤੀ, ਬਹੁਅਰਥੀ ਵਿਲੱਖਣ ਅਰਥ ਸੰਭਾਵਨਾਵਾਂ ਵਾਲੀ ਰਚਨਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਭਾਸ਼ਾਈ ਖ਼ੂਬਸੂਰਤੀ ਦੁਆਰਾ ਭਗਤ ਕਵੀਆਂ ਨੇ ਬਹੁਅਰਥੀ ਅਤੇ ਬਹੁਪਰਤੀ ਅਰਥ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ। ਭਗਤ

ਰਵਿਦਾਸ ਜੀ ਸਾਰੇ ਮਨੁੱਖਤਾ ਦੀਆਂ ਖੁਸ਼ਬੋਈਆਂ ਦੁਆਰਾ ਏਕਤਾ ਦਾ ਸੰਚਾਰ ਕਰਦੇ ਹੋਏ ਉਸ ਨੂੰ ਅਨੇਕ ਵਰਣਾਂ ਅਤੇ ਸਮਾਜਿਕ ਸਮਰੱਥਾ ਲਈ ਨਿਹਿਤ ਕਰਦੇ ਹਨ।

ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 858.)

ਭਗਤ ਬਾਣੀ ਦੀ ਭਾਸ਼ਾ ਅੰਦਰ ਵਿਵਿਧ ਭਾਸ਼ਾਵਾਂ ਦਾ ਮਿਸ਼ਰਣ ਹੈ ਕਿਉਂਕਿ ਇਸ ਵਿਚ ਪ੍ਰਚੱਲਿਤ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ। ਆਮ ਤੌਰ ਤੇ ਇਸ ਕਿਸਮ ਦੀ ਭਾਸ਼ਾ ਨੂੰ ਸਧੂਕੜੀ ਕਿਹਾ ਜਾਂਦਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ,"ਅੰਦਰੂਨੀ ਅਤੇ ਬਾਹਰੀ ਪ੍ਰਭਾਵਾਂ ਕਾਰਨ ਸੰਤ ਭਾਸ਼ਾ ਦੋ ਰੂਪਾਂ ਵਿਚ ਵੰਡੀ ਗਈ ਹੈ ਜਿਸ ਵਿਚ ਪਹਿਲੀ ਪੱਛਮੀ ਹਿੰਦੀ ਅਤੇ ਦੂਸਰੀ ਪੂਰਬੀ ਪੰਜਾਬੀ ਹੈ।"(*ਏ ਕਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ* 51-52.) ਹਿੰਦੀ ਦੀਆਂ ਤਿੰਨ ਉਪਭਾਸ਼ਾਵਾਂ ਅਵਧੀ, ਬ੍ਰਜ ਭਾਸ਼ਾ ਅਤੇ ਖੜ੍ਹੀ ਬੋਲੀ ਹਨ। ਭਗਤ ਬਾਣੀ ਵਿਚ ਅਵਧੀ ਭਾਸ਼ਾ ਦੇ ਸ਼ਬਦ ਜਿਵੇਂ ; ਕੀਨੀ, ਹਮਰੀ, ਕੇਰੀ ਰੇ, ਜਪਸਿ, ਕਿ ਸੰਗਾ, ਫੂਲਿ ਤੇ ਬ੍ਰਜ ਭਾਸ਼ਾ ਦੇ ਈਹਾ, ਚਲਤ, ਛੂਟਤ, ਬਾਧੇ, ਮਿਲਤ ਆਦਿ ਮਿਲਦੇ ਹਨ। ਭਗਤ ਕਵੀਆਂ ਵਿਚੋਂ ਕਈ ਕਵੀਆਂ ਦੀ ਮਾਤ ਭਾਸ਼ਾ ਅਵਧੀ ਸੀ ਕਿਉਂਕਿ ਉਹ ਭਗਤ ਰਾਮਾਨੰਦ ਜੀ ਦੇ ਸ਼ਿਸ਼ ਅਤੇ ਯੂ.ਪੀ. ਨਾਲ ਸਬੰਧਿਤ ਸਨ। ਪਰ ਕਈ ਪੱਖਾਂ ਤੋਂ ਇਸ ਤੇ ਪੰਜਾਬੀ ਉਚਾਰਨ, ਸ਼ਬਦਾਵਲੀ, ਨਾਂਵ, ਕਿਰਿਆਵਾਂ, ਸਬੰਧਕ, ਕਾਰਕ ਅਤੇ ਧੁਨੀ ਪਰਿਵਰਤਨ ਆਦਿ ਸ਼ਾਮਲ ਹਨ। ਇਸ ਸਬੰਧੀ ਡਾ. ਹਰਿਭਜਨ ਸਿੰਘ ਦਾ ਮੱਤ ਹੈ ਕਿ,"ਸਾਡੇ ਨਿਰਗੁਣ ਕਾਵਿ ਦੀ ਪੰਜਾਬੀਅਤ ਨਾ ਭਾਸ਼ਾ ਤੱਕ ਮਹਿਦੂਦ ਹੈ ਨਾ ਇਲਾਕੇ ਤੱਕ। ਇਸ ਦਾ ਅਸਲ ਸੰਬੰਧ ਪੰਜਾਬੀ ਚਰਿੱਤਰ ਨਾਲ ਹੈ ਜੋ ਨਿਰਗੁਣ ਵਾਂਗ ਨਿਰਵਿਸ਼ੇਸ਼ ਹੈ ਪਰ ਮਨੁੱਖ ਵਾਂਗ ਵਿਸ਼ੇਸ਼ ਚਰਿੱਤਰ ਦਾ ਧਾਰਨੀ ਹੈ।"(*ਨਿਰਗੁਣ ਸਾਹਿਤ ਅੰਕ (ਪੰਜਾਬੀ ਦੁਨੀਆਂ)* 209.) ਭਾਸ਼ਾ ਦਾ ਸਬੰਧ ਮਨੁੱਖੀ ਭਾਵਾਂ ਦੇ ਪ੍ਰਗਟਾਵੇ ਵਿਚ ਪ੍ਰਮੁੱਖ ਹੈ।"ਮਨੁੱਖੀ ਅਨੁਭਵ ਦੇ ਪ੍ਰਗਟਾਵੇ ਲਈ ਕੇਵਲ ਇਕ ਹੀ ਮਾਧਿਅਮ ਹੈ, ਉਹ ਹੈ ਭਾਸ਼ਾ ਜਾਂ ਬੋਲੀ, ਭਾਸ਼ਾ ਸਾਹਿਤ ਦਾ ਮਾਧਿਅਮ ਹੈ ਜਿਸ ਤਰ੍ਹਾਂ ਸ਼ਿਲਪਕਾਰ ਦਾ ਮਾਧਿਅਮ ਪੱਥਰ ਹੈ, ਚਿੱਤਰਕਾਰ ਦਾ ਰੰਗ ਰੇਖਾ ਅਤੇ ਸੰਗੀਤਕਾਰ ਦਾ ਮਾਧਿਅਮ ਸੁਰ ਹੈ।"(ਰੈਨੇ ਵੈਲੇਕ. *ਥਿਊਰੀ ਆਫ ਲਿਟਰੇਚਰ* 196.) ਇਸ ਤਰ੍ਹਾਂ

ਭਗਤ ਬਾਣੀ ਵੀ ਆਪਣੀ ਭਾਸ਼ਾ ਦੀ ਵਿਵਿਧਤਾ ਨਾਲ ਇਕ ਵਿਲੱਖਣ ਆਯਾਮ ਦੀ ਧਾਰਨੀ ਹੈ। ਇਸ ਦੁਆਰਾ ਉਹ ਅਰਥ ਦੀ ਕੇਂਦਰੀ ਜਕੜਬੰਦੀ ਨੂੰ ਤੋੜਦੀ ਹੋਈ ਵਿਕੇਂਦਰੀਕਰਨ ਵੱਲ ਵਧਦੀ ਹੈ। "ਭਾਸ਼ਾ ਦਾ ਫੋਕਸ, ਸਬਜੈੱਕਟ ਦੇ ਵਿਕੇਂਦਰੀਕਰਨ ਵੱਲ ਰੁਚਿਤ ਹੁੰਦਾ ਹੈ। ਨਿੱਜਤਾ ਆਪਣੇ ਆਪ ਨੂੰ ਅਭਿਵਿਅਕਤ ਕਰਨ ਲਈ ਭਾਸ਼ਾ ਦੀ ਵਰਤੋਂ ਨਹੀਂ ਕਰਦੀ ਸਗੋਂ ਭਾਸ਼ਾ ਹੀ ਵਿਅਕਤੀ ਰਾਹੀਂ ਬੋਲਦੀ ਹੈ। ਨਿੱਜ ਵਾਦਤਾ ਹੀ ਇਕ ਸੱਭਿਆਚਾਰ ਅਤੇ ਇਸ ਦੀ ਭਾਸ਼ਾ ਲਈ ਮਾਧਿਅਮ ਬਣਦੀ ਹੈ।"(Anderson. *The Fontana Post Modernism Reader* 22.) ਭਗਤ ਰਵਿਦਾਸ ਜੀ ਦੀ ਬਾਣੀ ਵੀ ਚਉਪਦਿਆਂ ਦੇ ਰੂਪ ਵਿਚ ਹੈ। ਆਪ ਦੀ ਰਚਨਾ ਵਿਚ ਭਾਵਾਂ ਦੀ ਰਵਾਨਗੀ ਅਤੇ ਭਾਸ਼ਾ ਦੀ ਮਿਠਾਸ ਹੈ। ਰੂਪਕ ਦੀ ਕੋਮਲਤਾ ਹੈ। ਇਸ ਕਮਾਲ ਦੇ ਭਾਸ਼ਾ ਸੰਸਾਰ ਨਾਲ ਆਪ ਜੀ ਸੁਹਾਗਣ ਇਸਤ੍ਰੀ ਦੀ ਉਦਾਹਰਨ ਲੈ ਕੇ ਆਪਣੇ ਇਸ ਸ਼ਬਦ ਅੰਦਰ ਭਾਰਤੀ ਅਤੇ ਸਾਮੀ ਪਰੰਪਰਾਵਾਂ ਦੀ ਸ਼ਬਦਾਵਲੀ ਰਾਹੀਂ ਬਹੁਤ ਵੱਡਾ ਪਾਸਾਰ ਸਿਰਜਦੇ ਹਨ।

ਸਹ ਕੀ ਸਾਰ ਸੁਹਾਗਨਿ ਜਾਨੈ॥

ਤਜਿ ਅਭਿਮਾਨੁ ਸੁਖ ਰਲੀਆ ਮਾਨੈ॥

ਤਨੁ ਮਨੁ ਦੇਇ ਨ ਅੰਤਰੁ ਰਾਖੈ॥

ਅਵਰਾ ਦੇਖਿ ਨ ਸੁਨੈ ਅਭਾਖੈ॥੧॥

ਸੋ ਕਤ ਜਾਨੈ ਪੀਰ ਪਰਾਈ॥

ਜਾ ਕੈ ਅੰਤਰਿ ਦਰਦੁ ਨ ਪਾਈ॥੧॥ਰਹਾਉ॥

ਦੁਖੀ ਦੁਹਾਗਨਿ ਦੁਇ ਪਖ ਹੀਨੀ॥

ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥

ਪੁਰ ਸਲਾਤ ਕਾ ਪੰਥੁ ਦੁਹੇਲਾ॥

ਸੰਗਿ ਨ ਸਾਥੀ ਗਵਨੁ ਇਕੇਲਾ॥੨॥

ਦੁਖੀਆ ਦਰਦਵੰਦੁ ਦਰਿ ਆਇਆ॥

ਬਹੁਤੁ ਪਿਆਸ ਜਬਾਬੁ ਨ ਪਾਇਆ॥

ਕਹਿ ਰਵਿਦਾਸ ਸਰਨਿ ਪ੍ਰਭੁ ਤੇਰੀ॥

ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥੩॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 793.)

ਭਗਤ ਕਵੀ ਯੋਗੀਆਂ ਨਾਲ ਸਬੰਧਿਤ ਸ਼ਬਦਾਵਲੀ/ਸੰਕੇਤਾਂ ਵਿਚ ਖਿੰਥਾ, ਮੁੰਦ੍ਰਾ, ਭਸਮ, ਕਮੰਡਲ ; ਹਿੰਦੂ ਮਿਥਿਹਾਸ ਲੱਛਮੀ, ਸੰਕਰ, ਗਰੁੜ, ਕਲਪਹਾਰ, ਰਾਵਣ ਆਦਿ ਦੇ ਸੰਕੇਤ ਵਰਤੇ ਹਨ। ਆਗਲੜਾ-ਆਗਲੜੈ, ਨਾਥ-ਨਾਥੁੰ, ਨਾਰਾਇਣ-ਨਾਰਾਇਣਾ-ਨਾਰਾਇਣੁ, ਨਾਵੀਂ ਪੜਨਾਵੀਂ ਰੂਪਾਂ ਨਾਲੋਂ ਕ੍ਰਿਆ ਰੂਪਾਂ ਦੀ ਭਰਮਾਰ ਹੈ, ਜਿਵੇਂ ਕੀਨਾ, ਚੀਨਾ, ਜਪਹੁ, ਤਪਹੁ, ਬਿਲੋਵਹੁ ਅਤੇ ਸਿਮਰਹੁ ਆਦਿ। ਡੇਵਿਡ ਡੇਸਿਜ਼ ਅਨੁਸਾਰ,"ਕਵੀ ਦੀ ਭਾਸ਼ਾ ਆਮ ਜ਼ੁਬਾਨ ਤੋਂ ਇਨ੍ਹਾਂ ਅਰਥਾਂ ਵਿਚ ਵੱਖਰੀ ਹੈ ਕਿ ਉਹ ਭਾਸ਼ਾ ਦਾ ਪ੍ਰਯੋਗ ਉਨ੍ਹਾਂ ਲੋਕਾਂ ਦੇ ਮੁਕਾਬਲੇ ਤੇ ਨਿਵੇਕਲੇ ਢੰਗ ਨਾਲ ਕਰਦਾ ਹੈ, ਜਿਹੜਾ ਸਿਰਫ਼ ਸੂਚਨਾਵਾਂ ਦੱਸਣ ਲਈ ਹੀ ਲਿਖਦੇ ਹਨ।"(*ਕਰਿਟੀਕਲ ਐਪਰੋਚਿਜ਼ ਟੂ ਲਿਟਰੇਚਰ* 158.) ਭਗਤ ਕਵੀਆਂ ਦੀ ਭਾਸ਼ਾ ਨਿਵੇਕਲੇ ਢੰਗ ਨਾਲ ਕਮਾਲ ਦੇ ਬਹੁਪਰਤੀ ਸੰਦਰਭਾਂ ਨੂੰ ਉਜਾਗਰ ਕਰਦੀ ਹੈ। ਸਾਹਿਤ ਦੇ ਅਲੱਗ-ਅਲੱਗ ਰੂਪਾਕਾਰਾਂ ਲਈ ਭਾਸ਼ਾ ਵੱਖੋ-ਵੱਖ ਕਾਰਜ ਨਿਭਾਉਂਦੀ ਹੈ ਪਰ ਕਵਿਤਾ ਜਜ਼ਬੇ ਦੀ ਬੋਲੀ ਹੈ, ਇਸ ਲਈ ਇਸ ਦੀ ਭਾਸ਼ਾ ਭਾਵਾਤਮਕ ਹੁੰਦੀ ਹੈ। ਸੰਸਕ੍ਰਿਤ ਆਲੋਚਨਾ ਵਿਚ ਸ਼ਬਦ ਦੀਆਂ ਤਿੰਨ ਸ਼ਕਤੀਆਂ ; ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਸਵੀਕਾਰ ਕੀਤੀਆਂ ਗਈਆਂ ਹਨ। ਭਗਤ ਬਾਣੀ ਦੀ ਭਾਸ਼ਾ ਬਹੁਰੰਗੀ ਅਤੇ ਤਿੰਨੋਂ ਸ਼ਬਦ ਸ਼ਕਤੀਆਂ ਨੂੰ ਉਜਾਗਰ ਕਰਦੀ ਹੈ, ਪਰੰਤੂ ਫਿਰ ਵੀ ਇਹ ਆਪਣੀ ਸਾਧਾਰਨਤਾ ਨਹੀਂ ਤਿਆਗਦੀ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥

ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 476.)

ਭਗਤ ਬਾਣੀ ਵਿਚ ਜਪਮਾਲੀਆ, ਵੇਦ, ਸਿਮਰਨ, ਤੀਰਥ, ਭ੍ਰਮਨਾ, ਸੰਨਿਆਸੀ, ਖਿੰਥਾ, ਬਹਤਰਿ, ਪਿੰਡੁ, ਇੜਾ, ਪਿੰਗੁਲਾ, ਤਾੜੀ, ਬੰਦਗੀ, ਖ਼ਸਮ, ਚਾਕਰੀ, ਖੁਦਾ, ਕੁਰਾਣ, ਖੁਦਾਈ, ਅੱਵਲ ਅਲਹ, ਦੀਨੇ, ਮਨ, ਮਾਇਆ, ਅੰਮ੍ਰਿਤ ਆਦਿਕ ਸ਼ਬਦ ਵਰਤੇ ਹਨ ਜਿਨ੍ਹਾਂ ਵਿਚ ਕਰਮਯੋਗ, ਭਗਤੀ, ਧਰਮ, ਅਰਬੀ, ਫਾਰਸੀ, ਹਿੰਦੀ ਅਤੇ ਸੰਸਕ੍ਰਿਤ ਆਦਿ ਨਾਲ ਸਬੰਧਿਤ ਸ਼ਬਦਾਵਲੀ ਮਿਲਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਸ ਵਿਭਿੰਨਤਾ ਨਾਲ ਇਹ ਰਚਨਾ ਬਹੁਸੁਰੀ ਅਲਪਤਾ ਨੂੰ ਆਪਣਾ ਹਥਿਆਰ ਬਣਾਉਂਦੀ ਹੈ। ਭਗਤ ਬਾਣੀ ਵਿਚ ਭਾਸ਼ਾ ਨਾਲ ਸਬੰਧਿਤ ਬਹੁਤ ਰੰਗ ਮਿਲਦੇ ਹਨ। ਇਸ ਰਚਨਾ ਵਿਚ ਭਾਰਤੀ ਸੱਭਿਆਚਾਰ, ਇਤਿਹਾਸ, ਮਿਥਿਹਾਸ ਨਾਲ ਸਬੰਧਿਤ ਸ਼ਬਦਾਵਲੀ ਦੇ ਵੱਖ-ਵੱਖ ਰੰਗ ਬਿਖਰੇ ਹੋਏ ਹਨ। ਕਮਾਲ ਦੇ ਪੌਰਾਣਿਕ ਹਵਾਲੇ ਦੇ ਕੇ ਸ਼ਬਦਾਵਲੀ ਨੂੰ ਸੁਹਜਮਈ ਬਣਾਇਆ ਗਿਆ ਹੈ :

ਬਿੰਦ੍ਰਾਵਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥(338.)

ਉੱਤਰ-ਆਧੁਨਿਕ ਚਿੰਤਕ ਯਥਾਰਥ ਦੀ ਵਿਆਖਿਆ ਨੂੰ ਅੰਤਿਮ ਸੱਚ ਨਾ ਮੰਨ ਕੇ ਅਲੱਗ-ਅਲੱਗ ਸਰੋਕਾਰਾਂ ਨਾਲ ਸਬੰਧਿਤ ਕਰਕੇ ਦੇਖਦੇ ਹਨ। ਇਸ ਦੇ ਮੁੱਖ ਸੰਚਾਲਕ ਯੱਕ ਦੈਰਿਦਾ ਹਨ। ਇਸ ਸਬੰਧੀ ਗਾਇਤਰੀ ਸਪੀਵਾਕ ਦੈਰਿਦਾ ਦੇ ਹਵਾਲੇ ਨਾਲ ਲਿਖਦੇ ਹਨ :

> ਜਿੱਥੇ ਸੋਸਿਊਰ ਲਿਖਤ ਨੂੰ ਜਿਆਦਾ ਮਹੱਤਵ ਦਿੰਦਾ ਹੈ, ਉੱਥੇ ਦੈਰਿਦਾ ਲਿਖਤ (writing) ਦੀ ਬਜਾਇ ਬੋਲ (speech) ਉੱਤੇ ਵਧੇਰੇ ਬਲ ਦਿੰਦਾ ਹੈ। ਦੈਰਿਦਾ ਅਨੁਸਾਰ ਬੋਲ ਦੇ ਸੱਚ(truth) ਨਾਲ ਸਿੱਧੇ ਸੰਪਰਕ ਵਿਚ ਸਬੰਧਿਤ ਹੋਣ ਦੀ ਸੰਭਾਵਨਾ ਜੁੜੀ ਹੁੰਦੀ ਹੈ ਜਦੋਂ ਕਿ ਲਿਖਤ ਵਿਚ ਇਸ ਤਰ੍ਹਾਂ ਦਾ ਕੋਈ ਸਿੱਧਾ ਸੰਬਾਦ ਨਹੀਂ ਹੁੰਦਾ।( Sprivak. *Darrida, of Grammatology,* 11-12.)

ਫੂਕੋ ਅਨੁਸਾਰ ਸੰਸਾਰ ਵਿਚ ਸ਼ਕਤੀ ਦੀ ਖੇਡ ਵਿਚ ਪਾਠ ਦੀ ਥਾਂ ਪ੍ਰਵਚਨ ਸ਼ਾਮਿਲ ਹੈ। ਪ੍ਰਵਚਨ ਮਨੁੱਖੀ ਮਨ ਦੀ ਕੇਂਦਰੀ ਗਤੀਵਿਧੀ ਹੈ। ਇਹ ਕੋਈ ਆਮ ਜਾਂ ਸਰਬ ਵਿਆਪੀ ਪਾਠ ਨਹੀਂ ਹੈ ਬਲਕਿ ਅਰਥ ਉਤਪਾਦਨ ਦਾ

ਮਹਾਂਸਾਗਰ ਹੈ। ਜੂਲੀਆ ਕ੍ਰਿਸਤੇਵਾ ਅਨੁਸਾਰ ਕਾਵਿ-ਭਾਸ਼ਾ ਖੁੱਲ੍ਹੀ-ਡੁੱਲੀ ਆਲੋਚਨਾ ਦਾ ਰਾਹ ਖੋਲ੍ਹਦੀ ਹੈ। ਮਨੁੱਖੀ ਅਵਚੇਤਨ ਦੇ ਅਨੁਸਾਰੀ ਹੋ ਕੇ ਭਾਸ਼ਾ ਸਮਾਜ ਦੇ ਅੰਦਰ-ਬਾਹਰ ਵਰਤਣ ਦੇ ਸਮਰੱਥ ਹੈ। ਭਗਤ ਰਵਿਦਾਸ ਜੀ ਇਸ ਸੰਸਾਰ ਨੂੰ ਬਾਜ਼ੀਗਰ ਦੀ ਬਾਜ਼ੀ ਨਾਲ ਸਬੰਧਿਤ ਕਰਕੇ ਮਨੁੱਖੀ ਅਵਚੇਤਨ ਵਿਚ ਵਸੀ ਬਾਜ਼ੀਗਰ ਦੀ ਖੇਡ ਦੀ ਤੁਲਨਾ ਦਿੰਦੇ ਹਨ। ਹੁਣ ਉੱਤਰ-ਆਧੁਨਿਕ ਸੰਦਰਭਾਂ ਵਿਚ ਅਰਥ ਦੀ ਦ੍ਰਿਸ਼ਟੀ ਤੋਂ ਬਾਜ਼ੀ ਅਤੇ ਬਾਜ਼ੀਗਰ ਦੁਆਰਾ ਅਨੇਕਾਂਤ ਅਰਥ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। :

ਕਹਿ ਰਵਿਦਾਸ ਬਾਜੀ ਜਗੁ ਭਾਈ॥

ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 487.)

ਭਗਤ ਬਾਣੀ ਅੰਦਰ ਥੋੜ੍ਹੇ ਸ਼ਬਦਾਂ ਵਿਚ ਬਹੁਤੇ ਅਰਥ ਕਹਿ ਦੇਣ ਦੀ ਸਮਰੱਥਾ ਇਸ ਦਾ ਵਿਲੱਖਣ ਭਾਸ਼ਾਈ ਮਹੱਤਵ ਸਥਾਪਿਤ ਕਰਦੀ ਹੈ। ਇਸ ਤੁਕ ਦੁਆਰਾ ਸੰਪੂਰਨ ਸ੍ਰਿਸ਼ਟੀ ਤੋਂ ਲੈ ਕੇ ਮਨੁੱਖ ਤੱਕ ਦੇ ਵਰਤਾਰਿਆਂ ਦਾ ਬੋਧ ਪ੍ਰਾਪਤ ਹੁੰਦਾ ਹੈ। ਇਸ ਦੀਆਂ ਅਰਥ ਦੇ ਆਧਾਰ ਤੇ ਅਨੇਕ ਦਿਸ਼ਾਵਾਂ ਹੋ ਸਕਦੀਆਂ ਹਨ :

ਉਪਜੈ ਨਿਪਜੈ ਨਿਪਜਿ ਸਮਾਈ॥ (325.)

ਕਮਾਲ ਦੇ ਭਾਸ਼ਾ ਸੰਜਮ ਕਾਰਨ ਮੁਹਾਵਰੇਦਾਰ ਤੁਕਾਂ ਦੁਆਰਾ ਮਨੁੱਖੀ ਅਵਚੇਤਨ ਵਿਚ ਪਏ ਵਿਚਾਰਾਂ ਨੂੰ ਸਨਮੁੱਖ ਲਿਆਉਂਦੇ ਹਨ। ਭਾਰਤੀ ਸੰਦਰਭ ਵਿਚ ਮਾਲਾ ਅਤੇ ਰਾਵਣ ਦਾ ਹਵਾਲਾ ਹਰੇਕ ਪਾਠਕ ਦੇ ਅਵਚੇਤਨ ਨਾਲ ਅਲੱਗ-ਅਲੱਗ ਸੰਵਾਦ ਕਰ ਸਕਦਾ ਹੈ :

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥ (656.)

ਇਕੁ ਲਖੁ ਪੂਤ ਸਵਾ ਲਖੁ ਨਾਤੀ॥

ਤਿਹ ਰਾਵਨ ਘਰ ਦੀਆ ਨ ਬਾਤੀ॥ (481.)

ਪਾਠ ਦੀ ਅਰਥ ਅਨੇਕਤਾ ਨੂੰ ਸਮਝਣ ਲਈ ਦੈਰਿਦਾ ਦਾ ਵਿਰਚਨਾਵਾਦ ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਪਾਠ ਦੇ ਨਿਰਧਾਰਤ ਅਰਥਾਂ ਨੂੰ ਵਿਸਥਾਪਿਤ ਕਰਨ ਦੇ ਨਾਲ ਹੀ ਉਸਦੇ ਅਦੁੱਤੀ ਅਰਥਾਂ ਦੇ ਅਦੁੱਤੀ-ਪਣ

ਨੂੰ ਖੰਡਿਤ ਵੀ ਕੀਤਾ ਜਾ ਸਕਦਾ ਹੈ। ਡਾ. ਗੋਪੀ ਚੰਦ ਨਾਰੰਗ ਆਪਣੀ ਪੁਸਤਕ ਵਿਚ ਵਿਰਚਨਾਵਾਦ ਬਾਰੇ ਲਿਖਦੇ ਹਨ :

> ਵਿਰਚਨਾਵਾਦ ਨੂੰ ਕਈ ਪ੍ਰਣਾਲੀਆਂ ਵਿਚ 'ਨਵ-ਆਲੋਚਨਾ' ਦੇ ਵਿਸਥਾਪਿਤ ਰੂਪ ਵਿਚ ਵੀ ਵੇਖਿਆ ਜਾ ਰਿਹਾ ਹੈ। ਨਵ-ਆਲੋਚਨਾ ਨੇ ਪਾਠ ਦੇ ਰੂਪਗਤ ਅਤੇ ਸੁਹਜਪਰਕ ਪੱਖਾਂ ਉਤੇ ਬਲ ਦੇਣ ਲਈ ਰਚਨਾਕਾਰ ਦੇ ਮਨੋਰਥ ਅਤੇ ਅਰਥ ਦੇ ਵਿਚਕਾਰ ਸਦੀਆਂ ਤੋਂ ਤੁਰੇ ਆ ਰਹੇ ਸਬੰਧ ਦੀ ਗੰਢ ਨੂੰ ਥੋੜਾ ਜਿਹਾ ਢਿੱਲਾ ਕੀਤਾ ਸੀ। ਜੀਵਨੀ ਮੂਲਕ ਅਤੇ ਵਿਅਕਤੀਗਤ ਜਾਣਕਾਰੀ ਤੇ ਨਿਰਭਰ ਰਹਿਣ ਦੀ ਬਜਾਇ, ਜ਼ੋਰ ਇਸ ਗੱਲ ਉੱਪਰ ਦਿੱਤਾ ਗਿਆ ਸੀ ਕਿ ਖੁਦ ਕਲਾ ਕਿਰਤ ਤੋਂ ਕਿਸ ਗੱਲ ਦੀ ਗਵਾਹੀ ਮਿਲਦੀ ਹੈ ਅਤੇ ਰੂਪ ਅਤੇ ਅਰਥ ਦੇ ਮੇਲ ਤੋਂ ਕਿਹੜੀ ਸੁਹਜਮਈ ਏਕਤਾ ਪੈਦਾ ਹੁੰਦੀ ਹੈ। ਰਚਨਾਕਾਰ ਦੇ ਮਨੋਰਥ ਅਤੇ ਅਰਥ ਦੇ ਸਬੰਧ ਦੀ ਜਿਸ ਗੰਢ ਨੂੰ ਨਵ-ਆਲੋਚਨਾ ਨੇ ਥੋੜਾ ਜਿਹਾ ਢਿੱਲਾ ਕੀਤਾ ਸੀ ਸੰਰਚਨਾਵਾਦ ਨੇ ਉਸਨੂੰ ਲਗਭਗ ਖੋਲ੍ਹ ਦਿਤਾ ਸੀ, ਉਤਰ-ਸੰਰਚਨਾਵਾਦ ਅਤੇ ਵਿਰਚਨਾਵਾਦ ਨੇ ਤਾਂ ਜਿਵੇਂ ਮੂਲੋਂ ਹੀ ਉਸ ਗੰਢ ਨੂੰ ਕੱਟ ਕੇ ਵੱਖ ਕਰ ਦਿੱਤਾ। ਅਰਥਾਤ ਵਿਰਚਨਾਵਾਦ ਦਾ ਦ੍ਰਿਸ਼ ਰੂਪ ਅਤੇ ਅਰਥ ਦੇ ਅਦਵੈਤ ਦਾ ਨਹੀਂ ਸਗੋਂ ਅਰਥ ਦੀ ਏਕਤਾ ਨੂੰ ਰੱਦ ਕਰਨ ਦਾ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਉਸਦੇ ਨਾਲ ਨਾਲ ਸੁਹਜ-ਆਨੰਦ ਉੱਪਰ ਬਲ ਪਹਿਲਾਂ ਨਾਲੋਂ ਕਈ ਗੁਣਾ ਵਧ ਗਿਆ। ਪਰ ਫਰਕ ਇਹ ਹੈ ਕਿ ਨਵ-ਆਲੋਚਨਾ ਵਿਚ ਸੁਹਜ-ਆਨੰਦ ਦਾ ਸੋਮਾ ਵਿਅਕਤੀਪਰਕਤਾ ਸੀ ਜਿਹੜੀ ਪਾਠ ਉੱਤੇ ਦਿਖਾਵੇ ਦਾ ਆਧਾਰ ਰੱਖਦੀ ਸੀ। ਪਰ ਹੁਣ ਪਾਠ ਦੀ ਆਲੋਚਨਾ ਦਾ ਪ੍ਰਕਾਰਜ ਵੀ ਹੈ ਜਿਸ ਵਿਚ ਪਾਠਕ ਦੀ ਪੜ੍ਹਤ ਦਾ ਆਪਣਾ ਮਹੱਤਵ ਹੈ।(*ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ* 202)

ਵਿਰਚਨਾਵਾਦ ਇਸ ਗੱਲ ਦਾ ਹਾਮੀ ਹੈ ਕਿ ਭਾਸ਼ਾ ਦੀ ਸੰਰਚਨਾ ਅਜਿਹੇ ਸਰੂਪ ਵਾਲੀ ਹੈ ਜਿਸ ਵਿਚ ਅਰਥ ਦੀ ਨਿਸ਼ਚਿਤਤਾ ਦੀ ਗਾਰੰਟੀ ਨਹੀਂ ਹੈ। ਅਰਥ ਹਮੇਸ਼ਾ ਹੀ ਅਨਿਸ਼ਚਿਤਤਾ ਦੇ ਸ਼ਿਕਾਰ ਹੁੰਦੇ ਹਨ। ਇਸੇ ਭਿੰਨਤਾ ਕਾਰਨ ਅਰਥ ਸਿਰਜਣਾ ਜਾਰੀ ਰਹਿੰਦੀ ਹੈ ਅਤੇ ਹਾਜ਼ਰ ਤੱਤਾਂ ਦੇ ਨਾਲ ਹੀ ਅਣਦਿੱਸਦੇ ਤੱਤਾਂ ਦੁਆਰਾ ਭਿੰਨਤਾ ਸਥਾਪਿਤ ਹੁੰਦੀ ਹੈ। ਭਾਸ਼ਾ ਦੇ ਪ੍ਰਭਾਵਕਾਰੀ ਤੱਤਾਂ ਵਿਚ ਵੀ ਖ਼ਾਲੀ ਥਾਂ ਹੁੰਦੀ ਹੈ ਜੋ ਕਿ ਅਰਥ ਦੀ ਭਿੰਨਤਾ ਦੀ ਪ੍ਰਕਿਰਿਆ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਭਗਤ ਬਾਣੀ ਵਿਚ ਅਰਥ ਪੱਧਰ ਤੇ ਭਿੰਨਤਾ ਦਾ ਪ੍ਰਗਟਾਵਾ ਮਿਲਦਾ ਹੈ। ਭਰਮ ਦੀ ਸਥਿਤੀ ਬਾਰੇ ਇਸ ਤੋਂ ਸਾਰਥਿਕ ਅਨੇਕ ਅਰਥੀ ਉਦਾਹਰਨ ਨਹੀਂ ਹੋ ਸਕਦੀ।

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 657.)

ਦੈਰਿਦਾ ਨੇ ਅਰਥ ਦੀ ਪ੍ਰਕਿਰਿਆ ਦੁਆਰਾ ਭਾਸ਼ਾ ਦੇ ਪੱਖ ਤੋਂ ਫ਼ਿਲਾਸਫ਼ੀ ਅੰਦਰ ਨਵੇਂ ਪ੍ਰਸੰਗਾਂ ਤੇ ਸੰਦਰਭਾਂ ਨਾਲ ਨਵਾਂ ਚਿੰਤਨ ਪੇਸ਼ ਕੀਤਾ ਹੈ। ਭਗਤ ਤ੍ਰਿਲੋਚਨ ਜੀ ਦਾ ਬਹੁਤ ਗਹਿਰ ਗੰਭੀਰ ਪ੍ਰਸ਼ਨਾਂ ਨੂੰ ਪ੍ਰਗਟਾਉਣ ਦਾ ਢੰਗ ਦੁਆਰਾ ਪ੍ਰਾਚੀਨ ਪੌਰਾਣਿਕ ਇਤਿਹਾਸ ਨਾਲ ਛੂੰਹਦਾ ਹੈ। ਸੰਤ ਭਾਸ਼ਾ ਦੀ ਪੁੱਠ ਦੁਆਰਾ ਅਜਿਹੇ ਸ਼ਬਦ ਚਿੱਤਰ ਪੇਸ਼ ਕੀਤੇ ਹਨ, ਜਿਸ ਦੁਆਰਾ ਸਥਾਨਕਤਾ ਉੱਭਰਵੇਂ ਰੂਪ ਵਿਚ ਸਾਹਮਣੇ ਆ ਜਾਂਦੀ ਹੈ। ਇਸ ਨਾਲ ਬਹੁਵਰਚੀ ਅਰਥ ਸੰਚਾਰ ਸਾਹਮਣੇ ਆਉਂਦਾ ਹੈ। ਭਗਤ ਤ੍ਰਿਲੋਚਨ ਜੀ ਚੰਦਰਮਾ ਵਿਚਲੇ ਦਾਗਾਂ ਦੀ ਗੱਲ ਕਹਿਣ ਲੱਗੇ ਉਸਦੀ ਕੁਲ ਦਾ ਜ਼ਿਕਰ ਕਰਦੇ ਹਨ। ਇਸ ਵਰਣਨ ਵਿਚਲਾ ਹਰ ਸ਼ਬਦ ਆਪਣੇ ਵਿਭਿੰਨ ਸੰਦਰਭਾਂ ਦੁਆਰਾ ਵਿਸ਼ਾਲ ਅਰਥ ਸੰਸਾਰ ਦਾ ਧਾਰਨੀ ਹੈ।

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥
ਕੁਲ ਜਨ ਮਧੇ ਮਿਲ੍ਹਿੋ ਸਾਰਗ ਪਾਨ ਰੇ॥
ਕਰਮ ਕਰਿ ਕਲੰਕੁ ਮਫੀਟਿਸ ਰੀ॥ (695.)

ਭਗਤ ਬਾਣੀ ਦੀ ਭਾਸ਼ਾ ਉੱਪਰ ਪੁਰਾਤਨ ਅਤੇ ਨਵੀਨ ਪਰੰਪਰਾਵਾਂ ਵਿਚਲੀ ਛਾਪ ਮਿਲਦੀ ਹੈ।"ਨਾਮਦੇਵ ਦੇ ਸਰਗੁਣਵਾਦੀ ਪਦਾਂ ਦੀ ਭਾਸ਼ਾ ਬ੍ਰਜ ਪਰੰਪਰਾ ਤੋਂ ਪ੍ਰਭਾਵਿਤ ਹੈ। ਨਿਰਗੁਣ ਬਾਣੀ ਉਪਰ ਨਾਥ ਪੰਥੀਆਂ ਦੁਆਰਾ ਅਪਣਾਈ ਗਈ ਭਾਸ਼ਾ, ਖੜੀ ਬੋਲੀ ਜਾਂ ਸਾਧ ਭਾਸ਼ਾ ਦਾ ਅਸਰ ਹੈ।"(ਸ਼ੁਕਲ. *ਹਿੰਦੀ ਸਾਹਿਤਯ ਕਾ ਇਤਿਹਾਸ* 47.) ਨਾਮਦੇਵ ਬਾਣੀ ਅੰਦਰ ਸ਼ਬਦਾਵਲੀ ਗੁਣ ਵਾਚਕ ਅਤੇ ਪਰਿਆਇਵਾਚੀ ਰੂਪਾਂ ਵਿਚ ਪੇਸ਼ ਹੁੰਦੀ ਹੈ। ਜਿਸ ਤਰ੍ਹਾਂ ਨਰਹਰੀ, ਕੇਸੋ, ਕਮਲਾਪਤੀ, ਰਮਈਆ, ਬੀਠਲ ਪ੍ਰਮਾਤਮਾ ਲਈ ਪਰਿਆਇਵਾਚੀ ਸ਼ਬਦਾ ਦੇ ਰੂਪ ਵਿਚ ਆਉਂਦੇ ਹਨ। ਉਦਕ, ਬਿਸੀਅਰ, ਜਲਕੂਪ, ਖੁੰਦਕਾਰ, ਝਿਲਮਿਲਕਾਰ ਗੁਣ ਰੂਪਾਂ ਦਾ ਪ੍ਰਗਟਾਵਾ ਕਰਦੇ ਹਨ। ਇੱਕੋ ਅਰਥ ਸਮਰੱਥਾ ਵਾਲੇ ਅਨੇਕ ਸ਼ਬਦ ਉਕਤੀਆਂ ਦੇ ਰੂਪ ਵਿਚ ਮਿਲਦੇ ਹਨ।

ਲੋਭੁ ਲਹਰਿ ਅਤਿ ਨੀਝਰ ਬਾਜੈ॥ ਕਾਇਆ ਡੂਬੈ ਕੇਸਵਾ॥
ਸੰਸਾਰੁ ਸਮੁੰਦੇ ਤਾਰਿ ਗੋਬਿੰਦੇ॥ ਤਾਰਿ ਲੈ ਬਾਪ ਬੀਠੁਲਾ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1196.)

ਭਗਤ ਕਬੀਰ ਜੀ ਜੁਲਾਹੇ ਦਾ ਕੰਮ ਕਰਦੇ ਸਨ। ਮਨੁੱਖ ਦੇ ਕਿੱਤੇ ਦਾ ਪ੍ਰਭਾਵ ਉਸਦੀ ਸ਼ਖਸੀਅਤ ਉੱਪਰ ਹੁੰਦਾ ਹੈ। ਸਮੁੱਚੀ ਸ਼ਖਸੀਅਤ ਵਿਚ ਮਨੁੱਖ ਦੀ ਸੋਚ ਉੱਪਰਲਾ ਅਸਰ ਸਭ ਤੋਂ ਗਹਿਨ ਹੈ। ਕਬੀਰ ਬਾਣੀ ਵਿਚ ਇਸ ਦੀਆਂ ਉਦਾਹਰਨਾਂ ਦੀ ਭਰਮਾਰ ਹੈ। ਡੀ. ਜ਼ੈਡ. ਫਿਲਿਪਸ "ਧਾਰਮਿਕ ਵਿਸ਼ਵਾਸ ਅਤੇ ਭਾਸ਼ਾਈ ਖੇਡਾਂ ਨਾਮਕ ਆਪਣੇ ਇਕ ਲੇਖ ਵਿਚ ਕਹਿੰਦੇ ਹਨ,"ਕਈ ਧਾਰਮਿਕ ਫ਼ਿਲਾਸਫ਼ਰਾਂ ਨੇ ਇਸ ਦਾਰਸ਼ਨਿਕ ਦਾਅਵੇ ਵਿਰੁੱਧ ਆਵਾਜ਼ ਉਠਾਈ ਹੈ ਕਿ ਧਾਰਮਿਕ ਵਿਸ਼ਵਾਸਾਂ ਨੂੰ ਵਿਲੱਖਣ ਭਾਸ਼ਾਈ-ਖੇਡਾਂ ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।"(Basil Mitchell.(ed.)*The Philosophy of Religion*, 127.) ਇਸ ਦਾ ਅਰਥ ਇਹ ਹੋਇਆ ਕਿ ਭਗਤੀ ਸਾਹਿਤ ਮਹਿਜ਼ ਲੱਛੇਦਾਰ ਭਾਸ਼ਾ ਦਾ ਹੀ ਨਾਮ ਨਹੀਂ ਹੈ, ਸਗੋਂ ਇਸ ਵਿਚ ਭਗਤ ਕਵੀਆਂ ਦਾ ਸਮੁੱਚਾ ਜੀਵਨ ਸੰਘਰਸ਼ ਛੁਪਿਆ ਹੋਇਆ ਹੈ।

ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ॥

ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥

ਗਈ ਬੁਨਾਵਨ ਮਾਹੋ॥ ਘਰਿ ਛੋਡਿਐ ਜਾਇ ਜੁਲਾਹੋ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 335.)

ਕਵਿਤਾ ਨੂੰ ਤੀਬਰ ਭਾਵਨਾਵਾਂ ਦਾ ਪ੍ਰਗਟਾਵਾ ਕਿਹਾ ਜਾਂਦਾ ਹੈ। ਭਗਤ ਨਾਮਦੇਵ ਜੀ ਆਪਣੀ ਰਚਨਾ ਅੰਦਰ ਭਾਵਾਂ ਦੀ ਪੇਸ਼ਕਾਰੀ ਲੋਕਾਂ ਦੁਆਰਾ ਪ੍ਰਵਾਨਿਤ ਮੁਹਾਵਰੇ ਨਾਲ ਕਰਦੇ ਹਨ। ਕਮਾਲ ਇਸ ਗੱਲ ਵਿਚ ਹੈ ਕਿ ਇਹ ਭਾਸ਼ਾ ਆਮ ਜਨ-ਮਾਨਸ ਦੇ ਬਹੁਤ ਜ਼ਿਆਦਾ ਨੇੜੇ ਹੈ। ਇਹੋ ਲੱਛਣ ਇਸ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚਲੇ ਸਥਾਨਕਤਾ ਦੇ ਸੰਕਲਪ ਦੇ ਵੱਲ ਲੈ ਜਾਂਦਾ ਹੈ।

ਮੋਹਿ ਲਾਗਤੀ ਤਾਲਾਬੇਲੀ॥ ਬਛਰੇ ਬਿਨੁ ਗਾਇ ਅਕੇਲੀ॥

ਪਾਨੀਆ ਬਿਨੁ ਮੀਨੁ ਤਲਫੈ॥ ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ॥

ਜੈਸੇ ਗਾਇ ਕਾ ਬਾਛਾ ਛੂਟਲਾ॥ ਥਨ ਚੋਖਤਾ ਮਾਖਨੁ ਘੂਟਲਾ॥ (874.)

ਨਾਮਦੇਵ ਜੀ ਆਪਣੀ ਰਚਨਾ ਅੰਦਰ ਆਪਣੇ ਕਿੱਤੇ ਨਾਲ ਸਬੰਧਿਤ ਦ੍ਰਿਸ਼ਟਾਂਤਾਂ ਨੂੰ ਆਪਣੀ ਕਾਵਿ-ਭਾਸ਼ਾ ਦਾ ਸਹਿਜ ਅੰਗ ਬਣਾ ਕੇ ਆਪਣੀ ਗੱਲ ਕਹਿੰਦੇ ਹਨ। ਜਿਹੜੇ ਦ੍ਰਿਸ਼ਟਾਂਤ ਸਧਾਰਨ ਜੀਵਨ ਦੇ ਨੇੜੇ ਹੁੰਦੇ ਹਨ ਉਨ੍ਹਾਂ ਦੀ ਸ਼ਮੂਲੀਅਤ ਉੱਚ ਪੱਧਰ ਦੀ ਕਵਿਤਾ ਦਾ ਪ੍ਰਮੁੱਖ ਗੁਣ ਮੰਨਿਆਂ ਜਾਂਦਾ ਹੈ। ਭਗਤ ਜੀ ਆਪਣੀ ਰਚਨਾ ਵਿਚ ਅਧਿਆਤਮਕ ਗੂੜ੍ਹ ਰਹੱਸਾਂ ਨੂੰ ਆਮ ਵਰਤੋਂ ਦੀਆਂ ਵਸਤੂਆਂ ਰੂਪੀ ਦ੍ਰਿਸ਼ਟਾਂਤਾਂ ਰਾਹੀਂ ਪ੍ਰਗਟਾਉਂਦੇ ਹਨ।

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥

ਮਪਿ ਮਪਿ ਕਾਟਉ ਜਮ ਕੀ ਫਾਸੀ॥ (485.)

ਭਗਤ ਬਾਣੀ ਵਿਚ ਕਬੀਰ ਜੀ ਦੀ ਰਚਨਾ ਨੂੰ ਤੀਖਣ ਸੁਰ ਵਾਲੀ ਭਾਸ਼ਾ ਵਾਲੀ ਮੰਨਿਆਂ ਜਾਂਦਾ ਹੈ। ਆਪ ਦੀ ਰਚਨਾ ਵਿਚਲੀ ਦ੍ਰਿਸ਼ਟੀ ਨਵੇਂ ਦਿਸਹੱਦੇ ਸਿਰਜਦੀ ਹੈ।"ਭਗਤੀ ਅਤੇ ਕਾਵਿ ਵਿਚ (ਉਸਨੂੰ) ਉਸ ਸਮੇਂ ਦੀ ਜਟਿੱਲ ਸਥਿਤੀ ਦਾ ਬੋਧ ਹੈ ਅਤੇ ਉਸ ਵਿੱਚੋਂ ਆਪਣੀ ਸੁਤੰਤਰ ਦ੍ਰਿਸ਼ਟੀ ਅਤੇ ਨਵੇਂ ਰਾਹ ਬਣਾਉਣ ਦਾ ਸਾਹਸ ਹੈ, ਸੰਕਲਪ ਅਤੇ ਵਿਵੇਕ ਵੀ ਹੈ।"(ਸੇਵਾ ਸਿੰਘ. (ਸੰਪਾ.) *ਕਬੀਰ ਬਾਣੀ ਪਾਠ ਤੇ ਪ੍ਰਸੰਗ* 18.) ਭਗਤ ਬਾਣੀ ਵਿਚਲਾ ਸੰਵਾਦ

ਅਲੱਗ-ਅਲੱਗ ਸੰਪਰਦਾਵਾਂ, ਵਿਸ਼ਵਾਸਾਂ ਅਤੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਅਤੇ ਪ੍ਰਵਰਤਕਾਂ ਨਾਲ ਹਰ ਪੱਧਰ ਤੇ ਗੋਸ਼ਟੀ ਕਰਦਾ ਹੈ। "ਕਬੀਰ ਬਾਣੀ ਵਿਚ ਸੰਵਾਦ ਦੀ ਪ੍ਰਧਾਨਤਾ ਹੈ। ਹੈਸਟ੍ਰਪ ਮੁਤਾਬਿਕ ਸੰਵਾਦ ਬਿਰਤੀ ਵਿੱਚੋਂ ਗੱਲਬਾਤ ਦੁਆਰਾ ਨਵੇਂ ਗਿਆਨ ਦਾ ਆਵੇਸ਼ ਹੁੰਦਾ ਹੈ। ਵੱਖ-ਵੱਖ ਜਗਤ ਵਿਚ ਵਿਚਰਨ ਵਾਲੇ ਦੋ ਵਿਅਕਤੀਆਂ ਵਿਚਾਲੇ ਆਪਸੀ ਜਾਣ-ਪਛਾਣ ਵਿਚ ਵਾਧਾ ਹੁੰਦਾ ਹੈ।" (ਡਾ. ਕੁਲਵੰਤ ਸਿੰਘ. *ਭਗਤੀ ਸਾਹਿਤ ਪਰੰਪਰਾ ਅਤੇ ਪ੍ਰਵਾਹ* 116.) ਸੰਵਾਦ ਭਰਪੂਰ ਸ਼ੈਲੀ ਵਿਚ ਭਗਤ ਕਬੀਰ ਜੈਨੀਆਂ, ਜੋਗੀਆਂ, ਬ੍ਰਾਹਮਣਾਂ ਅਤੇ ਮੁਲਾਣਿਆਂ ਨਾਲ ਸੰਵਾਦ ਰਚਾਉਂਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਗੱਲ ਪ੍ਰਤੀ ਜਾਣੂ ਕਰਵਾਉਂਦੇ ਹਨ। ਆਮ ਪਾਠਕ ਲਈ ਅਤੇ ਸਬੰਧਿਤ ਫ਼ਿਰਕਿਆਂ ਲਈ ਇਸ ਦੀ ਅਰਥ ਉਤਪਾਦਕਤਾ ਆਪਣੀ ਅਦੁਭੁੱਤ ਸੰਚਾਰ ਸ਼ਕਤੀ ਦਾ ਮਾਦਾ ਰੱਖਦੀ ਹੈ।

ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥
ਕਿਆ ਨਾਗੇ ਕਿਆ ਬਾਧੇ ਚਾਮ॥
ਜਬ ਨਹੀ ਚੀਨਸਿ ਆਤਮ ਰਾਮ॥
ਮੂਡ ਮੁੰਡਾਏ ਜੌ ਸਿਧਿ ਪਾਈ॥
ਮੁਕਤੀ ਭੇਡ ਨ ਗਈਆ ਕਾਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 324.)

ਭਗਤੀ ਕਾਵਿ ਵਿਚ ਸ਼ਬਦਾਵਲੀ ਤੇ ਭਾਸ਼ਾ ਦਾ ਨਵਾਂ ਮੁਹਾਵਰਾ ਪੈਦਾ ਹੋਇਆ ਹੈ। ਇਸ ਦੇ ਆਉਣ ਨਾਲ ਸੰਸਕ੍ਰਿਤ ਭਾਸ਼ਾ ਦੀ ਪਕੜ ਕਮਜ਼ੋਰ ਹੋਣ ਲੱਗੀ। ਇਸੇ ਕਾਰਨ ਇਹ ਆਮ ਜਨਤਾ ਦੀ ਜ਼ੁਬਾਨ ਤੇ ਚੜ੍ਹ ਗਈ ਅਤੇ ਇਸ ਵਿਚਲੇ ਸ਼ਬਦ ਲੋਕਾਂ ਦੀ ਭਾਸ਼ਾ ਅੰਦਰ ਮਕਬੂਲ ਹੋ ਗਏ ਹਨ। ਇਸ ਨਾਲ ਸਥਾਨਕ ਭਾਸ਼ਾਵਾਂ ਰੂਪੀ ਅਲਪਬ੍ਰਿਤਾਂਤ ਨੂੰ ਸੰਸਕ੍ਰਿਤ ਭਾਸ਼ਾ ਦੇ ਮਹਾਂਬ੍ਰਿਤਾਂਤ ਦੇ ਸਮਵਿੱਥ ਸਥਾਪਿਤ ਕਰਨ ਦਾ ਕਾਰਜ ਭਗਤ ਕਵੀ ਆਪਣੀ ਕਵਿਤਾ ਦੇ ਮਾਧਿਅਮ ਦੁਆਰਾ ਕਰਦੇ ਹਨ। ਭਗਤ ਬਾਣੀ ਬਹੁਪਰਤੀ ਗਿਆਨ ਅਤੇ ਸਾਹਿਤਿਕ ਗੁਣਾਂ ਦਾ

ਗੁਲਦਸਤਾ ਹੈ। ਇਸ ਦੀ ਭਾਸ਼ਾ ਵਿਚ ਅਲੰਕਾਰ ਯੁਕਤ ਮੁਹਾਵਰੇ ਦੀ ਪ੍ਰਧਾਨਤਾ ਹੈ। ਅਨੇਕਾਂ ਪ੍ਰਕਾਰ ਦੇ ਰੂਪਕ ਅਲੰਕਾਰ ਅਤੇ ਬਿੰਬਾਂ ਰੂਪੀ ਸ਼ਬਦ ਚਿੱਤਰਾਂ ਦੁਆਰਾ ਪੂਰੀ ਤਸਵੀਰ ਪੇਸ਼ ਹੁੰਦੀ ਹੈ।

ਥਰਹਰ ਕੰਪੈ ਬਾਲਾ ਜੀਉ॥
ਨਾ ਜਾਨਉ ਕਿਆ ਕਰਸੀ ਪੀਉ॥੧॥
ਰੈਨਿ ਗਈ ਮਤ ਦਿਨ ਭੀ ਜਾਇ॥
ਭਵਰ ਗਏ ਬਗ ਬੈਠੇ ਆਇ॥੧॥ਰਹਾਉ॥
ਕਾਹੇ ਕਰਵੈ ਰਹੇ ਨ ਪਾਨੀ॥
ਹੰਸੁ ਚਲਿਆ ਕਾਇਆ ਕੁਮਲਾਨੀ॥੨॥
ਕੁਆਰ ਕੰਨਿਆ ਜੈਸੇ ਕਰਤ ਸੀਗਾਰਾ॥
ਕਿਉ ਰਲੀਆ ਮਾਨੈ ਬਾਝੁ ਭਤਾਰਾ॥੩॥
ਕਾਗ ਉਡਾਵਤ ਭੁਜਾ ਪਿਰਾਨੀ॥
ਕਹਿ ਕਬੀਰ ਇਹ ਕਥਾ ਸਿਰਾਨੀ॥੪॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 792.)

ਦੈਰਿਦਾ ਸਮਕਾਲੀ ਵਿਸ਼ਵ ਚਿੰਤਨ ਦੇ ਦ੍ਰਿਸ਼ਾਂ ਨੂੰ ਪ੍ਰਗਟਾਉਂਦਾ ਹੋਇਆ ਆਧੁਨਿਕਵਾਦੀ ਦ੍ਰਿਸ਼ਟੀਆਂ ਦੀ ਆਲੋਚਨਾ ਪੇਸ਼ ਕਰਦਾ ਹੈ। ਦੈਰਿਦਾ ਦੇ ਇਸ ਅਮਲ ਵਿਚੋਂ ਹੀ ਉੱਤਰ-ਆਧੁਨਿਕਤਾ ਦੇ ਮੁੱਖ ਸਰੋਕਾਰ ਪ੍ਰਗਟ ਹੁੰਦੇ ਹਨ। ਪੱਛਮੀ ਚਿੰਤਨ ਵਿਚ ਆਧੁਨਿਕਤਾ ਦੇ ਪ੍ਰਭਾਵ ਹੇਠ ਗਿਆਨਕਰਣ ਦੀ ਲਹਿਰ ਅਧੀਨ ਸਾਹਿਤ ਚਿੰਤਨ ਵਿਚ ਆਈ ਖੜੋਤ ਨੂੰ ਉੱਤਰ-ਆਧੁਨਿਕਤਾਵਾਦ ਨੇ ਤੋੜ ਕੇ ਅਤੇ ਇੱਕ ਨਵੀਂ ਦ੍ਰਿਸ਼ਟੀ ਨੂੰ ਰੂਪਮਾਨ ਕਰਨ ਦਾ ਕਾਰਜ ਕੀਤਾ ਹੈ। ਡਾ. ਗੁਰਭਗਤ ਸਿੰਘ ਦੇ ਵਿਚਾਰਾਂ ਅਨੁਸਾਰ,"ਉੱਤਰ-ਆਧੁਨਿਕਤਾਵਾਦ ਇਕ ਤਰ੍ਹਾਂ ਪੱਛਮੀ ਗਿਆਨਕਰਣ ਜਾਂ ਐਨਲਾਈਟਨਮੈਂਟ ਚਿੰਤਨ ਦੇ ਵਿਰੋਧ ਵਜੋਂ ਰੂਪਮਾਨ ਹੋਇਆ।"(*ਉੱਤਰ-ਆਧੁਨਿਕਤਾਵਾਦ* 1.) ਇਸ ਸਬੰਧੀ ਫਰੈਡਰਿਕ ਜੇਮਸਨ ਦੀਆਂ ਧਾਰਨਾਵਾਂ ਬਹੁਤ ਮਹੱਤਵਪੂਰਨ ਮੰਨੀਆਂ ਜਾਦੀਆਂ ਹਨ।"ਜੇਮਸਨ ਉੱਤਰ-ਆਧੁਨਿਕ

ਵਿਚ ਸਿੱਧੇ ਰੂਪ ਵਿਚ ਸਾਡੇ ਇਤਿਹਾਸਕ ਅਤੇ ਫਿਜ਼ੀਕਲ ਨੂੰ ਸਥਾਪਤ ਕਰਦਾ ਹੈ। ਇਸ ਪ੍ਰਕਾਰ ਉਹ ਉੱਤਰ-ਆਧੁਨਿਕਤਾ ਅਤੇ ਉੱਤਰ-ਆਧੁਨਿਕ ਇਕ ਇਤਿਹਾਸਕ ਪੜਾ ਨੂੰ ਸੰਕੇਤਦਾ ਹੈ ਅਤੇ ਉੱਤਰ-ਆਧੁਨਿਕਤਾਵਾਦ ਇਕ ਸ਼ੈਲੀਗਤ ਕੈਟੇਗਰੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।"(ਬਾਜਵਾ. ਉਤਰ ਆਧੁਨਿਕਤਾਵਾਦ ਅਤੇ ਗੁਰਬਾਣੀ 23.) ਉੱਤਰ-ਆਧੁਨਿਕਵਾਦੀ ਦਰਸ਼ਨ ਅਤੇ ਚਿੰਤਨ, ਆਧੁਨਿਕ ਦਰਸ਼ਨ ਵਿਚਲੀਆਂ ਸਮੁੱਚਤਾਵਾਦੀ, ਤਰਕਸੰਗਤ ਅਤੇ ਅੰਤਰਮੁਖੀ ਪ੍ਰਵਿਰਤੀਆਂ ਦੇ ਵਿਰੋਧ ਵਿਚ ਹੈ। ਇਸ ਵਿਚ ਕੇਂਦਰ ਦੀ ਥਾਂ ਵਿਕੇਂਦਰਤਾ, ਮਹਾਂਬਿਰਤਾਂਤ ਦੀ ਥਾਂ ਅਲਪਬਿਰਤਾਂਤ, ਇਕਰੂਪਤਾ ਦੀ ਥਾਂ ਵਿਭਿੰਨਤਾ ਅਤੇ ਨਿਰਪੇਖ ਸੱਚ ਦੀ ਜਗ੍ਹਾ ਸਾਪੇਖ ਸੱਚ ਨੂੰ ਚਿੰਤਨ ਦੇ ਤੌਰ ਤੇ ਪੇਸ਼ ਕਰਦਾ ਹੈ। ਇਹ ਜੀਵਨ ਮੁੱਲਾਂ ਨੂੰ ਮਨੁੱਖੀ ਚੇਤਨਾ ਦੀ ਥਾਂ ਯਥਾਰਥ ਵਿਚ ਪਏ ਹੋਏ ਮੰਨਦਾ ਹੈ। "ਉੱਤਰ-ਆਧੁਨਿਕਤਾਵਾਦ ਸਮਾਜਿਕ ਅਤੇ ਸੱਭਿਆਚਾਰਕ ਯਥਾਰਥ ਅਜਿਹੇ ਸਮੂਹਿਕ ਵਿਸ਼ਵਾਸਾਂ, ਕਦਰਾਂ-ਕੀਮਤਾਂ ਅਤੇ ਵਰਤਾਓ ਦੇ ਰੂਪਾਂ ਵਿਚੋਂ ਅਭਿਵਿਅਕਤ ਹੁੰਦਾ ਹੈ।"(David Owen (Ed.). *Sociology after Postmodernism* 14.) ਉੱਤਰ-ਆਧੁਨਿਕਤਾਵਾਦੀ ਸਿਧਾਂਤ ਚਿੰਤਨ ਦੇ ਸਬੰਧ ਵਿਚ ਡਾ. ਗੁਰਪਾਲ ਸਿੰਘ ਸੰਧੂ ਦੇ ਵਿਚਾਰਾਂ ਅਨੁਸਾਰ :

> ਉੱਤਰ-ਆਧੁਨਿਕਤਾਵਾਦੀ ਸਿਧਾਂਤ ਚੇਤਨਾ ਅਤੇ ਸਿਧਾਂਤ ਚਿੰਤਨ ਦੀਆਂ ਤਿੰਨ ਮੁੱਖ ਦਿਸ਼ਾਵਾਂ ਹਨ। ਪਹਿਲੀ ਆਧੁਨਿਕਤਾਵਾਦੀ ਸਮਾਜਿਕ, ਆਰਥਿਕ, ਨਸਲੀ, ਵਸਤੂ-ਵਟਾਂਦਰੇ ਅਤੇ ਅੰਤਰ-ਰਾਸ਼ਟਰੀਵਾਦ ਵਿਚ ਸਰਗਰਮ ਸਭਿਆਚਾਰਕ ਸਮਾਜਵਾਦ ਦੀ ਨਿਆਂਇਸ਼ੀਲਤਾ ਦੇ ਵਿਰੁੱਧ ਸਭਿਆਚਾਰਕ ਵਿਭਿੰਨਤਾਵਾਂ ਦੇ ਵਿਜਾਤੀ ਤਰਕ-ਵਿਧਾਨ ਨਾਲ ਸੰਗਠਿਤ ਵਿਆਖਿਆ-ਸ਼ਾਸਤਰ ਦੀ ਉਸਾਰੀ। ਦੂਸਰਾ, ਸਮਕਾਲੀਨ ਵਿਕਸਤ ਸਮਾਜਾਂ ਵਿਚ ਪੈਦਾ ਹੋਈਆਂ ਸਮਾਜਿਕ ਹਾਲਤਾਂ, ਪਰਵਾਸੀ ਲੋਕਾਂ ਦੀ ਭੂਮਿਕਾ ਅਤੇ ਮੌਜੂਦਗੀ ਦੇ ਤਰਕ ਦੀ ਨਿਆਂਇਸ਼ੀਲਤਾ ਅਨੁਸਾਰ ਸਿਧਾਂਤਕ ਚੌਖਟੇ ਸਿਰਜਣੇ ਜਿਨ੍ਹਾਂ ਦੇ ਆਧਾਰ ਤੇ ਇਹਨਾਂ ਸਮਾਜਾਂ ਵਿਚ ਹਰ ਵਰਗ ਦੇ ਲੋਕਾਂ ਦੀ ਭਾਗੀਦਾਰੀ ਸਮਾਨਤਾ ਦੇ ਅਸੂਲ ਮੁਤਾਬਕ ਨਿਰਧਾਰਤ ਕੀਤੀ ਜਾ ਸਕੇ। ਇਸ ਦੇ ਆਧਾਰ ਤੇ ਹੀ ਸਮਕਾਲੀ ਮਾਨਵੀ ਪ੍ਰਵਚਨਾਂ ਵਿਚ ਅਜਿਹੇ ਮਾਨਵੀ ਅਸਤਿਤਵ ਦੇ ਨਵੇਂ ਸਰੋਕਾਰ ਸ਼ਾਮਲ ਹਨ, ਜੋ ਸਭਿਆਚਾਰਾਂ ਵਿਚ ਬਹੁ-ਸੁਰੇਪਣ ਨੂੰ ਨਿਕਾਰਨ ਦੀ ਥਾਂ ਉਸ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੇ

ਹਨ। ਤੀਜੀ, ਉਹਨਾ ਮਾਨਵੀ ਪ੍ਰਵਚਨਾਂ ਦੀ ਵਿਸ਼ਲੇਸ਼ਣ ਵਿਧੀ ਤਿਆਰ ਕਰਨਾ, ਜੋ ਭਿੰਨ-ਭਿੰਨ ਇਤਿਹਾਸਕ ਕਾਰਨਾ ਦੇ ਫਲਸਰੂਪ ਬਹੁਵਾਦੀ ਸੁਭਾਅ ਦੇ ਧਾਰਨੀ ਹਨ ਅਤੇ ਭਿੰਨ-ਭਿੰਨ ਸਮਿਆਂ ਵਿਚ ਆਪਣੀ ਸਭਿਆਚਾਰਕ ਹੋਂਦ ਦੇ ਸਮਾਨਾਂਤਰ ਬਹੁ-ਸੁਰੇ ਚਰਿੱਤਰ ਵਾਲੇ ਮਾਨਵੀ ਪ੍ਰਵਚਨ ਦਾ ਨਿਰਮਾਣ ਕਰਦੇ ਹਨ। ਆਧੁਨਿਕਵਾਦੀ ਵਿਆਖਿਆ ਸ਼ਾਸਤਰ ਵਿਚ ਇਹਨਾਂ ਮਾਨਵੀ ਪ੍ਰਵਚਨਾਂ ਦੀਆਂ ਇਹਨਾਂ ਵਿਲੱਖਣਤਾਵਾਂ ਨੂੰ ਸੀਮਤ ਕਰਕੇ ਪੇਸ਼ ਕੀਤਾ ਗਿਆ ਸੀ। (*ਪਰਖ* (2000) 66-67.)

ਭਗਤ ਬਾਣੀ ਅੰਦਰ ਇਸ ਬਹੁਲਤਾਵਾਦੀ ਪਰਿਪੇਖਾਂ ਦੀ ਪੇਸ਼ਕਾਰੀ ਹੋਈ ਹੈ। ਭਗਤ ਬਾਣੀ 'ਦੂਜੇ' ਪ੍ਰਤੀ ਆਪਣਾ ਨੁਕਤਾ ਨਿਗਾਹ ਪੇਸ਼ ਕਰਦੀ ਹੈ। ਇਸ ਅਨੁਸਾਰ ਕਿਸੇ ਵਿਚ ਇਕ ਸੀਮਾ ਵਿਚ ਬੱਝਣ ਦੀ ਥਾਂ ਅਨੇਕਤਾ ਵਿਚਲੀ ਏਕਤਾ ਸਥਾਪਨਾ ਹੁੰਦੀ ਹੈ।

ਹਮਰਾ ਝਗਰਾ ਰਹਾ ਨ ਕੋਊ॥

ਪੰਡਿਤ ਮੁਲਾਂ ਛਾਡੇ ਦੋਊ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1158.)

ਭਗਤ ਬਾਣੀ ਵਿਚ ਵੀ ਅਲੱਗ-ਅਲੱਗ ਮੁਹਾਵਰੇ ਅਤੇ ਲੋਕੋਕਤੀਆਂ ਭਰਪੂਰ ਮਾਤਰਾ ਵਿਚ ਮਿਲਦੀਆਂ ਹਨ। ਕਬੀਰ ਬਾਣੀ ਵਿਚ ਮੁਹਾਵਰੇ ਅਤੇ ਲੋਕੋਕਤੀ ਦੁਆਰਾ ਬਹੁਪਰਤੀ ਅਰਥ ਅਗਰਭੂਮਿਤ ਕੀਤੇ ਜਾਂਦੇ ਹਨ।

ਸੰਤੁ ਮਿਲੈ ਕਿਛੁ ਸੁਨੀਐ ਕਹੀਐ॥

ਮਿਲੈ ਅਸੰਤੁ ਮਸਟਿ ਕਰਿ ਰਹੀਐ॥੧॥

ਬਾਬਾ ਬੋਲਨਾ ਕਿਆ ਕਹੀਐ॥

ਜੈਸੇ ਰਾਮ ਨਾਮ ਰਵਿ ਰਹੀਐ॥੧॥ਰਹਾਉ॥

ਸੰਤਨ ਸਿਉ ਬੋਲੇ ਉਪਕਾਰੀ॥

ਮੂਰਖ ਸਿਉ ਬੋਲੇ ਝਖ ਮਾਰੀ॥੨॥

ਬੋਲਤ ਬੋਲਤ ਬਢਹਿ ਬਿਕਾਰਾ॥

ਬਿਨੁ ਬੋਲੈ ਕਿਆ ਕਰਹਿ ਬੀਚਾਰਾ॥੩॥

ਕਹੁ ਕਬੀਰ ਛੂਛਾ ਘਟੁ ਬੋਲੈ॥

ਭਰਿਆ ਹੋਇ ਸੁ ਕਬਹੁ ਨ ਡੋਲੈ॥੪॥ (870.)

ਕਬੀਰ ਜੀ ਦੁਆਰਾ ਆਪਣੀ ਗੱਲ ਨੂੰ ਮੁਹਾਵਰੇ ਦੀ ਪੁੱਠ ਦੇ ਕੇ ਕਹਿਣ ਦਾ ਜੋ ਤਰੀਕਾ ਭਗਤ ਬਾਣੀ ਵਿਚ ਪ੍ਰਾਪਤ ਹੁੰਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਪੇਸ਼ਕਾਰੀ ਉੱਤਰ-ਆਧੁਨਿਕ ਪਰਿਪੇਖ ਵਿਚ ਛੋਟੇ-ਛੋਟੇ ਰੂਪਾਂ ਦਾ ਮਹੱਤਵ ਸਥਾਪਿਤ ਕਰਦੀ ਹੈ।

ਆਪਿ ਨ ਦੇਹਿ ਚੁਰੂ ਭਰਿ ਪਾਨੀ॥

ਤਿਹ ਨਿੰਦਹਿ ਜਿਹ ਗੰਗਾ ਆਨੀ॥(332.)

ਮੁਹਾਵਰੇਦਾਰ ਬੋਲੀ ਦੁਆਰਾ ਅਜਿਹਾ ਪ੍ਰਸਤੁਤੀ ਕਰਨ ਕੀਤਾ ਗਿਆ ਹੈ ਕਿ ਇਹ ਆਮ ਜਨ-ਮਾਨਸ ਦੇ ਮਨ ਨੂੰ ਟੁੰਬਦੇ ਹਨ। ਅਧਿਆਤਮਕ ਸੰਕਲਪਾਂ ਨੂੰ ਪ੍ਰਗਟਾਉਣ ਦਾ ਢੰਗ ਹੀ ਇਸ ਨੂੰ ਇੱਕ ਵਿਲੱਖਣ ਰਚਨਾ ਬਣਾਉਂਦਾ ਹੈ।

ਬਿਨੁ ਬੈਰਾਗ ਨ ਛੂਟਸਿ ਮਾਇਆ॥(329.)

ਆਮ ਲੋਕਾਂ ਦੁਆਰਾ ਨਿੱਤ ਵਰਤੋਂ ਦੀ ਸ਼ਬਦਾਵਲੀ ਵਿਚੋਂ ਭਗਤ ਬਾਣੀ ਅੰਦਰ ਅਜਿਹੀਆਂ ਉਕਤੀਆਂ ਪੇਸ਼ ਹੋਈਆਂ ਮਿਲਦੀਆਂ ਹਨ, ਜੋ ਕਿ ਮੁਹਾਵਰੇ ਬਣ ਚੁੱਕੇ ਹਨ। ਇਹ ਮੁਹਾਵਰੇ ਵਿਭਿੰਨ ਪ੍ਰਸੰਗਾਂ ਵਿਚ ਅਰਥ ਸੰਚਾਰ ਦੀ ਸਮਰੱਥਾ ਰੱਖਦੇ ਹਨ।

ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥(334.)

ਸੂਰਮਤਾਈ ਦੀ ਪਰਿਭਾਸ਼ਾ ਅਜਿਹੇ ਸ਼ਬਦਾਂ ਵਿਚ ਕੀਤੀ ਹੈ ਕਿ ਇਹ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕਰਨ ਵਾਲੇ ਫ਼ੌਜੀ ਜਵਾਨਾਂ ਅੰਦਰ ਬੀਰਤਾ ਦਾ ਸੰਚਾਰ ਕਰਨ ਦਾ ਕਾਰਜ ਕਰਦੀ ਹੈ। ਕੇਵਲ ਫ਼ੌਜੀ ਜਵਾਨਾਂ ਹੀ ਨਹੀਂ ਬਲਕਿ ਆਮ ਜ਼ਿੰਦਗੀ ਵਿਚ ਵੀ ਦੀਨ ਦੁਖੀਆਂ ਲਈ ਅੱਗੇ ਹੋ ਕੇ ਲੜਨ ਵਾਲੇ ਲਈ ਇਹ ਉਕਤੀ ਵਰਤ ਲਈ ਜਾਂਦੀ ਹੈ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (1105.)

ਕਬੀਰ ਜੀ ਦੀ ਰਚਨਾ ਵਿਚ ਬਹੁਤ ਪ੍ਰਕਾਰ ਦੇ ਸਾਹਿਤਿਕ ਰੰਗ ਬਹੁਤ ਖ਼ੂਬਸੂਰਤ ਰੂਪਾਂ ਵਿਚ ਮਿਲਦੇ ਹਨ। ਕਬੀਰ ਬਾਣੀ ਵਿਚਲੀਆਂ ਉਲਟ ਬਾਸੀਆਂ ਦਾ ਰੰਗ ਵੇਖਣ ਯੋਗ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਇਕ ਰੂਪਾਕਾਰ ਹੈ। ਇਸ ਦੇ ਅਰਥ ਵਿਚ ਇਸਨੂੰ ਕਾਵਿ ਉਕਤੀ ਕਹਿੰਦੇ ਹਨ ਜਿਸ ਵਿਚ ਸਧਾਰਨ ਤੋਂ ਉਲਟ ਗੱਲ ਕਹੀ ਗਈ ਹੋਵੇ। ਇਹ ਕੇਂਦਰੀਕਰਨ ਦੀ ਥਾਂ ਵਿਕੇਂਦਰਿਤ ਅਰਥਾਂ ਨੂੰ ਸਥਾਪਿਤ ਕਰਨ ਵਾਲੀ ਉੱਤਰ-ਆਧੁਨਿਕ ਸੋਚ ਦੀ ਲਖਾਇਕ ਬਣਦੀ ਹੈ।

ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥

ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥੧॥

ਰਾਜਾ ਰਾਮ ਕਕਰੀਆ ਬਰੇ ਪਕਾਏ॥

ਕਿਨੈ ਬੂਝਨਹਾਰੈ ਖਾਏ॥੧॥ਰਹਾਉ॥

ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ॥

ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ॥੨॥

ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ॥

ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ॥੩॥

ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ॥

ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ॥੪॥ (477.)

ਉੱਤਰ-ਆਧੁਨਿਕਤਾ ਅਨੁਸਾਰ ਕਾਵਿ ਰਚਨਾਵਾਂ ਅੰਦਰ ਅਨੇਕ ਅਧੂਰੀਆਂ ਲਾਈਨਾਂ ਹੁੰਦੀਆਂ ਹਨ, ਜਿਨ੍ਹਾ ਨੂੰ ਪਾਠਕ ਨੇ ਆਪਣੀ ਕਲਪਨਾ, ਸਮਝ ਅਤੇ ਅਨੁਭਵ ਦੇ ਆਧਾਰ ਤੇ ਸਮਝਣਾ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਅਰਥ ਦੀ ਉੱਤਪਤੀ, ਭਿੰਨਤਾ ਤੋਂ ਹੋਣ ਕਾਰਨ ਇਸ ਗ੍ਰਹਿਣਸ਼ੀਲਤਾ ਅੰਤਹੀਣ ਹੈ। ਜਿਸ ਦੀ ਅੰਤਿਮ ਵਿਆਖਿਆ ਪੇਸ਼ ਕਰਨੀ ਸੰਭਵ ਨਹੀਂ ਹੈ। ਇਸ ਸ਼ਬਦ ਦੁਆਰਾ ਸਹਿਜੇ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥

ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥ (656.)

ਕਾਵਿ ਦਾ ਆਕਾਰ ਜਾਂ ਪਾਠ ਮਹੱਤਵਪੂਰਨ ਨਹੀਂ, ਉਸ ਵਿਚੋਂ ਵਿਅਕਤ ਹੋਣ ਵਾਲੇ ਅਰਥਾਂ ਨੂੰ, ਸੰਦਰਭਾਂ ਨੂੰ ਉਜਾਗਰ ਕਰਨਾ ਮਹੱਤਵਪੂਰਨ ਹੈ। ਵਿਭਿੰਨਤਾ ਦੁਆਰਾ ਅਰਥ ਪੈਦਾ ਹੁੰਦਾ ਹੈ, ਇਸ ਲਈ ਜਿਤਨਾ ਇਹ ਸਾਹਮਣੇ ਹੁੰਦਾ ਹੈ, ਉਨ੍ਹਾਂ ਹੀ ਲੁਪਤ ਵੀ ਹੁੰਦਾ ਹੈ। ਉੱਤਰ-ਆਧੁਨਿਕ ਚਿੰਤਨ ਅਨੁਸਾਰ ਲੁਪਤ ਅਰਥ ਵੀ ਮਹੱਤਵਪੂਰਨ ਹੈ, ਜਿਸਨੂੰ ਸ਼ਕਤੀ ਭਾਵ ਸੱਤਾ ਵਿਵਸਥਾ ਨੇ ਬੇਦਖ਼ਲ ਕਰ ਦਿੱਤਾ ਹੈ। ਇਸ ਸ਼ਬਦ ਨੂੰ ਵਿਭਿੰਨ ਸੰਦਰਭਾਂ ਵਿਚ ਵਿਲੱਖਣ ਅਰਥਾਂ ਨਾਲ ਸਮਝਿਆ ਜਾ ਸਕਦਾ ਹੈ।

ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥ ਪ੍ਰਾਗ ਇਸਨਾਨੇ॥

ਤਉ ਨ ਪੁਜਹਿ ਹਰਿ ਕੀਰਤਿ ਨਾਮਾ॥ (873.)

### 5.3. ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਦੀ ਬਹੁਰੂਪੀ ਸਾਹਿਤਿਕ ਸਮਰੱਥਾ

ਉੱਤਰ-ਆਧੁਨਿਕਤਾ ਬਹੁਲਤਾ ਅਤੇ ਅਨੇਕਤਾ ਦਾ ਸਮਰਥਨ ਕਰਦੀ ਹੈ। ਗਿਆਨ ਦੇ ਖੇਤਰ ਵਿਚ ਭਗਤ ਬਾਣੀ ਦੇ ਕਵੀ ਆਪਣੇ ਕਾਵਿ ਅਨੁਭਵ ਨੂੰ ਪ੍ਰਗਟਾਉਣ ਲਈ ਅਨੇਕ ਵਿਧੀਆਂ ਅਤੇ ਸਾਹਿਤਿਕ ਰੂਪਾਂ ਦੀ ਵਰਤੋਂ ਕਰਦੀ ਹੈ। ਭਾਵ ਦੀ ਤੀਖਣਤਾ ਲਈ ਪ੍ਰਤੀਕ, ਬਿੰਬ, ਛੰਦ, ਅਲੰਕਾਰ, ਮੁਹਾਵਰੇ, ਅਖਾਣ ਅਤੇ ਰਸਾਂ ਦੁਆਰਾ ਵੱਡੀ ਗੱਲ ਨੂੰ

ਸੁਹਜਮਈ ਢੰਗ ਨਾਲ ਪ੍ਰਗਟਾਇਆ ਗਿਆ ਹੈ। ਇਸ ਅਨੇਕਤਾ ਦਾ ਲੇਖਾ ਜੋਖਾ ਕਰਨ ਲਈ ਉਪਰੋਕਤ ਆਧਾਰਾਂ ਤੇ ਇਸ ਦੀ ਬਹੁਰੂਪੀ ਸਾਹਿਤਿਕ ਬਿਰਤੀ ਦੇ ਝਾਤ ਪਾਉਂਦੇ ਹਾਂ।

ਕਵੀ ਆਪਣਾ ਕਾਵਿ ਅਨੁਭਵ ਸੰਚਾਰਿਤ ਕਰਨ ਲਈ ਕਈ ਵਿਧੀਆਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਵਿਚ ਪ੍ਰਤੀਕ ਵਿਧਾਨ ਦਾ ਆਪਣਾ ਮਹੱਤਵ ਹੈ। ਪ੍ਰਤੀਕ ਇਕ ਵਸਤੂ ਹੈ ਜੋ ਅਚੇਤ ਅਤੇ ਸੁਚੇਤ ਸਮਾਨਤਾ ਦੇ ਰੂਪਾਂ ਵਿਚ ਸਾਂਝ ਜਾਂ ਰੂੜੀ ਦੇ ਆਧਾਰ ਤੇ ਕਿਸੇ ਹੋਰ ਵਸਤੂ ਦਾ ਸੁਝਾਅ ਦਿੰਦੀ ਹੈ। ਕਵਿਤਾ ਦੀ ਭਾਸ਼ਾ ਅੰਦਰ ਪ੍ਰਤੀਕ ਸਿਰਜਣਾ ਇਸ ਨੂੰ ਨਵਾਂ ਜੀਵਨ ਇਕ ਸ਼ਬਦ ਦੁਆਰਾ ਵਿਆਪਕ ਅਰਥ ਸਿਰਜਣਾ ਰਾਹੀਂ ਭਾਸ਼ਾ ਵਿਚ ਇਕ ਨਵੀਂ ਸ਼ਕਤੀ ਅਤੇ ਸੁਹਜ ਦਿੰਦਾ ਹੈ। ਆਰਥਰ ਸਾਈਮਨਜ਼ ਪ੍ਰਤੀਕ ਬਾਰੇ ਕੁਝ ਇਸ ਤਰ੍ਹਾਂ ਬਿਆਨਦੇ ਹਨ :

> ਪ੍ਰਤੀਕ ਅੰਗਰੇਜ਼ੀ ਸ਼ਬਦ 'Symbol' ਦਾ ਸਮਾਨਅਰਥੀ ਸ਼ਬਦ ਹੈ। ਪ੍ਰਤੀਕ ਕਾਵਿ ਦੀ ਸ਼ੈਲੀਗਤ ਵਿਸ਼ੇਸ਼ਤਾ ਹੈ। ਮਨੁੱਖ ਦੀ ਭਾਸ਼ਾ ਅਤੇ ਅਭਿਵਿਅਕਤੀ ਨਾਲ ਪ੍ਰਤੀਕ ਦਾ ਡੂੰਘਾ ਸਬੰਧ ਮੰਨਿਆਂ ਜਾਂਦਾ ਹੈ। ਇਸ ਕਰਕੇ ਸਾਹਿਤ ਸਿਰਜਣਾ ਦੇ ਆਦਿ ਕਾਲ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਤੀਕ ਦੀ ਵਰਤੋਂ ਹੁੰਦੀ ਰਹੀ ਹੈ। ਪ੍ਰਤੀਕ ਦਾ ਆਰੰਭ ਸ੍ਰਿਸ਼ਟੀ ਦੇ ਪਹਿਲੇ ਜੀਵ ਦੇ ਉਚਾਰਣ ਕੀਤੇ ਸ਼ਬਦ ਦੁਆਰਾ ਹੀ ਸਵੀਕਾਰ ਕੀਤਾ ਗਿਆ ਹੈ।(*ਦ ਸਿੰਬੋਲਿਸਟ ਮੂਵਮੈਂਟ ਇਨ ਲਿਟਰੇਚਰ* 75.)

ਭਗਤ ਬਾਣੀ ਵਿਚ ਪ੍ਰਤੀਕ ਵਿਧਾਨ ਦੁਆਰਾ ਭਾਸ਼ਾਈ ਸਮਰੱਥਾ ਵਿਭਿੰਨ ਪਾਸਾਰਾਂ ਵਿਚ ਪੇਸ਼ ਹੋਈ ਹੈ। ਡਾ. ਭਾਗੀਰਥ ਮਿਸ਼ਰ ਪ੍ਰਤੀਕਾਂ ਦੀਆਂ ਪੰਜ ਸ਼੍ਰੇਣੀਆਂ ਦੱਸਦੇ ਹਨ : ਪ੍ਰਾਕ੍ਰਿਤਕ ਪ੍ਰਤੀਕ, ਸਾਂਸਕ੍ਰਿਤਕ ਪ੍ਰਤੀਕ, ਇਤਿਹਾਸਕ ਪ੍ਰਤੀਕ, ਜੀਵਨ ਵਪਾਰ ਸਬੰਧੀ ਪ੍ਰਤੀਕ ਅਤੇ ਸ਼ਾਸਤ੍ਰੀ ਪ੍ਰਤੀਕ ਆਦਿ।(*ਕਾਵਿ ਸ਼ਾਸਤਰ* 257.) ਭਗਤ ਬਾਣੀ ਆਪਣੀ ਗੱਲ ਸਪੱਸ਼ਟ ਕਰਨ ਲਈ ਵੱਖ-ਵੱਖ ਪ੍ਰਤੀਕਾਂ ਦਾ ਨਿਰੂਪਣ ਕਰਦੀ ਹੈ। ਜਿਸ ਤਰ੍ਹਾਂ ਅਗਿਆਨੀ ਲਈ ਅੰਨ੍ਹੇ ਦੇ ਪ੍ਰਤੀਕ ਵਰਤਿਆ ਹੈ।

> ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ॥( *ਸ੍ਰੀ ਗੁਰੂ ਗ੍ਰੰਥ ਸਾਹਿਬ* 333.)

ਮਨ ਨੂੰ ਹਾਥੀ ਦਾ ਪ੍ਰਤੀਕ ਦੁਆਰਾ ਦਿਖਾਇਆ ਗਿਆ ਹੈ।

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥(1377.)

ਆਤਮਾ ਲਈ ਹੰਸ ਦਾ ਪ੍ਰਤੀਕ ਵਰਤ ਕੇ ਸ਼ਬਦ-ਚਿੱਤਰ ਪੇਸ਼ ਕੀਤਾ ਗਿਆ ਹੈ।

ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ॥(478.)

ਮਿਹਨਤੀ ਮਨੁੱਖ ਨੂੰ ਕੀੜੀ ਦਾ ਪ੍ਰਤੀਕ ਦੁਆਰਾ ਸਾਕਾਰ ਕੀਤਾ ਗਿਆ ਹੈ।

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥(1377.)

ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ॥(477.)

ਪਰਮਾਤਮਾ ਲਈ ਬਾਪ, ਕੰਤ, ਖਸਮ ਆਦਿ ਦੇ ਪ੍ਰਤੀਕ ਵਰਤੇ ਗਏ ਹਨ।

ਬਾਪਿ ਦਿਲਾਸਾ ਮੇਰੋ ਕੀਨ੍ਾ॥(476.)

ਤੁਮਹਿ ਸੁ ਕੰਤ ਨਾਰਿ ਹਮ ਸੋਈ॥(484.)

ਹੁਕਮੁ ਪਛਾਣਿ ਤਾ ਖਸਮੈ ਮਿਲਣਾ॥(92.)

ਭਲਾਈ ਅਤੇ ਨੇਕੀ ਦੇ ਜੀਵਨ ਲਈ ਦਾਰੂ ਦਾ ਪ੍ਰਤੀਕ ਵਰਤ ਕੇ ਕਮਾਲ ਦਾ ਸ਼ਬਦ ਚਿੱਤਰ ਪੇਸ਼ ਕੀਤਾ ਗਿਆ ਹੈ।

ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ॥(1368.)

ਭਲੇ ਮਨੁੱਖ ਨੂੰ ਚੰਦਨ ਦੇ ਪ੍ਰਤੀਕ ਦੁਆਰਾ ਦਰਸਾਇਆ ਗਿਆ ਹੈ।

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥(1365.)

ਇਹ ਪ੍ਰਤੀਕ ਭਗਤ ਕਵੀਆਂ ਨੇ ਪ੍ਰਕਿਰਤੀ, ਮਿਥਿਹਾਸ ਅਤੇ ਸਮਾਜ ਵਿਚੋਂ ਲਏ ਹਨ। ਪ੍ਰਕਿਰਤੀ ਵਿਚੋਂ ਕਮਲ, ਰਵਿ, ਸੰਗਿ, ਵਣਿ, ਤ੍ਰਿਣ, ਕਣ ਆਦਿ ਮਿਥਿਹਾਸ ਵਿਚੋਂ ਅਰੁਣ, ਸੰਕਰ, ਸੁਨਾਗਰ ਆਦਿ ਸਮਾਜਿਕ

ਰਿਸ਼ਤਿਆਂ ਦੇ ਰੂਪ ਵਿਚ ਇਸਤ੍ਰੀ, ਲੜਿਕੇ, ਮੰਦਿਰ ਅਤੇ ਗੇਹਿਣਿ ਆਦਿ। ਇਤਿਹਾਸ ਵਿਚੋਂ ਹਵਾਲੇ : ਜੈ ਚੰਦ ਨਾਮ ਦੇ ਪੰਡਿਤ ਦਾ ਜ਼ਿਕਰ ਗੋਸ਼ਟਿ ਦੇ ਰੂਪ ਵਿਚ ਹੋਇਆ ਹੈ। ਉਸ ਸਮੇਂ ਦੇ ਤਿੰਨ ਭੇਖਾਂ ਸੰਨਿਆਸੀ, ਉਦਾਸੀ ਅਤੇ ਕਾਪੜੀਏ ਆਦਿ ਦਾ ਵਿਵਰਣ ਵੀ ਪ੍ਰਾਪਤ ਹੈ। ਇਸ ਸਭ ਤੋਂ ਭਗਤ ਬਾਣੀ ਦੇ ਬਹੁਲਤਾਵਾਦੀ ਸੁਭਾਅ ਦਾ ਬੋਧ ਸਹਿਜੇ ਹੀ ਹੋ ਜਾਂਦਾ ਹੈ। ਰਵਿਦਾਸ ਜੀ ਵੀ ਆਪਣੇ ਕਿੱਤੇ ਵਿਚਲੀ ਸ਼ਬਦਾਵਲੀ ਨੂੰ ਪ੍ਰਤੀਕ ਰੂਪ ਵਿਚ ਵਰਤਦੇ ਹਨ।

ਚਮਰਟਾ ਗਾਂਠਿ ਨ ਜਨਈ॥

ਲੋਗੁ ਗਠਾਵੈ ਪਨਹੀ॥੧॥ਰਹਾਉ॥

ਆਰ ਨਹੀ ਜਿਹ ਤੋਪਉ॥

ਨਹੀ ਰਾਂਬੀ ਠਾਉ ਰੋਪਉ॥੧॥

ਲੋਗੁ ਗੰਠਿ ਗੰਠਿ ਖਰਾ ਬਿਗੂਚਾ॥

ਹਉ ਬਿਨੁ ਗਾਂਠੇ ਜਾਇ ਪਹੂਚਾ॥੨॥

ਰਵਿਦਾਸ ਜਪੈ ਰਾਮ ਨਾਮਾ॥

ਮੋਹਿ ਜਮ ਸਿਉ ਨਾਹੀ ਕਾਮਾ॥੩॥ (659.)

ਉੱਤਰ ਆਧੁਨਿਕਤਾ ਅਨੁਸਾਰ ਕਵਿਤਾ ਮੁਕਤ ਵਿਚਰਣ ਕਰਦੀ ਹੈ। ਉੱਤਰ-ਆਧੁਨਿਕਤਾ ਪਾਠ ਨੂੰ ਮੁਕਤ ਮੰਨਦੀ ਹੈ। ਇਸ ਦਾ ਅਰਥ ਇਹ ਹੈ ਕਿ ਪਾਠ ਮੁਕਤ ਵਿਚਰਣ ਕਰਦਾ ਹੈ ਅਤੇ ਇਹ ਨਾ ਤਾਂ ਆਤਮਨਿਰਭਰ ਹੈ ਅਤੇ ਨਾ ਹੀ ਸਵੈਚਾਲਿਤ, ਇਸ ਲਈ ਅਰਥ ਦਾ ਨਿਰਣਾਇਕ ਪਾਠ ਨਹੀਂ ਹੋ ਸਕਦਾ। ਭਗਤ ਬਾਣੀ ਵਿਚਲੀਆਂ ਪੰਕਤੀਆਂ ਦੇ ਵੀ ਅਰਥ ਆਪੋ-ਆਪਣੇ ਅਨੁਭਵ ਦੇ ਆਧਾਰ ਤੇ ਵੱਖੋ-ਵੱਖ ਹੋ ਸਕਦੇ ਹਨ।

ਪਰਮਾਦਿ ਪੁਰਖੋਮਨੋਪਿਮੰ ਸਤਿ ਆਦਿ ਭਾਵ ਰਤੰ॥

ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ॥(526.)

ਇਹ ਸਾਰੇ ਅਨੁਭਵ ਪਾਠਕ ਨੂੰ ਕਿਸੇ ਵੀ ਸਾਹਿਤਿਕ ਰਚਨਾ ਵਿਚੋਂ ਪ੍ਰਾਪਤ ਹੋਣ ਵਾਲੇ ਸੁਹਜ-ਸੁਆਦ ਵਿਚੋਂ ਮਿਲਦੇ ਹਨ। ਇਸ ਨੂੰ ਭਾਰਤੀ ਚਿੰਤਨ ਵਿਚ ਰਸ ਕਿਹਾ ਗਿਆ ਹੈ। ਰਸ ਤੋਂ ਭਾਵ ਪਾਠਕ ਨੂੰ ਰਚਨਾ ਦੀ ਪੜ੍ਹਤ ਦੁਆਰਾ ਪ੍ਰਾਪਤ ਸੁਆਦ ਜੋ ਆਨੰਦ ਦੀ ਅਨੁਭੂਤੀ ਦਿੰਦਾ ਹੈ। ਇਹ ਆਨੰਦ ਸਿਰਫ ਉਮਾਹ ਵਾਲਾ ਨਹੀਂ ਸਗੋਂ ਬਿਰਹਾ, ਦੁੱਖ, ਕਰੁਣਾ ਅਤੇ ਉਦਾਸੀ ਦੇ ਭਾਵ ਸੰਚਾਰਿਤ ਕਰਕੇ ਆਪਣੀਆਂ ਬੇਸ਼ੁਮਾਰ ਸੀਮਾਵਾਂ ਦਾ ਅਹਿਸਾਸ ਕਰਵਾਉਂਦਾ ਹੈ। ਕੁਝ ਉਦਾਹਰਨਾਂ ਦੁਆਰਾ ਭਗਤ ਬਾਣੀ ਵਿਚਲੇ ਰਸਾਂ ਦੀ ਚਰਚਾ ਕਰ ਲੈਂਦੇ ਹਾਂ।

ਸ਼ਿੰਗਾਰ ਰਸ ਦੇ ਸੀਮਿਤ ਅਰਥਾਂ ਤੋਂ ਪਾਰ ਇਸ ਦਾ ਬਹੁਤ ਵੱਡਾ ਮਹੱਤਵ ਸਵੀਕਾਰ ਕੀਤਾ ਗਿਆ ਹੈ। ਡਾ. ਆਨੰਦ ਪ੍ਰਕਾਸ਼ ਦੀਕਸ਼ਿਤ ਸ਼ਿੰਗਾਰ ਰਸ ਬਾਰੇ ਲਿਖਦੇ ਹਨ :

> ਸ਼ਿੰਗਾਰ ਦਾ ਮੂਲ ਤੇ ਮੁੱਖ ਅਰਥ ਉਹ ਰਤੀ ਜਾਂ ਸਨੇਹ ਹੈ ਜਿਸ ਦਾ ਸੁਹਜਾਤਮਿਕ ਤਰੀਕੇ ਨਾਲ ਅਨੁਭਵ ਕੀਤਾ ਜਾਵੇ। ਰਤੀ ਸ਼ਿੰਗਾਰ ਦਾ ਸਥਾਈ ਭਾਵ ਹੈ। ਆਚਾਰੀਆ ਭੋਜ ਨੇ ਸ਼ਿੰਗਾਰ ਨੂੰ ਹੋਰਨਾ ਆਚਾਰੀਆਂ ਦੁਆਰਾ ਵਰਣਨ ਸ਼ਿੰਗਾਰ ਅਰਥ ਵਿਚ ਨਾਇਕ-ਨਾਇਕਾ ਵਾਲਾ ਸ਼ਿੰਗਾਰ ਨਹੀਂ ਮੰਨਿਆਂ ਹੈ, ਸਗੋਂ ਮਨੁੱਖੀ ਮਨ ਦੇ ਮੁੱਢਲੇ ਰਹੱਸ ਨੂੰ ਅਹੰਕਾਰ, ਅਭਿਮਾਨ ਜਾਂ ਸ਼ਿੰਗਾਰ ਦੇ ਨਾਵਾਂ ਨਾਲ ਯਾਦ ਕੀਤਾ ਹੈ ਅਤੇ ਇੱਕ ਵਿਆਪਕ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਦੇ ਨਾਲ-ਨਾਲ ਮਨੁੱਖੀ ਮਨ ਅਤੇ ਚਰਿੱਤਰ ਨੂੰ ਵੀ ਉਜਾਗਰ ਕੀਤਾ ਹੈ।(*ਰਸ ਸਿਧਾਂਤ* 330.)

ਸ਼ਿੰਗਾਰ ਰਸ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ, ਸੰਯੋਗ ਸ਼ਿੰਗਾਰ ਅਤੇ ਵਿਯੋਗ ਸ਼ਿੰਗਾਰ। ਸੰਯੋਗ ਸ਼ਿੰਗਾਰ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਨਾਇਕ ਅਤੇ ਨਾਇਕਾ ਦਾ ਮਿਲਾਪ ਹੁੰਦਾ ਹੈ। ਭਗਤ ਬਾਣੀ ਵਿਚ ਇਸ ਰਸ ਦੀ ਪੇਸ਼ਕਾਰੀ ਦਾ ਨਮੂਨਾ ਇਸ ਪ੍ਰਕਾਰ ਹੈ।

> ਬਿਜੁਲੀ ਚਮਕੈ ਹੋਇ ਅਨੰਦੁ॥
> ਜਿਹ ਪਉੜ੍ਹੈ ਪ੍ਰਭ ਬਾਲ ਗੋਬਿੰਦ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1162.)

ਵਿਯੋਗ ਸ਼ਿੰਗਾਰ ਵਿਚ ਨਾਇਕ ਅਤੇ ਨਾਇਕਾ ਦਾ ਵਿਯੋਗ ਅਨੁਭਵ ਬਿਰਹਾ ਰੂਪ ਵਿਚ ਪੇਸ਼ ਹੁੰਦਾ ਹੈ। ਵਿਯੋਗਣ ਔਰਤ ਦੇ ਦੁੱਖ ਨੂੰ ਸੱਪਾਂ ਦੇ ਡੰਗ ਦੀ ਤਸ਼ਬੀਹ ਦੇ ਕੇ ਵਿਯੋਗ ਸ਼ਿੰਗਾਰ ਰਸ ਦੇ ਭਾਵ ਸਿਰਜੇ ਗਏ ਹਨ।

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥

ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥(1368.)

ਸ਼ਿੰਗਾਰ ਰਸ ਦਾ ਪ੍ਰਗਟਾਵਾ :

ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥(92.)

ਹਾਸ ਰਸ ਦੁਆਰਾ ਮਨੁੱਖੀ ਭਾਵਾਂ ਦੀ ਹਾਸੇ ਵਾਲੀ ਪ੍ਰਕਿਰਤੀ ਦਾ ਪ੍ਰਗਟਾਵਾ ਹੁੰਦਾ ਹੈ। ਭਾਵ ਜਿਸ ਰਚਨਾ ਨੂੰ ਪੜ੍ਹ ਕੇ ਜਾ ਸੁਣ ਕੇ ਪਾਠਕ ਜਾਂ ਸਰੋਤੇ ਦਾ ਹਾਸਾ ਫੁੱਟ ਪਵੇ ਉਸ ਨੂੰ ਹਾਸ ਰਸੀ ਰਚਨਾ ਕਿਹਾ ਜਾਂਦਾ ਹੈ।"ਵਿਸ਼ਵ ਨਾਥ ਅਨੁਸਾਰ ਆਕਾਰ, ਵਚਨ, ਵੇਸ਼, ਚੇਸ਼ਟਾ ਆਦਿਕ ਦੇ ਬੇਢੰਗੇਪਣ ਤੋਂ ਹਾਸ ਸਥਾਈ ਭਾਵ ਪੁਸ਼ਟ ਹੋ ਕੇ ਹਾਸਯ ਵਿਚ ਪ੍ਰਗਟ ਹੁੰਦਾ ਹੈ।"(ਡਾ. ਪ੍ਰੇਮ ਪ੍ਰਕਾਸ਼ ਸਿੰਘ. *ਭਾਰਤੀ ਕਾਵਿ ਸ਼ਾਸਤਰ* 176.)

ਭਗਤ ਬਾਣੀ ਵਿਚਲੇ ਵਿਰੋਧਾਭਾਸ ਮੂਲਕ ਹਾਸ ਰਸ ਦੀ ਉਦਾਹਰਨ ਪੇਸ਼ ਹੈ :

ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 91.)

ਵੀਰ ਰਸ ਦਾ ਸਥਾਈ ਭਾਵ ਉਤਸ਼ਾਹ ਹੈ। ਇਹ ਕੇਵਲ ਯੁੱਧ ਦੇ ਸਮੇਂ ਹੀ ਨਹੀਂ ਪਰੰਤੂ ਦਾਨ ਜਾ ਦਯਾ ਕਰਨ ਵੇਲੇ ਵੀ ਪੈਦਾ ਹੁੰਦਾ ਹੈ। ਭਗਤ ਬਾਣੀ ਕੇਵਲ ਅਧਿਆਤਮਕ ਰੰਗਣ ਵਾਲੀ ਰਚਨਾ ਨਹੀਂ ਹੈ ਸਗੋਂ ਇਸ ਵਿਚ ਸੂਫ਼ੀ, ਕਿੱਸਾ ਕਾਵਿ ਅਤੇ ਬੀਰਤਾ ਦੇ ਰੰਗ ਵੀ ਥਾਂ-ਥਾਂ ਬਿਖਰੇ ਮਿਲਦੇ ਹਨ। ਵੀਰ ਰਸ ਨੂੰ ਪੇਸ਼ ਕਰਦਾ ਭਗਤ ਕਬੀਰ ਜੀ ਦਾ ਇਹ ਸ਼ਬਦ ਕਿਸੇ ਵੀ ਇਨਸਾਨੀ ਹਿਰਦੇ ਵਿਚ ਵੀਰਤਾ ਪੂਰਨ ਤਰੰਗਾਂ ਉਠਾਉਣ ਦੇ ਸਮਰੱਥ ਹੈ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1105.)

ਅਦੁਭੁੱਤ ਰਸ ਵਿਚ ਅਸਚਰਜਤਾ ਪੂਰਨ ਸਥਿਤੀ ਦਾ ਨਿਰੂਪਣ ਕੀਤਾ ਜਾਂਦਾ ਹੈ। ਭਗਤ ਬਾਣੀ ਵਿਚ ਇਸ ਤਰ੍ਹਾਂ ਦੀ ਅਨੁਭੂਤੀ ਵੀ ਮਿਲਦੀ ਹੈ।

ਜਉ ਤਨੁ ਚੀਰਹਿ ਅੰਗੁ ਨ ਮੋਰਉ॥

ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥(484.)

ਸੋਗ ਦਾ ਦੁੱਖ ਦੇ ਭਾਵ ਦੀ ਅਨੁਭੂਤੀ ਕਰਵਾਉਣ ਵਾਲਾ ਰਸ, ਕਰੁਣਾ ਰਸ ਹੈ। ਇਸ ਦੀ ਪੇਸ਼ਕਾਰੀ ਮਨ ਵਾਂਛਿਤ ਵਸਤੂ ਦੀ ਪ੍ਰਾਪਤੀ ਨਾ ਹੋਣ ਤੇ ਅਤੇ ਅਣਚਾਹੀ ਵਸਤੂ ਪ੍ਰਾਪਤ ਹੋ ਜਾਣ ਤੇ ਉਪਜੇ ਭਾਵ ਲਈ ਕੀਤੀ ਜਾਂਦੀ ਹੈ। ਭਗਤ ਕਬੀਰ ਜੀ ਮੌਤ ਦੇ ਸਮੇ ਦਾ ਵਰਣਨ ਕਰਕੇ ਕਰੁਣਾ ਦਾ ਭਾਵ ਸੰਚਾਰਿਤ ਕਰਦੇ ਹਨ।

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ॥

ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ॥(478.)

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ॥

ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ॥(1366.)

ਜਿਸ ਦੁਆਰਾ ਕਾਵਿ ਵਿਚ ਡੈ ਭਰਿਆ ਵਾਤਾਵਰਣ ਪੇਸ਼ ਕੀਤਾ ਜਾਵੇ ਉਸ ਨੂੰ ਭਿਆਨਕ ਰਸ ਕਹਿੰਦੇ ਹਨ। ਭਗਤ ਬਾਣੀ ਵਿਚ ਇਹ ਰਸ ਵੀ ਪ੍ਰਾਪਤ ਹੁੰਦਾ ਹੈ।

ਛਪਨ ਕੋਟਿ ਜਾ ਕੈ ਪ੍ਰਤਿਹਾਰ॥ ਨਗਰੀ ਨਗਰੀ ਖਿਅਤ ਅਪਾਰ॥

ਲਟੂ ਛੂਟੀ ਵਰਤੈ ਬਿਕਰਾਲ॥ ਕੋਟਿ ਕਲਾ ਖੇਲੈ ਗੋਪਾਲ॥(1163.)

ਇਸ ਤਰ੍ਹਾਂ ਕਈ ਥਾਂ ਤੇ ਭਿਆਨਕ ਰਸ ਦਾ ਪ੍ਰਗਟਾਵਾ ਕੀਤਾ ਮਿਲਦਾ ਹੈ :

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪਵੇਸੰ॥(92.)

ਭਰਤ ਮੁਨੀ ਨੇ ਸ਼ਾਂਤ ਰਸ ਦੀ ਗਿਣਤੀ ਪ੍ਰਧਾਨ ਰਸਾਂ ਵਿਚ ਨਹੀਂ ਕੀਤੀ ਹੈ। ਡਾ. ਬਲਦੇਵ ਉਪਾਧਿਆਇ ਅਨੁਸਾਰ, "ਇਸ ਦਾ ਸਥਾਈ ਭਾਵ 'ਸਮਾ' ਹੈ (ਹਿੱਤ ਦਾ ਸ਼ਾਂਤ ਹੋਣਾ) ਜਾਂ 'ਨਿਰਵੇਦਾ' (ਸੰਸਾਰ ਦੇ ਵਿਸ਼ਿਆਂ ਪ੍ਰਤੀ ਵੈਰਾਗ ਹੈ) ਪਰਮਾਤਮਾ ਦਾ ਚਿੰਤਨ, ਸਾਰ ਦੀ ਅਨਿੱਤਤਾ ਦਾ ਗਿਆਨ ਇਸਦੇ ਆਲੰਬਨ ਵਿਭਾਗ ਹਨ ਅਤੇ ਸਤਿਸੰਗ, ਪੁੰਨ, ਆਸ਼ਰਮ, ਤੀਰਥ ਸਥਾਨ ਦੀ ਯਾਤਰਾ ਕਰਨਾ ਜਾਂ ਦਰਸ਼ਨ ਕਰਨ ਨਾਲ ਇਹ ਉਦੀਪਤ ਹੁੰਦਾ ਹੈ। ਮਤਿ, ਖੁਸ਼ੀਆਂ, ਸਿਮਰਤੀ ਇਸ ਦੇ ਸੰਚਾਰੀ ਭਾਵ ਹਨ।"(*ਸੰਸਕ੍ਰਿਤ ਆਲੋਚਨਾ* 233.) ਭਗਤ ਬਾਣੀ ਅੰਦਰ ਬੇਸ਼ੱਕ ਵੱਖ-ਵੱਖ ਭਾਵਾਂ ਦੀ ਪੇਸ਼ਕਾਰੀ ਲਈ ਅਲੱਗ-ਅਲੱਗ ਰਸ ਮਿਲਦੇ ਹਨ, ਪਰ ਅਧਿਆਤਮਕ ਰਚਨਾ ਹੋਣ ਕਾਰਨ ਸ਼ਾਂਤ ਰਸ ਪ੍ਰਮੁੱਖਤਾ ਨਾਲ ਪੇਸ਼ ਹੋਇਆ ਹੈ।

ਜੋਗੀ ਜਤੀ ਤਪੀ ਬ੍ਰਹਮਚਾਰੀ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥
ਸਾਕਤ ਮਰਹਿ ਸੰਤ ਸਭਿ ਜੀਵਹਿ॥ ਰਾਮ ਰਸਾਇਨੁ ਰਸਨਾ ਪੀਵਹਿ॥
ਕਹੁ ਕਬੀਰ ਪ੍ਰਭ ਕਿਰਪਾ ਕੀਜੈ॥ ਹਾਰਿ ਪਰੇ ਅਬ ਪੂਰਾ ਦੀਜੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 326.)

ਰਸ ਦੁਆਰਾ ਮਨੁੱਖੀ ਭਾਵ ਸੁਹਜਮਈ ਆਨੰਦ ਦੀ ਅਵਸਥਾ ਮਹਿਸੂਸ ਕਰਦੇ ਹਨ। ਇਸ ਲਈ ਅਵਸਥਾ ਅਤੇ ਸਥਿਤੀ ਮੁਤਾਬਿਕ ਹੀ ਨੌਂ ਰਸਾਂ ਦਾ ਵਰਣਨ ਕੀਤਾ ਗਿਆ ਹੈ। ਭਗਤ ਬਾਣੀ ਵਿਚ ਰਸਾਂ ਦੀ ਭਰਪੂਰ ਵਰਤੋਂ ਮਨੁੱਖੀ ਭਾਵਾਂ ਦੇ ਉੱਦਾਤੀਕਰਨ ਦੀ ਬਿਹਤਰੀਨ ਮਿਸਾਲ ਹੈ।

ਉੱਤਰ-ਆਧੁਨਿਕ ਸਥਿਤੀ ਵਿਚ ਕਵਿਤਾ ਨਿਜਪਰਕ ਨਹੀਂ ਸਰਵ ਅਨੁਭਵਗਾਮੀ ਬਣ ਗਈ ਹੈ। ਕਿਸੇ ਵੀ ਰਚਨਾ ਨੂੰ ਪੜ੍ਹਨ ਦੀ ਪ੍ਰਕਿਰਿਆ ਖ਼ਲਾਅ ਵਿਚ ਨਹੀਂ ਹੁੰਦੀ ਬਲਕਿ ਵਿਚਾਰਧਾਰਾ ਅਤੇ ਇਤਿਹਾਸਿਕਤਾ ਪਾਠਕ ਦੀਆਂ ਉਮੀਦਾਂ ਦੇ ਮਾਧਿਅਮ ਦੁਆਰਾ ਉਸਦੇ ਅਵਚੇਤਨ ਵਿਚ ਪਈ ਹੁੰਦੀ ਹੈ। ਇਸ ਲਈ ਅਰਥਾਂ ਦੀ ਗ੍ਰਹਿਣਸ਼ੀਲਤਾ ਵਿਚ ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਇਤਿਹਾਸਿਕ ਸ਼ਕਤੀਆਂ ਦੀ ਭੂਮਿਕਾ ਤੋਂ ਇਨਕਾਰੀ ਨਹੀਂ

ਹੋਇਆ ਜਾ ਸਕਦਾ ਹੈ। ਇਸ ਸ਼ਬਦ ਵਿਚ ਉਸ ਸ਼ਕਤੀ ਦਾ ਬਖਾਨ ਕੀਤਾ ਗਿਆ ਹੈ ਜੋ ਪੂਰੀ ਕਾਇਨਾਤ ਅੰਦਰ ਹੈ, ਪਰ ਇਸ ਨੂੰ ਕੋਈ ਵੀ ਪਾਠਕ ਆਪਣੀ ਵਿਚਾਰਧਾਰਾ ਦੇ ਆਧਾਰ ਤੇ ਸਮਝ ਸਕਦਾ ਹੈ।

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥ (485.)

ਉੱਤਰ-ਆਧੁਨਿਕ ਕਵਿਤਾ ਵਾਦ ਰਹਿਤ ਹੈ। ਉੱਤਰ-ਆਧੁਨਿਕਤਾ ਕਿਸੇ ਵੀ ਨਿਰਧਾਰਿਤ ਨੇਮ ਪ੍ਰਬੰਧ ਦੇ ਵਿਰੋਧ ਵਿਚ ਹੈ। ਇਹ ਵਿਦਰੋਹੀ ਸੁਭਾਅ ਰੱਖਦੀ ਹੈ ਅਤੇ ਸਿਧਾਂਤਕ ਉਚਿੱਤਤਾ ਲਈ ਬਹੁਲਤਾ ਭਰਪੂਰ ਅਰਥਾਂ ਨੂੰ ਸਿਰਜਣਾਤਮਿਕਤਾ ਦੇ ਫੈਲਾਓ ਦੁਆਰਾ ਪਾਠ ਦੇ ਪਿਛੋਕੜਾਂ ਨੂੰ ਖੋਲ੍ਹਣ ਦਾ ਕਾਰਜ ਕਰਦੀ ਹੈ। ਪਾਠਕ ਦੇ ਪ੍ਰਕਾਰਜ ਉੱਪਰ ਜ਼ੋਰ ਦੇਣ ਕਾਰਨ ਇਸ ਦੁਆਰਾ ਪਾਠਕ ਉੱਪਰ ਪੈਣ ਵਾਲਾ ਪ੍ਰਭਾਵ ਵੀ ਅਗਰਭੂਮੀ ਵਿਚ ਆ ਜਾਂਦਾ ਹੈ। ਕਵੀ ਦੀ ਦ੍ਰਿਸ਼ਟੀ ਸਵੈ ਤੋਂ ਸਰਵ-ਕੇਂਦਰੀ ਬਣ ਗਈ ਹੈ। ਉੱਤਰ-ਆਧੁਨਿਕ ਦ੍ਰਿਸ਼ਟੀ ਵਿਚ ਅਰਥ ਸਾਪੇਖ ਭੂਮਿਕਾ ਵਿਚ ਹੋਣ ਕਾਰਨ ਇਹ ਵਿਭਿੰਨਤਾਮੂਲਕ ਸਬੰਧਾਂ ਦੁਆਰਾ ਪੈਦਾ ਹੁੰਦਾ ਹੈ। ਇਸ ਤੋਂ ਭਾਵ ਹੈ ਕਿ ਅਰਥ ਕੇਂਦਰ ਰਹਿਤ ਹੋਣ ਕਾਰਨ ਜਿੰਨਾ ਪ੍ਰਗਟ ਹੁੰਦਾ ਹੈ ਓਨਾ ਹੀ ਅਦਿੱਖ ਰਹਿੰਦਾ ਹੈ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥

ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1106.)

ਭਗਤ ਬਾਣੀ ਵਿਚਲਾ ਸਾਹਿਤ ਅਲੰਕ੍ਰਿਤ ਭਾਸ਼ਾ ਦੁਆਰਾ ਪੇਸ਼ ਕੀਤਾ ਗਿਆ ਹੈ। ਕਾਵਿ ਵਿਚ ਅਮੂਰਤ ਵਿਚਾਰਾਂ ਦੇ ਸਮੂਰਤੀਕਰਨ ਲਈ ਜਿਨ੍ਹਾਂ ਜੁਗਤਾਂ ਦੀ ਵਰਤੋਂ ਕੀਤੀ ਜਾਂਦੀ ਹੈ, ਅਲੰਕਾਰ ਉਨ੍ਹਾਂ ਵਿਚੋਂ ਇਕ ਹੈ। ਡਾ. ਬਲਦੇਵ ਉਪਾਧਿਆਇ ਅਨੁਸਾਰ,"ਅਲੰਕਾਰ ਵਿਚ ਜੋ ਵਸਤੂ ਜੀਵਨ ਸ਼ਕਤੀ ਪ੍ਰਦਾਨ ਕਰਕੇ ਉਸਨੂੰ ਸਜੀਵ ਅਤੇ ਆਕਰਸ਼ਕ ਬਣਾਉਂਦੀ ਹੈ, ਉਹ ਚਮਤਕਾਰ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਅਲੰਕਾਰ ਦਾ ਅਲੰਕਾਰਤਵ ਤਾਂ ਹੀ ਹੈ ਜੇ ਉਹ ਚਮਤਕਾਰ ਨਾਲ ਸੰਪੰਨ ਹੈ। ਅਲੰਕਾਰ ਦਾ ਸਾਮਾਨਯ ਰੂਪ ਹੈ ਵਿਚਿੱਤ੍ਰਤਾ, ਵਿਚਿੱਤ੍ਰਤਾ ਤੋਂ ਹੀਣ ਸੁਭਾਅ ਕਦੇ ਅਲੰਕਾਰ ਨਹੀਂ ਹੋ ਸਕਦਾ। ਅਲੰਕਾਰ ਦੀ ਇਹੀ ਕਸੌਟੀ ਹੈ ਵਿਚਿੱਤ੍ਰਤਾ, ਚਮਤਕਾਰ।"(*ਸੰਸਕ੍ਰਿਤ ਆਲੋਚਨਾ* 179.) ਭਗਤ ਬਾਣੀ ਦਾ ਪ੍ਰਯੋਜਨ ਕੇਵਲ ਕਾਵਿ-ਕਲਾ ਅਤੇ ਸੁਹਜ ਦਾ ਪ੍ਰਦਰਸ਼ਨ ਕਰਨਾ ਹੀ ਨਹੀਂ, ਬਲਕਿ ਮਨੁੱਖ ਨੂੰ ਸਾਰਥਿਕ ਸੇਧ ਦੇ ਕੇ ਉੱਤਮ ਮਨੁੱਖ ਬਣਾਉਣ ਦਾ ਸੀ। ਭਗਤ ਨਾਮਦੇਵ ਜੀ ਦੀ ਬਾਣੀ ਅੰਦਰ ਰੂਪਕ ਅਤੇ ਉਪਮਾ ਅਲੰਕਾਰਾਂ ਦੀ ਝਲਕ ਮਿਲਦੀ ਹੈ। ਅਲੰਕ੍ਰਿਤ ਭਾਸ਼ਾ ਦੁਆਰਾ ਆਪਣੀ ਗੱਲ ਕਹਿਣ ਦਾ ਵਿਲੱਖਣ ਅੰਦਾਜ਼ ਭਗਤ ਬਾਣੀ ਦੀ ਖ਼ਾਸੀਅਤ ਹੈ। ਅਲੰਕਾਰ ਮਈ ਭਾਸ਼ਾ ਦੁਆਰਾ ਸੁਹਜ ਪੈਦਾ ਕਰਕੇ ਪਾਠਕ ਨੂੰ ਆਪਣੇ ਨਾਲ ਤੋਰਨ ਦੀ ਸਮਰੱਥਾ ਭਗਤ ਬਾਣੀ ਦਾ ਗਹਿਣਾ ਹੈ।

ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥
ਜੈਸੀ ਮੂੜ ਕੁਟੰਬ ਪਰਾਇਣ॥ ਐਸੀ ਨਾਮੇ ਪ੍ਰੀਤਿ ਨਰਾਇਣ॥

(*ਸ੍ਰੀ ਗੁਰੂ ਗ੍ਰੰਥ ਸਾਹਿਬ* 1164.)

ਅਲੰਕ੍ਰਿਤ ਕਵਿਤਾ ਬਿਹਤਰੀਨ ਮਾਹੌਲ ਸਿਰਜਦੀ ਹੈ। ਇਹ ਕਵਿਤਾ ਅੰਦਰ ਗਹਿਣਿਆਂ ਦਾ ਕਾਰਜ ਕਰਦੇ ਹਨ। ਭਗਤ ਬਾਣੀ ਵਿਚ ਪੇਸ਼ ਅਲੰਕਾਰਾਂ ਨੂੰ ਕੁਝ ਉਦਾਹਰਨਾਂ ਦੇ ਮਾਧਿਅਮ ਦੁਆਰਾ ਸਮਝਣ ਦਾ ਯਤਨ ਕਰਦੇ ਹਾਂ।

ਪ੍ਰੋ. ਪ੍ਰੇਮ ਪ੍ਰਕਾਸ਼ ਉਪਮਾ ਅਲੰਕਾਰ ਬਾਰੇ ਲਿਖਦੇ ਹਨ,"ਉਪਮਾ ਉਹ ਅਲੰਕਾਰ ਹੈ ਜਿੱਥੇ ਉਪਮਾਉਣ ਯੋਗ ਵਸਤੂ, ਉਪਮੇਯ ਅਤੇ ਉਪਮਾਨ ਵਿਚਕਾਰ, ਉਨ੍ਹਾਂ ਵਿਚ ਫ਼ਰਕ ਹੋਣ ਤੇ ਵੀ ਕਿਸੇ ਸਥਾਨ ਧਰਮ ਦੇ ਕਾਰਨ ਸਮਾਨਤਾ

ਦਰਸਾਈ ਜਾਵੇ। ਇਸ ਵਿਚ ਉਪਮੇਯ, ਉਪਮਾਨ, ਸਮਾਨ ਧਰਮ ਤੇ ਵਾਚਕ ਸ਼ਬਦ ਚਾਰਾਂ ਦਾ ਹੋਣਾ ਜ਼ਰੂਰੀ ਹੈ।"(*ਭਾਰਤੀ ਕਾਵਿ ਸ਼ਾਸਤਰ* 212.) ਭਗਤ ਬਾਣੀ ਵਿਚ ਅਲੰਕਾਰਾਂ ਦੀ ਭਰਪੂਰ ਵਰਤੋਂ ਮਿਲਦੀ ਹੈ। ਇੱਥੇ ਉਪਮਾ ਅਲੰਕਾਰ ਦੀ ਪੇਸ਼ਕਾਰੀ ਕਾਵਿ ਦੀ ਖ਼ੂਬਸੂਰਤੀ ਵਧਾ ਰਹੀ ਹੈ।

ਕਬੀਰ ਸਾਕਤੁ ਐਸਾ ਹੋ ਜੈਸੀ ਲਸਨ ਕੀ ਖਾਨਿ॥

ਕੋਨੇ ਬੈਠੇ ਖਾਈਐ ਪਰਗਟਿ ਹੋਇ ਨਿਦਾਨ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1365.)

ਜਿਉ ਪ੍ਰਗਾਸਿਆ ਮਾਟੀ ਕੁੰਭੇਉ॥

ਆਪ ਹੀ ਕਰਤਾ ਬੀਠੁਲੁ ਦੇਉ॥ (1351.)

ਸਾਹਿਤ ਅੰਦਰ ਕਿਸੇ ਇਕ ਵਸਤੂ ਜਾ ਭਾਵ ਨੂੰ ਪ੍ਰਗਟਾਉਣ ਲਈ ਉਸ ਦੇ ਸਮਵਿੱਥ ਕਿਸੇ ਹੋਰ ਵਸਤੂ ਨਾਲ ਤੁਲਨਾਇਆ ਜਾਂਦਾ ਹੈ। ਉੱਥੇ ਰੂਪਕ ਅਲੰਕਾਰ ਪੈਦਾ ਹੁੰਦਾ ਹੈ।"ਜਿੱਥੇ ਉਪਮੇਯ ਅਤੇ ਉਪਮਾਨ ਦਾ ਆਰੋਪ ਕਰਕੇ ਦੋਨਾਂ ਨੂੰ ਇਕ ਕਰ ਦਿੱਤਾ ਜਾਂਦਾ ਹੈ, ਉੱਥੇ ਰੂਪਕ ਅਲੰਕਾਰ ਹੁੰਦਾ ਹੈ।" (ਗੁਲਾਬ ਰਾਇ. *ਸਾਹਿਤਯ ਔਰ ਸਮੀਕਸ਼ਾ* 90.) ਕਬੀਰ ਜੀ ਦੁਆਰਾ ਵਰਤੇ ਗਏ ਰੂਪਕਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਕੁਦਰਤ ਨਾਲ ਸਬੰਧਿਤ ਅਤੇ ਦੂਜੇ ਘਰੇਲੂ ਜੀਵਨ ਨਾਲ ਸਬੰਧਿਤ ਹਨ।

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1365.)

ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥

ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ॥(1365.)

ਭਗਤ ਭੀਖਣ ਜੀ ਦੀ ਰਚਨਾ ਵਿਚ ਰੂਪਕ ਅਲੰਕਾਰ ਦੀ ਝਲਕ ਵੇਖੋ :

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ॥

ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ॥(659.)

ਕਵਿਤਾ ਵਿਚ ਜਦੋਂ ਕਿਸੇ ਇਕ ਭਾਵ ਦੀ ਛਾਇਆ ਦੁਆਰਾ ਉਸ ਦੀ ਪ੍ਰਤੀਛਾਇਆ ਦਾ ਪ੍ਰਭਾਵ ਸਿਰਜਿਆ ਗਿਆ ਹੋਵੇ, ਉੱਥੇ ਦ੍ਰਿਸ਼ਟਾਂਤ ਅਲੰਕਾਰ ਪੈਦਾ ਹੁੰਦਾ ਹੈ।"ਜਿੱਥੇ ਉਪਮੇਯ ਅਤੇ ਉਪਮਾਨ ਦਾ ਬਿੰਬ ਪ੍ਰਤੀਬਿੰਬ ਭਾਵ ਦਰਸਾਇਆ ਗਿਆ ਹੋਵੇ, ਉੱਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ।"(ਭਾਗੀਰਥ ਮਿਸ਼ਰ. *ਕਾਵਯ ਸ਼ਾਸਤਰ* 166.) ਭਗਤ ਕਬੀਰ ਜੀ ਦੀ ਰਚਨਾ ਵਿਚ ਦ੍ਰਿਸ਼ਟਾਂਤ ਅਲੰਕਾਰ ਦਾ ਨਮੂਨਾ ਵੇਖੋ :

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥

ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 477.)

ਲੋਕ ਮਨ ਵਿਚ ਵਸੀਆਂ ਕਹਾਵਤਾਂ, ਮੁਹਾਵਰਿਆਂ ਦੁਆਰਾ ਅਰਥ ਸਿਰਜਣ ਕਰਨ ਨਾਲ ਲੋਕੋਕਤੀ ਅਲੰਕਾਰ ਪੈਦਾ ਹੁੰਦਾ ਹੈ।"ਲੋਕੋਕਤੀ ਦਾ ਅਰਥ ਹੈ : ਅਖਾਣ, ਅਖਾਉਤ, ਕਹਾਵਤ, ਜਿੱਥੇ ਲੋਕਾਂ ਦੇ ਮੂੰਹ ਚੜ੍ਹੀ ਅਖਾਉਤ ਨੂੰ ਕਿਸੇ ਮੁਨਾਸਬ ਮੌਕਿਆਂ ਤੇ ਵਰਤਿਆ ਜਾਵੇ, ਜਿੱਥੇ ਕਿਸੇ ਗੱਲ ਦੀ ਪੁਸ਼ਟੀ ਲਈ ਕੋਈ ਢੁਕਵੀਂ ਕਹਾਵਤ ਵਰਤੀ ਜਾਵੇ, ਉੱਥੇ ਲੋਕੋਕਤੀ ਅਲੰਕਾਰ ਹੁੰਦਾ ਹੈ।"(ਪ੍ਰੋ. ਕਰਤਾਰ ਸਿੰਘ. *ਨਵੀਨ ਪੰਜਾਬੀ ਪਿੰਗਲ* 111.) ਭਗਤ ਕਬੀਰ ਜੀ ਦੀ ਬਾਣੀ ਵਿਚ ਅਜਿਹੀਆਂ ਅਨੇਕਾਂ ਉਦਾਹਰਨਾਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਤਾਂ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੇ ਅਖਾਣ ਬਣ ਚੁੱਕੀਆਂ ਹਨ।

ਕਹੁ ਕਬੀਰ ਛੂਛਾ ਘਟੁ ਬੋਲੈ॥

ਭਰਿਆ ਹੋਇ ਸੁ ਕਬਹੁ ਨ ਡੋਲੈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 870.)

ਇਕੁ ਲਖੁ ਪੂਤ ਸਵਾ ਲਖੁ ਨਾਤੀ॥

ਤਿਹ ਰਾਵਨ ਘਰ ਦੀਆ ਨ ਬਾਤੀ॥ (481.)

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥(334.)

ਜਦੋਂ ਕੋਈ ਕੰਮ ਜਾ ਅਸੰਭਵ ਗੱਲ ਨੂੰ ਇਸ ਤਰੀਕੇ ਨਾਲ ਕਿਹਾ ਜਾਵੇ ਕਿ ਉਹ ਸੰਭਵ ਲੱਗੇ ਤਾਂ ਉਹ ਅਸੰਭਵ ਅਲੰਕਾਰ ਹੁੰਦਾ ਹੈ। ਕਬੀਰ ਜੀ ਉਲਟ ਬਾਸੀਆਂ ਦੁਆਰਾ ਇਸ ਨੂੰ ਸਾਕਾਰ ਕਰਦੇ ਹਨ।

ਕਹੁ ਕਬੀਰ ਪਰਗਟੁ ਭਈ ਖੇਡ॥

ਲੇਲੇ ਕਉ ਚੂਘੈ ਨਿਤ ਭੇਡ॥ (326.)

ਕਵਿਤਾ ਵਿਚ ਵਿਰੋਧ ਦਾ ਭਾਵ ਸਿਰਜ ਕੇ ਆਪਣੀ ਗੱਲ ਕਹੀ ਜਾਂਦੀ ਹੈ ਤਾਂ ਉੱਥੇ ਵਿਰੋਧਾਭਾਸ ਅਲੰਕਾਰ ਪੈਦਾ ਹੁੰਦਾ ਹੈ।"ਜਿੱਥੇ ਅਸਲ ਵਿਚ ਵਿਰੋਧ ਨਾ ਹੋਵੇ ਪ੍ਰੰਤੂ ਵਰਣਨ ਵਿਚ ਵਿਰੋਧ ਦਾ ਝਾਂਵਲਾ ਪੈਦਾ ਕੀਤਾ ਗਿਆ ਹੋਵੇ, ਉੱਥੇ ਵਿਰੋਧਾਭਾਸ ਅਲੰਕਾਰ ਹੁੰਦਾ ਹੈ।"(ਡਾ. ਪ੍ਰੇਮ ਪ੍ਰਕਾਸ਼ ਸਿੰਘ. *ਭਾਰਤੀ ਕਾਵਿ ਸ਼ਾਸਤਰ* 218.) ਇਨ੍ਹਾਂ ਸ਼ਬਦਾਂ ਵਿਚ ਕਬੀਰ ਜੀ ਵਿਰੋਧ ਨਾ ਹੋਣ ਦੇ ਬਾਵਜੂਦ ਵਿਰੋਧ ਦਿਖਾਉਣ ਲਈ ਵਿਰੋਧਾਭਾਸ ਅਲੰਕਾਰ ਦੁਆਰਾ ਆਪਣੇ ਭਾਵ ਪੇਸ਼ ਕਰ ਰਹੇ ਹਨ।

ਪਹਿਲਾ ਪੂਤੁ ਪਿਛੈਰੀ ਮਾਈ॥

ਗੁਰੁ ਲਾਗੋ ਚੇਲੇ ਕੀ ਪਾਈ॥

ਏਕੁ ਅਚੰਭਉ ਸੁਨਹੁ ਤੁਮ੍ ਭਾਈ॥

ਦੇਖਤ ਸਿੰਘੁ ਚਰਾਵਤ ਗਾਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 481.)

ਜਨਨੀ ਜਾਨਤ ਸੁਤੁ ਬਡਾ ਹੋਤ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥(91.)

ਕਿਸੇ ਗੱਲ ਨੂੰ ਵਧਾ ਚੜ੍ਹਾ ਕੇ ਵਰਣਨ ਕਰਨ ਨੂੰ ਅਤਿਕਥਨੀ ਅਲੰਕਾਰ ਕਿਹਾ ਜਾਂਦਾ ਹੈ। ਕਬੀਰ ਜੀ ਪ੍ਰਮਾਤਮਾ ਦੇ ਗੁਣ ਗਾਇਨ ਨੂੰ ਅਤਿਕਥਨੀ ਅਲੰਕਾਰ ਦੁਆਰਾ ਇਸ ਪ੍ਰਕਾਰ ਪੇਸ਼ ਕਰਦੇ ਹਨ।

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥

ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥(1368.)

ਜਿੱਥੇ ਬਲਵਾਨ ਕਾਰਨ ਦੇ ਹੁੰਦੇ ਹੋਏ ਵੀ ਕੰਮ ਨਾ ਹੁੰਦੇ ਹੋਣ ਦਾ ਵਰਣਨ ਪੇਸ਼ ਕੀਤਾ ਗਿਆ ਹੋਵੇ, ਉੱਥੇ ਵਿਸ਼ੇਸ਼ੋਕਤੀ ਅਲੰਕਾਰ ਹੁੰਦਾ ਹੈ। ਕਬੀਰ ਜੀ ਇਸ ਹਾਲਤ ਨੂੰ ਆਪਣੀ ਅਲੰਕਾਰਕ ਸਮਰੱਥਾ ਦੁਆਰਾ ਪੇਸ਼ ਕਰਦੇ ਹਨ।

ਕਬੀਰ  ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ॥

ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥ (1373.)

ਜਿੱਥੇ ਕਾਰਨ ਅਤੇ ਕਾਰਜ ਦੀ ਪਰੰਪਰਾ ਦਰਸਾਈ ਜਾਵੇ, ਅਰਥਾਤ ਪਹਿਲਾ ਕਥਨ ਪਿਛਲੇ ਦਾ ਕਾਰਨ ਹੁੰਦਾ ਹੋਵੇ, ਉੱਥੇ ਕਰਣਮਾਲਾ ਅਲੰਕਾਰ ਹੁੰਦਾ ਹੈ। ਇਸ ਦੀ ਉਦਾਹਰਨ ਕਬੀਰ ਬਾਣੀ ਵਿਚ ਇਸ ਪ੍ਰਕਾਰ ਹੈ।

ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥

ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (1372.)

ਇੱਕੋ ਅੱਖਰ ਦੀ ਬਾਰ-ਬਾਰ ਵਰਤੋਂ ਦੁਆਰਾ ਕਾਵਿ ਵਿਚ ਤਾਲਮਈ ਸੁੰਦਰਤਾ ਪੈਦਾ ਕਰਨ ਨਾਲ ਅਨੁਪ੍ਰਾਸ ਅਲੰਕਾਰ ਪੈਦਾ ਹੁੰਦਾ ਹੈ।"ਜਿੱਥੇ ਅੱਖਰਾਂ ਦੀ ਸਮਾਨਤਾ ਦਿਖਾਈ ਜਾਵੇ ਉਸਦੇ ਸਵਰ ਮਿਲਣ ਜਾ ਨਾ ਮਿਲਣ ਉੱਥੇ ਅਨੁਪ੍ਰਾਸ ਹੁੰਦਾ ਹੈ।"(ਡਾ. ਪ੍ਰੇਮ ਪ੍ਰਕਾਸ਼ ਸਿੰਘ. *ਭਾਰਤੀ ਕਾਵਿ ਸ਼ਾਸਤਰ* 210.) ਇੱਕੋ ਅੱਖਰ ਦੀ ਧੁਨੀ ਦੁਆਰਾ ਅਨੁਪ੍ਰਾਸ ਸਿਰਜਿਆ ਗਿਆ ਹੈ। ਸੱਸੇ ਦੀ ਵਰਤੋਂ ਦੁਆਰਾ ਕਾਵਿ ਸੁੰਦਰਤਾ ਦਾ ਮੁਜ਼ਾਹਰਾ ਕੀਤਾ ਗਿਆ ਹੈ।

ਸਨਕ ਸਨੰਦ ਮਹੇਸ ਸਮਾਨਾਂ॥

ਸੇਖਨਾਗਿ ਤੇਰੋ ਮਰਮੁ ਨ ਜਾਨਾਂ॥

ਸੰਤਸੰਗਤਿ ਰਾਮੁ ਰਿਦੈ ਬਸਾਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 691.)

ਇੱਥੇ 'ਬ' ਅੱਖਰ ਦੁਆਰਾ ਅਨੁਪ੍ਰਾਸ ਦੀ ਸਿਰਜਣਾ ਕੀਤੀ ਗਈ ਹੈ।

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥

ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥ (1365.)

ਇੱਥੇ 'ਧੰਨੁ' ਦੀ ਧੁਨੀ ਦੁਆਰਾ ਸ਼ਬਦ ਅਨੁਪ੍ਰਾਸ ਸਿਰਜ ਕੇ ਕਾਵਿ ਦੀ ਸੁੰਦਰਤਾ ਨੂੰ ਵਧਾਇਆ ਗਿਆ ਹੈ।

ਧੰਨੁ ਗੁਪਾਲ ਧੰਨੁ ਗੁਰਦੇਵ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ॥

ਧਨੁ ਓਇ ਸੰਤ ਜਿਸ ਐਸੀ ਜਾਨੀ॥ ਤਿਨ ਕਉ ਮਿਲਿਬੋ ਸਾਰਿੰਗਪਾਨੀ॥(873.)

ਜਿੱਥੇ ਬਾਰ-ਬਾਰ ਪਦ ਆਸਥਾ ਅਰਥ ਪ੍ਰਕਾਸ਼ੇ, ਉੱਥੇ ਆਵ੍ਰਿੱਤਕ ਦੀਪਕ ਅਲੰਕਾਰ ਹੁੰਦਾ ਹੈ। ਇਸ ਦੇ ਦੋ ਭੇਦ ਹਨ (ੳ) ਪਦਾਵ੍ਰਿੱਤਿ (ਅ) ਅਰਥਾਵ੍ਰਿੱਤ।

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ॥

ਜੋਗੀ ਮਾਤੇ ਜੋਗ ਧਿਆਨ॥

ਸੰਨਿਆਸੀ ਮਾਤੇ ਅਹੰਮੇਵ॥

ਤਪਸੀ ਮਾਤੇ ਤਪ ਕੈ ਭੇਵ॥ (1193.)

ਭਗਤ ਰਵਿਦਾਸ ਜੀ ਦੀ ਰਚਨਾ ਅੰਦਰ ਇਸ ਅਲੰਕਾਰ ਦੀ ਵਰਤੋਂ ਹੋਈ ਹੈ, ਜਿਸ ਵਿਚ ਪ੍ਰਸ਼ਨ ਕਰਕੇ ਉਸਦੇ ਉੱਤਰ ਦੁਆਰਾ ਆਪਣੀ ਗੱਲ ਸਪੱਸ਼ਟ ਕੀਤੀ ਗਈ ਹੈ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥

ਕਨਕ ਕਟਿਕ ਜਲ ਤਰੰਗ ਜੈਸਾ॥(93.)

ਕਾਵਿ ਦੀ ਸੁੰਦਰਤਾ ਨੂੰ ਵਧਾਉਣ ਅਤੇ ਕਵਿਤਾ ਵਿਚ ਪ੍ਰਗਟਾਏ ਸੂਖਮ ਵਿਚਾਰਾਂ ਨੂੰ ਸਥੂਲਤਾ ਪ੍ਰਦਾਨ ਕਰਨ ਵਾਲੀਆਂ ਜੁਗਤਾਂ ਵਿਚੋਂ ਬਿੰਬਾਵਲੀ ਵੀ ਸ਼ਬਦ-ਚਿੱਤਰ ਨਾਲ ਅਰਥ ਸਿਰਜਣ ਦੀ ਇਕ ਜੁਗਤ ਹੈ। ਬਿੰਬ ਦਾ ਅਰਥ ਛਾਇਆ ਜਾ ਪ੍ਰਤੀ-ਛਾਇਆ ਹੈ। ਭਾਰਤੀ ਅਤੇ ਪੱਛਮੀ ਆਲੋਚਕਾਂ ਅਨੁਸਾਰ ਬਿੰਬ ਨੂੰ ਉੱਤਮ ਕਾਵਿ ਲਈ ਜ਼ਰੂਰੀ ਜੁਗਤ ਮੰਨਿਆਂ ਹੈ। ਬਿੰਬ ਦੁਆਰਾ ਅਮੂਰਤ ਭਾਵ ਸਮੂਰਤ ਰੂਪ ਵਿਚ ਸਾਹਮਣੇ ਆ ਕੇ ਪਾਠਕ ਦੇ ਇੰਦ੍ਰਿਆਵੀ ਬੋਧ ਨੂੰ ਉਜਾਗਰ ਕਰਦਾ ਹੈ। ਇਸ ਦੀ ਸਹਾਇਤਾ ਨਾਲ ਕਵੀ ਕਿਸੇ ਗਹਿਨ ਗੰਭੀਰ ਸੰਕਲਪ ਨੂੰ ਕਿਸੇ ਆਮ ਵਸਤੂ ਜਾਂ ਘਟਨਾ ਨਾਲ ਸਬੰਧਿਤ ਕਰਕੇ ਉਸਨੂੰ ਸਮਝਣ ਯੋਗ ਬਣਾ ਦਿੰਦਾ ਹੈ। ਇਸ ਸਬੰਧੀ ਵੱਖ-ਵੱਖ ਚਿੰਤਕਾਂ ਦੀ ਆਪਣੀ ਰਾਇ ਹੈ। ਜੈਮਜ਼. ਆਰ. ਕਰਿਊਜਰ ਮੁਤਾਬਿਕ,"ਬਿੰਬ ਕਿਸੇ ਵਸਤੂ ਦਾ ਮਾਨਸਿਕ ਜਾ ਕਾਲਪਨਿਕ ਰੂਪ ਹੈ। ਕਾਵਿ ਸਦਾ ਅਪ੍ਰਸਤੁਤ ਵਸਤੂਆਂ ਦਾ ਕਾਲਪਨਿਕ ਵਰਣਨ ਪ੍ਰਸਤੁਤ ਕਰਦਾ ਹੈ। ਇਸ ਲਈ ਕਾਵਿ ਦੇ ਅੰਤਰਗਤ ਰੂਪ ਸਿਰਜਣਾ ਇਸੇ ਬਿੰਬ ਯੋਜਨਾ ਦਾ ਕੰਮ ਹੈ।"(*ਐਲੀਮੈਂਟਸ ਆਫ਼ ਪੋਇਟਰੀ* 119.) ਬਿੰਬ ਨੂੰ ਇੰਦ੍ਰਿਆਵੀ ਚਿੱਤਰ

ਮੰਨਦੇ ਹੋਏ ਸੀ.ਡੀ.ਲੇਵਿਸ ਦਾ ਮੱਤ ਹੈ,"ਕਾਵਿ ਬਿੰਬ ਘੱਟ ਜਾਂ ਵੱਧ ਰੂਪ ਵਿਚ ਸ਼ਬਦਾਂ ਵਿਚ ਇੰਦ੍ਰਿਆਵੀ ਚਿੱਤਰ ਹੈ ਜੋ ਕਿਸੇ ਹੱਦ ਤੱਕ ਅਧਿਆਤਮਕ ਹੁੰਦਾ ਹੈ। ਇਸ ਦੀ ਤਹਿ ਵਿਚ ਕੋਈ ਮਨੁੱਖੀ ਅਨੁਭਵ ਜਾਂ ਵੇਗ ਹੁੰਦਾ ਹੈ।"(*ਦ ਪੋਇਟਿਕ ਇਮੇਜ* 27.) ਡਾ. ਨਗੇਂਦਰ ਅਨੁਸਾਰ,"ਬਿੰਬ ਵਿਚ ਇੰਦ੍ਰਿਆਵੀ ਆਧਾਰ ਪ੍ਰਮੁੱਖ ਰਹਿੰਦਾ ਹੈ। ਹਰ ਇਕ ਗਿਆਨ ਇੰਦਰੀ ਦਾ ਅਨੁਭਵ ਇਕ ਪ੍ਰਕਾਰ ਦਾ ਬਿੰਬ ਨਿਰਮਾਣ ਹੀ ਹੈ।"(*ਕਾਵਯ ਬਿੰਬ* 9.) ਰੈਨੇ ਵੈਲੇਕ ਨੇ '*ਥਿਊਰੀ ਆਫ਼ ਲਿਟਰੇਚਰ*' ਵਿਚ ਬਿੰਬਾਂ ਦੇ ਮਨੋਵਿਗਿਆਨੀਆਂ ਦੁਆਰਾ ਪੰਜ ਪ੍ਰਕਾਰ ਪ੍ਰਕਾਰ ਕੀਤੇ ਗਏ ਹਨ।

ਰੂਪ ਬਿੰਬ : ਇਸ ਦਾ ਬੋਧ ਅੱਖਾਂ ਦੁਆਰਾ ਹੁੰਦਾ ਹੈ।

ਸ਼ਬਦ ਬਿੰਬ : ਇਸ ਦਾ ਬੋਧ ਕੰਨਾ ਦੁਆਰਾ ਹੁੰਦਾ ਹੈ।

ਰਸ ਬਿੰਬ : ਇਸ ਦਾ ਬੋਧ ਜੀਭ ਦੁਆਰਾ ਹੁੰਦਾ ਹੈ।

ਗੰਧ ਬਿੰਬ : ਇਸ ਦਾ ਬੋਧ ਨੱਕ ਦੁਆਰਾ ਹੁੰਦਾ ਹੈ।

ਸਪਰਸ਼ ਬਿੰਬ : ਇਸ ਦਾ ਬੋਧ ਚਮੜੀ ਦੁਆਰਾ ਹੁੰਦਾ ਹੈ।

ਰੂਪ ਬਿੰਬ : ਇਸ ਵਿਚ ਰੂਪ ਬਿੰਬ ਦੁਆਰਾ ਹੰਕਾਰੀ ਮਨੁੱਖ ਦਾ ਚਿਤਰਣ ਪੇਸ਼ ਕੀਤਾ ਗਿਆ ਹੈ :

ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1124.)

ਜਿਹਿ ਸਿਰਿ ਰਚਿ ਰਚਿ ਬਾਧਤ ਪਾਗ॥

ਸੋ ਸਿਰੁ ਚੁੰਚ ਸਵਾਰਹਿ ਕਾਗ॥(330.)

ਨਾਦ ਬਿੰਬ : ਅਨੁਪ੍ਰਾਸ ਦੁਆਰਾ ਨਾਦ ਬਿੰਬ ਦੀ ਸਿਰਜਣਾ ਕੀਤੀ ਗਈ ਹੈ :

ਖੰਡਲ ਮੰਡਲ ਮੰਡਲ ਮੰਡਾ॥

ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥(1162.)

ਇਸ ਵਿਚਲੀ ਉਦਾਹਰਨ ਦੁਆਰਾ ਨਾਦ ਬਿੰਬ ਨੂੰ ਪ੍ਰਗਟ ਕੀਤਾ ਗਿਆ ਹੈ :

ਕਹੁ ਕਬੀਰ ਛੂਛਾ ਘਟੁ ਬੋਲੈ॥

ਭਰਿਆ ਹੋਇ ਸੁ ਕਬਹੂ ਨ ਡੋਲੈ॥(870.)

ਬਿੰਬਾਂ ਦੁਆਰਾ ਤਸਵੀਰ ਅਤੇ ਵਾਯੂ-ਮੰਡਲ ਸਿਰਜਿਆ ਜਾਂਦਾ ਹੈ। ਭਗਤ ਬਾਣੀ ਵਿਚਲਾ ਬਿੰਬ ਵਿਧਾਨ ਇਸ ਦੇ ਭਾਵਾਂ ਨੂੰ ਵੱਖ-ਵੱਖ ਪੱਧਰਾਂ ਉੱਤੇ ਪ੍ਰਗਟਾਉਣ ਦੇ ਸਮਰੱਥ ਹੈ। ਇਹੋ ਸਮਰੱਥਾ ਇਸ ਦੀ ਵਿਲੱਖਣਤਾ ਸਿੱਧ ਕਰਦੀ ਹੈ। ਇਸ ਸ਼ਬਦ ਵਿਚਲੇ ਬਿੰਬ ਵਿਧਾਨ ਦੁਆਰਾ ਇੱਕ ਅਜਿਹਾ ਵਾਤਾਵਰਣ ਸਿਰਜਿਆ ਗਿਆ ਹੈ ਜਿਸ ਦੁਆਰਾ ਪਾਠਕ ਅਤੇ ਸਰੋਤਾ ਕੁਦਰਤ ਨਾਲ ਇੱਕ-ਮਿੱਕ ਮਹਿਸੂਸ ਕਰਦੇ ਹਨ।

ਮਉਲੀ ਧਰਤੀ ਮਉਲਿਆ ਆਕਾਸੁ॥

ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥

ਰਾਜਾ ਰਾਮੁ ਮਉਲਿਆ ਅਨਤ ਭਾਇ॥

ਜਹ ਦੇਖਉ ਤਹ ਰਹਿਆ ਸਮਾਇ॥੧॥ਰਹਾਉ॥

ਦੁਤੀਆ ਮਉਲੇ ਚਾਰਿ ਬੇਦ॥

ਸਿੰਮ੍ਰਿਤਿ ਮਉਲੀ ਸਿਉ ਕਤੇਬ॥੨॥

ਸੰਕਰੁ ਮਉਲਿਓ ਜੋਗ ਧਿਆਨ॥

ਕਬੀਰ ਕੋ ਸੁਆਮੀ ਸਭ ਸਮਾਨ॥੩॥ (1193.)

ਉਪਰੋਕਤ ਸ਼ਬਦਾਵਲੀ ਵਿਚ ਬ੍ਰਹਮਾ, ਬਿਸਨ, ਮਹੇਸ, ਸਨਕਾਦਿਕ, ਰਾਮ, ਨਾਰਦ ਆਦਿ ਦੇ ਹਵਾਲੇ ਦੇ ਕੇ ਆਪਣੀ ਗੱਲ ਰੱਖਦੇ ਹਨ। ਇਸ ਸ਼ਬਦ ਵਿਚਲੀ ਸ਼ਬਦਾਵਲੀ ਵੇਖੋ ਇਸ ਵਿਚ ਰਾਵਣ ਦੀ ਜੀਵਨ ਸ਼ੈਲੀ ਨੂੰ ਕਿੰਨੀ ਬਾਰੀਕ ਬੀਨੀ ਨਾਲ ਚਿੱਤਰਿਆ ਗਿਆ ਹੈ।

ਲੰਕਾ ਸਾ ਕੋਟੁ ਸਮੁੰਦ ਸੀ ਖਾਈ॥

ਤਿਹ ਰਾਵਨ ਘਰ ਖਬਰਿ ਨ ਪਾਈ॥੧॥

ਕਿਆ ਮਾਗਉ ਕਿਛੁ ਥਿਰੁ ਨ ਰਹਾਈ॥

ਦੇਖਤ ਨੈਨ ਚਲਿਓ ਜਗੁ ਜਾਈ॥੧॥ਰਹਾਉ॥

ਇਕੁ ਲਖੁ ਪੂਤ ਸਵਾ ਲਖੁ ਨਾਤੀ॥

ਤਿਹ ਰਾਵਨ ਘਰ ਦੀਆ ਨ ਬਾਤੀ॥੨॥

ਚੰਦੁ ਸੂਰਜੁ ਜਾ ਕੇ ਤਪਤ ਰਸੋਈ॥

ਬੈਸੰਤਰੁ ਜਾ ਕੇ ਕਪਰੇ ਧੋਈ॥੩॥ (481.)

ਜ਼ਿੰਦਗੀ ਦੀ ਸਮੁੱਚਤਾ ਵਿਚ ਵਿਆਖਿਆ ਕਰਨ ਵਾਲੀ ਵਿਚਾਰਧਾਰਾ ਨੂੰ ਮਹਾਂਬਿਰਤਾਂਤ ਕਿਹਾ ਜਾਂਦਾ ਹੈ। ਇਸ ਦਾ ਉੱਭਰਵਾਂ ਲੱਛਣ ਹੈ ਕਿ ਇਹ ਆਪਣੇ ਇਲਾਵਾ ਕਿਸੇ ਹੋਰ ਨੂੰ ਮਾਨਤਾ ਨਹੀਂ ਦਿੰਦਾ ਬਲਕਿ ਦੂਸਰੇ ਬਿਰਤਾਤਾਂ ਨੂੰ ਗ਼ਲਤ ਅਤੇ ਝੂਠੇ ਸਮਝਦਾ ਹੈ। ਪਰੰਤੂ ਉੱਤਰ-ਆਧੁਨਿਕਤਾ ਦੀ ਖ਼ਾਸ ਪਹਿਚਾਣ ਹੈ ਕਿ ਇਸ ਵਿਚ ਅਲਪ ਰੂਪਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਸਾਹਿਤ ਦੀ ਪਰਿਭਾਸ਼ਾ ਬਦਲ ਗਈ ਹੈ। ਕਵੀ ਕਿਸੇ ਨਿਸ਼ਚਿਤ ਕਾਵਿ-ਪ੍ਰਕਾਰ ਵਿਚ ਰਚਨਾ ਨਹੀਂ ਕਰਦਾ ਸਗੋਂ ਮੁਕਤ ਰੂਪ ਵਿਚ ਸਿਰਜਣਾ ਕਰਦਾ ਹੈ। ਭਗਤ ਬਾਣੀ ਅਲਪ ਰੂਪਾਂ ਦੁਆਰਾ ਆਪਣੀ ਗੱਲ ਕਹਿਣ ਦੇ ਸਮਰੱਥ ਹੈ। ਇਸ ਲਈ ਅਲਪ ਰੂਪ ਜਿਨ੍ਹਾਂ ਵਿਚ ਛੰਦ, ਰਾਗ ਅਤੇ ਸ਼ੈਲੀ ਦੇ ਵਿਭਿੰਨ ਛੋਟੇ ਰੂਪਾਂ ਸ਼ਲੋਕ, ਪਦ, ਅਸ਼ਟਪਦੀ, ਥਿਤੀ, ਸਤਵਾਰਾ ਅਤੇ ਬਾਵਨ ਅੱਖਰੀ ਦਾ ਪ੍ਰਯੋਗ ਕੀਤਾ ਗਿਆ ਹੈ। ਭਗਤ ਬਾਣੀ ਵਿਚ ਸ਼ਬਦ, ਸ਼ਲੋਕ, ਅਸ਼ਟਪਦੀਆਂ, ਥਿਤੀ, ਵਾਰ ਕਾਵਿ ਰੂਪਾਂ ਵਿਚ ਰਚਨਾ ਪ੍ਰਾਪਤ ਹੁੰਦੀ ਹੈ। "ਸ਼ਬਦ ਅਤੇ ਸ਼ਲੋਕ ਸੰਤ ਪਰੰਪਰਾ ਦੇ ਪ੍ਰਚੱਲਿਤ ਕਾਵਿ ਰੂਪ ਹਨ। ਥਿਤੀ ਬਾਣੀ ਚੰਦ੍ਰਮਾ ਦੀਆਂ ਪੰਦਰਾਂ ਥਿੱਤਾਂ ਅਨੁਸਾਰ ਅਤੇ ਵਾਰ ਸੱਤ ਦਿਨਾ ਦੇ ਨਾਲ ਸਬੰਧਿਤ ਹਨ। ਬਾਵਨ ਅੱਖਰੀ ਵਿਚ 45 ਪਦੇ ਹਨ ਜਿਸ ਵਿਚ ਵੱਖ-ਵੱਖ ਅੱਖਰ 'ਕ' ਤੋਂ ਲੈ ਕੇ 'ਵ' ਤੱਕ ਵਰਤੇ ਗਏ ਹਨ। ਇਨ੍ਹਾਂ ਸਾਰੀਆਂ ਬਾਣੀਆਂ ਦਾ ਸਰੂਪ ਅਧਿਆਤਮਕ ਹੈ ਅਤੇ ਇਨ੍ਹਾਂ ਦੇ ਪ੍ਰਯੋਗ ਵਿਚ ਕਬੀਰ ਜੀ ਨੇ ਆਪਣੇ ਮੌਲਿਕ ਕਲਾਤਮਕ ਪ੍ਰਭਾਵ ਨੂੰ ਪ੍ਰਤੀਬਿੰਬਤ ਕੀਤਾ ਹੈ।"(ਭਾਈ ਜੋਧ ਸਿੰਘ. *ਬਾਣੀ ਭਗਤ ਕਬੀਰ ਜੀ ਕੀ ਸਟੀਕ* 65.) ਪ੍ਰਗੀਤ ਦਾ ਸਿੱਧਾ ਸਬੰਧ ਕਵੀ ਦੇ ਆਤਮ ਅਨੁਭਵ ਨਾਲ ਹੁੰਦਾ ਹੈ। ਕਬੀਰ ਜੀ ਦੀਆਂ ਰਚਨਾਵਾਂ ਅੰਦਰ ਇਹ ਰੂਪ ਭਾਵੁਕਤਾ ਦੇ ਅਸਰ ਹੇਠ ਸੰਬੋਧਨੀ ਸੁਰ ਅਖ਼ਤਿਆਰ

ਕਰਦੇ ਹਨ। ਸੰਬੋਧਨੀ ਸ਼ੈਲੀ ਵਿਚ ਪ੍ਰਗੀਤ ਕਾਵਿ ਪ੍ਰਗਟ ਹੋਇਆ ਹੈ। ਅਭਿਵਿਅਕਤੀ ਦੇ ਪੱਧਰ ਤੇ ਕਬੀਰ ਆਪਣੀ ਰਚਨਾ ਨੂੰ ਲੋਕ ਭਾਸ਼ਾ ਅਤੇ ਵਿਵਹਾਰ ਦੁਆਰਾ ਪੇਸ਼ ਕਰਦੇ ਹਨ। ਇਸ ਸ਼ਬਦ ਦੁਆਰਾ ਆਪ ਜੀ ਪਤੀ ਪਤਨੀ ਦੇ ਝਗੜੇ ਦੁਆਰਾ ਅਧਿਆਤਮਕ ਰਹੱਸ ਪੈਦਾ ਕਰਦੇ ਹਨ।

ਕਰਵਤੁ ਭਲਾ ਨ ਕਰਵਟ ਤੇਰੀ॥

ਲਾਗੁ ਗਲੇ ਸੁਨੁ ਬਿਨਤੀ ਮੇਰੀ॥੧॥

ਹਉ ਵਾਰੀ ਮੁਖੁ ਫੇਰਿ ਪਿਆਰੇ॥

ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥੧॥ਰਹਾਉ॥

ਜਉ ਤਨੁ ਚੀਰਹਿ ਅੰਗੁ ਨ ਮੋਰਉ॥

ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥੨॥

ਹਮ ਤੁਮ ਬੀਚੁ ਭਇਓ ਨਹੀ ਕੋਈ॥

ਤੁਮਹਿ ਸੁ ਕੰਤ ਨਾਰਿ ਹਮ ਸੋਈ॥੩॥

ਕਹਤੁ ਕਬੀਰੁ ਸੁਨਹੁ ਰੇ ਲੋਈ॥

ਅਬ ਤੁਮਰੀ ਪਰਤੀਤਿ ਨ ਹੋਈ॥੪॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 484.)

ਭਾਵਪੂਰਤ ਸ਼ਬਦਾਵਲੀ ਦੀ ਪੇਸ਼ਕਾਰੀ ਦੁਆਰਾ ਆਪਣਾ ਮਰਮ ਬਿਆਨ ਕੀਤਾ ਗਿਆ ਹੈ। ਇਕ ਅਜਿਹਾ ਵਾਤਾਵਰਣ ਸਿਰਜ ਕੇ ਮਨੁੱਖ ਦੀ ਹੋਣੀ ਦਾ ਚਿੱਤਰ ਖਿੱਚਿਆ ਗਿਆ ਹੈ।

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥ (657.)

ਗਦ ਅਤੇ ਪਦ ਦਾ ਨਿਖੇੜਾ ਛੰਦ ਦੁਆਰਾ ਹੀ ਕੀਤਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,"ਜਿਸ ਕਵਿਤਾ ਵਿਚ ਮਾਤ੍ਰਾ, ਅੱਖਰ, ਗਣ, ਬਿਸਰਾਮ ਅਤੇ ਅਨੁਪ੍ਰਾਸ ਆਦਿ ਨਿਯਮਾਂ ਦੀ ਪਾਬੰਦੀ ਹੋਵੇ ਉਹ ਛੰਦ ਕਹਾਉਂਦੀ

ਹੈ।"(*ਗੁਰਛੰਦ ਦਿਵਾਕਰ* 11.) ਹਿੰਦੀ ਸਾਹਿਤਯ ਕੋਸ਼ ਅਨੁਸਾਰ,"ਅੱਖਰ, ਅੱਖਰਾਂ ਦੀ ਗਿਣਤੀ ਤੇ ਬਿਸਰਾਮ ਆਦਿ ਨਾਲ ਸਬੰਧਿਤ ਖ਼ਾਸ ਨਿਯਮਾਂ ਅਧੀਨ ਰਚੀ ਗਈ ਪਦ ਰਚਨਾ ਛੰਦ ਕਹਾਉਂਦੀ ਹੈ।"(*ਹਿੰਦੀ ਸਾਹਿਤਯ ਕੋਸ਼* 90.) ਇਨਸਾਈਕਲੋਪੀਡੀਆ ਆਫ਼ ਪੋਇਟਰੀ ਐਂਡ ਪੋਇਟਿਕਸ ਵਿਚ ਕੁਝ ਇਸ ਪ੍ਰਕਾਰ ਲਿਖਿਆ ਹੈ :"Metre more or less regular poetic system, the measurable rhythmic pattern manifested in vers"

ਭਗਤ ਬਾਣੀ ਵਿਚ ਛੰਦ ਦੀ ਵਰਤੋ ਕੀਤੀ ਗਈ ਹੈ। ਭਗਤ ਕਬੀਰ ਨੇ ਦੋਹਰਾ, ਸੋਰਠਾ, ਗੀਤਕਾ ਅਤੇ ਚੌਪਈ ਆਦਿ ਛੰਦਾਂ ਦੀ ਵਰਤੋਂ ਕੀਤੀ ਹੈ। ਦੋਹਰਾ ਇਕ 24 ਮਾਤ੍ਰਿਕ ਛੰਦ ਹੈ। ਪਹਿਲਾ ਬਿਸਰਾਮ 13 ਮਾਤ੍ਰਾ ਅਤੇ ਦੂਸਰਾ 11 ਮਾਤ੍ਰਾ ਬਾਅਦ ਹੁੰਦਾ ਹੈ। ਸੋਰਠਾ ਵਿਚ ਦੋਹਿਰੇ ਦੀ ਤਰ੍ਹਾਂ ਦੋ ਤੁਕਾਂ ਹੁੰਦੀਆਂ ਹਨ। ਹਰ ਤੁਕ ਵਿਚ 24 ਮਾਤ੍ਰਾ ਹੁੰਦੀਆਂ ਹਨ ਪਹਿਲਾ ਬਿਸਰਾਮ 11 ਉਪਰ ਅਤੇ ਦੂਸਰਾ 13 ਮਾਤ੍ਰਾ ਉਪਰ ਹੁੰਦਾ ਹੈ। ਗੀਤਕਾ 26 ਮਾਤ੍ਰਾ ਵਾਲਾ ਛੰਦ ਹੈ। ਇਹ 14+12=26 ਨਾਲ ਬਣਦਾ ਹੈ। ਚੌਪਈ ਵੀ ਮਾਤ੍ਰਿਕ ਛੰਦ ਹੈ। ਇਸ ਵਿਚ 8+7=15 ਜਾਂ 8+8=16 ਮਾਤ੍ਰਾ ਹੁੰਦੀਆਂ ਹਨ। ਭਗਤ ਬਾਣੀ ਵਿਚ ਇਨ੍ਹਾਂ ਛੰਦਾਂ ਦੀ ਵਰਤੋਂ ਕੀਤੀ ਗਈ ਹੈ।

ਸੰਗੀਤ ਵਿਚ ਰਾਗ ਦਾ ਮਹੱਤਵ ਸਭ ਤੋ ਉੱਪਰ ਹੈ। ਕਾਵਿ ਰਚਨਾ ਦੀ ਉੱਤਮਤਾ ਉਸ ਵਿਚਲੇ ਸੰਗੀਤਕ ਅੰਸ਼ਾਂ ਤੋਂ ਹੀ ਨਿਰਧਾਰਿਤ ਕੀਤੀ ਜਾਂਦੀ ਹੈ। ਰਾਗਬੱਧ ਸੰਗੀਤ ਸਰੋਤੇ ਨੂੰ ਵਿਸਮਾਦੀ ਅਵਸਥਾ ਵਿਚ ਲੈ ਜਾਂਦੀ ਹੈ। ਸੰਤ ਸਿੰਘ ਸੇਖੋਂ ਦਾ ਕਥਨ ਹੈ,"ਰਾਗ ਸ਼ਬਦ ਸੰਸਕ੍ਰਿਤ ਵਿਚ 'ਰਕ' ਧਾਤੂ ਤੋਂ ਨਿਕਲਿਆ ਹੈ ਜਿਸ ਦਾ ਭਾਵ ਰਕਤ ਹੋ ਜਾਣਾ, ਰਚ ਜਾਣਾ, ਭਾਵਕ ਰੂਪ ਵਿਚ ਜੁੜ ਜਾਣਾ ਹੈ। ਜਿਸ ਦਾ ਵਿਆਪਕ ਅਰਥ ਪ੍ਰੇਮ ਹੈ।"(*ਸਾਹਿਤਿਆਰਥ* 11.) ਭਗਤ ਬਾਣੀ ਵਿਚਲੇ ਕਵੀਆਂ ਦੀ ਰਚਨਾ ਸੰਗੀਤਮਈ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੱਖ-ਵੱਖ ਰਾਗਾਂ ਅਧੀਨ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਰਾਗ ਕ੍ਰਮ ਅਨੁਸਾਰ ਦਰਜ ਕੀਤੀ ਗਈ ਹੈ।

ਸ਼ੈਲੀ ਅੰਗਰੇਜ਼ੀ ਦੇ ਸ਼ਬਦ (style) ਦਾ ਸਮਾਨਾਰਥੀ ਹੈ। ਇਹ ਪ੍ਰਗਟਾਅ ਦੇ ਢੰਗ ਜਾ ਅਭਿਵਿਅੰਜਨਾ ਨਾਲ ਸਬੰਧਿਤ ਹੁੰਦੀ ਹੈ। ਭਗਤ ਬਾਣੀ ਸ਼ੈਲੀਗਤ ਪਾਸਾਰਾਂ ਤੋਂ ਬਹੁਦਿਸ਼ਾਵੀ ਚਰਿੱਤਰ ਦੀ ਧਾਰਨੀ ਹੈ। ਡਾ. ਰਤਨ ਸਿੰਘ

ਜੱਗੀ ਦੇ ਸ਼ਬਦਾਂ ਵਿਚ,"ਕਬੀਰ ਜੀ ਦੀ ਸ਼ੈਲੀ ਤਿੱਖੀ, ਚੁਸਤ, ਨੁਕੀਲੀ, ਵਿਅੰਗਾਤਮਿਕ, ਨਾਟਕੀ ਕਾਵਿ, ਨਿਆਏਸ਼ੀਲਤਾ ਵਾਲੀ, ਆਲੋਚਨਾਤਮਕ, ਕਟਾਖਸ਼ਮਈ, ਭਰਵੀਂ, ਸੰਕੋਚਵੀਂ, ਗੁੱਟ ਅਤੇ ਕਈ ਥਾਈਂ ਡੂੰਘੇ ਘਾਉ ਕਰਨ ਵਾਲੀ ਚੁੱਭਵੀਂ ਹੈ।"(*ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿੱਤਕ ਇਤਿਹਾਸ* 208.) ਭਗਤ ਕਵੀਆਂ ਨੇ ਆਪਣੀ ਸ਼ੈਲੀ ਵਿਚ ਵੱਖ-ਵੱਖ ਗੁਣ ਜਿਵੇਂ ਵਿਚਾਰ, ਸਪੱਸ਼ਟਤਾ, ਸੁਭਾਵਿਕਤਾ, ਸੰਜਮ, ਸੁੰਦਰਤਾ, ਲੈਅ, ਮੌਲਿਕਤਾ ਅਤੇ ਦੂਰ-ਦਰਸ਼ਤਾ ਪੇਸ਼ ਕੀਤੇ ਹਨ। ਭਗਤ ਬਾਣੀ ਅੰਦਰ ਕਵੀ ਹਿਰਦੇ ਦੀ ਅਨੁਭੂਤੀ ਨੂੰ ਸਹਿਜਤਾ, ਸੁਭਾਵਿਕਤਾ ਅਤੇ ਮਿੱਠੀ ਬੋਲੀ ਵਿਚ ਸੰਗੀਤ, ਤਾਲ ਅਤੇ ਲੈਅ ਵਿਚ ਗੁੰਨ੍ਹ ਕੇ ਪੇਸ਼ ਕੀਤਾ ਗਿਆ ਹੈ। ਭਗਤ ਬਾਣੀ ਦੀ ਸ਼ੈਲੀ ਦੀ ਸਭ ਤੋਂ ਉੱਭਰਵੀਂ ਜੁਗਤ ਸੰਵਾਦ ਮੁੱਖਤਾ ਦੀ ਹੈ।

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥(477.)

ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ॥(479.)

ਪ੍ਰਸ਼ਨੋਤਰੀ ਸ਼ੈਲੀ ਦੁਆਰਾ ਇਨਸਾਨੀ ਹੰਕਾਰ ਨੂੰ ਚਕਨਾਚੂਰ ਕਰਨ ਲਈ ਮਹਾਂਭਾਰਤ ਵਿਚਲੇ ਪ੍ਰਸੰਗ ਨੂੰ ਆਧਾਰ ਬਣਾ ਕੇ ਨਿਵੇਕਲੀ ਸੇਧ ਦੇਣ ਦਾ ਕਾਰਜ ਕੀਤਾ ਗਿਆ ਹੈ। ਸਾਹਿਤ ਦਾ ਕਾਰਜ ਮਨੁੱਖ ਨੂੰ ਵਿਰਸੇ ਵਿਚਲੇ ਮਾਡਲਾਂ ਦੁਆਰਾ ਸੁਚੱਜੀਆਂ ਸੇਧਾਂ ਦੇਣ ਦਾ ਹੈ। ਇਸ ਦੀ ਉਦਾਹਰਨ ਵੇਖੀ ਜਾ ਸਕਦੀ ਹੈ।

ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥੧॥ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥੨॥ (1105.)

ਇਹ ਉਦਾਹਰਨ ਵੀ ਪ੍ਰਸ਼ਨੋਤਰੀ ਸ਼ੈਲੀ ਦੀ ਹੈ। ਪ੍ਰਸ਼ਨ ਪੁੱਛ ਕੇ ਉੱਤਰ ਅਗਲੀ ਸਤਰ ਵਿਚ ਪੇਸ਼ ਕੀਤਾ ਗਿਆ ਹੈ।

ਮਾਧਉ ਜਲ ਕੀ ਪਿਆਸ ਨ ਜਾਇ॥

ਜਲ ਮਹਿ ਅਗਨਿ ਉਠੀ ਅਧਿਕਾਇ॥(323.)

ਨਾਮਦੇਵ ਜੀ ਦੀ ਰਚਨਾ ਨੇ ਪੰਜਾਬੀ ਅਤੇ ਮਰਾਠੀ ਦੇ ਮਿਲਾਪ ਦੁਆਰਾ ਇਕਰੂਪਤਾ ਵਿਚ ਬੰਨ੍ਹਣ ਦਾ ਕਾਰਜ ਕੀਤਾ ਹੈ। ਆਪ ਦੀ ਰਚਨਾ ਅੰਦਰ ਗੋਸਟਿ ਸ਼ੈਲੀ ਅਤੇ ਸ਼ਬਦ ਨੂੰ ਬਾਰ-ਬਾਰ ਦੁਹਰਾ ਕੇ ਪਾਖੰਡ-ਖੰਡਨੀ ਸ਼ੈਲੀ ਦੀ ਪੇਸ਼ਕਾਰੀ ਮਿਲਦੀ ਹੈ।

ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥

ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ॥(988.)

ਕਬਹੂ ਤੁਰੇ ਤੁਰੰਗ ਨਚਾਵੈ॥ ਕਬਹੂ ਪਾਇ ਪਨਹੀਓ ਨ ਪਾਵੈ॥ (1164.)

ਸਲੋਕ ਕਾਵਿ ਰੂਪ ਹੈ, ਜਿਸ ਵਿਚ ਵੱਡੇ ਭਾਵਾਂ ਨੂੰ ਛੋਟੇ ਰੂਪ ਵਿਚ ਅਰਥਾਤ ਥੋੜ੍ਹੇ ਸ਼ਬਦਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਕੋਸ਼ ਅਨੁਸਾਰ,"ਸ਼ਲੋਕ ਸੰਸਕ੍ਰਿਤ ਦਾ ਸ਼ਬਦ ਹੈ। ਗੁਰਬਾਣੀ ਵਿਚ ਇਸ ਨੂੰ ਸਲੋਕ ਕਿਹਾ ਜਾਂਦਾ ਹੈ।"(*ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ)* 153.) ਭਾਈ ਕਾਨ੍ਹ ਸਿੰਘ ਨਾਭਾ ਨੇ "ਸ਼ਲੋਕ ਦੇ ਅਰਥ ਪ੍ਰਸੰਨਾ, ਉਸਤਤਿ, ਤਾਰੀਫ਼ ਅਥਵਾ ਯਸੁ ਦਾ ਗੀਤ ਕੀਤੇ ਹਨ।"(*ਗੁਰਸ਼ਬਦ ਰਤਨਾਕਰ : ਮਹਾਨ ਕੋਸ਼* 172.) ਬਾਬਾ ਫਰੀਦ ਜੀ ਦੇ ਸਲੋਕਾਂ ਨੂੰ ਪੰਜਾਬੀ ਦੇ ਸਭ ਤੋਂ ਪੁਰਾਣੇ ਸਲੋਕ ਮੰਨਿਆਂ ਜਾਂਦਾ ਹੈ। ਇਸ ਵਿਚ ਬਹੁਤ ਵੱਡੇ ਭਾਵ ਨੂੰ ਥੋੜ੍ਹੇ ਸ਼ਬਦਾਂ ਵਿਚ ਬਿਆਨ ਕੀਤਾ ਜਾਂਦਾ ਹੈ।

ਪਦ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,"ਉਹ ਕਾਵਿ ਜੋ ਛੰਦ ਦੇ ਨਿਯਮਾਂ ਅਨੁਸਾਰ ਹੋਵੇ, ਕਿਸ ਵਿਚ ਪਦ (ਛੰਦ ਦੇ ਚਰਣਾਂ) ਦਾ ਪ੍ਰਬੰਧ ਹੋਵੇ।"(742.) ਭਗਤ ਬਾਣੀ ਵਿਚ ਛੋਟੇ-ਛੋਟੇ ਕਾਵਿ ਰੂਪਾਂ ਦਾ ਪ੍ਰਯੋਗ ਮਿਲਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,"ਅੱਠ ਪਦਾਂ ਦੀ ਰਚਨਾ ਨੂੰ 'ਅਸ਼ਟਪਦੀ' ਕਹਿੰਦੇ ਹਨ। ਇਸ ਕਾਵਿ-ਰੂਪ ਦਾ ਕੋਈ ਖ਼ਾਸ ਤੋਲ ਤੁਕਾਂਤ ਨਿਯਤ ਨਹੀਂ, ਪਰ ਇਸ ਵਿਚ ਅੱਠ ਛੰਦ ਇੱਕੋ ਪ੍ਰਬੰਧ ਵਿਚ ਲਿਖੇ ਜਾਂਦੇ ਹਨ।"(26.) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦੀਆਂ ਤਿੰਨ ਅਸ਼ਟਪਦੀਆਂ ਮਿਲਦੀਆਂ ਹਨ। ਇਕ ਰਾਗ ਗਉੜੀ ਵਿਚ ਤੇ ਦੋ ਭੈਰਉ ਰਾਗ ਵਿਚ ਹਨ।

ਮਹਾਨਕੋਸ਼ ਅਨੁਸਾਰ,"ਥਿਤੀ ਸ਼ਬਦ ਤਿਥਿ ਦਾ ਬਹੁਵਚਨ ਹੈ।"(612.) ਚੰਦਰਮਾ ਦੇ ਵਧਣ ਘਟਣ ਅਨੁਸਾਰ ਹੋਣ ਵਾਲੀਆਂ ਤਰੀਕਾਂ ਨੂੰ ਥਿਤੀ ਕਿਹਾ ਜਾਂਦਾ ਹੈ। ਚੰਦਰਮਾ ਅਨੁਸਾਰ ਮਹੀਨੇ ਦੇ ਦੋ ਪੱਖ ਹਨ, ਇਕ ਚਾਨਣ ਅਤੇ ਦੂਸਰਾ ਹਨ੍ਹੇਰ, ਇਨ੍ਹਾਂ ਨੂੰ ਸੁਦੀ ਤੇ ਬਦੀ ਦੇ ਨਾਮ ਨਾਲ ਵੀ ਪ੍ਰਗਟ ਕੀਤਾ ਜਾਂਦਾ ਹੈ। ਪੂਰਨਮਾਸ਼ੀ ਨੂੰ ਚੰਦਰਮਾ ਦੇ ਪੂਰਾ ਹੋਣ ਤੋਂ ਪਿੱਛੋਂ ਚੰਦ ਘਟਣ ਲੱਗ ਜਾਂਦਾ ਹੈ, ਇਹ ਹਨ੍ਹੇਰ ਪੱਖ ਹੁੰਦਾ ਹੈ। ਇਸ ਤਰ੍ਹਾਂ ਘਟਦੇ-ਘਟਦੇ ਚੰਦ ਮੱਸਿਆ ਨੂੰ ਛੁਪ ਜਾਂਦਾ ਹੈ, ਉਸ ਤੋਂ ਬਾਅਦ ਚੰਦ ਵੱਧਣ ਲੱਗਦਾ ਹੈ। ਇਸ ਨੂੰ ਚਾਨਣਾ ਪੱਖ ਕਹਿੰਦੇ ਹਨ। ਇਸ ਕਾਵਿ ਰੂਪ ਦਾ ਹਰ ਬੰਦ ਕਿਸੇ ਥਿਤ ਦੇ ਨਾਮ ਨਾਲ ਸ਼ੁਰੂ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਵਿਚ ਕਬੀਰ ਜੀ ਦਾ ਕਾਵਿ ਰੂਪ ਦਰਜ ਹੈ।

ਮਹਾਨ ਕੋਸ਼ ਅਨੁਸਾਰ,"ਸੱਤ ਦਿਨਾ ਦੇ ਅਰਸੇ ਨੂੰ ਸਤਵਾਰਾ ਕਹਿੰਦੇ ਹਨ।"(148.) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦਾ ਇਕ ਸਤਵਾਰਾ ਦਰਜ ਹੈ। ਇਸ ਦਾ ਬੰਦ ਹਰ ਇਕ ਦਿਨ ਨਾਲ ਸ਼ੁਰੂ ਹੁੰਦਾ ਹੈ। ਇਸ ਰਚਨਾ ਦਾ ਆਪਣਾ ਸਾਹਿਤਿਕ ਮਹੱਤਵ ਹੈ। ਬਾਵਨ ਅੱਖਰਾਂ ਦਾ ਮਤਲਬ ਬਵੰਜਾ ਅੱਖਰਾਂ ਦੇ ਕ੍ਰਮ ਨਾਲ ਪੇਸ਼ ਹੋਣ ਵਾਲਾ ਕਾਵਿ ਰੂਪ ਹੈ। ਕਬੀਰ ਜੀ ਆਪਣੀ ਬਾਵਨ ਅੱਖਰੀ ਦਾ ਆਰੰਭ ਇਸ ਤਰ੍ਹਾਂ ਕਰਦੇ ਹਨ :

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 340.)

ਉਪਰੋਕਤ ਚਰਚਾ ਵਿਚ ਅਸੀਂ ਵੇਖਿਆ ਹੈ ਕਿ ਭਗਤ ਬਾਣੀ ਅੰਦਰ ਉੱਤਰ-ਆਧੁਨਿਕ ਵਿਚਾਰਕਾਂ ਦੁਆਰਾ ਨਿਰਧਾਰਿਤ ਸਿਧਾਤਾਂ ਜਿਵੇਂ ਅਰਥਾਂ ਦੀ ਵਿਭਿੰਨਤਾ ਅਤੇ ਅਲਪ ਭਾਸ਼ਾਈ ਰੂਪਾਂ ਨੂੰ ਕੇਂਦਰੀ ਸਥਾਨ ਦਿੱਤਾ ਗਿਆ ਹੈ।

ਭਗਤ ਬਾਣੀ ਵਿਭਿੰਨਤਾਮੂਲਕ ਅਰਥ ਭੰਡਾਰ ਨੂੰ ਕਲਾਤਮਿਕ ਭਾਸ਼ਾਈ ਗੁਲਦਸਤੇ ਵਿਚ ਸਜਾਏ ਹੋਏ ਸਾਹਿਤਿਕ ਗੁਣਾਂ ਰੂਪੀ ਫੁੱਲਾਂ ਨਾਲ ਲਬਰੇਜ਼ ਰਚਨਾ ਹੈ। ਇਸ ਵਿਚਲੇ ਤੱਤ ਇਸ ਨੂੰ ਇਕ ਸਦੀਵੀ ਸਾਹਿਤਿਕ ਕਿਰਤ ਦੇ ਤੌਰ ਤੇ ਸਥਾਪਿਤ ਕਰਨ ਵਿਚ ਸਹਾਈ ਹੁੰਦੇ ਹਨ। ਕਲਾ ਦੀ ਸਦੀਵਤਾ ਉਸ ਵਿਚਲੀ ਕਲਾਤਮਕਤਾ ਦੇ ਪੱਧਰ ਤੇ ਨਿਰਭਰ ਹੈ। ਕਲਾ ਦੇ ਸਾਰੇ ਰੂਪਾਂ ਦਾ ਮਨੁੱਖੀ ਸੱਭਿਅਤਾ ਦਾ ਮੂੰਹ-ਮੁਹਾਂਦਰਾ ਘੜਨ ਵਿਚ ਯੋਗਦਾਨ ਰਿਹਾ ਹੈ। ਹੁਣ ਤੱਕ ਕੀਤੀ ਚਰਚਾ ਦੁਆਰਾ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਗਤ ਬਾਣੀ ਵਿਚਲਾ ਸਾਹਿਤ ਕਲਾਤਮਿਕ ਭਾਸ਼ਾਈ ਸਮਰੱਥਾ ਦੁਆਰਾ ਵੰਨ-ਸੁਵੰਨੇ ਅਰਥਾਂ ਨਾਲ ਸਥਾਨਕ ਸਰੋਕਾਰਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੋਇਆ ਸਥਾਨਕ ਹਿੱਤਾਂ ਦੀ ਗੱਲ ਕਰਦਾ ਹੈ। ਜਿਸ ਨਾਲ ਭਗਤ ਬਾਣੀ ਆਪਣੀ ਸਾਹਿਤਿਕ ਮਹੱਤਵ ਨੂੰ ਉੱਤਰ-ਆਧੁਨਿਕ ਸਥਿਤੀ ਵਿਚ ਸਥਾਪਿਤ ਕਰਦੀ ਹੈ। ਭਗਤ ਬਾਣੀ ਨੂੰ ਸਾਹਿਤਿਕ ਮਾਪਦੰਡਾਂ ਤੇ ਪਰਖਣ ਲਈ ਭਗਤ ਬਾਣੀ ਦੀ ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਵਿਚਲੇ ਸਾਹਿਤ ਦੇ ਕਾਰਜਸ਼ੀਲ ਤੱਤਾਂ ਨੂੰ ਜਾਣਨ ਅਤੇ ਉਸ ਦੀ ਭਾਸ਼ਾਈ ਸਮਰੱਥਾ ਦੁਆਰਾ ਪੇਸ਼ ਅਨੇਕਤਾ, ਵਿਭਿੰਨਤਾ ਭਰਪੂਰ ਅਰਥਾਂ ਨੂੰ ਵੱਖ-ਵੱਖ ਜੁਗਤਾਂ ਅਲੰਕਾਰ, ਬਿੰਬ, ਰਸ ਅਤੇ ਪ੍ਰਤੀਕ ਵਿਧਾਨ ਦੁਆਰਾ ਪ੍ਰਗਟਾਓ ਨਜ਼ਰੀਏ ਤੋਂ ਮੁੱਲਾਕਣ ਕੀਤਾ ਗਿਆ ਹੈ। ਇਨ੍ਹਾਂ ਪ੍ਰਗਟਾਓ ਜੁਗਤਾਂ ਰਾਹੀਂ ਸਾਹਿਤ ਦੁਆਰਾ ਸਮਾਜ ਤੇ ਪੈਣ ਵਾਲੇ ਪ੍ਰਭਾਵਾਂ ਦਾ ਮੁੱਲਾਂਕਣ ਸਮੇਂ-ਸਮੇਂ ਤੇ ਸਾਹਿਤ ਦੇ ਵਿਦਵਾਨਾਂ ਦੁਆਰਾ ਕੀਤਾ ਜਾਂਦਾ ਰਿਹਾ ਹੈ। ਇਸ ਪਿੱਛੇ ਭਾਰਤੀ ਚਿੰਤਕਾਂ ਦੀ ਇੱਕ ਬਹੁਤ ਲੰਬੀ ਪਰੰਪਰਾ ਕਾਰਜਸ਼ੀਲ ਹੈ। ਇਹ ਕੋਈ ਇੱਕ ਸਮੇਂ ਤੇ ਪੈਦਾ ਹੋਈ ਪਰੰਪਰਾ ਨਹੀਂ ਸਗੋਂ ਚਿੰਤਨ ਦੇ ਵੱਖ-ਵੱਖ ਸਕੂਲਾਂ ਦੇ ਸੰਸਥਾਪਕਾਂ ਦੁਆਰਾ ਸਾਹਿਤ ਨੂੰ ਪਰਖਣ ਪੜਚੋਲਣ ਲਈ ਆਪਣੇ ਗਹਿਨ ਚਿੰਤਨ ਵਿਚੋਂ ਉਪਜੇ ਗਿਆਨ ਦੀ ਕਸਵੱਟੀ ਹੈ। ਇਸ ਦੁਆਰਾ ਨਿਰਧਾਰਿਤ ਭਾਸ਼ਾਈ ਆਧਾਰਾਂ ਉੱਪਰ ਭਗਤ ਬਾਣੀ ਨੂੰ ਪਰਖਣ ਦਾ ਯਤਨ ਕੀਤਾ ਗਿਆ ਹੈ। ਇਸ ਵਿਚਲੇ ਵੱਖ-ਵੱਖ ਸਾਹਿਤਿਕ ਗੁਣਾਂ ਦੀ ਪੜਚੋਲ ਤੋਂ ਨਿਮਨਲਿਖਤ ਨਤੀਜੇ ਪ੍ਰਾਪਤ ਹੋਏ ਹਨ।

ਭਗਤ ਬਾਣੀ ਅਧਿਆਤਮਕ ਜਗਤ ਦਾ ਮਹੱਤਵਪੂਰਨ ਦਸਤਾਵੇਜ਼ ਹੋਣ ਦੇ ਨਾਲ ਇਕ ਉੱਤਮ ਸਾਹਿਤਿਕ ਰਚਨਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਸਾਹਿਤ ਦੀ ਸਦੀਵਤਾ ਨਿਰਧਾਰਤ ਕਰਨ ਲਈ ਉਸ ਦਾ ਸਮਾਜ ਨੂੰ

ਸੇਧ ਦੇਣ ਦੀ ਸਮਰੱਥਾ ਭਰਪੂਰ ਹੋਣਾ ਮਹੱਤਵਪੂਰਨ ਹੈ। ਹੁਣ ਤੱਕ ਦੇ ਅਧਿਐਨ ਦੁਆਰਾ ਸਪੱਸ਼ਟ ਹੁੰਦਾ ਹੈ ਕਿ ਭਗਤ ਬਾਣੀ ਹਰ ਪੱਖ ਤੋਂ ਉੱਤਮ ਸਾਹਿਤਿਕ ਗੁਣਾ ਨਾਲ ਭਰਪੂਰ ਰਚਨਾ ਹੈ। ਇਸ ਵਿਚਲਾ ਗਿਆਨ ਭੰਡਾਰ ਬਹੁਅਰਥੀ ਪ੍ਰਕਿਰਤੀ ਦਾ ਹੋਣ ਕਾਰਨ ਕਿਸੇ ਵੀ ਯੁੱਗ ਸਥਿਤੀ ਵਿਚ ਆਪਣੇ ਨਵੀਨ ਅਰਥਾਂ ਦੁਆਰਾ ਮੁੱਲਵਾਨ ਪ੍ਰੇਰਣਾ ਦੇਣ ਦੇ ਸਮਰੱਥ ਹੈ। ਇਸ ਵਿਚਲੇ ਅਨੇਕਤਾ ਭਰਪੂਰ ਅਰਥ ਸੰਚਾਰ ਲਈ ਵਰਤੀਆਂ ਵੱਖ-ਵੱਖ ਭਾਸ਼ਾਈ ਜੁਗਤਾਂ ਅਤੇ ਗੁਣ ਇਸ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਇਕ ਉੱਤਮ ਕਿਰਤ ਸਿੱਧ ਕਰਦੇ ਹਨ। ਇਸ ਰਚਨਾ ਵਿਚਲੀ ਬਹੁਪਰਤੀ ਅਰਥ ਸਮਰੱਥਾ ਹੀ ਇਸ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਇਕ ਵਿਲੱਖਣ ਕਿਰਤ ਦੇ ਤੌਰ ਤੇ ਸਥਾਪਿਤ ਕਰਦੀ ਹੈ। ਭਾਰਤੀ ਚਿੰਤਨ ਦੇ ਵੱਖ-ਵੱਖ ਸਕੂਲਾਂ ਦੁਆਰਾ ਨਿਰਧਾਰਿਤ ਮਾਪਦੰਡਾਂ ਰਸ, ਅਲੰਕਾਰ, ਰੀਤੀ, ਆਦਿ ਗੁਣਾ ਦਾ ਭਰਪੂਰ ਪ੍ਰਯੋਗ ਅਤੇ ਉੱਤਰ-ਆਧੁਨਿਕ ਚਿੰਤਕਾਂ ਦੁਆਰਾ ਪ੍ਰਤੀਪਾਦਿਤ ਸਿਧਾਤਾਂ ਦੀ ਰੌਸ਼ਨੀ ਵਿਚਲੇ ਮਿਲਣ ਬਿੰਦੂ ਤੇ ਭਗਤ ਬਾਣੀ ਦੀ ਸਾਹਿਤਿਕ ਸਮਰੱਥਾ ਸਪੱਸ਼ਟ ਹੁੰਦੀ ਹੈ। ਇਸ ਦਾ ਕਾਰਨ ਭਗਤ ਕਵੀਆਂ ਦਾ ਸਮਾਜਿਕ ਅਨੁਭਵ ਅਤੇ ਉਸਦੀ ਪੇਸ਼ਕਾਰੀ ਦੇ ਢੰਗ ਵਿਚ ਨਿਹਿਤ ਹੈ। ਇਸ ਵਿਚਲੀ ਰਾਗਾਤਮਿਕਤਾ, ਸੰਗੀਤ ਦੁਆਰਾ ਮਨੁੱਖ ਲਈ ਗ੍ਰਹਿਣਸ਼ੀਲ ਹੋ ਕੇ ਆਪਣਾ ਪ੍ਰਭਾਵ ਸਿਰਜਦੀ ਹੈ। ਇਸ ਰਚਨਾ ਦੀ ਸਾਹਿਤਿਕ ਮਹੱਤਤਾ ਨੂੰ ਪਹਿਚਾਣਦਿਆਂ ਹੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਸੰਕਲਨ ਕੀਤਾ ਗਿਆ ਹੈ। ਨਿਰਸੰਦੇਹ ਇਹ ਰਚਨਾ ਸਿਰਫ਼ ਮੱਧਕਾਲੀ ਪੰਜਾਬੀ ਸਾਹਿਤ ਨਾਲ ਸਬੰਧਿਤ ਹੋਣ ਕਰਕੇ ਹੀ ਸ਼ਾਹਕਾਰ ਨਹੀਂ ਬਣਦੀ, ਸਗੋਂ ਇਸ ਦੀ ਭਾਸ਼ਾ ਅਤੇ ਅਰਥ ਸੰਚਾਰ ਦੀਆਂ ਬਹੁਪਰਤੀ ਵਿਸ਼ੇਸ਼ਤਾਵਾਂ ਇਸ ਨੂੰ ਇਕ ਵੱਡਮੁਲੀ ਅਤੇ ਵਿਲੱਖਣ ਸਾਹਿਤਿਕ ਕਿਰਤ ਬਣਾਉਂਦੀਆਂ ਹਨ। ਇਸ ਵਿਚਲੇ ਸਾਹਿਤਿਕ ਗੁਣ ਹਰ ਯੁੱਗ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਖੇਤਰਾਂ ਵਿਚ ਇਸ ਦੀ ਮਹੱਤਤਾ ਸਿੱਧ ਕਰਦੇ ਹਨ।

ਭਗਤ ਬਾਣੀ ਨੂੰ ਵੱਖ-ਵੱਖ ਸਾਹਿਤਿਕ ਗੁਣਾ ਵਾਲੀਆਂ ਕਸਵੱਟੀਆਂ ਵਿਚੋਂ ਭਾਸ਼ਾ/ਸ਼ਬਦਾਵਲੀ ਦੇ ਪੱਧਰ ਤੇ ਵੇਖਦਿਆਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਭਗਤ ਬਾਣੀ ਵਿਵਿਧ ਭਾਸ਼ਾਵਾਂ ਦਾ ਮਿਸ਼ਰਣ ਦੁਆਰਾ ਆਪਣਾ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਵਿਚ ਪ੍ਰਚੱਲਿਤ ਲੋਕ ਭਾਸ਼ਾਵਾਂ ਦੇ ਸ਼ਬਦਾਂ ਦੀ ਭਰਮਾਰ ਹੈ। ਭਗਤ ਕਵੀ ਭਾਰਤ ਦੇ

ਵੱਖ-ਵੱਖ ਇਲਾਕਿਆਂ ਨਾਲ ਸਬੰਧਿਤ ਹਨ। ਇਸ ਲਈ ਇਹ ਰਚਨਾ ਭਾਰਤ ਵਿਚ ਪ੍ਰਚੱਲਿਤ ਲੋਕ ਭਾਸ਼ਾਵਾਂ ਦਾ ਗੁਲਦਸਤਾ ਹੈ। ਇਸ ਵਿਚ ਭਾਸ਼ਾ ਦੀ ਮਿਠਾਸ ਦੇ ਨਾਲ-ਨਾਲ ਭਾਵਾਂ ਦੀ ਰਵਾਨਗੀ ਵੀ ਹੈ। ਆਪਣੀ ਗੱਲ ਨੂੰ ਕਹਿਣ ਲਈ ਭਗਤ ਕਵੀਆਂ ਨੇ ਵਿਅੰਗਾਤਮਕ ਭਾਸ਼ਾ ਦਾ ਪ੍ਰਯੋਗ ਵੀ ਕੀਤਾ ਹੈ। ਇਸ ਵਿਚ ਯੋਗੀਆਂ, ਸੰਨਿਆਸੀਆਂ ਅਤੇ ਸਮਾਜ ਦੇ ਹਰ ਵਰਗ ਨਾਲ ਸਬੰਧਿਤ ਸ਼ਬਦਾਵਲੀ ਦੀ ਵਰਤੋਂ ਵਿਆਪਕ ਮਾਤਰਾ ਵਿਚ ਮਿਲਦੀ ਹੈ। ਭਗਤ ਬਾਣੀ ਵਿਚ ਕਲਾਤਮਿਕ ਭਾਸ਼ਾ ਦੇ ਮਾਧਿਅਮ ਦੁਆਰਾ ਸ਼ਬਦ ਸ਼ਕਤੀਆਂ ; ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਦਾ ਭਰਪੂਰ ਪ੍ਰਯੋਗ ਹੋਇਆ ਹੈ। ਅਰਬੀ ਫ਼ਾਰਸੀ ਅਤੇ ਇਤਿਹਾਸ ਮਿਥਿਹਾਸ ਨਾਲ ਸਬੰਧਿਤ ਸ਼ਬਦਾਵਲੀ ਦਾ ਵੀ ਪ੍ਰਯੋਗ ਕੀਤਾ ਮਿਲਦਾ ਹੈ। ਪੌਰਾਣਿਕ ਹਵਾਲੇ, ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਦਾ ਮੁਹਾਵਰੇਦਾਰ ਲਹਿਜ਼ਾ ਭਗਤ ਬਾਣੀ ਦਾ ਮਹੱਤਵ ਸਿੱਧ ਕਰਦਾ ਹੈ। ਇਸ ਦੇ ਨਾਲ ਹੀ ਇਸ ਰਚਨਾ ਦੀ ਵਿਲੱਖਣਤਾ ਇਸ ਵਿਚ ਹੈ ਕਿ ਇਸ ਦੀ ਸ਼ਬਦਾਵਲੀ ਸਮਾਜ ਵਿਚਲੀ ਸਾਧਾਰਨਤਾ ਅਤੇ ਭਗਤ ਕਵੀਆਂ ਦੇ ਕਿੱਤੇ ਵਿਚਲੇ ਪ੍ਰਤੀਕਾਂ ਦੁਆਰਾ ਆਪਣੀ ਗੱਲ ਕਹਿੰਦੀ ਹੈ। ਭਗਤ ਬਾਣੀ ਸਨਾਤਨੀ ਸ਼ਬਦਾਵਲੀ ਤੋਂ ਲੈ ਕੇ ਆਮ ਲੋਕ ਭਾਸ਼ਾਵਾਂ ਦਾ ਗੁਲਦਸਤਾ ਹੈ। ਇਹ ਰਚਨਾ ਬਹੁਰੰਗੀ ਭਾਸ਼ਾ ਦਾ ਮੁਜੱਸਮਾ ਹੋਣ ਦੇ ਨਾਲ ਆਪਣੀ ਸਥਾਨਕਤਾ ਦਾ ਪੱਲਾ ਨਹੀਂ ਛੱਡਦੀ ਜੋ ਇਸ ਦੇ ਉੱਤਰ-ਆਧੁਨਿਕ ਪਰਿਪੇਖ ਦੀ ਨਿਸ਼ਾਨਦੇਹੀ ਕਰਦੀ ਹੈ। ਭਗਤ ਬਾਣੀ ਛੋਟੇ ਕਾਵਿ ਰੂਪਾਂ ਜਿਨ੍ਹਾਂ ਵਿਚ ਸ਼ਲੋਕ, ਅਸ਼ਟਪਦੀ, ਥਿਤੀ, ਵਾਰ, ਬਾਵਨ ਅੱਖਰੀ ਆਦਿ ਨੂੰ ਆਪਣਾ ਮਾਧਿਅਮ ਬਣਾਉਂਦੀ ਹੈ। ਇਹ ਰਚਨਾ ਛੰਦ ਯੁਕਤ ਕਾਵਿ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਜਿਸ ਵਿਚ ਅਲੰਕਾਰ ਜਿਨ੍ਹਾਂ ਵਿਚ ਉਪਮਾ, ਰੂਪਕ, ਦ੍ਰਿਸ਼ਟਾਂਤ, ਲੋਕੋਕਤੀ, ਅਸੰਭਵ, ਵਿਰੋਧਾਭਾਸ, ਅਤਿਕਥਨੀ, ਵਿਸ਼ੇਸ਼ੋਕਤੀ, ਕਰਣਮਾਲਾ, ਅਨੁਪ੍ਰਾਸ, ਆਵ੍ਰਿਤਕ ਦੀਪਕ, ਪ੍ਰਸ਼ਨੋਤਰੀ ਅਲੰਕਾਰ ਵਰਤੇ ਹਨ। ਭਾਸ਼ਾਈ ਵਿਚਿੱਤਰਤਾ ਦੇ ਮਾਧਿਅਮ ਦੁਆਰਾ ਰਸ ਦੀ ਉੱਤਪਤੀ ਕਰਕੇ ਪਾਠਕ ਦੇ ਭਾਵਾਂ ਨੂੰ ਜਾਗ੍ਰਿਤ ਕਰਨ ਦਾ ਕਾਰਜ ਇਸ ਰਚਨਾ ਦੀ ਵਿਸ਼ੇਸ਼ਤਾ ਹੈ। ਭਗਤ ਬਾਣੀ ਵਿਚ ਸ਼ਿੰਗਾਰ ਰਸ (ਸੰਯੋਗ ਅਤੇ ਵਿਯੋਗ) ਦੀ ਵਰਤੋਂ ਮਿਲਦੀ ਹੈ। ਇਸ ਤੋਂ ਬਿਨਾ ਹਾਸਰਸ, ਵੀਰ ਰਸ, ਅਦੁਭੁੱਤ ਰਸ, ਕਰੁਣਾ ਰਸ, ਭਿਆਨਕ ਰਸ, ਸ਼ਾਂਤ ਰਸ ਵੀ ਮਿਲਦੇ ਹਨ। ਇਸ ਤੋਂ ਇਲਾਵਾ ਰਾਗ, ਪ੍ਰਤੀਕ, ਬਿੰਬ (ਰੂਪ ਬਿੰਬ, ਸਪਰਸ਼ ਬਿੰਬ, ਗੰਧ ਬਿੰਬ, ਸ਼ਬਦ ਬਿੰਬ, ਨਾਦ

ਬਿੰਬ) ਆਦਿਕ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਇਸ ਰਚਨਾ ਅੰਦਰ ਵੱਖ-ਵੱਖ ਗੁਣਾਂ ਜਿਵੇਂ ਵਿਚਾਰ, ਸਪੱਸ਼ਟਤਾ, ਸੁਭਾਵਿਕਤਾ, ਸੰਜਮ, ਸੁੰਦਰਤਾ, ਲੈਅ, ਮੌਲਿਕਤਾ ਅਤੇ ਦੂਰਦਰਸ਼ਤਾ ਦੇ ਦਰਸ਼ਨ ਹੁੰਦੇ ਹਨ। ਭਗਤ ਕਵੀਆਂ ਦੁਆਰਾ ਆਪਣੇ ਅਨੁਭਵ ਨੂੰ ਸਹਿਜਤਾ, ਸੁਭਾਵਕਤਾ, ਮਿੱਠੀ ਬੋਲੀ, ਸੰਗੀਤ, ਤਾਲ, ਲੈਅ ਵਿਚ ਗੜੂੰਦ ਕਰਕੇ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਹ ਰਚਨਾ ਮੱਧਕਾਲੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਬੰਧਾਂ ਨੂੰ ਆਪਣੇ ਅਨੁਭਵ ਕਸੌਟੀ ਦੇ ਆਧਾਰ ਤੇ ਨਿਰਖਦੀ ਹੈ। ਮਨੁੱਖੀ ਵਿਕਾਸ ਦੇ ਹਰ ਇਕ ਕਾਲ ਵਿਚ ਪ੍ਰਚੱਲਿਤ ਵਰਤਾਰਿਆਂ ਪ੍ਰਤੀ ਵੀ ਇਸ ਵਿਚੋਂ ਵਿਲੱਖਣ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਣੀ ਦੀ ਸਾਹਿਤਿਕ ਭੂਮਿਕਾ ਉਸ ਵਿਚਲੇ ਵਿਲੱਖਣ ਤੱਤਾਂ ਕਰਕੇ ਸਾਹਮਣੇ ਆਉਂਦੀ ਹੈ। ਭਗਤ ਬਾਣੀ ਵਿਚਲਾ ਗਿਆਨ ਪ੍ਰਬੰਧ ਇਕ ਅਜਿਹੀ ਸੋਚ ਦਾ ਸੰਚਾਰ ਕਰਦਾ ਹੈ, ਜਿਸ ਦੁਆਰਾ ਅਨਿਸ਼ਚਿਤਤਾ, ਗੈਰ-ਤਰਤੀਬਬੱਧਤਾ, ਖੰਡਿਤਤਾ, ਅਸਪਸ਼ਟਤਾ, ਆਪਹੁਦਰਾਪਣ, ਅਕੇਂਦਰਤਾ ਆਦਿ ਦਾ ਦਾਇਰਿਆਂ ਤੋਂ ਪਾਰਗਾਮੀ ਹੋਇਆ ਜਾ ਸਕਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਸਾਹਿਤਿਕ ਸਿਧਾਤਾਂ ਦੀ ਅਨੁਸਾਰੀ ਹੀ ਨਹੀਂ ਸਗੋਂ ਬਹੁਅਰਥੀ ਸਮਰੱਥਾ ਦੁਆਰਾ ਪਾਰਗਾਮੀ ਸਥਿਤੀ ਦੀ ਲਖਾਇਕ ਹੈ। ਇਸ ਪ੍ਰਕਾਰ ਇਹ ਰਚਨਾ ਉੱਤਰ-ਆਧੁਨਿਕਤਾ ਦੇ ਕੇਵਲ ਅਨੁਸਾਰੀ ਹੋ ਕੇ ਹੀ ਸੇਧ ਨਹੀਂ ਦਿੰਦੀ, ਬਲਕਿ ਉਸ ਵਿਚਲੀਆਂ ਵਿਸੰਗਤੀਆਂ ਨਾਲ ਸੰਵਾਦ ਵੀ ਰਚਾਉਂਦੀ ਹੈ। ਇਸ ਪ੍ਰਕਾਰ ਇਹ ਰਚਨਾ ਸਮੇ ਅਤੇ ਸਥਾਨ ਤੋਂ ਪਾਰਗਾਮੀ ਹੁੰਦੀ ਹੋਈ ਸਰਬ ਕਾਲੀ ਸਾਹਿਤਿਕ ਚਿੰਤਨ ਨਾਲ ਸੰਵਾਦਮੁੱਖ ਬਿਰਤੀ ਦੀ ਧਾਰਨੀ ਹੁੰਦੀ ਹੋਈ ਆਪਣੀ ਸਾਹਿਤਿਕ ਵਿਲੱਖਣਤਾ ਪ੍ਰਗਟਾਉਂਦੀ ਹੈ।

ਉੱਤਰ-ਆਧੁਨਿਕ ਸਥਿਤੀ ਵਿਚ ਭਗਤ ਬਾਣੀ ਆਪਣੀ ਵਿਲੱਖਣ ਭਾਸ਼ਾਈ ਸਮਰੱਥਾ ਅਤੇ ਅਰਥਾਂ ਦੀ ਵਿਭਿੰਨਤਾ ਦੁਆਰਾ ਮਨੁੱਖਤਾ ਲਈ ਕਲਿਆਣਕਾਰੀ ਹੋ ਨਿੱਬੜਦੀ ਹੈ। ਰੋਲਾਂ ਬਾਰਥ ਅਨੁਸਾਰ ਪਾਠ ਬਹੁਅਰਥੀ ਆਯਾਮਾਂ ਦਾ ਧਾਰਨੀ ਹੁੰਦਾ ਹੈ। ਇਹ ਅਰਥ ਵਿਭਿੰਨਤਾ ਹੀ ਭਗਤ ਬਾਣੀ ਨੂੰ ਵਿਲੱਖਣ ਬਣਾਉਂਦੀ ਹੈ। ਦੈਰਿਦਾ ਦਾ ਵਿਰਚਨਾਵਾਦ ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਪਾਠ ਦੇ ਨਿਰਧਾਰਿਤ ਅਰਥਾਂ ਨੂੰ ਵਿਸਥਾਪਿਤ ਕਰਨ ਦੇ ਨਾਲ ਹੀ ਉਸਦੇ ਅਦੁੱਤੀ ਅਰਥਾਂ ਦੇ ਅਦੁੱਤੀ ਪਣ ਨੂੰ ਖੰਡਿਤ ਵੀ ਕੀਤਾ ਜਾ ਸਕਦਾ ਹੈ। ਅਰਥ ਹਮੇਸ਼ਾ ਹੀ ਅਨਿਸ਼ਚਿਤਤਾ

ਦੇ ਸ਼ਿਕਾਰ ਹੁੰਦੇ ਹਨ। ਇਸੇ ਭਿੰਨਤਾ ਕਾਰਨ ਅਰਥ ਸਿਰਜਣਾ ਜਾਰੀ ਰਹਿੰਦੀ ਹੈ ਅਤੇ ਹਾਜ਼ਰ ਤੱਤਾਂ ਦੇ ਨਾਲ ਹੀ ਅਣਦਿੱਸਦੇ ਤੱਤਾਂ ਦੁਆਰਾ ਭਿੰਨਤਾ ਸਥਾਪਿਤ ਹੁੰਦੀ ਹੈ ਅਤੇ ਭਾਸ਼ਾ ਦੇ ਪ੍ਰਭਾਵਕਾਰੀ ਤੱਤਾਂ ਵਿਚ ਵੀ ਖ਼ਾਲੀ ਥਾਂ ਹੁੰਦੀ ਹੈ ਜੋ ਕਿ ਅਰਥ ਦੀ ਭਿੰਨਤਾ ਦੀ ਪ੍ਰਕਿਰਿਆ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਭਗਤ ਬਾਣੀ ਵਿਚ ਅਰਥ ਪੱਧਰ ਤੇ ਭਿੰਨਤਾ ਦਾ ਪ੍ਰਗਟਾਵਾ ਮਿਲਦਾ ਹੈ। ਨਿਰਸੰਦੇਹ ਇਹ ਸਾਹਿਤ ਦੀ ਅਜਿਹੀ ਵੰਨਗੀ ਕਹੀ ਜਾ ਸਕਦੀ ਹੈ ਜੋ ਹਰ ਯੁੱਗ ਸਥਿਤੀ ਵਿਚ ਕਲਿਆਣਕਾਰੀ ਸਾਬਤ ਹੁੰਦੀ ਹੈ। ਸਾਹਿਤ ਦਾ ਅੰਤਿਮ ਮਨੋਰਥ ਹੀ ਕਲਿਆਣਕਾਰੀ ਸਮਾਜ ਦੀ ਸਿਰਜਣਾ ਹੈ, ਜਿਸ ਨੂੰ ਭਗਤ ਬਾਣੀ ਸੁਹਜਮਈ ਢੰਗ ਨਾਲ ਸਾਕਾਰ ਕਰਦੀ ਪ੍ਰਤੀਤ ਹੁੰਦੀ ਹੈ। ਉੱਤਰ-ਆਧੁਨਿਕ ਸਥਿਤੀ ਵਿਚ ਸਾਹਿਤ ਕੇਂਦਰ ਦੀ ਥਾਂ ਵਿਕੇਂਦਰਤਾ, ਮਹਾਂਬਿਰਤਾਂਤ ਦੀ ਥਾਂ ਅਲਪਬਿਰਤਾਂਤ, ਇਕਰੂਪਤਾ ਦੀ ਥਾਂ ਵਿਭਿੰਨਤਾ ਅਤੇ ਨਿਰਪੇਖ ਸੱਚ ਦੀ ਜਗ੍ਹਾ ਸਾਪੇਖ ਸੱਚ ਨੂੰ ਪੇਸ਼ ਕਰਦਾ ਹੈ। ਇਹ ਜੀਵਨ ਮੁੱਲਾਂ ਨੂੰ ਮਨੁੱਖੀ ਚੇਤਨਾ ਦੀ ਥਾਂ ਯਥਾਰਥ ਵਿਚ ਪਏ ਹੋਏ ਮੰਨਦਾ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਮਨੁੱਖ ਦੇ ਕਲਾ ਅਤੇ ਸਾਹਿਤ ਪ੍ਰਤੀ ਸਥਾਈ ਭਾਵਾਂ ਵਿਚ ਸੰਗੀਤਮਈ ਰਾਗਾਤਮਿਕਤਾ, ਸੁਹਜਮਈ ਵਰਣਨ, ਗਿਆਨਮਈ ਸਾਹਿਤ ਆਦਿ ਪ੍ਰਭਾਵ ਸਿਰਜਦੇ ਹਨ। ਭਗਤ ਬਾਣੀ ਵਿਚਲੀ ਸੰਗੀਤਮਈ ਰਾਗਾਤਮਿਕਤਾ, ਸਾਹਿਤਕ ਸੁਹਜ ਅਤੇ ਗਿਆਨ ਉੱਤਰ-ਆਧੁਨਿਕ ਪਰਿਪੇਖ ਵਿਚ ਮਨੁੱਖਤਾ ਲਈ ਗ੍ਰਹਿਣਸ਼ੀਲ ਹੈ। ਬਹੁਰੰਗੀ ਭਾਸ਼ਾ ਦੁਆਰਾ ਭਗਤ ਕਵੀ ਆਪਣੀ ਗੱਲ ਵਿਲੱਖਣ ਢੰਗ ਨਾਲ ਸੰਚਾਰਿਤ ਕਰਦੇ ਹਨ। ਉੱਤਰ-ਆਧੁਨਿਕਤਾ ਅਨੁਸਾਰ ਕਾਵਿ ਰਚਨਾਵਾਂ ਅੰਦਰ ਅਨੇਕ ਅਧੂਰੀਆਂ ਲਾਈਨਾਂ ਹੁੰਦੀਆਂ ਹਨ ਜੋ ਪਾਠਕ ਨੇ ਆਪਣੀ ਕਲਪਨਾ, ਸਮਝ ਅਤੇ ਅਨੁਭਵ ਦੇ ਆਧਾਰ ਤੇ ਸਮਝਣੀਆਂ ਹੁੰਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਅਰਥ ਦੀ ਉੱਤਪਤੀ ਭਿੰਨਤਾ ਤੋਂ ਹੋਣ ਕਾਰਨ ਇਸ ਗ੍ਰਹਿਣਸ਼ੀਲਤਾ ਅੰਤਹੀਣ ਹੈ ਜਿਸ ਦੀ ਅੰਤਿਮ ਵਿਆਖਿਆ ਪੇਸ਼ ਕਰਨੀ ਸੰਭਵ ਨਹੀਂ ਹੈ। ਉੱਤਰ-ਆਧੁਨਿਕ ਚਿੰਤਨ ਅਨੁਸਾਰ ਲੁਪਤ ਅਰਥ ਵੀ ਮਹੱਤਵਪੂਰਨ ਹੈ ਜਿਸ ਨੂੰ ਸ਼ਕਤੀ ਭਾਵ ਸੱਤਾ ਵਿਵਸਥਾ ਨੇ ਬੇਦਖ਼ਲ ਕਰ ਦਿੱਤਾ ਹੈ। ਭਗਤ ਬਾਣੀ ਵਿਦਰੋਹੀ ਸੁਭਾਅ ਰੱਖਦੀ ਹੈ ਅਤੇ ਸਿਧਾਂਤਕ ਉਚਿੱਤਤਾ ਲਈ ਬਹੁਲਤਾ ਭਰਪੂਰ ਅਰਥਾਂ ਨੂੰ ਸਿਰਜਣਾਤਮਿਕਤਾ ਦੇ ਫੈਲਾਓ ਦੁਆਰਾ ਪਾਠ ਦੇ ਪਿਛੋਕੜਾਂ ਨੂੰ ਖੋਲ੍ਹਣ ਦਾ ਕਾਰਜ ਕਰਦੀ ਹੈ। ਇਸ ਦੀ

ਭਾਸ਼ਾ ਸਮਰੱਥਾ ਨਾਲ ਵਿਭਿੰਨ ਪਰਿਪੇਖਾਂ ਵਿਚ ਵਿਲੱਖਣ ਅਰਥ ਸੰਸਾਰ ਸਿਰਜਿਆ ਜਾਂਦਾ ਹੈ ਜਿਸ ਵਿਚ ਪਾਠਕ ਨੂੰ ਸੰਤੁਲਿਤ ਅਰਥ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾ ਅਸੀਂ ਸਮਝ ਸਕਦੇ ਹਾਂ ਕਿ ਭਗਤ ਬਾਣੀ ਉੱਤਰ-ਆਧੁਨਿਕ ਪਰਿਪੇਖ ਵਿਚ ਭਾਸ਼ਾਈ ਸਮਰੱਥਾ ਦੁਆਰਾ ਬਹੁਪਰਤੀ, ਬਹੁਅਰਥੀ ਵਿਲੱਖਣ ਅਰਥ ਸੰਭਾਵਨਾਵਾਂ ਵਾਲੀ ਰਚਨਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਭਾਸ਼ਾਈ ਖ਼ੂਬਸੂਰਤੀ ਦੁਆਰਾ ਭਗਤ ਕਵੀਆਂ ਨੇ ਬਹੁਅਰਥੀ ਅਤੇ ਬਹੁਪਰਤੀ ਅਰਥ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ। ਉੱਤਰ-ਆਧੁਨਿਕਤਾਵਾਦੀ ਸਿਧਾਂਤ ਚੇਤਨਾ ਅਤੇ ਸਿਧਾਂਤ ਚਿੰਤਨ ਦੀਆਂ ਤਿੰਨ ਮੁੱਖ ਦਿਸ਼ਾਵਾਂ ਆਧੁਨਿਕਤਾਵਾਦੀ ਸਮਾਜਿਕ, ਆਰਥਿਕ, ਨਸਲੀ, ਵਸਤੂ-ਵਟਾਂਦਰੇ ਅਤੇ ਅੰਤਰ-ਰਾਸ਼ਟਰੀਵਾਦ ਵਿਚ ਸਰਗਰਮ ਸਭਿਆਚਾਰਕ ਸਮਾਜਵਾਦ ਦੀ ਨਿਆਂਇਸ਼ੀਲਤਾ ਦੇ ਵਿਰੁੱਧ ਸਭਿਆਚਾਰਕ ਵਿਭਿੰਨਤਾਵਾਂ ਦੇ ਵਿਜਾਤੀ ਤਰਕ-ਵਿਧਾਨ ਨਾਲ ਸੰਗਠਿਤ ਵਿਆਖਿਆ-ਸ਼ਾਸਤਰ ਦੀ ਉਸਾਰੀ ਦੂਜਾ ਸਮਕਾਲੀਨ ਵਿਕਸਤ ਸਮਾਜਾਂ ਵਿਚ ਪੈਦਾ ਹੋਈਆਂ ਸਮਾਜਿਕ ਹਾਲਤਾਂ, ਪਰਵਾਸੀ ਲੋਕਾਂ ਦੀ ਭੂਮਿਕਾ ਅਤੇ ਮੌਜੂਦਗੀ ਦੇ ਤਰਕ ਦੀ ਨਿਆਂਇਸ਼ੀਲਤਾ ਅਨੁਸਾਰ ਸਿਧਾਂਤਕ ਚੌਖਟੇ ਸਿਰਜਣੇ ਜਿਨ੍ਹਾਂ ਦੇ ਆਧਾਰ ਤੇ ਇਹਨਾਂ ਸਮਾਜਾਂ ਵਿਚ ਹਰ ਵਰਗ ਦੇ ਲੋਕਾਂ ਦੀ ਭਾਗੀਦਾਰੀ ਸਮਾਨਤਾ ਦੇ ਅਸੂਲ ਮੁਤਾਬਿਕ ਨਿਰਧਾਰਿਤ ਕੀਤੀ ਜਾ ਸਕੇ। ਇਸ ਦੇ ਆਧਾਰ ਤੇ ਹੀ ਸਮਕਾਲੀ ਮਾਨਵੀ ਪ੍ਰਵਚਨਾਂ ਵਿਚ ਅਜਿਹੇ ਮਾਨਵੀ ਅਸਤਿਤਵ ਦੇ ਨਵੇਂ ਸਰੋਕਾਰ ਸ਼ਾਮਲ ਹਨ, ਜੋ ਸਭਿਆਚਾਰਾਂ ਵਿਚ ਬਹੁ-ਸੁਰੇਪਣ ਨੂੰ ਨਕਾਰਨ ਦੀ ਥਾਂ ਉਸ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੇ ਹਨ। ਤੀਜੀ, ਉਹਨਾ ਮਾਨਵੀ ਪ੍ਰਵਚਨਾਂ ਦੀ ਵਿਸ਼ਲੇਸ਼ਣ ਵਿਧੀ ਤਿਆਰ ਕਰਨਾ, ਜੋ ਭਿੰਨ-ਭਿੰਨ ਇਤਿਹਾਸਕ ਕਾਰਨਾਂ ਦੇ ਫਲਸਰੂਪ ਬਹੁ ਵਾਦੀ ਸੁਭਾਅ ਦੇ ਧਾਰਨੀ ਹਨ ਅਤੇ ਭਿੰਨ-ਭਿੰਨ ਸਮਿਆਂ ਵਿਚ ਆਪਣੀ ਸਭਿਆਚਾਰਕ ਹੋਂਦ ਦੇ ਸਮਾਨੰਤਰ ਬਹੁ-ਸੁਰੇ ਚਰਿੱਤਰ ਵਾਲੇ ਮਾਨਵੀ ਪ੍ਰਵਚਨ ਦਾ ਨਿਰਮਾਣ ਕਰਦੇ ਹਨ। ਉਪਰੋਕਤ ਦਿਸ਼ਾਵਾਂ ਦੇ ਆਧਾਰਾਂ ਤੇ ਪਰਖਿਆਂ ਭਗਤ ਬਾਣੀ ਆਪਣੀ ਭਾਸ਼ਾਈ ਸਮਰੱਥਾ ਨਾਲ ਬਹੁਸੁਰੇ ਪ੍ਰਵਚਨ ਦੁਆਰਾ ਅਮੀਰ ਸਾਹਿਤਿਕ ਵਿਰਾਸਤ ਦੇ ਰੂਪ ਵਿਚ ਮਨੁੱਖਤਾ ਦੇ ਸਨਮੁੱਖ ਹੁੰਦੀ ਹੋਈ ਆਪਣਾ ਮਹੱਤਵ ਸਥਾਪਿਤ ਕਰਦੀ ਹੈ।

# ਸਾਰ ਅਤੇ ਸਥਾਪਨਾਵਾਂ

## ਸਾਰ ਅਤੇ ਸਥਾਪਨਾਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਚਿੰਤਨ ਦੀ ਸਾਹਿਤਿਕ ਅਤੇ ਸੱਭਿਆਚਾਰਕ ਵਿਰਾਸਤ ਦੀ ਗੌਰਵਮਈ ਧਰੋਹਰ ਹਨ। ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਕ ਅਜਿਹੀ ਪਰੰਪਰਾ ਹੋਂਦ ਵਿਚ ਆਈ, ਜਿਸ ਨੇ ਸਮੁੱਚੀ ਮਨੁੱਖਤਾ ਲਈ ਜੀਵਨ ਮੁਕਤੀ ਦਾ ਰਾਹ ਪੱਧਰਾ ਕੀਤਾ। ਇਸ ਪਰੰਪਰਾ ਨੇ ਭਾਰਤ ਦੇ ਵੱਖ-ਵੱਖ ਕੋਨਿਆਂ ਵਿਚੋਂ ਅਲੱਗ-ਅਲੱਗ ਜਾਤਾਂ ਦੇ ਸੰਤਾਂ-ਭਗਤਾਂ ਦੀ ਵਿਚਾਰਧਾਰਾ ਨੂੰ ਇਕ ਸੂਤਰ ਵਿਚ ਪਿਰੋ ਦਿੱਤਾ। ਇਸ ਖ਼ੂਬਸੂਰਤ ਚਿੰਤਨ ਪਰੰਪਰਾ ਦੇ ਸੂਤਰਧਾਰ ਗੁਰੂ ਨਾਨਕ ਦੇਵ ਜੀ ਨੇ ਦੂਰ-ਦੁਰਾਡੇ ਸਥਾਨਾਂ ਤੇ ਜਾ ਕੇ ਅਲੱਗ-ਅਲੱਗ ਪਰੰਪਰਾਵਾਂ ਦੇ ਸੰਤਾਂ ਭਗਤਾਂ ਦੀਆਂ ਰਚਨਾਵਾਂ ਨੂੰ ਇਕੱਤਰ ਕੀਤਾ। ਇਸ ਸੰਗ੍ਰਹਿ ਨੂੰ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿਚ ਆਦਿ ਗ੍ਰੰਥ ਵਿਚ ਸੰਪਾਦਿਤ ਕਰਕੇ ਇਸ ਦੀ ਮਹਾਨਤਾ ਨੂੰ ਸਦੀਵੀ ਕਰ ਦਿੱਤਾ। ਇਸ ਗਿਆਨ ਦੇ ਵਿਸ਼ਾਲ ਸਰੋਤ ਵਿਚੋਂ ਅੱਜ ਵੀ ਹਰ ਚਿੰਤਨਸ਼ੀਲ ਮਨੁੱਖ ਸੇਧ ਪ੍ਰਾਪਤ ਕਰ ਸਕਦਾ ਹੈ। ਇਹ ਲਗਭਗ 500 ਸਾਲਾਂ (12ਵੀਂ ਤੋਂ 17ਵੀਂ ਸਦੀ) ਦੀ ਇਕ ਪ੍ਰਮਾਣਿਕ ਅਤੇ ਮਹੱਤਵਪੂਰਨ ਰਚਨਾ ਹੈ। ਇਸ 1430 ਪੰਨਿਆਂ ਦੀ ਵੱਡ-ਆਕਾਰੀ ਰਚਨਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰੂ ਪਰੰਪਰਾ ਵਿਚੋਂ 6 ਗੁਰੂ ਕਵੀਆਂ, 15 ਭਗਤ ਕਵੀਆਂ, 11 ਭੱਟ ਕਵੀਆਂ ਅਤੇ 4 ਗੁਰੂ ਘਰ ਦੇ ਨਿਕਟਵਰਤੀ ਸ਼ਰਧਾਲੂਆਂ ਦੀ ਰਚਨਾ ਦਰਜ ਹੈ। ਇਸ ਗ੍ਰੰਥ ਵਿਚ ਦਰਜ ਭਾਰਤ ਦੇ ਵੱਖ-ਵੱਖ ਹਿੱਸਿਆਂ ਨਾਲ ਸਬੰਧਿਤ 15 ਭਗਤ ਕਵੀਆਂ ਦੀ ਰਚਨਾ ਭਗਤ ਬਾਣੀ ਦੇ ਨਾਮ ਨਾਲ ਜਾਣੀ ਜਾਂਦੀ ਹੈ। ਗੁਰਮਤਿ ਵਿਚਾਰਧਾਰਾ ਦੇ ਪਾਂਧੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ' ਸਭੇ ਸਾਂਝੀਵਾਲ ਸਦਾਇਨ ' ਵਾਲਾ ਹੋਣ ਕਾਰਨ ਸਰਵ-ਧਰਮ-ਸਦਭਾਵ ਵਾਲਾ ਹੈ। ਇਸ ਲਈ ਆਪ ਜੀ ਨੇ ਇਹ ਰਚਨਾ ਆਪਣੇ ਜੀਵਨ ਕਾਲ ਵਿਚ ਹੀ ਅਲੱਗ-ਅਲੱਗ ਭਗਤ ਕਵੀਆਂ ਜਾਂ ਉਨ੍ਹਾਂ ਦੇ ਉੱਤਰ-ਅਧਿਕਾਰੀਆਂ ਤੋਂ ਪ੍ਰਾਪਤ ਕਰ ਲਈ ਸੀ। ਉਹੀ ਰਚਨਾ ਪੀੜ੍ਹੀ ਦਰ ਪੀੜ੍ਹੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ। ਇਹ ਭਗਤ ਕਵੀ ਭਾਰਤ ਦੇ ਅਲੱਗ-ਅਲੱਗ ਖੇਤਰਾਂ, ਧਰਮਾਂ ਅਤੇ ਸੰਪਰਦਾਵਾਂ ਨਾਲ ਸਬੰਧਿਤ ਹਨ। ਇਸ ਗ੍ਰੰਥ ਦੀ ਇਹ ਵਿਸ਼ੇਸ਼ਤਾ ਹੀ ਕਹੀ ਜਾ ਸਕਦੀ ਹੈ ਕਿ ਬੇਸ਼ੱਕ ਇਸ ਦੀ ਸੰਪਾਦਨਾ ਦਾ ਸਮਾ 16ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦਾ ਹੈ, ਪ੍ਰੰਤੂ ਇਸ ਵਿਚ ਸੰਕਲਿਤ ਰਚਨਾ 12ਵੀਂ ਸਦੀ

ਤੋਂ ਲੈ ਕੇ 17ਵੀਂ ਸਦੀ ਤੱਕ ਦੇ ਕਾਲ ਖੰਡ ਤੱਕ ਫੈਲੀ ਹੋਈ ਹੈ। ਭਾਰਤ ਦੇ ਪੰਜ ਸਦੀਆਂ ਦੇ ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਸਮਾਜਕ ਜੀਵਨ ਦੀ ਸੰਪੂਰਨ ਝਲਕ ਇਸ ਰਚਨਾ ਵਿਚ ਵੇਖੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਮੱਧਕਾਲ ਵਿਚ ਹੋਈ ਹੈ, ਪਰ ਇਸਦੇ ਕ੍ਰਾਂਤੀਕਾਰੀ ਪ੍ਰਵਚਨ ਵਿਚ ਅਨੇਕਾਂ ਅੰਤਰ ਦ੍ਰਿਸ਼ਟੀਆਂ ਅਜਿਹੀਆਂ ਹਨ, ਜਿਹੜੀਆਂ ਭਾਰਤੀ ਸਮਾਜ-ਸੱਭਿਆਚਾਰ ਲਈ ਹੀ ਨਹੀਂ, ਸਗੋਂ ਸਮੁੱਚੀ ਮਨੁੱਖ ਜਾਤੀ ਲਈ ਵੀ ਅਤਿਅੰਤ ਸਾਰਥਿਕ ਅਤੇ ਪ੍ਰਾਸੰਗਿਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਹੁਤੇ ਭਗਤ ਕਵੀ ਤਥਾ ਕਥਿਤ ਨੀਵੀਂਆਂ ਸ਼੍ਰੇਣੀਆਂ ਵਿਚੋਂ ਸਨ। ਇਨ੍ਹਾਂ ਨੇ ਆਪਣੀ ਬਾਣੀ ਅੰਦਰ ਆਮ ਜਨ ਸਧਾਰਨ ਦੀਆਂ ਸਮੱਸਿਆਵਾਂ, ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਕਾਰਨਾਂ ਸਮੇਤ ਹੱਲ ਤੇ ਵੀ ਰੌਸ਼ਨੀ ਪਾਈ ਹੈ। ਭਗਤ ਬਾਣੀ ਦੀ ਇਹ ਖ਼ਾਸੀਅਤ ਹੈ ਕਿ ਉਸ ਵਿਚ ਮਨੁੱਖ ਦੇ ਜੀਵਨ ਦਾ ਤਕਰੀਬਨ ਹਰ ਪੱਖ ਪੇਸ਼ ਹੋਇਆ ਹੈ। ਇਹ ਰਚਨਾ ਇਸ ਕਰਕੇ ਵੀ ਵਿਸ਼ੇਸ਼ ਦਰਜਾ ਰੱਖਦੀ ਹੈ ਕਿ ਇਸ ਤੋਂ ਪਹਿਲਾਂ ਦੀਆਂ ਪਰੰਪਰਾਵਾਂ ਵਿਚ ਪਰਿਵਾਰ, ਸਮਾਜ ਅਤੇ ਸੰਸਾਰ ਤੋਂ ਭਾਂਜਵਾਦ ਦੀ ਰੁਚੀ ਪ੍ਰਬਲ ਸੀ। ਪਰ ਭਗਤ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਪਰਿਵਾਰ, ਸਮਾਜ ਅਤੇ ਸੰਸਾਰ ਨਾਲ ਸਬੰਧਿਤ ਜ਼ਿੰਮੇਵਾਰੀਆਂ ਤੋਂ ਭੱਜਣ ਦੀ ਥਾਂ ਇਸ ਵਿਚ ਰਹਿੰਦਿਆਂ ਮੁਕਾਬਲੇ ਦੀ ਭਾਵਨਾ ਦਾ ਸੰਚਾਰ ਕੀਤਾ। ਉਨ੍ਹਾਂ ਕੇਵਲ ਪ੍ਰਚਾਰ ਹੀ ਨਹੀਂ ਕੀਤਾ, ਪਰੰਤੂ ਖ਼ੁਦ ਵੀ ਇਸ ਤੇ ਅਮਲ ਕੀਤਾ। ਭਗਤੀ ਤੋਂ ਭਾਵ ਸੰਸਾਰ ਦਾ ਤਿਆਗ ਕਰਕੇ ਜੰਗਲਾਂ ਅਤੇ ਪਹਾੜਾਂ ਦੀਆਂ ਕੰਦਰਾਂ ਵਿਚ ਅੱਖਾਂ ਮੁੰਦ ਕੇ ਬੈਠਣਾ ਨਹੀਂ, ਸਗੋਂ ਇਸ ਸਮਾਜ ਵਿਚ ਰਹਿੰਦਿਆਂ, ਆਪਣੀਆਂ ਜ਼ਿੰਮੇਵਾਰੀਆਂ ਦੀ ਪੂਰਤੀ ਕਰਦੇ ਹੋਏ ਮਿਹਨਤੀ ਜੀਵਨ-ਜਾਂਚ ਅਪਣਾਉਣ ਤੋਂ ਹੈ। ਭਗਤ ਕਵੀ ਆਪਣੇ ਜੀਵਨ ਅਨੁਭਵਾਂ ਦੁਆਰਾ ਪ੍ਰਾਪਤ ਗਿਆਨ ਨੂੰ ਆਪਣੀ ਰਚਨਾ ਵਿਚ ਆਧਾਰ ਬਣਾ ਕੇ ਪੇਸ਼ ਕਰਦੇ ਹਨ। ਇਸ ਲਈ ਇਸ ਰਚਨਾ ਦਾ ਪਿੰਡਾ ਭਾਵੇਂ ਅਧਿਆਤਮਿਕ ਹੈ, ਪਰ ਅਨੁਭਵ ਦੇ ਪੱਧਰ ਤੇ ਇਹ ਸਮਾਜਿਕ ਸਰੋਕਾਰਾਂ ਨਾਲ ਜੁੜੀ ਹੋਈ ਹੈ। ਇਸ ਖੋਜ ਪ੍ਰਬੰਧ ਦਾ ਮੰਤਵ ਵੀ ਇਸਦੇ ਸਮਾਜਿਕ ਸਰੋਕਾਰਾਂ ਨਾਲ ਹੀ ਬਾਵਸਤਾ ਹੈ।

ਉੱਤਰ-ਆਧੁਨਿਕਤਾਵਾਦ ਸੋਸਿਊਰ ਦੇ ਸੰਰਚਨਾਵਾਦ ਅਤੇ ਦੈਰਿਦਾ ਦੇ ਵਿਖੰਡਨਵਾਦ ਦੇ ਦਵੰਦ ਵਿਚੋਂ ਪੈਦਾ ਹੋਈ ਅਵਧਾਰਣਾ ਮੰਨੀ ਜਾਂਦੀ ਹੈ। ਇਸ ਦੇ ਪ੍ਰਵਰਤਕ ਫਰਾਂਸੀਸੀ ਵਿਦਵਾਨ ਲਿਓਤਾਰਦ ਮੰਨੇ ਜਾਂਦੇ ਹਨ। ਇਸ ਤੋਂ

ਇਲਾਵਾ ਫੂਕੋ, ਪਾਲ ਦੀ ਮਾਨ, ਨੀਤਸ਼ੇ ਅਤੇ ਦੈਰਿਦਾ ਦੇ ਨਾਮ ਪ੍ਰਮੁੱਖ ਹਨ। ਜਿਸ ਨੂੰ ਪੱਛਮੀ ਕਲਾ ਜਗਤ ਵਿਚ ਉੱਤਰ-ਆਧੁਨਿਕਤਾ ਕਿਹਾ ਜਾਂਦਾ ਹੈ, ਉਸ ਦਾ ਇਕ ਲੱਛਣ ਵਿਚਾਰਧਾਰਾ ਨਿਰਪੇਖਤਾ ਵੀ ਹੈ। ਇਸ ਦੀ ਗੁਣਵੱਤਾ ਵਿਚ ਭਾਸ਼ਾਵਾਦ, ਨਸਲਵਾਦ, ਉੱਗਰ-ਰਾਸ਼ਟਰਵਾਦ ਵਰਗੇ ਵਿਸ਼ਵਾਸਾਂ ਨੂੰ ਮੁਕਤ ਆਕਾਸ਼ ਮਿਲਦਾ ਹੈ। ਜਦੋਂ ਅਸੀਂ ਉੱਤਰ-ਆਧੁਨਿਕਤਾ ਦੀ ਗੱਲ ਕਰਦੇ ਹਾਂ ਤਾਂ ਨਿਸ਼ਚਿਤ ਹੈ ਕਿ ਇਸ ਵਿਚ ਆਧੁਨਿਕਤਾ ਦਾ ਕੋਈ ਕਾਲਖੰਡ ਜ਼ਰੂਰ ਹੈ। ਇਸ ਨੂੰ ਸਮਝਣ ਲਈ ਪਹਿਲਾਂ ਤਾਂ ਇਹ ਸਮਝਣਾ ਜ਼ਰੂਰੀ ਹੈ ਕਿ ਇਸ ਦੀ ਸ਼ੁਰੂਆਤ ਕਦੋਂ ਹੋਈ ਅਤੇ ਇਹ ਆਧੁਨਿਕਤਾ ਨਾਲੋਂ ਵੱਖਰੀ ਕਿਸ ਤਰ੍ਹਾਂ ਹੈ। ਦੂਸਰੀ ਗੱਲ ਇਹ ਕਿ ਇਸ ਦਾ ਖ਼ਾਸ ਲੱਛਣ ਕੀ ਹੈ ਜਿਹੜਾ ਇਸ ਨੂੰ ਆਧੁਨਿਕਤਾ ਤੋਂ ਵੱਖ ਕਰਦਾ ਹੈ। ਤੀਸਰਾ ਉੱਤਰ-ਆਧੁਨਿਕਤਾ ਤੋਂ ਸੰਪੂਰਨ ਵਰਤਾਰਾ ਕਿਸ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਪੱਛਮੀ ਜਗਤ ਵਿਚ ਆਧੁਨਿਕਤਾ ਬਾਰੇ ਕਿਹਾ ਜਾਂਦਾ ਹੈ ਕਿ 17ਵੀਂ ਸਦੀ ਦੇ ਸ਼ੁਰੂ ਵਿਚ ਇਸ ਦੀ ਸ਼ੁਰੂਆਤ ਹੁੰਦੀ ਹੈ। ਇਸ ਤੋਂ ਪਹਿਲਾਂ ਪੂਰਵ-ਆਧੁਨਿਕਤਾ ਦਾ ਸਮਾ ਕਿਹਾ ਜਾ ਸਕਦਾ ਹੈ। ਇਸ ਲਈ ਉੱਤਰ-ਆਧੁਨਿਕਤਾ ਤੋਂ ਪਹਿਲਾਂ ਆਧੁਨਿਕਤਾ ਅਤੇ ਪੂਰਵ-ਆਧੁਨਿਕਤਾ ਦਾ ਸਮਾ ਨਿਰਧਾਰਿਤ ਕੀਤਾ ਜਾ ਸਕਦਾ ਹੈ। 17ਵੀਂ ਸਦੀ ਤੋਂ ਪਹਿਲਾਂ ਪੂਰਵ-ਆਧੁਨਿਕਤਾ, ਫਿਰ ਆਧੁਨਿਕਤਾ ਅਤੇ 20ਵੀਂ ਸਦੀ ਦੇ ਪਿਛਲੇ ਅੱਧ ਨੂੰ ਉੱਤਰ-ਆਧੁਨਿਕਤਾ ਦੀ ਸ਼ੁਰੂਆਤ ਮੰਨਿਆਂ ਜਾਂਦਾ ਹੈ। ਜੇਕਰ ਭਾਰਤੀ ਪ੍ਰਸੰਗ ਵਿਚ ਵੇਖੀਏ ਤਾਂ ਭਾਰਤੀ ਸਮਾਜ ਬਹੁਪਰਤੀ ਹੋਣ ਕਾਰਨ ਇਸ ਅੰਦਰ ਹਰ ਇਕ ਯੁੱਗ ਸਥਿਤੀ ਪੱਛਮ ਦੇ ਮੁਕਾਬਲੇ ਢੇਰ ਪਿੱਛੋਂ ਵਾਪਰਦੀ ਸੀ। ਪਰੰਤੂ ਹੁਣ ਦੀ ਸਥਿਤੀ ਬਦਲ ਚੁੱਕੀ ਹੈ। ਕੰਪਿਊਟਰ ਤਕਨਾਲੋਜੀ ਦੇ ਵਿਕਾਸ ਨਾਲ ਅੱਜ ਭਾਰਤੀ ਸਮਾਜ ਵਿਚ ਵੀ ਸਮਾਰਟ ਫੋਨਾਂ ਅਤੇ ਇੰਟਰਨੈੱਟ ਦਾ ਫੈਲਾਓ ਹੋਣ ਕਾਰਨ ਉੱਤਰ-ਆਧੁਨਿਕ ਸਥਿਤੀ ਵਿਚ ਵਿਚਰ ਰਿਹਾ ਹੈ। ਭਾਰਤੀ ਚਿੰਤਨ ਵਿਚ ਉੱਤਰ-ਆਧੁਨਿਕਤਾ ਦਾ ਸੰਕਲਪ ਚਰਚਾ ਦਾ ਵਿਸ਼ਾ ਬਣ ਰਿਹਾ ਹੈ। ਪੰਜਾਬੀ ਸਾਹਿਤ ਚਿੰਤਨ ਵਿਚ ਵੀ ਇਸ ਉੱਪਰ ਚਰਚਾ ਚੱਲਣ ਲੱਗ ਪਈ ਹੈ। ਕਈ ਸੈਮੀਨਾਰ ਅਤੇ ਕਿਤਾਬਾਂ ਉੱਤਰ-ਆਧੁਨਿਕਤਾ ਉੱਪਰ ਆਧਾਰਿਤ ਹੋ ਰਹੇ ਹਨ। ਅਕਾਦਮਿਕ ਪੱਧਰ ਤੇ ਇਸ ਉੱਪਰ ਕੰਮ ਹੋ ਰਿਹਾ ਹੈ ਅਤੇ ਬਹੁਤ ਸਾਰੇ ਭਾਰਤੀ ਚਿੰਤਕ ਇਸ ਦੇ ਵਿਰੋਧ ਜਾਂ ਪੱਖ ਵਿਚ ਲਿਖ ਰਹੇ ਹਨ।

ਉੱਤਰ-ਆਧੁਨਿਕਤਾ ਦੀ ਵਿਆਪਕ ਚਰਚਾ ਪੰਜਾਬੀ ਅਕਾਦਮਿਕ ਜਗਤ ਵਿਚ ਹੋਣ ਲੱਗ ਪਈ ਹੈ। ਉੱਤਰ-ਆਧੁਨਿਕਤਾ, ਆਧੁਨਿਕਤਾ ਤੋਂ ਬਾਅਦ ਦੀ ਸਥਿਤੀ ਹੈ ਜਿਸ ਵਿਚ ਮਨੁੱਖ ਦੇ ਸੋਚਣ ਦੇ ਢੰਗ ਤਰੀਕਿਆਂ ਤੋਂ ਲੈ ਕੇ ਉਸ ਦੀ ਸਮੁੱਚੀ ਕਾਰਜਸ਼ੈਲੀ ਦੀ ਤਬਦੀਲੀ ਸ਼ਾਮਿਲ ਹੈ। ਆਧੁਨਿਕਤਾ, ਰੱਬ ਦੀ ਪ੍ਰਬਲ ਧਾਰਨਾ ਵਾਲੀ ਮੱਧਕਾਲੀ ਸੋਚ ਉੱਪਰ ਪ੍ਰਸ਼ਨ ਚਿੰਨ੍ਹ ਖੜੇ ਕਰਦੀ ਸੀ। ਵਿਗਿਆਨਿਕ ਕਾਢਾਂ ਨੇ ਮਨੁੱਖ ਦੀ ਜ਼ਿੰਦਗੀ ਨੂੰ ਸੌਖਿਆਂ ਕਰਨ ਵੱਲ ਕਦਮ ਵਧਾ ਲਏ ਸਨ। ਉਤਪਾਦਨ ਦੇ ਮਸ਼ੀਨੀ ਢੰਗ ਤਰੀਕਿਆਂ ਨਾਲ ਮਨੁੱਖ ਦੇ ਰਹਿਣ ਸਹਿਣ ਦਾ ਪੱਧਰ ਉੱਚਾ ਹੋਣ ਲੱਗ ਪਿਆ ਸੀ। ਪਰੰਤੂ ਇਸ ਸਭ ਦੇ ਬਾਵਜੂਦ ਵੀ ਮਨੁੱਖਤਾ ਲਈ ਨਵੇਂ-ਨਵੇਂ ਖ਼ਤਰੇ ਵਧਦੇ ਜਾ ਰਹੇ ਸਨ ਜਿਨ੍ਹਾਂ ਵਿਚ ਨਫ਼ਰਤ, ਅੱਤਵਾਦ ਅਤੇ ਇਸ ਦੀ ਆੜ ਵਿਚ ਪ੍ਰਮਾਣੂ ਹਥਿਆਰਾਂ ਨਾਲ ਲੈਸ ਦੇਸ਼ਾਂ ਵੱਲੋਂ ਇਕੱਠੇ ਕੀਤੇ ਬੇਸ਼ੁਮਾਰ ਮਾਰੂ ਹਥਿਆਰਾਂ ਦੇ ਜ਼ਖੀਰੇ ਪੂਰੀ ਧਰਤੀ ਲਈ ਡਰ ਦਾ ਕਾਰਨ ਬਣੇ ਹੋਏ ਹਨ। ਇਨ੍ਹਾਂ ਖ਼ਤਰਿਆਂ ਪ੍ਰਤੀ ਅਸੰਤੋਸ਼ ਦੀ ਸਥਿਤੀ ਉੱਤਰ-ਆਧੁਨਿਕ ਸੋਚ ਦਾ ਵਾਹਨ ਬਣਦੀ ਹੈ। ਇਸ ਨੂੰ ਆਧੁਨਿਕਤਾ ਦੇ ਵਿਰੋਧ ਵਿਚੋਂ ਉਪਜੀ ਸਥਿਤੀ ਵੀ ਕਿਹਾ ਜਾਂਦਾ ਹੈ। ਹੁਣ ਇਨ੍ਹਾਂ ਤਿੰਨਾਂ ਦੇ ਖ਼ਾਸ ਲੱਛਣ ਬਾਰੇ ਚਰਚਾ ਕਰ ਲੈਂਦੇ ਹਾਂ।

ਪੂਰਵ ਆਧੁਨਿਕਤਾ ਵਿਚ ਈਸ਼ਵਰੀ ਪ੍ਰਭੂ ਸੱਤਾ ਦਾ ਬੋਲਬਾਲਾ ਸੀ। ਈਸ਼ਵਰ ਹੀ ਅੰਤਿਮ ਸੱਤਾ ਹੈ ਅਤੇ ਰਾਜ ਈਸ਼ਵਰ ਦਾ ਪ੍ਰਤੀਕ ਹੈ। ਰਾਜਾ ਦਾ ਆਦੇਸ਼ ਈਸ਼ਵਰ ਦਾ ਆਦੇਸ਼ ਹੈ। ਇਸ ਅਨੁਸਾਰ ਇਸ ਨੂੰ ਵਿਸ਼ਵਾਸ ਦਾ ਯੁੱਗ ਕਿਹਾ ਜਾ ਸਕਦਾ ਹੈ। ਇਸ ਯੁੱਗ ਵਿਚ ਵਿਸ਼ਵਾਸ ਦਾ ਤੱਤ ਪ੍ਰਧਾਨ ਹੈ। ਸੱਚ ਤੱਕ ਪਹੁੰਚਣ ਲਈ ਈਸ਼ਵਰੀ ਵਿਸ਼ਵਾਸ ਦਾ ਸਹਾਰਾ ਲੈਣਾ ਪਵੇਗਾ। ਸਾਰੀਆਂ ਸੰਸਥਾਵਾਂ ਜੋ ਈਸ਼ਵਰ ਦੀਆਂ ਪ੍ਰਤੀਨਿਧ ਹਨ, ਫਿਰ ਭਾਵੇਂ ਉਹ ਰਾਜ-ਸੱਤਾ ਜਾਂ ਧਾਰਮਿਕ ਸੱਤਾ ਹੋਵੇ ਉਨ੍ਹਾਂ ਦਾ ਦਿੱਤਾ ਫ਼ੈਸਲਾ ਅੰਤਿਮ ਸੱਚ ਸਮਝਿਆ ਜਾਂਦਾ ਸੀ। ਪੂਰਵ ਆਧੁਨਿਕਤਾ ਦਾ ਪ੍ਰਮੁੱਖ ਲੱਛਣ ਵਿਸ਼ਵਾਸ ਸੀ।

17ਵੀਂ ਸਦੀ ਵਿਚ ਆਧੁਨਿਕਤਾ ਦੇ ਪਸਾਰ ਨਾਲ ਇਹ ਧਾਰਨਾ ਟੁੱਟਣ ਲੱਗੀ। ਇਸ ਦਾ ਕਾਰਨ ਫਰਾਂਸਿਸ ਬੇਕਨ ਅਤੇ ਡੇਕਾਰਟ ਜਿਹੇ ਚਿੰਤਕਾਂ ਦਾ ਤਰਕਮਈ ਗਿਆਨ ਸੀ। ਬੇਕਨ ਨੇ ਇਹ ਕਹਿੰਦਿਆਂ ਕਿ ਈਸ਼ਵਰੀ ਸੱਤਾ ਸੰਪੂਰਨ ਨਹੀਂ ਅਤੇ ਆਪਣੇ ਵਿਵੇਕ ਦੇ ਆਧਾਰ ਤੇ ਪਰੰਪਰਾ ਅਤੇ ਵਿਸ਼ਵਾਸ ਦਾ ਵਿਰੋਧ ਕੀਤਾ। ਇਸ ਦੀ ਤਾਈਦ

ਡੇਕਾਰਟ ਨੇ ਵੀ ਕੀਤੀ ਅਤੇ ਵਿਸ਼ਵਾਸ ਦੀ ਥਾਂ ਵਿਵੇਕ ਦੀ ਪ੍ਰਧਾਨਤਾ ਸਥਾਪਿਤ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਇਨਸਾਨ ਤੇ ਕੋਈ ਸੰਕਟ ਆਉਂਦਾ ਹੈ ਤਾਂ ਪ੍ਰਮਾਤਮਾ ਉਸ ਨੂੰ ਆਪ ਆ ਕੇ ਹੱਲ ਨਹੀਂ ਕਰਦਾ ਸਗੋਂ ਇਨਸਾਨ ਨੂੰ ਆਪਣੇ ਵਿਵੇਕ ਦੁਆਰਾ ਉਸ ਨੂੰ ਹੱਲ ਕਰਨਾ ਪੈਂਦਾ ਹੈ। ਇਸ ਯੁੱਗ ਵਿਚ ਵਿਵੇਕ ਅਤੇ ਤਰਕ ਦੀ ਪ੍ਰਧਾਨਤਾ ਸਵੀਕਾਰ ਕੀਤੀ । ਇਸ ਦੇ ਪ੍ਰਮੁੱਖ ਲੱਛਣ ਤਰਕ ਦੀ ਪ੍ਰਧਾਨਤਾ ਅਤੇ ਵਿਗਿਆਨਕ ਸੱਚ ਦਾ ਬੋਲਬਾਲਾ ਹੈ। ਇਸੇ ਕਰਕੇ ਇਸ ਨੂੰ 'ਏਜ ਆਫ਼ ਇਨਲਾਈਟਨਮੈਂਟ' ਕਿਹਾ ਜਾਂਦਾ ਹੈ।

ਉੱਤਰ-ਆਧੁਨਿਕਤਾ ਨੇ ਸ਼ੁਰੂਆਤ ਵਿਚ ਮੰਨਿਆਂ ਕਿ ਵਿਵੇਕ ਤਾਂ ਠੀਕ ਹੈ ਪਰ ਅਸੀਂ ਇਕ ਵਿਅਕਤੀ ਦੇ ਤਰਕ ਜਾਂ ਵਿਧੀ ਨੂੰ ਸੱਚ ਨਹੀਂ ਮੰਨ ਸਕਦੇ, ਇਸ ਲਈ ਹਰ ਇਕ ਵਿਅਕਤੀ ਸੱਚ ਤੱਕ ਪਹੁੰਚਣ ਲਈ ਆਪੋ-ਆਪਣੀ ਵਿਆਖਿਆ ਪੇਸ਼ ਕਰੇ। ਇਸ ਅਨੁਸਾਰ ਤਰਕ ਦੀ ਜਗ੍ਹਾ ਬੌਧਿਕਤਾ ਨੇ ਲੈ ਲਈ ਅਤੇ ਕਿਹਾ ਜਾਣ ਲੱਗਾ ਕਿ ਕਿਸੇ ਇਕ ਸੱਚ ਦੀ ਥਾਂ ਹਰ ਵਿਅਕਤੀ ਦੇ ਵਿਸ਼ਵਾਸ ਦੁਆਰਾ ਉਸ ਨੂੰ ਆਪੋ ਆਪਣਾ ਸੱਚ ਖ਼ੁਦ ਪੇਸ਼ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਸ ਨੂੰ 'ਰੈਸ਼ਨੈਲਿਟੀ ਆਫ ਵਨ ਪਰਸਨ' ਦੀ ਥਾਂ 'ਰੈਸ਼ਨੈਲਿਟੀ ਆਫ ਮਲਟੀਪਲ' ਦਾ ਯੁੱਗ ਕਿਹਾ ਜਾਂਦਾ ਹੈ। ਇਸ ਦੀ ਸ਼ੁਰੂਆਤ 20ਵੀਂ ਸਦੀ ਵਿਚ ਦੈਰਿਦਾ ਅਤੇ ਮਿਸ਼ੇਲ ਫੂਕੋ ਦੇ ਚਿੰਤਨ ਤੋਂ ਮੰਨੀ ਜਾ ਸਕਦੀ ਹੈ। ਪਰ ਇਸ ਦੇ ਬੀਜ ਜਰਮਨ ਫ਼ਿਲਾਸਫ਼ਰ ਇਮੈਨੂਅਲ ਕਾਂਤ ਦੁਆਰਾ 1781 ਵਿਚ ਲਿਖੀ ਕਿਤਾਬ 'ਕ੍ਰਿਟੀਕ ਆਫ ਪਿਓਰ ਰੀਜ਼ਨ' ਵਿਚ ਪ੍ਰਾਪਤ ਹੁੰਦੇ ਹਨ। ਇਸ ਵਿਚ ਕਾਂਤ ਨੇ ਇਕ ਵੱਡੀ ਗੱਲ ਕਹੀ ਕਿ ਅਸੀਂ ਸੱਚ ਤੱਕ ਕੇਵਲ ਬੁੱਧੀ ਅਤੇ ਤਰਕ ਦੁਆਰਾ ਪਹੁੰਚ ਸਕਦੇ ਹਾਂ, ਪਰੰਤੂ ਇਹ ਦੋ ਧਾਰੀ ਤਲਵਾਰ ਹੈ। ਇਸ ਦਾ ਕਾਰਨ ਅਸੀਂ ਬੁੱਧੀ ਅਤੇ ਤਰਕ ਦੁਆਰਾ ਕਿਸੇ ਵੀ ਧਾਰਨਾ ਦਾ ਖੰਡਨ ਅਤੇ ਮੰਡਨ ਦੋਵੇਂ ਹੀ ਕਰ ਸਕਦੇ ਹਾਂ। ਕਾਂਤ ਲਿਖਦਾ ਹੈ ਕਿ ਜੇਕਰ ਕੋਈ ਵਿਅਕਤੀ ਲਾਲ ਰੰਗ ਦੇ ਚਸ਼ਮੇ ਲਗਾ ਕੇ ਪੈਦਾ ਹੋਇਆ ਹੈ ਤਾਂ ਉਸ ਨੂੰ ਸਾਰੀ ਦੁਨੀਆਂ ਲਾਲ ਰੰਗ ਦੀ ਹੀ ਦਿਸੇਗੀ, ਪਰ ਦੁਨੀਆਂ ਵਿਚ ਤਾਂ ਵੱਖੋ-ਵੱਖਰੇ ਰੰਗ ਹਨ। ਇਸ ਆਧਾਰ ਤੇ ਉਹ ਕਹਿੰਦਾ ਹੈ ਕਿ ਇਸ ਦੁਨੀਆਂ ਵਿਚ ਹਰ ਵਿਅਕਤੀ ਨੇ ਸੰਸਕਾਰ, ਗਿਆਨ ਅਤੇ ਪਰੰਪਰਾ ਆਦਿ ਦੇ ਚਸ਼ਮੇ ਪਹਿਨੇ ਹੋਏ ਹਨ, ਜਿਸ ਦੁਆਰਾ ਵੇਖਿਆ ਸੱਚ ਕੇਵਲ ਉਸਦਾ ਆਪਣਾ ਸੱਚ ਹੈ। ਇਸ ਲਈ ਹਰ ਇਕ ਦਾ ਸੱਚ ਸਵੀਕਾਰਨ ਯੋਗ ਹੈ ਫਿਰ ਭਾਵੇਂ ਉਹ ਅੰਸ਼ਿਕ

ਸੱਚ ਜਾਂ ਅਧੂਰਾ ਸੱਚ ਹੋਵੇ। ਦੈਰਿਦਾ ਅਤੇ ਫੂਕੋ ਨੇ ਆਧੁਨਿਕਤਾ ਅਤੇ ਪੂਰਵ-ਆਧੁਨਿਕਤਾ ਦੋਵਾਂ ਦਾ ਵਿਰੋਧ ਕੀਤਾ ਹੈ। ਉੱਤਰ-ਆਧੁਨਿਕਤਾਵਾਦੀ ਚਿੰਤਕ ਰੈਸ਼ਨੈਲਿਟੀ ਨੂੰ ਸਵੀਕਾਰ ਤਾਂ ਕਰਦੇ ਹਨ ਪਰ ਉਹ ਸਾਰੇ ਵਿਅਕਤੀਆਂ ਦੇ ਸੱਚ ਨੂੰ ਸਵੀਕਾਰਨ ਯੋਗ ਮੰਨਣ ਦੇ ਹਾਮੀ ਹਨ। ਉਨ੍ਹਾਂ ਅਨੁਸਾਰ ਸੰਸਾਰ ਵਿਚ ਕਿਸੇ ਚੀਜ਼ ਦੀ ਮਹਾਂ ਵਿਆਖਿਆ ਜਾਂ ਮਹਾਂਬ੍ਰਿਤਾਂਤ ਨਹੀਂ ਹੋ ਸਕਦਾ ਪਰ ਕਿਸੇ ਵੀ ਵਿਅਕਤੀ ਦੀ ਆਪਣੀ ਵਿਆਖਿਆ ਹੋ ਸਕਦੀ ਹੈ। ਪਰ ਸਮੱਸਿਆ ਇਹ ਹੈ ਕਿ ਜਦੋਂ ਕੋਈ ਵੀ ਸਮਾਜ ਅੱਗੇ ਵਧਦਾ ਹੈ ਅਤੇ ਇਸ ਲਈ ਸਾਨੂੰ ਕਿਤੇ ਤਾਂ ਇੱਕ ਮੱਤ ਹੋਣਾ ਹੀ ਪੈਂਦਾ ਹੈ। ਬੇਸ਼ੱਕ ਅਸੀਂ ਕਿਸੇ ਨਾਲ ਥੋੜ੍ਹੀ ਬਹੁਤੀ ਅਸਹਿਮਤੀ ਵੀ ਹੋਵੇ ਪਰ ਸਮਾਜ ਨੂੰ ਚਲਾਉਣ ਲਈ ਸਾਨੂੰ ਸਹਿਮਤ ਹੋਣਾ ਵੀ ਪੈਂਦਾ ਹੈ। ਜੇਕਰ ਹਰ ਕਿਸੇ ਨੂੰ ਆਪੋ ਆਪਣੇ ਸੱਚਾਂ ਦੀ ਅਨੁਸਾਰੀ ਹੋਣ ਦੀ ਖੁੱਲ ਹੋਵੇ ਤਾਂ ਸਮਾਜ ਅਰਾਜਕਤਾ ਵੱਲ ਵਧਣ ਦੇ ਖ਼ਤਰੇ ਨਾਲ ਜੂਝਣ ਲਈ ਮਜਬੂਰ ਹੋਵੇਗਾ। ਇਹ ਉੱਤਰ-ਆਧੁਨਿਕਤਾ ਦੀ ਸਭ ਤੋਂ ਵੱਡੀ ਸਮੱਸਿਆ ਹੈ, ਕਿ ਅਸੀਂ ਅਸੰਖ ਵਿਆਖਿਆਵਾਂ ਨੂੰ ਕਿਵੇਂ ਮੰਨ ਸਕਦੇ ਹਾਂ? ਇਸੇ ਕਾਰਨ ਅਜੋਕੇ ਯੁੱਗ ਵਿਚ ਆਮ ਅਸਹਿਮਤੀਆਂ ਦੀ ਭਰਮਾਰ ਹੁੰਦੀ ਜਾ ਰਹੀ ਹੈ। ਇਸ ਨਾਲ ਸਮਾਜ ਵਿਚਲੇ ਵਿਰੋਧ ਵੱਧਦੇ ਹਨ। ਇਸ ਦੇ ਹੱਲ ਲਈ ਕੀਤਾ ਜਾਣ ਵਾਲਾ ਯਤਨ, ਇਸ ਸਥਿਤੀ ਤੋਂ ਪਾਰ ਜਾਣ ਲਈ ਜ਼ਰੂਰੀ ਹੋ ਗਿਆ ਹੈ। ਸਮਾਜ ਦੀ ਏਕਤਾ ਲਈ ਯਤਨ ਅਤੇ ਉਸ ਦੇ ਆਧਾਰ ਤਲਾਸ਼ਣਾਂ, ਉੱਤਰ-ਆਧੁਨਿਕਤਾ ਦੀ ਸਭ ਤੋਂ ਵੱਡੀ ਸਮੱਸਿਆ ਹੈ।

ਇਕ ਅਜੀਬ ਗੱਲ ਸਾਹਮਣੇ ਆਉਂਦੀ ਹੈ। ਉਹ ਇਹ ਹੈ ਕਿ ਦੁਨੀਆਂ ਭਰ ਦੇ ਪ੍ਰਮੁੱਖ ਉੱਤਰ-ਆਧੁਨਿਕ ਚਿੰਤਕਾਂ ਵਿਚੋਂ ਬਹੁਗਿਣਤੀ ਆਪਣੇ ਵਿਚਾਰਾਂ ਕਰਕੇ ਕੱਟੜ ਮਾਰਕਸੀ ਹਨ। ਜਿੱਥੇ ਉੱਤਰ-ਆਧੁਨਿਕਤਾ ਸਭ ਦੇ ਵਿਚਾਰਾਂ ਨੂੰ ਸਵੀਕਾਰਦੀ ਹੈ, ਉੱਥੇ ਇਸ ਦੇ ਪ੍ਰਮੁੱਖ ਚਿੰਤਕ ਮਾਰਕਸਵਾਦ ਦੀ ਐਨਕ ਨਾਲ ਸੰਸਾਰ ਨੂੰ ਸ਼ੋਸ਼ਿਤ ਅਤੇ ਸ਼ੋਸ਼ਣ ਕਰਤਾ ਦੇ ਰੂਪ ਵਿਚ ਵੇਖਦੇ ਹਨ। ਇਹ ਥਿਊਰੀ ਅਤੇ ਪ੍ਰੈਕਟਿਸ ਦਾ ਦਵੰਦ ਦਿਖਾਈ ਦਿੰਦਾ ਹੈ। ਇਕ ਪਾਸੇ ਇਹ ਇਤਿਹਾਸ, ਵਿਚਾਰਧਾਰਾ, ਮਨੁੱਖ ਅਤੇ ਤਰਕ ਆਦਿ ਦਾ ਅੰਤ ਐਲਾਨਦੇ ਹਨ, ਭਾਵ ਕਿਸੇ ਦੀ ਇਜਾਰੇਦਾਰੀ ਤੋਂ ਇਨਕਾਰੀ ਹਨ। ਪਰੰਤੂ ਇਨ੍ਹਾਂ ਵਿਚੋਂ ਬਹੁਗਿਣਤੀ ਵਿਚਾਰਧਾਰਾ ਦੀਆਂ ਐਨਕਾਂ ਉਤਾਰਨ ਤੋਂ ਇਨਕਾਰੀ ਹੈ।

ਉੱਤਰ-ਆਧੁਨਿਕਤਾ ਪੂੰਜੀਵਾਦੀ ਵਿਕਾਸ ਦੀ ਸਥਿਤੀ ਨੂੰ ਦਰਸਾਉਂਦੀ ਹੈ। ਸਮੀਖਿਆ ਨੂੰ ਸਥੂਲ ਅਰਥਾਂ ਦੀ ਥਾਂ ਵਿਆਪਕ ਅਰਥਾਂ ਨੂੰ ਮੰਨਿਆਂ ਜਾਂਦਾ ਹੈ। ਇਹ ਸੰਪੂਰਨਤਾ ਦਾ ਖੰਡਨ ਕਰਦੀ ਹੈ ਜੇ ਕੋਈ ਕਹੇ ਕਿ ਮੈ ਇਸ ਦੁਨੀਆਂ ਵਿਚ ਸੰਪੂਰਨ ਹਾਂ ਤਾਂ ਇਹ ਇਸ ਦਾ ਵਿਰੋਧ ਕਰਦੀ ਹੈ। ਉੱਤਰ-ਆਧੁਨਿਕਤਾ ਅਨੁਸਾਰ ਕੁਝ ਵੀ ਸੰਪੂਰਨ ਨਹੀਂ ਹੈ। ਇਸ ਵਿਚ ਕਿਸੇ ਆਦਰਸ਼ ਜਾਂ ਗਿਆਨ ਦਾ ਆਧਾਰ ਮਾਨਵਤਾ ਦੀ ਆਧੁਨਿਕ ਚੇਤਨਾ ਹੁੰਦੀ ਹੈ। ਇਹ ਵਿਅਕਤੀ ਜਾ ਸਮਾਜਿਕ ਇਕਾਈਆਂ ਦੀ ਆਜ਼ਾਦੀ ਦੇ ਪੱਖ ਵਿਚ ਤਰਕ ਕਰਦੀ ਹੈ ਅਤੇ ਵਿਅਕਤੀ ਨੂੰ ਮਹਿਜ਼ ਇਕ ਸਮਾਜਿਕ ਔਜ਼ਾਰ ਨਾ ਸਮਝਦੇ ਹੋਏ ਪੂਰਨ ਅਸਤਿਤਵ ਪ੍ਰਦਾਨ ਕਰਦੀ ਹੈ। ਇਹ ਆਧੁਨਿਕਤਾ ਦੇ ਪੂਰਨ ਵਾਦੀ ਰਵੱਈਏ ਦਾ ਵਿਰੋਧ ਕਰਦੀ ਹੈ ਅਤੇ ਗਿਆਨ ਦੀ ਥਾਂ ਉਪਭੋਗ ਨੂੰ ਪ੍ਰਧਾਨਤਾ ਦਿੰਦੀ ਹੈ। ਇਹ ਅਤੀਤ ਵਿਚ ਜਾਣ ਦੀ ਖੁੱਲ ਦਿੰਦੀ ਹੈ, ਪਰ ਉਸਨੂੰ ਸਿਰਫ਼ ਮਨੋਰੰਜਨ ਬਣਾ ਕੇ ਉਪਭੋਗ ਦੀ ਸਮੱਗਰੀ ਬਣਾਉਣ ਲਈ ਇਹ ਅਤੀਤ ਦਾ ਦੁਬਾਰਾ ਉਤਪਾਦਨ ਸੰਭਵ ਕਰਦੀ ਹੈ ਪਰ ਉਸਦੀ ਵਿਸ਼ਾਲਤਾ ਜਾ ਭਵਯਤਾ ਸਵੀਕਾਰ ਨਹੀਂ ਕਰਦੀ। ਹਰ ਮਹਾਨਤਾ ਨੂੰ ਆਮ ਬਣਾ ਕੇ ਸਮੱਗਰਤਾ ਦਾ ਵਿਖੰਡਨ (ਅਸਵੀਕਾਰ) ਕਰਦੀ ਹੈ। ਇਹ ਰਚਨਾ ਨੂੰ ਵਿਗਿਆਪਨ ਅਤੇ ਸਮੀਖਿਆ ਨੂੰ ਪ੍ਰਯੋਜਨ ਬਣਾ ਦਿੰਦੀ ਹੈ। ਇਸ ਨਾਲ ਸ਼ਬਦਾਰਥ ਵਿਚ ਅਨੇਕਾਂਤ ਪੈਦਾ ਹੁੰਦੇ ਹਨ। ਇਹ ਗਿਆਨ ਸ਼ਬਦ ਦਾ ਅਰਥ ਬਦਲਦੀ ਹੈ, ਅਗਿਆਤ ਪ੍ਰਸਤੁਤ ਕਰਦੀ ਹੈ, ਵੈਦਯਤਾ ਦਾ ਨਵਾਂ ਆਦਰਸ਼ ਪੇਸ਼ ਕਰਦੀ ਹੈ। ਮਤੈਕਯ ਦੇ ਬਦਲੇ ਮਤਭੇਦ ਨੂੰ ਮਹੱਤਵ ਦਿੰਦੀ ਹੈ, ਇਕਰੂਪਤਾ ਨੂੰ ਅਸਵੀਕਾਰ ਕਰ ਕੇ ਬਿਸ਼ਮਤਾ ਦੀ ਸਥਿਤੀ ਸਵੀਕਾਰ ਕਰਦੀ ਹੈ, ਇਕਰੂਪਤਾ ਦੇ ਪ੍ਰਤੀ ਇਹ ਵਿਰੁਚੀ ਇਤਿਹਾਸਕ ਅਨੁਭਵ ਤੇ ਆਧਾਰਿਤ ਹੈ। ਇਹ ਸਾਰਥਿਕ ਬਹੁਲਤਾ ਸਵੀਕਾਰ ਕਰਦੀ ਹੈ। ਇਸ ਅਨੁਸਾਰ ਏਕਤਾ ਕੇਵਲ ਦਮਨਕਾਰੀ ਅਤੇ ਇਕ ਪੱਖੀ ਤਰੀਕੇ ਨਾਲ ਸਥਾਪਿਤ ਕੀਤੀ ਜਾ ਸਕਦੀ ਹੈ। ਏਕਤਾ ਦਾ ਸਿੱਧਾ ਅਰਥ ਹੈ ਨਿਯਮਾਂ ਅਤੇ ਬਲਾਂ ਦੀ ਜ਼ਰੂਰਤ, ਬਹੁਲਤਾ ਅਤੇ ਵਿਸ਼ਾਲਤਾ ਸਮਾਜਿਕ ਪ੍ਰਕਿਰਿਆ ਵਿਚ ਅਨਿਵਾਰੀ ਰੂਪ ਵਿਚ ਟਕਰਾਓ ਦੀ ਸਥਿਤੀ ਪੈਦਾ ਕਰਦੇ ਹਨ। ਉੱਤਰ-ਆਧੁਨਿਕਤਾ ਅਨੁਸਾਰ ਸਾਪੇਖ ਮਤੈਕਯ ਨਿਆਂ ਪ੍ਰਾਪਤ ਕਰਨ ਦਾ ਕੋਈ ਸੰਤੋਸ਼ਜਨਕ ਸਮਾਧਾਨ ਨਹੀਂ ਦੇ ਸਕਦਾ। ਇਸ ਲਈ ਨਿਆਂ ਦੇ ਅਜਿਹੇ ਵਿਹਾਰਕ ਅਤੇ ਵਿਵਹਾਰਿਕ ਪੱਖ ਤੱਕ ਪਹੁੰਚਣਾ ਪਵੇਗਾ ਜੋ ਮਤੈਕਯ ਨਾਲ ਨਾ ਜੁੜਿਆ ਹੋਵੇ।

ਇਹ ਉੱਚੀ ਸੰਸਕ੍ਰਿਤੀ ਅਤੇ ਨੀਵੀਂ ਸੰਸਕ੍ਰਿਤੀ ਵਿਚ ਫ਼ਰਕ ਕਰਨ ਦੀ ਪ੍ਰਕਿਰਿਆ ਨੂੰ ਚੁਨੌਤੀ ਦਿੰਦੀ ਹੈ। ਉੱਤਰ-ਆਧੁਨਿਕਤਾ ਵਿਚਾਰਧਾਰਾ, ਨਿੱਜੀ ਆਸਥਾਵਾਂ, ਕਮੀਆਂ ਅਤੇ ਵਿਕਾਰਾਂ ਨੂੰ ਵਿਗਿਆਨ ਨਾਲ ਜੋੜਦੀ ਹੈ। ਇਹ ਤਾਰਕਿਕਤਾ ਦੇ ਬਹੁ ਉਪਯੋਗ ਉੱਤੇ ਪ੍ਰਸ਼ਨ ਖੜ੍ਹਾ ਕਰਦੀ ਹੈ । ਉਸ ਅਨੁਸਾਰ ਮਨੁੱਖ ਪੂਰੀ ਤਰਾਂ ਨਾਲ ਸਵਾਇਤ, ਉੱਚਾ ਅਤੇ ਸ੍ਰੇਸ਼ਟ ਹੈ। ਉਹ ਆਪਣੇ ਮਾਨਸ ਅਤੇ ਕਾਮੁਕਤਾ ਤੋਂ ਬਿਨਾ ਕਿਸੇ ਪ੍ਰਤੀ ਜਵਾਬਦੇਹ ਨਹੀਂ ਅਤੇ ਨਾ ਹੀ ਨਿਰਭਰ ਹੈ।

ਉੱਤਰ-ਆਧੁਨਿਕ ਪਿੱਛੇ ਨਹੀਂ ਮੁੜਨਾ ਚਾਹੁੰਦਾ, ਇਹ ਉਨ੍ਹਾ ਪਰੰਪਰਿਕ ਤੇ ਧਾਰਮਿਕ ਪ੍ਰਤੀਮਾਨਾਂ ਨੂੰ ਪੁਨਰ ਸੁਰਜੀਤ ਨਹੀਂ ਕਰਨਾ ਚਾਹੁੰਦਾ ਜਿਨ੍ਹਾ ਨੂੰ ਆਧੁਨਿਕਤਾ ਨੇ ਅਸਵੀਕਾਰ ਕਰ ਦਿੱਤਾ ਸੀ। ਇਹ ਅਜਿਹੇ ਪ੍ਰਤੀਮਾਨਾ ਨੂੰ ਅਸਵੀਕਾਰ ਕਰਦਾ ਹੈ ਜਿਨ੍ਹਾ ਵਿਚ ਲਿਖਤ ਭਾਸ਼ਾ ਅਤੇ ਤਰਕ ਉੱਪਰ ਜ਼ੋਰ ਦਿੱਤਾ ਜਾਂਦਾ ਹੈ। ਉੱਤਰ-ਆਧੁਨਿਕਤਾ ਨਿਸ਼ਚਿਤਤਾ ਦੇ ਅਸੰਦੇਹ ਪੂਰਨ ਆਧਾਰ ਤੇ ਕਿਸੇ ਗਿਆਨ ਤੰਤਰ ਦੀ ਸਥਾਪਨਾ ਦੀਆਂ ਕਠਿਨਾਈਆਂ ਨੂੰ ਸਵੀਕਾਰ ਕਰਦੀ ਹੈ। ਉੱਤਰ-ਆਧੁਨਿਕਤਾਵਾਦੀ ਅਦਮਨਕਾਰੀ ਸਮਾਜ ਦੀ ਭਾਲ ਵਿਚ ਹਨ। ਆਧੁਨਿਕਤਾ ਦੁਆਰਾ ਮਨੁੱਖ ਦੀਆਂ ਸਭ ਸਮੱਸਿਆਵਾਂ ਦਾ ਹੱਲ ਹੋਣ ਦੀ ਉਮੀਦ ਟੁੱਟਣ ਤੋਂ ਬਾਅਦ ਪੈਦਾ ਹੋਈ ਸਥਿਤੀ ਨੂੰ ਉੱਤਰ-ਆਧੁਨਿਕਤਾ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਅਸੀਂ ਆਪਣੇ ਇਸ ਸ਼ੋਧ ਪ੍ਰਬੰਧ ਵਿਚ ਇਸ ਵਿਚਲੇ ਪਰਿਪੇਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦੀ ਰੌਸ਼ਨੀ ਵਿਚ ਸਮਝਣ ਦਾ ਯਤਨ ਕੀਤਾ ਹੈ।

ਜਦੋਂ ਅਸੀਂ ਭਗਤ ਬਾਣੀ ਵਿਚਲੇ ਸੰਕਲਪਾਂ ਨੂੰ ਅਜੋਕੇ ਦੌਰ ਦੀਆਂ ਸਮੱਸਿਆਵਾਂ ਨਾਲ ਸੰਵਾਦ ਦੀ ਦ੍ਰਿਸ਼ਟੀ ਤੋਂ ਵੇਖਦੇ ਹਾਂ ਤਾਂ ਇਨ੍ਹਾਂ ਦੇ ਹੱਲ ਸਬੰਧੀ ਕਾਫ਼ੀ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ। ਉੱਤਰ-ਆਧੁਨਿਕ ਯੁੱਗ ਵਿਚ ਜਿੱਥੇ-ਜਿੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚਲਾ ਗਿਆਨ ਪ੍ਰਕਾਸ਼ਮਾਨ ਹੁੰਦਾ ਹੈ, ਉੱਥੇ ਭਗਤ ਬਾਣੀ ਵਿਚਲੇ ਗਿਆਨ ਦਾ ਚਾਨਣ ਵੀ ਫੈਲਦਾ ਹੈ। ਅਜੋਕੇ ਸਮੇ ਵਿਚਲੀਆਂ ਪਰਿਵਾਰਿਕ, ਸਮਾਜਿਕ ਅਤੇ ਸੰਸਾਰਕ ਸਮੱਸਿਆਵਾਂ ਪ੍ਰਤੀ ਭਗਤ ਬਾਣੀ ਦਾ ਪ੍ਰਵਚਨ ਜੋ ਸੇਧ ਪ੍ਰਦਾਨ ਕਰਦਾ ਹੈ, ਉਸ ਨੂੰ ਪਰਖ ਪੜਚੋਲ ਦੇ ਦਾਇਰੇ ਵਿਚ ਲਿਆ ਕੇ ਇਕ ਉਸਾਰੂ ਹੱਲ ਲੱਭਣਾ, ਇਸ ਸ਼ੋਧ ਪ੍ਰਬੰਧ ਦਾ ਮੁੱਖ ਕਾਰਜ ਸੀ। ਅਧਿਐਨ ਦੀ ਸਹੂਲਤ ਨੂੰ ਧਿਆਨ

ਵਿਚ ਰੱਖ ਕੇ ਇਸ ਸ਼ੋਧ ਪ੍ਰਬੰਧ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਗਿਆ, ਅਤੇ ਅੱਗੋਂ ਇਨ੍ਹਾਂ ਅਧਿਆਵਾਂ ਦੀ ਉਪ-ਵੰਡ ਵੀ ਕੀਤੀ ਗਈ ਹੈ।

ਪਹਿਲੇ ਅਧਿਆਇ ਵਿਚ ਭਗਤ ਬਾਣੀ ਅਤੇ ਉੱਤਰ-ਆਧੁਨਿਕਤਾ ਦੇ ਸਿਧਾਂਤਕ ਪੱਖ ਦਾ ਨਿਰੂਪਣ ਕੀਤਾ ਗਿਆ ਹੈ। ਇਨ੍ਹਾ ਦੋਵਾਂ ਪੱਖਾਂ ਦੇ ਅਧਿਐਨ ਤੋਂ ਇਹ ਸਿੱਟਾ ਕੱਢਿਆ ਗਿਆ ਹੈ ਕਿ ਭਗਤ ਬਾਣੀ ਵਿਚਲਾ ਪ੍ਰਵਚਨ ਅਜੋਕੇ ਸੰਦਰਭ ਵਿਚ ਸਮਝਣ ਲਈ ਉੱਤਰ-ਆਧੁਨਿਕ ਪਰਿਪੇਖ ਤੋਂ ਸਮਝਿਆ ਜਾਣਾ ਜ਼ਰੂਰੀ ਹੈ। ਅਜੋਕੇ ਸਮੇਂ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਅਜੋਕਾ ਮਨੁੱਖ ਕਿਹੜੀਆਂ ਸੇਧਾਂ ਲੈ ਸਕਦਾ ਹੈ, ਜਿਸ ਨਾਲ ਇਕ ਸੰਤੁਲਿਤ ਸਮਾਜ ਦੇ ਨਿਰਮਾਣ ਦਾ ਮਾਰਗ ਪੱਧਰ ਹੋ ਸਕਦਾ ਹੋਵੇ। ਇਸ ਅਧਿਆਇ ਵਿਚਲੀ ਚਰਚਾ ਤੋਂ ਨਿਮਨਲਿਖਤ ਸਿੱਟੇ ਪ੍ਰਾਪਤ ਹੋਏ ਹਨ :

ਭਗਤ ਬਾਣੀ ਦਾ ਦਾਇਰਾ ਭਾਰਤੀ ਸਮਾਜ ਦੇ ਪੰਜ ਸਦੀਆਂ ਦੇ ਲੋਕਧਾਰਾਈ ਅਤੇ ਸੱਭਿਆਚਾਰਕ ਸੰਦਰਭਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੋਇਆ ਮਨੁੱਖਤਾ ਲਈ ਬਹੁ-ਦਿਸ਼ਾਵੀ ਆਯਾਮ ਸਿਰਜਦਾ ਹੈ। ਭਗਤ ਬਾਣੀ ਦੀ ਰਚਨਾ ਦਾ ਪਿੰਡਾ ਸਥਾਨਕ ਹੋਣ ਦੇ ਬਾਵਜੂਦ ਵਿਚਾਰ ਵਿਸ਼ਵਾਰਥੀ ਪਹੁੰਚ ਨੂੰ ਆਤਮਸਾਤ ਕਰਦੇ ਹਨ। ਉੱਤਰ-ਆਧੁਨਿਕ ਸਥਿਤੀ ਦੀ ਯਾਤਰਾ ਸਥਾਨਕਤਾ ਵੱਲ ਹੈ। ਭਗਤ ਬਾਣੀ ਵਿਚਲੇ ਸਥਾਨਕ ਰੰਗ ਇਸ ਰਚਨਾ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਸਮਝਣ ਵੱਲ ਅਹੁਲਦੇ ਹਨ। ਭਗਤ ਬਾਣੀ ਦਾ ਦਾਇਰਾ ਪੰਜ ਸਦੀਆਂ ਵਿਚ ਫੈਲਿਆ ਹੋਇਆ ਹੈ। ਵਿਸ਼ਾਲ ਕੈਨਵਸ ਦੀ ਇਸ ਰਚਨਾ ਵਿਚਲੇ ਗਿਆਨ ਪ੍ਰਬੰਧ ਰਾਹੀਂ ਅਸੀਂ ਕਿਸੇ ਵੀ ਕਾਲ-ਖੰਡ ਦੀਆਂ ਵਿਸੰਗਤੀਆਂ ਨਾਲ ਸੰਵਾਦ ਕਰ ਸਕਦੇ ਹਾਂ। ਮੌਜੂਦਾ ਸਮੇਂ ਦੀ ਸੰਪੂਰਨ ਵਿਆਖਿਆ ਉੱਤਰ-ਆਧੁਨਿਕ ਪਰਿਪੇਖ ਦੁਆਰਾ ਕੀਤੀ ਜਾਂਦੀ ਹੈ। ਇਸ ਲਈ ਭਗਤ ਬਾਣੀ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਸਮਝ ਕੇ ਅਜੋਕੇ ਸੰਸਾਰ ਦੀਆਂ ਸਮੱਸਿਆਵਾਂ ਦੇ ਹੱਲ ਦੀ ਤਲਾਸ਼ ਵੱਲ ਵਧਿਆ ਜਾ ਸਕਦਾ ਹੈ। ਉੱਤਰ-ਆਧੁਨਿਕਤਾ ਸਭ ਕਾਸੇ ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਇਸ ਸਥਿਤੀ ਵਿਚ ਸੰਤੁਲਿਤ ਪਹੁੰਚ ਵਾਲਾ ਗਿਆਨ ਪ੍ਰਬੰਧ ਹੀ ਸਹੀ ਰਸਤਾ ਦਿਖਾ ਸਕਦਾ ਹੈ। ਭਗਤ ਬਾਣੀ ਵਿਚਲੇ ਗਿਆਨ ਪ੍ਰਬੰਧ ਦੀ ਪਹੁੰਚ ਸੰਤੁਲਿਤ ਹੋਣ ਕਰਕੇ ਇਹ ਮੱਧ-ਮਾਰਗ ਦਾ ਰਸਤਾ ਸੁਝਾਉਂਦੀ

ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਤਰਕ ਅਤੇ ਵਿਸ਼ਵਾਸ ਦੇ ਮੱਧ ਵਿਚ ਖੜ੍ਹਦੀ ਹੈ। ਨਿਸ਼ਚੇ ਹੀ ਅਜਿਹੀ ਰਚਨਾ ਵਿਚਲੇ ਸੰਕਲਪ ਉੱਤਰ-ਆਧੁਨਿਕ ਪਰਿਪੇਖ ਵਿਚ ਅੰਦਰ ਵਿਚਾਰੇ ਜਾਣ ਦੇ ਯੋਗ ਹਨ। ਉੱਤਰ-ਆਧੁਨਿਕ ਚਿੰਤਕ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪੱਧਰ ਤੇ ਸਾਰੀਆਂ ਵਿਚਾਰਧਾਰਾਵਾਂ ਦੇ ਅੰਤ ਦੀ ਘੋਸ਼ਣਾ ਕਰ ਰਹੇ ਹਨ। ਇਸ ਰਚਨਾ ਵਿਚਲੀ ਬਹੁਆਯਾਮੀ ਪਹੁੰਚ ਦੁਆਰਾ ਅਸੀਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਾਤਾਂ ਨਾਲ ਉਤਪੰਨ ਸਮੱਸਿਆਵਾਂ ਦੀ ਸਹੀ ਸਮਝ ਬਣਾ ਕੇ ਉਨ੍ਹਾਂ ਦੇ ਸੰਤੁਲਿਤ ਹੱਲ ਲੱਭਣ ਲਈ ਸੇਧ ਲੈ ਸਕਦੇ ਹਾਂ।

ਦੂਜੇ ਅਧਿਆਇ ਦਾ ਸਿਰਲੇਖ 'ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੀ ਪਛਾਣ' ਹੈ। ਇਸ ਅਧਿਆਇ ਵਿਚ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਨੂੰ ਭਗਤ ਬਾਣੀ ਦੇ ਪ੍ਰਵਚਨ ਰਾਹੀਂ ਸਮਝਿਆ ਗਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਦੇ ਸਮਵਿੱਥ ਭਗਤ ਬਾਣੀ ਵਿਚ ਅਜਿਹੇ ਸੰਕਲਪ ਵਿੱਦਮਾਨ ਹਨ, ਜਿਨ੍ਹਾਂ ਦੁਆਰਾ ਉੱਤਰ-ਆਧੁਨਿਕ ਪਰਿਪੇਖ ਵਿਚ ਸੰਤੁਲਿਤ ਸੂਝ ਮਾਡਲ ਸਿਰਜਿਆ ਜਾ ਸਕਦਾ ਹੈ। ਉੱਤਰ-ਆਧੁਨਿਕਤਾ ਵਿਚ ਹਰ ਨਿਸ਼ਚਿਤ ਵਰਤਾਰੇ ਤੇ ਪ੍ਰਸ਼ਨ ਚਿੰਨ੍ਹ ਲਗਾਉਣ ਦੀ ਪ੍ਰਵਿਰਤੀ ਭਾਰੂ ਹੈ। ਇਸ ਮਸਲੇ ਨੂੰ ਭਗਤ ਬਾਣੀ ਵਿਚ ਪੇਸ਼ ਬ੍ਰਹਮ ਦੇ ਸੰਕਲਪ ਦੁਆਰਾ ਸੰਵਾਦ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਭਗਤ ਬਾਣੀ ਵੀ ਅਨਿਸ਼ਚਿਤਤਾ ਦੀ ਗੱਲ ਸੰਸਾਰ ਦੀ ਨਾਸ਼ਮਾਨਤਾ ਦੁਆਰਾ ਪੇਸ਼ ਕਰਦੀ ਹੈ। ਪਰੰਤੂ ਉਹ ਇਕ ਨਿਸ਼ਚਿਤ ਬ੍ਰਹਮ ਦੁਆਰਾ ਇਸ ਸਥਿਤੀ ਨਾਲ ਸੰਵਾਦ ਰੂਪੀ ਪ੍ਰਵਚਨ ਉਸਾਰਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਅਨਿਸ਼ਚਿਤਤਾ ਨੂੰ ਸਹੀ ਸੰਦਰਭਾਂ ਵਿਚ ਪੇਸ਼ ਕਰਕੇ ਨਿਸ਼ਚਿਤ ਬ੍ਰਹਮ ਦੀ ਅਟੱਲਤਾ ਨੂੰ ਸਥਾਪਿਤ ਕਰਦੀ ਹੈ। ਵਿਸ਼ਵੀਕਰਨ ਦੇ ਫੈਲਾਓ ਦੇ ਸਮਵਿੱਥ ਸਥਾਨਕਤਾਵਾਂ ਦੇ ਉਭਾਰ ਦੇ ਮਸਲੇ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਪੂਰੇ ਸੰਸਾਰ ਵਿਚ ਵਾਪਰਦੀਆਂ ਘਟਨਾਵਾਂ ਪਿੱਛੇ ਸਥਾਨਕ ਪਛਾਣ ਦਾ ਮੁੱਦਾ ਭਾਰੂ ਰੂਪ ਵਿਚ ਕਾਰਜਸ਼ੀਲ ਹੈ। ਭਗਤ ਕਵੀਆਂ ਨੇ ਤੱਤਕਾਲੀ ਸਮੱਸਿਆਵਾਂ ਨੂੰ ਸਦੀਵੀ ਸਮੱਸਿਆਵਾਂ ਨਾਲ ਸੰਵਾਦ ਦੇ ਘੇਰੇ ਵਿਚ ਲਿਆ ਕੇ ਇਸ ਮਸਲੇ ਸਬੰਧੀ ਮਾਰਗ ਦਿਖਾਇਆ ਹੈ। ਇਸ ਦੁਆਰਾ ਅਸੀਂ

ਇਸ ਸਮੱਸਿਆ ਦੇ ਮੂਲ ਵੱਲ ਨੂੰ ਵਧਦੇ ਹਾਂ। ਉੱਤਰ-ਆਧੁਨਿਕ ਪਰਿਪੇਖ ਵਿਚ ਮਹਾਂਬ੍ਰਿਤਾਂਤ ਦੀ ਥਾਂ ਅਲਪਬ੍ਰਿਤਾਂਤ ਦੇ ਉਭਾਰ ਨੂੰ ਕੇਂਦਰ ਵਿਚ ਸਥਾਨ ਮਿਲਦਾ ਹੈ। ਭਗਤ ਬਾਣੀ ਦੇ ਪਿਛੋਕੜ ਵਿਚ ਇਹ ਵਰਤਾਰਾ ਬੀਜ ਰੂਪ ਵਿਚ ਪਿਆ ਮਿਲਦਾ ਹੈ। ਵੇਦਾਂਤ ਅਤੇ ਗੈਰ ਵੇਦਾਂਤਿਕ ਪਰੰਪਰਾਵਾਂ ਦੇ ਆਪਸੀ ਵਿਰੋਧਾਂ ਦੇ ਵਿਚਕਾਰ ਭਗਤ ਬਾਣੀ ਆਪਣਾ ਪ੍ਰਵਚਨ ਪੇਸ਼ ਕਰਦੀ ਹੈ। ਇਸ ਵਿਚ ਵੇਦਾਂਤ ਅਤੇ ਗੈਰ ਵੇਦਾਂਤਕ ਪਰੰਪਰਾਵਾਂ ਦੀ ਪੁਨਰ ਵਿਆਖਿਆ ਦੁਆਰਾ ਨਵੀਂ ਸੇਧ ਦੇਣ ਦੀ ਪ੍ਰਵਿਰਤੀ ਵੇਖਣ ਨੂੰ ਮਿਲਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਵਿਚਾਰ ਦੀ ਥਾਂ ਮਾਨਵ ਦੇਹ ਨੂੰ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਭਗਤ ਬਾਣੀ ਵਿਚਲਾ ਮਨੁੱਖੀ ਦੇਹ ਦਾ ਪੰਜ ਤੱਤਾਂ ਦੇ ਸੰਕਲਪ ਨੂੰ ਆਤਮਾ ਦੀ ਅਮਰਤਾ ਦੇ ਸੰਕਲਪ ਅਧੀਨ ਸੰਵਾਦ ਦੇ ਦਾਇਰੇ ਵਿਚ ਲਿਆਂਦਾ ਗਿਆ ਹੈ। ਇਸ ਨਾਲ ਦੇਹ ਅਤੇ ਵਿਚਾਰ ਦੋਵਾਂ ਨੂੰ ਬਰਾਬਰੀ ਦੇ ਆਧਾਰ ਤੇ ਸਥਾਪਿਤ ਕੀਤਾ ਗਿਆ ਹੈ। ਆਤਮਾ ਰੂਪੀ ਵਿਚਾਰਾਂ ਦਾ ਸੰਚਾਰ, ਪੰਜ ਤੱਤਾਂ ਰੂਪੀ ਦੇਹ ਤੋਂ ਬਿਨਾ ਅਸੰਭਵ ਹੈ। ਇਸੇ ਧਰਨਾ ਦੀ ਪੁਸ਼ਟੀ ਭਗਤ ਬਾਣੀ ਕਰਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਹਾਸ਼ੀਆਗਤ ਸਮੂਹਾਂ ਦੀ ਪਛਾਣ ਦਾ ਮਸਲਾ ਬਹੁਤ ਪ੍ਰਬਲ ਰੂਪ ਵਿਚ ਸਾਹਮਣੇ ਆਇਆ ਹੈ। ਹਾਸ਼ੀਆਗਤ ਸਮੂਹਾਂ ਨੇ ਆਪਣੀ ਹੋਂਦ ਦਾ ਪ੍ਰਗਟਾਵਾ ਵੱਖ-ਵੱਖ ਮਾਧਿਅਮਾ ਦੁਆਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਭਗਤ ਕਵੀ ਇਸ ਮਸਲੇ ਨੂੰ ਆਪਣੀਆਂ ਰਚਨਾਵਾਂ ਦੁਆਰਾ ਜਿੱਥੇ ਸਥਾਨਕ ਰੰਗਣ ਨਾਲ ਜਾਤੀਗਤ ਭਾਸ਼ਾ ਦੁਆਰਾ ਪੇਸ਼ ਕਰਦੇ ਹਨ, ਉੱਥੇ ਕੇਂਦਰੀ ਭਾਸ਼ਾ ਦੇ ਤਿਆਗ ਦੀ ਥਾਂ ਉਸ ਵਿਚਲੇ ਸੰਕਲਪਾਂ ਨੂੰ ਪੁਨਰ ਵਿਆਖਿਆ ਅਧੀਨ ਲਿਆ ਕੇ ਨਵੀਂ ਅੰਤਰ-ਦ੍ਰਿਸ਼ਟੀ ਦਾ ਸੰਚਾਰ ਕਰਦੇ ਹਨ। ਉੱਤਰ-ਆਧੁਨਿਕ ਪਰਿਪੇਖ ਵਿਚ ਨਕਲ ਨੂੰ ਅਸਲ ਦੇ ਮੁਕਾਬਲੇ ਪ੍ਰਮੁੱਖਤਾ ਮਿਲਣ ਲੱਗੀ ਹੈ। ਭਗਤ ਬਾਣੀ ਵਿਚ ਇਸ ਮਸਲੇ ਨੂੰ ਮਾਇਆ ਦੇ ਸੰਕਲਪ ਦੁਆਰਾ ਪ੍ਰਗਟ ਕੀਤਾ ਗਿਆ ਹੈ। ਅਸਲ ਵਿਚ ਮਨੁੱਖ ਦੀ ਅਨਜਾਣਤਾ ਜਾ ਕਿਸੇ ਮਸਲੇ ਸਬੰਧੀ ਪੂਰਨ ਜਾਣਕਾਰੀ ਦੀ ਅਣਹੋਂਦ ਹੀ ਨਕਲ ਨੂੰ ਉਤਸ਼ਾਹਿਤ ਕਰਨ ਦਾ ਕਾਰਜ ਕਰਦੀ ਹੈ। ਮਾਇਆ ਇਸੇ ਅਨਜਾਣਤਾ ਦਾ ਪ੍ਰਤੀਕ ਹੈ। ਭਗਤ ਬਾਣੀ ਮਾਇਆ ਰੂਪੀ ਅਗਿਆਨਤਾ ਨੂੰ ਸੰਤੁਲਿਤ ਗਿਆਨ ਦੇ ਮਾਧਿਅਮ ਦੁਆਰਾ ਦੂਰ ਕਰਨ ਦੀ ਹਾਮੀ ਹੈ। ਉੱਤਰ-ਆਧੁਨਿਕਤਾ ਦੇ ਮੂਲ ਸਰੋਕਾਰਾਂ ਨੂੰ ਭਗਤ ਬਾਣੀ ਵਿਚਲਾ ਪ੍ਰਵਚਨ ਭਲੀ-ਭਾਂਤ ਸੰਬੋਧਨ ਹੁੰਦਾ ਹੈ।

ਤੀਜੇ ਅਧਿਆਇ ਦਾ ਸਿਰਲੇਖ 'ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਭਗਤ ਬਾਣੀ ਵਿਚ ਪੇਸ਼ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ' ਹੈ। ਮੱਧਕਾਲੀਨ ਨਿਰਗੁਣ ਸੰਤਾਂ ਨੇ ਨੀਵਿਆਂ ਨਿਤਾਣਿਆਂ ਦੇ ਦੁੱਖ-ਦਰਦਾਂ ਅਤੇ ਬੇਗਾਨਗੀ ਨੂੰ ਆਪਣੀ ਕਵਿਤਾ ਰਾਹੀਂ ਆਵਾਜ਼ ਪ੍ਰਦਾਨ ਕੀਤੀ। ਇਸ ਅਧਿਆਇ ਵਿਚ ਉੱਤਰ-ਆਧੁਨਿਕਤਾ ਦੀ ਹਾਸ਼ੀਆਗਤ ਨੂੰ ਕੇਂਦਰ ਵਿਚ ਲਿਆਉਣ ਦੀ ਪ੍ਰਵਿਰਤੀ ਦੇ ਸੰਕਲਪ ਨੂੰ ਭਗਤ ਬਾਣੀ ਵਿਚ ਪੇਸ਼ ਹਾਸ਼ੀਆਗਤ ਸਮੂਹਾਂ ਦੇ ਦ੍ਰਿਸ਼ਟੀਕੋਣ ਤੋਂ ਸਮਝਿਆ ਗਿਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਨਾਰੀ ਨੇ ਆਪਣਾ ਆਪ ਪ੍ਰਗਟਾਉਣਾ ਸ਼ੁਰੂ ਕੀਤਾ ਹੈ। ਇਸ ਪ੍ਰਗਟਾਵੇ ਵਿਚ ਔਰਤ ਨੇ ਆਪਣੀ ਸਥਿਤੀ ਪ੍ਰਤੀ ਗੰਭੀਰਤਾ ਨਾਲ ਯਤਨ ਆਰੰਭੇ ਹਨ। ਇਸ ਲਈ ਕਈ ਮੁੱਦਿਆਂ ਉੱਪਰ ਸਮਾਜ ਵਿਚਲੀ ਬਰਾਬਰੀ ਦਿਖਾਉਣ ਦੀ ਧੁਨ ਵਿਚ ਅਸੱਭਿਅਕ ਪ੍ਰਵਿਰਤੀ ਦਾ ਪ੍ਰਗਟਾਵਾ ਵੀ ਸਾਹਮਣੇ ਆਇਆ ਹੈ। ਭਗਤ ਬਾਣੀ ਨਾਰੀ ਦੇ ਮਹੱਤਵ ਨੂੰ ਉਸ ਨੂੰ ਮਾਂ ਤੋਂ ਲੈ ਕੇ ਪਤਨੀ ਅਤੇ ਬੇਟੀ ਦੇ ਜ਼ਿੰਮੇਵਾਰ ਰੂਪ ਵਿਚ ਸਥਾਪਿਤ ਕਰਦੀ ਹੈ। ਭਗਤ ਕਵੀਆਂ ਵਿਚੋਂ ਬਹੁਗਿਣਤੀ ਵਿਚ ਤਥਾ ਕਥਿਤ ਨੀਵੀਆਂ ਜਾਤੀਆਂ ਵਿਚੋਂ ਹਨ। ਭਗਤ ਕਵੀ ਆਪਣੀ ਜਾਤੀ ਨੂੰ ਛੁਪਾ ਕੇ, ਬੇਬਸੀ ਜਾਂ ਹਿੰਸਕ ਢੰਗ ਨਾਲ ਨਹੀਂ ਬਲਕਿ ਸਵੈਮਾਣ ਨਾਲ ਕੁਲੀਨ ਵਰਗ ਦੇ ਸਮਵਿੱਥ ਪੇਸ਼ ਕਰਦੇ ਹਨ। ਭਗਤ ਬਾਣੀ ਪੁਰਸ਼ਾਰਥ ਨੂੰ ਹਥਿਆਰ ਬਣਾ ਕੇ ਹਾਸ਼ੀਆਕ੍ਰਿਤ ਹੋਂਦ ਤੋਂ ਕੇਂਦਰ ਵੱਲ ਦੇ ਸਫ਼ਰ ਦਾ ਨਕਸ਼ਾ ਪੇਸ਼ ਕਰਦੀ ਹੈ। ਕਿੰਨਰ ਸੰਵਾਦ ਦੇ ਹਵਾਲੇ ਨਾਲ ਭਗਤ ਬਾਣੀ ਵਿਚ ਚੇਤਨਾ ਤੱਤ ਦੇ ਪੱਧਰ ਤੇ ਬਰਾਬਰੀ ਦੀ ਗੱਲ ਸਾਹਮਣੇ ਲਿਆਂਦੀ ਗਈ ਹੈ। ਪਰਵਾਸ ਦੇ ਦੇ ਮਸਲੇ ਨੂੰ ਭਗਤ ਬਾਣੀ ਵਿਚ ਅਧਿਆਤਮਕ ਅਤੇ ਦੁਨਿਆਵੀ ਪੱਧਰ ਦੋਵਾਂ ਉੱਪਰ ਵਿਚਾਰਿਆ ਗਿਆ ਹੈ। ਅੱਜਕੱਲ੍ਹ ਪੰਜਾਬ ਤੋਂ ਬਾਹਰ ਜਾਣ ਦਾ ਵਰਤਾਰਾ ਅਤੇ ਪੰਜਾਬ ਵੱਲ ਗ਼ਰੀਬ ਰਾਜਾਂ ਦੇ ਵਿਅਕਤੀਆਂ ਦੇ ਆਉਣ ਦਾ ਰੁਝਾਨ ਭਾਰੂ ਹੈ। ਇਹ ਮਸਲਾ ਚੰਗੇ ਜੀਵਨ ਪੱਧਰ ਦੇ ਸਰੋਕਾਰਾਂ ਨਾਲ ਬਾਵਸਤਾ ਹੈ। ਭਗਤ ਬਾਣੀ ਸਾਰੇ ਵਿਅਕਤੀਆਂ ਦੀ ਏਕਤਾ ਪਰਮਾਤਮਾ ਦੇ ਘਰ ਤੋਂ ਪਰਵਾਸ ਕਰ ਕੇ ਆਈ ਆਤਮਾ ਦੇ ਰੂਪ ਵਿਚ ਕਰਦੀ ਹੈ। ਦੂਜੇ ਬੰਨੇ ਭਗਤ ਬਾਣੀ ਵਿਚ ਦੂਸਰੀ ਥਾਂ ਤੇ ਜਾ ਕੇ ਆਪਣੀ ਪਛਾਣ ਦੇ ਨਾਲ ਉੱਥੋਂ ਦੀ ਸੰਸਕ੍ਰਿਤੀ ਨਾਲ ਇੱਕਮਿਕਤਾ ਦਾ ਸੂਤਰ ਸਥਾਪਿਤ ਕੀਤਾ ਗਿਆ ਹੈ। ਇਸ ਲਈ ਹਰ ਇੱਕ ਮਨੁੱਖ ਪਰਵਾਸੀ ਵੀ ਹੈ ਅਤੇ ਮੂਲ ਨਿਵਾਸੀ ਵੀ, ਫ਼ਰਕ ਸਿਰਫ ਸਮਝ ਦਾ ਹੈ। ਇਸ ਗੱਲ ਨੂੰ ਪੰਜਾਬ

ਵਿਚਲੇ ਪਰਵਾਸੀ ਮਜ਼ਦੂਰਾਂ ਦੇ ਇੱਥੇ ਪੱਕੇ ਤੌਰ ਤੇ ਰਹਿ ਕੇ ਆਪਣੀ ਪਛਾਣ ਦੇ ਨਾਲ ਪੰਜਾਬੀ ਪਛਾਣ ਨਾਲ ਇਕਸੁਰਤਾ ਅਤੇ ਪੰਜਾਬੀ ਪਰਵਾਸੀਆਂ ਦੀ ਆਈਲੈਟਸ ਕਰਕੇ ਵਿਦੇਸ਼ੀ ਭਾਸ਼ਾਵਾਂ ਦੀ ਨਿਪੁੰਨਤਾ ਦੁਆਰਾ ਉੱਥੋਂ ਦੇ ਸਭਿੱਆਚਾਰ ਵਿਚ ਪੱਕੇ ਤੌਰ ਤੇ ਰਚਣ ਵੱਸਣ ਦੀ ਤਾਂਘ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਇਸ ਸਮੁੱਚੇ ਅਧਿਆਇ ਦਾ ਸਿੱਟਾ ਇਹ ਹੈ ਕਿ ਭਗਤ ਬਾਣੀ ਵਿਚ ਹਾਸ਼ੀਆਗਤ ਸਮੂਹਾਂ ਦਾ ਪ੍ਰਵਚਨ ਚੇਤੰਨ ਰੂਪ ਵਿਚ ਪੇਸ਼ ਹੋਇਆ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਇਸ ਨੂੰ ਸਹੀ ਸੰਦਰਭ ਵਿਚ ਸਮਝ ਕੇ ਆਮ ਜਨਜੀਵਨ ਤੱਕ ਲਿਜਾਣਾ ਸਮੇਂ ਦੀ ਲੋੜ ਹੈ। ਇਸ ਦੀ ਸਹੀ ਸਮਝ ਨਾਲ ਹੀ ਭਾਰਤੀ ਸੰਸਕ੍ਰਿਤੀ ਵਿਚਲੇ 'ਵੈਸ਼ਵਯ ਕੁਟੁੰਬਕਮ' ਦਾ ਸੰਕਲਪ 'ਬੇਗਮਪੁਰੇ' ਦੇ ਰੂਪ ਵਿਚ ਸਾਕਾਰ ਹੋ ਸਕਦਾ ਹੈ। ਉੱਤਰ-ਆਧੁਨਿਕਤਾ ਦੇ ਸੰਦਰਭ ਵਿਚ ਹਾਸ਼ੀਆਗਤ ਸਮੂਹਾਂ ਦੇ ਪ੍ਰਗਟਾਵੇ ਸਬੰਧੀ ਦ੍ਰਿਸ਼ਟੀ ਭਗਤ ਬਾਣੀ ਵਿਚ ਪ੍ਰਾਪਤ ਹੈ। ਇਸ ਦਾ ਕਾਰਨ ਭਗਤ ਕਵੀਆਂ ਵਿਚੋਂ ਜ਼ਿਆਦਾਤਰ ਦਾ ਹਾਸ਼ੀਆਗਤ ਸ਼੍ਰੇਣੀਆਂ ਨਾਲ ਸਬੰਧਿਤ ਹੋਣਾ ਹੈ। ਆਪਣੇ ਜੀਵਨ ਅਨੁਭਵ ਵਿਚੋਂ ਪ੍ਰਾਪਤ ਤਜਰਬੇ ਦੇ ਆਧਾਰ ਤੇ ਸਹੀ ਸਮਝ ਦਾ ਵੇਰਵਾ ਭਗਤ ਕਵੀ ਆਪਣੀ ਰਚਨਾ ਵਿਚ ਪੇਸ਼ ਕਰਦੇ ਹਨ।

ਚੌਥੇ ਅਧਿਆਇ ਦਾ ਸਿਰਲੇਖ 'ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਭਗਤ-ਬਾਣੀ ਦਾ ਗਿਆਨ ਸ਼ਾਸਤਰੀ ਪਰਿਪੇਖ' ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਉੱਤਰ-ਆਧੁਨਿਕਤਾ ਦੀ ਸਭ ਤੋਂ ਵੱਡੀ ਜ਼ਰੂਰਤ ਬਹੁਸੱਭਿਆਚਾਰ ਵਿਚ ਅੰਤਰ ਧਰਮ ਸੰਵਾਦ ਦੀ ਹੈ। ਭਗਤ ਬਾਣੀ ਇਸੇ ਸੰਵਾਦ ਦੇ ਮਾਧਿਅਮ ਨੂੰ ਅਪਣਾ ਕੇ ਆਪਣਾ ਗਿਆਨ ਪ੍ਰਬੰਧ ਸਿਰਜਦੀ ਹੈ। ਅਧਿਆਤਮਿਕਤਾ ਦੇ ਸੰਦਰਭ ਵਿਚ ਕਰਮ, ਰਹੱਸਵਾਦ, ਸ੍ਰਿਸ਼ਟੀ, ਰੱਬ ਅਤੇ ਆਤਮਾ ਦਾ ਸੰਕਲਪ ਆ ਜਾਂਦੇ ਹਨ। ਇਹਨਾਂ ਸੰਕਲਪਾਂ ਸਬੰਧੀ ਭਗਤ ਬਾਣੀ ਵਿਲੱਖਣ ਢੰਗ ਨਾਲ ਸੰਵਾਦ ਰਚਾਉਂਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਉਪਰੋਕਤ ਸੰਕਲਪਾਂ ਨੂੰ ਸਮਝਣ ਲਈ ਭਗਤ ਬਾਣੀ ਮਾਡਲ ਪ੍ਰਸਤੁਤ ਕਰਦੀ ਹੈ। ਅਜੋਕੇ ਸਮੇਂ ਕੁਦਰਤ ਨਾਲ ਮਨੁੱਖੀ ਛੇੜਛਾੜ ਦਾ ਮਸਲਾ ਸਭ ਤੋਂ ਪ੍ਰਮੁੱਖਤਾ ਨਾਲ ਪੇਸ਼ ਹੋ ਰਿਹਾ ਹੈ। ਮਨੁੱਖ ਦੀ ਲਾਲਚੀ ਪ੍ਰਵਿਰਤੀ ਕਾਰਨ ਕੁਦਰਤੀ ਸਾਧਨਾ ਦੀ ਦੁਰਵਰਤੋਂ ਨਾਲ ਅਜਿਹਾ ਮਾਹੌਲ ਸਿਰਜ ਦਿੱਤਾ ਹੈ, ਜਿਸ ਦਾ ਬਹੁਤ ਭਾਰੀ ਖ਼ਮਿਆਜ਼ਾ ਭੁਗਤਣਾ ਪਵੇਗਾ। ਅਖੀਰ ਵਿਚ ਨੈਤਿਕ ਵਿਧਾਨ ਦੀ ਚਰਚਾ ਭਗਤ ਬਾਣੀ ਵਿਚਲੇ ਪ੍ਰਸੰਗ

ਤੋਂ ਕਰਕੇ ਇਹ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਮਨੁੱਖ ਲਈ ਸੁਝਾਏ ਮਾਡਲ ਦੀ ਉਪਯੋਗਤਾ ਉਪਰੋਕਤ ਸਾਰੇ ਸੰਕਲਪਾਂ ਦੀ ਪ੍ਰਾਪਤੀ ਲਈ ਨੈਤਿਕ ਨਜ਼ਰੀਏ ਕਿਸ ਪ੍ਰਕਾਰ ਸਾਰਥਿਕ ਹੋ ਸਕਦੀ ਹੈ। ਇਸ ਸਭ ਦੁਆਰਾ ਅਸੀਂ ਇਨ੍ਹਾਂ ਨਤੀਜਿਆਂ ਤੇ ਪੁੱਜਦੇ ਹਾਂ ਕਿ ਭਗਤ ਬਾਣੀ ਆਪਣੇ ਤੋਂ ਪੂਰਵ-ਕਾਲੀ ਅਤੇ ਸਮਕਾਲੀ ਸਥਿਤੀਆਂ ਪ੍ਰਤੀ ਸੰਵਾਦ ਦਾ ਰਸਤਾ ਅਪਣਾਉਂਦੀ ਹੈ। ਇਹ ਰਚਨਾ ਕੇਵਲ ਇਸ ਵਿਚਲੀਆਂ ਗ਼ਲਤ ਧਾਰਨਾਵਾਂ ਨੂੰ ਰੱਦਣ ਦਾ ਕਾਰਜ ਨਹੀਂ ਕਰਦੀ ਬਲਕਿ ਇਨ੍ਹਾਂ ਨੂੰ ਸਹੀ ਸੰਦਰਭ ਵਿਚ ਪੇਸ਼ ਕਰਨ ਦਾ ਕਾਰਜ ਵੀ ਕਰਦੀ ਹੈ। ਇਹ ਪੇਸ਼ਕਾਰੀ ਸੰਵਾਦਿਕ ਦ੍ਰਿਸ਼ਟੀਕੋਣ ਦੁਆਰਾ ਸਾਹਮਣੇ ਆਉਂਦੀ ਹੈ। ਅੱਜ ਦਾ ਸਮਾਂ ਵਿਸ਼ਵੀਕਰਨ ਦਾ ਯੁੱਗ ਹੈ। ਇਸ ਵਿਚਲੇ ਬਹੁਸੱਭਿਆਚਾਰਕ ਵਰਤਾਰੇ ਨਾਲ ਵਿਗਿਆਨ ਤਕਨਾਲੋਜੀ ਦੁਆਰਾ ਹਰ ਇਕ ਵਿਅਕਤੀ ਜੁੜਦਾ ਹੈ। ਇਸ ਕਾਰਨ ਅੱਜ ਬਹੁਸੱਭਿਆਚਾਰਕ ਸਮਾਜ ਵਿਚ ਧਰਮ ਦੇ ਆਧਾਰ ਤੇ ਪੂਰੀ ਦੁਨੀਆਂ ਵਿਚ ਆਤੰਕ ਫੈਲਾਉਣ ਦਾ ਕਾਰਜ ਕੀਤਾ ਜਾ ਰਿਹਾ ਹੈ। ਸਮੁੱਚੀ ਦੁਨੀਆਂ ਅੰਦਰ ਇਕ ਦੂਜੇ ਦੇ ਧਰਮ ਪ੍ਰਤੀ ਅਸਹਿਣਸ਼ੀਲਤਾ ਵਾਲਾ ਮਾਹੌਲ ਬਣਿਆ ਹੋਇਆ ਹੈ। ਕੁਦਰਤ ਆਪਣੇ ਵਿਰਾਟ ਰੂਪ ਵਿਚ ਮਨੁੱਖਤਾ ਨੂੰ ਉਸਦੀ ਹੋਂਦ ਬਾਰੇ ਸੁਚੇਤ ਕਰਨ ਲਈ ਆਪਣਾ ਰੁਦਰ ਰੂਪ ਦਿਖਾਉਂਦੀ ਹੈ। ਭਗਤ ਬਾਣੀ ਵਿਚ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਸਬੰਧੀ ਸੁਨੇਹਾ ਮਿਲਦਾ ਹੈ। ਨੈਤਿਕਤਾ ਦੇ ਸੰਕਲਪ ਨੂੰ ਸੰਕੀਰਨਤਾ ਦੀ ਥਾਂ ਵਿਸ਼ਾਲ ਅਰਥਾਂ ਵਿਚ ਇਹ ਰਚਨਾ ਵੇਖਦੀ ਹੈ। ਅਜੋਕੇ ਸਮੇਂ ਵਿਚ ਸਮਾਜ ਦਾ ਸਰੂਪ ਬਹੁਸੱਭਿਆਚਾਰ ਵਾਲਾ ਹੋ ਗਿਆ ਹੈ। ਅਜਿਹੇ ਸਮੇਂ ਵਿਚ ਪੈਦਾ ਆਪਸੀ ਵਿਵਾਦਾਂ ਦਾ ਹੱਲ ਨੈਤਿਕਤਾ ਦੇ ਦਾਇਰੇ ਵਿਚ ਵਿਚਰ ਕੇ ਸੰਵਾਦ ਦੁਆਰਾ ਸੰਭਵ ਹੋ ਸਕਦਾ ਹੈ। ਸਮਝਣ ਦੀ ਲੋੜ ਹੈ ਕਿ ਵੱਖਰਤਾਵਾਂ ਨੂੰ ਵਿਰੋਧਾਂ ਵਿਚ ਤਬਦੀਲ ਕਰਨ ਤੋਂ ਕਿਵੇਂ ਰੋਕਿਆ ਜਾਵੇ। ਭਗਤ ਬਾਣੀ ਇਸ ਸਭ ਨੂੰ ਸਹੀ ਪਰਿਪੇਖ ਵਿਚ ਸਮਝਣ ਵਿਚ ਇਕ ਮਹੱਤਵਪੂਰਨ ਰਚਨਾ ਦੇ ਰੂਪ ਵਿਚ ਸਨਮੁੱਖ ਹੈ। ਇਹ ਆਪਣੀ ਸੰਵਾਦਿਕ ਪਹੁੰਚ ਦੁਆਰਾ ਇਕ ਵਿਲੱਖਣ ਰਚਨਾ ਸੰਸਾਰ ਸਿਰਜਦੀ ਹੈ। ਇਸ ਦੁਆਰਾ ਅਜੋਕੇ ਸੰਸਾਰ ਵਿਚ ਮਨੁੱਖ ਮਾਤਰ ਤੋਂ ਲੈ ਕੇ ਸਮੁੱਚੀ ਕਾਇਨਾਤ ਨਾਲ ਸਹਿਹੋਂਦ ਦਾ ਵਾਤਾਵਰਣ ਸਿਰਜਣ ਵੱਲ ਵਧਿਆ ਜਾ ਸਕਦਾ ਹੈ।

ਪੰਜਵੇਂ ਅਧਿਆਇ ਦਾ ਸਿਰਲੇਖ 'ਭਗਤ ਬਾਣੀ ਵਿਚ ਪ੍ਰਸਤੁਤ ਸਾਹਿਤਿਕਤਾ' ਹੈ। ਜਿਸ ਨੂੰ ਬਹੁਪਰਤੀ ਭਾਸ਼ਾਈ ਮੁਹਾਵਰੇ ਦੁਆਰਾ ਅਰਥ ਵਿਭਿੰਨਤਾ ਦੇ ਦਾਇਰਿਆਂ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ। ਭਾਸ਼ਾ ਦੀ ਬਹੁਰੰਗੀ ਪੇਸ਼ਕਾਰੀ ਦੁਆਰਾ ਅਰਥਾਂ ਦੀ ਵਿਵਿਧਤਾ ਰਾਹੀਂ ਬਹੁਅਰਥੀ, ਬਹੁਪਰਤੀ ਭਾਵ ਲੋਕ ਦੀ ਸਿਰਜਣਾ ਕੀਤੀ ਗਈ ਹੈ। ਭਗਤ ਬਾਣੀ ਇਕ ਵਿਲੱਖਣ ਸਾਹਿਤਿਕ ਕਿਰਤ ਹੈ। ਇਸ ਅਧਿਆਇ ਵਿਚ ਭਾਸ਼ਾਈ ਪੱਖ ਤੋਂ ਇਸ ਦੀ ਬਹੁਪਰਤੀ ਅਰਥ ਸਮਰੱਥਾ ਸਬੰਧੀ ਚਰਚਾ ਕੀਤੀ ਗਈ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਸਾਹਿਤ ਨੂੰ ਕੇਵਲ ਮੰਡੀ ਨਾਲ ਜੋੜ ਕੇ ਵੇਖਣ ਦਾ ਰੁਝਾਨ ਸਾਹਮਣੇ ਆ ਰਿਹਾ ਹੈ। ਇਸ ਨੂੰ 'ਕਲਾ ਦਾ ਅੰਤ' ਜਾ 'ਕਲਾਕਾਰ ਦਾ ਅੰਤ' ਵਰਗੇ ਸੰਕਲਪਾਂ ਦੁਆਰਾ ਵੇਖਿਆ ਜਾ ਰਿਹਾ ਹੈ। ਇਸ ਸਥਿਤੀ ਵਿਚ ਸਥਾਨੀਕਰਨ ਅਤੇ ਅਲਪ ਰੂਪ ਕੇਂਦਰ ਵਿਚ ਆ ਰਹੇ ਹਨ। ਭਗਤ ਕਵੀਆਂ ਦੇ ਸਥਾਨਕ ਅਨੁਭਵ ਅਲਪ ਭਾਸ਼ਾਈ ਰੂਪਾਂ ਵਿਚ ਬੰਨ੍ਹੇ ਗਏ ਹਨ। ਭਗਤ ਬਾਣੀ ਵਿਚ ਪੇਸ਼ ਸਾਹਿਤ ਆਪਣੇ ਵਿਲੱਖਣ ਸੁਭਾਅ ਕਰਕੇ ਹਰ ਇਕ ਸਮੇਂ ਦਾ ਹਾਣੀ ਹੈ। ਇਸ ਵਿਚਲਾ ਸੁਹਜ ਜਿਸ ਵਿਚ ਸਾਹਿਤ ਦੇ ਸਾਰੇ ਤੱਤਾਂ ਦਾ ਸਮਾਵੇਸ਼ ਹੈ ਇਸ ਨੂੰ ਵਿਲੱਖਣ ਕਿਰਤ ਸਿੱਧ ਕਰਦਾ ਹੈ। ਇਸੇ ਦਾ ਸਿੱਟਾ ਹੈ ਕਿ ਭਗਤ ਬਾਣੀ ਵਿਵਿਧ ਭਾਸ਼ਾਵਾਂ ਦਾ ਮਿਸ਼ਰਣ ਦੁਆਰਾ ਆਪਣਾ ਬਹੁਪਰਤੀ ਸੰਦੇਸ਼ ਪ੍ਰਸਾਰਿਤ ਕਰਦੀ ਹੈ। ਇਸ ਵਿਚ ਪ੍ਰਚੱਲਿਤ ਲੋਕ ਭਾਸ਼ਾਵਾਂ ਦੇ ਸ਼ਬਦਾਂ ਦੀ ਭਰਮਾਰ ਹੈ। ਭਗਤ ਕਵੀ ਭਾਰਤ ਦੇ ਵੱਖ-ਵੱਖ ਇਲਾਕਿਆਂ ਨਾਲ ਸਬੰਧਿਤ ਹਨ। ਇਸ ਲਈ ਇਹ ਰਚਨਾ ਭਾਰਤ ਦੇ ਸਥਾਨਕ ਰੰਗਣ ਵਾਲੇ ਸੱਭਿਆਚਾਰ ਵਿਚ ਪ੍ਰਚੱਲਿਤ ਲੋਕ ਭਾਸ਼ਾਵਾਂ ਦਾ ਗੁਲਦਸਤਾ ਹੈ। ਇਸ ਵਿਚ ਭਾਸ਼ਾ ਦੀ ਮਿਠਾਸ ਦੇ ਨਾਲ ਨਾਲ ਭਾਵਾਂ ਦੀ ਰਵਾਨਗੀ ਵੀ ਹੈ। ਆਪਣੀ ਗੱਲ ਨੂੰ ਕਹਿਣ ਲਈ ਭਗਤ ਕਵੀਆਂ ਨੇ ਵਿਅੰਗਾਤਮਿਕ ਭਾਸ਼ਾ ਦਾ ਪ੍ਰਯੋਗ ਵੀ ਕੀਤਾ ਹੈ। ਇਸ ਵਿਚ ਯੋਗੀਆਂ, ਸੰਨਿਆਸੀਆਂ ਅਤੇ ਸਮਾਜ ਦੇ ਅਨੇਕ ਵਰਗਾਂ ਨਾਲ ਸਬੰਧਿਤ ਸ਼ਬਦਾਵਲੀ ਦੀ ਵਰਤੋਂ ਵੀ ਵਿਆਪਕ ਮਾਤਰਾ ਵਿਚ ਮਿਲਦੀ ਹੈ। ਭਾਰਤੀ ਕਾਵਿ ਸ਼ਾਸਤਰ ਵਿਚਲੀਆਂ ਸ਼ਬਦ ਸ਼ਕਤੀਆਂ ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਦਾ ਭਰਪੂਰ ਪ੍ਰਯੋਗ ਹੋਇਆ ਹੈ। ਅਰਬੀ ਫ਼ਾਰਸੀ ਅਤੇ ਇਤਿਹਾਸ ਮਿਥਿਹਾਸ ਨਾਲ ਸਬੰਧਿਤ ਸ਼ਬਦਾਵਲੀ ਦਾ ਵੀ ਪ੍ਰਯੋਗ ਕੀਤਾ ਮਿਲਦਾ ਹੈ। ਪੌਰਾਣਿਕ ਹਵਾਲੇ, ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਦਾ ਮੁਹਾਵਰੇਦਾਰ ਲਹਿਜ਼ਾ ਭਗਤ ਬਾਣੀ ਦੀ ਵਿਲੱਖਣਤਾ

ਸਿੱਧ ਕਰਦਾ ਹੈ। ਇਸ ਦੀ ਸ਼ਬਦਾਵਲੀ ਸਮਾਜ ਵਿਚਲੀ ਸਾਧਾਰਨਤਾ ਦੁਆਰਾ ਭਗਤ ਕਵੀਆਂ ਦੇ ਕਿੱਤੇ ਵਿਚਲੇ ਪ੍ਰਤੀਕਾਂ ਦੁਆਰਾ ਆਪਣੀ ਗੱਲ ਕਹਿੰਦੀ ਹੈ। ਭਗਤ ਬਾਣੀ ਸਨਾਤਨੀ ਸ਼ਬਦਾਵਲੀ ਤੋਂ ਲੈ ਕੇ ਆਮ ਲੋਕ ਭਾਸ਼ਾਵਾਂ ਦਾ ਗੁਲਦਸਤਾ ਹੈ। ਇਹ ਰਚਨਾ ਬਹੁਰੰਗੀ ਭਾਸ਼ਾ ਦਾ ਮੁਜੱਸਮਾ ਹੋਣ ਦੇ ਨਾਲ ਆਪਣੀ ਸਾਧਾਰਨਤਾ ਦਾ ਪੱਲਾ ਨਹੀਂ ਛੱਡਦੀ ਜੋ ਇਸ ਦੇ ਉੱਤਰ-ਆਧੁਨਿਕ ਪਰਿਪੇਖ ਦੀ ਨਿਸ਼ਾਨਦੇਹੀ ਕਰਦੀ ਹੈ। ਭਗਤ ਬਾਣੀ ਵਿਚ ਵੱਖ-ਵੱਖ ਕਾਵਿ ਰੂਪਾਂ ਜਿਨ੍ਹਾਂ ਵਿਚ ਸ਼ਲੋਕ, ਅਸ਼ਟਪਦੀ, ਥਿਤੀ, ਵਾਰ, ਬਾਵਨ ਅੱਖਰੀ ਆਦਿ ਨੂੰ ਆਪਣਾ ਮਾਧਿਅਮ ਬਣਾਉਂਦੀ ਹੈ। ਇਹ ਛੰਦ ਯੁਕਤ ਕਾਵਿ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਭਗਤ ਕਵੀਆਂ ਨੇ ਆਪਣੀ ਬਾਣੀ ਵਿਚ ਉਪਮਾ, ਰੂਪਕ, ਦ੍ਰਿਸ਼ਟਾਂਤ, ਲੋਕੋਕਤੀ, ਅਸੰਭਵ, ਵਿਰੋਧਾਭਾਸ, ਅਤਿਕਥਨੀ, ਵਿਸ਼ੇਸ਼ੋਕਤੀ, ਕਰਣਮਾਲਾ, ਅਨੁਪ੍ਰਾਸ, ਆਵ੍ਰਿਤਕ ਦੀਪਕ, ਪ੍ਰਸ਼ਨੋਤਰੀ ਅਲੰਕਾਰ ਵਰਤੇ ਹਨ। ਭਾਰਤੀ ਕਾਵਿ ਪਰੰਪਰਾ ਵਿਚ ਸੁਹਜ ਸੁਆਦ ਲਈ ਰਸ ਦੀ ਪ੍ਰਧਾਨਤਾ ਸਵੀਕਾਰੀ ਗਈ ਹੈ। ਭਗਤ ਬਾਣੀ ਵਿਚ ਸ਼ਿੰਗਾਰ ਰਸ (ਸੰਯੋਗ ਅਤੇ ਵਿਯੋਗ) ਦੀ ਵਰਤੋਂ ਮਿਲਦੀ ਹੈ ਅਤੇ ਹਾਸਰਸ, ਵੀਰ ਰਸ, ਅਦਭੁੱਤ ਰਸ, ਕਰੁਣਾ ਰਸ, ਭਿਆਨਕ ਰਸ, ਸ਼ਾਂਤ ਰਸ ਵੀ ਮਿਲਦੇ ਹਨ। ਇਸ ਤੋਂ ਇਲਾਵਾ ਰਾਗ, ਪ੍ਰਤੀਕ, ਬਿੰਬ (ਰੂਪ ਬਿੰਬ, ਸਪਰਸ਼ ਬਿੰਬ, ਗੰਧ ਬਿੰਬ, ਸ਼ਬਦ ਬਿੰਬ, ਨਾਦ ਬਿੰਬ) ਆਦਿਕ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਇਸ ਵਿਚਲੀ ਸ਼ੈਲੀਗਤ ਵਿਲੱਖਣਤਾ ਦੁਆਰਾ ਵੱਖ-ਵੱਖ ਸਾਹਿਤਿਕ ਗੁਣਾਂ, ਵਿਚਾਰ, ਸਪੱਸ਼ਟਤਾ, ਸੁਭਾਵਿਕਤਾ, ਸੰਜਮ, ਸੁੰਦਰਤਾ, ਲੈਅ, ਮੌਲਿਕਤਾ ਅਤੇ ਦੂਰਦਰਸ਼ਤਾ ਦੇ ਦਰਸ਼ਨ ਹੁੰਦੇ ਹਨ। ਇਸ ਵਿਚ ਆਪਣੇ ਅਨੁਭਵ ਨੂੰ ਸਹਿਜਤਾ, ਸੁਭਾਵਿਕਤਾ, ਮਿੱਠੀ ਬੋਲੀ, ਸੰਗੀਤ, ਤਾਲ, ਲੈਅ ਵਿਚ ਗੜੂੰਦ ਕਰਕੇ ਪੇਸ਼ ਕੀਤਾ ਗਿਆ ਹੈ। ਸਾਹਿਤ ਦਾ ਅੰਤਿਮ ਮਨੋਰਥ ਹੀ ਕਲਿਆਣਕਾਰੀ ਸਮਾਜ ਦੀ ਸਿਰਜਣਾ ਦਾ ਹੁੰਦਾ ਹੈ। ਇਸ ਨੂੰ ਭਗਤ ਬਾਣੀ ਸੁਹਜਮਈ ਢੰਗ ਨਾਲ ਸਾਕਾਰ ਕਰਦੀ ਪ੍ਰਤੀਤ ਹੁੰਦੀ ਹੈ। ਉੱਤਰ-ਆਧੁਨਿਕ ਪਰਿਪੇਖ ਵਿਚ ਮਨੁੱਖ ਦੇ ਕਲਾ ਅਤੇ ਸਾਹਿਤ ਪ੍ਰਤੀ ਸਥਾਈ ਭਾਵ ਨਹੀਂ ਬਦਲੇ ਹਨ। ਇਨ੍ਹਾਂ ਭਾਵਾਂ ਵਿਚ ਸੰਗੀਤਮਈ ਰਾਗਾਤਮਿਕਤਾ, ਸੁਹਜਮਈ ਵਰਣਨ, ਗਿਆਨਮਈ ਸਾਹਿਤ ਆਦਿ ਅੱਜ ਵੀ ਮਨੁੱਖ ਨੂੰ ਪ੍ਰਭਾਵਿਤ ਕਰਦੇ ਹਨ। ਭਗਤ ਬਾਣੀ ਵਿਚਲੀ ਸੰਗੀਤਮਈ ਰਾਗਾਤਮਿਕਤਾ, ਵਿਵਿਧਤਾ ਪੂਰਨ ਸਾਹਿਤਕ ਸੁਹਜ ਅਤੇ ਬਹੁਪੱਖੀ ਗਿਆਨ ਉੱਤਰ-ਆਧੁਨਿਕ ਪਰਿਪੇਖ ਵਿਚ

ਮਨੁੱਖਤਾ ਲਈ ਗ੍ਰਹਿਣਸ਼ੀਲ ਹੈ। ਇਸ ਲਈ ਭਗਤ ਬਾਣੀ ਵਿਚਲਾ ਸਾਹਿਤ ਬਹੁਰੰਗੀ ਭਾਸ਼ਾਈ ਅਰਥਾਂ ਦੀ ਅਮੀਰ ਵਿਰਾਸਤ ਦੇ ਰੂਪ ਵਿਚ ਸਨਮੁੱਖ ਹੁੰਦਾ ਹੋਇਆ ਆਪਣਾ ਮਹੱਤਵ ਸਥਾਪਿਤ ਕਰਦਾ ਹੈ। ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਕਾਰਾਂ ਤੇ ਭਗਤ ਬਾਣੀ ਦਾ ਪ੍ਰਭਾਵ ਮਿਲਦਾ ਹੈ। ਪੰਜਾਬੀ ਦੇ ਕਈ ਲੇਖਕਾਂ ਦੀਆਂ ਲਿਖਤਾਂ ਦੇ ਸਿਰਲੇਖ ਅਤੇ ਲਿਖਤਾਂ ਵਿਚਲੇ ਸੰਕਲਪਾਂ ਵਿਚ ਭਗਤ ਬਾਣੀ ਦਾ ਅਸਰ ਵੇਖਿਆ ਜਾ ਸਕਦਾ ਹੈ। ਇਸ ਗਿਆਨ ਦਾ ਪ੍ਰਭਾਵ ਲੱਗਭਗ ਹਰੇਕ ਲੇਖਕ ਨੇ ਕਬੂਲਿਆ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਉੱਤਰ-ਆਧੁਨਿਕ ਪਰਿਪੇਖ ਵਿਚ ਭਗਤ ਬਾਣੀ ਇਕ ਉੱਤਮ ਸਾਹਿਤਿਕ ਕ੍ਰਿਤ ਦੇ ਤੌਰ ਤੇ ਕਾਰਜਵੰਤ ਹੈ। ਇਹ ਉੱਤਰ-ਆਧੁਨਿਕਤਾ ਦੇ ਸੰਕਲਪਾਂ ਹਾਸ਼ੀਆਗਤ, ਸਥਾਨਕਤਾ, ਅਲਪਬ੍ਰਿਤਾਂਤ ਆਦਿ ਦੇ ਘੇਰੇ ਵਿਚ ਭਾਸ਼ਾਈ ਵਿਭਿੰਨਤਾਵਾਂ ਅਨੇਕਾਂਤ ਅਰਥੀ ਦਿਸ਼ਾ ਸਿਰਜਣਾ ਦੁਆਰਾ ਇਸ ਦੀ ਸਾਹਿਤਿਕਤਾ ਬਹੁਪਰਿਪੇਖੀ ਨਜ਼ਰੀਏ ਤੋਂ ਨਿਰਵਿਵਾਦ ਹੈ। ਇਸ ਲਈ ਉੱਤਰ-ਆਧੁਨਿਕ ਪਰਿਪੇਖ ਵਿਚ ਇਹ ਮੁੱਲਵਾਨ ਰਚਨਾ ਦੇ ਤੌਰ ਤੇ ਸਾਹਮਣੇ ਆਉਂਦੀ ਹੈ ਜਿਸ ਵਿਚਲਾ ਸਾਹਿਤ ਅਜੋਕੇ ਮਨੁੱਖ ਨੂੰ ਆਪਣੀ ਭਾਸ਼ਾ ਅਤੇ ਸੁਹਜ ਦੀ ਬਹੁਪਰਤੀ ਗ੍ਰਹਿਣਸ਼ੀਲਤਾ ਦੁਆਰਾ ਪ੍ਰਭਾਵਿਤ ਕਰਦਾ ਹੋਇਆ ਮਨੁੱਖਤਾ ਦੇ ਭਲੇ ਲਈ ਆਧਾਰ ਬਣ ਸਕਦਾ ਹੈ।

ਇਸ ਖੋਜ ਪ੍ਰਬੰਧ ਨੂੰ ਨੇਪਰੇ ਚਾੜ੍ਹਦਿਆਂ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਮਿਲਣਾ ਉੱਤਰ-ਆਧੁਨਿਕਤਾ ਦੇ ਸੰਕਲਪ ਅਲਪ ਬ੍ਰਿਤਾਤਾਂ ਦੀ ਪ੍ਰਮੁੱਖਤਾ ਪ੍ਰਗਟ ਕਰਦਾ ਹੈ। ਇਸੇ ਕਰਕੇ ਛੋਟੇ-ਛੋਟੇ ਕਾਵਿ ਰੂਪਾਂ ਅਤੇ ਸਥਾਨਕ ਰੰਗਣ ਦੀ ਇਸ ਰਚਨਾ ਨੂੰ ਉੱਤਰ-ਆਧੁਨਿਕ ਜ਼ਾਵੀਏ ਤੋਂ ਪਰਖਣ ਦੇ ਯਤਨ ਦਾ ਸਬੱਬ ਬਣਿਆ। ਉੱਤਰ-ਆਧੁਨਿਕਤਾ ਹਾਸ਼ੀਆਗਤ ਨੂੰ ਕੇਂਦਰ ਵਿਚ ਲਿਆਉਂਦੀ ਹੈ। ਭਗਤ ਕਵੀਆਂ ਵਿਚੋਂ ਬਹੁਤੇ ਕਵੀ ਹਾਸ਼ੀਆਗਤ ਸ਼੍ਰੇਣੀਆਂ ਨਾਲ ਸਬੰਧਿਤ ਹਨ ਅਤੇ ਹਾਸ਼ੀਆਕ੍ਰਿਤ ਸਮੂਹਾਂ ਦੀਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਸਮੱਸਿਆਵਾਂ ਨੂੰ ਸੰਬੋਧਨੀ ਸੁਰ ਪ੍ਰਦਾਨ ਕਰਦੇ ਹਨ। ਇਸ ਕਰਕੇ ਇਨ੍ਹਾਂ ਦੀ ਰਚਨਾ ਨੂੰ ਪ੍ਰਮੁੱਖਤਾ ਦੇਣਾ ਵੀ ਇਸ ਰਚਨਾ ਨੂੰ ਸਮਕਾਲੀ ਸਮੇਂ ਵਿਚਲੀ ਸਾਰਥਿਕਤਾ ਪ੍ਰਤੀ ਉਤਸੁਕਤਾ ਦਾ ਕਾਰਨ ਬਣਦਾ ਹੈ। ਇਸ ਸਮੁੱਚੀ ਰਚਨਾ ਵਿਚ ਸਮਕਾਲੀ ਅਤੇ ਪੂਰਬਲੇ ਮਹਾਂਬ੍ਰਿਤਾਤਾਂ ਵਿਚਲੇ ਗਿਆਨ ਪ੍ਰਬੰਧਾਂ ਨਾਲ

ਸਾਰਥਿਕ ਸੰਵਾਦ ਰਚਾਇਆ ਗਿਆ ਹੈ। ਇਸ ਵਿਚਲੇ ਸੰਕਲਪ ਉੱਤਰ-ਆਧੁਨਿਕ ਚਿੰਤਕਾਂ ਦੁਆਰਾ ਸਥਾਪਿਤ ਮਾਨਤਾਵਾਂ ਨੂੰ ਵਿਲੱਖਣਤਾ ਨਾਲ ਪ੍ਰਗਟਾਉਂਦੇ ਹਨ। ਸਭ ਤੋਂ ਵਿਚਾਰਨਯੋਗ ਨੁਕਤਾ ਇਹ ਹੈ ਕਿ ਭਗਤ ਬਾਣੀ ਸਾਹਿਤ ਅਤੇ ਸਮਾਜ ਦੇ ਵੱਖ-ਵੱਖ ਸਮਿਆਂ ਵਿਚ ਨਿਰੂਪਿਤ ਸੰਕਲਪਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਭਗਤ ਬਾਣੀ ਅਧਿਆਤਮਕ ਰਚਨਾ ਹੋਣ ਦੇ ਨਾਲ-ਨਾਲ ਇੱਕ ਸਾਹਿਤਿਕ, ਸਮਾਜਕ ਅਤੇ ਸੱਭਿਆਚਾਰਕ ਧਰੋਹਰ ਵੀ ਹੈ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਕੇ ਇਸ ਵਿਚਲੇ ਗਿਆਨ ਪ੍ਰਬੰਧ ਨੂੰ ਸਹੇਜਣ ਦਾ ਕਾਰਜ ਗੁਰੂ ਸਾਹਿਬਾਨ ਵੱਲੋਂ ਕੀਤਾ ਗਿਆ ਹੈ। ਇਸ ਵਿਚਲੇ ਮਾਡਲ ਜਿਸ ਵਿਚ ਸਮਾਜਿਕ ਨਿਆਂ, ਬਹੁਸੱਭਿਆਚਾਰ ਵਿਚ ਅੰਤਰ ਧਰਮ ਸੰਵਾਦ, ਵਿਸ਼ਵੀ ਭਾਈਚਾਰਾ, ਸਰਵ-ਸਾਂਝੀਵਾਲਤਾ, ਮਾਨਵੀ ਅਧਿਕਾਰ, ਸੰਤੁਲਿਤ ਇਨਸਾਨੀ ਸੋਚ ਅਤੇ ਕੁਦਰਤ ਦੀ ਸਾਂਭ-ਸੰਭਾਲ ਆਦਿ ਸਮੁੱਚੇ ਸੰਸਾਰ ਲਈ ਭਲੇ ਦਾ ਮਾਰਗ ਦਿਖਾਉਂਦੇ ਹਨ। ਨਿਸ਼ਚੇ ਹੀ ਅਜਿਹੀ ਰਚਨਾ ਨੂੰ ਨਿਰੰਤਰ ਬਹੁ-ਦਿਸ਼ਾਵੀ ਜ਼ਾਵੀਆਂ ਤੋਂ ਪਰਖਿਆ ਜਾਣਾ ਚਾਹੀਦਾ ਹੈ।

# ਪੁਸਤਕ ਸੂਚੀ

**ਮੁੱਢਲੇ ਸਰੋਤ (Primary Sources)**


*ਸ੍ਰੀ ਗੁਰੂ ਗ੍ਰੰਥ ਸਾਹਿਬ.* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.

*ਪੋਥੀ ਭਗਤ ਬਾਣੀ.* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.


**ਸਹਾਇਕ ਪੁਸਤਕਾਂ (Secondary Sources) :-**


ਅਤਰ ਸਿੰਘ. *ਸਮਦਰਸ਼ਨ.* ਲਾਹੌਰ ਬੁੱਕ ਸ਼ਾਪ, 1982.

- - -. *ਕਾਵਿ ਅਧਿਐਨ.* ਲੋਕਗੀਤ ਪ੍ਰਕਾਸ਼ਨ, 1990.

ਆਚਾਰੀਆ, ਮਦਨ ਗੋਪਾਲ (ਡਾ.). *ਆਦਿ ਗ੍ਰੰਥ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ.* ਭਾਸ਼ਾ ਵਿਭਾਗ ਪੰਜਾਬ, 2001.

ਅਨੂਪ ਸਿੰਘ (ਡਾ.). *ਗੁਰੂ ਗ੍ਰੰਥ ਸਾਹਿਬ : ਸਿਧਾਂਤ ਤੇ ਸਰੋਕਾਰ.* ਯੂਨੀਸਟਾਰ ਬੁੱਕਸ, 2011.

ਅਰਸ਼ੀ, ਗੁਰਚਰਨ ਸਿੰਘ (ਡਾ.). *ਸਮੀਖਿਆ ਦ੍ਰਿਸ਼ਟੀਆਂ.* ਆਰਸੀ ਪਬਲਿਸ਼ਰਜ਼, 1996.

- - -. *ਸਿਧਾਂਤ ਚਿੰਤਨ : ਅਸਿਤਿਤਵ ਤੋਂ ਵਿਰਚਨਾ ਤੱਕ.* ਆਰਸੀ ਪਬਲਿਸ਼ਰਜ਼, 1996.

ਸਹਿਗਲ, ਮਨਮੋਹਨ (ਡਾ.). *ਗੁਰੂ ਗ੍ਰੰਥ ਸਾਹਿਬ : ਇਕ ਸੱਭਿਆਚਾਰਕ ਸਰਵੇਖਣ.* ਭਾਸ਼ਾ ਵਿਭਾਗ, 1987.

ਸਵਰਨ ਚੰਦਨ. *ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ.* ਨੈਸ਼ਨਲ ਬੁੱਕ ਸ਼ਾਪ, 1996.

ਸਾਹਿਬ ਸਿੰਘ. (ਪ੍ਰੋ.). *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ.* ਰਾਜ ਪਬਲਿਸ਼ਰਜ, 1983.

- - -. *ਗੁਰਬਾਣੀ ਇਤਿਹਾਸ ਬਾਰੇ ਕੁਝ ਹੋਰ ਧਾਰਮਿਕ ਲੇਖ.* ਸਿੰਘ ਬ੍ਰਦਰਜ਼, 1978.

- - -. *ਗੁਰਬਾਣੀ ਵਿਆਕਰਣ.* ਸਿੰਘ ਬ੍ਰਦਰਜ਼, 1979.

- - -. *ਭਗਤ ਬਾਣੀ ਸਟੀਕ.* ਸਿੰਘ ਬ੍ਰਦਰਜ਼, 2013.

ਸੇਵਾ ਸਿੰਘ. (ਸੰਪਾ.). *ਕਬੀਰ ਬਾਣੀ ਪਾਠ ਤੇ ਪ੍ਰਸੰਗ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 1998.

ਸਿਨਹਾ, ਜੇ. ਐਨ. *ਨੀਤੀ ਸ਼ਾਸਤਰ.* ਪ੍ਰਕਾਸ਼ ਨਾਥ ਐਂਡ ਕੰਪਨੀ, 1964.

ਸਿੰਗਲ, ਧਰਮ ਪਾਲ (ਡਾ.). *ਬਾਣੀ ਸ੍ਰੀ ਗੁਰੂ ਰਵਿਦਾਸ ਜੀ.* ਪੰਜਾਬ ਯੂਨੀਵਰਸਿਟੀ, 1986.

ਸ਼ੇਰ ਸਿੰਘ (ਪ੍ਰੋ.). *ਗੁਰਮਤਿ ਦਰਸ਼ਨ.* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010.

ਸੰਧੂ, ਸਤਿਨਾਮ ਸਿੰਘ (ਡਾ.). *ਸਾਹਿਤ ਦੀ ਹੋਂਦ ਵਿਧੀ.* ਪੰਜਾਬ ਹੈਰੀਟੇਜ਼ ਪਬਲੀਕੇਸ਼ਨ, 2008.

- - -. *ਕਾਵਿ ਯਥਾਰਥ.* ਮਦਾਨ ਪਬਲਿਸ਼ਰਜ਼, 1994.

ਸੁਖਵਿੰਦਰ ਸਿੰਘ (ਡਾ.). *ਸਾਹਿਤ ਵਿਧਾਨ.* ਸੁੰਦਰ ਬੁੱਕ ਡਿਪੂ, 2005.

ਸੰਧੂ, ਗੁਰਪਾਲ ਸਿੰਘ (ਡਾ.). *ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ.* ਲੋਕਗੀਤ ਪ੍ਰਕਾਸ਼ਨ, 2006.

ਸਿੱਧੂ, ਗੁਰਮੀਤ ਸਿੰਘ (ਡਾ.). *ਧਰਮ : ਆਧੁਨਿਕ ਅਤੇ ਉਤਰ ਆਧੁਨਿਕ ਸਿਧਾਂਤ.* ਗੁਰਗਿਆਨ ਬੁਕਸ, 2014.

ਸੇਖੋਂ, ਸੰਤ ਸਿੰਘ. *ਸਮੀਖਿਆ ਪ੍ਰਣਾਲੀਆਂ.* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1975.

- - -. *ਸਾਹਿਤਿਆਰਥ.* ਲਾਹੌਰ ਬੁੱਕ ਸ਼ਾਪ, 1957.

ਸਰਬਜੀਤ ਸਿੰਘ (ਡਾ.). *ਦਲਿਤ ਦ੍ਰਿਸ਼ਟੀ* ਚੇਤਨਾ ਪ੍ਰਕਾਸ਼ਨ, 2004.

ਸਾਵਿੰਦਰਜੀਤ ਕੌਰ. *ਸਮਾਜ ਵਿਗਿਆਨ ਨਾਲ ਜਾਣ-ਪਛਾਣ.* ਪੰਜਾਬੀ ਯੂਨੀਵਰਸਿਟੀ, 1994.

ਹਰਪ੍ਰੀਤ ਕੌਰ. *ਨਾਰੀਵਾਦ.* ਲੋਕਗੀਤ ਪ੍ਰਕਾਸ਼ਨ, 2003.

ਹਰਿਭਜਨ ਸਿੰਘ. *ਸਾਹਿਤ ਵਿਗਿਆਨ.* ਨਵਚੇਤਨ ਪਬਲਿਸ਼ਰਜ਼, 1978.

- - -. *ਮੁੱਲ ਤੇ ਮੁੱਲੰਕਣ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 2010.

ਹਰਜੋਤ ਕੌਰ (ਡਾ.). *ਗੁਰਮਤਿ ਦੇ ਪ੍ਰਮੁੱਖ ਸੰਕਲਪ.* ਗੁਰਮਤਿ ਪ੍ਰਕਾਸ਼ਨ, 2010.

ਬੇਦੀ, ਹਰਮਿੰਦਰ ਸਿੰਘ. *ਗੁਰੂ ਨਾਨਕ ਬਾਣੀ ਅਤੇ ਭਾਰਤੀ ਸੰਸਕ੍ਰਿਤੀ.* ਜਸਮੀਤ ਸਾਹਿਤ ਪ੍ਰਕਾਸ਼ਨ, 1993.

ਕਰਮ ਸਿੰਘ. *ਮੱਧਕਾਲੀਨ ਪੰਜਾਬ ਦੀ ਧਰਮ ਚੇਤਨਾ.* ਭਾਸ਼ਾ ਵਿਭਾਗ ਪੰਜਾਬ, 2002.

ਕਰਤਾਰ ਸਿੰਘ (ਪ੍ਰੋ.). *ਨਵੀਨ ਪੰਜਾਬੀ ਪਿੰਗਲ.* ਲਾਹੌਰ ਬੁੱਕ ਸ਼ਾਪ, 1978.

ਕਲਸੀਆ, ਕ੍ਰਿਸ਼ਨਾ (ਡਾ). *ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ.* ਭਾਸ਼ਾ ਵਿਭਾਗ ਪੰਜਾਬ, 1992.

ਕਾਂਗ, ਜਸਪਾਲ ਕੌਰ (ਡਾ.) ਅਤੇ ਬਲਜੀਤ ਕੌਰ. *ਬਾਣੀ ਸੰਵੇਦਨਾ.* ਨਾਨਕ ਸਿੰਘ ਪੁਸਤਕਮਾਲਾ, 2007.

ਕਾਨ੍ਹ ਸਿੰਘ ਨਾਭਾ(ਭਾਈ). *ਮਹਾਨ ਕੋਸ਼.* ਭਾਸ਼ਾ ਵਿਭਾਗ, 1984.

ਕੇਸਰ, ਜਸਬੀਰ. (ਸੰਪਾ.). *ਕਾਵਿ ਚਿੰਤਨ,* ਲੋਕ ਗੀਤ ਪ੍ਰਕਾਸ਼ਨ, 2006.

ਕੇਸਰ ਸਿੰਘ ਕੇਸਰ (ਡਾ.). *ਖੋਜ ਚਿੰਤਨ.* ਲੋਕ ਗੀਤ ਪ੍ਰਕਾਸ਼ਨ, 2013.

ਕਿਸ਼ਨ ਸਿੰਘ, (ਪ੍ਰੋ.). *ਸਾਹਿਤ ਦੀ ਸਮਝ.* ਸੇਧ ਪ੍ਰਕਾਸ਼ਨ, 1977.

- - -. *ਸਿੱਖ ਲਹਿਰ.* ਆਰਸੀ ਪਬਲੀਕੇਸ਼ਨਜ਼, 1978.

ਕੋਹਲੀ, ਸੁਰਿੰਦਰ ਸਿੰਘ. (ਸੰਪਾ.) *ਗੁਰਬਾਣੀ ਅਖਾਣ ਤੇ ਅਖੌਤਾਂ.* ਭਾਸ਼ਾ ਵਿਭਾਗ, ਪੰਜਾਬ, 1972.

ਕੁਲਵੰਤ ਸਿੰਘ (ਡਾ.). *ਭਗਤੀ ਸਾਹਿਤ : ਪਰੰਪਰਾ ਅਤੇ ਪ੍ਰਵਾਹ,* ਰਵੀ ਸਾਹਿਤ ਪ੍ਰਕਾਸ਼ਨ, 2014.

ਕੁਟੀਮਣੀ, ਟੀ.ਵੀ (ਡਾ.) *ਭਾਰਤੀਯ ਦਲਿਤ ਸਾਹਿਤਯ-ਏਕ ਪਰਿਚਯ.* ਵਾਲਮੀਕ ਪ੍ਰਕਾਸ਼ਨ, 2002.

ਗਿੱਲ, ਮਹਿੰਦਰ ਕੌਰ (ਡਾ.).*ਆਦਿ ਗ੍ਰੰਥ ਲੋਕ ਰੂਪ.* ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟਰੀਅਲ ਸੋਸਾਇਟੀ, 1980.

- - -. *ਬਾਣੀਸਾਰ.* ਨਵਯੁੱਗ ਪਬਲਿਸ਼ਰਜ਼, 1989.

- - -. *ਬਾਣੀ ਜਸ.* ਐਚ. ਕੇ. ਪ੍ਰਕਾਸ਼ਨ, 2014.

- - -. *ਬਾਣੀ ਰੂਪ ਪ੍ਰਬੰਧ.* ਨੈਸ਼ਨਲ ਬੁੱਕ ਸ਼ਾਪ, 1991.

- - -. *ਬਾਣੀ ਵਿਵੇਚਨ.* ਆਰਸੀ ਪਬਲਿਸ਼ਰਜ਼, 1995.

ਗਿਆਨੀ ਗੁਰਦਿੱਤ ਸਿੰਘ. *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ : ਭਗਤ ਬਾਣੀ ਭਾਗ* ਸਾਹਿਤ ਪ੍ਰਕਾਸ਼ਨ, 2000.

ਗੁਰਚਰਨ ਸਿੰਘ. *ਆਦਿ ਗ੍ਰੰਥ-ਸ਼ਬਦ ਅਨੁਕ੍ਰਮਣਿਕਾ (ਭਾਗ 1-11)*. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1971.

ਗੁਰਭਗਤ ਸਿੰਘ (ਡਾ.). ਉਤਰ ਆਧੁਨਿਕਤਾਵਾਦ, ਮਦਾਨ ਪਬਲੀਕੇਸ਼ਨ, 2000.

- - -. *ਕਾਵਿ ਸ਼ਾਸਤਰ : ਦੇਹ ਅਤੇ ਕ੍ਰਾਂਤੀ*. ਵਿਚਾਰ ਪ੍ਰਕਾਸ਼ਨ, 1995.

- - -. *ਯੱਕ ਦੈਰਿਦਾ ਡੀਕੰਸਟਰਕਸ਼ਨ ਅਤੇ ਪੰਜਾਬੀ ਪਰਿਪੇਖ*. ਪੰਜਾਬੀ ਅਕਾਦਮੀ, 2009.

- - -. *ਵਿਸਮਾਦੀ ਪੂੰਜੀ : ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ*. ਸਿੰਘ ਬ੍ਰਦਰਜ਼, 2010.

- - -. *ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ*. ਗੁਰੂ ਨਾਨਕ ਦੇਵ ਯੂਨੀਵਰਸਿਟੀ, 2015.

ਘੁੰਮਣ, ਬਿਕਰਮ ਸਿੰਘ (ਡਾ.) ਅਤੇ ਡਾ. ਹਰਿਭਜਨ ਸਿੰਘ ਭਾਟੀਆ (ਸੰਪਾ:). *ਪੰਜਾਬੀ ਸਾਹਿਤ ਦੀ ਇਤਿਹਾਸਕਾਰੀ*. ਗੁਰੂ ਨਾਨਕ ਦੇਵ ਯੂਨੀਵਰਸਿਟੀ, 1992.

ਚਾਵਲਾ, ਹਰਬੰਸ ਸਿੰਘ. *ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਚਿੱਤਰ*. ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, 1990.

ਜਸਵਿੰਦਰ ਸਿੰਘ (ਡਾ.). *ਪੰਜਾਬੀ ਸਭਿਆਚਾਰ : ਪਛਾਣ ਚਿੰਨ*. ਪੁਨੀਤ ਪ੍ਰਕਾਸ਼ਨ, 1989.

ਜਗਬੀਰ ਸਿੰਘ (ਡਾ.). *ਪੱਛਮੀ ਸਾਹਿਤ ਸਿਧਾਂਤ ਅਤੇ ਭਾਰਤੀ ਕਾਵਿ ਸ਼ਾਸਤਰ*. ਪੰਜਾਬੀ ਯੂਨੀਵਰਸਿਟੀ, 2012.

- - -. *ਪੰਜਾਬੀ ਸਾਹਿੱਤ ਦਾ ਇਤਿਹਾਸ* (ਆਦਿ ਕਾਲ-ਭਗਤੀ ਕਾਲ) ਗੁਰੂ ਨਾਨਕ ਦੇਵ ਯੂਨੀਵਰਸਿਟੀ, 1993.

- - -. (ਅਨੁ.), ਗੋਪੀ ਚੰਦ ਨਾਰੰਗ. *ਸੰਰਚਨਾਵਾਦ ਉਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ*. ਸਾਹਿਤ ਅਕਾਦਮੀ, 2012.

ਜੱਗੀ, ਰਤਨ ਸਿੰਘ (ਡਾ.). *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*. ਪੰਜਾਬੀ ਯੂਨੀਵਰਸਿਟੀ, 2008.

- - -. *ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ*. ਆਰਸੀ ਪਬਲਿਸ਼ਰਜ਼, 2009.

- - -. *ਗੁਰੂ ਨਾਨਕ ਦੀ ਵਿਚਾਰਧਾਰਾ*. ਨਵਯੁੱਗ ਪਬਲਿਸ਼ਰਜ਼, 1969.

ਜੱਗੀ, ਗੁਰਸ਼ਰਨ ਕੌਰ (ਡਾ.). *ਗੁਰਬਾਣੀ ਦੀ ਕੁੰਜੀ : ਵਾਰਾਂ ਭਾਈ ਗੁਰਦਾਸ ਸਟੀਕ*. ਆਰਸੀ ਪਬਲਿਸ਼ਰਜ਼, 2010.

ਜੋਧ ਸਿੰਘ (ਭਾਈ.). *ਬਾਣੀ ਭਗਤ ਕਬੀਰ ਜੀ ਕੀ ਸਟੀਕ*. ਪੰਜਾਬੀ ਯੂਨੀਵਰਸਿਟੀ, 1999.

ਤਾਰਨ ਸਿੰਘ (ਡਾ.). *ਸਿੱਖ ਧਰਮ ਦੇ ਰਹੱਸ ਅਤੇ ਰਮਜ਼*. ਫਕੀਰ ਸਿੰਘ ਐਂਡ ਸੰਨਜ਼, 1965.

- - -. *ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ*. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1963.

ਥਿੰਦ, ਬਲਵਿੰਦਰ ਸਿੰਘ (ਡਾ.). *ਮੱਧਕਾਲੀ ਪੰਜਾਬੀ ਸਾਹਿਤ ਸਮੀਖਿਆ (ਗੁਰਮਤਿ ਵਿਚਾਰਧਾਰਾ ਦੇ ਪ੍ਰਸੰਗ ਵਿਚ)*. ਸਪਤਰਿਸ਼ੀ ਪਬਲੀਕੇਸ਼ਨ, 2016.

ਧਰਮ ਸਿੰਘ (ਡਾ.). *ਪੰਜਾਬੀ ਖੋਜ ਸੰਦਰਭ*. ਰਵੀ ਸਾਹਿਤ ਪ੍ਰਕਾਸ਼ਨ, 2015.

- - -. *ਮੱਧਕਾਲੀਨ ਪੰਜਾਬੀ ਸਾਹਿਤ : ਤੱਥ ਅਤੇ ਸਰੋਤ*. ਰਵੀ ਸਾਹਿਤ ਪ੍ਰਕਾਸ਼ਨ, 1998.

ਧਾਲੀਵਾਲ, ਸੁਰਜੀਤ ਸਿੰਘ (ਡਾ.). *ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤੀ ਅਤੇ ਸਰੂਪ*. ਯੂਨੀਸਟਾਰ ਬੁੱਕਸ, 2009.

ਧੀਰ, ਕੁਲਦੀਪ ਸਿੰਘ (ਡਾ.). *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨਕ ਅੰਤਰ ਦ੍ਰਿਸ਼ਟੀਆਂ*. ਪੰਜਾਬੀ ਯੂਨੀਵਰਸਿਟੀ, 2015.

- - -. *ਤੁਲਨਾਤਮਕ ਸਾਹਿਤ : ਸਿਧਾਂਤ ਤੇ ਵਿਹਾਰ*. ਪੰਜਾਬੀ ਯੂਨੀਵਰਸਿਟੀ, 1995.

ਨੂਰ, ਸਤਿੰਦਰ ਸਿੰਘ ਤੇ ਬੱਤਰਾ. *ਉਤਰ ਆਧੁਨਿਕਤਾ : ਕਲਾ ਤੇ ਸਾਹਿਤ*. ਪੰਜਾਬੀ ਅਕਾਦਮੀ, 1998.

ਨਿਰਾਕਾਰੀ, ਆਰ. ਡੀ. (ਡਾ.). *ਉਪਨਿਸ਼ਦ ਵਿਦਿਆ*. ਲੋਕਗੀਤ ਪ੍ਰਕਾਸ਼ਨ, 2003.

- - -. *ਉਪਨਿਸ਼ਦ ਕਥਾਵਾਂ*. ਲੋਕਗੀਤ ਪ੍ਰਕਾਸ਼ਨ, 2004.

- - -. *ਗਿਆਨ ਗੰਗਾ* ਲੋਕਗੀਤ ਪ੍ਰਕਾਸ਼ਨ, 2008.

- - -. *ਰਿਗਵੇਦ : ਰਿਸ਼ੀ ਸੰਵਾਦ ਛੇਵਾਂ ਅਤੇ ਸੱਤਵਾਂ ਮੰਡਲ*. ਲੋਕਗੀਤ ਪ੍ਰਕਾਸ਼ਨ, 2003.

- - -. *ਵੈਦਿਕ ਸ਼ਾਸਤਰ.* ਲੋਕਗੀਤ ਪ੍ਰਕਾਸ਼ਨ, 2005.

ਨਿਰਭੈ ਸਿੰਘ. *ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ.* ਪੰਜਾਬੀ ਯੂਨੀਵਰਸਿਟੀ, 1998.

ਪਦਮ, ਪਿਆਰਾ ਸਿੰਘ. *ਆਦਿ ਗ੍ਰੰਥ ਦਰਸ਼ਨ.* ਕਲਮ ਮੰਦਰ, 1969.

- - -. *ਗੁਰੂ ਗ੍ਰੰਥ ਵਿਚਾਰ ਕੋਸ਼.* ਪੰਜਾਬੀ ਯੂਨੀਵਰਸਿਟੀ, 1969.

ਪਿਆਰਾ ਸਿੰਘ (ਪ੍ਰੋ.). *ਮੱਧਕਾਲੀਨ ਪੰਜਾਬੀ ਕਵਿਤਾ : ਸਿਧਾਂਤ ਇਤਿਹਾਸ ਅਤੇ ਪ੍ਰਵਿਰਤੀਆਂ.* ਨਿਊ ਬੁੱਕ ਕੰਪਨੀ, 1986.

ਪ੍ਰੇਮ ਪ੍ਰਕਾਸ਼ ਸਿੰਘ (ਪ੍ਰੋ.). *ਭਾਰਤੀ ਕਾਵਿ ਸ਼ਾਸਤਰ.* ਲਾਹੌਰ ਬੁੱਕ ਸ਼ਾਪ, 1976.

ਪ੍ਰੀਤਮ ਸਿੰਘ (ਪ੍ਰੋ.). *ਸਿੱਖ ਵਿਚਾਰਧਾਰਾ.* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1989.

ਪੁੰਨੀ, ਅਮਰੀਕ ਸਿੰਘ. *ਸਾਹਿਤ, ਸਿਧਾਂਤ ਤੇ ਸਮੀਖਿਆ.* ਨਵਚਿੰਤਨ ਪ੍ਰਕਾਸ਼ਨ, 1993.

- - -. *ਸਿਰਜਣਾ ਤੇ ਸਮੀਖਿਆ.* ਵਰਤਮਾਨ ਪ੍ਰਕਾਸ਼ਨ, 1976.

ਬਲਕਾਰ ਸਿੰਘ. *ਗੁਰਮਤਿ ਵਿਵੇਚਨ.* ਪੰਜਾਬੀ ਯੂਨੀਵਰਸਿਟੀ, 1995.

ਬ੍ਰਹਮ ਜਗਦੀਸ਼ ਸਿੰਘ(ਡਾ.). *ਗੁਰੂ ਨਾਨਕ ਬਾਣੀ ਅਤੇ ਸੰਤ ਬਾਣੀ ਇਕ ਅਧਿਐਨ.* ਰੂਹੀ ਪ੍ਰਕਾਸ਼ਨ, 1996.

ਬਾਜਵਾ, ਮਲਕੀਤ ਸਿੰਘ. *ਮੱਧਕਾਲੀ ਪੰਜਾਬੀ ਕਾਵਿ.* ਲੋਕਗੀਤ ਪ੍ਰਕਾਸ਼ਨ, 2005.

ਬਾਜਵਾ, ਸੁਖਵਿੰਦਰ ਕੌਰ (ਡਾ.). *ਉਤਰ ਆਧੁਨਿਕਤਾਵਾਦ ਅਤੇ ਗੁਰਬਾਣੀ.* ਲੋਕਗੀਤ ਪ੍ਰਕਾਸ਼ਨ, 2008.

ਬੇਦੀ, ਹਰਮਿੰਦਰ ਸਿੰਘ. *ਗੁਰੂ ਨਾਨਕ ਬਾਣੀ ਅਤੇ ਭਾਰਤੀ ਸੰਸਕ੍ਰਿਤੀ.* ਜਸਮੀਤ ਸਾਹਿਤ ਪ੍ਰਕਾਸ਼ਨ, 1993.

ਭੀਮਇੰਦਰ ਸਿੰਘ (ਡਾ.). *ਮਾਰਕਸਵਾਦ, ਨਵ ਮਾਰਕਸਵਾਦ ਅਤੇ ਉਤਰ-ਆਧੁਨਿਕਤਾਵਾਦ.* ਤਰਕਭਾਰਤੀ ਪ੍ਰਕਾਸ਼ਨ, 2004.

ਭੱਟੀ, ਸੁਰਜੀਤ ਸਿੰਘ (ਡਾ.). *ਵਾਦ ਚਿੰਤਨ.* ਚੇਤਨਾ ਪ੍ਰਕਾਸ਼ਨ, 2010.

ਮਨਮੋਹਨ (ਡਾ.). ਦੈਰੀਦੀਅਨ ਵਿਖੰਡਨ ਤੇ ਭਾਰਤੀ ਗਿਆਨ ਸ਼ਾਸਤਰ. ਪੰਜਾਬੀ ਸੱਭਿਆਚਾਰ ਕੇਂਦਰ, 2006.

ਮਨਮੋਹਨ ਸਿੰਘ (ਡਾ.). *ਭਗਤੀ ਸਿਧਾਂਤ ਦੇ ਆਧਾਰ ਸ੍ਰੋਤ.* ਪੰਜਾਬੀ ਯੂਨੀਵਰਸਿਟੀ, 1991.

ਮਨਜੀਤ ਸਿੰਘ (ਡਾ.). *ਵਿਸ਼ਵੀਕਰਨ : ਸਾਹਿਤਿਕ ਪ੍ਰਤਿਉੱਤਰ.* ਆਰਸੀ ਪਬਲਿਸ਼ਰਜ, 2007.

ਮਾਨ, ਸਰਬਜੀਤ ਸਿੰਘ (ਡਾ.). *ਮੱਧਕਾਲੀਨ ਪੰਜਾਬੀ ਕਾਵਿ ਸਮੀਖਿਆ.* ਅਲਕਾ ਸਾਹਿਤ ਸਦਨ, 2006.

ਰਾਜਿੰਦਰਪਾਲ ਸਿੰਘ (ਡਾ.). *ਉਤਰ ਆਧੁਨਿਕਤਾ.* ਪੰਜਾਬੀ ਯੂਨੀਵਰਸਿਟੀ, 2011.

- - -. *ਭਾਰਤੀ ਦਰਸ਼ਨ : ਵਿਗਿਆਨਿਕ ਅਧਿਐਨ.* ਲੋਕਗੀਤ ਪ੍ਰਕਾਸ਼ਨ, 2012.

ਰੰਧਾਵਾ, ਆਤਮ (ਡਾ.). *ਉੱਤਰ ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ.* ਚੇਤਨਾ ਪ੍ਰਕਾਸ਼ਨ, 2002.

ਰੰਧਾਵਾ, ਦੀਪਿੰਦਰਜੀਤ ਕੌਰ (ਡਾ.). *ਜੂਲੀਆ ਕ੍ਰਿਸਤੇਵਾ ਸਾਰਥਿਕਤਾ ਦੀ ਪੁਨਰ-ਪਰਿਭਾਸ਼ਾ ਅਤੇ ਪੰਜਾਬੀ ਪਰਿਪੇਖ.* ਪੰਜਾਬੀ ਅਕਾਦਮੀ, 2009.

ਰੌਣਕੀ ਰਾਮ. *ਦਲਿਤ ਪਛਾਣ ਮੁਕਤੀ ਤੇ ਸ਼ਕਤੀਕਰਨ.* ਪੰਜਾਬੀ ਯੂਨੀਵਰਸਿਟੀ, 2012.

ਵਨੀਤਾ (ਡਾ.). *ਉਤਰ ਆਧੁਨਿਕਤਾ ਅਤੇ ਕਵਿਤਾ.* ਸ਼ਿਲਾਲੇਖ, 1998.

ਵਿਦਿਆਰਥੀ, ਦੇਵਿੰਦਰ ਸਿੰਘ (ਡਾ.). *ਪੰਜਾਬੀ ਵਿੱਚ ਖੋਜ : ਸੰਭਾਵਨਾ ਤੇ ਸੇਧ* ਰਵੀ ਸਾਹਿਤ ਪ੍ਰਕਾਸ਼ਨ, 2011.

ਵਜ਼ੀਰ ਸਿੰਘ. *ਨੈਤਿਕ ਨਿਯਮ.* ਪੰਜਾਬੀ ਯੂਨੀਵਰਸਿਟੀ, 1990.

ਸ਼ੇਰ ਸਿੰਘ (ਪ੍ਰੋ.). *ਗੁਰਮਤਿ ਦਰਸ਼ਨ.* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010.

ਸ਼ਰਮਾ, ਓਮ ਪ੍ਰਕਾਸ਼. *ਅਲੰਕਾਰ ਵਿਧਾਨ.* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1979.

**ਪੱਤ੍ਰਿਕਾਵਾਂ :**

ਆਲੋਚਨਾ, ਲੁਧਿਆਣਾ

ਇੰਦਰਪ੍ਰਸਤ ਭਾਰਤੀ (ਵਹ ਸਬ ਕੁਛ ਜੋ ਠੋਸ ਹੈ)

ਸਮਦਰਸ਼ੀ, ਦਿੱਲੀ(ਅੰਕ-14 ਅਤੇ 78)

ਸੰਵਾਦ, (ਖਾਲਸਾ ਕਾਲਜ, ਅੰਮ੍ਰਿਤਸਰ)

ਕਾਵਿ ਸ਼ਾਸਤਰ, ਫਗਵਾੜਾ (ਅੰਕ 11-12)

ਖੋਜ ਦਰਪਣ, ਅੰਮ੍ਰਿਤਸਰ

ਖੋਜ ਪੱਤ੍ਰਿਕਾ, ਪਟਿਆਲਾ (ਸਾਹਿਤਿਕ ਵਾਦ ਅੰਕ, ਬਾਣੀਕਾਰ ਵਿਸ਼ੇਸ਼ ਅੰਕ)

ਪੰਜਾਬੀ ਦੁਨੀਆਂ, ਪਟਿਆਲਾ (ਨਿਰਗੁਣ ਸਾਹਿਤ ਅੰਕ, ਭਗਤੀ ਅੰਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ)

ਪਰਖ (2000), ਚੰਡੀਗੜ੍ਹ

**ਸੰਦਰਭ ਗ੍ਰੰਥ :**


ਕਾਨ੍ਹ ਸਿੰਘ ਨਾਭਾ. *ਗੁਰ ਸਬਦ ਰਤਨਾਕਰ ਮਹਾਨ ਕੋਸ਼.* ਭਾਸ਼ਾ ਵਿਭਾਗ, 1981.

ਰਤਨ ਸਿੰਘ ਜੱਗੀ (ਸੰਪਾ.). *ਸਾਹਿਤ ਕੋਸ਼ : ਪਰਿਭਾਸ਼ਿਕ ਸ਼ਬਦਾਵਲੀ.* ਪੰਜਾਬੀ ਯੂਨੀਵਰਸਿਟੀ, 1989.

- - -. *ਸਾਹਿਤ ਸੰਦਰਭ ਕੋਸ਼.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1994.

- - -. *ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ).* ਪੰਜਾਬੀ ਯੂਨੀਵਰਸਿਟੀ, 2002.

**ਹਿੰਦੀ ਪੁਸਤਕਾਂ :**


ਆਚਾਰਯ, ਪਰਸ਼ੂਰਾਮ ਚਤੁਰਵੇਦੀ. *ਉਤਰੀ ਭਾਰਤ ਕੀ ਸੰਤ ਪਰੰਪਰਾ.* ਭਾਰਤੀ ਭੰਡਾਰ, 2000.

ਅਰੋੜਾ, ਏ. ਸੀ. (ਡਾ.). *ਪ੍ਰਾਚੀਨ ਔਰ ਮੱਧਕਾਲੀਨ ਭਾਰਤ ਕਾ ਇਤਿਹਾਸ.* ਪਰਦੀਪ ਪਬਲਿਸ਼ਰਜ਼, 1986.

ਇਸਰ, ਦੇਵੇਂਦਰ. *ਉੱਤਰ ਆਧੁਨਿਕਤਾ : ਸਾਹਿਤਯ ਔਰ ਸੰਸਕ੍ਰਿਤੀ ਕੀ ਨਈ ਸੋਚ.* ਇੰਦਰ ਪ੍ਰਸਥ ਪ੍ਰਕਾਸ਼ਨ, 1996.

- - -. *ਨਈ ਸਦੀ ਔਰ ਸਾਹਿਤਯ ਪ੍ਰਸ਼ਨ ਸਵਪਨ ਸ੍ਰਿਜਨ.* ਹਿੰਦੀ ਬੁੱਕ ਸੈਂਟਰ, 2000.

ਉਪਾਧਿਆਇ, ਬਲਦੇਵ. *ਸੰਸਕ੍ਰਿਤ ਆਲੋਚਨਾ.* ਉੱਤਰ ਪ੍ਰਦੇਸ਼ ਹਿੰਦੀ ਸੰਸਥਾਨ, 2006.

ਗੁਲਾਬ ਰਾਇ. *ਸਾਹਿਤਯ ਔਰ ਸਮੀਕਸ਼ਾ.* ਆਤਮਾਰਾਮ ਐਂਡ ਸੰਨਜ਼, 1956.

ਗੋਵਿੰਦ ਤ੍ਰਿਗੁਣਾਇਤ (ਡਾ.). *ਕਬੀਰ ਕੀ ਵਿਚਾਰਧਾਰਾ.* ਸਾਹਿਤਯ ਨਿਕੇਤਨ, 2014.

ਜੈਨ, ਨੇਮਿਚੰਦ੍ਰ (ਸੰਪਾ.). *ਮੱਧਯੁਗੀਨ ਭਗਤੀ ਆਂਦੋਲਨ ਕਾ ਏਕ ਪਹਿਲੂ : ਮੁਕਤੀਬੋਧ ਰਚਨਾਵਲੀ; ਭਾਗ-5.* ਰਾਜਕਮਲ ਪ੍ਰਕਾਸ਼ਨ, 1998.

ਦਿਨਕਰ, ਰਾਮਧਾਰੀ ਸਿੰਘ. *ਸਭਿਆਚਾਰ ਕੇ ਚਾਰ ਅਧਿਆਇ.* ਲੋਕਭਾਰਤੀ ਪ੍ਰਕਾਸ਼ਨ, 2011.

ਦਿਵੇਦੀ, ਹਜ਼ਾਰੀ ਪ੍ਰਸਾਦ. *ਮੱਧਯਕਾਲੀਨ ਧਰਮ ਸਾਧਨਾ,* ਸਾਹਿਤਯ ਭਵਨ, 1952.

ਦੀਕਸ਼ਿਤ, ਆਨੰਦ ਪ੍ਰਕਾਸ਼ (ਡਾ.). ਰਸ ਸਿਧਾਂਤ ਸਵਰੂਪ ਵਿਸ਼ਲੇਸ਼ਣ. ਰਾਜਕਮਲ ਪ੍ਰਕਾਸ਼ਨ, 1960.

ਨਗੇਂਦਰ (ਡਾ.). *ਰਸ ਸਿਧਾਂਤ.* ਨੈਸ਼ਨਲ ਪਬਲਿਸ਼ਿੰਗ ਹਾਊਸ, 1964

- - -. *ਕਾਵਯ ਬਿੰਬ.* ਨੈਸ਼ਨਲ ਪਬਲਿਸ਼ਿੰਗ ਹਾਊਸ,1967

ਪਾਂਡੇ, ਗੋਵਿੰਦ ਚੰਦਰ. *ਸ਼ੰਕਰਾਚਾਰੀਆ : ਵਿਚਾਰ ਔਰ ਸੰਦਰਭ.* ਨੈਸ਼ਨਲ ਪਬਲਿਸ਼ਿੰਗ ਹਾਊਸ, 1999.

ਪਾਂਡੇ, ਮੈਨੇਜਰ. *ਸਾਹਿਤਯ ਕੇ ਸਮਾਜ ਸ਼ਾਸਤਰ ਕੀ ਭੂਮਿਕਾ*. ਹਰਿਆਣਾ ਸਾਹਿਤਯ ਅਕੈਡਮੀ, 1989.

ਮਿਸ਼ਰ, ਜਯ ਰਾਮ (ਡਾ.). *ਸ੍ਰੀ ਗੁਰੂ ਗ੍ਰੰਥ ਦਰਸ਼ਨ.* ਸਾਹਿਤਯ ਭਵਨ, 1960.

ਮਿਸ਼ਰ, ਭਾਗੀਰਥ. *ਕਾਵਯ ਸ਼ਾਸਤਰ.* ਵਿਸ਼ਵਵਿਦਿਆਲਯ ਪ੍ਰਕਾਸ਼ਨ, 2013.

ਰਵੀ ਕੁਮਾਰ. *ਪੰਜਾਬੀ ਭਾਸ਼ਾ ਔਰ ਸਾਹਿਤਯ ਕਾ ਇਤਿਹਾਸ*. ਸ਼ਿਵਹਰੀ ਪ੍ਰਕਾਸ਼ਨ, 2003.

ਰਾਧਾਕ੍ਰਿਸ਼ਨਨ (ਡਾ.). *ਭਾਰਤੀਯ ਦਰਸ਼ਨ.* ਰਾਜਪਾਲ ਐਂਡ ਸੰਨਜ਼, 2014.

ਸ਼ੁਕਲ, ਰਾਮ ਚੰਦਰ (ਆਚਾਰੀਆ.). *ਹਿੰਦੀ ਸਾਹਿਤਯ ਕਾ ਇਤਿਹਾਸ.* ਪ੍ਰਭਾਤ ਪ੍ਰਕਾਸ਼ਨ, 2018.

ਸ਼ਰਮਾ, ਬੀ.ਪੀ. (ਡਾ.). *ਸੰਤ ਰਵਿਦਾਸ ਕੀ ਭਗਤੀ-ਸਾਧਨਾ* ਵਿਸ਼ਵ ਭਾਰਤੀ ਪ੍ਰਕਾਸ਼ਨ, 1983.

ਸ਼ਾਸਤਰੀ, ਮੁਹੰਮਦ ਹਨੀਫ ਖਾਂ (ਡਾ.). *ਪਵਿੱਤ੍ਰ ਵੇਦੋਂ ਮੇ ਮਾਨਵ ਅਧਿਕਾਰ.* ਇਸਲਾਮਿਕ ਵੰਡਰਜ਼ ਬਿਊਰੋ, 1998.

ਸਹਿਗਲ, ਮਨਮੋਹਨ (ਡਾ.). *ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ.* ਭਾਰਤੇਂਦੂ ਭਵਨ, 1966.

- - -. *ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ.* ਭਾਸ਼ਾ ਵਿਭਾਗ, 1987.

ਸਤੇਂਦ੍ਰ (ਡਾ.). *ਮੱਧਯਕਾਲੀਨ ਹਿੰਦੀ ਸਾਹਿਤਯ ਕਾ ਲੋਕਤਾਤਵਿਕ ਅਧਿਐਨ.* ਵਿਨੋਦ ਪੁਸਤਕ ਮੰਦਿਰ, 1960.

ਸਿਨਹਾ, ਜੇ. ਐਨ. *ਨੀਤੀ ਸ਼ਾਸਤਰ.* ਜਯ ਪ੍ਰਕਾਸ਼ ਨਾਥ ਐਂਡ ਕੰਪਨੀ

ਸੁਧੀਸ਼ ਪਚੌਰੀ. *ਉੱਤਰ-ਆਧੁਨਿਕ ਮੀਡੀਆ ਵਿਮਰਸ਼. ਵਾਣੀ ਪ੍ਰਕਾਸ਼ਨ, 2006.*

- - -. *ਉੱਤਰ-ਆਧੁਨਿਕ ਸਾਹਿਤਿਕ ਵਿਮਰਸ਼. ਵਾਣੀ ਪ੍ਰਕਾਸ਼ਨ, 1996.*

- - -. *ਉੱਤਰ-ਆਧੁਨਿਕ ਸਮਯ ਔਰ ਮਾਰਕਸਵਾਦ. ਵਾਣੀ ਪ੍ਰਕਾਸ਼ਨ, 2009.*

- - -. *ਉੱਤਰ-ਆਧੁਨਿਕਤਾ ਔਰ ਉੱਤਰ-ਸੰਰਚਨਾਵਾਦ.* ਹਿਮਾਚਲ ਪੁਸਤਕ ਭੰਡਾਰ, 1994.

**ਹਿੰਦੀ ਸੰਦਰਭ ਗ੍ਰੰਥ :**

ਵਰਮਾ, ਧੀਰੇਂਦਰ (ਡਾ.). *ਹਿੰਦੀ ਸਾਹਿਤਯ ਕੋਸ਼* . ਗਿਆਨ ਮੰਡਲ, 2015.

ਪਰਬਤੀਯ. ਲੀਲਾਧਰ ਸ਼ਰਮਾ. *ਭਾਰਤੀਯ ਸੰਸਕ੍ਰਿਤੀ ਕੋਸ਼,* ਰਾਜਪਾਲ ਐਂਡ ਸੰਨਜ਼, 1995.

ਪਾਂਡੇ, ਰਾਜਬਲੀ (ਡਾ.). *ਹਿੰਦੂ ਧਰਮ ਕੋਸ਼.* ਉੱਤਰ ਪ੍ਰਦੇਸ਼ ਸੰਸਥਾਨ, 1998.

**ENGLISH BOOKS :**

Anna Yeatman. *Post Modern Revisionings of the Political*. Rutledge, 1994.

Anderson, Waltor Truett. *The Fortana Post Modernism Reader.* Fontana Press, 1996.

Appleby, Joyce Eal (Eds.). *Knowledge and Postmodernism in Historical Perspective*. Rutledge, 1996.

Basil, Mitchell (Ed.). *The Philosophy of Religion*. Oxford University Press, 1971.

Chris Barker. *Cultural Studies : Theory and Practice.* SAGE Publications, 2003.

Cudden, J.A. *A Dictionary of Literary Terms.* Penguin Books, 2000.

David Owen, (Ed.). *Sociology after Postmodernism.* Sage Publication, 1997

Derrida, Jaques. *Positions.* The University of Chicago Press, 1981.

Dutta, Kalikinker. Dr. *Advance History of India : Part-1.* Laxmi Publications, 2016.

Eagleton, Terry. *Illusions of Postmodernism.* Blackwell, 1996.

Editha Wyschgrod. *Saints and Post-Modernism.* University of Chicago Press, 1990.

Gerard, Delanty. *Modernity and Post Modernity.* Sage Publishing, 2000.

George Ritzer. *Postmodern Social Theory.* Mc-Graw Hill, 1997.

Gyatri Chakavorty Sprivak. *Darrida, of Grammatology*. trans., Batlimore : The Johns Hopkins University Press, 1976.

Ghurry, G.S. *Caste and Race in India.* Popular Parkashan, 1969.

Indra, Prof. *The status of woman in Ancient India*

Jameson, Fredric. *Postmodernism or, The Cultutal Logic of Late Capitalism.* New left Reviewed (146), 1984.

Jim Mc Guigan. *Modernity and Postmodern Culture*. Open University Press, 2006.

Kaane, P.V. *The Sahitya Darpan.* Nirnaye Sagar Press, 1997.

Kreuzer, J.R. *Elements of Poetry.* Macmillan, 1964.

Lewis, C.D. The Poetic Image. Read Books, 2006.

Lyotard, Jean Francis. *The Post Modern Condition : A Report on Knowledge.* University of Minnesota Press, 1984.

M. Sarup. *An Introductory Guide to Post Structuralism and Poat Modernism* Hamel Hempsterd, 1908.

Mahajan, Gurpreet. *The Multicultural Path(Issues of Diversity and Discrimination in Democracy)*. SAGE Publications, 2002.

Mark Poster (ed). *Jean Baudrillard Selected Writings.* Stanford University Press, 2001.

Meredith. B. McGuire. *Religion : The Social Context.* Wordsworth Publishing Co, 1981.

R.M. Maciiver. C.H. Page. *Society An Introductory Analysis.* Trinity Press, 2013.

Richerd Miller (Trans.). *Roland Barthes S/Z An Essay.* Hill and Wang, 1975.

Robin Cohen. *Global Diasporas : An Introduction.* University of Washington Press, 1997.

Robert J.C. Young. *Post Colonialism : An Historical Introduction.* Wiley Blackwell, 2016.

Stephen Heath (Trans.). *Roland Barthes Image-Music-Text.* Hill and Wang, 1978.

Sushila Singh. *Feminism : Theory, Criticism, Analsis.* Pancraft International, 2004.

Symons, Arthur. The Symbolist Movement in Literature. E.P. Dutton & Co, 1919.

Taran Singh, (Dr.) (Ed). *Teachings of Guru Nanak Dev.* Punjabi University, 2001.

Taylor, Mark, K.C. *Saints and Post-Modernism.* Routledge, 1991.

Thapar, Romila. *Early India.* Penguine Books, 2003.

Turner Bryan's (ed.). *Theories of Modernity and Postmodernity.* Sage Publishing, 1990.

**ENGLISH DICTIONARIES :**

*An Etymological Dictionary of Modren English.*

*Encyclopedia of Post Modernism.* Routledge 2001.

*Encyclopedia Unabridged Dictionary of English Language.*

*WEBSTERS THIRD WORLD INTERNATIONAL DICTIONARY* VOL. 1 A to G.

**WEBSITES :**

www.apnaorg.com

punjabialochna.com

punjabipedia.org

punjabilokdhara.com

www.psa.kitaban.com/about.html

sahitya-akademi.gov.in

srigranth.org.com

www.cmcinnatitemple.com

www.onpostmodernism.com

www.postmodernpsychology.com